ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 8 June, 2025) ਪਟਿਆਲਾ ਐਤਵਾਰ, 8 ਜੂਨ, 2025, 26 ਜੇਠ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 157 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਸੀ.ਈ.ਟੀ. ਪ੍ਰੀਖਿਆ ਨਿਯਮਾਂ 'ਤੇ ਸਰਕਾਰ ਤੇ ਸਟਾਫ ਚੋਣ ਕਮਿਸ਼ਨ ਨੂੰ ਨੋਟਿਸ

ਚੰਡੀਗੜ੍ਹ , 7 ਜੂਨ (ਚੜ੍ਹਦੀਕਲਾ ਬਿਊਰੋ): ਸਰਕਾਰੀ ਨੌਕਰੀਆਂ ਲਈ ਕਾਮਨ ਐਲੀਜਿਬਿਲੀਟੀ ਟੈਸਟ (ਸੀ.ਈ.ਟੀ.) ਦੇ ਨਿਯਮਾਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਇਸ ਪਟੀਸ਼ਨ ਵਿੱਚ ਸੀ.ਈ.ਟੀ. ਪ੍ਰੀਖਿਆ-2024 ਲਈ ਨਿਰਧਾਰਤ ਘੱਟੋ-ਘੱਟ ਉਮਰ ਸੀਮਾ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ, ਜਿਸ 'ਤੇ ਹਰਿਆਣਾ ਸਰਕਾਰ ਤੋਂ ਜਵਾਬ ਮੰਗਿਆ ਗਿਆ ਹੈ। ਇਹ ਪਟੀਸ਼ਨ ਕੈਥਲ ਦੇ ਇੱਕ ਨਾਬਾਲਗ ਉਮੀਦਵਾਰ ਪ੍ਰਭਜੀਤ ਸਿੰਘ ਦੁਆਰਾ (ਬਾਕੀ ਸਫਾ 2 'ਤੇ)

# ਪੰਜਾਬ ਵਿੱਚ ਕੋਰੋਨਾ ਨਾਲ ਦੂਜੀ ਮੌਤ, ਲੁਧਿਆਣਾ ਦੀ 69 ਸਾਲਾ ਬਜ਼ੁਰਗ ਦੀ ਗਈ ਜਾਨ

## ਸੂਬੇ ਵਿਚ ਹੁਣ ਤੱਕ 21 ਮਾਮਲੇ ਆਏ ਸਾਹਮਣੇ

ਚੰਡੀਗੜ੍ਹ, 7 ਜੂਨ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿਚ ਕੋਰੋਨਾ ਲਗਾਤਾਰ ਆਪਣੇ ਪੈਰ ਪਸਾਰ ਰਿਹਾ ਹੈ। ਪੰਜਾਬ ਵਿਚ ਕੋਰੋਨਾ ਨਾਲ ਦੂਜੀ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਲੁਧਿਆਣਾ ਦੀ 69 ਸਾਲਾ ਬਜ਼ੁਰਗ ਦੀ ਕੋਰੋਨਾ ਨਾਲ ਮੌਤ ਹੋਈ ਹੈ। ਸੂਬੇ ਵਿਚ ਹੁਣ ਤੱਕ ਕੋਰੋਨਾ ਦੇ 21 ਮਾਮਲੇ ਸਾਹਮਣੇ ਆਏ ਹਨ। ਦੱਸ ਦੇਈਏ ਕਿ ਕੁਮਕਲਾਂ ਦੀ ਰਹਿਣ ਵਾਲੀ 69 ਸਾਲਾ ਬਜ਼ੁਰਗ ਮਹਿਲਾ ਚੰਡੀਗੜ੍ਹ ਦੇ ਜੀ.ਐੱਮ.ਸੀ.ਐੱਚ. ਵਿਚ ਭਰਤੀ ਸੀ, ਜਿਥੇ ਬੀਤੇ ਦਿਨ ਉਸ ਨੇ ਦਮ ਤੋੜ ਦਿੱਤਾ। ਮਹਿਲਾ ਦੇ ਸੰਪਰਕ ਵਿਚ ਆਏ ਪਰਿਵਾਰ ਦੇ ਤਿੰਨ ਲੋਕ ਵੀ ਕੋਰੋਨਾ ਸੰਕਰਮਿਤ ਮਿਲੇ ਹਨ। ਸਾਰੇ ਹੋਮ ਕੁਆਰੰਟੀਨ ਹਨ। ਇਸ ਤੋਂ ਪਹਿਲਾਂ ਵੀ ਲੁਧਿਆਣਾ 'ਚ ਇਕ ਵਿਅਕਤੀ ਦੀ ਕੋਰੋਨਾ ਨਾਲ ਮੌਤ ਹੋਈ ਸੀ। ਮੋਹਾਲੀ ਵਿਚ ਵੀ ਦੋ ਕੋਰੋਨਾ ਪਾਜ਼ੀਟਿਵ ਮਰੀਜ਼ ਮਿਲੇ ਹਨ। ਇਨ੍ਹਾਂ ਵਿਚੋਂ ਇਕ (ਬਾਕੀ ਸਫਾ 2 'ਤੇ)

## ਦੇਸ਼ 'ਚ ਕੋਰੋਨਾ ਕੇਸਾਂ ਦੀ ਗਿਣਤੀ 6 ਹਜ਼ਾਰ ਨੇੜੇ ਪੁੱਜੀ, ਹੁਣ ਤੱਕ 59 ਮੌਤਾਂ



ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 7 ਜੂਨ :ਦੇਸ਼ ਭਰ 'ਚ ਕੋਰੋਨਾ ਇਨਫੈਕਸ਼ਨ ਦੇ ਸਰਗਰਮ ਮਾਮਲਿਆਂ ਦੀ ਗਿਣਤੀ ਸ਼ਨੀਵਾਰ ਸਵੇਰੇ 5755 ਤੱਕ ਪਹੁੰਚ ਗਈ ਅਤੇ ਹੁਣ ਤੱਕ 5484 ਮਰੀਜ਼ ਠੀਕ ਹੋ ਗਏ ਹਨ। ਪਿਛਲੇ 24 ਘੰਟਿਆਂ 'ਚ ਇਸ ਦੇ ਇਨਫੈਕਸ਼ਨ ਕਾਰਨ ਚਾਰ ਹੋਰ ਮਰੀਜ਼ਾਂ ਦੀ ਮੌਤ ਹੋ ਗਈ, ਜਿਸ ਨਾਲ ਮੌਤਾਂ ਦੀ ਗਿਣਤੀ 59 ਹੋ ਗਈ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਅਨੁਸਾਰ, ਪਿਛਲੇ 24 ਘੰਟਿਆਂ 'ਚ ਅੱਜ ਸਵੇਰੇ 8 ਵਜੇ ਤੱਕ ਕੋਰੋਨਾ ਦੇ 391 ਨਵੇਂ ਸਰਗਰਮ ਮਾਮਲੇ ਸਾਹਮਣੇ ਆਏ ਹਨ ਅਤੇ 760 ਮਰੀਜ਼ਾਂ ਨੂੰ ਠੀਕ ਹੋਣ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ ਅਤੇ ਇਸ ਘਾਤਕ ਬਿਮਾਰੀ ਕਾਰਨ ਚਾਰ ਹੋਰ ਮਰੀਜ਼ਾਂ ਦੀ ਮੌਤ ਹੋ ਗਈ ਹੈ। (ਬਾਕੀ ਸਫਾ 2 'ਤੇ)

## ਸ੍ਰੀ ਹੇਮਕੁੰਟ ਸਾਹਿਬ ਵਿਖੇ ਹੁਣ ਤੱਕ 40 ਹਜ਼ਾਰ ਤੋਂ ਵੱਧ ਸ਼ਰਧਾਲੂ ਹੋਏ ਨਤਮਸਤਕ

ਚਮੋਲੀ, 7 ਜੂਨ (ਚੜ੍ਹਦੀਕਲਾ ਬਿਊਰੋ) : ਸਿੱਖਾਂ ਦੇ ਦਸਵੇਂ ਗੁਰੂ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਰਬਲੇ ਜਨਮ ਦਾ ਤਪ ਅਸਥਾਨ ਸ੍ਰੀ ਹੇਮਕੁੰਟ ਸਾਹਿਬ, ਜੋ ਕਿ ਪ੍ਰਸਿੱਧ ਸਿੱਖ ਤੀਰਥ ਅਸਥਾਨ ਹੈ, ਜਿਹੜਾ ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿਚ ਹਿਮਾਲਿਆ ਪਰਬਤ ਮਾਲਾ ਵਿਚ 4632 ਮੀਟਰ (15200 ਫੁੱਟ ਉਚਾਈ) 'ਤੇ ਸਥਿਤ ਹੈ। ਇਹ ਹਿਮਨਦ ਝੀਲ ਦੇ ਕਿਨਾਰੇ 7 ਪਹਾੜਾਂ ਦੇ ਵਿਚਕਾਰ ਸਥਿਤ ਹੈ। ਬੀਤੇ ਦਿਨੀਂ ਉੱਤਰਾਖੰਡ ਦੇ ਉੱਚ ਹਿਮਾਲਿਆਈ ਖੇਤਰ ਵਿਚ ਮੌਸਮ ਦਾ ਮਿਜਾਜ਼ ਬਦਲ ਗਿਆ, ਜਿਸ ਕਾਰਨ ਚਮੋਲੀ ਜਨਪਦ ਦੇ ਉਚਾਈ ਵਾਲੇ ਇਲਾਕਿਆਂ ਵਿਚ ਬਰਫ਼ਬਾਰੀ ਹੋਈ। ਸਿੱਖ ਧਾਰਮਿਕ ਤੀਰਥ ਅਸਥਾਨ ਸ੍ਰੀ ਹੇਮਕੁੰਟ ਸਾਹਿਬ, ਵੈਲੀ ਆਫ ਫਲਾਵਰਸ ਅਤੇ ਦ੍ਰੋਣਾਗਿਰੀ ਵੈਲੀ 'ਚ ਬਰਫ਼ਬਾਰੀ ਹੋਈ ਹੈ, ਇਸ ਨਾਲ ਇਨ੍ਹਾਂ ਸਥਾਨਾਂ ਦੀ ਸੁੰਦਰਤਾ ਵਿਚ ਚਾਰ-ਚੰਨ ਲੱਗ ਗਏ ਹਨ। ਬਰਫ਼ਬਾਰੀ ਨਾਲ ਹੇਠਲੇ ਇਲਾਕਿਆਂ ਵਿਚ ਵੀ ਤਾਪਮਾਨ ਡਿੱਗ ਗਿਆ ਹੈ। ਤਸਵੀਰਾਂ ਵਿਚ ਵੇਖਿਆ ਜਾ ਸਕਦਾ ਹੈ ਕਿ ਦੁਨੀਆਂ ਦੇ ਸਭ ਤੋਂ ਉੱਚੇ ਗੁਰਦੁਆਰੇ ਸ੍ਰੀ ਹੇਮਕੁੰਟ ਸਾਹਿਬ ਵਿਚ (ਬਾਕੀ ਸਫਾ 2 'ਤੇ)

# ਕਿਸਾਨ ਭਲਾਈ ਲਈ ਕੇਂਦਰ ਵੱਲੋਂ ਯਤਨ ਹੋਰ ਉਤਸ਼ਾਹ ਨਾਲ ਜਾਰੀ ਰਹਿਣਗੇ : ਮੋਦੀ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 7 ਜੂਨ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਕਿਹਾ ਕਿ ਪਿਛਲੇ 11 ਸਾਲਾਂ ਦੌਰਾਨ ਉਨ੍ਹਾਂ ਦੀ ਸਰਕਾਰ ਦੀਆਂ ਕਈ ਪਹਿਲਕਦਮੀਆਂ ਨੇ ਕਿਸਾਨਾਂ ਦੀ ਖੁਸ਼ਹਾਲੀ ਵਧਾਈ ਹੈ ਅਤੇ ਖੇਤੀਬਾੜੀ ਵਿੱਚ ਤਬਦੀਲੀ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐੱਕਸ' 'ਤੇ ਪੋਸਟ ਕਰਕੇ ਕਿਹਾ, 'ਆਪਣੇ ਮਿਹਨਤੀ ਕਿਸਾਨਾਂ ਦੀ ਸੇਵਾ ਕਰਨਾ ਸਾਡੇ ਲਈ ਸਨਮਾਨ ਦੀ ਗੱਲ ਹੈ... ਅਸੀਂ ਮਿੱਟੀ ਦੀ ਸਿਹਤ ਅਤੇ ਸਿੰਚਾਈ ਵਰਗੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ ਹੈ, ਜੋ ਕਿ ਬਹੁਤ ਲਾਭਦਾਇਕ ਰਹੇ ਹਨ।

ਆਉਣ ਵਾਲੇ ਸਮੇਂ ਵਿਚ ਕਿਸਾਨਾਂ ਦੀ ਭਲਾਈ ਲਈ ਸਾਡੇ ਯਤਨ ਹੋਰ ਵੀ ਉਤਸ਼ਾਹ ਨਾਲ ਜਾਰੀ ਰਹਿਣਗੇ। ਮੋਦੀ ਨੇ ਕਿਹਾ ਕਿ ਸਾਡੇ ਕਿਸਾਨ ਭਰਾਵਾਂ ਨੂੰ ਪਹਿਲਾਂ ਜਿੱਥੇ ਛੋਟੀਆਂ-ਛੋਟੀਆਂ ਜ਼ਰੂਰਤਾਵਾਂ ਲਈ ਉਧਾਰ ਲੈਣ ਲਈ ਮਜਬੂਰ ਹੋਣਾ ਪੈਂਦਾ ਸੀ, ਉਹੀ ਬੀਤੇ 11 ਸਾਲ ਵਿਚ ਸਾਡੀ ਸਰਕਾਰ ਦੇ ਫ਼ੈਸਲਿਆਂ ਕਾਰਨ ਉਹਨਾਂ ਦੀ ਜ਼ਿੰਦਗੀ ਬਹੁਤ ਸੌਖੀ ਹੋ ਗਈ ਹੈ। ਉਹਨਾਂ ਨੇ ਕਿਸਾਨਾਂ ਲਈ ਸਾਲਾਨਾ ਨਕਦ ਸਹਾਇਤਾ ਅਤੇ ਕਰਜ਼ਾ ਬੀਮਾ ਯੋਜਨਾ ਵਰਗੇ ਫ਼ੈਸਲਿਆਂ ਦਾ



ਹਵਾਲਾ ਦਿੰਦੇ ਹੋਏ ਕਿਹਾ ਕਿ ਭਾਵੇਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਵਿਧੀ ਹੋਵੇ ਤਾਂ ਕਿਸਾਨ ਫ਼ਸਲ ਬੀਮਾ ਯੋਜਨਾ, ਅਸੀਂ ਉਹਨਾਂ ਦੀ ਭਲਾਈ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹੁਣ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਵਿੱਚ ਲਗਾਤਾਰ ਵਾਧੇ ਕਾਰਨ ਦੇਸ਼ ਦੇ ਕਿਸਾਨਾਂ ਨੂੰ ਨਾ ਸਿਰਫ਼ ਉਨ੍ਹਾਂ ਦੀਆਂ ਫਸਲਾਂ ਦਾ ਵਾਜਬ ਮੁੱਲ ਮਿਲ ਰਿਹਾ ਹੈ, ਸਗੋਂ ਉਨ੍ਹਾਂ ਦੀ ਆਮਦਨ ਵੀ ਵਧ ਰਹੀ ਹੈ। 9 ਜੂਨ ਨੂੰ, ਮੋਦੀ ਦੀ ਅਗਵਾਈ ਵਾਲੀ ਸਰਕਾਰ 11 ਸਾਲ ਪੂਰੇ ਕਰੇਗੀ, ਜਿਸ ਦੇ ਮੱਦੇਨਜ਼ਰ ਉਹ ਖਾਸ ਖੇਤਰਾਂ ਨਾਲ ਸਬੰਧਤ ਆਪਣੀ ਸਰਕਾਰ ਦੇ ਫ਼ੈਸਲਿਆਂ ਨੂੰ ਉਜਾਗਰ ਕਰ ਰਹੇ ਹਨ। ਮੋਦੀ ਨੇ 9 ਜੂਨ, 2024 ਨੂੰ ਲਗਾਤਾਰ ਤੀਜੇ ਕਾਰਜਕਾਲ ਲਈ ਸਹੁੰ ਚੁੱਕੀ ਸੀ।

## ਮੋਦੀ ਨੂੰ ਜੀ-7 ਸੰਮੇਲਨ 'ਚ ਬੁਲਾਏ ਜਾਣ 'ਤੇ ਭੜਕੇ ਵੱਖਵਾਦੀਆਂ ਨੇ ਦਿੱਤੀ ਧਮਕੀ

ਵਾਸ਼ਿੰਗਟਨ, 7 ਜੂਨ (ਚੜ੍ਹਦੀਕਲਾ ਬਿਊਰੋ) : ਅਮਰੀਕਾ ਵਿਚ ਕੈਲੀਫੋਰਨੀਆ ਦੇ ਰਹਿਣ ਵਾਲੇ ਆਈ.ਟੀ. ਉਦਯੋਗਪਤੀ, ਮੋਟੀਵੇਸ਼ਨਲ ਸਪੀਕਰ ਤੇ ਖਾਲਸਾ ਟੂਡੇ ਦੇ ਫਾਊਂਡਰ ਸੁੱਖੀ ਚਾਹਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਾਲਿਸਤਾਨੀ ਸਮਰਥਕਾਂ ਵੱਲੋਂ ਜਾਨੋ ਮਾਰਨ ਦੀ ਦਿੱਤੀ ਧਮਕੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੀ ਲੀਡਰਸ਼ਿਪ ਨਾਲ ਸਲਾਹ-ਮਸ਼ਵਰਾ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਧਿਕਾਰਤ ਤੌਰ 'ਤੇ ਸੱਦਾ ਦਿੱਤਾ ਹੈ। ਵਿਰੋਧੀ ਧਿਰ ਦੇ ਨੇਤਾ ਨੇ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਪਰ ਕੈਨੇਡਾ ਵਿੱਚ ਵੱਸਦੇ ਖਾਲਿਸਤਾਨੀ ਸਮਰਥਕਾਂ ਵੱਲੋਂ ਭਾਰਤ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਪੀ.ਐਮ ਮੋਦੀ ਦਾ ਕਤਲ ਕਰਨ ਦੀ ਧਮਕੀ ਦਿੱਤੀ ਗਈ ਹੈ। ਖਾਲਿਸਤਾਨ ਸਮਰਥਕ ਪੀ.ਐਮ ਮੋਦੀ ਨੂੰ ਜੀ-7 ਸੰਮੇਲਨ ਵਿੱਚ ਸੱਦਾ ਦਿੱਤੇ ਜਾਣ ਦਾ ਵਿਰੋਧ ਕਰ ਰਹੇ ਸਨ, ਜਿਸ ਦੌਰਾਨ 'ਕਿੱਲ ਮੋਦੀ' ('ਮੋਦੀ ਨੂੰ ਮਾਰੋ') ਦੇ ਨਾਅਰੇ ਲਗਾਏ ਗਏ। ਕੈਨੇਡੀਅਨ ਪੀ.ਐਮ ਮਾਰਕ ਕਾਰਨੀ ਨੇ 15 ਤੋਂ 17 ਜੂਨ ਤੱਕ ਅਲਬਰਟਾ ਵਿੱਚ ਹੋਣ ਵਾਲੇ ਜੀ-7 ਸੰਮੇਲਨ ਲਈ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਦਿੱਤਾ ਹੈ। ਸ਼ੁੱਕਰਵਾਰ ਨੂੰ ਦੋਵਾਂ ਨੇਤਾਵਾਂ ਨੇ ਇੱਕ ਦੂਜੇ ਨਾਲ ਫ਼ੋਨ 'ਤੇ ਗੱਲ ਕੀਤੀ। (ਬਾਕੀ ਸਫਾ 2 'ਤੇ)

## ਪੱਛਮੀ ਗੜਬੜੀ ਕਾਰਨ ਤੇਜ਼ ਹਵਾਵਾਂ ਤੇ ਮੀਂਹ ਨਾਲ ਮਿਲ ਰਹੀ ਰਾਹਤ ਖ਼ਤਮ, ਵਧੇਗੀ ਗਰਮੀ

ਚੰਡੀਗੜ੍ਹ, 7 ਜੂਨ (ਚੜ੍ਹਦੀਕਲਾ ਬਿਊਰੋ) : ਆਉਣ ਵਾਲੇ ਕੁਝ ਦਿਨਾਂ ਵਿਚ ਗਰਮੀ ਦਾ ਕਹਿਰ ਦੇਖਣ ਨੂੰ ਮਿਲ ਸਕਦਾ ਹੈ। ਮੌਸਮ ਵਿਭਾਗ ਵੱਲੋਂ ਅਲਰਟ ਜਾਰੀ ਕੀਤਾ ਗਿਆ ਹੈ। ਗਰਮੀ ਜ਼ਰੂਰ ਸਤਾਏਗੀ। ਚੇਤਾਵਨੀ ਦਿੱਤੀ ਗਈ ਹੈ।

ਦੱਸਿਆ ਜਾ ਰਿਹਾ ਹੈ ਕਿ 11 ਜੂਨ ਨੂੰ ਵੈਸਟਰਨ ਡਿਸਟਰਬੈਂਸ ਐਕਟਿਵ ਹੋ ਰਹੀ ਹੈ। ਇਸ ਦਾ ਅਸਰ ਅਗਲੇ 48 ਘੰਟਿਆਂ ਵਿਚ ਸਿਰਫ ਜ਼ਿਆਦਾ ਉਚਾਈ ਵਾਲੇ ਇਲਾਕਿਆਂ ਵਿਚ ਹੋਣ ਵਾਲਾ ਹੈ। ਮੌਸਮ ਵਿਭਾਗ ਮੁਤਾਬਕ 10 ਜੂਨ ਤੱਕ ਮੌਸਮ ਪੂਰੀ ਤਰ੍ਹਾਂ ਤੋਂ ਸਾਫ ਹੈ ਤੇ ਤਾਪਮਾਨ ਵਿਚ 4 ਤੋਂ 5 ਡਿਗਰੀ ਦਾ ਉਛਾਲ ਵੀ ਆਏਗਾ। ਆਉਣ ਵਾਲੇ ਦਿਨਾਂ ਵਿਚ ਮੈਦਾਨੀ ਇਲਾਕਿਆਂ ਵਿਚ ਗਰਮੀ ਵਧ ਸਕਦੀ ਹੈ। ਕਿਹਾ ਜਾ ਰਿਹਾ ਹੈ ਕਿ ਹਿਮਾਚਲ ਪ੍ਰਦੇਸ਼ ਵਿਚ 11 ਜੂਨ ਨੂੰ (ਬਾਕੀ ਸਫਾ 2 'ਤੇ)

## ਅੱਤਵਾਦ 'ਤੇ ਰੱਖਿਆ ਮੰਤਰੀ ਦਾ ਸਖ਼ਤ ਸੰਦੇਸ਼

# ਹੁਣ ਇੱਕ ਅੱਤਵਾਦੀ, ਦੂਜਾ ਫ੍ਰੀਡਮ ਫ਼ਾਇਟਰ ਨਹੀਂ ਚਲੇਗਾ: ਰਾਜਨਾਥ ਸਿੰਘ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 7 ਜੂਨ : ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਤਵਾਦ ਦੇ ਖ਼ਿਲਾਫ਼ ਆਪਣੀ ਸਰਕਾਰ ਦੀ ਸਖ਼ਤ ਨੀਤੀ ਨੂੰ ਇਕ ਵਾਰ ਫਿਰ ਤੋਂ ਸਪੱਸ਼ਟ ਕੀਤਾ ਹੈ। ਉਹਨਾਂ ਕਿਹਾ ਕਿ ਅੱਤਵਾਦ ਨੂੰ ਲੈ ਕੇ ਹੁਣ ਦੋਗਲਾਪਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਕ ਦਾ ਅੱਤਵਾਦੀ, ਦੂਜੇ ਦਾ ਫ੍ਰੀਡਮ ਫਾਇਟਰ ਵਾਲੀ ਸੋਚ ਹੁਣ ਪੂਰੀ ਤਰ੍ਹਾਂ ਖ਼ਤਮ ਹੋਣੀ ਚਾਹੀਦੀ ਹੈ। ਉਹਨਾਂ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਅੱਤਵਾਦ ਦੇ ਖ਼ਿਲਾਫ਼ ਗੰਭੀਰ ਹਨ ਤਾਂ ਮਸੂਦ ਅਜ਼ਹਰ ਅਤੇ ਹਾਫ਼ਿਜ਼ ਸਈਦ ਵਰਗੇ ਅੱਤਵਾਦੀਆਂ ਨੂੰ ਭਾਰਤ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ।

7 ਮਈ 2025 ਨੂੰ ਭਾਰਤ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਅੱਤਵਾਦ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਦੇ ਹੋਏ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ। ਇਸ ਆਪ੍ਰੇਸ਼ਨ ਦੇ ਤਹਿਤ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਅਤੇ ਪਾਕਿਸਤਾਨ ਦੇ ਅੰਦਰ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਪਾਕਿਸਤਾਨੀ ਫੌਜ ਦੇ 11 ਏਅਰਬੇਸ ਵੀ ਇਸ ਹਮਲੇ ਵਿਚ ਬੁਰੀ ਤਰੀਕੇ ਨਾਲ ਪ੍ਰਭਾਵਿਤ ਹੋ ਗਏ। ਸ਼ਨੀਵਾਰ 7 ਜੂਨ ਨੂੰ ਇਸ ਆਪ੍ਰੇਸ਼ਨ ਨੂੰ ਇਕ ਮਹੀਨਾ ਪੂਰਾ ਹੋ ਗਿਆ ਹੈ। (ਬਾਕੀ ਸਫਾ 2 'ਤੇ)

## ਰਾਹੁਲ ਦਾ ਦਾਅਵਾ

# ਮਹਾਰਾਸ਼ਟਰ ਦੀਆਂ ਅਸੈਂਬਲੀ ਚੋਣਾਂ 'ਚ ਹੋਈ ਸੀ 'ਮੈਚ ਫਿਕਸਿੰਗ'

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 7 ਜੂਨ : ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸ਼ਨਿੱਚਰਵਾਰ ਨੂੰ ਦਾਅਵਾ ਕੀਤਾ ਕਿ ਪਿਛਲੇ ਸਾਲ ਨਵੰਬਰ ਵਿਚ ਹੋਈਆਂ ਮਹਾਰਾਸ਼ਟਰ ਅਸੈਂਬਲੀ ਚੋਣਾਂ 'ਚ 'ਧੋਖਾਧੜੀ' ਹੋਈ ਸੀ ਤੇ ਇਸ ਸਾਲ ਦੇ ਅਖੀਰ ਵਿਚ ਆਗਾਮੀ ਬਿਹਾਰ ਅਸੈਂਬਲੀ ਚੋਣਾਂ ਵਿਚ ਉਹੀ ਕੁਝ ਦੁਹਰਾਇਆ ਜਾਵੇਗਾ। ਗਾਂਧੀ ਨੇ ਐਕਸ 'ਤੇ ਇਕ ਪੋਸਟ ਵਿਚ ਅਖ਼ਬਾਰ 'ਚ ਪ੍ਰਕਾਸ਼ਿਤ ਆਪਣਾ ਮਜ਼ਮੂਨ ਸਾਂਝਾ ਕੀਤਾ ਹੈ, ਜਿਸ ਵਿਚ ਮਹਾਰਾਸ਼ਟਰ ਅਸੈਂਬਲੀ ਚੋਣਾਂ ਵਿਚ ਹੋਈ 'ਹੇਰਾਫਾਰੀ' ਬਾਰੇ ਵਿਸਥਾਰ 'ਚ ਦੱਸਿਆ ਹੈ। ਗਾਂਧੀ ਨੇ ਐਕਸ 'ਤੇ ਕਿਹਾ, "2024 ਦੀਆਂ ਮਹਾਰਾਸ਼ਟਰ ਅਸੈਂਬਲੀ ਚੋਣਾਂ ਜਮਹੂਰੀਅਤ ਨਾਲ ਧੋਖਾਧੜੀ ਦਾ ਬਲੂਪ੍ਰਿੰਟ ਸਨ। ਮੇਰਾ ਮਜ਼ਮੂਨ ਦਰਸਾਉਂਦਾ ਹੈ ਕਿ ਕਦਮ ਦਰ ਕਦਮ ਇਹ ਕਿਵੇਂ ਹੋਇਆ।" ਸਾਬਕਾ



ਕਾਂਗਰਸ ਪ੍ਰਧਾਨ ਨੇ ਪੰਜ-ਨੁਕਾਤੀ ਪ੍ਰਕਿਰਿਆ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਪਹਿਲੇ ਕਦਮ ਵਜੋਂ ਚੋਣ ਕਮਿਸ਼ਨ ਦੀ ਨਿਯੁਕਤੀ ਕਰਨ ਵਾਲੇ ਪੈਨਲ ਵਿੱਚ ਹੇਰਾਫੇਰੀ ਹੋਈ, ਉਸ ਤੋਂ ਬਾਅਦ ਵੋਟਰ ਸੂਚੀ ਵਿੱਚ ਫ਼ਰਜ਼ੀ ਵੋਟਰਾਂ ਨੂੰ ਸ਼ਾਮਲ ਕੀਤਾ ਗਿਆ। ਗਾਂਧੀ ਨੇ ਦਾਅਵਾ ਕੀਤਾ ਕਿ ਇਸ ਤੋਂ ਅਗਲੀ ਪੇਸ਼ਕਦਮੀ ਵਿੱਚ ਵੋਟਰਾਂ ਦੀ ਗਿਣਤੀ ਵਧਾਉਣਾ, ਫ਼ਰਜ਼ੀ ਵੋਟਿੰਗ ਨੂੰ ਉਸੇ ਥਾਂ 'ਤੇ ਨਿਸ਼ਾਨਾ ਬਣਾਉਣਾ ਜਿੱਥੇ ਭਾਜਪਾ ਨੂੰ ਜਿੱਤਣ ਦੀ ਲੋੜ ਹੈ ਅਤੇ ਸਬੂਤ ਲੁਕਾਉਣਾ (ਬਾਕੀ ਸਫਾ 2 'ਤੇ)

## ਡੀ.ਐਸ.ਪੀ. ਸਮਾਣਾ 'ਤੇ ਡਿੱਗੀ ਗਾਜ, ਹੋਇਆ ਤਬਾਦਲਾ

ਸਮਾਣਾ, 7 ਜੂਨ ( ਸੁਖਜਿੰਦਰ ਸਿੰਘ ਕੁਲਾਰਾਂ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਅੱਜ ਟਿੱਪਰ ਹਾਦਸੇ ਵਿਚ ਮਾਰੇ ਗਏ ਬੱਚਿਆਂ ਦੇ ਮਾਪਿਆਂ ਨਾਲ ਮੁਲਾਕਾਤ ਤੋਂ ਬਾਅਦ ਮਾਮਲੇ 'ਚ ਦੋਸ਼ੀਆਂ ਨੂੰ



ਫੜਨ ਵਿਚ ਹੋਈ ਲੰਮੀ ਦੇਰੀ ਕਾਰਨ ਸਮਾਣਾ ਦੇ ਡੀਐਸਪੀ ਜੀ ਐਸ ਸਿਕੰਦ ਨੂੰ ਇੱਥੋਂ ਬਦਲ ਕੇ ਡੀਐਸਪੀ ਚਾਰ ਆਈ ਆਰ ਬੀ ਸ਼ਾਹਪੁਰ ਕੰਡੀ ਪਠਾਨਕੋਟ ਭੇਜ ਦਿੱਤਾ ਹੈ। ਜਦੋਂਕਿ ਫਿਰੋਜਪੁਰ ਦੇ ਡੀਐਸਪੀ ਡੀ ਫ਼ਤਿਹ ਸਿੰਘ ਬਰਾੜ ਨੂੰ ਸਮਾਣਾ ਦਾ ਨਵਾਂ ਡੀਐਸਪੀ ਲਗਾਇਆ ਗਿਆ ਹੈ।ਦੂਜੇ ਪਾਸੇ ਬਰਜਿੰਦਰ ਸਿੰਘ ਡੀ.ਐਸ.ਪੀ. ਫਾਜ਼ਿਲਕਾ (ਮਹਿਲਾਵਾਂ ਅਤੇ ਬੱਚਿਆਂ ਵਿਰੁੱਧ ਅਪਰਾਧ) ਨੂੰ ਡੀ.ਐਸ.ਪੀ. ਡਿਟੈਕਟਿਵ ਫਿਰੋਜ਼ਪੁਰ ਲਗਾਇਆ ਗਿਆ ਹੈ।

# ਛੱਤੀਸਗੜ੍ਹ 'ਚ ਮੁਕਾਬਲੇ ਦੌਰਾਨ ਦੋ ਔਰਤਾਂ ਸਮੇਤ ਪੰਜ ਨਕਸਲੀ ਢੇਰ

ਚੜ੍ਹਦੀਕਲਾ ਬਿਊਰੋ



ਬੀਜਾਪੁਰ , 7 ਜੂਨ : ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿਚ ਸੁਰੱਖਿਆ ਬਲਾਂ ਦੇ ਨਾਲ ਹੋਏ ਮੁਕਾਬਲੇ ਤੋਂ ਬਾਅਦ ਦੋ ਔਰਤਾਂ ਸਣੇ ਪੰਜ ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਪੁਲਿਸ ਅਧਿਕਾਰੀਆਂ ਵਲੋਂ ਇਸ ਗੱਲ ਦੀ ਜਾਣਕਾਰੀ ਸ਼ਨੀਵਾਰ ਨੂੰ ਦਿੱਤੀ ਗਈ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਇੰਦਰਾਵਤੀ ਰਾਸ਼ਟਰੀ ਪਾਰਕ ਖੇਤਰ ਵਿਚ ਚੱਲ ਰਹੇ ਨਕਸਲ ਵਿਰੋਧੀ ਅਭਿਆਨ ਵਿਚ ਸੁਰੱਖਿਆ ਬਲਾਂ ਨੇ ਪਿਛਲੇ ਚਾਰ ਦਿਨਾਂ ਵਿਚ 2 ਨਕਸਲੀ ਨੇਤਾਵਾਂ ਸਣੇ ਕੁੱਲ 7 ਨਕਸਲੀਆਂ ਨੂੰ ਮਾਰ ਦਿੱਤਾ ਹੈ। ਮਾਰੇ ਗਏ ਸਾਰੇ 7 ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਚਾਰ ਜੂਨ ਤੋਂ ਬੀਜਾਪੁਰ ਜ਼ਿਲ੍ਹੇ ਦੇ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਵਿਚ ਨਕਸਲ ਵਿਰੋਧੀ ਅਭਿਆਨ ਜਾਰੀ ਹੈ। ਇਸ ਅਭਿਆਨਤ ਵਿਚ ਰਾਜ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ, ਜ਼ਿਲ੍ਹਾ ਰਿਜ਼ਰਵ ਗਾਰਡ ਅਤੇ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਦੀ ਇਕ ਵਿਸ਼ੇਸ਼ ਇਕਾਈ, ਕੋਬਰਾ ਬਟਾਲੀਅਨ ਦੇ ਜਵਾਨ ਸ਼ਾਮਲ ਹਨ। ਉਹਨਾਂ ਕਿਹਾ ਕਿ 5 ਜੂਨ ਨੂੰ ਸੁਰੱਖਿਆ ਬਲਾਂ ਨੇ ਇਲਾਕੇ ਵਿਚ ਮਾਓਵਾਦੀ ਨੇਤਾ ਸੁਧਾਕਰ (ਬਾਕੀ ਸਫਾ 2 'ਤੇ)

# ਸੋਨੀਆ ਗਾਂਧੀ ਨੂੰ ਅਚਾਨਕ ਸਿਹਤ ਵਿਗੜਨ ਕਾਰਨ ਹਸਪਤਾਲ ਕਰਵਾਇਆ ਦਾਖ਼ਲ

ਚੜ੍ਹਦੀਕਲਾ ਬਿਊਰੋ

ਸ਼ਿਮਲਾ, 7 ਜੂਨ :ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ (78) ਨੂੰ ਹਸਪਤਾਲ ਲਿਜਾਇਆ ਗਿਆ। ਜਾਣਕਾਰੀ ਅਨੁਸਾਰ, ਉਨ੍ਹਾਂ ਨੂੰ ਕੁਝ ਆਮ ਸਿਹਤ ਸਮੱਸਿਆਵਾਂ ਦੇ ਨਿਯਮਤ ਚੈੱਕਅਪ ਲਈ ਸ਼ੁੱਕਰਵਾਰ ਨੂੰ ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਦੇ ਇੰਦਰਾ ਗਾਂਧੀ ਮੈਡੀਕਲ ਕਾਲਜ ਅਤੇ ਹਸਪਤਾਲ (ਆਈ.ਜੀ.ਐੱਮ.ਸੀ.) ਲਿਜਾਇਆ ਗਿਆ। ਸੋਨੀਆ ਗਾਂਧੀ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ ਅਤੇ ਡਾਕਟਰਾਂ ਦੀ ਇੱਕ ਮਾਹਰ ਟੀਮ ਨੇ ਉਨ੍ਹਾਂ ਦੀ ਮੈਡੀਕਲ ਜਾਂਚ ਕੀਤੀ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਮੁੱਖ ਮੀਡੀਆ ਸਲਾਹਕਾਰ ਨਰੇਸ਼ ਚੌਹਾਨ ਨੇ ਦੱਸਿਆ



ਕਿ ਸੀਨੀਅਰ ਕਾਂਗਰਸ ਨੇਤਾ ਸੋਨੀਆ ਗਾਂਧੀ ਨੂੰ ਕੁਝ ਮਾਮੂਲੀ ਸਿਹਤ ਸਮੱਸਿਆਵਾਂ ਤੋਂ ਬਾਅਦ ਇੰਦਰਾ ਗਾਂਧੀ ਮੈਡੀਕਲ ਕਾਲਜ ਅਤੇ ਹਸਪਤਾਲ (ਆਈ.ਜੀ.ਐੱਮ.ਸੀ.) ਸ਼ਿਮਲਾ ਲਿਆਂਦਾ ਗਿਆ ਸੀ। ਉਨ੍ਹਾਂ ਦੀ ਹਾਲਤ ਪੂਰੀ ਤਰ੍ਹਾਂ ਸਥਿਰ ਹੈ। ਸੂਤਰਾਂ ਅਨੁਸਾਰ, ਸੋਨੀਆ ਗਾਂਧੀ ਕੁਝ ਦਿਨਾਂ ਤੋਂ ਸ਼ਿਮਲਾ ਨੇੜੇ ਛਰਾਬੜਾ ਵਿੱਚ ਆਪਣੇ ਨਿੱਜੀ ਨਿਵਾਸ 'ਰੀਟਰੀਟ' ਵਿੱਚ ਰਹਿ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਅੱਜ ਸਵੇਰੇ ਉਨ੍ਹਾਂ ਨੂੰ ਥੋੜ੍ਹੀ ਜਿਹੀ ਬੇਅਰਾਮੀ ਮਹਿਸੂਸ ਹੋਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਆਈ.ਜੀ.ਐੱਮ.ਸੀ. ਲਿਆਂਦਾ ਗਿਆ। ਆਈ.ਜੀ.ਐੱਮ.ਸੀ. ਪ੍ਰਸ਼ਾਸਨ ਨੇ ਵੀ ਪੁਸ਼ਟੀ ਕੀਤੀ ਹੈ ਕਿ ਸੋਨੀਆ ਗਾਂਧੀ ਨੂੰ ਹਸਪਤਾਲ ਲਿਆਂਦਾ ਗਿਆ ਸੀ ਅਤੇ (ਬਾਕੀ ਸਫਾ 2 'ਤੇ)

## ਗੁਰੂਗ੍ਰਾਮ ਬੰਬ ਹਮਲੇ ਸਬੰਧੀ ਗੋਲਡੀ ਬਰਾੜ ਸਣੇ 5 ਖ਼ਿਲਾਫ਼ ਚਾਰਜਸ਼ੀਟ ਦਾਖ਼ਲ

ਨਵੀਂ ਦਿੱਲੀ, 7 ਜੂਨ (ਚੜ੍ਹਦੀਕਲਾ ਬਿਊਰੋ): ਅਧਿਕਾਰੀਆਂ ਨੇ ਸ਼ਨਿੱਚਰਵਾਰ ਨੂੰ ਦੱਸਿਆ ਕਿ ਕੌਮੀ ਜਾਂਚ ਏਜੰਸੀ ਨੇ 2024 ਵਿੱਚ ਗੁਰੂਗ੍ਰਾਮ ਦੇ ਦੋ ਕਲੱਬਾਂ 'ਤੇ ਹੋਏ ਬੰਬ ਹਮਲਿਆਂ ਨਾਲ ਸਬੰਧਤ ਮਾਮਲੇ ਵਿੱਚ ਕੈਨੇਡਾ ਸਥਿਤ ਖਾਲਿਸਤਾਨੀ ਅੱਤਵਾਦੀ ਗੋਲਡੀ ਬਰਾੜ ਸਮੇਤ ਪੰਜ ਮੁਲਜ਼ਮਾਂ ਨੂੰ ਚਾਰਜਸ਼ੀਟ ਕੀਤਾ ਹੈ।

ਐਨ.ਆਈ.ਏ. ਨੇ ਸ਼ੁੱਕਰਵਾਰ ਨੂੰ ਪੰਚਕੂਲਾ ਦੀ ਇੱਕ ਅਦਾਲਤ ਵਿੱਚ ਦਾਇਰ ਆਪਣੀ ਫ਼ਰਦ ਜੁਰਮ ਵਿੱਚ ਭਾਰਤੀ ਨਿਆਏ ਸੰਹਿਤਾ (ਬੀ.ਐਨ.ਐਸ.), ਅਸਲਾ ਐਕਟ, ਵਿਸਫੋਟਕ ਪਦਾਰਥ ਐਕਟ ਅਤੇ ਗੈਰ-ਕਾਨੂੰਨੀ ਸਰਗਰਮੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਸਚਿਨ ਤਲਿਆਨ, ਅੰਕਿਤ, ਭਾਵਿਸ਼ ਅਤੇ (ਬਾਕੀ ਸਫਾ 2 'ਤੇ)

# ਕੇਦਾਰਨਾਥ 'ਚ ਹੈਲੀਕਾਪਟਰ ਵਿੱਚ ਗੜਬੜੀ ਕਾਰਨ ਕਰਵਾਉਣੀ ਪਈ ਐਮਰਜੈਂਸੀ ਲੈਂਡਿੰਗ

ਚੜ੍ਹਦੀਕਲਾ ਬਿਊਰੋ



ਦੇਹਰਾਦੂਨ, 7 ਜੂਨ : ਕੇਦਾਰਨਾਥ ਯਾਤਰਾ ਰੂਟ 'ਤੇ ਇੱਕ ਹੋਰ ਵੱਡਾ ਹਾਦਸਾ ਟਲ ਗਿਆ ਜਦੋਂ ਸਿਰਸੀ ਹੈਲੀਪੈਡ ਤੋਂ ਉਡਾਣ ਭਰਨ ਤੋਂ ਬਾਅਦ ਇੱਕ ਹੈਲੀਕਾਪਟਰ ਨੂੰ ਤਕਨੀਕੀ ਖਰਾਬੀ ਕਾਰਨ ਸੜਕ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਇਹ ਹੈਲੀਕਾਪਟਰ ਕ੍ਰਿਸਟਲ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਸੀ, ਜੋ ਯਾਤਰੀਆਂ ਨੂੰ ਲੈ ਕੇ ਕੇਦਾਰਨਾਥ ਲਈ ਰਵਾਨਾ ਹੋਇਆ ਸੀ। ਖੁਸ਼ਕਿਸਮਤੀ ਨਾਲ, ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਸਾਰੇ ਯਾਤਰੀ ਅਤੇ ਚਾਲਕ ਦਲ ਪੂਰੀ ਤਰ੍ਹਾਂ ਸੁਰੱਖਿਅਤ ਹਨ। ਸ਼ੁਰੂਆਤੀ ਜਾਣਕਾਰੀ ਅਨੁਸਾਰ, ਹੈਲੀਕਾਪਟਰ ਨੇ ਸਿਰਸੀ ਹੈਲੀਪੈਡ ਤੋਂ ਕੇਦਾਰਨਾਥ ਲਈ ਉਡਾਣ ਭਰੀ। ਉਡਾਣ ਭਰਨ ਤੋਂ ਕੁਝ ਪਲ ਬਾਅਦ, ਪਾਇਲਟ ਨੂੰ ਹੈਲੀਕਾਪਟਰ ਵਿੱਚ ਤਕਨੀਕੀ ਖਰਾਬੀ ਦਾ ਅਹਿਸਾਸ ਹੋਇਆ। ਸੁਰੱਖਿਆ ਨੂੰ ਪਹਿਲ ਦਿੰਦੇ ਹੋਏ, ਪਾਇਲਟ ਨੇ ਨੇੜਲੀ ਸੜਕ 'ਤੇ ਐਮਰਜੈਂਸੀ ਲੈਂਡਿੰਗ ਕਰਨ ਦਾ ਫੈਸਲਾ ਕੀਤਾ। ਹੈਲੀਕਾਪਟਰ ਨੂੰ ਹੈਲੀਪੈਡ ਤੋਂ ਥੋੜ੍ਹੀ ਦੂਰੀ 'ਤੇ ਸਥਿਤ ਸੜਕ 'ਤੇ ਸਾਵਧਾਨੀ ਨਾਲ ਉਤਾਰਿਆ ਗਿਆ। ਜਿਵੇਂ ਹੀ ਹੈਲੀਕਾਪਟਰ ਦੇ ਅਚਾਨਕ ਉਤਰਨ ਦੀ ਸੂਚਨਾ ਮਿਲੀ, ਸਥਾਨਕ (ਬਾਕੀ ਸਫਾ 2 'ਤੇ)

## ਪੇਟਾ ਦੀਆਂ ਸ਼ਿਕਾਇਤਾਂ 'ਤੇ ਪੰਜਾਬ 'ਚ ਗ਼ੈਰ-ਕਾਨੂੰਨੀ ਕਬੂਤਰਬਾਜ਼ੀ ਮੁਕਾਬਲਿਆਂ ਉੱਤੇ ਲੱਗੀ ਰੋਕ !

ਚੰਡੀਗੜ੍ਹ, 7 ਜੂਨ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿੱਚ, ਕਬੂਤਰਬਾਜ਼ੀ ਦੇ ਸ਼ੌਕੀਨ ਲੋਕਾਂ ਨੂੰ ਜੇਲ੍ਹ ਜਾਣਾ ਪੈ ਸਕਦਾ ਹੈ। ਪੀਪਲ ਫਾਰ ਦ ਐਥੀਕਲ ਟ੍ਰੀਟਮੈਂਟ ਆਫ਼ ਐਨੀਮਲਜ਼ (ਪੇਟਾ) ਇੰਡੀਆ ਨੇ ਪਿਛਲੇ ਦੋ ਮਹੀਨਿਆਂ ਵਿੱਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ 20 ਜ਼ਿਲ੍ਹਿਆਂ ਵਿੱਚ ਆਯੋਜਿਤ 33 ਗੈਰ-ਕਾਨੂੰਨੀ ਕਬੂਤਰਬਾਜ਼ੀ (ਕਬੂਤਰ ਦੌੜ) ਸਮਾਗਮਾਂ ਨੂੰ ਰੋਕਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਲਈ ਪੇਟਾ ਨੇ ਪੁਲਿਸ ਅਧਿਕਾਰੀਆਂ ਦੀ ਮਦਦ ਵੀ ਲਈ ਹੈ। ਪੇਟਾ ਨੇ ਭਵਿੱਖ ਵਿੱਚ ਕਬੂਤਰ ਦੌੜ ਮੁਕਾਬਲੇ ਕਰਵਾਉਣ ਵਾਲਿਆਂ ਅਤੇ ਕਬੂਤਰਾਂ ਨੂੰ ਬੰਦੀ ਬਣਾ ਕੇ ਰੱਖਣ ਵਾਲਿਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ (ਬਾਕੀ ਸਫਾ 2 'ਤੇ)







# ਅਪਰਾਧੀਆਂ ਦੀ ਪੀੜਤਾਂ ਨਾਲ ਬਰਾਬਰੀ ਨੂੰ ਕਦੇ ਸਵੀਕਾਰ ਨਹੀਂ ਕਰੇਗਾ ਭਾਰਤ: ਜੈਸ਼ੰਕਰ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 7 ਜੂਨ : ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸ਼ਨੀਵਾਰ ਨੂੰ ਬ੍ਰਿਟਿਸ਼ ਵਿਦੇਸ਼ ਮੰਤਰੀ ਡੇਵਿਡ ਲੈਮੀ ਨਾਲ ਵਿਆਪਕ ਗੱਲਬਾਤ ਦੌਰਾਨ ਕਿਹਾ ਕਿ ਭਾਰਤ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਦੀ ਪਾਲਣਾ ਕਰ ਰਿਹਾ ਹੈ ਅਤੇ ਅਪਰਾਧ ਕਰਨ ਵਾਲਿਆਂ ਨੂੰ ਪੀੜਤਾਂ ਨਾਲ ਬਰਾਬਰੀ ਕਰਨ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗਾ। ਇਹ ਟਿੱਪਣੀ ਪਿਛਲੇ ਮਹੀਨੇ ਚਾਰ ਦਿਨਾਂ ਫੌਜੀ ਟਕਰਾਅ ਤੋਂ ਬਾਅਦ ਕਈ ਦੇਸ਼ਾਂ ਵੱਲੋਂ ਭਾਰਤ ਅਤੇ ਪਾਕਿਸਤਾਨ ਦੀ ਬਰਾਬਰੀ ਕਰਨ 'ਤੇ ਨਵੀਂ ਦਿੱਲੀ ਦੇ ਇਤਰਾਜ਼ ਦੇ ਵਿਚਕਾਰ ਆਈ ਹੈ। ਲੈਮੀ ਅੱਜ ਸਵੇਰੇ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਦੇ ਵੱਖ-ਵੱਖ ਪਹਿਲੂਆਂ ਦੀ ਸਮੀਖਿਆ ਕਰਨ ਲਈ ਦੋ ਦਿਨਾਂ ਦੌਰੇ 'ਤੇ ਨਵੀਂ ਦਿੱਲੀ ਪਹੁੰਚੇ। ਆਪਣੇ ਭਾਸ਼ਣ ਦੌਰਾਨ ਜੈਸ਼ੰਕਰ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ



ਕਰਨ ਅਤੇ ਅੱਤਵਾਦ ਵਿਰੁੱਧ ਨਵੀਂ ਦਿੱਲੀ ਦੀ ਲੜਾਈ ਦਾ ਸਮਰਥਨ ਕਰਨ ਲਈ ਬ੍ਰਿਟੇਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ,'ਅਸੀਂ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਦੀ ਪਾਲਣਾ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਸਾਡੇ ਭਾਈਵਾਲ ਇਸ ਨੂੰ ਸਮਝਣਗੇ। ਭਾਰਤ ਕਦੇ ਵੀ ਅਪਰਾਧ ਕਰਨ ਵਾਲਿਆਂ ਨੂੰ ਪੀੜਤਾਂ ਦੇ ਬਰਾਬਰ ਰੱਖਣ ਦੇ ਵਿਚਾਰ ਦਾ ਸਮਰਥਨ ਨਹੀਂ ਕਰੇਗਾ।' ਜੈਸ਼ੰਕਰ ਨੇ ਹਾਲ ਹੀ ਵਿੱਚ ਹੋਏ ਭਾਰਤ-ਯੂਕੇ ਮੁਕਤ ਵਪਾਰ ਸਮਝੌਤੇ ਅਤੇ (ਬਾਕੀ ਸਫਾ 2 'ਤੇ)

# ਈਦ-ਉਲ-ਅਜ਼ਹਾ ਦੀ ਨਮਾਜ਼ ਕੀਤੀ ਅਦਾ, ਦੇਸ਼ ਤੇ ਦੁਨੀਆਂ 'ਚ ਸ਼ਾਂਤੀ ਲਈ ਮੰਗੀ ਦੁਆ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 7 ਜੂਨ : ਪੂਰੀ ਦੁਨੀਆਂ 'ਚ ਅੱਜ ਈਦ ਉਲ ਅਜ਼ਹਾ ਦਾ ਤਿਉਹਾਰ ਪੂਰੀ ਧੂਮਧਾਮ ਨਾਲ ਮਨਾਇਆ ਗਿਆ। ਇਸੇ ਦੌਰਾਨ ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਵਿੱਚ ਸ਼ਨੀਵਾਰ ਨੂੰ ਮੁਸਲਿਮ ਭਾਈਚਾਰੇ ਦੇ ਹਜ਼ਾਰਾਂ ਲੋਕਾਂ ਨੇ ਈਦ-ਉਲ-ਅਜ਼ਹਾ ਦੀ ਨਮਾਜ਼ ਅਦਾ ਕੀਤੀ ਅਤੇ ਦੇਸ਼ ਵਿੱਚ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਸਭ ਤੋਂ ਪਹਿਲਾਂ ਮੌਲਾਨਾ ਰਿਆਜ਼ ਅਹਿਮਦ ਨੇ ਬਾਂਦਾ ਸ਼ਹਿਰ ਦੀ ਈਦਗਾਹ ਮਸਜਿਦ ਵਿੱਚ ਨਮਾਜ਼ ਅਦਾ ਕੀਤੀ। ਇਸ ਤੋਂ ਬਾਅਦ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਸਾਰੀਆਂ ਮਸਜਿਦਾਂ ਵਿੱਚ ਨਮਾਜ਼ ਅਦਾ ਕੀਤੀ। ਇਸ ਦੌਰਾਨ ਮਸਜਿਦਾਂ ਵਿੱਚ ਵੱਡੀ ਗਿਣਤੀ ਵਿੱਚ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਨਮਾਜ਼ ਤੋਂ ਬਾਅਦ ਰਾਜਨੀਤਿਕ ਪਾਰਟੀਆਂ ਦੇ



ਆਗੂਆਂ, ਸਮਾਜ ਸੇਵਕਾਂ ਅਤੇ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਨਾਗਰਿਕਾਂ ਨੇ ਇੱਕ ਦੂਜੇ ਨੂੰ ਜੱਫੀ ਪਾਈ ਅਤੇ ਇੱਕ ਦੂਜੇ ਨੂੰ ਮੁਬਾਰਕਬਾਦ ਦਿੱਤੀ। ਮੌਲਾਨਾ ਰਿਆਜ਼ ਅਹਿਮਦ ਨੇ ਅਪੀਲ ਕੀਤੀ ਕਿ ਕੁਰਬਾਨ ਕੀਤੇ ਗਏ ਜਾਨਵਰ ਦਾ ਖ਼ੂਨ ਨਾਲੀਆਂ ਵਿੱਚ ਨਹੀਂ ਵਹਿਣਾ ਚਾਹੀਦਾ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਕੁਰਬਾਨੀ ਦੀਆਂ (ਬਾਕੀ ਸਫਾ 2 'ਤੇ)

### ਮਨਜਿੰਦਰ ਸਿਰਸਾ ਨੂੰ 'ਆਪ' ਆਗੂਆਂ ਨੇ ਦਿੱਤਾ ਮੂੰਹ ਤੋੜ ਜਵਾਬ

# 'ਦਿੱਲੀ 'ਚ ਆਪਣੀ ਸਰਕਾਰ ਸੰਭਾਲੋ, ਪੰਜਾਬ ਦੀ ਚਿੰਤਾ ਛੱਡੋ'

ਲੁਧਿਆਣਾ, 7 ਜੂਨ (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਬੁੱਧਵਾਰ ਨੂੰ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਵੱਲੋਂ ਪੰਜਾਬ ਸਰਕਾਰ ਵਿਰੁੱਧ ਲਗਾਏ ਗਏ ਬੇਬੁਨਿਆਦ ਦੋਸ਼ਾਂ ਦਾ ਸਖ਼ਤ ਜਵਾਬ ਦਿੱਤਾ। 'ਆਪ' ਆਗੂਆਂ ਮਲਵਿੰਦਰ ਕੰਗ ਅਤੇ ਨੀਲ ਗਰਗ ਨੇ ਸਿਰਸਾ ਦੇ ਸ਼ੱਕੀ ਅਤੀਤ ਅਤੇ ਭਾਜਪਾ ਸ਼ਾਸਨ ਅਧੀਨ ਦਿੱਲੀ ਵਿੱਚ ਤੇਜ਼ੀ ਨਾਲ ਵਿਗੜ ਰਹੇ ਸ਼ਾਸਨ ਨੂੰ ਉਜਾਗਰ ਕੀਤਾ ਅਤੇ ਸਿਰਸਾ ਨੂੰ ਪੰਜਾਬੀਆਂ ਨੂੰ ਉਪਦੇਸ਼ ਨਾ ਦੇਣ ਦੀ ਸਲਾਹ ਦਿੱਤੀ।





ਮਲਵਿੰਦਰ ਕੰਗ ਨੇ ਪੰਜਾਬ ਵਿੱਚ ਦਹਾਕੇ ਲੰਬੇ ਅਕਾਲੀ-ਭਾਜਪਾ ਸ਼ਾਸਨ ਦੌਰਾਨ ਸੁਖਬੀਰ ਸਿੰਘ ਬਾਦਲ ਦੇ ਓਐਸਡੀ ਵਜੋਂ ਸਿਰਸਾ ਦੀ ਭੂਮਿਕਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ 'ਹਰ ਕੋਈ ਜਾਣਦਾ ਹੈ ਕਿ ਉਹ ਦੌਰ ਜਿਸ ਵਿੱਚ ਸਿਰਫ਼ ਭ੍ਰਿਸ਼ਟਾਚਾਰ, ਨਸ਼ਿਆਂ ਦਾ ਕਹਿਰ ਅਤੇ ਸ਼ਾਸਨ ਦਾ ਪੂਰੀ ਤਰ੍ਹਾਂ ਢਹਿ-ਢੇਰੀ ਹੋਇਆ। ਸਿਰਸਾ ਉਸੇ ਘਟੀਆ ਸਿਸਟਮ ਦਾ ਹਿੱਸਾ ਸਨ। ਉਨ੍ਹਾਂ ਲਗਭਗ 1 ਕਰੋੜ ਦੇ ਗੁਰਦੁਆਰਾ ਫੰਡਾਂ ਦੀ ਕਥਿਤ ਦੁਰਵਰਤੋਂ ਨੂੰ ਵੀ ਉਜਾਗਰ ਕੀਤਾ, ਜਿਸ ਕਾਰਨ 2021 ਵਿੱਚ ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਦੁਆਰਾ ਉਨ੍ਹਾਂ ਦੇ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਸੀ। ਕੰਗ ਨੇ ਕਿਹਾ, 'ਜਦੋਂ ਪੁਲਿਸ ਨੇ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਸਿਰਸਾ ਆਪਣੇ ਆਪ ਨੂੰ ਬਚਾਉਣ ਲਈ ਭਾਜਪਾ ਵਿੱਚ ਸ਼ਾਮਲ ਹੋ ਗਏ।'

ਨੀਲ ਗਰਗ ਨੇ ਦਿੱਲੀ ਵਿੱਚ ਕੈਬਨਿਟ ਮੰਤਰੀ ਵਜੋਂ ਮਨਜਿੰਦਰ ਸਿੰਘ ਸਿਰਸਾ ਦੀ ਭੂਮਿਕਾ ਦੀ ਆਲੋਚਨਾ ਕੀਤੀ, ਅਤੇ ਕੁਝ ਹੀ ਮਹੀਨਿਆਂ ਵਿੱਚ ਭਾਜਪਾ ਸਰਕਾਰ ਦੀਆਂ ਸਪੱਸ਼ਟ ਅਸਫਲਤਾਵਾਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਟੈਂਕਰ ਮਾਫ਼ੀਆ ਦੇ ਦੋਬਾਰਾ ਉੱਭਰਨ ਕਾਰਨ ਪੈਦਾ ਹੋਏ ਗੰਭੀਰ ਪਾਣੀ ਦੇ ਸੰਕਟ, ਰੋਜ਼ਾਨਾ ਬਿਜਲੀ ਕੱਟਾਂ ਵੱਲ ਇਸ਼ਾਰਾ ਕੀਤਾ ਜੋ ਉਨ੍ਹਾਂ ਦਿਨਾਂ ਦੀ ਯਾਦ ਦਿਵਾਉਂਦੇ ਹਨ ਜਦੋਂ ਇਨਵਰਟਰ ਲਾਜ਼ਮੀ ਸਨ, ਅਤੇ ਪ੍ਰਾਈਵੇਟ ਸਕੂਲਾਂ ਦੀਆਂ ਵਧਦੀਆਂ ਫ਼ੀਸਾਂ ਜੋ ਮਾਪਿਆਂ ਲਈ ਅਸਹਿ ਬੋਝ ਬਣ ਗਈਆਂ ਹਨ। ਗਰਗ ਨੇ ਸਟਾਫ਼ ਦੀ ਘਾਟ ਕਾਰਨ ਮੁਹੱਲਾ ਕਲੀਨਿਕਾਂ ਦੇ ਬੰਦ ਹੋਣ, ਔਰਤਾਂ ਦੀ ਸੁਰੱਖਿਆ ਨਾਲ ਸਮਝੌਤਾ ਕਰਨ ਵਾਲੇ ਬੱਸ ਮਾਰਸ਼ਲਾਂ ਨੂੰ ਹਟਾਉਣ ਅਤੇ ਪੈਨਸ਼ਨਾਂ ਵਿੱਚ ਦੇਰੀ ਨਾਲ ਵਿਧਵਾਵਾਂ ਅਤੇ ਬਜ਼ੁਰਗ ਨਾਗਰਿਕਾਂ ਨੂੰ ਜੋਖ਼ਮ ਵਿੱਚ ਪਾਉਣ ਦੇ ਮਾਮਲਿਆਂ ਨੂੰ ਵੀ ਉਜਾਗਰ ਕੀਤਾ। ਗਰਗ ਨੇ ਕਿਹਾ, 'ਇਹ ਅਸਫ਼ਲਤਾਵਾਂ ਭਾਜਪਾ ਦੀ ਸ਼ਾਸਨ ਕਰਨ ਅਤੇ 'ਆਪ' ਦੁਆਰਾ ਲੋਕਾਂ ਦੀ ਸੇਵਾ ਲਈ ਸਖ਼ਤ ਮਿਹਨਤ ਨਾਲ ਬਣਾਏ ਗਏ ਸਿਸਟਮ ਨੂੰ ਖਤਮ ਕਰਨ ਵਿੱਚ ਅਸਮਰੱਥਾ ਨੂੰ ਦਰਸਾਉਂਦੀਆਂ ਹਨ।'

ਗਰਗ ਨੇ ਕਿਹਾ, 'ਭਾਜਪਾ ਨੇ ਦਿੱਲੀ ਵਿੱਚ 'ਆਪ' ਵੱਲੋਂ ਬਣਾਈ ਗਈ ਹਰ ਚੀਜ਼ ਨੂੰ ਤਬਾਹ ਕਰ ਦਿੱਤਾ ਹੈ। ਦਿੱਲੀ ਦੇ ਲੋਕ ਪਹਿਲਾਂ ਹੀ ਆਪਣੇ ਫ਼ੈਸਲੇ 'ਤੇ ਪਛਤਾ ਰਹੇ ਹਨ ਅਤੇ ਖੁੱਲ੍ਹ ਕੇ ਕਹਿ ਰਹੇ ਹਨ, 'ਅਸੀਂ ਗ਼ਲਤੀ ਕੀਤੀ, ਅਸੀਂ 'ਆਪ' ਨੂੰ ਵਾਪਸ ਚਾਹੁੰਦੇ ਹਾਂ।''

'ਆਪ' ਆਗੂਆਂ ਨੇ ਸਿਰਸਾ ਨੂੰ ਪੰਜਾਬ ਵਿੱਚ 'ਆਪ' ਸਰਕਾਰ ਦੀ ਆਲੋਚਨਾ ਕਰਨ ਅਤੇ ਆਪਣੇ ਹੀ ਮਾੜੇ ਕੰਮਾਂ ਅਤੇ ਭਾਜਪਾ ਦੀਆਂ ਅਸਫਲਤਾਵਾਂ ਤੋਂ ਅੱਖਾਂ ਮੀਚ ਕੇ ਬੈਠਣ ਦੇ ਪਖੰਡ ਦੀ ਯਾਦ ਦਿਵਾਈ। ਗਰਗ ਨੇ ਸਿਰਸਾ ਦੇ ਪੰਜਾਬ ਨਾਲ ਸਬੰਧਾਂ 'ਤੇ ਵੀ ਸਵਾਲ ਉਠਾਏ ਅਤੇ ਉਨ੍ਹਾਂ ਨੂੰ ਹਰਿਆਣਾ ਦਾ ਇੱਕ ਮੌਕਾਪ੍ਰਸਤ ਦੱਸਿਆ ਜੋ ਪੰਜਾਬ ਦੀ ਰਾਜਨੀਤੀ ਵਿੱਚ ਦਖ਼ਲਅੰਦਾਜ਼ੀ ਕਰ ਰਿਹਾ ਸੀ। ਗਰਗ ਨੇ ਕਿਹਾ, 'ਜਦੋਂ ਸਿਰਸਾ ਸੁਖਬੀਰ ਬਾਦਲ ਦੇ ਓਐਸਡੀ ਸਨ, ਤਾਂ ਉਨ੍ਹਾਂ ਨੇ ਪੰਜਾਬ ਦੇ ਸਰੋਤਾਂ ਅਤੇ ਤਨਖ਼ਾਹ ਦਾ ਆਨੰਦ ਲੀਤਾ। ਹੁਣ ਉਹ ਉਸੇ ਸੂਬੇ ਵੱਲ ਉਂਗਲਾਂ ਉਠਾ ਰਹੇ ਹਨ ਜਿਸ ਦਾ ਉਨ੍ਹਾਂ ਨੇ ਸ਼ੋਸ਼ਣ ਕੀਤਾ।'

'ਆਪ' ਆਗੂਆਂ ਨੇ ਸੂਬੇ ਨੂੰ ਬਦਲਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਗਰਗ ਨੇ ਕਿਹਾ, 'ਸਿਰਸਾ ਅਤੇ ਭਾਜਪਾ ਦੇ ਉਲਟ, ਅਸੀਂ ਬਦਲਾਅ ਲਿਆਉਣ ਲਈ ਅਣਥੱਕ ਮਿਹਨਤ ਕੀਤੀ ਹੈ - ਸਕੂਲਾਂ ਨੂੰ ਬਦਲਿਆ ਹੈ, ਹਸਪਤਾਲਾਂ ਵਿੱਚ ਮੁਫ਼ਤ ਦਵਾਈਆਂ ਦਿੱਤੀਆਂ ਹਨ, ਰਿਸ਼ਵਤ ਜਾਂ ਸਿਫ਼ਾਰਸ਼ ਤੋਂ ਬਿਨਾਂ ਨੌਕਰੀਆਂ ਦਿੱਤੀਆਂ ਹਨ, ਅਤੇ ਡਰੱਗ ਮਾਫ਼ੀਆ ਵਿਰੁੱਧ ਸਖ਼ਤ ਸਟੈਂਡ ਲਿਆ ਹੈ।' ਉਨ੍ਹਾਂ ਨੇ ਹਰਿਆਣਾ ਅਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਪੰਜਾਬ ਦੇ ਪਾਣੀਆਂ ਦੇ ਹੱਕਾਂ ਦੀ ਰਾਖੀ ਲਈ 'ਆਪ' ਦੀ ਲੜਾਈ ਨੂੰ ਵੀ ਉਜਾਗਰ ਕੀਤਾ।

ਗਰਗ ਨੇ ਮਨਜਿੰਦਰ ਸਿੰਘ ਸਿਰਸਾ ਵੱਲੋਂ ਲਗਾਏ ਗਏ ਬੇਬੁਨਿਆਦ ਦੋਸ਼ਾਂ ਨੂੰ ਖ਼ਾਰਜ ਕਰਦੇ ਹੋਏ ਸੂਬਾ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦਾ ਬਚਾਅ ਕੀਤਾ। ਗਰਗ ਨੇ ਕਿਹਾ ਕਿ ਇਹ ਨੀਤੀ ਕਿਸਾਨਾਂ ਲਈ ਇੱਕ ਗੇਮ-ਚੇਂਜਰ ਹੈ, ਜੋ ਉਨ੍ਹਾਂ ਦੀ ਸਹਿਮਤੀ ਨੂੰ ਯਕੀਨੀ ਬਣਾਉਂਦੀ ਹੈ ਅਤੇ ਭਵਿੱਖ ਦੇ ਮੁਨਾਫ਼ੇ ਵਿੱਚ ਹਿੱਸੇਦਾਰੀ ਦੇ ਨਾਲ-ਨਾਲ ਉਚਿੱਤ ਮੁਆਵਜ਼ਾ ਵੀ ਦਿੰਦੀ ਹੈ। ਪਿਛਲਿਆਂ ਸਰਕਾਰਾਂ ਦੇ ਉਲਟ ਜਿੱਥੇ ਭੂ-ਮਾਫ਼ੀਆ ਅਤੇ ਬਿਲਡਰ ਸਸਤੇ ਭਾਅ 'ਤੇ ਜ਼ਮੀਨ ਖਰੀਦ ਕੇ ਅਤੇ ਇਸ ਨੂੰ ਬਹੁਤ ਜ਼ਿਆਦਾ ਕੀਮਤਾਂ 'ਤੇ ਵੇਚ ਕੇ ਕਿਸਾਨਾਂ ਦਾ ਸ਼ੋਸ਼ਣ ਕਰਦੇ ਸਨ, 'ਆਪ' ਸਰਕਾਰ ਦੀ ਨੀਤੀ ਕਿਸਾਨਾਂ ਦੇ ਅਧਿਕਾਰਾਂ ਅਤੇ ਹਿੱਤਾਂ ਨੂੰ ਤਰਜੀਹ ਦਿੰਦੀ ਹੈ। ਗਰਗ ਨੇ ਉਜਾਗਰ ਕੀਤਾ ਕਿ ਇਸ ਨੀਤੀ ਨੂੰ ਵਿਆਪਕ ਪ੍ਰਸ਼ੰਸਾ ਮਿਲ ਰਹੀ ਹੈ ਕਿਉਂਕਿ ਇਹ ਕਿਸਾਨਾਂ ਨੂੰ ਸਸ਼ਕਤ ਬਣਾਉਂਦੀ ਹੈ ਅਤੇ ਉਨ੍ਹਾਂ ਨੂੰ ਸ਼ਹਿਰੀ ਵਿਕਾਸ ਤੋਂ ਲਾਭ ਪ੍ਰਾਪਤ ਕਰਨ ਦੇ ਯੋਗ ਬਣਾਉਂਦੀ ਹੈ।

ਗਰਗ ਨੇ ਕਿਹਾ 'ਮਨਜਿੰਦਰ ਸਿਰਸਾ ਅਕਾਲੀ-ਭਾਜਪਾ ਸ਼ਾਸਨ ਦੌਰਾਨ ਪੰਜਾਬ ਦੇ ਅਤੀਤ ਅਤੇ ਭਾਜਪਾ ਸ਼ਾਸਨ ਅਧੀਨ ਦਿੱਲੀ ਦੇ ਵਰਤਮਾਨ ਵਿੱਚ ਵਾਪਰੀਆਂ ਸਾਰੀਆਂ ਗ਼ਲਤੀਆਂ ਦਾ ਰੂਪ ਹਨ। ਉਨ੍ਹਾਂ ਨੂੰ ਲੁਧਿਆਣਾ ਵਿੱਚ ਰੌਲਾ ਪਾਉਣ ਤੋਂ ਪਹਿਲਾਂ ਪੰਜਾਬ ਦੀਆਂ ਨਸ਼ਿਆਂ ਅਤੇ ਗੈਂਗਸਟਰਵਾਦ ਦੀਆਂ ਸਮੱਸਿਆਵਾਂ ਅਤੇ ਦਿੱਲੀ ਵਿੱਚ ਭਾਜਪਾ ਦੀਆਂ ਅਸਫ਼ਲਤਾਵਾਂ ਵਿੱਚ ਆਪਣੀ ਭੂਮਿਕਾ ਦਾ ਜਵਾਬ ਦੇਣਾ ਚਾਹੀਦਾ ਹੈ।'

# ਅੰਦਰੂਨੀ ਕਲੇਸ਼ ਅਤੇ ਗੁੱਟਬਾਜ਼ੀ ਤੋਂ ਤੰਗ ਆ ਕੇ ਕਾਂਗਰਸ ਛੱਡ 'ਆਪ' 'ਚ ਵਾਪਸ ਆਏ ਕੌਂਸਲਰ ਸਨੀ ਮਾਸਟਰ



ਲੁਧਿਆਣਾ, 7 ਜੂਨ (ਅੰਮ੍ਰਿਤਪਾਲ ਸਿੰਘ) : ਲੁਧਿਆਣਾ ਪੱਛਮੀ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਵੱਡੀ ਸਫਲਤਾ ਮਿਲੀ ਹੈ। ਵਾਰਡ ਨੰਬਰ 58 ਤੋਂ ਕੌਂਸਲਰ ਸਤਨਾਮ ਸਿੰਘ ਸੰਨੀ ਮਾਸਟਰ, ਜੋ ਕੁਝ ਦਿਨ ਪਹਿਲਾਂ 'ਆਪ' ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਸਨ, ਸ਼ਨੀਵਾਰ ਨੂੰ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਮੁੜ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ, ਮਰਹੂਮ ਵਿਧਾਇਕ ਗੁਰਪ੍ਰੀਤ ਗੋਗੀ ਦੇ ਭਤੀਜੇ ਪਰਮਵੀਰ ਸਿੰਘ ਰੌਣੀ ਵੀ ਪਾਰਟੀ ਵਿੱਚ ਵਾਪਸ ਰੋਣੀ ਹੋ ਗਏ।

'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਪਾਰਟੀ ਆਗੂ ਡਾ. ਸੰਨੀ ਆਹਲੂਵਾਲੀਆ ਅਤੇ ਵਿਧਾਇਕ ਇੰਦਰਬੀਰ ਸਿੰਘ ਨਿੱਝਰ ਦੀ ਮੌਜੂਦਗੀ ਵਿੱਚ ਸੰਨੀ ਮਾਸਟਰ ਅਤੇ ਰੌਣੀ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਦੁਬਾਰਾ ਸ਼ਾਮਲ ਕਰਾਇਆ ਅਤੇ ਉਨ੍ਹਾਂ ਦੀ ਘਰ ਵਾਪਸੀ ਕਰਾਈ।

ਪਾਰਟੀ ਵਿੱਚ ਵਾਪਸੀ ਤੋਂ ਬਾਅਦ, ਸੰਨੀ ਮਾਸਟਰ ਨੇ ਕਿਹਾ, 'ਮੈਂ ਕਾਂਗਰਸ ਵਿੱਚ ਖ਼ੁਸ਼ ਨਹੀਂ ਸੀ। ਉੱਥੇ ਸਿਰਫ਼ ਅੰਦਰੂਨੀ ਲੜਾਈ ਅਤੇ ਧੜੇਬੰਦੀ ਹੈ। ਆਮ ਲੋਕਾਂ ਦਾ ਕੋਈ ਸਤਿਕਾਰ ਨਹੀਂ ਹੈ। ਉੱਥੇ ਜਾਣ ਤੋਂ ਬਾਅਦ, ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ, ਫਿਰ ਮੈਂ ਅੱਜ ਵਾਪਸ ਆਉਣ ਦਾ ਫ਼ੈਸਲਾ ਕੀਤਾ। ਮੈਂ ਸਾਡੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਪੂਰੀ ਲੀਡਰਸ਼ਿਪ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਦੁਬਾਰਾ ਪਾਰਟੀ ਵਿੱਚ ਸ਼ਾਮਲ ਕੀਤਾ।'

ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਕਿਹਾ ਕਿ ਕਾਂਗਰਸ ਅਤੇ ਭਾਜਪਾ ਵਿੱਚ ਆਮ ਲੋਕਾਂ ਲਈ ਕੋਈ ਜਗ੍ਹਾ ਨਹੀਂ ਹੈ। ਆਮ ਆਦਮੀ ਪਾਰਟੀ ਆਮ ਲੋਕਾਂ ਦੀ ਅਸਲੀ ਪਾਰਟੀ ਹੈ। ਇਹ ਪਾਰਟੀ ਆਮ ਘਰਾਂ ਦੇ ਲੋਕਾਂ ਨੂੰ ਵਿਧਾਇਕ ਅਤੇ ਮੰਤਰੀ ਬਣਨ ਦਾ ਮੌਕਾ ਦਿੰਦੀ ਹੈ। ਰਵਾਇਤੀ ਪਾਰਟੀਆਂ ਵਿੱਚ ਇਹ ਕਦੇ ਵੀ ਸੰਭਵ ਨਹੀਂ ਹੁੰਦਾ।

ਪਾਰਟੀ ਦੀ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ' ਸਰਕਾਰ ਨੇ ਪੰਜਾਬ ਦੇ ਆਮ ਲੋਕਾਂ ਅਤੇ ਗ਼ਰੀਬਾਂ ਲਈ ਇਤਿਹਾਸਕ ਕੰਮ ਕੀਤੇ ਹਨ। ਮਾਨ ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫ਼ਤ ਬਿਜਲੀ, ਮੁਫ਼ਤ ਸਿੱਖਿਆ ਅਤੇ ਡਾਕਟਰੀ ਇਲਾਜ ਦਾ ਲਾਭ ਜ਼ਿਆਦਾਤਰ ਗ਼ਰੀਬ ਲੋਕਾਂ ਨੂੰ ਮਿਲ ਰਿਹਾ ਹੈ। ਜਦੋਂ ਕਿ ਕਾਂਗਰਸੀ ਆਗੂਆਂ ਦਾ ਆਮ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਹਰ ਰੋਜ਼ ਕੁਰਸੀ ਲਈ ਆਪਸ ਵਿੱਚ ਲੜਦੇ ਹਨ। ਸਿਰਫ਼ ਆਮ ਆਦਮੀ ਪਾਰਟੀ ਹੀ ਗ਼ਰੀਬਾਂ ਦਾ ਭਲਾ ਕਰ ਸਕਦੀ ਹੈ।

## ਸੀ.ਈ.ਟੀ. ਪ੍ਰੀਖਿਆ ਨਿਯਮਾਂ 'ਤੇ ਸਰਕਾਰ

ਦਾਇਰ ਕੀਤੀ ਗਈ ਹੈ, ਜਿਸ ਨੇ ਦਾਅਵਾ ਕੀਤਾ ਹੈ ਕਿ ਉਸਨੂੰ ਸਿਰਫ 33 ਦਿਨਾਂ ਤੋਂ ਘੱਟ ਉਮਰ ਦੇ ਹੋਣ ਕਾਰਨ ਪ੍ਰੀਖਿਆ ਵਿੱਚ ਬੈਠਣ ਦੇ ਅਧਿਕਾਰ ਤੋਂ ਵਾਂਝਾ ਕੀਤਾ ਗਿਆ ਹੈ, ਭਾਵੇਂ ਕਿ ਉਹ ਸਾਰੇ ਲੋੜੀਂਦੇ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦਾ ਹੈ। ਪ੍ਰਭਜੀਤ ਸਿੰਘ ਵੱਲੋਂ ਅਦਾਲਤ ਨੂੰ ਦੱਸਿਆ ਗਿਆ ਕਿ ਪਟੀਸ਼ਨਕਰਤਾ ਨੇ ਸਾਲ 2023 ਵਿੱਚ 10ਵੀਂ ਜਮਾਤ ਦੀ ਪ੍ਰੀਖਿਆ ਅਤੇ ਸਾਲ 2025 ਵਿੱਚ 12ਵੀਂ ਜਮਾਤ ਦੀ ਪ੍ਰੀਖਿਆ ਪਾਸ ਕੀਤੀ ਹੈ, ਜਿਸ ਕਾਰਨ ਉਹ ਸੀਈਟੀ ਪ੍ਰੀਖਿਆ ਲਈ ਲੋੜੀਂਦੀ ਵਿਦਿਅਕ ਯੋਗਤਾ (10 ਪਲੱਸ 2) ਪੂਰੀ ਕਰਦਾ ਹੈ। ਇਸ ਦੇ ਬਾਵਜੂਦ, ਹਰਿਆਣਾ ਸਰਕਾਰ ਨੇ 31 ਦਸੰਬਰ 2024 ਨੂੰ ਸੀਈਟੀ ਲਈ ਜਾਰੀ ਕੀਤੀ ਨੀਤੀ ਅਤੇ 26 ਮਈ, 2025 ਦੀ ਨੋਟੀਫਿਕੇਸ਼ਨ ਵਿੱਚ ਇਹ ਸ਼ਰਤ ਰੱਖੀ ਹੈ ਕਿ ਜਿਸ ਬਿਨੈਕਾਰ ਦੀ ਉਮਰ ਨਿਰਧਾਰਤ ਘੱਟੋ-ਘੱਟ ਸੀਮਾ (18 ਸਾਲ) ਤੋਂ ਘੱਟ ਹੈ, ਉਸ ਨੂੰ ਅਰਜ਼ੀ ਦੇਣ ਲਈ ਅਯੋਗ ਮੰਨਿਆ ਜਾਵੇਗਾ। ਪਟੀਸ਼ਨਕਰਤਾ ਵੱਲੋਂ ਕਿਹਾ ਗਿਆ ਸੀ ਕਿ ਹਰਿਆਣਾ ਸਿਵਲ ਸੇਵਾਵਾਂ ਨਿਯਮ 2016 (ਸੋਧ 2023) ਦੇ ਅਨੁਸਾਰ, ਕਿਸੇ ਵੀ ਸਰਕਾਰੀ ਸੇਵਾ ਵਿੱਚ ਦਾਖਲੇ ਲਈ ਘੱਟੋ-ਘੱਟ ਉਮਰ ਸੀਮਾ 18 ਸਾਲ ਅਤੇ ਵੱਧ ਤੋਂ ਵੱਧ 42 ਸਾਲ ਰੱਖੀ ਗਈ ਹੈ। ਪਰ ਕਿਉਂਕਿ ਸੀ.ਈ.ਟੀ. ਸਿਰਫ਼ ਇੱਕ ਯੋਗਤਾ ਪ੍ਰੀਖਿਆ ਹੈ ਅਤੇ ਚੋਣ ਪ੍ਰਕਿਰਿਆ (ਮੁੱਖ ਪ੍ਰੀਖਿਆ ਅਤੇ ਨਿਯੁਕਤੀ) ਜੁਲਾਈ, 2025 ਤੋਂ ਬਾਅਦ ਹੀ ਹੋਣ ਦੀ ਸੰਭਾਵਨਾ ਹੈ, ਇਸ ਲਈ ਪਟੀਸ਼ਨਕਰਤਾ ਨੂੰ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਉਹ ਨਿਯੁਕਤੀ ਤੋਂ ਪਹਿਲਾਂ 18 ਸਾਲ ਦਾ ਹੋ ਜਾਵੇਗਾ। ਪਟੀਸ਼ਨਕਰਤਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਪ੍ਰਭਜੀਤ ਦੀ ਉਮਰ ਅਰਜ਼ੀ ਦੀ ਆਖਰੀ ਮਿਤੀ, 12 ਜੂਨ, 2025 ਨੂੰ 17 ਸਾਲ 10 ਮਹੀਨੇ ਅਤੇ 20 ਦਿਨ ਸੀ ਯਾਨੀ ਉਹ ਸਿਰਫ਼ 33 ਦਿਨ ਘੱਟ ਹੈ। ਅਜਿਹੀ ਸਥਿਤੀ ਵਿੱਚ, ਸਿਰਫ਼ ਉਮਰ ਦੀ ਤਕਨੀਕੀ ਘਾਟ ਦੇ ਆਧਾਰ 'ਤੇ ਉਸਨੂੰ ਪ੍ਰੀਖਿਆ ਵਿੱਚ ਬੈਠਣ ਤੋਂ ਰੋਕਣਾ ਜਾਇਜ਼ ਨਹੀਂ ਹੈ। ਪਟੀਸ਼ਨ 'ਤੇ ਮੁੱਢਲੀ ਸੁਣਵਾਈ ਕਰਦੇ ਹੋਏ, ਜਸਟਿਸ ਸੁਦੀਪਤੀ ਸ਼ਰਮਾ ਨੇ ਹਰਿਆਣਾ ਸਰਕਾਰ ਅਤੇ ਸਟਾਫ ਸਿਲੈਕਸ਼ਨ ਕਮਿਸ਼ਨ ਨੂੰ 9 ਜੂਨ ਲਈ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਜਵਾਬ ਮੰਗਿਆ ਹੈ।

## ਮੋਦੀ ਨੂੰ ਜੀ-7 ਸੰਮੇਲਨ 'ਚ ਬੁਲਾਏ ਜਾਣ

ਖਾਸ ਗੱਲ ਇਹ ਹੈ ਕਿ ਕੈਨੇਡਾ ਸਥਿਤ ਕੱਟੜਪੰਥੀ ਸਮੂਹ ਵਿਰੋਧ ਪ੍ਰਦਰਸ਼ਨ ਦੌਰਾਨ ਭਾਰਤੀ ਨੇਤਾ ਦੇ ਕਤਲ ਲਈ ਨਾਅਰੇ ਲਗਾ ਰਹੇ ਸਨ, ਪਰ ਉੱਥੇ ਮੌਜੂਦ ਕੈਨੇਡੀਅਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੌਰਾਨ ਭਾਰਤ ਦੁਆਰਾ ਪਾਬੰਦੀਸ਼ੁਦਾ ਐਸ.ਐਫ.ਜੇ ਸੰਗਠਨ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਪੀ.ਐਮ ਮੋਦੀ ਦੇ ਜੀ-7 ਸੰਮੇਲਨ ਦੇ ਦੌਰੇ ਦੌਰਾਨ ਵਿਰੋਧ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ। ਅੱਤਵਾਦੀ ਪੰਨੂ ਨੇ ਪੀ.ਐਮ. ਮੋਦੀ ਦੇ ਕੈਨੇਡਾ ਵਿੱਚ ਉਤਰਨ ਤੋਂ ਲੈ ਕੇ ਟੇਕਆਫ ਤੱਕ 48 ਘੰਟੇ ਦੇ ਵਿਰੋਧ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ) ਨੇ ਵੀ ਮੋਦੀ ਨੂੰ ਸੱਦਾ ਦੇਣ ਦੇ ਵਿਰੋਧ ਦਾ ਸਮਰਥਨ ਕੀਤਾ ਹੈ। ਐਨ.ਡੀ.ਪੀ ਨੇ ਇਸ ਫੈਸਲੇ ਨੂੰ ਸਿੱਖ ਭਾਈਚਾਰੇ ਲਈ ਬਹੁਤ ਪਰੇਸ਼ਾਨ ਕਰਨ ਵਾਲਾ ਦੱਸਿਆ ਹੈ। ਐਨ.ਡੀ.ਪੀ ਦਾ ਖਾਲਿਸਤਾਨੀਆਂ ਦਾ ਸਮਰਥਨ ਕਰਨ ਦਾ ਇਤਿਹਾਸ ਰਿਹਾ ਹੈ।

# ਪਹਿਲੇ ਸਫ਼ੇ ਦੀ ਬਾਕੀ

## ਸ੍ਰੀ ਹੇਮਕੁੰਟ ਸਾਹਿਬ ਵਿਖੇ ਹੁਣ ਤੱਕ

ਬਰਫ਼ਬਾਰੀ ਦਾ ਸਿਲਸਿਲਾ ਜਾਰੀ ਹੈ। ਉਥੇ ਹੀ, ਬਰਫ਼ਬਾਰੀ ਵਿਚਕਾਰ ਸ਼ਰਧਾਲੂ ਲੰਗਰ ਵਿਚ ਪ੍ਰਸ਼ਾਦਾ ਛਕਣ ਤੋਂ ਬਾਅਦ ਵਾਪਸ ਘਾਂਘਰੀਆ ਨੂੰ ਰਵਾਨਾ ਹੋ ਰਹੇ ਹਨ। ਸੁਰੱਖਿਆ ਲਈ ਤਾਇਨਾਤ ਐੱਸ.ਡੀ.ਆਰ.ਐੱਫ. ਦੀ ਟੀਮ ਵੀ ਸ੍ਰੀ ਹੇਮਕੁੰਟ ਸਾਹਿਬ ਵਿਚ ਸਪੀਕਰ ਜ਼ਰੀਏ ਸਾਰੇ ਸ਼ਰਧਾਲੂਆਂ ਨੂੰ ਅਪੀਲ ਕਰਦੀ ਨਜ਼ਰ ਆ ਰਹੀ ਹੈ ਕਿ ਧਾਮ ਵਿਚ ਮੌਸਮ ਵਿਗੜ ਰਿਹਾ ਹੈ, ਲਿਹਾਜ਼ਾ ਜਲਦ ਵਾਪਸ ਗੋਵਿੰਦ ਧਾਮ ਘਾਂਘਰੀਆ ਵੱਲ ਰਵਾਨਾ ਹੋਣ। ਪਾਠਕਾਂ ਨੂੰ ਦੱਸ ਦੇਈਏ ਕਿ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਖੁੱਲ੍ਹਣ ਤੋਂ ਬਾਅਦ ਹੁਣ ਤਕ ਲੱਗਭਗ 40 ਹਜ਼ਾਰ ਤੋਂ ਵੱਧ ਸ਼ਰਧਾਲੂਆਂ ਨੇ ਇਸ ਅਲੌਕਿਕ ਅਤੇ ਮਨਮੋਹਣੇ ਸਥਾਨ 'ਤੇ ਸਥਾਪਤ ਇਸ ਗੁਰਦੁਆਰੇ ਦੇ ਦਰਸ਼ਨ ਕੀਤੇ ਹਨ।

## ਪੰਜਾਬ ਵਿੱਚ ਕੋਰੋਨਾ ਨਾਲ ਹੋਈ ਦੂਜੀ

21 ਸਾਲ ਦੀ ਲੜਕੀ ਉੱਤਰ ਪ੍ਰਦੇਸ਼ ਤੋਂ ਮੋਹਾਲੀ ਆਪਣੇ ਰਿਸ਼ਤੇਦਾਰ ਦੇ ਇੱਥੇ ਮਿਲਣ ਆਈ ਹੋਈ ਸੀ। ਦੂਜਾ ਨੌਜਵਾਨ ਮੋਹਾਲੀ ਦਾ ਹੀ ਰਹਿਣ ਵਾਲਾ ਹੈ। ਸਿਹਤ ਵਿਭਾਗ ਨੇ ਐਡਵਾਇਜ਼ਰੀ ਜਾਰੀ ਕੀਤੀ ਹੈ। ਇਸ ਤਹਿਤ ਮਾਸਕ ਪਾਉਣ, ਸੈਨੇਟਾਈਜ਼ਰ ਇਸਤੇਮਾਲ ਕਰਨ ਅਤੇ ਇਨਫੈਕਸ਼ਨ ਤੋਂ ਬਚਾਅ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

## ਦੇਸ਼ 'ਚ ਕੋਰੋਨਾ ਕੇਸਾਂ ਦੀ ਗਿਣਤੀ

ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਕੇਰਲ 'ਚ ਸਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ। ਦੇਸ਼ ਦੇ 9 ਸੂਬਿਆਂ 'ਚ ਕੋਰੋਨਾ ਸਰਗਰਮ ਮਾਮਲਿਆਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਜਿਨ੍ਹਾਂ 'ਚੋਂ ਕੇਰਲ, ਦਿੱਲੀ, ਗੁਜਰਾਤ, ਕਰਨਾਟਕ, ਮਹਾਰਾਸ਼ਟਰ ਅਤੇ ਪੱਛਮੀ ਬੰਗਾਲ 'ਚ ਵੀ ਮਾਮਲਿਆਂ 'ਚ ਮਹੱਤਵਪੂਰਨ ਵਾਧਾ ਦੇਖਿਆ ਗਿਆ ਹੈ। ਪਿਛਲੇ 24 ਘੰਟਿਆਂ 'ਚ ਕੇਰਲ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਤਾਮਿਲਨਾਡੂ 'ਚ ਕੋਰੋਨਾ ਦੀ ਲਾਗ ਕਾਰਨ ਇਕ-ਇਕ ਮਰੀਜ਼ ਦੀ ਮੌਤ ਹੋ ਗਈ ਹੈ। ਸਿਹਤ ਮੰਤਰਾਲਾ ਨੇ ਲੋਕਾਂ ਨੂੰ ਕੋਰੋਨਾ ਪ੍ਰੋਟੋਕੋਲ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ ਅਤੇ ਕਿਹਾ ਹੈ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਨੇ ਲੋਕਾਂ ਨੂੰ ਭੀੜ ਵਾਲੇ ਇਲਾਕਿਆਂ 'ਚ ਜਾਣ ਤੋਂ ਬਚਣ ਅਤੇ ਮਾਸਕ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ। ਸਥਾਨਕ ਪ੍ਰਸ਼ਾਸਨ ਨੂੰ ਹਰ ਤਰ੍ਹਾਂ ਦੀ ਸਿਹਤ ਸੰਭਾਲ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਗਏ ਸਨ। ਦੇਸ਼ ਦੇ ਕੁੱਲ ਸਰਗਰਮ ਮਾਮਲਿਆਂ 'ਚੋਂ ਕੇਰਲ 'ਚ ਸਭ ਤੋਂ ਵੱਧ 1806 ਅਤੇ ਦਿੱਲੀ 'ਚ 665 ਮਾਮਲੇ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ, ਗੁਜਰਾਤ 'ਚ 717, ਪੱਛਮੀ ਬੰਗਾਲ 'ਚ 622, ਮਹਾਰਾਸ਼ਟਰ 'ਚ 577, ਕਰਨਾਟਕ 'ਚ 444, ਤਾਮਿਲਨਾਡੂ 'ਚ 194, ਉੱਤਰ ਪ੍ਰਦੇਸ਼ 'ਚ 208, ਰਾਜਸਥਾਨ 'ਚ 108, ਹਰਿਆਣਾ 'ਚ 87, ਆਂਧਰਾ ਪ੍ਰਦੇਸ਼ 'ਚ 72, ਪੁਡੂਚੇਰੀ 'ਚ 13, ਸਿੱਕਮ 'ਚ 16, ਮੱਧ ਪ੍ਰਦੇਸ਼ 'ਚ 32, ਝਾਰਖੰਡ 'ਚ 7, ਛੱਤੀਸਗੜ੍ਹ 'ਚ 41, ਬਿਹਾਰ 'ਚ 44, ਓਡੀਸ਼ਾ 'ਚ 29, ਜੰਮੂ ਅਤੇ ਕਸ਼ਮੀਰ 'ਚ 8, ਪੰਜਾਬ 'ਚ 26, ਆਸਾਮ 'ਚ 8, ਗੋਆ 'ਚ 9, ਤੇਲੰਗਾਨਾ 'ਚ 9, ਉਤਰਾਖੰਡ 'ਚ 7, ਚੰਡੀਗੜ੍ਹ 'ਚ 2, ਹਿਮਾਚਲ ਪ੍ਰਦੇਸ਼ 'ਚ ਤਿੰਨ ਅਤੇ ਤ੍ਰਿਪੁਰਾ 'ਚ ਇਕ ਮਾਮਲਾ ਸਾਹਮਣੇ ਆਇਆ ਹੈ। ਮਿਜ਼ੋਰਮ ਅਤੇ ਅਰੁਣਾਚਲ ਪ੍ਰਦੇਸ਼ 'ਚ ਕੋਰੋਨਾ ਇਨਫੈਕਸ਼ਨ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ।

## ਪੱਛਮੀ ਗੜਬੜੀ ਕਾਰਨ ਤੇਜ਼ ਹਵਾਵਾਂ

ਪੱਛਮੀ ਗੜਬੜੀ ਸਰਗਰਮ ਹੋ ਰਹੀ ਹੈ, ਜਿਸ ਦੇ ਚੱਲਦਿਆਂ ਕੁਝ ਇਲਾਕਿਆਂ ਵਿਚ ਤਾਪਮਾਨ ਘਟੇਗਾ ਯਾਨੀ ਗਰਮੀ ਤੋਂ ਰਾਹਤ ਮਿਲੇਗੀ ਪਰ ਮੈਦਾਨੀ ਇਲਾਕਿਆਂ ਵਿਚ ਕੋਈ ਰਾਹਤ ਨਹੀਂ ਮਿਲੇਗੀ। ਹਿਮਾਚਲ ਵਿਚ 5 ਡਿਗਰੀ ਤੱਕ ਤਾਪਮਾਨ ਵਧ ਸਕਦਾ ਹੈ ਤੇ ਜ਼ਿਆਦਾ ਉਚਾਈ ਵਾਲੇ ਇਲਾਕਿਆਂ ਵਿਚ ਵੀ ਹਲਕਾ ਮੀਂਹ ਪੈ ਸਕਦਾ ਹੈ।

## ਹੁਣ ਇੱਕ ਅੱਤਵਾਦੀ,

ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਹੁਣ ਅੱਤਵਾਦ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰੇਗਾ। ਉਹਨਾਂ ਨੇ ਸਾਫ਼ ਤੌਰ 'ਤੇ ਕਹਿ ਦਿੱਤਾ ਹੈ ਕਿ ਅੱਤਵਾਦ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ। ਭਵਿੱਖ ਵਿਚ ਪਾਕਿਸਤਾਨ ਨਾਲ ਹੋਣ ਵਾਲੀ ਗੱਲਬਾਤ ਦਾ ਕੇਂਦਰ ਅੱਤਵਾਦ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਹੋਣਗੇ। ਉਹਨਾਂ ਨੇ ਪਾਕਿਸਤਾਨ ਨੂੰ ਇਹ ਵੀ ਕਿਹਾ ਹੈ ਕਿ ਜੇਕਰ ਉਹ ਸੱਚਮੁੱਚ ਅੱਤਵਾਦ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਤੁਰੰਤ ਵੱਡੇ ਅੱਤਵਾਦੀ ਭਾਰਤ ਦੇ ਹਵਾਲੇ ਕਰਨੇ ਪੈਣਗੇ।

**ਅੱਤਵਾਦ ਦੇ ਖ਼ਿਲਾਫ਼ ਪੰਜ-ਨੁਕਾਤੀ ਰਣਨੀਤੀ ਦਾ ਸੱਦਾ**

ਰੱਖਿਆ ਮੰਤਰੀ ਨੇ ਵਿਸ਼ਵ ਭਾਈਚਾਰੇ ਨੂੰ ਅੱਤਵਾਦ ਵਿਰੁੱਧ ਇਕੱਠੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਪੰਜ ਮੁੱਖ ਨੁਕਤਿਆਂ 'ਤੇ ਜ਼ੋਰ ਦਿੱਤਾ:

➢ ਅੱਤਵਾਦ ਦੀ ਇੱਕ ਵਿਆਪਕ ਪਰਿਭਾਸ਼ਾ ਤੈਅ ਕੀਤੀ ਜਾਵੇ ਤਾਂਕਿ ਸਾਰੇ ਦੇਸ਼ਾਂ ਲਈ ਅੱਤਵਾਦ ਨੂੰ ਇੱਕਸਾਰ ਪਰਿਭਾਸ਼ਿਤ ਕੀਤਾ ਜਾ ਸਕੇ।

➢ ਅੱਤਵਾਦ ਅਤੇ ਇਸਦੇ ਫੰਡਿੰਗ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ। ਨਾਲ ਹੀ ਅੱਤਵਾਦ ਨੂੰ ਸਪਾਂਸਰ ਕਰਨ ਵਾਲੇ ਦੇਸ਼ਾਂ ਨੂੰ ਵੀ ਅੰਤਰਰਾਸ਼ਟਰੀ ਪੱਧਰ 'ਤੇ ਜਵਾਬਦੇਹ ਬਣਾਇਆ ਜਾਵੇ।

➢ ਪਾਕਿਸਤਾਨ ਦੇ ਪ੍ਰਮਾਣੂ ਹਥਿਆਰਾਂ 'ਤੇ ਅੰਤਰਰਾਸ਼ਟਰੀ ਨਿਗਰਾਨੀ ਲਾਗੂ ਕੀਤੀ ਜਾਵੇ, ਕਿਉਂਕਿ ਅੱਤਵਾਦੀਆਂ ਨੂੰ ਇੱਥੇ ਰਾਜ ਦਾ ਸਨਮਾਨ ਮਿਲਦਾ ਹੈ।

➢ ਪ੍ਰੌਕਸੀ ਯੁੱਧ ਨੂੰ ਰੋਕਣ ਲਈ ਅੱਤਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਦੇਸ਼ਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਪਰਦਾਫਾਸ਼ ਕੀਤਾ ਜਾਵੇ।

➢ ਆਧੁਨਿਕ ਤਕਨਾਲੋਜੀ ਜਿਵੇਂ ਏਆਈ, ਡਰੋਨ ਅਤੇ ਬਾਇਓਟੈਕਨਾਲੋਜੀ ਦੇ ਇਸਤੇਮਾਲ ਨੂੰ ਕੰਟਰੋਲ ਕਰਨ ਲਈ ਵਿਸ਼ਵਵਿਆਪੀ ਸਹਿਯੋਗ ਜ਼ਰੂਰੀ ਹੈ।

## ਕੇਦਾਰਨਾਥ 'ਚ ਹੈਲੀਕਾਪਟਰ ਵਿੱਚ

ਲੋਕਾਂ ਅਤੇ ਸ਼ਰਧਾਲੂਆਂ ਵਿੱਚ ਹੜਕੰਪ ਮਚ ਗਿਆ। ਪਰ ਜਲਦੀ ਹੀ ਇਹ ਸਪੱਸ਼ਟ ਹੋ ਗਿਆ ਕਿ ਕੋਈ ਵੀ ਯਾਤਰੀ ਜ਼ਖਮੀ ਨਹੀਂ ਹੋਇਆ ਹੈ। ਹੈਲੀਕਾਪਟਰ ਵਿੱਚ ਕੁੱਲ ਸੱਤ ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਪਾਇਲਟ ਸਮੇਤ ਛੇ ਯਾਤਰੀ ਸ਼ਾਮਲ ਸਨ। ਸਾਰਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਹਾਦਸੇ ਦੀ ਸੂਚਨਾ ਮਿਲਦੇ ਹੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਹਵਾਈ ਸੁਰੱਖਿਆ ਨਾਲ ਸਬੰਧਤ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਹੈਲੀਕਾਪਟਰ ਦੀ ਜਾਂਚ ਕਰਨ ਅਤੇ ਤਕਨੀਕੀ ਖਰਾਬੀ ਦਾ ਕਾਰਨ ਪਤਾ ਲਗਾਉਣ ਲਈ ਹੈਲੀਪੈਡ ਤੋਂ ਤਕਨੀਕੀ ਮਾਹਿਰਾਂ ਦੀ ਇੱਕ ਟੀਮ ਨੂੰ ਬੁਲਾਇਆ ਗਿਆ। ਫਿਲਹਾਲ ਹੈਲੀਕਾਪਟਰ ਨੂੰ ਉਡਾਣ ਲਈ ਅਯੋਗ ਘੋਸ਼ਿਤ ਕਰ ਦਿੱਤਾ ਗਿਆ ਹੈ ਅਤੇ ਇਸਨੂੰ ਸੜਕ ਤੋਂ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਹੈਲੀਕਾਪਟਰ ਵਿੱਚ ਸਵਾਰ ਇੱਕ ਯਾਤਰੀ ਨੇ ਮੀਡੀਆ ਨੂੰ ਦੱਸਿਆ, 'ਜਿਵੇਂ ਹੀ ਅਸੀਂ ਉਡਾਣ ਭਰੀ, ਹੈਲੀਕਾਪਟਰ ਵਿੱਚ ਕੁਝ ਅਜੀਬ ਆਵਾਜ਼ਾਂ ਆਉਣ ਲੱਗੀਆਂ। ਪਾਇਲਟ ਨੇ ਬਹੁਤ ਸਬਰ ਅਤੇ ਸਮਝਦਾਰੀ ਨਾਲ ਹੈਲੀਕਾਪਟਰ ਨੂੰ ਹੇਠਾਂ ਉਤਾਰਿਆ। ਅਸੀਂ ਸਾਰੇ ਬਹੁਤ ਡਰੇ ਹੋਏ ਸੀ ਪਰ ਪਰਮਾਤਮਾ ਦਾ ਸ਼ੁਕਰ ਹੈ ਕਿ ਸਾਰੇ ਸੁਰੱਖਿਅਤ ਹਨ।' ਕੰਪਨੀ ਨੇ ਅਧਿਕਾਰਤ ਜਾਣਕਾਰੀ ਦਿੱਤੀ। ਕ੍ਰਿਸਟਲ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਇਸ ਘਟਨਾ ਵਿੱਚ ਕੋਈ ਵੀ ਜ਼ਖਮੀ ਨਹੀਂ ਹੋਇਆ ਅਤੇ ਪਾਇਲਟ ਨੇ ਨਿਰਧਾਰਤ ਮਾਪਦੰਡਾਂ ਅਨੁਸਾਰ ਐਮਰਜੈਂਸੀ ਲੈਂਡਿੰਗ ਕੀਤੀ। ਕੰਪਨੀ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਡੀਜੀਸੀਏ (ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ) ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੇਦਾਰਨਾਥ ਯਾਤਰਾ ਦੌਰਾਨ ਹੈਲੀਕਾਪਟਰ ਸੇਵਾ ਵਿੱਚ ਤਕਨੀਕੀ ਨੁਕਸ ਪਾਇਆ ਗਿਆ ਹੈ। ਪਿਛਲੇ ਕੁਝ ਸਾਲਾਂ ਵਿੱਚ, ਮੌਸਮ, ਤਕਨੀਕੀ ਨੁਕਸ ਅਤੇ ਕਈ ਵਾਰ ਮਨੁੱਖੀ ਗਲਤੀ ਕਾਰਨ, ਹੈਲੀਕਾਪਟਰ ਉਡਾਣਾਂ ਵਿੱਚ ਵਿਘਨ ਪਿਆ ਹੈ ਜਾਂ ਐਮਰਜੈਂਸੀ ਸਥਿਤੀ ਵਿੱਚ ਉਤਾਰਨਾ ਪਿਆ ਹੈ। ਇਹੀ ਕਾਰਨ ਹੈ ਕਿ ਹੁਣ ਸੁਰੱਖਿਆ ਪ੍ਰਣਾਲੀ ਅਤੇ ਹੈਲੀਕਾਪਟਰ ਸੇਵਾਵਾਂ ਦੀ ਤਕਨੀਕੀ ਨਿਗਰਾਨੀ ਬਾਰੇ ਸਵਾਲ ਉੱਠ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਨੇ ਤੁਰੰਤ ਇਸ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਜ਼ਿਲ੍ਹਾ ਮੈਜਿਸਟ੍ਰੇਟ ਰੁਦਰਪ੍ਰਯਾਗ ਨੇ ਕਿਹਾ ਕਿ ਯਾਤਰੀਆਂ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਦੁਹਰਾਉਣ ਤੋਂ ਰੋਕਣ ਲਈ ਸਾਰੀਆਂ ਹੈਲੀ ਸੇਵਾ ਕੰਪਨੀਆਂ ਨੂੰ ਅਲਰਟ ਜਾਰੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਗਲੀ ਕਾਰਵਾਈ ਡੀਜੀਸੀਏ ਦੀ ਰਿਪੋਰਟ ਦੇ ਆਧਾਰ 'ਤੇ ਤੈਅ ਕੀਤੀ ਜਾਵੇਗੀ। ਦੁਰਘਟਨਾ ਤੋਂ ਬਾਅਦ ਯਾਤਰਾ ਕੁਝ ਸਮੇਂ ਲਈ ਰੋਕ ਦਿੱਤੀ ਗਈ ਸੀ, ਪਰ ਜਲਦੀ ਹੀ ਯਾਤਰੀਆਂ ਨੂੰ ਹੋਰ ਹੈਲੀਕਾਪਟਰ ਸੇਵਾਵਾਂ ਰਾਹੀਂ ਮੰਜ਼ਿਲ 'ਤੇ ਭੇਜ ਦਿੱਤਾ ਗਿਆ। ਹਾਲਾਂਕਿ, ਕੁਝ ਯਾਤਰੀਆਂ ਨੇ ਘਟਨਾ ਤੋਂ ਬਾਅਦ ਹੈਲੀਕਾਪਟਰ ਯਾਤਰਾ ਤੋਂ ਬਚਣ ਦੀ ਇੱਛਾ ਪ੍ਰਗਟ ਕੀਤੀ ਅਤੇ ਪੈਦਲ ਦਰਸ਼ਨ ਲਈ ਰਵਾਨਾ ਹੋ ਗਏ। ਕੇਦਾਰਨਾਥ ਯਾਤਰਾ ਰੂਟ 'ਤੇ ਇਹ ਹੈਲੀਕਾਪਟਰ ਹਾਦਸਾ ਇੱਕ ਵੱਡਾ ਸੰਕਟ ਬਣ ਸਕਦਾ ਸੀ, ਪਰ ਪਾਇਲਟ ਦੀ ਜਲਦੀ ਅਤੇ ਸਮਝਦਾਰੀ ਨੇ ਇਸ ਨੂੰ ਟਾਲ ਦਿੱਤਾ। ਇਸ ਘਟਨਾ ਨੇ ਇੱਕ ਵਾਰ ਫਿਰ ਹੈਲੀਕਾਪਟਰ ਸੇਵਾਵਾਂ ਦੇ ਸੁਰੱਖਿਆ ਮਾਪਦੰਡਾਂ 'ਤੇ ਸਵਾਲ ਖੜ੍ਹੇ ਕੀਤੇ ਹਨ ਅਤੇ ਹਰ ਉਡਾਣ ਤੋਂ ਪਹਿਲਾਂ ਸਾਰੇ ਤਕਨੀਕੀ ਪਹਿਲੂਆਂ ਦੀ ਚੰਗੀ ਤਰ੍ਹਾਂ ਜਾਂਚ ਕਰਨ ਦੀ ਲੋੜ ਹੈ।

## ਛੱਤੀਸਗੜ੍ਹ 'ਚ ਮੁਕਾਬਲੇ ਦੌਰਾਨ

ਉਰਫ ਗੌਤਮ ਦੀ ਲਾਸ਼ ਬਰਾਮਦ ਕਰ ਲਈ ਸੀ। ਇਸ ਤੋਂ ਬਾਅਦ 6 ਜੂਨ ਨੂੰ ਤੇਲੰਗਾਨਾ ਰਾਜ ਕਮੇਟੀ ਦੇ ਮੈਂਬਰ ਭਾਸਕਰ ਦੀ ਲਾਸ਼ ਬਰਾਮਦ ਕਰ ਲਈ। ਸੁਧਾਕਰ 'ਤੇ 40 ਲੱਖ ਰੁਪਏ ਅਤੇ ਭਾਸਕਰ 'ਤੇ 45 ਲੱਖ ਰੁਪਏ ਦਾ ਇਨਾਮ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਸ਼ੁੱਕਰਵਾਰ ਅਤੇ ਸ਼ਨੀਵਾਰ ਦੀ ਦਰਮਿਆਨੀ ਰਾਤ ਨੂੰ ਹੋਏ ਮੁਕਾਬਲਿਆਂ ਦੌਰਾਨ ਤਿੰਨ ਹੋਰ ਮਾਓਵਾਦੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ।

ਅੱਜ ਦੋ ਹੋਰ ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਵੱਲੋਂ ਬਰਾਮਦ ਕੀਤੀਆਂ ਗਈਆਂ ਪੰਜ ਅਣਪਛਾਤੀਆਂ ਨਕਸਲੀਆਂ ਦੀਆਂ ਲਾਸ਼ਾਂ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਸੁਰੱਖਿਆ ਬਲਾਂ ਨੇ ਮੌਕੇ ਤੋਂ ਹਥਿਆਰਾਂ ਅਤੇ ਗੋਲਾ-ਬਾਰੂਦ ਦਾ ਇੱਕ ਵੱਡਾ ਜ਼ਖ਼ੀਰਾ ਜ਼ਬਤ ਕੀਤਾ ਹੈ, ਜਿਸ ਵਿੱਚ ਦੋ ਏਕੇ-47 ਰਾਈਫਲਾਂ ਵੀ ਸ਼ਾਮਲ ਹਨ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਕਾਰਵਾਈ ਦੌਰਾਨ ਕੁਝ ਸੁਰੱਖਿਆ ਕਰਮਚਾਰੀ ਸੱਪ ਦੇ ਡੰਗ, ਮਧੂ-ਮੱਖੀ ਦੇ ਡੰਗ, ਡੀਹਾਈਡਰੇਸ਼ਨ ਅਤੇ ਹੋਰ ਕਾਰਵਾਈ ਨਾਲ ਸਬੰਧਤ ਸੱਟਾਂ ਕਾਰਨ ਜ਼ਖ਼ਮੀ ਹੋਏ ਹਨ। ਉਨ੍ਹਾਂ ਨੂੰ ਜ਼ਰੂਰੀ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸਾਰਿਆਂ ਦੀ ਹਾਲਤ ਆਮ ਹੈ ਅਤੇ ਉਹ ਖ਼ਤਰੇ ਤੋਂ ਬਾਹਰ ਹਨ। ਅਧਿਕਾਰੀਆਂ ਨੇ ਕਿਹਾ ਕਿ ਇਸ ਸਬੰਧੀ ਵਿਸਥਾਰਤ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਸੁਰੱਖਿਆ ਬਲਾਂ ਨੇ ਬਸਤਰ ਖੇਤਰ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ ਉਰਫ਼ ਬਸਵਾਰਾਜੂ (70) ਨੂੰ ਮਾਰ ਦਿੱਤਾ ਸੀ। ਬਸਵਾਰਾਜੂ 21 ਮਈ ਨੂੰ ਨਾਰਾਇਣਪੁਰ-ਬੀਜਾਪੁਰ ਜ਼ਿਲ੍ਹੇ ਦੀ ਸਰਹੱਦ 'ਤੇ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਸੀ।

## ਪੇਟਾ ਦੀਆਂ ਸ਼ਿਕਾਇਤਾਂ 'ਤੇ ਪੰਜਾਬ 'ਚ ਗ਼ੈਰ-ਕਾਨੂੰਨੀ

ਉਨ੍ਹਾਂ ਨੂੰ ਕੋਈ ਜਾਣਕਾਰੀ ਮਿਲਦੀ ਹੈ ਕਿ ਕਬੂਤਰਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਰੱਖਿਆ ਜਾ ਰਿਹਾ ਹੈ ਤਾਂ ਕਾਰਵਾਈ ਕੀਤੀ ਜਾਵੇਗੀ। ਦਸੰਬਰ, 2020 ਵਿੱਚ ਪੇਟਾ ਵੱਲੋਂ ਰਾਜ ਦੇ ਮੁੱਖ ਸਕੱਤਰ ਨੂੰ ਭੇਜੇ ਗਏ ਇੱਕ ਪੱਤਰ ਵਿੱਚ, ਭਾਰਤੀ ਪਸ਼ੂ ਭਲਾਈ ਬੋਰਡ ਨੇ ਸਪੱਸ਼ਟ ਕੀਤਾ ਸੀ ਕਿ ਜਾਨਵਰਾਂ ਦੀ ਬੇਰਹਿਮੀ ਰੋਕਥਾਮ ਐਕਟ, 1960 ਦੇ ਤਹਿਤ ਕਬੂਤਰ ਦੌੜ ਸਮੇਤ ਸਾਰੀਆਂ ਜਾਨਵਰਾਂ ਦੀਆਂ ਦੌੜਾਂ ਦੀ ਮਨਾਹੀ ਹੈ ਅਤੇ ਅਜਿਹੇ ਸਮਾਗਮਾਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ ਗਿਆ ਹੈ। ਪਰ ਇਸ ਦੇ ਬਾਵਜੂਦ, ਅਜਿਹੇ ਮੁਕਾਬਲੇ ਕਰਵਾਏ ਜਾ ਰਹੇ ਹਨ। ਪੇਟਾ ਵੱਲੋਂ ਰਾਜ ਸਰਕਾਰ ਨੂੰ ਲਿਖੇ ਪੱਤਰ ਵਿੱਚ ਇਹ ਵੀ ਚੇਤਾਵਨੀ ਦਿੱਤੀ ਗਈ ਸੀ ਕਿ ਅਜਿਹੇ ਸਮਾਗਮਾਂ ਦਾ ਆਯੋਜਨ ਅਦਾਲਤ ਦੀ ਉਲੰਘਣਾ ਦੇ ਦਾਇਰੇ ਵਿੱਚ ਆਉਂਦਾ ਹੈ ਅਤੇ ਕਾਨੂੰਨ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਸੇ ਵੀ ਤਰ੍ਹਾਂ ਦੀ ਇਜਾਜ਼ਤ ਜਾਂ ਨਿਰਦੇਸ਼ ਤੁਰੰਤ ਰੱਦ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਅਜਿਹੀਆਂ ਘਟਨਾਵਾਂ ਭਾਰਤੀ ਨਿਆਂ ਕੋਡ, 2023 ਅਤੇ ਪੀਸੀਏ ਐਕਟ, 1960 ਦੇ ਕਈ ਉਪਬੰਧਾਂ ਦੀ ਉਲੰਘਣਾ ਕਰਦੀਆਂ ਹਨ ਜੋ ਜਾਨਵਰਾਂ 'ਤੇ ਬੇਲੋੜੀ ਤਕਲੀਫ਼ ਨੂੰ ਵਰਜਦੀਆਂ ਹਨ। ਸ਼ਿਕਾਇਤ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਜਾਨਵਰਾਂ ਨੂੰ ਇੱਕ ਦੂਜੇ ਨਾਲ ਲੜਨ ਲਈ ਉਕਸਾਉਣਾ ਇੱਕ ਸਜ਼ਾਯੋਗ ਅਪਰਾਧ ਹੈ। 'ਕਬੂਤਰ ਮਨੁੱਖਾਂ ਵਾਂਗ ਹੀ ਦਰਦ ਅਤੇ ਡਰ ਮਹਿਸੂਸ ਕਰਦੇ ਹਨ, ਅਤੇ ਉਹ ਫੜੇ ਨਹੀਂ ਜਾਣਾ ਚਾਹੁੰਦੇ, ਪਿੰਜਰੇ ਵਿੱਚ ਨਹੀਂ ਰੱਖਣਾ ਚਾਹੁੰਦੇ ਜਾਂ ਲੋਕਾਂ ਦੇ ਖੇਡਾਂ ਵਿੱਚ ਨਹੀਂ ਵਰਤਿਆ ਜਾਣਾ ਚਾਹੁੰਦੇ,' ਪੇਟਾ ਦੇ ਕਰੂਰਤਾ ਪ੍ਰਤੀਕਿਰਿਆ ਨਿਰਦੇਸ਼ਕ ਮੀਟ ਆਸ਼ਰ ਨੇ ਕਿਹਾ। ਏ.ਡੀ.ਜੀ.ਪੀ. ਏਐਸ ਰਾਏ ਦੇ ਸਹਿਯੋਗ ਨਾਲ, ਅਜਿਹੇ ਪ੍ਰਬੰਧਕਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਵਿਰੁੱਧ ਸਜ਼ਾਯੋਗ ਕਾਰਵਾਈ ਕੀਤੀ ਜਾ ਰਹੀ ਹੈ।

## ਮਹਾਰਾਸ਼ਟਰ ਦੀਆਂ ਅਸੈਂਬਲੀ ਚੋਣਾਂ

ਸ਼ਾਮਲ ਹੈ। ਗਾਂਧੀ ਨੇ ਕਿਹਾ, ''ਪਹਿਲਾ ਕਦਮ: ਚੋਣ ਕਮਿਸ਼ਨ ਦੀ ਨਿਯੁਕਤੀ ਵਾਲੀ ਕਮੇਟੀ 'ਚ ਹੇਰਾਫੇਰੀ, ਦੂਜਾ ਕਦਮ: ਚੋਣ ਸੂਚੀਆਂ ਵਿਚ ਫ਼ਰਜ਼ੀ ਵੋਟਰ ਸ਼ਾਮਲ ਕਰਨਾ, ਤੀਜਾ ਕਦਮ: ਵੋਟਰਾਂ ਦੀ ਗਿਣਤੀ ਵਧਾਉਣਾ, ਚੌਥਾ ਕਦਮ: ਭਾਜਪਾ ਨੂੰ ਜਿੱਥੇ ਜਿੱਤਣ ਦੀ ਲੋੜ ਹੈ ਉਥੇ ਫ਼ਰਜ਼ੀ ਵੋਟਿੰਗ ਨੂੰ ਨਿਸ਼ਾਨਾ ਬਣਾਉਣਾ, ਪੰਜਵਾਂ ਕਦਮ: ਸਬੂਤ ਲੁਕਾਉਣਾ।'

ਗਾਂਧੀ ਨੇ ਧੋਖਾਧੜੀ ਨੂੰ 'ਮੈਚ ਫਿਕਸਿੰਗ' ਕਰਾਰ ਦਿੱਤਾ। ਰਾਏਬਰੇਲੀ ਤੋਂ ਸੰਸਦ ਮੈਂਬਰ ਨੇ ਕਿਹਾ, ''ਇਹ ਸਮਝਣਾ ਔਖਾ ਨਹੀਂ ਹੈ ਕਿ ਭਾਜਪਾ ਮਹਾਰਾਸ਼ਟਰ ਵਿੱਚ ਇੰਨੀ ਬੇਚੈਨ ਕਿਉਂ ਸੀ। ਪਰ ਹੇਰਾਫੇਰੀ/ਤਿਗਮੜਬਾਜ਼ੀ ਮੈਚ ਫਿਕਸਿੰਗ ਵਾਂਗ ਹੈ- ਧੋਖਾਧੜੀ ਕਰਨ ਵਾਲੀ ਧਿਰ ਖੇਡ ਜਿੱਤ ਸਕਦੀ ਹੈ ਪਰ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਏਗੀ ਅਤੇ ਚੋਣ ਨਤੀਜਿਆਂ ਵਿੱਚ ਲੋਕਾਂ ਦੇ ਭਰੋਸੇ ਨੂੰ ਢਾਹ ਲਾਏਗੀ। ਸਾਰੇ ਸਬੰਧਤ ਭਾਰਤੀਆਂ ਨੂੰ ਸਬੂਤ ਦੇਖਣੇ ਚਾਹੀਦੇ ਹਨ। ਖੁਦ ਫ਼ੈਸਲਾ ਕਰੋ। ਜਵਾਬ ਮੰਗੋ।'' ਗਾਂਧੀ ਨੇ ਚੇਤਾਵਨੀ ਦਿੱਤੀ ਕਿ ਮਹਾਰਾਸ਼ਟਰ ਦੀ 'ਮੈਚ ਫਿਕਸਿੰਗ' ਅੱਗੇ ਬਿਹਾਰ (ਜਿੱਥੇ ਇਸ ਸਾਲ ਦੇ ਅੰਤ ਵਿੱਚ ਚੋਣਾਂ ਹੋਣੀਆਂ ਹਨ) ਅਤੇ ਉਨ੍ਹਾਂ ਥਾਵਾਂ 'ਤੇ ਨਜ਼ਰ ਆਏਗੀ ਜਿੱਥੇ ਭਾਜਪਾ ਚੋਣਾਂ ਹਾਰ ਰਹੀ ਹੈ। ''ਮੈਚ-ਫਿਕਸਿੰਗ ਵਾਲੀਆਂ ਚੋਣਾਂ ਕਿਸੇ ਵੀ ਜਮਹੂਰੀਅਤ ਲਈ ਜ਼ਹਿਰ ਹਨ।''

## ਗੁਰੂਗ੍ਰਾਮ ਬੰਬ ਹਮਲੇ ਸਬੰਧੀ ਗੋਲਡੀ ਬਰਾੜ ਸਣੇ 5 ਖ਼ਿਲਾਫ਼

ਅਮਰੀਕਾ ਸਥਿਤ ਰਣਦੀਪ ਸਿੰਘ ਉਰਫ਼ ਰਣਦੀਪ ਮਲਿਕ ਨੂੰ ਨਾਮਜ਼ਦ ਕੀਤਾ ਹੈ।

ਉਨ੍ਹਾਂ ਕਿਹਾ ਕਿ ਬਰਾੜ ਅਤੇ ਮਲਿਕ ਨੂੰ ਛੱਡ ਕੇ, ਬਾਕੀ ਸਾਰਿਆਂ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਐਨਆਈਏ ਨੇ ਮੁਲਜ਼ਮਾਂ ਨੂੰ ਹਰਿਆਣਾ ਦੇ ਗੁਰੂਗ੍ਰਾਮ ਦੇ ਸੈਕਟਰ 29 ਵਿੱਚ ਵੇਅਰਹਾਊਸ ਕਲੱਬ ਅਤੇ ਹਿਊਮਨ ਕਲੱਬ ਨੂੰ ਬੰਬਾਂ ਨਾਲ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਵਿੱਚ ਸ਼ਾਮਲ ਪਾਇਆ ਸੀ।

## ਸੋਨੀਆ ਗਾਂਧੀ ਨੂੰ ਅਚਾਨਕ ਸਿਹਤ

ਸੀਨੀਅਰ ਡਾਕਟਰਾਂ ਦੀ ਨਿਗਰਾਨੀ ਹੇਠ ਉਨ੍ਹਾਂ ਦੀ ਜਾਂਚ ਕੀਤੀ ਗਈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਸੋਨੀਆ ਗਾਂਧੀ ਦੀ ਸਿਹਤ ਕਈ ਵਾਰ ਵਿਗੜੀ ਹੈ ਅਤੇ ਉਨ੍ਹਾਂ ਨੂੰ ਕਈ ਸਿਹਤ ਕਾਰਨਾਂ ਕਰਕੇ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ ਹੈ। ਸੋਨੀਆ ਗਾਂਧੀ ਲੰਬੇ ਸਮੇਂ ਤੋਂ ਸਾਹ ਦੀਆਂ ਸਮੱਸਿਆਵਾਂ ਅਤੇ ਕੋਵਿਡ ਤੋਂ ਬਾਅਦ ਦੀਆਂ ਪੇਚੀਦਗੀਆਂ ਤੋਂ ਪੀੜਤ ਹੈ। ਉਨ੍ਹਾਂ ਨੂੰ ਸਾਲ 2022 ਵਿੱਚ ਸਾਹ ਲੈਣ ਵਿੱਚ ਮੁਸ਼ਕਲ ਅਤੇ ਵਾਇਰਲ ਬੁਖਾਰ ਕਾਰਨ ਦਿੱਲੀ ਦੇ ਸਰ ਗੰਗਾਰਾਮ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇਸ ਤੋਂ ਬਾਅਦ, ਉਨ੍ਹਾਂ ਨੂੰ ਜੂਨ, 2022 ਵਿੱਚ ਕੋਰੋਨਾ ਹੋ ਗਿਆ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਦਾਖਲ ਕਰਵਾਉਣਾ ਪਿਆ। ਸਤੰਬਰ, 2022 ਵਿੱਚ ਵੀ ਉਨ੍ਹਾਂ ਨੂੰ ਸਿਹਤ ਕਾਰਨਾਂ ਕਰਕੇ ਦਿੱਲੀ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।

## ਅਪਰਾਧੀਆਂ ਦੀ ਪੀੜਤਾਂ ਨਾਲ

ਦੋਹਰੇ ਯੋਗਦਾਨ ਸਮਝੌਤੇ ਨੂੰ ਮੀਲ ਪੱਥਰ ਦੱਸਿਆ। ਮੰਨਿਆ ਜਾਂਦਾ ਹੈ ਕਿ ਭਾਰਤੀ ਪੱਖ ਨੇ ਪਾਕਿਸਤਾਨ ਵਿੱਚ ਵਧ ਰਹੇ ਅੱਤਵਾਦ ਦਾ ਮੁੱਦਾ ਉਠਾਇਆ। ਬ੍ਰਿਟੇਨ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਸੀ ਜੋ ਪਿਛਲੇ ਮਹੀਨੇ ਫੌਜੀ ਟਕਰਾਅ ਦੌਰਾਨ ਤਣਾਅ ਘਟਾਉਣ ਦੀ ਕੋਸ਼ਿਸ਼ ਵਿੱਚ ਭਾਰਤ ਅਤੇ ਪਾਕਿਸਤਾਨ ਦੋਵਾਂ ਦੇ ਸੰਪਰਕ ਵਿੱਚ ਸਨ। ਲੈਮੀ 16 ਮਈ ਨੂੰ ਇਸਲਾਮਾਬਾਦ ਦੇ ਦੋ ਦਿਨਾਂ ਦੌਰੇ 'ਤੇ ਵੀ ਗਏ ਸਨ, ਜਿਸ ਦੌਰਾਨ ਉਨ੍ਹਾਂ ਨੇ 10 ਮਈ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਨੂੰ ਰੋਕਣ ਲਈ ਹੋਏ ਸਮਝੌਤੇ ਦਾ ਸਵਾਗਤ ਕੀਤਾ।

## ਈਦ-ਉਲ-ਅਜ਼ਹਾ ਦੀ ਨਮਾਜ਼

ਵੀਡੀਓਜ਼ ਵੀ ਨਾ ਬਣਾਈਆਂ ਜਾਣ, ਖੁੱਲ੍ਹੀਆਂ ਥਾਵਾਂ 'ਤੇ ਕੁਰਬਾਨੀ ਨਾ ਦਿੱਤੀ ਜਾਵੇ ਅਤੇ ਅਜਿਹਾ ਕੁਝ ਵੀ ਨਾ ਕੀਤਾ ਜਾਵੇ ਜਿਸ ਨਾਲ ਕਿਸੇ ਖਾਸ ਧਰਮ ਦੇ ਲੋਕਾਂ ਨੂੰ ਦੁੱਖ ਹੋਵੇ। ਪੁਲਿਸ ਸੁਪਰਡੈਂਟ ਪਲਾਸ਼ ਬਾਂਸਲ ਨੇ ਕਿਹਾ ਕਿ ਨਮਾਜ਼ ਦੌਰਾਨ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਜਾਗਰੂਕ ਲੋਕਾਂ ਨਾਲ ਸੰਪਰਕ ਕੀਤਾ ਗਿਆ ਅਤੇ ਅਪੀਲ ਕੀਤੀ ਗਈ ਕਿ ਇਹ ਤਿਉਹਾਰ ਸ਼ਾਂਤੀਪੂਰਨ ਅਤੇ ਸਦਭਾਵਨਾਪੂਰਨ ਢੰਗ ਨਾਲ ਮਨਾਇਆ ਜਾਵੇ। ਸੋਸ਼ਲ ਮੀਡੀਆ 'ਤੇ ਅਫਵਾਹਾਂ ਅਤੇ ਗੁੰਮਰਾਹਕੁੰਨ ਖ਼ਬਰਾਂ 'ਤੇ ਲਗਾਤਾਰ ਨਜ਼ਰ ਰੱਖੀ ਗਈ ਅਤੇ ਡਰੋਨ ਕੈਮਰਿਆਂ ਦੀ ਵੀ ਵਰਤੋਂ ਕੀਤੀ ਗਈ।

# ਪਾਕਿਸਤਾਨ ਨੂੰ ਝਟਕਾ: ਭਾਰਤ ਦੀ ਅਗਵਾਈ ਹੇਠ ਹੋਵੇਗਾ ਅਗਲਾ ਬ੍ਰਿਕਸ ਸੰਮੇਲਨ

ਨਵੀਂ ਦਿੱਲੀ, 7 ਜੂਨ (ਚ.ਨ.ਸ.) : ਲੋਕ ਸਭਾ ਸਪੀਕਰ ਓਮ ਬਿਰਲਾ ਨੇ ਬ੍ਰਾਸੀਲੀਆ ਵਿੱਚ 11ਵੇਂ ਬ੍ਰਿਕਸ ਸੰਸਦੀ ਫੋਰਮ ਦੇ ਸਮਾਪਨ 'ਤੇ ਐਲਾਨ ਕੀਤਾ ਕਿ ਭਾਰਤ 2026 ਵਿੱਚ ਅਗਲੇ ਬ੍ਰਿਕਸ ਸੰਸਦੀ ਫੋਰਮ ਦੀ ਮੇਜ਼ਬਾਨੀ ਕਰੇਗਾ, ਜਿੱਥੇ ਮੈਂਬਰ ਦੇਸ਼ਾਂ ਨੇ ਇੱਕ ਸਾਂਝੇ ਐਲਾਨਨਾਮੇ ਵਿੱਚ, 22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਅੱਤਵਾਦ ਵਿਰੁੱਧ ਜ਼ੀਰੋ-ਸਹਿਣਸ਼ੀਲਤਾ ਨੀਤੀ ਦੇ ਨਾਲ 'ਸਮੂਹਿਕ ਤੌਰ 'ਤੇ ਵਿਸ਼ਵਵਿਆਪੀ ਪਹੁੰਚ ਅਪਣਾਉਣ ਦਾ ਸੱਦਾ ਦਿੱਤਾ। ਸਾਂਝੇ ਬਿਆਨ ਨੂੰ ਪਾਕਿਸਤਾਨ ਲਈ ਇੱਕ ਵੱਡੇ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਚੀਨ, ਜੋ ਕਿ ਪਾਕਿਸਤਾਨ ਦਾ ਹਰ ਸਮੇਂ ਦਾ ਦੋਸਤ ਹੈ, ਵੀ ਇਸ ਸਮੂਹ ਦਾ ਹਿੱਸਾ ਹੈ ਅਤੇ ਉਸ ਨੇ 22 ਅਪ੍ਰੈਲ ਨੂੰ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦੇਣ ਵਾਲੇ ਪਾਕਿਸਤਾਨ-ਪ੍ਰਯੋਜਿਤ ਅੱਤਵਾਦੀ ਹਮਲੇ ਦੀ ਬਰਾਬਰ ਨਿੰਦਾ ਕੀਤੀ ਹੈ। ਲੋਕ ਸਭਾ ਸਪੀਕਰ ਨੇ ਆਪਣੇ ਬਿਆਨ ਦੌਰਾਨ, ਬ੍ਰਿਕਸ ਦੇਸ਼ਾਂ ਦੀ ਹੋਰ ਮੁੱਖ ਮੁੱਦਿਆਂ ਜਿਵੇਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ, ਆਰਥਿਕ ਸਹਿਯੋਗ ਅਤੇ ਸੰਸਦੀ ਸਹਿਯੋਗ 'ਤੇ ਇਕੱਠੇ ਕੰਮ ਕਰਨ ਦੀ ਵਚਨਬੱਧਤਾ ਨੂੰ ਵੀ ਉਜਾਗਰ ਕੀਤਾ। ਬਿਰਲਾ ਨੇ ਬ੍ਰਾਜ਼ੀਲ ਦੀ ਸੰਸਦ, ਸਰਕਾਰ ਅਤੇ ਲੋਕਾਂ ਦਾ ਸੰਮੇਲਨ ਦੀ ਮੇਜ਼ਬਾਨੀ ਲਈ ਧੰਨਵਾਦ ਕੀਤਾ ਅਤੇ ਕਿਹਾ, 'ਭਾਰਤ ਵਿੱਚ ਸੰਮੇਲਨ ਲਈ ਏਜੰਡਾ ਤੈਅ ਕੀਤਾ ਜਾਵੇਗਾ, ਅਤੇ ਭਾਰਤ ਇਸ ਸਮਾਗਮ ਦੀ ਸਫਲ ਅਤੇ ਲਾਭਕਾਰੀ ਮੇਜ਼ਬਾਨੀ ਨੂੰ ਯਕੀਨੀ ਬਣਾਏਗਾ।' ਮੈਂ 11ਵੇਂ ਬ੍ਰਿਕਸ ਸੰਸਦੀ ਫੋਰਮ ਦੀ ਸਫਲ ਮੇਜ਼ਬਾਨੀ ਲਈ ਬ੍ਰਾਜ਼ੀਲ ਦੀ ਸੰਸਦ, ਸਰਕਾਰ ਅਤੇ ਲੋਕਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ। ਬ੍ਰਿਕਸ ਦੇਸ਼ਾਂ ਨੇ ਸਰਬਸੰਮਤੀ ਨਾਲ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ ਅਤੇ ਅੱਤਵਾਦ ਵਿਰੁੱਧ ਸਮੂਹਿਕ ਜ਼ੀਰੋ-ਟੌਲਰੈਂਸ ਨੀਤੀ ਦੀ ਪੁਸ਼ਟੀ ਕੀਤੀ। 'ਇਸ ਅੰਤਿਮ ਐਲਾਨਨਾਮੇ ਵਿੱਚ, ਬ੍ਰਿਕਸ ਦੇਸ਼ ਇਸ ਗੱਲ 'ਤੇ ਸਹਿਮਤ ਹੋਏ ਕਿ ਸਾਨੂੰ ਸਮੂਹਿਕ ਤੌਰ 'ਤੇ ਅੱਤਵਾਦ ਨਾਲ ਲੜਨਾ ਚਾਹੀਦਾ ਹੈ। ਉਨ੍ਹਾਂ ਨੇ 22 ਅਪ੍ਰੈਲ ਨੂੰ ਪਹਿਲਗਾਮ, ਕਸ਼ਮੀਰ, ਭਾਰਤ ਵਿੱਚ ਵਾਪਰੀ ਅੱਤਵਾਦੀ ਘਟਨਾ ਦੀ ਨਿੰਦਾ ਕੀਤੀ ਅਤੇ ਸਾਂਝੇ ਯਤਨਾਂ ਰਾਹੀਂ ਅੱਤਵਾਦ ਵਿਰੁੱਧ ਜ਼ੀਰੋ-ਟੌਲਰੈਂਸ ਨੀਤੀ ਅਪਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਨੇ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਅੱਤਵਾਦ ਪ੍ਰਤੀ ਜ਼ੀਰੋ-ਟੌਲਰੈਂਸ ਨੀਤੀ ਅਪਣਾਉਣ ਦਾ ਸੱਦਾ ਵੀ ਦਿੱਤਾ ਹੈ,' ਬਿਰਲਾ ਨੇ ਆਪਣੇ ਬਿਆਨ ਵਿੱਚ ਅੱਗੇ ਕਿਹਾ। ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਬਾਰੇ, ਬਿਰਲਾ ਨੇ ਕਿਹਾ, 'ਇਸ ਗੱਲ 'ਤੇ ਸਹਿਮਤੀ ਹੋਈ ਕਿ ਏਆਈ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ, ਅਤੇ ਇਹ ਅਸਲ ਵਿੱਚ ਜ਼ਰੂਰੀ ਹੈ। ਪਰ ਇਸਦੀ ਵਰਤੋਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਵੀ ਹੋਣੀ ਚਾਹੀਦੀ ਹੈ।'

ਵਿਚਾਰ-ਵਟਾਂਦਰੇ ਆਰਥਿਕ ਸਮਾਵੇਸ਼ ਅਤੇ ਬ੍ਰਿਕਸ ਦੇਸ਼ਾਂ ਵਿੱਚ ਵਪਾਰ ਅਤੇ ਸਹਿਯੋਗ ਨੂੰ ਵਧਾਉਣ ਦੇ ਤਰੀਕਿਆਂ 'ਤੇ ਵੀ ਕੇਂਦ੍ਰਿਤ ਸਨ। ਬਿਰਲਾ ਨੇ ਵਿਸ਼ਵ ਪੱਧਰ 'ਤੇ ਕਾਨੂੰਨ ਦੇ ਸ਼ਾਸਨ, ਵਿਸ਼ਵ ਸਹਿਯੋਗ ਅਤੇ ਸੰਵਾਦ ਲਈ ਭਾਰਤ ਦੇ ਸਮਰਥਨ ਦੀ ਪੁਸ਼ਟੀ ਕੀਤੀ। ਉਨ੍ਹਾਂ ਨੇ ਸਾਰੇ ਬ੍ਰਿਕਸ ਦੇਸ਼ਾਂ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਸਾਂਝੇ ਯਤਨਾਂ, ਸੰਸਦੀ ਆਦਾਨ-ਪ੍ਰਦਾਨ ਅਤੇ ਵਧੀਆ ਅਭਿਆਸਾਂ ਨੂੰ ਸਾਂਝਾ ਕਰਕੇ, ਨਾਗਰਿਕਾਂ ਦੇ ਜੀਵਨ ਵਿੱਚ ਅਰਥਪੂਰਨ ਬਦਲਾਅ ਲਿਆਂਦੇ ਜਾ ਸਕਦੇ ਹਨ।

# ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲ ਲਿੰਕ ਪ੍ਰਾਜੈਕਟ ਲਗਭਗ 28 ਸਾਲਾਂ ਬਾਅਦ ਪੂਰੀ ਤਰ੍ਹਾਂ ਹੋਇਆ ਚਾਲੂ



ਕਟੜਾ, 7 ਜੂਨ (ਚ.ਨ.ਸ.) : ਊਧਮਪੁਰ-ਸ਼੍ਰੀਨਗਰ-ਬਾਰਾਮੂਲਾ ਰੇਲ ਲਿੰਕ (ਯੂ.ਐੱਸ.ਬੀ.ਆਰ.ਐੱਲ.) ਪ੍ਰਾਜੈਕਟ ਦੀ ਸ਼ੁਰੂਆਤ 1997 'ਚ ਹੋਈ ਸੀ ਅਤੇ 272 ਕਿਲੋਮੀਟਰ ਲੰਬੀ ਇਸ ਪ੍ਰਾਜੈਕਟ ਨੂੰ ਪੂਰੀ ਤਰ੍ਹਾਂ ਚਾਲੂ ਹੋਣ 'ਚ ਲਗਭਗ 28 ਸਾਲ ਲੱਗ ਗਏ। ਜੰਮੂ ਅਤੇ ਊਧਮਪੁਰ ਵਿਚਾਲੇ ਇਸ ਦਾ ਪਹਿਲਾ 55 ਕਿਲੋਮੀਟਰ ਲੰਬਾ ਸੈਕਸ਼ਨ ਅਪ੍ਰੈਲ, 2005 'ਚ ਪੂਰਾ ਹੋਇਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਿਨਾਬ ਨਦੀ 'ਤੇ ਬਣੇ ਦੁਨੀਆ ਦੇ ਸਭ ਤੋਂ ਉੱਚੇ ਰੇਲਵੇ ਪੁਲ ਦਾ ਸ਼ੁੱਕਰਵਾਰ ਨੂੰ ਉਦਘਾਟਨ ਕੀਤਾ। ਇਹ ਪੁਲ 1,486 ਕਰੋੜ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਇਆ ਹੈ। ਜੰਮੂ-ਊਧਮਪੁਰ ਸੈਕਸ਼ਨ ਦੇ ਖੁੱਲ੍ਹਣ ਤੋਂ ਬਾਅਦ ਉਸ ਸਮੇਂ ਦੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂ.ਏ.ਪੀ.) ਸਰਕਾਰ ਨੇ ਕਸ਼ਮੀਰ ਦੇ ਸੈਕਸ਼ਨਾਂ 'ਤੇ ਧਿਆਨ ਕੇਂਦਰਿਤ ਕੀਤਾ ਅਤੇ ਅਕਤੂਬਰ, 2008 'ਚ 68 ਕਿਲੋਮੀਟਰ ਲੰਬੇ ਅਨੰਤਨਾਗ-ਮਝੋਮ ਰੇਲ ਲਿੰਕ ਨੂੰ ਚਾਲੂ ਕੀਤਾ। ਉੱਤਰੀ ਰੇਲਵੇ ਦੇ ਇਕ ਅਧਿਕਾਰੀ ਨੇ ਕਿਹਾ,''ਇਸ ਤੋਂ ਬਾਅਦ 32 ਕਿਲੋਮੀਟਰ ਲੰਬੇ ਮਜਹੋਮ-ਬਾਰਾਮੂਲਾ ਰੇਲ ਲਿੰਕ ਦਾ ਸੰਚਾਲਨ ਸ਼ੁਰੂ ਹੋਇਆ। ਇਸ ਸੈਕਸ਼ਨ 'ਤੇ ਫਰਵਰੀ, 2009 'ਚ ਟਰੇਨ ਸੇਵਾਵਾਂ ਸ਼ੁਰੂ ਹੋਈਆਂ, ਜਿਸ ਕਾਰਨ 2009 ਤੱਕ ਸਥਾਨਕ ਲੋਕਾਂ ਨੇ ਯੂ.ਐੱਸ.ਬੀ.ਆਰ.ਐੱਲ. ਪ੍ਰਾਜੈਕਟ ਦੇ ਅੰਤਿਮ ਬਿੰਦੂ ਯਾਨੀ ਬਾਰਾਮੂਲਾ ਤੋਂ ਅਨੰਤਨਾਗ ਤੱਕ ਟਰੇਨ ਯਾਤਰਾ ਦਾ ਲਾਭ ਚੁੱਕਿਆ।'' ਉਨ੍ਹਾਂ ਕਿਹਾ,''ਕਿਉਂਕਿ ਹੋਰ ਸੈਕਸ਼ਨਾਂ 'ਤੇ ਵੀ ਕੰਮ ਜਾਰੀ ਸੀ, ਇਸ ਲਈ ਰੇਲਵੇ ਅਕਤੂਬਰ, 2009 ਦੇ ਅੰਤ ਤੱਕ ਅਨੰਤਨਾਗ ਤੋਂ ਜੰਮੂ ਵੱਲ ਕਾਜੀਗੁੰਡ ਤੱਕ ਟਰੇਨ ਸੇਵਾ ਦਾ ਵਿਸਥਾਰ ਕਰਨ 'ਚ ਸਮਰੱਥ ਰਿਹਾ।'' ਰੇਲਵੇ ਨੇ ਇਕ ਮਹੱਤਵਪੂਰਨ ਉਪਲੱਬਧੀ ਹਾਸਲ ਕੀਤੀ, ਜਦੋਂ ਉਸ ਨੇ ਜੂਨ, 2013 'ਚ ਕਾਜੀਗੁੰਡ ਤੋਂ ਬਨਿਹਾਲ ਤੱਕ ਟਰੇਨ ਸੇਵਾਵਾਂ ਦਾ ਵਿਸਥਾਰ ਕੀਤਾ, ਜਿਸ 'ਚ 11.215 ਕਿਲੋਮੀਟਰ ਲੰਬੀ ਪੀਰ ਪੰਜਾਲ ਸੁਰੰਗ ਦਾ ਨਿਰਮਾਣ ਸ਼ਾਮਲ ਸਨ। ਅਧਿਕਾਰੀ ਨੇ ਦੱਸਿਆ,''ਲਗਭਗ ਇਕ ਸਾਲ ਬਾਅਦ ਜੁਲਾਈ, 2014 'ਚ ਜੰਮੂ ਵਲੋਂ ਊਧਮਪੁਰ-ਕਟੜਾ ਲਾਈਨ ਚਾਲੂ ਕੀਤੀ ਗਈ।'' ਰੇਲਵੇ ਦੇ ਇਕ ਸੂਤਰ ਅਨੁਸਾਰ,''ਜਦੋਂ ਮੋਦੀ ਸਰਕਾਰ ਸੱਤਾ 'ਚ ਆਈ ਤਾਂ ਕਸ਼ਮੀਰ ਵੱਲ ਬਾਰਾਮੂਲਾ ਤੋਂ ਬਨਿਹਾਲ ਅਤੇ ਦੂਜੇ ਪਾਸੇ ਕਟੜਾ ਤੋਂ ਜੰਮੂ ਤੱਕ ਰੇਲ ਸੇਵਾਵਾਂ ਚਾਲੂ ਸਨ।'' ਉਨ੍ਹਾਂ ਕਿਹਾ,''ਮੋਦੀ ਸਰਕਾਰ ਨੇ ਬਨਿਹਾਲ ਤੋਂ ਕਟਰਾ ਤੱਕ ਦੀ ਸੰਪਰਕ ਸੇਵਾ 2 ਪੜਾਵਾਂ 'ਚ ਪੂਰੀ ਕੀਤੀ। ਸਭ ਤੋਂ ਪਹਿਲਾਂ ਫਰਵਰੀ 2024 'ਚ ਬਨਿਹਾਲ ਤੋਂ ਸੰਗਲਦਾਨ ਅਤੇ ਫਿਰ 6 ਜੂਨ 2025 ਨੂੰ ਸੰਗਲਦਾਨ ਤੋਂ ਕਟੜਾ ਤੱਕ ਦੀ ਸੰਪਰਕ ਸੇਵਾ ਚਾਲੂ ਕੀਤੀ ਗਈ, ਜਿਸ ਨਾਲ ਇਹ ਕੜੀ ਪੂਰੀ ਹੋ ਗਈ।''

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਆਖਿਰ ਕਿਉਂ ਸਾਲਾਂ ਤੱਕ ਲੁਕੋ ਕੇ ਰੱਖਿਆ ਗਿਆ ਸੰਤਾਂ ਦੀ ਸ਼ਹਾਦਤ ਨੂੰ ?

## 'ਸੰਤ ਭਿੰਡਰਾਂਵਾਲੇ ਕਈ-ਕਈ ਮਹੀਨੇ ਬੰਦ ਕਮਰੇ 'ਚ ਕਰਦੇ ਸੀ ਤਪੱਸਿਆ'

ਚੰਡੀਗੜ੍ਹ, 7 ਜੂਨ (ਚ.ਨ.ਸ): ਸੰਤ ਜਰਨੈਲ ਸਿੰਘ ਭਿੰਡਰਾਂਵਾਲੇ 20ਵੀਂ ਸਦੀ ਦੀ ਮਹਾਨ ਸ਼ਖ਼ਸੀਅਤ ਸਨ। ਜਿਨ੍ਹਾਂ ਦੀ ਜਿਉਂਦੇ ਸਮੇਂ ਬਹੁਤ ਚਰਚਾ ਰਹੀ ਹੈ ਅਤੇ ਸ਼ਹੀਦੀ ਉਪਰੰਤ ਵੀ ਉਨ੍ਹਾਂ ਦੀ ਮੌਤ ਲੰਮਾਂ ਸਮਾਂ ਬੁਝਾਰਤ ਬਣੀ ਰਹੀ। ਉਹ ਨਿਧੱੜਕ ਜਰਨੈਲ ਅਤੇ ਕਹਿਣੀ ਕਥਨੀ ਪੂਰੇ ਸੂਰੇ ਇਨਸਾਨ ਸਨ। ਪਰ ਏਨੇ ਮਹਾਨ ਇਨਸਾਨ ਦੀ ਮੌਤ ਨੂੰ ਆਖਰ ਕਿਉਂ ਦਬਾਇਆ ਗਿਆ। ਇਸਦਾ ਵਿਸ਼ਲੇਸ਼ਣ ਕਰਨਾ ਅਤਿਅੰਤ ਜ਼ਰੂਰੀ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸਾਕਾ ਨੀਲਾ ਤਾਰਾ ਦੌਰਾਨ ਹੋਈ ਸ਼ਹਾਦਤ ਦੀ ਸੂਚਨਾ ਨੂੰ ਉਨ੍ਹਾਂ ਦੇ ਪਰਿਵਾਰ ਅਤੇ ਟਕਸਾਲ ਵੱਲੋਂ ਕਈ ਸਾਲਾਂ ਤੱਕ ਲਗਾਤਾਰ ਕਿਉਂ ਦਬਾਇਆ ਗਿਆ। ਇਸ ਦਾ ਜਵਾਬ ਅੱਜ 41 ਸਾਲ ਬਾਅਦ ਵੀ ਸਪੱਸ਼ਟ ਨਹੀਂ ਹੋ ਸਕਿਆ। ਸਰਕਾਰ ਵੱਲੋਂ ਸੰਤਾਂ ਦੀ ਸ਼ਹੀਦੀ ਸਬੰਧੀ ਖਬਰ 8 ਜੂਨ 1984 ਨੂੰ ਰੇਡੀਓ 'ਤੇ ਦੂਜੇ ਸਰਕਾਰੀ ਮਾਧਿਅਮਾਂ ਰਾਹੀਂ ਜਾਰੀ ਕਰ ਦਿੱਤੀ ਗਈ ਸੀ ਅਤੇ ਪੱਤਰਕਾਰਾਂ ਕੋਲ ਘਟਨਾ ਤੋਂ 2-3 ਮਹੀਨੇ ਬਾਅਦ ਸੰਤਾਂ ਦੇ ਸਰੀਰ ਦੀਆਂ ਤਸਵੀਰਾਂ ਵੀ ਪੁੱਜ ਗਈਆਂ ਸਨ। ਦਿਲਚਸਪ ਗੱਲ ਇਹ ਹੈ ਕਿ ਸੰਤਾਂ ਦੀ ਸ਼ਹੀਦੀ ਤੋਂ ਬਾਅਦ ਜਿਵੇਂ ਉਨ੍ਹਾਂ ਦੇ ਪਿਤਾ ਬਾਬਾ ਜੁਗਿੰਦਰ ਸਿੰਘ ਦਾ ਨਾਮ ਉਜਾਗਰ ਹੋਣਾ ਸ਼ੁਰੂ ਹੋਇਆ ਅਤੇ ਉਨ੍ਹਾਂ ਨੂੰ ਪੰਥਕ ਫਰੰਟ 'ਤੇ ਅੱਗੇ ਲਿਆਉਣ ਦੀ ਮੰਗ ਉਠਣ ਲੱਗੀ ਤਾਂ ਇਸ ਬਾਰੇ ਘੋਖ ਕਰਨੀ ਜ਼ਰੂਰੀ ਹੋ ਗਈ। ਜਦੋਂ ਸੰਤਾਂ ਦੇ ਪਿੰਡ ਜਾ ਕੇ ਪਰਿਵਾਰ ਤੇ ਉਨ੍ਹਾਂ ਦੇ ਪਿਤਾ ਜੀ ਨਾਲ ਮੁਲਾਕਾਤ ਕੀਤੀ, ਕਿਉਂਕਿ ਉਸ ਸਮੇਂ ਉਨ੍ਹਾਂ ਦੇ ਪਿਤਾ ਜੀ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਜਿਵੇਂ ਹੀ ਪਿੰਡ ਰੋਡੇ ਤੋਂ ਬਾਅਦ ਕੋਠੇ ਪੁੱਜਾ ਜਿੱਥੇ ਪਰਿਵਾਰ ਦਾ ਸਾਂਝਾ ਘਰ ਸੀ ਤਾਂ ਸਭ ਤੋਂ ਪਹਿਲਾਂ ਸੰਤਾਂ ਦੇ ਭਰਾ ਹਰਚਰਨ ਸਿੰਘ ਰੋਡੇ ਮਿਲੇ, ਜੋ ਉਸ ਸਮੇਂ ਫੌਜ ਵਿਚ ਸੂਬੇਦਾਰ ਮੇਜਰ ਸਨ ਤੇ ਛੁੱਟੀ 'ਤੇ ਆਏ ਹੋਏ ਸਨ। ਉਨ੍ਹਾਂ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਜਲੰਧਰ ਤੋਂ ਫੌਜ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਸੰਤਾਂ ਦੀ ਪਹਿਚਾਣ ਕਰਨ ਲਈ ਲੈ ਕੇ ਗਈ ਅਤੇ ਰਸਤੇ ਵਿਚ ਅਤੇ ਸ੍ਰੀ ਅੰਮ੍ਰਿਤਸਰ ਕੀ ਮਾਹੌਲ ਸੀ, ਨੂੰ ਬਿਆਨ ਕਰਦਿਆਂ ਉਨ੍ਹਾਂ ਦੱਸਿਆ ਕਿ ਜਿਵੇਂ ਹੀ ਸੰਤਾਂ ਦੇ ਰੱਖੇ ਗਏ ਸਰੀਰ ਨੂੰ ਵੇਖਿਆ ਤੇ ਪਹਿਚਾਣਿਆ ਤਾਂ ਮੈਂ ਉਨ੍ਹਾਂ ਦੀਆਂ ਲੱਤਾਂ 'ਤੇ ਸਿਰ ਰੱਖ ਕੇ ਰੋਣ ਲੱਗ ਪਿਆ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਤੁਸੀਂ ਉਨ੍ਹਾਂ ਦੀ ਚੰਗੀ ਤਰ੍ਹਾਂ ਸ਼ਨਾਖਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਮੈਨੂੰ ਆਪਣੇ ਬਾਈ ਦੀ ਪਹਿਚਾਣ ਕਰਨੀ ਕਿੰਨੀ ਕੁ ਮੁਸ਼ਕਿਲ ਸੀ ? ਪਰ ਬਾਅਦ ਵਿਚ ਹਰਚਰਨ ਸਿੰਘ ਰੋਡੇ ਨੇ ਕਿਹਾ ਕਿ ਤੁਸੀਂ ਇਹ ਜਾਣਕਾਰੀ ਸਾਡੇ ਪਰਿਵਾਰ ਦੇ ਕਿਸੇ ਹੋਰ ਮੈਂਬਰ ਨਾਲ ਸਾਂਝੀ ਨਹੀਂ ਕਰਨੀ ਕਿਉਂਕਿ ਉਨ੍ਹਾਂ ਨੂੰ ਇਸ ਨਾਲ ਵੱਡਾ ਧੱਕਾ ਲੱਗ ਸਕਦਾ ਹੈ। ਉਨ੍ਹਾਂ ਦੇ ਮਾਤਾ ਜੀ ਦੀਆਂ ਅੱਖਾਂ ਖਰਾਬ ਹੋ ਜਾਣ ਕਾਰਨ ਉਨ੍ਹਾਂ ਨੂੰ ਦਿਸਦਾ ਨਹੀਂ ਸੀ, ਪ੍ਰੰਤੂ ਉਨ੍ਹਾਂ ਸੰਤਾਂ ਬਾਰੇ ਕਈ ਕਹਾਣੀ ਸੁਣਾਈ ਤੇ ਦੱਸਿਆ ਕਿ ਕੰਡਿਆਂ ਵਾਲੀਆਂ ਝਾੜੀਆਂ ਲਿਆ ਕੇ ਇੱਕ ਬੰਦ ਕਮਰੇ ਵਿਚ ਕਈ-ਕਈ ਮਹੀਨੇ ਲਗਾਤਾਰ ਤਪੱਸਿਆ ਕਰਦੇ ਰਹੇ, ਪਰ ਉਨ੍ਹਾਂ ਪਰਿਵਾਰ ਵੱਲ ਜਾਂ ਪੈਸੇ ਕਮਾਉਣ ਵੱਲ ਕਦੀ ਕੋਈ ਧਿਆਨ ਨਹੀਂ ਦਿੱਤਾ ਅਤੇ ਹੁਣ ਪਤਾ ਨਹੀਂ ਕਿੱਥੇ ਹਨ। ਮੈਨੂੰ ਤਾਂ ਫਿਕਰ ਵਿਚ ਰਾਤ ਨੂੰ ਨੀਂਦ ਵੀ ਨਹੀਂ ਆਉਂਦੀ। ਇਕ ਦਿਲਚਸਪ ਪਹਿਲੂ ਇਹ ਵੇਖਿਆ ਕਿ ਪਰਿਵਾਰ ਦੇ ਸਾਂਝੇ ਘਰ ਵਿਚ ਜੋ ਦੋ ਕਮਰੇ ਇੱਕ ਪਾਸੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਨ, ਉਨ੍ਹਾਂ ਦਾ ਫਰਸ਼ ਅਤੇ ਛੱਤ ਅਜੇ ਕੱਚੇ ਹੀ ਸਨ, ਜਿਸ ਨੂੰ ਪੋਚਾ ਲੱਗਾ ਹੋਇਆ ਸੀ। ਸੰਤਾਂ ਦੇ ਪਿਤਾ-ਮਾਤਾ ਜੀ ਤੇ ਸੁਪਤਨੀ ਵਿਚੋਂ ਕਿਸੇ ਨੂੰ ਉਨ੍ਹਾਂ ਦਾ ਸ਼ਹੀਦੀ ਦਾ ਪਤਾ ਨਹੀਂ। ਉਨ੍ਹਾਂ ਦਾ ਛੋਟਾ ਬੇਟਾ ਵੀ ਜਿਸ ਦੇ ਸਰੀਰ 'ਤੇ ਇੱਕ ਕਛਹਿਰੇ ਤੋਂ ਬਿਨਾਂ ਕੋਈ ਕੱਪੜਾ ਜਾਂ ਚੱਪਲ ਤੱਕ ਨਹੀਂ ਸੀ, ਬਾਹਰੋਂ ਸਾਈਕਲ ਦਾ ਪੁਰਾਣਾ ਟਾਇਰ ਰੇਹੜਦਾ ਆਇਆ ਤੇ ਉਸ ਨੂੰ ਵੀ ਪਿਤਾ ਦੀ ਸ਼ਹੀਦੀ ਬਾਰੇ ਕੋਈ ਅੰਦਾਜ਼ਾ ਨਹੀਂ ਸੀ। ਸੰਤਾਂ ਦੀ ਸ਼ਹੀਦੀ ਤੋਂ ਬਾਅਦ ਇੱਕ ਖਬਰ ਕਾਫੀ ਉਡੀ ਕਿ ਉਹ ਸ੍ਰੀ ਦਰਬਾਰ ਸਾਹਿਬ ਤੋਂ ਨਿਕਲ ਕੇ ਇੱਕ ਜੀਪ ਰਾਹੀਂ ਅਜਨਾਲਾ ਦੇ ਇੱਕ ਪਿੰਡ ਪੁੱਜੇ ਸਨ ਜਿੱਥੇ ਉਹ ਅੱਗੇ ਪਾਕਿਸਤਾਨ ਚਲੇ ਗਏ। ਇਹ ਅਫਵਾਹ ਕਿਸ ਵੱਲੋਂ ਉਠਾਈ ਗਈ ਸਪੱਸ਼ਟ ਨਹੀਂ ਹੋਈ, ਪਰ ਇਸ ਦੀ ਪੁਸ਼ਟੀ ਕਰਨ ਲਈ ਉਨ੍ਹਾਂ ਦੇ ਸਮਰਥਕ ਤੇ ਪੱਤਰਕਾਰ ਅਜਨਾਲਾ ਦੇ ਉਸੇ ਪਿੰਡ ਤੱਕ ਜ਼ਰੂਰ ਪੁੱਜੇ। ਸੰਤ ਭਿੰਡਰਾਂਵਾਲਿਆਂ ਦੀ ਸ਼ਹੀਦੀ ਦੀ 7 ਜੂਨ 1984 ਨੂੰ ਉਨ੍ਹਾਂ ਦੀ ਅੰਤਿਮ ਅਰਦਾਸ ਲਈ ਅਖੰਡ ਪਾਠ ਸ਼ੁਰੂ ਹੋਣ ਦੀ ਖਬਰ ਵੀ ਆਈ, ਪਰ ਬਾਅਦ ਵਿਚ ਪਤਾ ਲੱਗਾ ਕਿ ਉਸ ਮੌਕੇ ਬਾਬਾ ਠਾਕਰ ਸਿੰਘ ਵੱਲੋਂ ਸੂਚਨਾ ਦਿੱਤੀ ਗਈ ਕਿ ਸੰਤ ਜੀ ਚੜ੍ਹਦੀਕਲਾ ਵਿਚ ਹਨ ਅਤੇ ਇਹ ਅਖੰਡ ਪਾਠ ਉਨ੍ਹਾਂ ਦੀ ਚੜ੍ਹਦੀਕਲਾ ਲਈ ਹੀ ਕੀਤਾ ਜਾਵੇ। ਇਹ ਮੰਨਿਆ ਜਾ ਸਕਦਾ ਹੈ ਕਿ ਸਰਕਾਰ ਉਸ ਮੌਕੇ ਇਹ ਨਹੀਂ ਚਾਹੁੰਦੀ ਹੋਵੇਗੀ ਕਿ ਸੰਤਾਂ ਦੇ ਭੋਗ ਸਮਾਗਮਾਂ ਦੇ ਨਾਮ 'ਤੇ ਇਕੱਠ ਹੋਵੇ ਅਤੇ ਸਰਕਾਰੀ ਏਜੰਸੀਆਂ ਵੱਲੋਂ ਅਜਿਹੀਆਂ ਅਫਵਾਹਾਂ ਫੈਲਾਈਆਂ ਗਈਆਂ ਹੋਣ। ਪ੍ਰੰਤੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਰਾ ਜਿਨ੍ਹਾਂ ਖੁਦ ਸ਼ਨਾਖਤ ਕੀਤੀ ਸੀ ਅਤੇ ਦਮਦਮੀ ਟਕਸਾਲ ਵੀ ਇਨ੍ਹਾਂ ਅਫਵਾਹਾਂ ਦੇ ਕਿਵੇਂ ਤੇ ਕਿਉਂ ਸ਼ਿਕਾਰ ਹੋ ਗਏ ਇਹ ਸਵਾਲ ਅੱਜ ਵੀ ਸਪੱਸ਼ਟ ਨਹੀਂ ਹੋ ਸਕੇ। ਸੰਤਾਂ ਦੇ ਪਾਕਿਸਤਾਨ ਚਲੇ ਜਾਣ ਵਾਲੀਆਂ ਅਫਵਾਹਾਂ ਇਕ ਤਰ੍ਹਾਂ ਨਾਲ ਸੰਤਾਂ ਦੇ ਸ਼ਹੀਦੀ ਸਮਾਗਮਾਂ ਨੂੰ ਰੋਕਣ ਜਾਂ ਰੋਲਣ ਲਈ ਸਨ, ਜਦੋਂ ਕਿ ਸੰਤਾਂ ਦੀ ਸ਼ਹਾਦਤ ਨੂੰ ਲੰਬੇ ਸਮੇਂ ਬਾਅਦ ਪ੍ਰਵਾਨ ਕੀਤਾ ਗਿਆ। ਇਸ ਸਬੰਧੀ ਦਮਦਮੀ ਟਕਸਾਲ ਤੇ ਸੰਤਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਦਾ ਪੱਖ ਵੀ ਸਾਹਮਣੇ ਆਉਣਾ ਅਜੇ ਬਾਕੀ ਹੈ। ਇਕ ਗੱਲ ਇਹ ਵੀ ਸਪੱਸ਼ਟ ਕਰ ਦੇਣੀ ਬਣਦੀ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕਹਿਣੀ ਕਥਨੀ ਦੇ ਪੂਰੇ ਸਨ। ਫਿਰ ਉਹ ਬਚਕਾਨਾ ਸੋਚ ਕਿਵੇਂ ਅਪਣਾਅ ਸਕਦੇ ਸਨ। ਹਾਂ ਉਸ ਮੌਕੇ ਉਨ੍ਹਾਂ ਦੇ ਬਚ ਨਿੱਕਲਣ ਦੀਆਂ ਕਹਾਣੀਆਂ ਸੰਗਤ ਨੂੰ ਰਾਹਤ ਜ਼ਰੂਰ ਪ੍ਰਦਾਨ ਕਰਦੀਆਂ ਸਨ। ਇੱਥੇ ਇਹ ਕਹਿਣ ਵਿਚ ਵੀ ਕੋਈ ਹਰਜ਼ ਨਹੀਂ ਕਿ ਆਨੰਦਪੁਰ ਦੇ ਮਤੇ ਨੂੰ ਆਧਾਰ ਬਣਾਕੇ ਸ਼ੁਰੂ ਹੋਇਆ ਸੰਘਰਸ਼, ਸਾਕਾ ਨੀਲਾ ਤਾਰਾ, ਬਲੈਕ ਥੰਡਰ ਅਤੇ ਉਸਤੋਂ ਬਾਅਦ ਸਮੁੱਚੇ ਪੰਜਾਬ 'ਚ ਨੌਜਵਾਨਾਂ ਦਾ ਘਾਣ ਜਿਹੇ ਖੌਫਨਾਕ ਵਰਤਾਰਿਆਂ ਵਿੱਚੋਂ ਸਿੱਖ ਕੌਮ ਨੂੰ ਕੀ ਪਾਇਆ ਤੇ ਕੀ ਗਵਾਇਆ ਜਿਹੇ ਸਵਾਲ ਅੱਜ ਹਰ ਜ਼ਹਿਨ ਵਿਚ ਉੱਠਦੇ ਹਨ ਤੇ ਇਨ੍ਹਾਂ ਜਵਾਬ ਕਿਸੇ ਕੋਲ ਨਹੀਂ।



# ਪਟਿਆਲਾ ਪੁਲਿਸ ਦਾ ਬਦਮਾਸ਼ ਨਾਲ ਮੁਕਾਬਲਾ, ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ 'ਚ ਸੀ ਗੋਲਡੀ ਢਿੱਲੋਂ ਗੈਂਗ ਦਾ ਮੈਂਬਰ

ਪਟਿਆਲਾ, 7 ਜੂਨ, (ਚ.ਨ.ਸ.) : ਪਟਿਆਲਾ ਪੁਲਿਸ ਦੇ ਸੀਆਈਏ ਸਟਾਫ ਨੇ ਅੱਜ ਇੱਥੇ ਅਰਬਨ ਅਸਟੇਟ ਵਿਖੇ ਸਾਧੂ ਬੇਲਾ ਰੋਡ 'ਤੇ ਦੁਵੱਲੀ ਗੋਲੀਬਾਰੀ ਮਗਰੋਂ ਗੋਲਡੀ ਢਿੱਲੋਂ ਗੈਂਗ ਨਾਲ ਜੁੜੇ ਇੱਕ ਬਦਨਾਮ ਗੈਂਗਸਟਰ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਮੌਕੇ ਮੁਕਾਬਲੇ ਵਾਲੀ ਜਗ੍ਹਾ ਦਾ ਜਾਇਜ਼ਾ ਲੈਂਦਿਆਂ ਐਸਐਸਪੀ ਪਟਿਆਲਾ ਵਰੁਣ ਸ਼ਰਮਾ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪਟਿਆਲਾ ਪੁਲਿਸ ਵੱਲੋਂ ਡੀਜੀਪੀ ਗੌਰਵ ਯਾਦਵ ਦੀ ਅਗਵਾਈ ਤੇ ਡੀਆਈਜੀ ਪਟਿਆਲਾ ਰੇਂਜ ਡਾ ਨਾਨਕ ਸਿੰਘ ਦੀ ਨਿਗਰਾਨੀ ਹੇਠ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਵਰਤੀ ਜਾ ਰਹੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਰੁਣ ਸ਼ਰਮਾ ਨੇ ਗੈਂਗਸਟਰ ਦੀ ਪਛਾਣ ਦਾ ਖੁਲਾਸਾ ਕੀਤਾ ਕਿ 27 ਸਾਲਾ ਸੰਨੀ ਕੁਮਾਰ ਉਰਫ ਤਾਰੀ ਪੁੱਤਰ ਅਸ਼ੋਕ ਕੁਮਾਰ ਵਾਸੀ ਸ਼ਹੀਦ ਭਗਤ ਸਿੰਘ ਕਲੋਨੀ ਨੇੜੇ ਰਾਜਪੁਰਾ ਕਲੋਨੀ ਪਟਿਆਲਾ, ਬਾਰੇ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ, ਕਿ ਉਹ ਕਿਸੇ ਪਟਿਆਲਾ ਇਲਾਕੇ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਵਿੱਚ ਹੈ।

ਐਸਐਸਪੀ ਨੇ ਇਸ ਮਾਮਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸ਼ਾਮ ਸਮਾਜ ਵਿਰੋਧੀ ਅਨਸਰਾਂ ਦੀ ਤਲਾਸ਼ ਵਿੱਚ ਐਸਪੀ ਇਨਵੈਸਟੀਗੇਸ਼ਨ ਗੁਰਬੰਸ ਸਿੰਘ ਬੈਂਸ ਅਤੇ ਡੀਐਸਪੀ ਰਾਜੇਸ਼ ਮਲਹੋਤਰਾ ਦੀ ਅਗਵਾਈ ਹੇਠ ਇੰਚਾਰਜ ਸੀਆਈਏ ਪਟਿਆਲਾ ਪ੍ਰਦੀਪ ਸਿੰਘ ਬਾਜਵਾ ਦੀ ਇੱਕ ਟੀਮ ਨੇ ਚੋਰੀ ਦੇ ਮੋਟਰਸਾਈਕਲ 'ਤੇ ਜਾ ਰਹੇ ਸੰਨੀ ਕੁਮਾਰ ਦਾ ਸਾਧੂ ਬੇਲਾ ਰੋਡ 'ਤੇ ਪਿੱਛਾ ਕੀਤਾ, ਤਾਂ ਸੀਆਈਏ ਸਟਾਫ ਪੁਲਿਸ ਘੇਰੇ ਵਿੱਚ ਆਏ ਅਪਰਾਧੀ ਨੇ 32 ਬੋਰ ਦੇ ਨਾਜਾਇਜ਼ ਪਿਸਟਲ ਨਾਲ ਪੁਲਿਸ ਉੱਪਰ ਗੋਲੀ ਚਲਾਉਂਦਿਆਂ ਚਾਰ ਫਾਇਰ ਕੀਤੇ।ਐਸ ਐਸ ਪੀ ਨੇ ਦੱਸਿਆ ਕਿ ਪਰੰਤੂ ਪੁਲਿਸ ਪਾਰਟੀ ਨੇ ਮਿਸਾਲੀ ਬਹਾਦਰੀ ਤੇ ਸੰਜਮ ਦਿਖਾਇਆ ਅਤੇ ਦੋਸ਼ੀ ਦੀ ਲੱਤ 'ਤੇ ਗੋਲੀ ਲੱਗੀ, ਜਿਸ ਮਗਰੋਂ ਉਸ ਨੂੰ ਮੌਕੇ ਤੋਂ ਕਾਬੂ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਇਸ ਕੋਲੋਂ ਚੋਰੀ ਦਾ ਮੋਟਰਸਾਈਕਲ ਅਤੇ ਪਿਸਟਲ ਤੇ ਤਿੰਨ ਕਾਰਤੂਸ ਬਰਾਮਦ ਕੀਤੇ ਗਏ ਹਨ।

ਐਸਐਸਪੀ ਨੇ ਐਸ ਪੀ ਜਾਂਚ ਗੁਰਬੰਸ ਸਿੰਘ ਬੈਂਸ ਤੇ ਇੰਸਪੈਕਟਰ ਪਰਦੀਪ ਬਾਜਵਾ ਦੀ ਬਹਾਦਰੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਨ੍ਹਾਂ ਦੀ ਤੁਰੰਤ ਕੀਤੀ ਕਾਰਵਾਈ ਨਾਲ ਪਟਿਆਲਾ ਜ਼ਿਲ੍ਹੇ ਵਿੱਚ ਕੋਈ ਸਨਸਨੀਖ਼ੇਜ਼ ਵਾਰਦਾਤ ਵਾਪਰਨ ਤੋਂ ਟਲ ਗਈ।ਉਨ੍ਹਾਂ ਕਿਹਾ ਕਿ ਸੰਨੀ ਕੁਮਾਰ ਪਿਛਲੇ ਦੋ ਸਾਲਾਂ ਤੋਂ ਗੋਲਡੀ ਢਿੱਲੋਂ ਗੈਂਗ ਨਾਲ ਜੁੜਿਆ ਹੋਇਆ ਹੈ ਅਤੇ ਇਸ ਗੈਂਗ ਨੇ ਪਿਛਲੇ ਸਮੇਂ ਰਾਜਪੁਰਾ ਇਲਾਕੇ ਵਿੱਚ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ।

ਵਰੁਣ ਸ਼ਰਮਾ ਨੇ ਦੱਸਿਆ ਕਿ ਦੋਸ਼ੀ ਸੰਨੀ ਕੁਮਾਰ ਤਾਰੀ ਇੱਕ ਕੱਟੜ ਅਪਰਾਧੀ ਹੈ ਜਿਸ 'ਤੇ ਐਨਡੀਪੀਐਸ ਐਕਟ ਸਮੇਤ ਹੋਰ ਕਈ ਮਾਮਲਿਆਂ ਵਿੱਚ 17 ਕੇਸ ਦਰਜ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ ਤੋਂ ਮੁਕਤ ਸੂਬਾ ਬਣਾਉਣ ਲਈ ਪਟਿਆਲਾ ਪੁਲਿਸ ਗੈਂਗਸਟਰਾਂ ਅਤੇ ਅਪਰਾਧੀਆਂ ਪ੍ਰਤੀ ਜ਼ੀਰੋ ਟਾਲਰੈਂਸ ਦੇ ਆਪਣੇ ਦ੍ਰਿਸ਼ਟੀਕੋਣ ਪ੍ਰਤੀ ਵਚਨਬੱਧ ਹੈ।



# 'ਯੁੱਧ ਨਸ਼ਿਆਂ ਵਿਰੁੱਧ' ਦਾ 98ਵਾਂ ਦਿਨ : 1.3 ਕਿਲੋ ਹੈਰੋਇਨ, 1.5 ਲੱਖ ਦੀ ਡਰੱਗ ਮਨੀ ਸਮੇਤ 132 ਨਸ਼ਾ ਤਸਕਰ ਗ੍ਰਿਫ਼ਤਾਰ

ਚੰਡੀਗੜ੍ਹ, 7 ਜੂਨ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ 98ਵੇਂ ਦਿਨ ਪੰਜਾਬ ਪੁਲਿਸ ਨੇ ਸ਼ਨੀਵਾਰ ਨੂੰ 132 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.3 ਕਿਲੋ ਹੈਰੋਇਨ ਅਤੇ 1.5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 98 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 16,296 ਹੋ ਗਈ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 96 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 492 ਥਾਵਾਂ 'ਤੇ ਛਾਪੇਮਾਰੀ ਕੀਤੀ , ਇਸ ਦੌਰਾਨ ਰਾਜ ਭਰ ਵਿੱਚ 97 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 528 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 94 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਸਪੀਕਰ ਸੰਧਵਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵਾਂ ਸ਼ਹੀਦੀ ਦਿਵਸ ਮਨਾਉਣ ਦੇ ਸਬੰਧ 'ਚ ਸੁਝਾਅ ਪ੍ਰਾਪਤ ਕਰਨ ਲਈ ਪ੍ਰੋਫ਼ੈਸਰਾਂ ਅਤੇ ਪੰਜਾਬੀ ਅਦਾਕਾਰਾਂ ਨਾਲ ਮੀਟਿੰਗ

ਚੰਡੀਗੜ੍ਹ, 7 ਜੂਨ, (ਚ.ਨ.ਸ.) : ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਮਨਾਉਣ ਸਬੰਧੀ ਸੁਝਾਅ ਪ੍ਰਾਪਤ ਕਰਨ ਲਈ ਪ੍ਰੋਫੈਸਰਾਂ ਅਤੇ ਪ੍ਰਸਿੱਧ ਪੰਜਾਬੀ ਅਦਾਕਾਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ, ਉਨ੍ਹਾਂ ਨੇ ਸੁਝਾਅ ਅਤੇ ਪ੍ਰਸਤਾਵ ਦਿੱਤੇ , ਜੋ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮਨਾਉਣ ਲਈ ਸ਼ਰਧਾਭਾਵਨਾ ਦਾ ਪ੍ਰਤੀਕ ਅਤੇ ਸ਼ਰਧਾ ਦਾ ਪ੍ਰਗਟਾਵਾ ਹਨ। ਗੁਰੂ ਸਾਹਿਬ ਨੇ ਧਾਰਮਿਕ ਆਜ਼ਾਦੀ, ਬਹੁਲਵਾਦ ਅਤੇ ਮਨੁੱਖੀ ਸਵੈਮਾਨ ਲਈ ਲਾਸਾਨੀ ਸ਼ਹਾਦਤ ਦਿੱਤੀ ਜੋ ਕੁੱਲ ਦੁਨੀਆਂ ਦੇ ਲੋਕਾਂ ਨੂੰ ਪ੍ਰੇਰਦੀ ਰਹੇਗੀ।

ਵਿਚਾਰ-ਵਟਾਂਦਰੇ ਦੌਰਾਨ, ਉਨ੍ਹਾਂ ਨੇ ਸਲਾਹ ਦਿੱਤੀ "ਸ੍ਰੀ ਗੁਰੂ ਤੇਗ ਬਹਾਦਰ ਜੀ ਸਬੰਧੀ 350 ਵਾਂ ਸ਼ਹੀਦੀ ਦਿਵਸ ਮਨੁੱਖਤਾ ਦੀ ਢਾਲ " ਹੈ ਅਤੇ ਇਸ ਸਮਾਰੋਹ ਦਾ ਉਦੇਸ਼ ਵਿਸ਼ਵ ਪੱਧਰ 'ਤੇ ਗੁਰੂ ਜੀ ਦੀ ਸ਼ਾਨਾਮੱਤੀ ਵਿਰਾਸਤ ਨੂੰ ਸਾਂਝਾ ਕਰਨਾਂ ਸੱਭਿਆਚਾਰਕ ਸੰਭਾਲ, ਇਮਰਸਿਵ ਤਕਨਾਲੋਜੀਆਂ ਅਤੇ ਭਾਈਚਾਰੇ ਨੂੰ ਹੋਰ ਨੇੜੇ ਲਿਆਉਣਾ ਹੈ। ਗੁਰੂ ਜੀ ਦੀ ਕੁਰਬਾਨੀ ਨੂੰ ਦਰਸਾਉਂਦੀ ਇਹ ਸ਼ਰਧਾਪੂਰਵਕ ਪਹਿਲਕਦਮੀ ਅੰਤਰਰਾਸ਼ਟਰੀ ਸਮਾਗਮਾਂ ਵਿੱਚ ਹੋਣੀ ਚਾਹੀਦੀ ਹੈ ਤਾਂ ਜੋ ਗੁਰੂ ਜੀ ਵੱਲੋਂ ਦਿੱਤਾ ਦਇਆ, ਕੁਰਬਾਨੀ ਅਤੇ ਅੰਤਰ-ਧਰਮ ਸਦਭਾਵਨਾ ਦਾ ਸੁਨੇਹਾ ਸਦੀਵੀ ਚਾਨਣ ਮੁਨਾਰੇ ਵਜੋਂ ਲੋਕਾਂ ਦੇ ਰਾਹ ਰੁਸ਼ਨਾਉਂਦਾ ਰਹੇ।

ਇਸ ਤੋਂ ਇਲਾਵਾ, ਪ੍ਰੋਫੈਸਰਾਂ ਨੇ ਸੁਝਾਅ ਦਿੱਤਾ ਕਿ ਕਿ ਗੁਰੂ ਜੀ ਦੇ ਸੰਦੇਸ਼ ਨੂੰ ਵਰਚੁਅਲ ਅਜਾਇਬ ਘਰ, ਵਰਚੁਅਲ ਰਿਅਲਟੀ, ਸੰਗੀਤ, ਫਿਲਮਾਂ ਅਤੇ ਵਿਦਵਤਾਪੂਰਨ ਭਾਸ਼ਣ ਵਰਗੇ ਨਵੀਨਤਾਕਾਰੀ ਫਾਰਮੈਟਾਂ ਰਾਹੀਂ ਵਿਸ਼ਵ ਪੱਧਰ 'ਤੇ ਪ੍ਰਸਾਰਿਤ ਕਰਨ ਦੇ ਨਾਲ-ਨਾਲ ਗੁਰੂ ਜੀ ਨਾਲ ਸਬੰਧਤ ਇਤਿਹਾਸਕ ਸਥਾਨਾਂ, ਕਲਾਵਾਂ ਅਤੇ ਸਾਹਿਤ ਨੂੰ ਸੁਰੱਖਿਅਤ ਅਤੇ ਡਿਜੀਟਲ ਰੂਪ ਵਿੱਚ ਪੁਰਾਲੇਖਿਤ ਕਰਨ ਦੇ ਨਾਲ-ਨਾਲ ਇੱਕ ਸਥਾਈ ਵਿਦਿਅਕ ਅਤੇ ਸੱਭਿਆਚਾਰਕ ਸਰੋਤ ਪ੍ਰੋਗਰਾਮ ਦੀ ਸਿਰਜਣਾ ਕੀਤੀ ਜਾਵੇ, ਜੋ ਦੁਨੀਆਂ ਭਰ ਲਈ ਪਹੁੰਚਯੋਗ ਹੋਵੇ।

ਇੱਥੇ ਇਹ ਦੱਸਣਾ ਵਾਜਿਬ ਹੈ ਕਿ ਉਨ੍ਹਾਂ ਦੇ ਸ਼ਹੀਦੀ ਸ਼ਤਾਬਦੀ ਸਮਾਗਮ ਵਿੱਚ ਧਾਰਮਿਕ ਬਹੁਲਤਾਵਾਦ ਦਾ ਵਰਚੁਅਲ ਅਜਾਇਬ ਘਰ, ਅਲ ਅਤੇ ਬਹੁ-ਭਾਸ਼ਾਈ ਬਿਰਤਾਂਤ ਦੀ ਵਰਤੋਂ ਕਰਦੇ ਹੋਏ ਇੰਟਰਐਕਟਿਵ 34 ਵਾਕਥਰੂ, ਗੁਰੂ ਜੀ ਦੀਆਂ ਯਾਤਰਾਵਾਂ, ਉਹਨਾਂ ਦੇ ਸੰਵਾਦ, ਸ਼ਹਾਦਤ ਅਤੇ ਵਿਰਾਸਤ ਨਾਲ ਸਬੰਧਛ ਦ੍ਰਿਸ਼ ਅਤੇ ਕਿਊ ਆਰ ਕੋਡਜ ਅਤੇ ਡਿਜੀਟਲ ਕਹਾਣੀ ਸੁਣਾਉਣ ਵਾਲੇ ਫਾਰਮੈਟਾਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਗੁਰੂ ਜੀ ਦੀ ਸ਼ਹਾਦਤ ਦੇ ਬੇਮਿਸਾਲ ਸਫ਼ਰ 'ਤੇ ਛੋਟੀਆਂ ਐਨੀਮੇਟਡ ਫਿਲਮਾਂ ਅਤੇ ਵੀਆਰ ਦਸਤਾਵੇਜ਼ੀ ਫਿਲਮਾਂ ਵਰਗੀਆਂ ਕਲਾਤਮ ਕ੍ਰਿਤਾਂ ਬਣਾਉਣ ਦੀ ਜ਼ਰੂਰਤ ਹੈ।

ਉਨ੍ਹਾਂ ਨੇ ਇਹ ਵੀ ਸੁਝਾਅ ਦਿੱਤਾ ਕਿ ਸ਼ਬਦ ਅਤੇ ਰਾਗ ਲੜੀ ਬਣਾਈ ਜਾਣੀ ਚਾਹੀਦੀ ਹੈ ਅਤੇ ਇਸਨੂੰ ਡਿਜੀਟਲ ਪਲੇਟਫਾਰਮਾਂ 'ਤੇ ਰਿਲੀਜ਼ ਕੀਤਾ ਜਾਣਾ ਚਾਹੀਦਾ ਹੈ ਅਤੇ ਲਾਈਵ ਸੰਗੀਤ ਸਮਾਰੋਹ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ। ਗੁਰੂ ਜੀ ਦੇ ਬਹੁਲਤਾ ਵਿੱਚ ਯੋਗਦਾਨ 'ਤੇ ਅੰਤਰਰਾਸ਼ਟਰੀ ਸਿੰਪੋਜ਼ੀਅਮ ਦੇ ਨਾਲ ਗਲੋਬਲ ਕਾਨਫਰੰਸਾਂ ਅਤੇ ਆਊਟਰੀਚ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਯੂਨੈਸਕੋ, ਹਾਰਵਰਡ ਅਤੇ ਸਿੱਖ ਖੋਜ ਸੰਸਥਾਵਾਂ ਨਾਲ ਸਹਿਯੋਗ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ "ਸ੍ਰੀ ਗੁਰੂ ਤੇਗ ਬਹਾਦਰ ਦ ਸੇਂਟ ਆਫ਼ ਅਦਰਨੈਸ" ਸਿਰਲੇਖ ਵਾਲੀ ਇਹ ਕਿਤਾਬ ਇੱਕ ਤ੍ਰਿਭਾਸ਼ੀ (ਪੰਜਾਬੀ-ਹਿੰਦੀ-ਅੰਗਰੇਜ਼ੀ) ਉੱਚ-ਡਿਜ਼ਾਈਨ ਪ੍ਰਕਾਸ਼ਨ ਬਣਾਉਣ ਦਾ ਸੁਝਾਅ ਵੀ ਦਿੱਤਾ, ਜੋ ਗੁਰੂ ਜੀ ਦੇ ਜੀਵਨ, ਦਰਸ਼ਨ ਨੂੰ ਪੇਸ਼ ਕਰੇਗੀ ।

ਹੋਰ ਜਾਣਕਾਰੀ ਦਿੰਦੇ ਹੋਏ, ਉਨ੍ਹਾਂ ਨੇ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਇੰਟਰਐਕਟਿਵ ਕਿਤਾਬ ਸਿਰਫ਼ ਇੱਕ ਦਸਤਾਵੇਜ਼ ਨਹੀਂ ਹੋਵੇਗੀ, ਸਗੋਂ ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਿਕ, ਨੈਤਿਕ ਅਤੇ ਲਾਸਾਨੀ ਸ਼ਹਾਦਤ ਦਾ ਇੱਕ ਜੀਵਤ ਪੋਰਟਲ ਹੋਵੇਗੀ। ਇਸਦਾ ਉਦੇਸ਼ ਵਿਸ਼ਵਵਿਆਪੀ ਵਿੱਦਿਅਕ ਸੰਸਥਾਵਾਂ, ਅਜਾਇਬ ਘਰਾਂ ਅਤੇ ਲਾਇਬ੍ਰੇਰੀਆਂ ਲਈ ਇੱਕ ਸਦੀਵੀ ਸਰੋਤ ਦੀ ਪੇਸ਼ਕਸ਼ ਕਰਨਾ ਹੈ ਅਤੇ ਡਿਜੀਟਲ ਯਾਦਗਾਰੀ ਬੁਨਿਆਦੀ ਢਾਂਚੇ (ਅਜਾਇਬ ਘਰ, ਸੰਗੀਤ ਸਮਾਰੋਹ ਅਤੇ ਭਾਸ਼ਣ) ਦੇ ਨੀਂਹ ਪੱਥਰ ਵਜੋਂ ਕੰਮ ਕਰਨਾ ਹੈ।

ਸਪੀਕਰ ਨੇ ਉਜਾਗਰ ਕੀਤਾ ਕਿ ਇਹ ਵਿਲੱਖਣ ਅਤੇ ਏਕੀਕ੍ਰਿਤ ਪ੍ਰਸਤਾਵ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਨਾ ਸਿਰਫ਼ ਇੱਕ ਧਰਮ ਦੇ ਰਾਖੇ , ਸਗੋਂ ਸਾਰੇ ਧਰਮਾਂ ਦੇ ਸਦੀਵੀ ਰਖਵਾਲੇ, ਅਤੇ ਉਨ੍ਹਾਂ ਦੀ ਹਲੀਮੀ ਤੇ ਸ਼ਹਾਦਤ ਪ੍ਰਤੀ ਆਪਣੀ ਸ਼ਰਧਾ ਨੂੰ ਜ਼ਾਹਰ ਕਰਨ ਦੀ ਨਿੱਕੀ ਜਿਹੀ ਕੋਸ਼ਿਸ਼ ਮਾਤਰ ਹੈ। ਇਹ ਯਾਦ ਦੁਨੀਆ ਨੂੰ ਇੱਕ ਸੰਦੇਸ਼ ਹੈ: ਗੁਰੂ ਜੀ ਨੂੰ ਸਿਰਫ਼ ਸ਼ਰਧਾ ਨਾਲ ਹੀ ਨਹੀਂ, ਸਗੋਂ ਆਪਣੇ ਕੰਮਾਂ ਵਿੱਚ ਯਾਦ ਰੱਖੋ। ਮੀਟਿੰਗ ਵਿੱਚ ਪ੍ਰਸਿੱਧ ਪੰਜਾਬੀ ਅਦਾਕਾਰ ਐਮੀ ਵਿਰਕ, ਪ੍ਰੋਫੈਸਰ ਅਮਰਜੀਤ ਸਿੰਘ ਗਰੇਵਾਲ ਅਤੇ ਪ੍ਰੋਫੈਸਰ ਗੁਰਵਿੰਦਰ ਸਿੰਘ ਬਾਵਾ ਅਤੇ ਐਨਆਰਆਈ ਭਾਈਚਾਰੇ ਤੋਂ ਰਮਨਦੀਪ ਸਿੰਘ ਖੱਟੜਾ ਮੌਜੂਦ ਸਨ।



# ਦਿੱਲੀ ਗੁਰਦੁਆਰਾ ਕਮੇਟੀ ਨੇ ਗਰਮੀ ਦੀਆਂ ਛੁੱਟੀਆਂ 'ਚ 250 ਗੁਰਮਤਿ ਕੈਂਪ ਲਗਾਏ : ਕਰਮਸਰ




ਨਵੀਂ ਦਿੱਲੀ, 7 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦੀ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਇਸ ਵਾਰ ਗਰਮੀ ਦੀਆਂ ਛੁੱਟੀਆਂ ਵਿਚ 250 ਗੁਰਮਤਿ ਕੈਂਪ ਲਾਉਣ ਵਿਚ ਸਫਲਤਾ ਹਾਸਲ ਕੀਤੀ ਹੈ। ਇਹ ਪ੍ਰਗਟਾਵਾ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਕੀਤਾ ਹੈ।

ਇਥੇ ਜਾਰੀ ਕੀਤੇ ਇਕ ਬਿਆਨ ਵਿੱਚ ਕਰਮਸਰ ਨੇ ਦੱਸਿਆ ਕਿ ਇਸ ਵਾਰ 100 ਕੈਂਪ ਕੌਮੀ ਰਾਜਧਾਨੀ ਦਿੱਲੀ ਵਿਚ ਲਗਾਏ ਗਏ ਹਨ, ਜਦੋਂ ਕਿ 150 ਕੈਂਪ ਭਾਰਤ ਦੇ ਹੋਰ ਹਿੱਸਿਆਂ ਵਿਚ ਲਗਾਏ ਗਏ ਹਨ। ਉਹਨਾਂ ਦੱਸਿਆ ਕਿ ਇਹਨਾਂ ਕੈਂਪਾਂ ਦਾ ਮਕਸਦ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨਾ ਹੈ। ਇਹ ਕੈਂਪਾਂ ਵਿਚ ਬੱਚਿਆਂ ਨੂੰ ਗੁਰਸਿੱਖੀ ਜੀਵਨ ਜਾਚ ਵੀ ਸਿਖਾਈ ਜਾ ਰਹੀ ਹੈ। ਉਹਨਾਂ ਨੇ ਕੈਂਪਾਂ ਵਾਸਤੇ ਯੋਗਦਾਨ ਦੇਣ ਵਾਸਤੇ ਸਾਰੇ ਪ੍ਰਬੰਧਕਾਂ ਦਾ ਵੀ ਧੰਨਵਾਦ ਕੀਤਾ।

ਇਸ ਦੌਰਾਨ ਸਰਦਾਰ ਕਰਮਸਰ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰਬਾਣੀ ਦਾ ਸਿਮਰਨ ਕਰਨ ਵੇਲੇ ਹੌਲੀ ਹੌਲੀ ਪਾਠ ਪੜ੍ਹਿਆ ਕਰਨ। ਉਹਨਾਂ ਕਿਹਾ ਕਿ ਪਾਠ ਤੇਜ਼ ਤੇਜ਼ ਕਰਨ ਨਾਲੋਂ ਹੌਲੀ ਹੌਲੀ ਕਰਨ ਅਤੇ ਇਕੱਲੇ ਇਕੱਲੇ ਸ਼ਬਦ ਨਾਲ ਜੁੜਨ ਨਾਲ ਮਨ ਨੂੰ ਸ਼ਾਂਤੀ, ਠਰੰਮਾ ਤੇ ਰੂਹਾਨੀਅਤ ਤੇ ਸਕੂਨ ਮਿਲਦਾ ਹੈ।

ਉਹਨਾਂ ਕਿਹਾ ਕਿ ਬੇਸ਼ੱਕ ਜ਼ਿੰਦਗੀ ਦੀ ਰਫਤਾਰ ਬਹੁਤ ਤੇਜ਼ ਹੋਈ ਹੈ ਪਰ ਮਨ ਨੂੰ ਸ਼ਾਂਤੀ ਤਾਂ ਹੀ ਮਿਲੇਗੀ ਜੇਕਰ ਅਸੀਂ ਮਨ ਨੂੰ ਪੂਰੀ ਤਰ੍ਹਾਂ ਗੁਰਬਾਣੀ ਨਾਲ ਜੋੜੀਏ।

# ਅਨੁਪੂਰਕ ਪ੍ਰੀਖਿਆਵਾਂ ਕੰਪਾਰਟਮੈਂਟ/ ਰੀਅਪੀਅਰ ਫੀਸ ਸ਼ਡਿਊਲ ਜਾਰੀ

ਐਸ .ਏ .ਐਸ ਨਗਰ, 7 ਜੂਨ (ਚ.ਨ.ਸ.) : ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਜੁਲਾਈ/ਅਗਸਤ-2025 ਦੀਆਂ ਅਨੁਪੂਰਕ ਪ੍ਰੀਖਿਆਵਾਂ ਕੰਪਾਰਟਮੈਂਟ/ਰੀਅਪੀਅਰ ਅਤੇ ਵਾਧੂ ਵਿਸ਼ਾ (ਸਮੇਤ ਓਪਨ ਸਕੂਲ) ਦੀਆਂ ਪ੍ਰੀਖਿਆ ਫੀਸਾਂ ਪ੍ਰਾਪਤ ਕਰਨ ਦਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਆਨਲਾਈਨ ਪ੍ਰੀਖਿਆ ਫਾਰਮ ਅਤੇ ਫੀਸਾਂ ਭਰਨ ਸਬੰਧੀ ਵਧੇਰੇ ਜਾਣਕਾਰੀ ਲਈ ਪ੍ਰੋਸਪੈਕਟਸ ਬੋਰਡ ਦੀ ਵੈੱਬਸਾਈਟ www.pseb.ac.in 'ਤੇ ਉਪਲਬੱਧ ਹੈ।

# ਡੀ.ਐਸ.ਜੀ.ਐਮ.ਸੀ. ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਪੀ.ਈ.ਟੀ. ਸਕੈਨ ਸੈਂਟਰ ਸ਼ੁਰੂ

## ਸਕੈਨ ਸੈਂਟਰ ਸ੍ਰੀ ਦਰਬਾਰ ਸਾਹਿਬ 'ਚ 41 ਸਾਲ ਪਹਿਲਾਂ ਹੋਏ ਕਤਲੇਆਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ : ਕਾਲਕਾ

ਨਵੀਂ ਦਿੱਲੀ, 7 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅੱਜ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਥਿਤ ਗੁਰੂ ਹਰਿਕਿਸ਼ਨ ਪੋਲੀਕਲਿਨਿਕ ਵਿੱਚ ਪੀਈਟੀ ਸਕੈਨ ਸੈਂਟਰ ਨੂੰ ਸਮਰਪਿਤ ਕੀਤਾ। ਕੈਂਸਰ ਦੀ ਬਿਮਾਰੀ ਦੀ ਜਲਦੀ ਪਹਿਚਾਣ ਅਤੇ ਇਲਾਜ ਲਈ ਬਣਾਏ ਗਏ, ਇਸ ਸਹੂਲਤ ਕੇਂਦਰ ਦੇ ਉਦਘਾਟਨ ਤੋਂ ਪਹਿਲਾਂ ਸ੍ਰੀ ਕਲਕਾ ਦੀ ਅਗਵਾਈ ਹੇਠ ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਅਰਦਾਸ ਕੀਤੀ।




ਕਾਲਕਾ ਨੇ ਦੱਸਿਆ ਕਿ ਇਹ ਸਕੈਨ ਸੈਂਟਰ 6 ਜੂਨ ਨੂੰ ਸ਼ੁਰੂ ਕੀਤਾ ਗਿਆ ਹੈ ਜੋ ਕਿ 1984 ਵਿੱਚ ਅੱਜ ਤੋਂ 41 ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਹੋਏ ਸਾਕਾ ਨੀਲਾ ਤਾਰਾ ਦੀ ਤਾਰੀਖ ਨਾਲ ਮਿਲਦੀ ਹੈ, ਜਦੋਂ ਸਿੱਖਾਂ ਦੀ ਸਭ ਤੋਂ ਉੱਚੀ ਪ੍ਰਭੂਸੱਤਾ ਦਾ ਮੁੱਖ ਕੇਂਦਰ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ।

ਕਾਲਕਾ ਨੇ ਕਿਹਾ, ਅਸੀਂ ਆਪਣੇ ਗੁਰੂ ਸਾਹਿਬਾਨਾਂ ਦੇ ਦੱਸੇ ਰਾਹ ਉੱਤੇ ਚੱਲਦੇ ਹੋਏ ਮਨੁੱਖਤਾ ਦੀ ਸੇਵਾ ਕਰ ਰਹੇ ਹਾਂ। ਅਸੀਂ ਸੰਸਾਰ ਨੂੰ ਇਹ ਸਾਫ਼ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਸਿੱਖ ਕੌਮ ਇੱਕ ਅਮਨ ਪਸੰਦ ਅਤੇ ਧਾਰਮਿਕ ਰੂਪ ਵਿੱਚ ਨਿਰਪੱਖ ਭਾਈਚਾਰਾ ਹੈ ਜੋ ਦੁੱਖ ਸਹਿ ਕੇ ਵੀ ਮਨੁੱਖਤਾ ਦੀ ਸੇਵਾ ਲਈ ਆਪਣਾ ਜੀਵਨ ਸਮਰਪਿਤ ਕਰ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਪੀਈਟੀ ਸਕੈਨ ਦੀ ਲਾਗਤ ਬਹੁਤ ਘੱਟ ਰੱਖੀ ਗਈ ਹੈ, ਸਿਰਫ਼ ਟੈਸਟ ਕਰਨ ਵਿੱਚ ਆਉਣ ਵਾਲਾ ਖ਼ਰਚਾ ਹੀ ਲਿਆ ਜਾਵੇਗਾ।

ਉਨਾਂ ਕਿਹਾ ਕਿ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਕਿਸੇ ਵੀ ਪਰਿਵਾਰ ਨੂੰ ਇਹ ਸਹੂਲਤ ਲੈਣ ਦੀ ਲੋੜ ਨਾ ਪਏ, ਕਿਉਂਕਿ ਕੈਂਸਰ ਦੇ ਰੋਗ ਦੀ ਪਛਾਣ ਹੋਣ 'ਤੇ ਪਰਿਵਾਰ ਤੇ ਦੁੱਖ ਦਾ ਪਹਾੜ ਟੁੱਟ ਪੈਂਦਾ ਹੈ ।

ਕਾਲਕਾ ਨੇ ਬਾਬਾ ਬਚਨ ਸਿੰਘ ਅਤੇ ਬਾਬਾ ਸਤਨਾਮ ਸਿੰਘ ਕਾਰ ਸੇਵਾ ਵਾਲਿਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਪੀਈਟੀ ਸਕੈਨ ਸੈਂਟਰ ਦੀ ਇਮਾਰਤ ਤਿਆਰ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਸਕੈਨ ਮਸ਼ੀਨ ਦੀ ਕੀਮਤ 10 ਕਰੋੜ ਰੁਪਏ ਹੈ ਜੋ ਕਿ ਇੱਕ ਗੁਰੂ ਘਰ ਦੇ ਪ੍ਰੇਮੀ ਪਰਿਵਾਰ ਵੱਲੋਂ ਦਾਨ ਕੀਤੀ ਗਈ ਹੈ। ਬਾਅਦ ਵਿੱਚ ਮਨਜਿੰਦਰ ਸਿੰਘ ਸਿਰਸਾ ਨੇ ਵੀ ਸਮਾਗਮ ਦੌਰਾਨ ਕਿਹਾ ਕਿ ਪੋਲੀਕਲਿਨਿਕ ਵਿੱਚ ਦਿੱਤੀ ਜਾ ਰਹੀ ਇਹ ਸਹੂਲਤ ਮਨੁੱਖਤਾ ਦੀ ਸੇਵਾ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਮੈਂ ਖੁਸ਼ ਹਾਂ ਕਿ ਮੇਰੇ ਕਾਰਜਕਾਲ ਦੌਰਾਨ ਸ਼ੁਰੂ ਹੋਈ ਸੇਵਾਂ ਵਧ ਰਹੀ ਹੈ ਅਤੇ ਵੱਧ ਤੋਂ ਵੱਧ ਲੋਕ ਲਾਭ ਪ੍ਰਾਪਤ ਕਰ ਰਹੇ ਹਨ।ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਐਸ. ਜਗਦੀਪ ਸਿੰਘ ਕਾਹਲੋਂ ਨੇ ਵੀ ਮੌਕੇ 'ਤੇ ਸੰਬੋਧਨ ਕੀਤਾ।

# ਮਜ਼ਦੂਰਾਂ ਦਾ ਮਾਨਸਿਕ ਸੋਸ਼ਣ ਕਰਨ ਜਾ ਰਹੀ ਹੈ ਸਰਕਾਰ : ਖੰਨਾ

ਚੰਡੀਗੜ੍ਹ, 7 ਜੂਨ, (ਹਰਦੀਪ ਕੌਰ): ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਦਿਹਾੜੀਦਾਰ ਮਜ਼ਦੂਰਾਂ ਦਾ ਮਾਨਸਿਕ ਸੋਸ਼ਣ ਕਰਨ ਦੀਆਂ ਯੋਜਨਾਵਾਂ 'ਤੇ ਕੰਮ ਕਰ ਰਹੀ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਮਜ਼ਦੂਰਾਂ ਨੂੰ 12 ਘੰਟੇ ਕੰਮ ਕਰਨ ਦੀ ਹਦਾਇਤ ਦੇਣਾ ਸਰਕਾਰ ਦਾ ਫੈਸਲਾ ਬਹੁਤ ਜ਼ਿਆਦਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀ ਲੋਕਾਂ ਦੀ ਕਠਪੁਤਲੀ ਬਣੀ ਪੰਜਾਬ ਸਰਕਾਰ ਮੁਲਾਜ਼ਮਾਂ ਦਾ ਸੋਸ਼ਣ ਕਰਨ 'ਤੇ ਉੱਤਰ ਆਈ ਹੈ।ਉਨ੍ਹਾਂ ਕਿਹਾ ਕਿ 12 ਘੰਟੇ ਡਿਊਟੀ ਕਰਨ ਉਪਰੰਤ ਵੀ ਉਸਦਾ ਰਿਕਾਰਡ ਨਾ ਰੱਖਣਾ ਗਰੀਬ ਵਰਗ ਲਈ ਸ਼ਰੇਆਮ ਧੱਕਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਮਜ਼ਦੂਰੀ ਵਿੱਚ ਵਾਧਾ ਕੀਤਾ ਜਾਵੇ, ਪਰ ਇਨ੍ਹਾਂ ਨੇ ਉਸ ਦੀ 8 ਘੰਟੇ ਵਾਲੀ ਡਿਊਟੀ 12 ਘੰਟੇ ਦੀ ਕਰ ਦਿੱਤੀ। ਉਨ੍ਹਾਂ ਕਿਹਾ ਕਿ ਸੰਵਿਧਾਨਿਕ ਸ਼ਰਤਾਂ ਮੁਤਾਬਿਕ ਕਿਸੇ ਵੀ ਮਜ਼ਦੂਰ ਤੋਂ 8 ਘੰਟੇ ਤੋਂ ਵੱਧ ਸਮੇਂ ਲਈ ਮਜ਼ਦੂਰੀ ਨਹੀਂ ਕਰਵਾਈ ਜਾ ਸਕਦੀ ਪਰ ਇਹ ਸਰਕਾਰ, ਜੋ ਖੁਦ ਨੂੰ ਆਮ ਆਦਮੀ ਦੀ ਸਰਕਾਰ ਐਲਾਨ



ਰਹੀ ਹੈ , ਆਮ ਲੋਕਾਂ ਦੇ ਹਿੱਤਾਂ ਨਾਲ ਹੀ ਖਿਲਵਾੜ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਮਜ਼ਦੂਰ ਜੱਥੇਬੰਦੀਆਂ ਨੇ ਲੰਬੇ ਸੰਘਰਸ਼ ਤੋਂ ਬਾਅਦ 8 ਘੰਟੇ ਡਿਊਟੀ ਦਾ ਹੱਕ ਹਾਸਲ ਕੀਤਾ ਸੀ, ਪਰ ਪੰਜਾਬ ਸਰਕਾਰ ਇਸ ਅੰਤਰਰਾਸ਼ਟਰੀ ਫੈਸਲੇ ਤੋਂ ਟਾਲਾ ਵੱਟ ਕੇ ਇਹ ਨਾਦਰਸ਼ਾਹੀ ਫਰਮਾਣ ਜਾਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਫੈਸਲੇ ਇਹ ਸਪੱਸ਼ਟ ਕਰਦੇ ਹਨ ਕਿ ਇਹ ਕੋਈ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਹੈ ਬਲਕਿ ਉਦਯੋਗਪਤੀ ਅਤੇ ਧਨਾਢਾਂ ਦੇ ਹੱਥ ਵਿੱਚ ਖੇਡ ਰਹੀ ਖਾਸ ਸਰਕਾਰ ਹੈ। ਜਿਸ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ। ਉਨ੍ਹਾਂ ਕਿਹਾ ਕਿ ਆਪਣੀਆਂ ਵਿਅੰਗਾਤਮਿਕ ਟਿੱਪਣੀਆਂ ਰਾਹੀਂ ਸਰਕਾਰਾਂ 'ਤੇ ਟਿੱਪਣੀ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਵੀ ਪੀੜ੍ਹੀ ਥੱਲੇ ਸੋਟਾ ਫੇਰਨਾ ਚਾਹੀਦਾ ਹੈ।

# ਬਾਂਦਰ 20 ਲੱਖ ਦੇ ਹੀਰਿਆਂ ਦੇ ਗਹਿਣੇ ਲੈ ਹੋਇਆ ਫਰਾਰ !

ਮਥੁਰਾ, 7 ਜੂਨ, (ਚ.ਨ.ਸ.) : ਵਰਿੰਦਾਵਨ 'ਚ ਠਾਕੁਰ ਬਾਂਕੇ ਬਿਹਾਰੀ ਦੀ ਫੂਲ-ਬੰਗਲਾ ਸੇਵਾ ਕਰਨ ਪਹੁੰਚੇ ਅਲੀਗੜ੍ਹ ਦੇ ਗਹਿਣਾ ਕਾਰੋਬਾਰੀ ਅਭਿਸ਼ੇਕ ਅਗਰਵਾਲ ਦੀ ਉਸ ਸਮੇਂ ਜਾਨ 'ਤੇ ਬਣ ਗਈ, ਜਦੋਂ ਇਕ ਬਾਂਦਰ 20 ਲੱਖ ਰੁਪਏ ਤੋਂ ਵੱਧ ਕੀਮਤ ਦੇ ਹੀਰਿਆਂ ਦੇ ਗਹਿਣਿਆਂ ਨਾਲ ਭਰਿਆ ਉਨ੍ਹਾਂ ਦਾ ਥੈਲਾ ਖੋਹ ਕੇ ਦੌੜ ਗਿਆ। ਪੁਲਿਸ ਦੇ ਇਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਕੋਤਵਾਲੀ ਇੰਚਾਰਜ ਪ੍ਰਸ਼ਾਂਤ ਕਪਿਲ ਨੇ ਦੱਸਿਆ ਕਿ ਅਭਿਸ਼ੇਕ ਅਗਰਵਾਲ ਨੇ ਵੀਰਵਾਰ ਨੂੰ ਪਰਿਵਾਰ ਨਾਲ ਠਾਕੁਰ ਜੀ ਦੀ ਫੂਲ-ਬੰਗਲਾ ਸੇਵਾ ਕਰਨ ਪਹੁੰਚੇ ਸਨ ਅਤੇ ਉਹ ਸ਼ੁੱਕਰਵਾਰ ਨੂੰ ਵਾਪਸ ਪਰਤ ਰਹੇ ਸਨ। ਉਨ੍ਹਾਂ ਦੱਸਿਆ ਕਿ ਜਦੋਂ ਉਹ ਪਾਰਕਿੰਗ 'ਚ ਸਨ, ਉਦੋਂ ਅਚਾਨਕ ਇਕ ਬਾਂਦਰ ਉਨ੍ਹਾਂ ਦੇ ਹੱਥ ਤੋਂ ਉਨ੍ਹਾਂ ਦਾ ਥੈਲਾ ਖੋਹ ਕੇ ਲੈ ਗਿਆ, ਜਿਸ 'ਚ 20 ਲੱਖ ਰੁਪਏ ਤੋਂ ਵੱਧ ਕੀਮਤ ਦੇ ਹੀਰਿਆਂ ਦੇ ਗਹਿਣੇ ਸਨ। ਪੁਲਿਸ ਡਿਪਟੀ ਸੁਪਰਡੈਂਟ ਸੰਦੀਪ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਪੁਲਿਸ ਨੇ ਬਾਂਦਰ ਦੀ ਘੇਰਾਬੰਦੀ ਕਰ ਕੇ ਘੰਟਿਆਂ ਦੀ ਕੋਸ਼ਿਸ਼ ਤੋਂ ਬਾਅਦ ਬੈਗ ਸਹੀ ਸਲਾਮਤ ਹਾਸਲ ਕਰ ਕੇ ਉਸ ਦੇ ਮਾਲਕ ਨੂੰ ਸੌਂਪ ਦਿੱਤਾ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਪੰਜਾਬ ਲਈ ਕੇਂਦਰ ਸਰਕਾਰ ਨੇ ਵੱਡੇ ਪ੍ਰੋਜੈਕਟ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, 7 ਜੂਨ, (ਚ.ਨ.ਸ.) : ਪੰਜਾਬ ਵਿੱਚ 800-800 ਮੈਗਾਵਾਟ ਦੇ 3 ਹੋਰ ਬਿਜਲੀ ਉਤਪਾਦਨ ਯੂਨਿਟ ਸਥਾਪਤ ਕਰਨ ਦੀ ਮੰਗ ਨੂੰ ਕੇਂਦਰੀ ਬਿਜਲੀ ਮੰਤਰੀ ਵੱਲੋਂ ਪ੍ਰਵਾਨ ਕਰ ਲਿਆ ਗਿਆ। ਅੱਜ ਇੱਥੇ ਭਾਰਤ ਸਰਕਾਰ ਦੇ ਬਿਜਲੀ ਵਿਭਾਗ ਵੱਲੋਂ ਉਤਰ ਭਾਰਤ ਦੇ ਬਿਜਲੀ ਮੰਤਰੀ ਦੀ ਰੱਖੀ ਕਾਨਫਰੰਸ ਵਿਚ ਪੰਜਾਬ ਰਾਜ ਦੀ ਪ੍ਰਤੀਨਿਧਤਾ ਕਰਦਿਆਂ ਹਰਭਜਨ ਸਿੰਘ ਈ. ਟੀ. ਓ. ਨੇ ਇਹ ਮੁੱਦਾ ਚੁੱਕਿਆ ਸੀ। ਇਸ ਕਾਨਫਰੰਸ ਦੀ ਪ੍ਰਧਾਨਗੀ ਭਾਰਤ ਸਰਕਾਰ ਦੇ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਕੀਤੀ ਗਈ, ਜਿਸ ਵਿਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਰਾਜਸਥਾਨ, ਉਤਰ ਪ੍ਰਦੇਸ਼, ਉਤਰਾਖੰਡ, ਜੰਮੂ ਕਸ਼ਮੀਰ, ਲਦਾਖ਼ ਅਤੇ ਦਿੱਲੀ ਸਰਕਾਰ ਦੇ ਬਿਜਲੀ ਮੰਤਰੀਆਂ ਅਤੇ ਅਧਿਕਾਰੀਆਂ ਵੱਲੋਂ ਸ਼ਿਰਕਤ ਕੀਤੀ ਗਈ। ਬਿਜਲੀ ਮੰਤਰੀ ਨੇ ਰੋਪੜ ਥਰਮਲ ਪਲਾਂਟ ਦੀ ਮੌਜੂਦਾ ਬਿਜਲੀ ਉਤਪਾਦਨ ਸਮਰੱਥਾ ਨੂੰ ਵਧਾਉਣ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਕੋਲ ਆਪਣੀ ਕੋਲੇ ਦੀ ਖਾਨ ਹੈ ਪ੍ਰੰਤੂ ਕੇਂਦਰ ਸਰਕਾਰ ਵੱਲੋਂ ਕੋਲੇ ਦੀ ਢੁਆਈ 1000 ਕਿਲੋਮੀਟਰ ਤੋਂ ਵੱਧ ਨਾ ਕਰਨ ਦੀ ਸ਼ਰਤ ਕਾਰਨ ਇਨ੍ਹਾਂ ਥਰਮਲ ਪਲਾਂਟਾਂ ਦੀ ਸਮਰੱਥਾ ਵਧਾਉਣ ਵਿਚ ਪੇਸ਼ ਆ ਰਹੀ ਦਿੱਕਤ ਦਾ ਮੁੱਦਾ ਚੁੱਕਿਆ, ਇਸ ਮੰਗ ਨੂੰ ਸਵੀਕਾਰ ਕਰਦਿਆਂ ਕੇਂਦਰੀ ਬਿਜਲੀ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੋਲਾ ਲੈ ਕੇ ਜਾਣ ਦੀ ਹੱਦ ਨੂੰ 1500 ਕਿਲੋਮੀਟਰ ਤੋਂ ਵਧਾ ਦਿੱਤਾ ਜਾਵੇ ਅਤੇ ਪੰਜਾਬ ਦੇ ਰੋਪੜ ਵਿਚ 800-800 ਮੈਗਾਵਾਟ ਦੇ ਦੋ ਹੋਰ ਬਿਜਲੀ ਉਤਪਾਦਨ ਦੇ ਪਲਾਂਟ ਨੂੰ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਜਾਵੇ। ਇਸ ਦੇ ਨਾਲ ਹੀ 800 ਮੈਗਾਵਾਟ ਦਾ ਇਕ ਨਵਾਂ ਯੂਨਿਟ ਪੰਜਾਬ ਵਿਚ ਸਥਾਪਤ ਕਰਨ ਨੂੰ ਵੀ ਮਨਜ਼ੂਰੀ ਦੇ ਦਿਤੀ। ਕੇਂਦਰੀ ਬਿਜਲੀ ਮੰਤਰੀ ਦੀ ਇਸ ਮਨਜ਼ੂਰੀ ਨਾਲ ਪੰਜਾਬ ਵਿਚ 2400 ਮੈਗਾਵਾਟ ਦੇ ਥਰਮਲ ਪਲਾਂਟ ਸਥਾਪਤ ਹੋਣ ਦਾ ਰਾਹ ਪੱਧਰਾ ਹੋ ਗਿਆ। ਇਸ ਤੋਂ ਇਲਾਵਾ ਕੇਂਦਰ ਸਰਕਾਰ ਵਲੋਂ ਸੂਬੇ ਵਿਚ 7000 ਮੈਗਾਵਾਟ ਸੋਲਰ ਪਾਵਰ ਉਤਪਾਦਨ ਦੇ ਦਿੱਤੇ ਗਏ ਟੀਚੇ ਬਾਰੇ ਬੋਲਦਿਆਂ ਕਿਹਾ ਕਿ ਪੰਜਾਬ ਵਿਚ ਲੋੜੀਂਦੀ ਜ਼ਮੀਨ ਦੀ ਕੀਮਤ ਜ਼ਿਆਦਾ ਹੋਣ ਕਾਰਨ ਇਸ ਦਿਸ਼ਾ ਵਿਚ ਟੀਚੇ ਹਾਸਲ ਕਰਨ ਵਿਚ ਦਿੱਕਤ ਪੇਸ਼ ਆ ਰਹੀ ਹੈ ਪ੍ਰੰਤੂ ਪੰਜਾਬ ਸਰਕਾਰ ਕਿਸੇ ਗੁਆਂਢੀ ਸੂਬੇ ਵਿਚ ਇਹ ਸੋਲਰ ਪ੍ਰਜੈਕਟ ਲਗਾਉਣ ਲਈ ਯਤਨਸ਼ੀਲ ਹੈ ਜਿੱਥੋਂ ਬਿਜਲੀ ਦੀ ਸਪਲਾਈ ਵੀ ਸੌਖਿਆਂ ਹੀ ਪੰਜਾਬ ਨੂੰ ਹੋ ਜਾਵੇ।

# ਹਸਪਤਾਲ ਦੇ ਆਈ.ਸੀ.ਯੂ. 'ਚ ਦਾਖ਼ਲ ਔਰਤ ਨਾਲ ਜਬਰ ਜ਼ਿਨਾਹ

ਅਲਵਰ, 7 ਜੂਨ, (ਚ.ਨ.ਸ.) : ਰਾਜਸਥਾਨ 'ਚ ਅਲਵਰ ਦੇ ਐੱਮ.ਆਈ.ਏ. ਥਾਣਾ ਖੇਤਰ ਦੇ ਉਦਯੋਗਿਕ ਖੇਤਰ ਸਥਿਤ ਕਰਮਚਾਰੀ ਰਾਜ ਬੀਮਾ ਨਿਗਮ (ਈ.ਐੱਸ.ਆਈ.ਸੀ.) ਮੈਡੀਕਲ ਕਾਲਜ ਦੇ ਆਈਸੀਯੂ 'ਚ ਦਾਖ਼ਲ ਔਰਤ ਨਾਲ ਜਬਰ ਜ਼ਿਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਔਰਤ ਦੇ ਆਪਰੇਸ਼ਨ ਤੋਂ ਬਾਅਦ ਜਬਰ ਜ਼ਿਨਾਹ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਚਾਰ ਜੂਨ ਦੀ ਰਾਤ ਨੂੰ ਹਸਪਤਾਲ ਦੇ ਨਰਸਿੰਗ ਸਟਾਫ਼ ਨੇ ਔਰਤ ਨੂੰ ਨਸ਼ੇ ਦਾ ਟੀਕਾ ਲਗਾਇਆ ਅਤੇ ਉਸ ਤੋਂ ਬਾਅਦ ਜਬਰ ਜ਼ਿਨਾਹ ਕੀਤਾ। ਸਵੇਰੇ ਜਦੋਂ ਪੀੜਤਾ ਨੂੰ ਹੋਸ਼ ਆਇਆ ਤਾਂ ਉਸ ਨੇ ਪਰਿਵਾਰ ਵਾਲਿਆਂ ਨੂੰ ਜਬਰ ਜ਼ਿਨਾਹ ਦੀ ਜਾਣਕਾਰੀ ਦਿੱਤੀ। ਪੀੜਤਾ ਦੇ ਪਤੀ ਦਾ ਦੋਸ਼ ਹੈ ਕਿ ਮੈਡੀਕਲ ਕਾਲਜ ਪ੍ਰਸ਼ਾਸਨ ਪੂਰੇ ਮਾਮਲੇ ਨੂੰ ਦਬਾਉਣ 'ਚ ਜੁਟਿਆ ਹੈ। ਪੁਲਿਸ ਸੂਤਰਾਂ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਈ.ਐੱਸ.ਆਈ.ਸੀ. ਮੈਡੀਕਲ ਕਾਲਜ ਦੇ ਆਈ.ਸੀ.ਯੂ. ਵਾਰਡ 'ਚ ਦਾਖ਼ਲ 32 ਸਾਲਾ ਔਰਤ ਨਾਲ ਨਰਸਿੰਗ ਸਟਾਫ਼ ਨੇ 4 ਜੂਨ ਦੀ ਰਾਤ ਜਬਰ ਜ਼ਿਨਾਹ ਦੀ ਘਟਨਾ ਨੂੰ ਅੰਜਾਮ ਦਿੱਤਾ। ਇਸ ਦੌਰਾਨ ਮੁਲਜ਼ਮ ਨੇ ਪੀੜਤਾ ਨੂੰ ਨਸ਼ੇ ਦਾ ਟੀਕਾ ਲਗਾਇਆ ਅਤੇ ਉਸ ਦੇ ਬੈੱਡ ਦੇ ਚਾਰੇ ਪਾਸੇ ਪਰਦੇ ਲਗਾ ਕੇ ਘਟਨਾ ਨੂੰ ਅੰਜਾਮ ਦਿੱਤਾ। ਸਵੇਰੇ ਪੀੜਤਾ ਦੇ ਪਤੀ ਨੇ ਘਟਨਾ ਦੀ ਜਾਣਕਾਰੀ ਮੈਡੀਕਲ ਕਾਲਜ ਦੇ ਸਟਾਫ਼ ਪ੍ਰਸ਼ਾਸਨ ਨੂੰ ਦਿੱਤੀ। ਦੂਜੇ ਪਾਸੇ ਸੂਤਰਾਂ ਨੇ ਦੱਸਿਆ ਕਿ ਮੈਡੀਕਲ ਕਾਲਜ ਪ੍ਰਸ਼ਾਸਨ ਪੂਰੇ ਮਾਮਲੇ ਨੂੰ ਦੁਬਾਉਣ 'ਚ ਲੱਗ ਗਿਆ ਅਤੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ 'ਚ ਲੱਗਾ ਰਿਹਾ, ਪਰ ਪੀੜਤਾ ਨੇ ਮਾਮਲੇ ਦੀ ਸੂਚਨਾ ਐਡੀਸ਼ਨਲ ਜ਼ਿਲ੍ਹਾ ਮੈਜਿਸਟ੍ਰੇਟ (ਏ.ਡੀ.ਐੱਮ.) ਸਿਟੀ ਨੂੰ ਦਿੱਤੀ। ਏ.ਡੀ.ਐੱਮ. ਨੇ ਇਸ ਮਾਮਲੇ 'ਚ ਐੱਮ.ਆਈ.ਏ. ਥਾਣਾ ਪੁਲਿਸ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਪੁਲਿਸ ਨੇ ਐੱਫ.ਆਈ.ਆਰ. ਦਰਜ ਕਰਦੇ ਹੋਏ ਪੀੜਤਾ ਦਾ ਮੈਡੀਕਲ ਕਰਵਾਇਆ। ਪੀੜਤਾ ਦੇ ਪਤੀ ਨੇ ਦੱਸਿਆ ਕਿ 4 ਜੂਨ ਨੂੰ ਉਸ ਦੀ ਪਤਨੀ ਨੂੰ ਦਾਖ਼ਲ ਕਰਵਾਇਆ ਗਿਆ ਸੀ। ਉਸ ਦਾ ਆਪਰੇਸ਼ਨ ਹੋਣਾ ਸੀ। ਚਾਰ ਜੂਨ ਨੂੰ ਆਪਰੇਸ਼ਨ ਤੋਂ ਬਾਅਦ ਉਸ ਨੂੰ ਆਈਸੀਯੂ 'ਚ ਭੇਜਿਆ ਗਿਆ ਸੀ। ਆਈ.ਸੀ.ਯੂ. 'ਚ ਰਾਤ ਦੇ ਸਮੇਂ ਹਸਪਤਾਲ ਦੇ ਕਰਮਚਾਰੀ ਨੇ ਉਸ ਨਾਲ ਜਬਰ ਜ਼ਿਨਾਹ ਕੀਤਾ। ਉਸ ਨੇ ਦੱਸਿਆ ਕਿ ਮੁਲਜ਼ਮ ਨੇ ਮੁਆਫ਼ੀ ਵੀ ਮੰਗੀ।

## ਸੰਪਾਦਕੀ

# ਸਕਾਰਾਤਮਕ ਖ਼ਬਰ

ਹਾਲ ਹੀ ਵਿੱਚ ਅਰਥਵਿਵਸਥਾ ਬਾਰੇ ਸਕਾਰਾਤਮਕ ਖ਼ਬਰਾਂ ਦੇ ਵਿਚਕਾਰ ਭਾਰਤੀ ਰਿਜ਼ਰਵ ਬੈਂਕ (RBI) ਦੁਆਰਾ ਨੀਤੀਗਤ ਦਰਾਂ ਵਿੱਚ ਕਟੌਤੀ ਦਰਸਾਉਂਦੀ ਹੈ ਕਿ ਮਹਿੰਗਾਈ ਹੁਣ ਕਾਬੂ ਵਿੱਚ ਹੈ ਅਤੇ ਦੇਸ਼ ਆਰਥਿਕ ਮੋਰਚੇ ’ਤੇ ਚੁਣੌਤੀਆਂ ਨੂੰ ਦੂਰ ਕਰਨ ਲਈ ਅੱਗੇ ਵੱਧ ਰਿਹਾ ਹੈ। ਸ਼ੁੱਕਰਵਾਰ ਨੂੰ ਭਾਰਤੀ ਰਿਜ਼ਰਵ ਬੈਂਕ ਨੇ ਮੁੱਖ ਨੀਤੀਗਤ ਦਰ ਯਾਨੀ ਕਿ ਰੈਪੋ ਦਰ ਨੂੰ 0.5 ਪ੍ਰਤੀਸ਼ਤ ਘਟਾ ਕੇ 5.5 ਪ੍ਰਤੀਸ਼ਤ ਕਰ ਦਿੱਤਾ। ਇਸ ਨੂੰ ਉਮੀਦ ਤੋਂ ਵੱਧ ਕਮੀ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਇੱਕ ਹੈਰਾਨੀਜਨਕ ਫੈਸਲੇ ਵਿੱਚ ਆਰ.ਬੀ.ਆਈ. ਨੇ ਬੈਂਕਾਂ ਲਈ ਨਕਦ ਰਿਜ਼ਰਵ ਅਨੁਪਾਤ ਵਿੱਚ ਇੱਕ ਪ੍ਰਤੀਸ਼ਤ ਦੀ ਕਟੌਤੀ ਦਾ ਵੀ ਐਲਾਨ ਕੀਤਾ। ਇਹ ਲਗਾਤਾਰ ਤੀਜੀ ਵਾਰ ਹੈ ਜਦੋਂ ਕੇਂਦਰੀ ਬੈਂਕ ਨੇ ਰੈਪੋ ਦਰ ਵਿੱਚ ਕਟੌਤੀ ਕੀਤੀ ਹੈ। ਇਸ ਤੋਂ ਪਹਿਲਾਂ ਭਾਰਤੀ ਰਿਜ਼ਰਵ ਬੈਂਕ ਨੇ ਇਸ ਸਾਲ ਫਰਵਰੀ ਅਤੇ ਅਪ੍ਰੈਲ ਵਿੱਚ ਇਸਨੂੰ 25 ਆਧਾਰ ਅੰਕ ਘਟਾ ਦਿੱਤਾ ਸੀ। ਸਪੱਸ਼ਟ ਤੌਰ ’ਤੇ ਇਹ ਨਾ ਸਿਰਫ ਦੇਸ਼ ਦੇ ਅੰਦਰ ਆਰਥਿਕ ਉਤਰਾਅ-ਚੜ੍ਹਾਅ ਨਾਲ ਨਜਿੱਠਣ ਦੀ ਕੋਸ਼ਿਸ਼ ਹੈ, ਬਲਕਿ ਇਹ ਉਪਾਅ ਇਸ ਸਮੇਂ ਪੂਰੀ ਦੁਨੀਆ ਵਿੱਚ ਦਰਪੇਸ਼ ਚੁਣੌਤੀਆਂ ਵਿੱਚ ਅਰਥਵਿਵਸਥਾ ਨੂੰ ਸੰਭਾਲਣ ਵਿੱਚ ਵੀ ਮਦਦ ਕਰਨਗੇ। ਦਰਅਸਲ, ਰੈਪੋ ਦਰਾਂ ਵਿੱਚ ਕਟੌਤੀ ਨੂੰ ਮੁੱਖ ਤੌਰ ’ਤੇ ਕਰਜ਼ਿਆਂ ਦੇ ਮਾਮਲੇ ਵਿੱਚ ਸੁਵਿਧਾਜਨਕ ਮੰਨਿਆ ਗਿਆ ਹੈ। ਕਰਜ਼ਾ ਸਸਤਾ ਹੈ ਜਾਂ ਮਹਿੰਗਾ, ਇਸ ਦਾ ਹਿਸਾਬ ਇਸ ’ਤੇ ਨਿਰਭਰ ਕਰਦਾ ਹੈ ਅਤੇ ਇਸਦਾ ਸਿੱਧਾ ਅਤੇ ਪਹਿਲਾ ਪ੍ਰਭਾਵ ਉਨ੍ਹਾਂ ਖਪਤਕਾਰਾਂ ’ਤੇ ਪੈਂਦਾ ਹੈ, ਜਿਨ੍ਹਾਂ ਨੇ ਘਰ, ਵਾਹਨ, ਹੋਰ ਸਮਾਨ ਜਾਂ ਸਿੱਖਿਆ ਵਰਗੀਆਂ ਜ਼ਰੂਰਤਾਂ ਲਈ ਬੈਂਕਾਂ ਤੋਂ ਕਰਜ਼ਾ ਲਿਆ ਹੈ ਜਾਂ ਉਨ੍ਹਾਂ ਲੋਕਾਂ ’ਤੇ ਪੈਂਦਾ ਹੈ ਜੋ ਰਿਜ਼ਰਵ ਬੈਂਕ ਵੱਲੋਂ ਨੀਤੀਗਤ ਦਰਾਂ ਘਟਾਉਣ ਦੀ ਉਡੀਕ ਕਰਦੇ ਹਨ ਅਤੇ ਕਰਜ਼ਾ ਸਸਤਾ ਹੋਣ ਤੋਂ ਬਾਅਦ ਉਹ ਕੁਝ ਖਰੀਦਣ ਜਾਂ ਨਿਵੇਸ਼ ਕਰਨ ਦੀ ਯੋਜਨਾ ਬਣਾਉਂਦੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਵਪਾਰਕ ਬੈਂਕ ਰਿਜ਼ਰਵ ਬੈਂਕ ਦੀਆਂ ਨੀਤੀਗਤ ਦਰਾਂ ਦੇ ਅਨੁਸਾਰ ਖਪਤਕਾਰਾਂ ਨੂੰ ਦਿੱਤੇ ਗਏ ਕਰਜ਼ਿਆਂ ਅਤੇ ਹੋਰ ਫਿਕਸਡ ਡਿਪਾਜ਼ਿਟ ’ਤੇ ਵਿਆਜ ਦਰਾਂ ਨਿਰਧਾਰਤ ਕਰਦੇ ਹਨ। ਇਸ ਲਈ, ਇਹ ਉਮੀਦ ਕੀਤੀ ਜਾਂਦੀ ਹੈ ਕਿ ਰੈਪੋ ਦਰਾਂ ਵਿੱਚ ਕਟੌਤੀ ਤੋਂ ਬਾਅਦ ਵਪਾਰਕ ਬੈਂਕ ਵੀ ਕਰਜ਼ੇ ਦੀਆਂ ਦਰਾਂ ਘਟਾਉਣਗੇ। ਇਸ ਤੋਂ ਬਾਅਦ ਕੁਦਰਤੀ ਤੌਰ ’ਤੇ ਕਰਜ਼ਾ ਸਸਤਾ ਹੋ ਜਾਵੇਗਾ ਅਤੇ ਮਾਸਿਕ ਕਿਸ਼ਤਾਂ ਵਿੱਚ ਕਮੀ ਦੇ ਕਾਰਨ, ਬੈਂਕਾਂ ਤੋਂ ਕਰਜ਼ਾ ਲੈਣ ਵਾਲੇ ਖਪਤਕਾਰਾਂ ਦੀ ਮੰਗ ਵੱਧ ਸਕਦੀ ਹੈ। ਨਾਲ ਹੀ ਵਾਹਨ ਬਾਜ਼ਾਰ ਅਤੇ ਖਾਸ ਕਰਕੇ ਰੀਅਲ ਅਸਟੇਟ ਕਾਰੋਬਾਰ ਵਿੱਚ ਕੁਝ ਸਮੇਂ ਤੋਂ ਜਿਸ ਕਿਸਮ ਦੀ ਮੰਦੀ ਦਾ ਡਰ ਸੀ, ਨੀਤੀਗਤ ਦਰਾਂ ਵਿੱਚ ਕਟੌਤੀ ਤੋਂ ਬਾਅਦ, ਸੁਧਾਰ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਰਿਜ਼ਰਵ ਬੈਂਕ ਵੱਲੋਂ ਨੀਤੀਗਤ ਦਰਾਂ ਵਿੱਚ ਵੱਡੀ ਕਟੌਤੀ ਦਾ ਐਲਾਨ ਅਰਥਵਿਵਸਥਾ ਨੂੰ ਤੇਜ਼ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਪਰ ਲੋੜ ਹੈ ਕਿ ਅਜਿਹੇ ਫੈਸਲੇ ਸਿਰਫ਼ ਐਲਾਨਾਂ ਅਤੇ ਅਰਥਵਿਵਸਥਾ ਦੇ ਗੁੰਝਲਦਾਰ ਗਣਿਤ ਤੱਕ ਸੀਮਤ ਨਾ ਰਹਿਣ। ਜਦੋਂ ਤੱਕ ਇਸਦਾ ਪ੍ਰਭਾਵ ਜ਼ਮੀਨੀ ਪੱਧਰ ’ਤੇ ਨਹੀਂ ਦੇਖਿਆ ਜਾਂਦਾ, ਆਮ ਲੋਕਾਂ ਨੂੰ ਇਸਦਾ ਸਿੱਧਾ ਲਾਭ ਨਹੀਂ ਮਿਲੇਗਾ, ਉਹ ਆਪਣੀਆਂ ਜ਼ਰੂਰਤਾਂ ਲਈ ਘਰ ਜਾਂ ਕੋਈ ਹੋਰ ਚੀਜ਼ ਖਰੀਦਣ ਬਾਰੇ ਆਰਾਮਦਾਇਕ ਅਤੇ ਸ਼ੱਕ ਤੋਂ ਮੁਕਤ ਨਹੀਂ ਹੋਣਗੇ, ਅਜਿਹੇ ਫੈਸਲੇ ਅਰਥਵਿਵਸਥਾ ਦੀਆਂ ਚੁਣੌਤੀਆਂ ਨੂੰ ਦੂਰ ਕਰਨ ਵਿੱਚ ਮਦਦਗਾਰ ਸਾਬਤ ਨਹੀਂ ਹੋ ਸਕਦੇ। ਮਹਿੰਗਾਈ ਤੋਂ ਰਾਹਤ ਅਤੇ ਖਰੀਦ ਸ਼ਕਤੀ ਦੀ ਸੀਮਾ ਦੇ ਅੰਦਰ ਖਰੀਦਦਾਰੀ ਵਿੱਚ ਆਸਾਨੀ ਇਹ ਤੈਅ ਕਰੇਗੀ ਕਿ ਰੈਪੋ ਦਰਾਂ ਵਿੱਚ ਕਟੌਤੀ ਦਾ ਲਾਭ ਆਮ ਲੋਕਾਂ ਤੱਕ ਕਿੰਨਾ ਪਹੁੰਚਦਾ ਹੈ। ਕਰਜ਼ਾ ਲੈਣ ਦਾ ਉਤਸ਼ਾਹ ਇਸਨੂੰ ਵਾਪਸ ਕਰਨ ਦੀਆਂ ਸ਼ਰਤਾਂ ’ਤੇ ਨਿਰਭਰ ਕਰ ਸਕਦਾ ਹੈ। ਇਸ ਲਈ, ਰੁਜ਼ਗਾਰ ਅਤੇ ਆਮਦਨ ਦੇ ਹੋਰ ਸਰੋਤਾਂ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਹਾਲਾਤ ਪੈਦਾ ਕਰਨੇ ਪੈਣਗੇ ਤਾਂ ਜੋ ਲੋਕ ਆਪਣੇ ਨਿਵੇਸ਼ਾਂ ਅਤੇ ਹੋਰ ਆਰਥਿਕ ਫੈਸਲਿਆਂ ਬਾਰੇ ਸੁਰੱਖਿਅਤ ਮਹਿਸੂਸ ਕਰਨ।

-ਜਗਜੀਤ ਸਿੰਘ ਦਰਦੀ

# ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਇਹ ਸਮੇਂ ਦੀ ਸ਼ਿਲਾਲੇਖ ’ਤੇ ਲਿਖਿਆ ਹੋਇਆ ਸੱਚ ਹੈ।
ਇਹ ਵਕਤ ਦੇ ਸਫ਼ੇ ਦੀ ਸਚਾਈ ਹੈ।
ਇਹ ਦਿਲਾਂ ਦੇ ਖਾਲੀਪਣ ਦਾ ਉਹ ਹਾਸਿਲ ਹੈ, ਜਿਸ ਦੇ ਸੱਖਣੇਪਣ ਨੂੰ ਕਦੀ ਵੀ ਭਰਿਆ ਨਹੀਂ ਜਾ ਸਕਦਾ। ਇਹ ਕਿਵੇਂ ਹੁੰਦਾ ਹੈ ਤੇ ਕਿਵੇਂ ਤੇ ਕਦੋਂ ਵਾਪਰ ਜਾਂਦਾ ਹੈ, ਤੁਹਾਨੂੰ ਪਤਾ ਹੀ ਨਹੀਂ ਲੱਗਦਾ ਹੈ।

ਤੁਸੀਂ ਆਪਣੀਆਂ ਉਮਰਾਂ ਦੀਆਂ ਉਮੀਦਾਂ ਦੀਆਂ ਸਰਦਲਾਂ ਨੂੰ ਪੁਰਾਣੀਆਂ ਹੁੰਦੀਆਂ ਦੇਖਦੇ ਹੋ। ਜ਼ਿੰਦਗੀ ਦੇ ਉਮੀਦਾਂ ਭਰੇ ਰੰਗ ਘਰਾਂ ਦੇ ਅੰਦਰ ਹੁੰਦੇ ਹਨ ਤੇ ਉਹਨਾਂ ਦੇ ਹਾਸ਼ੀਏ ਤੋਂ ਬਾਹਰ ਹੁੰਦੇ ਹੋਏ ਹਿੱਸੇ ਵਿੱਚ ਹੀ ਜ਼ਿੰਦਗੀ ਦਾ ਉਹ ਪਹਿਰ ਆ ਜਾਂਦਾ ਹੈ, ਜਦੋਂ ਤੁਸੀਂ ਦੁਨੀਆਂ ਦੇ ਇਨ੍ਹਾਂ ਰਾਗਰੰਗਾਂ ਤੋਂ ਦੂਰ ਇੱਕ ਇਕਾਂਤ ਭਾਲਦੇ ਹੋ?

ਕਿ ਤੁਸੀਂ ਜਾਣਦੇ ਹੋ ਕਿ ਇਸ ਇਕਾਂਤ ਦਾ ਨਾਂ ਹੈ ਆਪਣੇ ਆਪ ਨਾਲ ਆਤਮਸਾਤ ਹੋ ਜਾਣਾ। ਆਪਣੇ ਆਪ ਦੇ ਰੂਬਰੂ ਹੋ ਜਾਣਾ। ਕੀ ਕਦੇ ਇਕੱਲ ਵਿੱਚ ਬੈਠ ਕੇ ਉਹ ਸਮਾਂ ਮਿਲਿਆ ਹੈ ਕਿ ਜਦੋਂ ਤੁਸੀਂ ਇਹ ਸੋਚ ਸਕੋ ਕਿ ਕਦੀ ਤੁਸੀਂ ਜ਼ਿੰਦਗੀ ਵਿੱਚ ਆਪਣੇ ਆਪ ਦੇ ਰੂਬਰੂ ਵੀ ਹੋਏ ਹੋਵੋ।

ਦੁਨੀਆਂ ਦੀ ਸਾਰੀ ਰਾਜਨੀਤੀ ਸਿਆਸਤ ਦੇ ਇਸ ਘਮਸਾਨ ਵਿੱਚ ਆਦਮੀ ਦੇ ਆਪਣੇ ਅਸਤਿੱਤਵ ਦੀ ਸਪੇਸ ਹੀ ਹੁਣ ਕਿੱਥੇ ਬਚੀ ਹੈ, ਸਾਹਿਤ ਤੇ ਕਲਾਵਾਂ ਨਿਗੁਣੀਆਂ ਹੋ ਗਈਆਂ ਹਨ। ਸੱਚ ਤਾਂ ਇਹ ਹੈ ਕਿ ਆਦਮੀ ਦਾ ਸੋਚ ਦਾ ਸਾਰਾ ਸੰਸਾਰ ਤੇ ਸੁਹਜਾਤਮਕ ਸਵਾਦ ਤੇ ਉਸਦੇ ਅੰਦਰਲਾ ਸੰਸਾਰ ਵੀ ਬਦਲਦਾ ਹੋਇਆ ਦਿਖਾਈ ਦਿੰਦਾ ਹੈ, ਇਹ ਹੀ ਵਕਤ ਦੀ ਗੱਲ ਹੈ।

ਦੁਨੀਆਂ ਦੇ ਪ੍ਰਸਿੱਧ ਚਿੰਤਕ ਐਡਵਰਡ ਸਾਇਦ ਨੇ ਇੱਕ ਵਾਰ ਕਿਹਾ ਸੀ ਜੇ ਤੁਸੀਂ ਮਨੁੱਖ ਨੂੰ ਬਾਹਰ ਭਾਲਦੇ ਹੋ ਤਾਂ ਮਨੁੱਖ ਪੂਰੀ ਦੁਨੀਆ ਵਿੱਚ ਦਿਖਾਈ ਦੇ ਜਾਣਗੇ ਪਰ ਤੁਹਾਡੇ ਆਪਣੇ ਅੰਦਰਲਾ ਮਨੁੱਖ ਤੁਹਾਨੂੰ ਕਦੀ ਵੀ ਦਿਖਾਈ ਨਹੀਂ ਦਿੰਦਾ। ਇਸ ਦੀ ਬਹੁਤ ਸਾਲਾਂ ਬਾਅਦ ਸਾਇਦ ਦੀ ਕਹੀ ਇਸ ਸੱਚਾਈ ਵਿੱਚ ਵੀ ਕਿੰਨਾ ਦਮ ਹੈ।

ਆਦਮੀ ਦੀ ਤਲਾਸ਼ ਵਿੱਚ ਓਸ਼ੋ ਜਦੋਂ ਆਦਮੀ ਦੀ ਤਲਾਸ਼ ਵਿੱਚ ਆਪਣੇ ਅੰਦਰ ਧਿਆਨ ਦੀ ਗੱਲ ਨੂੰ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਤੁਸੀਂ ਧਿਆਨ ਵਿੱਚ ਗਹਿਰੇ ਉੱਤਰ ਜਾਂਦੇ ਹੋ ਤਾਂ ਫ਼ਿਰ ਤੁਸੀਂ ਆਪਣੇ ਨਹੀਂ ਰਹਿੰਦੇ ਫ਼ਿਰ ਤੁਸੀਂ ਆਪਣੇ ਆਪ ਨਾਲ ਆਤਮਸਾਤ ਕਰਦੇ ਹੋ। ਆਪਣੇ ਅੰਦਰ ਆਪਣੇ ਦਿਮਾਗ ਦੀਆਂ ਪਰਤਾਂ ਨੂੰ ਖੁੱਲ੍ਹਦਿਆਂ ਹੋਇਆਂ ਦੇਖਦੇ ਹੋ, ਜਿੱਥੇ ਸਤਰੰਗੀਆਂ ਸਰਸਬਜ਼ ਚੋਟੀਆਂ ਦੀ ਬਰਫ਼ ਸਫ਼ੇਦ ਪੁਰਵਾਈਆਂ, ਉਦਾਸੀਆਂ ਅਤੇ ਗਮੀਆਂ ਦਾ ਇੱਕ ਅਜਿਹਾ ਨਮਕੀਨ ਮਿਸ਼ਰਣ ਹੁੰਦਾ ਹੈ, ਜਿੱਥੇ ਅੱਖਾਂ ਦੇ ਹੰਝੂਆਂ ਦਾ ਪਵਿੱਤਰ ਪਾਣੀ ਇੱਕ ਗਰਮ ਗਰਮ ਨਮਕੀਨ ਪਾਣੀਆਂ ਦਾ ਅਥਾਹ ਸਮੁੰਦਰ ਹੁੰਦਾ ਹੈ। ਜਿੱਥੇ ਹੂਕ ਨਹੀਂ ਨਿਕਲਦੀ, ਜਿੱਥੇ ਆਹ ਨਹੀਂ ਨਿਕਲਦੀ, ਜਿੱਥੇ ਜ਼ਿੰਦਗੀ ਨੂੰ ਜ਼ਿੰਦਾ ਹੋ ਕੇ ਮੰਨਣ ਲਈ ਇੱਕ ਇੱਕ ਪਲ ਸੁਨਹਿਰੀ ਸਮਿਆਂ ਦਾ ਸਰਵਰਕ ਹੋ ਜਾਂਦਾ ਹੈ।

ਇਹੀ ਤਾਂ ਜ਼ਿੰਦਗੀ ਦੀ ਦਾਸਤਾਨ ਹੈ ਤੇ ਇਹ ਦਾਸਤਾਨ ਫ਼ਿਰ ਦੁਬਾਰਾ ਕਦੀ ਨਹੀਂ ਆਉਣੀ। ਇਸ ਲਈ ਇਹ ਜੋ ਦੁਨੀਆਂ ਦਾ ਮੇਲਾ ਹੈ, ਇਹ ਅਕਸਰ ਬੀਤ ਜਾਣਾ ਹੈ ਤੇ ਫ਼ਿਰ ਬੀਤੇ ਹੋਏ ਮੇਲੇ ਤੇ ਗੁਆਚੇ ਹੋਏ ਸਮਿਆਂ ਦੇ ਵਕਤ ਦੇ ਸਫਿਆਂ ’ਤੇ ਲਿਖੀ ਹੋਈ ਇਬਾਰਤ ਇਕ ਤ੍ਰਾਸਦੀ ਬਣ ਕੇ ਤੁਹਾਨੂੰ ਹਮੇਸ਼ਾ ਤੁਹਾਡੇ ਨਾਲ ਚਲੀ ਜਾਏਗੀ।

ਗੁਰਬਾਣੀ ਵਿੱਚ ਵੀ ਤਾਂ ਇਹ ਜੁ ਦੁਨੀਆ ਸਿਹਰ ਮੇਲਾ ਦਸਤਗੀਰੀ ਨਾਹਿ ਦਾ ਜ਼ਿਕਰ ਆਉਂਦਾ ਹੈ, ਅਸਲ ਵਿਚ ਇਹ ਜਗਤ ਹੈ ਜਾਦੂ ਵਰਗਾ ਹੈ। ਇਹ ਤਮਾਸ਼ਾ ਹੈ। ਇਥੇ ਹੱਥ ਪੱਲੇ ਵਾਲੀ ਕੋਈ ਗੱਲ ਨਹੀਂ ਹੈ। ਇਹ ਸੱਚਮੁੱਚ ਇਹ ਦੁਨੀਆ ਜੋ ਸਿਹਰੁ ਮੇਲਾ ਹੀ ਤਾਂ ਹੈ ਪ੍ਰੰਤੂ ਅਸੀਂ ਪ੍ਰਵਾਸੀ ਪਰਦੇਸੀ ਸ਼ਰਨਾਰਥੀ ਬਣ ਕੇ ਹੀ ਸਾਰੀ ਜ਼ਿੰਦਗੀ ਗੁਜ਼ਾਰ ਦਿੰਦੇ ਹੋਏ ਅਸੀਂ ਉਸ ਦੀ ਬਖ਼ਸ਼ਿਸ਼ ਅਤੇ ਉਸ ਦੀਆਂ ਖੁਸ਼ੀਆਂ ਦੀ ਪੁਸ਼ਤਪਨਾਹੀ ਵਿੱਚ ਤੇ ਉਸਦੀਆਂ ਮਿਹਰਬਾਨੀਆਂ ਤੇ ਰੰਗਾਂ ਦੇ ਸਰੋਵਰ ਵਿੱਚ ਇੱਕ ਡੁਬਕੀ ਲਗਾਉਂਦੇ ਹੀ ਨਹੀਂ। ਅਸੀਂ ਕਿਸ ਝੂਠ ਦੇ ਸਰੋਵਰ ਵਿੱਚ ਅਤੇ ਭੀੜ ਵਿੱਚ ਆਪਣੇ ਆਪ ਨੂੰ ਝੂਠ ਦੇ ਸਰਦਾਰ ਅਤੇ ਇਸ ਧਰਤੀ ਦੇ ਮਕਾਰਾਂ ਦੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਅਕਸਰ ਉਸ ਧੂੰਏਂ ਤੇ ਅਗਨੀ ਵਿੱਚ ਰਾਖ਼ ਬਣ ਜਾਂਦੇ ਹਾਂ ਜੋ ਫ਼ਿਰ ਪਾਣੀ ਦੇ ਵਜੂਦ ਵਿੱਚ ਮਿਲ ਕੇ ਪਾਣੀ ਖ਼ਾਕ ਤੇ ਪਾਣੀ ਦੇ ਰੰਗ ’ਚ ਕਿਣਕਾ ਕਿਣਕਾ ਪਾਣੀ ਦੇ ਲਹਿਰਾਂ ਵਿੱਚ ਸਮਾ ਜਾਂਦੀ ਹੈ। ਇਹੀ ਤਾਂ ਸੱਚ ਹੈ।

ਆਦਮੀ ਦੀ ਜ਼ਿੰਦਗੀ ਦੇ ਦਰਸ਼ਨ ਦਾ ਕੁੱਝ ਚੰਗਾ ਕੀਤਾ ਤੇ ਕੁੱਝ ਨਿਮਰਤਾ ਦੇ ਬੋਲ, ਕੋਈ ਸੱਚਾਈ ਕੁੱਝ ਮਨ ਦਾ ਸੰਜਮੁ ਤੁਹਾਨੂੰ ਸਵਰਗ ਵੱਲ ਲੈ ਜਾ ਸਕਦਾ ਹੈ, ਜਿਸ ਦੀ ਕਲਪਨਾ ਅਨੇਕਾਂ ਸਾਲਾਂ ਤੋਂ ਇਹ ਮਾਨਵਤਾ ਦਾ ਦਰਸ਼ਨ ਤੇ ਵੇਦ ਉਪਨਿਸ਼ਦ ਕਰ ਰਹੇ ਹਨ। ਇਹੀ ਜ਼ਿੰਦਗੀ ਦਾ ਦੁੱਖ ਸੁੱਖ ਦਾ ਪਹਿਲੂ ਹੈ, ਜਿਸ ਨੂੰ ਅਸੀਂ ਸ਼ਾਇਦ ਭੁੱਲ ਗਏ ਹਾਂ। ਹੁਣ ਸਮਾਂ ਬਦਲ ਗਿਆ ਹੈ ਤੇ ਦੁਨੀਆ ਬਦਲ ਗਈ ਹੈ। ਹੁਣ ਕਿਸੇ ਕੋਲ ਵੀ ਵਕਤ ਨਹੀਂ ਹੈ ਕਿ ਉਹ ਤੁਹਾਡੀ ਕੋਈ ਗਲਤੀ ਸਮਝ ਸਕੇ ਅਤੇ ਤੁਹਾਡੀਆਂ ਗੱਲਾਂ ਦਾ ਕੋਈ ਹੁੰਗਾਰਾ ਦੇ ਸਕੇ। ਰਿਸ਼ਤੇ ਨਾਤੇ ਸਭ ਕੁੱਝ ਉਡਦੀਆਂ ਕੱਟਦੀਆਂ ਪਤੰਗਾਂ ਨੇ ਕਦੀ ਕਦੀ ਪੇਚਾ ਲੜ ਜਾਂਦਾ ਹੈ, ਜ਼ਿੰਦਗੀ ਹਸੀਨ ਲੱਗਦੀ ਹੈ ਪਰੰਤੂ ਇਹ ਵੀ ਇੱਕ ਖ਼ੂਬਸੂਰਤ ਹਾਦਸਾ ਵੀ ਛਿੰਨ ਭੰਗਰ ਹੁੰਦਾ ਹੈ ਤੇ ਇਹਨਾਂ ਹਾਦਸਿਆਂ ਵਿੱਚ ਲੁਕਿਆ ਹੋਇਆ ਆਦਮੀ ਦਾ ਮਨ ਰੋਸ਼ਨਾਈਆਂ ਨਾਲ ਭਰਿਆ ਹੋਇਆ ਕਦੀ ਕਦੀ ਨਮਕੀਨ ਪਾਣੀਆਂ ਦਾ ਸਰੋਵਰ ਹੋ ਜਾਂਦਾ ਹੈ ਤੇ ਉਹਨਾਂ ਨਮਕੀਨ ਪਾਣੀਆਂ ਦੀ ਦਾਸਤਾਨ ਹੀ ਕਦੀ ਕਦੀ ਜ਼ਿੰਦਗੀ ਦਾ ਸੱਚ ਹੋ ਨਿਬੜਦੀ ਹੈ।

ਇਹ ਹੀ ਤਾਂ ਜ਼ਿੰਦਗੀ ਜਿਊਣ ਦਾ ਸੱਚ ਐਸਾ ਹੈ, ਜਿਸ ਨੂੰ ਅਸੀਂ ਆਪਣੀਆਂ ਅੱਖਾਂ ਸਾਹਮਣੇ ਦੇਖਦੇ ਹਾਂ ਪਰੰਤੂ ਫ਼ਿਰ ਵੀ ਮੰਨਦੇ ਨਹੀਂ ਹਾਂ। ਇਸੇ ਲਈ ਹੀ ਤਾਂ ਕਦੀ ਉਰਦੂ ਦੇ ਮਸ਼ਹੂਰ ਸ਼ਾਇਰ ਰਾਹੀ ਮਾਸੂਮ ਰਜ਼ਾ ਨੇ ਲਿਖਿਆ ਸੀ- ਇਹ ਜਗਤ ਜਾਦੂ ਜਿਹਾ ਹੈ, ਤਮਾਸ਼ਾ ਜਿਹਾ ਹੈ ਪ੍ਰੰਤੂ ਰਾਹੀ ਦਾ ਸੱਚ ਇਹ ਵੀ ਹੈ

ਹਾਂ ਉਨੀਂ ਲੋਗੋਂ ਸੇ ਦੁਨੀਆ
ਮੇਂ ਸ਼ਿਕਾਇਤ ਹੈ ਹਮੇਂ
ਹਾਂ ਵਹੀ ਲੋਕ ਜੋ ਅਕਸਰ
ਯਾਦ ਆਏ ਹੈਂ

ਇਹ ਯਾਦਾਂ ਦਾ ਉਹ ਸਰੋਵਰ ਹੈ ਜੇ ਉਹ ਕਾਸ਼ਨੀ ਰੰਗਾਂ ਦੀਆਂ ਮੁਸਕਰਾਉਂਦੀਆਂ ਹੋਈਆਂ ਕਾਸ਼ਨੀ ਯਾਦਾਂ ਦੀਆਂ ਕਤਰਨਾਂ ਦਾ ਇੱਕ ਉਹ ਆਕਾਸ਼ ਹੈ, ਜਿਸ ਆਕਾਸ਼ ਵਿੱਚ ਉੱਡਦੀਆਂ ਹੋਈਆਂ ਪਤੰਗਾਂ ਦਿਖਦੀਆਂ ਨਹੀਂ ਨਾ ਹੀ ਕੱਟੀਆਂ ਹੋਈਆਂ ਪਤੰਗਾਂ ਦਾ ਕੋਈ ਇਤਿਹਾਸ ਵਜੂਦ ਜਾਂ ਨਿਸ਼ਾਂ ਬਾਕੀ ਰਹਿੰਦਾ ਹੈ ਪ੍ਰੰਤੂ ਇਹ ਵੀ ਸੱਚ ਹੈ ਜਿਸ ਵਿੱਚ ਕਿਹਾ ਗਿਆ ਹੈ -

ਜ਼ਿੰਦਗੀ ਕਿਆ ਹੈ ਦੋਸਤ
ਸੋਚ ਲੇਂ ਔਰ ਉਦਾਸ ਹੋ ਜਾਏ॥

ਇਸ ਸਮੇਂ ਦੀ ਦਸਤਗਿਰੀ ਤੇ ਵਕਤ ਦੀ ਨਜ਼ਾਕਤ ਤੇ ਵਕਤ ਦੇ ਸਫ਼ੇ ’ਤੇ ਲਿਖਿਆ ਹੋਇਆ ਤ੍ਰਾਸਦੀਆਂ ਦਾ ਦੁੱਖ ਸੁੱਖ ਦਾ ਮਿੱਠਾ ਨਮਕੀਨ ਇੱਕ ਸ਼ਿਕੰਜਵੀ ਜਿਹਾ ਖੱਟਾ ਮਿੱਠਾ ਪਰੰਤੂ ਰਾਹਤ ਦੇਣ ਵਾਲਾ ਇਕ ਅਜਿਹਾ ਸਾਹਵਾਂ ਦਾ ਮੇਲਾ ਹੈ, ਜਿੱਥੇ ਦੁਨੀਆਂ ਦਾ ਮੇਲਾ ਤੇ ਇਸਦੀ ਵਿਸ਼ਾਲ ਬਿਸਾਤ ਹੈ।

ਜ਼ਿੰਦਗੀ ਦੀਆਂ ਪ੍ਰਾਪਤੀਆਂ ਜਿੱਤਾਂ ਹਾਰਾਂ ਦਾ ਵਕਤ ਦਾ ਇਹ ਮੇਲਾ ਬਸ ਇੱਥੇ ਹੀ ਹੈ, ਜਿਸਨੂੰ ਤੁਸੀਂ ਖ਼ਾਲੀ ਹੱਥ ਇਸ ਦੁਨੀਆ ਤੋਂ ਰੁਖ਼ਸਤ ਹੋਵੋਗੇ ਉਸ ਦਿਨ ਕਾਸ਼ਨੀ ਪਤੰਗਾਂ ਕਿਤੇ ਨਹੀਂ ਦਿਸਣਗੀਆਂ। ਇਹ ਸਭ ਕੁਝ ਉਨੀ ਦੇਰ ਹੈ ਜਿੰਨਾ ਚਿਰ ਤੱਕ ਤੁਹਾਡੇ ਸਾਹਵਾਂ ਦਾ ਮੇਲਾ ਹੈ ਤੇ ਆਓ, ਇਹਨਾਂ ਸਾਹਵਾਂ ਨੂੰ ਜ਼ਿੰਦਾ ਰੱਖੀਏ ਤੇ ਜ਼ਿੰਦਗੀ ਦੇ ਸ਼ਬਾਬ ਵਿੱਚ ਜ਼ਿੰਦਗੀ ਦੇ ਹੁਸਨ ਵਿੱਚ ਇਸ ਮੇਲੇ ਦਾ ਰੰਗ ਤੇ ਉਹਨਾਂ ਰਿਸ਼ਮਾਂ ਦੀ ਸੁਬਾਹ ਦੀ ਰੌਸ਼ਨੀ ਨੂੰ ਅੱਖਾਂ ਵਿੱਚ ਸਮਾਅ ਲਈਏ ਕਿਉਂਕਿ ਹਰ ਸੁਬਹਾ ਜ਼ਿੰਦਗੀ ਦਾ ਇਕ ਨਵਾਂ ਜਨਮ ਹੁੰਦਾ ਹੈ।

ਲੰਮੀਆਂ ਰਾਤਾਂ ਅਕਸਰ ਗੁਜ਼ਰ ਜਾਂਦੀਆਂ ਨੇ ਹਰ ਸਮੇਂ ਜ਼ਿੰਦਗੀ ਦਾ ਜਿਉਣ ਦਾ ਸੁਨੇਹਾ ਲੈ ਕੇ ਆਉਂਦੀ ਹੈ ਤੇ ਫ਼ਿਰ ਚਲੋ ਜਿਉਂਦੇ ਕਿਉਂ ਨਹੀਂ ਹੋ। ਜ਼ਰਾ ਜੀ ਕੇ ਤਾਂ ਦੇਖੋ, ਅੱਖਾਂ ਦੀ ਚਮਕ ਤੇ ਦਿਲ ਦਾ ਜਾਦੂ ਹਰ ਜਗ੍ਹਾ ਬਿਖਰਿਆ ਹੋਇਆ ਹੈ। ਆਓ ਇਸ ਸਫ਼ਰ ਤੇ ਦੁਨੀਆ ਦੇ ਮੇਲੇ ਨੂੰ ਉਸ ਇਮਾਨਦਾਰੀ ਦੀ ਅੱਖ ਨਾਲ ਦੇਖੀਏ ਜਿਥੇ ਸਫ਼ਲਤਾ ਦੀ ਕੁੰਜੀ ਹੈ। ਜਿੱਥੇ ਹੁਸਨ ਦਾ ਮੇਲਾ ਹੈ। ਜਿੱਥੇ ਸਭ ਕੁੱਝ ਆਪਣਾ ਹੈ। ਕੋਈ ਬੇਗਾਨਾ ਨਹੀਂ ਜਿੱਥੇ ਸਾਹਵਾਂ ਦੀ ਸਾਂਝ ਹੈ ਜਿੱਥੇ ਹਵਾ ਵਿੱਚ ਇਸ਼ਕ ਹੈ ਤੇ ਜਾਣਦੇ ਹੋ, ਇਸ਼ਕ ਹੀ ਤਾਂ ਜ਼ਿੰਦਗੀ ਹੈ, ਜ਼ਰਾ ਕਰਕੇ ਤਾਂ ਦੇਖੋ।

ਆਓ, ਫ਼ਿਰ ਚਲੋ, ਜ਼ਿੰਦਾ ਰਹੀਏ ਤੇ ਇਸ ਨੂੰ ਸ਼ੌਕ ਨਾਲ ਦੇਖੀਏ। ਜ਼ਿੰਦਗੀ ਇਹੀ ਹੈ ਜੋ ਸਾਡੀਆਂ ਅੱਖਾਂ ਵਿੱਚ ਹੈ ਤੇ ਸਾਡੇ ਦਿਲ ਵਿੱਚ ਹੈ।

ਇਹੀ ਤਾਂ ਜ਼ਿੰਦਗੀ ਹੈ ਤੇ ਫ਼ਿਰ ਕਿਉਂ ਨਹੀਂ ਕਹਿੰਦੇ ਦੁਨੀਆ ਜਹਾਨ ਜ਼ਿੰਦਗੀ ਜ਼ਿੰਦਾਬਾਦ॥

# ਭਗਵੰਤ ਮਾਨ ਦੀ ਯੂ ਟਰਨ ਵਾਲੀ ਸਰਕਾਰ



ਕਮਲਜੀਤ ਸਿੰਘ ਬਨਵੈਤ
98147 34035

- ਕਾਂਗਰਸੀ ਨੇਤਾ ਭਾਰਤ ਭੂਸ਼ਣ ਆਸ਼ੂ ਨੂੰ ਸੰਮਨ ਜਾਰੀ ਕਰਨ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦੀ ਹੋਈ ਕਿਰਕਰੀ
- ਆਪ ਤੇ ਕਾਂਗਰਸ ਉੱਤੇ ਸਿਆਸੀ ਲਾਹਾ ਲੈਣ ਦੇ ਲੱਗ ਰਹੇ ਹਨ ਦੋਸ਼
- ਭਾਰਤ ਭੂਸ਼ਣ ਆਸ਼ੂ ਨੂੰ ਅਦਾਲਤ ਤੋਂ ਮਿਲੀ ਅੰਤਰਿਮ ਜ਼ਮਾਨਤ
- ਆਸ਼ੂ ਵਲੋਂ ਆਪ ’ਤੇ ਮੋੜਵਾਂ ਤਿੱਖਾ ਹਮਲਾ
- ਪੰਜਾਬ ਸਰਕਾਰ ਪਹਿਲਾਂ ਵੀ ਕਈ ਫੈਸਲਿਆਂ ਵਿੱਚ ਲੈ ਚੁੱਕੀ ਹੈ ਯੂ ਟਰਨ
- ਭਾਰਤ ਭੂਸ਼ਣ ਆਸ਼ੂ ਦੇ ਖ਼ਿਲਾਫ਼ ਜਨਵਰੀ ਵਿੱਚ ਕੀਤੀ ਗਈ ਸੀ ਐਫ. ਆਈ. ਆਰ. ਦਰਜ
- ਵਿਜੀਲੈਂਸ ਦੇ ਮੁਅੱਤਲ ਐਸਐਸਪੀ ਆਪ ਅਤੇ ਕਾਂਗਰਸ ਵਿਚਕਾਰ ਬਣੇ ਗੇਂਦ

ਬਦਲਾਅ ਦੇ ਨਾਂ ’ਤੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਯੂ ਟਰਨ ਦੇ ਨਵੇਂ ਰਿਕਾਰਡ ਬਣਾਏ ਹਨ। ਸਰਕਾਰ ਨੂੰ ਕਈ ਫੈਸਲੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਝਾੜ ਝੰਬ ਜਾਂ ਫਿਰ ਲੋਕਾਂ ਦੇ ਵਿਰੋਧ ਤੋਂ ਬਾਅਦ ਵਾਪਸ ਲੈਣੇ ਪਏ ਹਨ। ਆਮ ਕਰਕੇ ਸਰਕਾਰਾਂ ਨੂੰ ਇਸ ਸਥਿਤੀ ਦਾ ਉਦੋਂ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਅਫਸਰਸ਼ਾਹੀ ਭਾਰੂ ਜਾਂ ਬੇਲਗਾਮ ਹੋਵੇ। ਪੰਜਾਬ ਦੀ ਅਫਸਰਸ਼ਾਹੀ ਤਾਂ ਮੁੱਖ ਮੰਤਰੀ ਅਤੇ ਸੁਪਰ ਮੁੱਖ ਮੰਤਰੀ ਦੇ ਵਿਚਕਾਰ ਪਿੱਸ ਰਹੀ ਮਹਿਸੂਸ ਕਰਦੀ ਹੈ। ਪੰਜਾਬ ਸਰਕਾਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਵਿਭਾਗਾਂ ਦੇ ਸਕੱਤਰਾਂ ਤੇ ਮੰਤਰੀਆਂ ਦੇ ਮੋਢਿਆਂ ਉੱਤੇ ਦਿੱਲੀ ਦੇ ਆਮ ਤੋਂ ਖਾਸ ਬਣੇ ਲੋਕ ਬਿਠਾਏ ਗਏ ਹਨ।

ਪੰਜਾਬ ਸਰਕਾਰ ਦੀ ਸਭ ਤੋਂ ਵੱਧ ਕਿਰਕਰੀ ਉਦੋਂ ਹੋਈ ਜਦੋਂ ਲੁਧਿਆਣਾ ਦੀ ਜ਼ਿਮਨੀ ਚੋਣ ਲਈ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਐਸਐਸਪੀ ਜਗਤਪ੍ਰੀਤ ਵੱਲੋਂ ਜਾਰੀ ਕੀਤੇ ਹੁਕਮ ਹੀ ਵਾਪਸ ਨਹੀਂ ਲੈਣੇ ਪਏ ਸਗੋਂ ਉਸ ਨੂੰ ਅਹੁਦੇ ਤੋਂ ਮੁਅੱਤਲ ਵੀ ਕਰ ਦਿੱਤਾ ਗਿਆ ਹੈ। ਲੁਧਿਆਣਾ ਦੇ ਸਰਾਭਾ ਨਗਰ ਸਥਿਤ ਨਿਊ ਹਾਈ ਸਕੂਲ ਦੀ ਜ਼ਮੀਨ ਨਾਲ ਸਬੰਧਤ ਘਪਲੇ ਵਿੱਚ ਆਸ਼ੂ ਦੇ ਖਿਲਾਫ ਜਨਵਰੀ ਨੂੰ ਕੇਸ ਦਰਜ ਕੀਤਾ ਗਿਆ ਸੀ। ਦੋਸ਼ਾਂ ਦੀ ਜਾਂਚ ਵਿਜੀਲੈਂਸ ਦੇ ਐਸ ਐਸ ਪੀ ਜਗਤਪ੍ਰੀਤ ਸਿੰਘ ਨੂੰ ਸੌਂਪੀ ਗਈ ਸੀ। ਸਰਕਾਰ ਦਾ ਦੋਸ਼ ਹੈ ਕਿ ਐਸਐਸਪੀ ਜਗਤਪ੍ਰੀਤ ਕਾਂਗਰਸੀ ਨੇਤਾ ਭਾਰਤ ਭੂਸ਼ਨ ਆਸ਼ੂ ਦਾ ਪੁਰਾਣਾ ਜਮਾਤੀ ਹੈ ਤੇ ਉਸਨੇ ਜ਼ਿਮਨੀ ਚੋਣ ਵਿੱਚ ਸਿਆਸੀ ਲਾਹਾ ਦੇਣ ਲਈ ਸੰਮਨ ਜਾਰੀ ਕਰਵਾ ਕੇ 7 ਜੂਨ ਨੂੰ ਹੀ ਪੇਸ਼ ਹੋਣ ਲਈ ਕਿਹਾ ਸੀ। ਇਸ ਮਾਮਲੇ ਵਿੱਚ ਐਸਐਸਪੀ ਤੇ ਆਸ਼ੂ ਦੀ ਗੁਪਤ ਮੀਟਿੰਗ ਹੋਣ ਦੀ ਰਿਪੋਰਟ ਵੀ ਸਰਕਾਰ ਤੱਕ ਪਹੁੰਚੀ ਹੈ, ਜਿਸ ਤੋਂ ਬਾਅਦ ਇਹ ਵੱਡਾ ਫੈਸਲਾ ਲਿਆ ਗਿਆ। ਦੂਜੇ ਬੰਨੇ ਐਸ ਐਸ ਪੀ ਦੇ ਮੁਅੱਤਲ ਹੋਣ ਤੋਂ ਬਾਅਦ ਕਾਂਗਰਸ ਨੇ ਵੀ ਸਰਕਾਰ ਉੱਤੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਹਨ। ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ, ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਪਾਲ ਸਿੰਘ ਖਹਿਰਾ ਸਮੇਤ ਹੋਰ ਕਈਆਂ ਨੇ ਸਰਕਾਰ ਵਿਰੁੱਧ ਤਾਂ ਇੱਕ ਤਰ੍ਹਾਂ ਨਾਲ ਮੋਰਚਾ ਖੋਲ ਦਿੱਤਾ ਹੈ। ਸਰਕਾਰ ਵੱਲੋਂ ਹਾਲੇ ਤੱਕ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੋਂਧ ਹੀ ਮੈਦਾਨ ਵਿੱਚ ਆਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਲੁਧਿਆਣਾ ਦੇ ਪੋਸ਼ ਇਲਾਕੇ ਸਰਾਭਾ ਨਗਰ ਤੇ ਸਿਵਲ ਲਾਈਨ ਵਿੱਚ ਨਿਊ ਹਾਈ ਸਕੂਲ ਨੂੰ ਨਗਰ ਸੁਧਾਰ ਟਰੱਸਟ ਵੱਲੋਂ ਜ਼ਮੀਨ ਅਲਾਟ ਕੀਤੀ ਗਈ ਸੀ, ਜਿਸ ਦੀ ਕੀਮਤ ਇਸ ਵੇਲੇ ਅਰਬਾਂ ਵਿੱਚ ਹੈ। ਇਲਜ਼ਾਮ ਹੈ ਕਿ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸੁਨੀਲ ਮੜੀਆ ਤੇ ਹੋਰਨਾਂ ਨੇ ਮਿਲ ਕੇ ਕੁਝ ਜ਼ਮੀਨ ਵੇਚ ਦਿੱਤੀ ਅਤੇ ਕੁਝ ਕਿਰਾਏ ਉੱਤੇ ਦੇ ਦਿੱਤੀ। ਇਸ ਵਿੱਚ ਭਾਰਤ ਭੂਸ਼ਣ ਆਸ਼ੂ ਤੇ ਉਹਨਾਂ ਦੇ ਭਰਾ ਦੀ ਸ਼ਮੂਲੀਅਤ ਦੇ ਦੋਸ਼ ਹਨ। ਪੰਜਾਬ ਸਰਕਾਰ ਦੇ ਯੂ ਟਰਨ ਲੈਣ ਤੋਂ ਬਾਅਦ ਕੀ ਇਹ ਮੰਨ ਲਿਆ ਜਾਵੇ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਹ ਮਹਿਸੂਸ ਕਰਨ ਲੱਗੇ ਹਨ ਕਿ ਭਾਰਤ ਭੂਸ਼ਨ ਆਸ਼ੂ ਖਿਲਾਫ ਲਾਏ ਦੋਸ਼ ਸਹੀ ਨਹੀਂ ਹਨ।

ਦੂਜੇ ਬੰਨੇ ਕਾਂਗਰਸ ਆਗੂ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਹੈ ਕਿ ਸਰਕਾਰ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਉਹਨਾਂ ਖਿਲਾਫ ਸਾਜਿਸ਼ ਰੱਚ ਰਹੀ ਹੈ। ਉਹਨਾਂ ਨੇ ਕਿਹਾ ਕਿ ਜਦੋਂ ਨੋਟਿਸ ਇਹਨਾਂ ਦੇ ਘਰ ਪਹੁੰਚਿਆ ਤਾਂ ਪਰਿਵਾਰਕ ਮੈਂਬਰਾਂ ਨੇ ਕਿਹਾ ਸੀ ਕਿ ਉਹ ਚੋਣਾਂ ਵਿੱਚ ਲੱਗੇ ਹੋਏ ਹਨ ਅਤੇ 19 ਜੂਨ ਤੋਂ ਬਾਅਦ ਹਿੱਸਾ ਲੈਣਗੇ ਪਰ ਨੋਟਿਸ ਦੇਣ ਵਾਲੇ ਵਿਅਕਤੀ ਨੇ ਕਿਹਾ ਕਿ ਆਸ਼ੂ ਨੂੰ ਕੱਲ ਹੀ ਪੇਸ਼ ਹੋਣਾ ਪਵੇਗਾ। ਇਸ ਦੇ ਨਾਲ ਹੀ ਭਾਰਤ ਭੂਸ਼ਣ ਆਸ਼ੂ ਇਕ ਫੋਟੋ ਰਿਲੀਜ਼ ਕਰਦੇ ਹਨ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਮੀਟਿੰਗ ਵਿੱਚ ਐਸਐਸਪੀ ਜਗਤ ਪ੍ਰੀਤ ਸਿੰਘ ਲੋਕਾਂ ਵਿੱਚ ਬੈਠੇ ਨਜ਼ਰ ਆ ਰਹੇ ਹਨ। ਇੱਥੇ ਦੱਸਣਾ ਵੀ ਜ਼ਰੂਰੀ ਹੋਵੇਗਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਛੇੜੀ ਮੁਹਿੰਮ ਦੌਰਾਨ ਭਾਰਤ ਭੂਸ਼ਨ ਆਸ਼ੂ ਨੂੰ ਕਾਂਗਰਸ ਸਰਕਾਰ ਵਿੱਚ ਹੁੰਦਿਆਂ ਵਿੱਤੀ ਗੜਬੜੀਆਂ ਕਰਨ ਦੇ ਦੋਸ਼ ਵਿੱਚ ਜੇਲ੍ਹ ਭੇਜ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਬਾਅਦ ਵਿੱਚ ਭਾਰਤ ਭੂਸ਼ਨ ਆਸ਼ੂ ਖ਼ਿਲਾਫ਼ ਦਰਜ ਐਫ਼ ਆਈਆਰ ਰੱਦ ਕਰ ਦਿੱਤੀ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਤਤਕਾਲੀ ਕਾਂਗਰਸ ਸਰਕਾਰ ਦੇ ਹੋਰ ਮੰਤਰੀਆਂ ਵਿੱਚੋਂ ਸਾਧੂ ਸਿੰਘ ਧਰਮਸੋਤ, ਸੁੰਦਰ ਸ਼ਾਮ ਅਰੋੜਾ ਸਮੇਤ ਡਿਪਟੀ ਮੁੱਖ ਮੰਤਰੀ ਓ.ਪੀ. ਸੋਨੀ ਨੂੰ ਵੀ ਜੇਲ੍ਹ ਭੇਜ ਦਿੱਤਾ ਸੀ। ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜੀਆ ਅਤੇ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਅਦਾਲਤਾਂ ਦੇ ਗੇੜੇ ਮਾਰਨੇ ਪੈ ਗਏ ਸਨ।

ਪੰਜਾਬ ਸਰਕਾਰ ਦੇ ਆਪਣੇ ਫੈਸਲਿਆਂ ਤੋਂ ਪਿੱਛੇ ਹੱਟਣ ਦੀ ਗੱਲ ਕਰੀਏ ਤਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਝਾੜ ਝੰਬ ਤੋਂ ਬਾਅਦ ਸੂਬੇ ਦੀਆਂ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲੈਣਾ ਪੈ ਗਿਆ ਸੀ। ਇਹ ਵੱਖਰੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰਾ ਨਜਲਾ ਉਸ ਵੇਲੇ ਦੇ ਪੰਚਾਇਤ ਵਿਭਾਗ ਦੇ ਉੱਚ ਅਧਿਕਾਰੀਆਂ ਉੱਤੇ ਝਾੜ ਦਿੱਤਾ ਸੀ। ਉਸ ਤੋਂ ਬਾਅਦ ਮੱਤੇਵਾੜਾ ਜੰਗਲਾਂ ਵਿੱਚ ਇੰਡਸਟਰੀ ਦੀ ਪਾਰਕ ਬਣਾਉਣ ਦੇ ਫੈਸਲੇ ਤੋਂ ਸਰਕਾਰ ਨੂੰ ਲੋਕਾਂ ਦੇ ਵਿਰੋਧ ਕਾਰਨ ਯੂ ਟਰਨ ਲੈਣਾ ਪੈ ਗਿਆ ਸੀ। ਇਥੇ ਹੀ ਬੱਸ ਨਹੀਂ ਪੰਜਾਬ ਸਰਕਾਰ ਵੱਲੋਂ ਡੀਜ਼ਲ ਆਟੋ ਤੇ ਜੁਗਾੜੂ ਰੇਹੜੇ ਬੰਦ ਕਰਨ ਦੇ ਲਈ ਫੈਸਲੇ ਤੋਂ ਵੀ ਪਿੱਛੇ ਹਟਣਾ ਪੈ ਗਿਆ ਸੀ। ਆਮ ਆਦਮੀ ਪਾਰਟੀ ਵਿਰੋਧੀ ਧਿਰ ਵਿੱਚ ਹੁੰਦੀਆਂ ਸਰਕਾਰਾਂ ਵੱਲੋਂ ਗੌਰਮਿੰਟ ਸਕੂਲਾਂ ਦੇ ਅਧਿਆਪਕਾਂ ਤੋਂ ਗੈਰ ਵਿੱਦਿਆ ਕੰਮ ਲੈਣ ਦਾ ਜ਼ੋਰਦਾਰ ਵਿਰੋਧ ਕਰਦੀ ਰਹੀ ਸੀ ਪਰ ਸੱਤਾ ਵਿੱਚ ਆਉਣ ਤੋਂ ਬਾਅਦ ਅਧਿਆਪਕਾਂ ਤੋਂ ਗ਼ੈਰ ਵਿੱਦਿਅਕ ਕੰਮ ਲੈਣੇ ਸ਼ੁਰੂ ਕਰ ਦਿੱਤੇ ਸਨ, ਜਿਸ ਦਾ ਅਧਿਆਪਕ ਵਰਗ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ। ਸਰਕਾਰ ਨੂੰ ਹਾਰ ਕੇ ਫੈਸਲਾ ਵਾਪਸ ਲੈਣਾ ਪਿਆ ਹਾਲਾਂਕਿ ਪ੍ਰੈਕਟੀਕਲ ਤੌਰ ’ਤੇ ਹਾਲੇ ਵੀ ਅਧਿਆਪਕਾਂ ਵੱਲੋਂ ਕਲਾਸ ਰੂਮ ਤੋਂ ਬਾਹਰ ਡਿਊਟੀ ਕੀਤੀ ਜਾ ਰਹੀ ਹੈ।

ਇਸ ਗੱਲ ਦਾ ਜ਼ਿਕਰ ਕਰਨਾ ਇਥੇ ਦਿਲਚਸਪ ਰਹੇਗਾ ਕਿ ਪੰਜਾਬ ਵਿੱਚ ਇਸ ਵੇਲੇ ਬਰਾਬਰੋ-ਬਰਾਬਰੀ ਦੋ ਸਰਕਾਰਾਂ ਚੱਲ ਰਹੀਆਂ ਹਨ। ਲੋਕ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਸੁਪਰ ਮੁੱਖ ਮੰਤਰੀ ਅਤੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਕਹਿਣ ਲੱਗੇ ਹਨ। ਪਿਛਲੇ ਦਿਨੀਂ ਅੰਗਰੇਜ਼ੀ ਦੀ ਇੱਕ ਅਖ਼ਬਾਰ ਨੇ ਤਾਂ ਭਗਵੰਤ ਮਾਨ ਨੂੰ ਡੰਮੀ ਮੁੱਖ ਮੰਤਰੀ ਕਹਿ ਦਿੱਤਾ ਸੀ। ਪੰਜਾਬ ਵਿੱਚ ਆਪ ਦੀ ਸਰਕਾਰ ਬਣਨ ਤੋਂ ਬਾਅਦ ਸਰਕਾਰ ਦਿੱਲੀ ਤੋਂ ਰਿਮੋਟ ਕੰਟਰੋਲ ਨਾਲ ਚੱਲਦੀ ਰਹੀ ਹੈ। ਇਸ ਤੋਂ ਬਿਨਾਂ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਕਈ ਖਾਸਮ-ਖ਼ਾਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਦੂਜੇ ਮੰਤਰੀਆਂ ਦੇ ਸਿਰ ਉੱਤੇ ਬਿਠਾ ਦਿੱਤੇ ਜਾਂਦੇ ਰਹੇ ਹਨ। ਹੁਣ ਨਵੇਂ ਫੈਸਲੇ ਅਨੁਸਾਰ ਦਿੱਲੀ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਆਪ ਦਾ ਕੋਆਰਡੀਨੇਟਰ ਅਤੇ ਸਾਬਕਾ ਕੈਬਨਿਟ ਮੰਤਰੀ ਸਤੇਂਦਰ ਜੈਨ ਨੂੰ ਕੋ-ਕੋਆਰਡੀਨੇਟਰ ਲਾਇਆ ਗਿਆ ਹੈ। ਅਰਵਿੰਦ ਕੇਜਰੀਵਾਲ ਤੋਂ ਬਾਅਦ ਪੰਜਾਬ ਸਰਕਾਰ ਦਾ ਰਿਮੋਟ ਕੰਟਰੋਲ ਮਨੀਸ਼ ਸਿਸੋਦੀਆ ਦੇ ਹੱਥ ਵਿੱਚ ਹੈ। ਪਿਛਲੇ ਦਿਨੀਂ ਦੋਹਾਂ ਨੂੰ ਐਂਟੀ ਕੁਰੱਪਸ਼ਨ ਵਜੋਂ ਦਿੱਲੀ ਵੱਲੋਂ ਭ੍ਰਿਸ਼ਟਾਚਾਰ ਦੇ ਇੱਕ ਹੋਰ ਦੋਸ਼ ਵਿੱਚ ਤਲਬ ਕਰ ਲਿਆ ਗਿਆ ਹੈ।

ਪੰਜਾਬੀਆਂ ਨੂੰ ਹਰਖ ਹੈ ਕਿ ਪੰਜਾਬ ਸਰਕਾਰ ਦਾ ਰਿਮੋਟ ਆਮ ਆਦਮੀ ਪਾਰਟੀ ਦੀ ਦਿੱਲੀ ਦੀ ਲੀਡਰਸ਼ਿਪ ਕੋਲ ਹੈ। ਇਥੇ ਹੀ ਬਸ ਨਹੀਂ ਪੰਜਾਬ ਸਰਕਾਰ ਵਿੱਚ ਕਈ ਵੱਡੇ ਅਹੁਦੇ ’ਤੇ ਚੇਅਰਮੈਨੀਆਂ ਵੀ ਦਿੱਲੀ ਵਾਲਿਆਂ ਨੂੰ ਦੇ ਦਿੱਤੀਆਂ ਗਈਆਂ ਹਨ। ਪਿਛਲੇ ਦਿਨੀਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਆਪ ਦਿੱਲੀ ਦੀ ਜਨਰਲ ਸਕੱਤਰ ਨੂੰ ਲਾਇਆ ਗਿਆ ਹੈ। ਇੱਕ ਹੋਰ ਵੱਡੀ ਚੇਅਰਮੈਨੀ ਉੱਤਰ ਪ੍ਰਦੇਸ਼ ਤੋਂ ਆਪ ਦੇ ਲੀਡਰ ਨੂੰ ਦਿੱਤੀ ਗਈ ਹੈ ਜਿਹੜੇ ਦਿੱਲੀ ਹਾਈ ਕਮਾਂਡ ਦੇ ਨੇੜੇ ਦੱਸੇ ਜਾਂਦੇ ਹਨ। ਇਸ ਤੋਂ ਪਹਿਲਾਂ ਰੇਰਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਚੇਅਰ ਪਰਸਨ ਵੀ ਦਿੱਲੀ ਦੀ ਇੱਕ ਸਾਬਕਾ ਆਈਏਐਸ ਅਫਸਰ ਨੂੰ ਲਾਇਆ ਗਿਆ ਸੀ। ਅਰਵਿੰਦ ਕੇਜਰੀਵਾਲ ਦੇ ਨਿੱਜੀ ਸਕੱਤਰ ਰਹੇ ਵੈਭਵ ਕੁਮਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਅਫਸਰ ਆਨ ਸਪੈਸ਼ਲ ਡਿਊਟੀ ਹਨ। ਇਸ ਤੋਂ ਬਿਨਾਂ ਵਿੱਤ ਵਿਭਾਗ ਵਿੱਚ ਵੀ ਦਿੱਲੀ ਤੋਂ ਦੋ ਸਲਾਹਕਾਰ ਲਾਏ ਗਏ ਹਨ। ਇਹਨਾਂ ਸਾਰਿਆਂ ਨੂੰ ਤਨਖਾਹ ਸਮੇਤ ਭੱਤੇ ਅਤੇ ਰਿਹਾਇਸ਼ ਦਾ ਖਰਚਾ ਪੰਜਾਬ ਸਰਕਾਰ ਆਪਣੇ ਖਰਚੇ ਵਿੱਚੋਂ ਜਾਂਦਾ ਹੈ। ਅਣ ਅਧਿਕਾਰਤ ਖਬਰਾਂ ਤਾਂ ਇਹ ਵੀ ਹਨ ਕਿ ਜਿਹੜੇ ਪੰਜਾਬੀਆਂ ਨੂੰ ਪਿੱਛੇ ਜਿਹੇ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਡਾਇਰੈਕਟਰ ਲਾਇਆ ਗਿਆ ਸੀ, ਉਹਨਾਂ ਤੋਂ ਪਿਛਲੇ ਦਿਨੀਂ ਅਸਤੀਫੇ ਲੈ ਗਏ ਹਨ। ਉਹਨਾਂ ਦੀ ਥਾਂ ਦਿੱਲੀ ਦੇ ਪਾਰਟੀ ਵਲੰਟੀਅਰਾਂ ਨੂੰ ਪੌਂਦੇ ਦੇਣ ਦੀਆਂ ਚਰਚਾਵਾਂ ਜ਼ੋਰਾਂ ’ਤੇ ਹਨ। ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਸਰਹੱਦੀ ਸੂਬੇ ਪੰਜਾਬ ਦੀ ਅਫਸਰ ਸ਼ਾਹੀ ਕੋਲ ਦੂਜੇ ਸੂਬਿਆਂ ਦੇ ਅਫਸਰਾਂ ਨਾਲੋਂ ਵੱਧ ਤਜ਼ਰਬਾ ਅਤੇ ਵਧੇਰੇ ਚੁਣੌਤੀਆਂ ਹਨ

ਪਰ ਕੀ ਉਹ ਹੁਣ ਨਲਾਇਕ ਹੋ ਕੇ ਰਹਿ ਗਏ ਹਨ ਕਿ ਉਹਨਾਂ ਦੇ ਮੋਢਿਆਂ ਉੱਤੇ ਦਿੱਲੀ ਦੇ ਪਾਰਟੀ ਲੀਡਰਾਂ ਨੂੰ ਬਿਠਾਉਣ ਦੀ ਲੋੜ ਪੈ ਗਈ ਹੈ।

ਪੰਜਾਬ ਸਰਕਾਰ ਵੱਲੋਂ ਵਾਰ ਵਾਰ ਫੈਸਲੇ ਬਦਲਣ ਨਾਲ ਜਿੱਥੇ ਕਿਰਕਰੀ ਹੁੰਦੀ ਹੈ, ਉੱਥੇ ਆਮ ਲੋਕਾਂ ਤੋਂ ਲੈ ਕੇ ਅਫਸਰਸ਼ਾਹੀ ਤੱਕ ਨੂੰ ਵੀ ਪਰੇਸ਼ਾਨੀ ਹੁੰਦੀ ਹੈ। ਸਰਕਾਰ ਦਾ ਆਪਣਾ ਅਕਸ ਵੀ ਖ਼ਰਾਬ ਹੁੰਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਫੈਸਲੇ ਸੋਚ ਸਮਝ ਕੇ ਦ੍ਰਿੜਤਾ ਨਾਲ ਲੈਣੇ ਪੈਣਗੇ ਨਹੀਂ ਤਾਂ 2027 ਦੀਆਂ ਚੋਣਾਂ ਵਿੱਚ ਨਾ ਜਾਣੇ ਲੋਕ ਕਿਸ ਪਾਸੇ ਨੂੰ ਪਲਟਾ ਮਾਰ ਜਾਣ।

ਬਲਵੀਰ ਸਿੰਘ ਵਾਲੀਆ
9463235728

# ਸੋਸ਼ਲ ਮੀਡੀਆ ’ਤੇ ਬਣ ਰਹੇ ਨ.ਫਰਤੀ ਅੱਡਿਆਂ ਨੂੰ ਨੱਥ ਪਾਉਣਾ ਜ਼ਰੂਰੀ

ਸੋਸ਼ਲ ਮੀਡੀਆ ਲੋਕਾਂ ਦੀ ਤਾਕਤ ਬਣ ਚੁੱਕਿਆ ਹੈ ਅਤੇ ਸੋਸ਼ਲ ਮੀਡੀਆ ਲੋਕਾਂ ਨੂੰ ਅਪਣੇ ਨਾਲ ਕਈ ਰੂਪਾਂ ਵਿੱਚ ਜੋੜ ਕੇ ਰੱਖਦਾ ਹੈ ਜਿਵੇਂ ਕਿ ਵਟਸਐਪ, ਫੇਸਬੁੱਕ, ਇੰਸਟਾਗ੍ਰਾਮ, ਟੈਲੀਗਰਾਮ, ਟਵਿੱਟਰ, ਨਿਊਜ਼ ਚੈਨਲ, ਯੂਟਿਊਬ, ਅਤੇ ਹੋਰ ਬਹੁਤ ਸਾਰੇ ਪਲੇਟਫਾਰਮ ਹਨ, ਜਿੱਥੇ ਲੋਕ ਐਕਟਿਵ ਰਹਿੰਦੇ ਹਨ, ਸੋਸ਼ਲ ਮੀਡੀਆ ਲੋਕਾਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ ਅਤੇ ਸਮਾਜ ਵਿੱਚ ਵਾਪਰਦੇ ਰੋਜ਼ ਦੇ ਵਰਤਾਰਿਆਂ ਨੂੰ ਲੋਕਾਂ ਤੱਕ ਪਹੁੰਚਾਉਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੇ ਹਾਦਸਿਆਂ ਦਾ ਸੋਸ਼ਲ ਮੀਡੀਆ ਪ੍ਰਤੱਖ ਪ੍ਰਮਾਣ ਸਬੂਤ ਵਜੋਂ ਵੀ ਕੰਮ ਕਰਦਾ ਹੈ। ਸੋਸ਼ਲ ਮੀਡੀਆ ਸਾਈਟਸ ਨੂੰ ਸੰਸਾਰ ਦੇ ਹਰ ਕੋਨੇ ਵਿੱਚ ਹਰ ਵਰਗ ਦਾ ਬੰਦਾ ਵਰਤਦਾ ਹੈ, ਜਿੱਥੇ ਇੱਕ ਕੋਨੇ ਤੋਂ ਦੂਜੇ ਕੋਨੇ ’ਤੇ ਕਿਸੇ ਵੀ ਖ਼ਬਰ ਤੇ ਸਮਾਜ ਦੇ ਹਰ ਪਲ ਦੇ ਦ੍ਰਿਸ਼ ਨੂੰ ਮਿੰਟਾਂ ਸਕਿੰਟਾਂ ਵਿੱਚ ਵਾਇਰਲ ਕੀਤਾ ਜਾ ਸਕਦਾ ਹੈ। ਜਿੱਥੇ ਸੋਸ਼ਲ ਮੀਡੀਆ ਸੰਸਾਰ ਭਰ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ, ਉਥੇ ਹੀ ਲੋਕਾਂ ਲਈ ਸਰਾਪ ਵੀ ਬਣਦਾ ਜਾ ਰਿਹਾ ਹੈ।

ਸੋਸ਼ਲ ਮੀਡੀਆ ਜਿੱਥੇ ਇੱਕ ਚੰਗਾ ਪਲੇਟਫਾਰਮ ਹੈ, ਓਥੇ ਹੀ ਇਸਦੇ ਬੁਰੇ ਪ੍ਰਭਾਵ ਸਮਾਜ ਨੂੰ ਪ੍ਰਭਾਵਿਤ ਵੀ ਕਰਦੇ ਹਨ। ਸੋਸ਼ਲ ਮੀਡੀਆ ਵਿਗੜੈਲ ਤੇ ਵੇਹਲੜ ਲੋਕਾਂ ਦੇ ਹੱਥਾਂ ਵਿੱਚ ਹੋਣਾ ਨੁਕਸਾਨਦੇਹ ਹੈ। ਜਿਸ ਕਾਰਨ ਸਮਾਜ ਵਿੱਚ ਗੰਧਲਾਪਨ ਤੇ ਨ਼ਫ਼ਰਤ ਫ਼ੈਲਦੀ ਹੈ। ਬਹੁਤੇ ਲੋਕ ਸੋਸ਼ਲ ਮੀਡੀਆ ਨੂੰ ਮੀਡੀਆ ਦੀ ਤਰ੍ਹਾਂ ਨਹੀਂ ਵਰਤਦੇ ਉਸਨੂੰ ਉਲਟੇ ਪ੍ਰਭਾਵ ਲਈ ਵਰਤਦੇ ਹਨ। ਜੋ ਸਮਾਜ ਭਾਈਚਾਰਕ ਤੇ ਸੱਭਿਆਚਾਰਕ ਸਾਂਝ ਲਈ ਕੋਈ ਚੰਗੀ ਗੱਲ ਨਹੀਂ ਹੈ। ਅਜਿਹੇ ਬਹੁਤੇ ਲੋਕਾਂ ਨੇ ਮੀਡੀਆ ਨੂੰ ਨ਼ਫ਼ਰਤ ਦੇ ਅੱਡੇ ਬਣਾ ਛੱਡਿਆ ਹੈ ਤੇ ਰੋਜ਼ ਕੋਈ ਨਾ ਕੋਈ ਅਜਿਹਾ ਕੁਝ ਕਰਦੇ ਰਹਿੰਦੇ ਹਨ, ਜਿਸ ਨਾਲ ਸਮਾਜ ਵਿੱਚ ਨ਼ਫ਼ਰਤੀ ਅੱਗ ਪੈਦਾ ਹੁੰਦੀ ਹੈ। ਜਿਸ ਦੇ ਬੁਝਣ ਸਮੇਂ ਪਰਿਣਾਮ ਘਾਤਕ ਸਿੱਧ ਹੁੰਦੇ ਹਨ ਤੇ ਫਿਰ ਸਭ ਦੇ ਮੂੰਹ ’ਤੇ ਸ਼ਿਕੱਸ਼ਤ ਦੇਖਣ ਨੂੰ ਮਿਲਦੀ ਹੈ ਪਛਤਾਵਾ ਹੁੰਦਾ ਹੈ, ਅਜਿਹੇ ਸ਼ਾਤਰ ਲੋਕਾਂ ਤੋਂ ਸੋਸ਼ਲ ਮੀਡੀਆ ਫਰਮੈਟ ’ਤੇ ਸਤਰਕ ਰਹਿਣ ਚਾਹੀਦਾ ਹੈ। ਮੀਡੀਆ ਦੇ ਫਰਮੈਟ ’ਤੇ ਅਜਿਹੇ ਲੋਕ ਮੌਜੂਦ ਹਨ ਜੋ ਉਨ੍ਹਾਂ ਨੂੰ ਅਜਿਹੇ ਕੰਮ ਲਈ ਅਗਾਂਹ ਕਰਦੇ ਹਨ। ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋਣ ਦੀ ਕੋਸ਼ਿਸ਼ ਕਰਦੇ ਹਨ।

ਰਾਜਨੀਤਕ ਲੀਡਰ ਆਪਣੇ ਆਪ ਨੂੰ ਜ਼ਿੰਦਾ ਰੱਖਣ ਲਈ ਅਜਿਹੇ ਸ਼ੋਸ਼ੇ ਕਰਦੇ ਰਹਿੰਦੇ ਹਨ ਉਹ ਇਕ ਦੂਜੇ ’ਤੇ ਇਲਜ਼ਾਮ ਲਗਾਉਂਦੇ ਰਹਿੰਦੇ ਹਨ ਜਾਂ ਬੇਤੁਕੀ ਬਿਆਨਬਾਜ਼ੀ ਕਰ ਮੀਡੀਆ ਵਿੱਚ ਬਣੇ ਰਹਿੰਦੇ ਹਨ ਪਰ ਉਨ੍ਹਾਂ ਦੀ ਸਪੋਰਟ ਤੇ ਵਿਰੋਧ ਕਰਨ ਵਾਲਿਆਂ ਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਉਹ ਸਮਾਜ ਦਾ ਹਿੱਸਾ ਹਨ, ਇਹ ਪਰਿਵਾਰਾਂ ਵਾਲੇ ਹਨ, ਅਸੱਭਿਅਕ ਬੋਲੀ ਉਨ੍ਹਾਂ ਦੀ ਨਹੀਂ ਹੈ। ਇਨ੍ਹਾਂ ਤੋਂ ਬਿਨਾਂ ਜਾਤੀਵਾਦ ਦਾ ਬਹੁਤ ਵਿਰੋਧ ਬਹੁਤ ਚੱਲ ਰਿਹਾ ਹੈ ਜੋ ਕਿ ਸਮਾਜ ਲਈ ਬਹੁਤ ਬਹੁਤ ਘਾਤਕ ਸਿੱਧ ਹੋ ਸਕਦਾ ਹੈ, ਸਦੀਆਂ ਤੋਂ ਲੱਗਿਆ ਇਹ ਕੋਹੜ ਗੁਰੂਆਂ ਦੇ ਸਖ਼ਤ ਵਿਰੋਧ ਤੋਂ ਬਾਅਦ ਹਲੇ ਵੀ ਸਮਾਜ ਵਿੱਚ ਮੌਜੂਦ ਹੈ, ਕੋਈ ਵੀ ਗੱਲ ਹੋ ਜਾਂਦੀ ਹੈ ਸੋਸ਼ਲ ਮੀਡੀਆ ’ਤੇ ਬੈਠੇ ਇਹ ਨਾਲ ਦੀ ਨਾਲ ਜ਼ਹਿਰ ਉਗਲਣਾ ਸ਼ੁਰੂ ਕਰ ਦਿੰਦੇ ਹਨ, ਜਿਸ ਦੇ ਨਤੀਜੇ ਕਈ ਵਾਰ ਬਹੁਤ ਚੰਗਾ ਗਵਾਹ ਕੇ ਭੁਗਤਣੇ ਪੈਂਦੇ ਹਨ। ਫਿਰ ਬਿਨਾ ਪਛਤਾਵੇ ਤੋਂ ਪੱਲੇ ਕੁਝ ਬੱਚਦਾ ਨਹੀਂ ਜੇਕਰ ਕੁਝ ਲੋਕ ਆਪਣੇ ਵੱਲੋਂ ਉੱਦਮ ਕਰਦੇ ਹਨ ਤਾਂ ਉਨ੍ਹਾਂ ਵਿੱਚ ਰਾਜਨੀਤਿਕ ਲੋਕ ਵਿੱਚ ਵੜ ਕੇ ਸਭ ਤਹਿਸ ਨਹਿਸ ਕਰ ਦਿੰਦੇ ਹਨ। ਲੋਕਾਂ ਦੇ ਦਿਮਾਗ ਫਿਰ ਖਾਲੀ ਕਰ ਦਿੰਦੇ ਹਨ ਤੇ ਬਾਕੀ ਕਸਰ ਇਨ੍ਹਾਂ ਦੇ ਸੋਸ਼ਲ ਮੀਡੀਆ ’ਤੇ ਬਣੇ ਪਲੇਟਫਾਰਮ ਆਪਣੇ ਆਪ ਮੀਡੀਆ ’ਤੇ ਜ਼ਹਿਰ ਫੈਲਾ ਕੇ ਕਰਦੇ ਹਨ।

ਸੋਸ਼ਲ ਮੀਡੀਆ ਤੇ ਰਾਜਨੀਤਿਕ, ਧਾਰਮਿਕ, ਸਮਾਜਿਕ, ਹੋਰ ਸਮਾਜ ਸੇਵਕ ਤੋਂ ਬਿਨਾਂ ਹਿੰਦੂ, ਸਿੱਖ, ਮੁਸਲਿਮ, ਈਸਾਈ ਤੇ ਹੋਰ ਕਮਿਊਨਿਟੀਆਂ ਦੇ ਲੋਕ ਵੀ ਐਕਟਿਵ ਰਹਿੰਦੇ ਹਨ ਤੇ ਇਨ੍ਹਾਂ ਵਿੱਚ ਆਪਸੀ ਜ਼ਬਰਦਸਤ ਵਿਰੋਧ ਵੀ ਹੁੰਦਾ ਰਹਿੰਦਾ ਹੈ, ਕਈ ਵਾਰ ਇਨ੍ਹਾਂ ਦੀ ਆਪਸੀ ਬਹਿਸ ਬਣ ਜਾਂਦੀ ਹੈ। ਜੋ ਸੰਸਾਰ ਭਰ ਵਿੱਚ ਜ਼ਹਿਰ ਘੋਲਣ ਦਾ ਕੰਮ ਕਰ ਜਾਂਦੀ ਹੈ ਇਸੇ ਲੜੀ ਤਹਿਤ ਪਿੱਛਲੀ ਦਿਨੀਂ ਈਸਾਈਆਂ ਦਾ ਧਾਰਮਿਕ ਮਾਮਲਾ ਬਹੁਤ ਭੜਕਿਆ, ਲੋਕਾਂ ਨੇ ਰੱਜ ਕੇ ਇੱਕ ਦੂਜੇ ’ਤੇ ਚਿੱਕੜ ਉਛਾਲਿਆ, ਫਿਰ ਰੰਗਰੇਟਾ ਭਾਈਚਾਰੇ ਤੇ ਜ਼ਿੰਮੀਦਾਰ ਭਾਈਚਾਰੇ ਦਾ ਪਾਰਾ ਸਤਵੇਂ ਅਸਮਾਨ ’ਤੇ ਰਿਹਾ ਇੱਕ ਦੂਜੇ ਨੂੰ ਰੱਜ ਕੇ ਗਾਲੀ ਗਲੋਚ ਕੀਤਾ, ਬਹੁਤਿਆਂ ਨੇ ਤਾਂ ਇੱਥੋਂ ਤੱਕ ਇੱਕ ਦੂਜੇ ਦੇ ਵੰਸ਼ ਦੇ ਮਹਾਨ ਸ਼ਹੀਦਾਂ ’ਤੇ ਸਵਾਲ ਖੜ੍ਹੇ ਕੀਤੇ ਜੋ ਕਿ ਧਾਰਮਿਕ ਰੀਤੀ ਅਨੁਸਾਰ ਸਰਾਸਰ ਗਲਤ ਹਨ ਤੇ ਉਨ੍ਹਾਂ ’ਤੇ ਸਾਨੂੰ ਸਵਾਲ ਕਰਨ ਦਾ ਕੋਈ ਹੱਕ ਵੀ ਨਹੀਂ ਬਣਦਾ, ਮੀਡੀਆ ਦੇ ਜ਼ਰੀਏ ਲੋਕਾਂ ਨੇ ਭਾਈਚਾਰਕ ’ਚ ਖ਼ੂਬ ਵੰਡੀਆਂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਦੋਨੋਂ ਧਿਰਾਂ ਵਿੱਚ ਸਮਾਜ ਸੁਧਾਰਕ ਤੇ ਸਿਆਣੇ ਪੁਰਸ਼ ਹੋਣ ਕਰਨ ਨੁਕਸਾਨ ਹੋਣੋਂ ਬੱਚਤ ਰਹੀ। ਇਸੇ ਤਰ੍ਹਾਂ ਹੁਣੇ ਰਿਲੀਜ਼ ਹੋਈ ਬਾਲੀਵੁੱਡ ਦੀ ਫਿਲਮ ਅਕਾਲ ਦਾ ਖ਼ੂਬ ਵਿਰੋਧ ਹੋ ਰਿਹਾ ਹੈ, ਇਸਤੋਂ ਪਹਿਲਾਂ ਹੋਰ ਕਈ ਧਾਰਮਿਕ ਫਿਲਮਾਂ ਦਾ ਖ਼ੂਬ ਵਿਰੋਧ ਹੋਇਆ, ਕੋਈ ਨਾ ਦੇਖਣ ਦੇ ਬਾਵਜੂਦ ਵੀ ਦੇਖ ਰਿਹਾ ਕੋਈ ਚੀਖ਼ ਚੀਖ ਕੇ ਨਾ ਦੇਖਣ ਲਈ ਵਿਰੋਧ ਕਰ ਰਿਹਾ ਹੈ ਖੈਰ ਇਹ ਸਭ ਦੀ ਆਪਣੀ ਆਪਣੀ ਸੋਚ ਹੈ ਪਰ ਆਪਣੀ ਜ਼ਹਿਰੀ ਮਨਸਾ ਦੇ ਕਾਰਨ ਜਣਾ ਖਣਾ ਲਾਈਵ ਹੋ ਆਪਣੇ ਆਪ ਨੂੰ ਧਰਮ ਰੱਖਿਅਕ ਤੇ ਵਿਦਵਾਨ ਸਾਬਿਤ ਕਰ ਰਿਹਾ ਹੈ। ਪੰਜਾਬ ਵਿੱਚ 32 ਕਿਸਾਨ ਜਥੇਬੰਦੀਆਂ ਸਭ ਦੇ ਵੱਖਰੇ ਵੱਖਰੇ ਵਿਚਾਰ ਹਨ, ਸਿੱਖ ਸੁਮਦਾਇ ਦੀਆਂ ਕਈ ਜਥੇਬੰਦੀਆਂ ਸਭ ਦੇ ਵੱਖਰੇ ਵੱਖਰੇ ਮੱਤ ਹਨ, ਹੋਰ ਬਹੁਤ ਸਮਾਜ ਸੇਵੀਆਂ ਦੀਆਂ ਸੰਸਥਾਵਾਂ ਹਨ, ਇਨ੍ਹਾਂ ਦੇ ਵੀ ਵਿਚਾਰ ਆਪਸ ਵਿਚ ਮੇਲ ਨਹੀਂ ਖਾਂਦੇ, ਅੰਦਰੂਨੀ ਮਨਸਾ ਕਿਸੇ ਦੀ ਨਹੀਂ ਪਤਾ ਕਿ ਕੋਈ ਕੀ ਕਰਨਾ ਚਾਹੁੰਦਾ ਹੈ ਪਰ ਇਕ ਦੂਜੇ ਦੀ ਲੱਤ ਖਿਚਾਈ ’ਤੇ ਪੂਰੇ ਜ਼ੋਰਾਂ ’ਤੇ ਲਗੇ ਹੋਏ ਹਨ, ਰਾਜਨੀਤਿਕ ਲੀਡਰਾਂ ਦੀ ਬੇ-ਸ਼ਰਮੀ ਦੀ ਤਾਂ ਕੋਈ ਹੱਦ ਹੀ ਨਹੀਂ ਹੈ ਇਨ੍ਹਾਂ ਬਾਰੇ ਗੱਲ ਕਰਨਾ ਵੀ ਕੋਈ ਬਹੁਤਾ ਵਾਜਿਬ ਨਹੀਂ ਹੈ ਪਰ ਇਹ ਸਮਾਜ ਵਿੱਚ ਜ਼ਹਿਰ ਘੋਲਣ ਦੀ ਹਰ ਮੁਮਕਿਨ ਕੋਸ਼ਿਸ਼ ਕਰਦੇ ਰਹਿੰਦੇ ਹਨ ਲੋਕ ਖ਼ੂਬ ਇਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਬਣ ਨੱਚਦੇ ਹਨ। ਹਾਲ ਦੇ ਦਿਨਾਂ ’ਚ ਡੇਰਾ ਸੌਦਾ ਮੁਖੀ ਸੋਸ਼ਲ ਮੀਡੀਆ ’ਤੇ ਖ਼ੂਬ ਸੁਰਖੀਆਂ ਵਿੱਚ ਬਣੇ ਹਨ। ਬਹੁਤਾ ਸੋਸ਼ਲ ਮੀਡੀਆ ਉਨ੍ਹਾਂ ਦੇ ਚੰਗੇ ਕੰਮਾਂ ਦੇ ਵੇਰਵੇ ਦੇ ਰਿਹਾ ਹੈ, ਬਹੁਤੇ ਲੋਕ ਉਨ੍ਹਾਂ ਦੇ ਦੋਸ਼ ਸਾਬਿਤ ਕਰਨ ਜੁਟੇ ਹਨ। ਜੋ ਵੀ ਹੈ ਪਰ ਲੋਕ ਆਪਸ ਵਿੱਚ ਜ਼ਹਿਰ ਉਗਲ ਰਹੇ ਹਨ ਜੋ ਕਿਸੇ ਲਈ ਵੀ ਚੰਗੀ ਗੱਲ ਨਹੀਂ ਹੈ।

ਲੋਕਾਂ ਨੂੰ ਬਹੁਤ ਸਮਝਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ। ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਪਰ ਸਾਡੀ ਇਹ ਤ੍ਰਾਸਦੀ ਰਹੀ ਹੈ ਸਾਡੀ ਅਗਵਾਈ ਕਰਨ ਵਾਲੇ ਲੀਡਰ ਜਾਂ ਤਾਂ ਸਾਜ਼ਿਸ਼ ਦਾ ਹਿੱਸਾ ਹੁੰਦੇ ਹਨ ਜਾਂ ਉਨ੍ਹਾਂ ਨੂੰ ਇੰਨਾ ਪ੍ਰਭਾਵਿਤ ਕਰ ਦਿੱਤਾ ਜਾਂਦਾ ਹੈ ਉਹ ਸਾਜਿਸ਼ ਦਾ ਹਿੱਸਾ ਬਣ ਜਾਂਦੇ ਹਨ। ਕੁਝ ਲੋਕਾਂ ਦੀ ਫ਼ਿਤਰਤ ਹੈ ਕਿ ਲੋਕਾਈ ਦੇ ਭਲੇ ਦੀ ਗੱਲ ਉਨ੍ਹਾਂ ਨੂੰ ਹਾਜ਼ਮ ਵੀ ਨਹੀਂ ਹੁੰਦੀ, ਇਸ ਲਈ ਉਹ ਮਾਨਵਤਾ ਦੀ ਸੇਵਾ ਕਰਨ ਵਾਲਿਆਂ ਵਿੱਚ ਵੀ ਨੁਕਸ ਕੱਢਦੇ ਰਹਿੰਦੇ ਹਨ, ਬੁਰਾਈ ਕਰਦੇ ਰਹਿੰਦੇ ਹਨ, ਉਹ ਆਪ ਕੁਝ ਕਰਦੇ ਨਹੀਂ ਕਿਸੇ ਨੂੰ ਕਰਨ ਨਹੀਂ ਦਿੰਦੇ। ਜਿਸ ਨਾਲ ਇੱਕ ਦੂਜੇ ’ਤੇ ਲੋਕ ਚਿੱਕੜ ਸੁੱਟਣਾ ਸ਼ੁਰੂ ਕਰ ਦਿੰਦੇ ਹਨ ਜੋ ਸਮਾਜ ਲਈ ਕਦੇ ਵੀ ਚੰਗਾ ਨਹੀਂ ਹੈ। ਕੁਝ ਧਾਰਮਿਕ ਤੇ ਰਾਜਨੀਤਕ ਲੀਡਰ ਅਜਿਹੇ ਹਨ ਜੋ ਖ਼ਾਸ ਸਮੇਂ ’ਤੇ ਹੀ ਬਾਹਰ ਆਉਂਦੇ ਹਨ ਤੇ ਫਿਰ ਸਮਾਜਿਕ ਸਮੀਕਰਣ ਬਦਲਣ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਮਨਸੂਬਾ ਪੂਰਾ ਨਾ ਹੋਣ ’ਤੇ ਫਿਰ ਅਲੋਪ ਹੋ ਜਾਂਦੇ ਹਨ।

ਅਜਿਹੇ ਵਿੱਚ ਲੋਕਾਂ ਨੂੰ ਬਹੁਤ ਸਮਝਦਾਰੀ ਵਰਤਣੀ ਚਾਹੀਦੀ ਹੈ ਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਉਣਾ ਚਾਹੀਦਾ ਹੈ। ਸੋਸ਼ਲ ਮੀਡੀਆ ’ਤੇ ਬੈਠੇ ਲੋਕ ਬਹੁਤੇ ਵਿਦੇਸ਼ਾਂ ਤੋਂ ਅਜਿਹੀਆਂ ਹਰਕਤਾਂ ਕਰ ਰਹੇ ਹਨ, ਜਿਸ ’ਤੇ ਧਾਰਮਿਕ ਤੇ ਜਾਤੀਵਾਦਕ ਪਾੜਾ ਵੱਧ ਰਿਹਾ ਹੈ, ਜੋ ਅਵਾਮ ਲਈ ਬਹੁਤ ਘਾਤਕ ਹੈ। ਸਾਨੂੰ ਅਜਿਹੇ ਲੋਕਾਂ ਤੋਂ ਜਾਗਰੂਕ ਹੋਣਾ ਚਾਹੀਦਾ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ ਗੱਲਾਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ, ਬੇਵਜ੍ਹਾ ਆਪਸੀ ਭਾਈਚਾਰਕ ਸਾਂਝ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ। ਅਜਿਹੇ ਵਿੱਚ ਲੋਕਾਂ ਨੂੰ ਬਹੁਤ ਸਮਝਦਾਰੀ ਦੀ ਲੋੜ ਹੈ, ਅਜਿਹੇ ਵਖਰੇਂਵਿਆਂ ਨੂੰ ਮਹੱਤਤਾ ਦੇਣ ਵਾਲੇ ਲੋਕਾਂ ਨੂੰ ਨਕਾਰਨਾ ਚਾਹੀਦਾ ਹੈ ਤਾਂ ਜੋ ਸਮਾਜ ਵਿੱਚ ਭਾਈਚਾਰਕ ਸਾਂਝ ਤੇ ਪਿਆਰ ਬਣਿਆ ਰਹੇ। ਆਉਣ ਵਾਲੇ ਸਮੇਂ ਵਿੱਚ ਅਮਨ ਸ਼ਾਂਤੀ ਨੂੰ ਕਾਇਮ ਰੱਖਿਆ ਜਾ ਸਕੇ।

# ਮਾਝਾ-ਦੁਆਬਾ
ਆਸ ਪਾਸ

## ਅੰਮ੍ਰਿਤਸਰ ਵਿਖੇ ਬਕਰੀਦ ਮੌਕੇ ਜਾਮਾ ਮਸਜਿਦ 'ਚ ਮੁਸਲਿਮ ਭਾਈਚਾਰੇ ਨੇ ਨਮਾਜ਼ ਅਦਾ ਕੀਤੀ



ਅੰਮ੍ਰਿਤਸਰ, 7 ਜੂਨ, (ਬਬਲੂ ਮਹਾਜਨ) : ਮੁਸਲਿਮ ਭਾਈਚਾਰੇ ਵੱਲੋਂ ਅੱਜ ਈਦ ਦੇ ਪਵਿੱਤਰ ਤਿਉਹਾਰ ਮੌਕੇ ਅੰਮ੍ਰਿਤਸਰ ਦੇ ਜਾਮਾ ਮਸਜਿਦ ਵਿੱਚ ਨਮਾਜ਼ ਅਦਾ ਕੀਤੀ ਗਈ। ਇਸ ਮੌਕੇ ਜਿੱਥੇ ਮੁਸਲਿਮ ਭਾਈਚਾਰੇ ਵੱਲੋਂ ਵੱਡੀ ਗਿਣਤੀ ਵਿੱਚ ਬਕਰੀਦ ਈਦ ਨਮਾਜ਼ ਅਦਾ ਕੀਤੀ, ਉੱਥੇ ਹੀ ਪੁਲਿਸ ਪ੍ਰਸ਼ਾਸਨ ਵੱਲੋਂ ਪੂਰੇ ਪ੍ਰਬੰਧ ਕੀਤੇ ਗਏ। ਇਸ ਮੌਕੇ ਜਾਮਾ ਮਸਜਿਦ ਦੇ ਇਮਾਮ ਵੱਲੋਂ ਜਿੱਥੇ ਦੇਸ਼ ਭਰ ਦੇ ਲੋਕਾਂ ਨੂੰ ਜਿੱਥੇ ਈਦ ਦੇ ਪਵਿੱਤਰ ਤਿਉਹਾਰ 'ਤੇ ਵਧਾਈ ਦਿੱਤੀ ਉੱਥੇ ਹੀ ਈਦ ਦੀ ਨਮਾਜ਼ ਪੜ੍ਹਦਿਆਂ ਅੱਲਾ ਤਾਲਾ ਕੋਲੋਂ ਸਰਬੱਤ ਦੇ ਭਲੇ ਦੀ ਅਰਜੋਈ ਕੀਤੀ। ਅਤੇ ਮੁਸਲਮ ਭਾਈਚਾਰੇ ਵੱਲੋਂ ਇੱਕ ਦੂਜੇ ਨਾਲ ਗਲੇ ਮਿਲਕੇ, ਇੱਕ ਦੂਜੇ ਨੂੰ ਈਦ ਦੀ ਵਧਾਈ ਦਿੱਤੀ ਜਾ ਰਹੀ ਹੈ। ਇਸ ਮੌਕੇ ਉਹਨਾਂ ਕਿਹਾ ਕਿ ਭਾਰਤ ਦੇਸ਼ ਵਿੱਚੋਂ ਵੀ ਕੱਲ੍ਹ ਸਾਊਦੀ ਅਰਬ ਵਿੱਚ ਈਦ ਦੀ ਨਮਾਜ਼ ਅਦਾ ਕਰਨ ਲਈ ਹਾਜੀ ਗਏ ਸਨ। ਉੱਥੇ ਹੀ ਪੰਜਾਬ ਦੇ ਵਿੱਚੋਂ 320 ਦੇ ਕਰੀਬ ਹਾਜੀ ਨਮਾਜ਼ ਅਦਾ ਕਰਨ ਲਈ ਸਾਊਦੀ ਅਰਬ ਗਏ ਹੋਏ ਹਨ। ਜਿਨ੍ਹਾਂ ਨੇ ਉੱਥੇ ਸ਼ਾਂਤੀ ਤੇ ਭਾਈਚਾਰਕ ਦੀ ਸਾਂਝ ਦੀ ਈਦ ਦੀ ਨਮਾਜ਼ ਅਦਾ ਕੀਤੀ। ਇਸ ਮੌਕੇ ਜਾਮਾ ਮਸਜਿਦ ਦੇ ਇਮਾਮ ਅਤੇ ਮੁਸਲਿਮ ਭਾਈਚਾਰੇ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਦੇਸ਼ ਭਰ ਵਿੱਚ ਈਦ-ਉਲ-ਅਜ਼ਹਾ ਯਾਨੀ ਬਕਰੀਦ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਅੰਮ੍ਰਿਤਸਰ ਦੀ ਜਾਮਾ ਮਸਜਿਦ 'ਚ ਬਕਰੀਦ ਦੇ ਮੌਕੇ 'ਤੇ ਨਮਾਜ਼ ਤੋਂ ਬਾਅਦ ਲੋਕਾਂ ਨੇ ਇਕ-ਦੂਜੇ ਨੂੰ ਗਲੇ ਮਿਲ ਕੇ ਵਧਾਈ ਦਿੱਤੀ ਅਤੇ ਸਭ ਨੂੰ ਆਪਸੀ ਪ੍ਰੇਮ ਪਿਆਰ ਨਾਲ ਇਕਜੁੱਟ ਰਹਿਣ ਦੀ ਅਪੀਲ ਕੀਤੀ।ਉਹਨਾਂ ਨੇ ਜਿੱਥੇ ਦੇਸ਼ ਭਰ ਦੇ ਲੋਕਾਂ ਨੂੰ ਇਸ ਪਵਿੱਤਰ ਤਿਉਹਾਰ ਮੌਕੇ ਈਦ ਦੀ ਵਧਾਈ ਦਿੱਤੀ, ਉੱਥੇ ਹੀ ਉਹਨਾਂ ਸਾਰੇ ਧਰਮਾਂ ਦੇ ਲੋਕਾਂ ਨੂੰ ਮਿਲ ਜੁਲ ਕੇ ਪਿਆਰ ਸਦਭਾਵ ਨਾਲ ਜਿਉਣ ਦੀ ਅਪੀਲ ਵੀ ਕੀਤੀ।ਇਸ ਮੌਕੇ ਏਸੀਪੀ ਜਸਪਾਲ ਸਿੰਘ ਨੇ ਅੰਮ੍ਰਿਤਸਰ ਸ਼ਹਿਰ ਵਾਸੀਆਂ ਅਤੇ ਪੰਜਾਬ ਤੇ ਦੇਸ਼ ਵਾਸੀਆਂ ਨੂੰ ਈਦ ਦੀ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਕੋਈ ਵੀ ਧਰਮ ਇੱਕ ਦੂਜੇ ਨਾਲ ਲੜਨਾ ਨਹੀਂ ਸਿਖਾਂਦਾ, ਨਾ ਹੀ ਵੈਰ ਵਿਰੋਧ ਰੱਖਦਾ ਹੈ। ਸਾਰੇ ਧਰਮ ਪ੍ਰੇਮ ਤੇ ਭਾਈਚਾਰਕ ਸਾਂਝ ਦੇ ਪ੍ਰਤੀਕ ਹਨ ਤੇ ਸਾਨੂੰ ਸਭ ਨੂੰ ਮਿਲ ਜੁਲ ਕੇ ਸਾਰੇ ਤਿਹਾਰ ਮਨਾਉਣੇ ਚਾਹੀਦੇ ਹਨ।

## ਪੱਤਰਕਾਰਾਂ ਦੀਆਂ ਸੇਵਾਵਾਂ ਦੇ ਧੰਨਵਾਦ ਅਤੇ ਸਨਮਾਨ 'ਚ ਹੋਇਆ ਸਮਾਰੋਹ



ਅਜਨਾਲਾ, 7 ਜੂਨ, (ਸੁਖਦੇਵ ਸਿੰਘ ਖਾਲਸਾ) : ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਦੇ ਮੀਡੀਆ ਵਿਭਾਗ ਤੇ ਆਮ ਆਦਮੀ ਪਾਰਟੀ ਸ਼ਹਿਰੀ ਅਜਨਾਲਾ ਦੇ ਪ੍ਰਧਾਨ ਅਮਿਤ ਔਲ ਤੇ ਬਲਾਕ ਅਜਨਾਲਾ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਵੱਲੋਂ ਸਾਂਝੇ ਤੌਰ 'ਤੇ ਵੱਖ ਵੱਖ ਅਖ਼ਬਾਰਾਂ/ ਟੀਵੀ/ ਯੂਟਿਊਬ/ਡਿਜ਼ੀਟਲ ਚੈਨਲਾਂ ਲਈ ਅਜਨਾਲਾ ਸਟੇਸ਼ਨ ਤੋਂ ਪੱਤਰਕਾਰੀ ਕਰਦੇ ਪੱਤਰਕਾਰਾਂ ਵੱਲੋਂ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਤੇ ਹਲਕਾ ਪੱਧਰੀ ਸਿੱਖਿਆ ਕੋਆਰਡੀਨੇਟਰ ਅਮਨਦੀਪ ਕੌਰ ਧਾਲੀਵਾਲ ਵੱਲੋਂ ਆਯੋਜਿਤ ਸਿੱਖਿਆ ਕ੍ਰਾਂਤੀ ਤੇ 'ਯੁੱਧ ਨਸ਼ਿਆਂ ਵਿਰੁੱਧ' ਨਸ਼ਾ ਮੁਕਤੀ ਯਾਤਰਾ ਦੀਆਂ ਸਰਗਰਮੀਆਂ ਨੂੰ ਕਵਰੇਜ ਕਰਨ ਲਈ ਦਿੱਤੀਆਂ ਗਈਆਂ ਸ਼ਲਾਘਾਯੋਗ ਸੇਵਾਵਾਂ ਦੇ ਮਾਨ ਸਤਿਕਾਰ 'ਚ ਅਜਨਾਲਾ ਸ਼ਹਿਰ 'ਚ ਕੌਫ਼ੀ ਕੱਪ ਵਿਦ ਮੀਡੀਆ ਇੰਚਾਰਜ: ਐੱਸ . ਪ੍ਰਸ਼ੋਤਮ' ਅਤੇ ਸੰਖੇਪ ਤੇ ਪ੍ਰਭਾਵਸ਼ਾਲੀ ਧੰਨਵਾਦ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ 'ਚ ਪੱਤਰਕਾਰਾਂ ਵੱਲੋਂ ਉਤਸ਼ਾਹ ਨਾਲ ਸ਼ਿਰਕਤ ਕੀਤੀ ਗਈ ਅਤੇ ਵਿਚਾਰ ਚਰਚਾ ਦੌਰਾਨ ਫੀਲਡ ਪੱਤਰਕਾਰੀ 'ਚ ਪੱਤਰਕਾਰਾਂ ਨੂੰ ਦਰਪੇਸ਼ ਚੁਣੌਤੀਆਂ, ਸਰਕਾਰਾਂ ਦੀ ਭੂਮਿਕਾ ਤੇ ਉਸਾਰੂ ਸੁਝਾਓ ਵਜੋਂ ਕੁੱਝ ਨੁਕਤੇ ਸਾਂਝੇ ਕੀਤੇ। ਜਿਨ੍ਹਾਂ ਨੂੰ ਕੈਬਨਿਟ ਮੰਤਰੀ ਧਾਲੀਵਾਲ ਰਾਹੀਂ ਹੱਲ ਕਰਨ ਲਈ ਸਹਿਮਤੀ ਵੀ ਬਣੀ।ਹਾਜ਼ਰੀਨ ਪੱਤਰਕਾਰ ਸਾਹਿਬਾਨ ਨੂੰ ਸ਼ਹਿਰੀ ਇਕਾਈ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਮੀਡੀਆ ਸਲਾਹਕਾਰ ਐੱਸ. ਪ੍ਰਸ਼ੋਤਮ, ਗੁਰਪ੍ਰੀਤ ਸਿੰਘ ਢਿੱਲੋਂ (ਅਜੀਤ), ਨਿਰਵੈਲ ਸਿੰਘ (ਜੱਗਬਾਣੀ), ਸੁਖਦੇਵ ਸਿੰਘ ਚੇਤਨਪੁਰਾ (ਚੜ੍ਹਦੀਕਲਾ), ਪੰਕਜ ਮੱਲ੍ਹੀ, ਵਿਸ਼ਾਲ ਸ਼ਰਮਾ, ਪ੍ਰਦੀਪ ਅਰੋੜਾ, ਵਰਿੰਦਰ ਸ਼ਰਮਾ, ਜਗਜੀਤ ਸਿੰਘ, ਸੁੱਖ ਮਾਹਲ, ਅਜੇ ਸ਼ਰਮਾ. ਸੁਖਤਿੰਦਰ ਸਿੰਘ ਰਾਜੂ, ਸੁਖਚੈਨ ਸਿੰਘ ਗਿੱਲ, ਲੱਖਣ ਸ਼ਰਮਾ, ਦਵਿੰਦਰ ਪੁਰੀ, ਮਾਸਟਰ ਪ੍ਰਭਜੋਤ ਸਿੰਘ, ਸੁਰਜੀਤ ਕੁਮਾਰ ਦੇਵਗਨ ਸਮੇਤ ਪੰਕਜ ਸਿੰਘ ਮੌਜੂਦ ਸਨ।

## ਆਮਦਨ ਕਰ ਵਿਭਾਗ ਵੱਲੋਂ ਉਪ ਚੋਣਾਂ 'ਚ ਕਾਲੇ ਧੰਨ ਦੀ ਵਰਤੋਂ ਰੋਕਣ ਲਈ ਪੁਖ਼ਤਾ ਪ੍ਰਬੰਧ

ਜਲੰਧਰ, 7 ਜੂਨ, (ਸੰਦੀਪ ਕੌਲ) : ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਤਹਿਤ ਆਮਦਨ ਕਰ ਵਿਭਾਗ ਦੇ ਜਾਂਚ ਡਾਇਰੈਕਟੋਰੇਟ ਨੇ ਆਗਾਮੀ ਵਿਧਾਨ ਸਭਾ ਉਪ ਚੋਣਾਂ 2025 (64-ਲੁਧਿਆਣਾ ਪੱਛਮੀ) ਵਿੱਚ ਕਾਲੇ ਧੰਨ ਦੀ ਵਰਤੋਂ ਨੂੰ ਰੋਕਣ ਲਈ ਪੁਖ਼ਤਾ ਪ੍ਰਬੰਧ ਕੀਤੇ ਹਨ।

ਇੰਸਪੈਕਟਰ ਇਨਕਮ ਟੈਕਸ ਇਨਵੈਸਟੀਗੇਸ਼ਨ ਵਿੰਗ ਜਲੰਧਰ ਮਨਵਿੰਦਰਬੀਰ ਸਿੰਘ ਅਸੀਜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਬੰਧ ਵਿੱਚ ਜਾਣਕਾਰੀ/ਸ਼ਿਕਾਇਤਾਂ ਪ੍ਰਾਪਤ ਕਰਨ ਲਈ ਪੰਜਾਬ ਰਾਜ ਲਈ ਇਨਕਮ ਟੈਕਸ ਦਫ਼ਤਰ, ਜਲੰਧਰ ਵਿਖੇ ਇੱਕ ਟੋਲ-ਫ੍ਰੀ ਨੰਬਰ (1800-180-2141) ਅਤੇ ਇੱਕ ਵਟਸਐਪ ਨੰਬਰ (7589166713) ਵਾਲਾ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜੋ ਕਿ 24 ਘੰਟੇ ਕੰਮ ਕਰਦਾ ਹੈ। ਲੋਕਾਂ ਨੂੰ ਇਸ ਨੰਬਰ 'ਤੇ ਕਾਲ ਕਰਨ ਅਤੇ ਚੋਣ ਪ੍ਰਕਿਰਿਆ ਨੂੰ ਗਲਤ ਢੰਗ ਨਾਲ ਪ੍ਰਭਾਵਿਤ ਕਰਨ ਲਈ ਵਰਤੀ ਜਾਂਦੀ ਨਕਦੀ ਜਾਂ ਹੋਰ ਕੀਮਤੀ ਚੀਜ਼ਾਂ ਨਾਲ ਸਬੰਧਤ ਖਾਸ ਜਾਣਕਾਰੀ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕਾਲ ਕਰਨ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ।

ਜ਼ਿਲ੍ਹੇ ਵਿੱਚ ਉਪ ਚੋਣ ਸਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਅਧਿਕਾਰੀਆਂ ਅਤੇ ਇੰਸਪੈਕਟਰਾਂ ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਸੂਚਨਾ ਦੀ ਪ੍ਰਮਾਣਿਕਤਾ ਦੇ ਆਧਾਰ 'ਤੇ ਅਤੇ ਜਾਂਚ ਤੋਂ ਬਾਅਦ ਕਾਨੂੰਨ ਅਨੁਸਾਰ ਢੁਕਵੇਂ ਮਾਮਲਿਆਂ 'ਚ ਨਕਦੀ ਆਦਿ ਜ਼ਬਤ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਇਹ ਟੀਮਾਂ ਜ਼ਿਲ੍ਹਾ ਚੋਣ ਅਫ਼ਸਰ (ਡੀ.ਈ.ਓ.) ਦੇ ਜ਼ਿਲ੍ਹਾ ਕੰਟਰੋਲ ਰੂਮ ਦੇ ਨਾਲ-ਨਾਲ ਜ਼ਿਲ੍ਹਾ ਪੱਧਰ 'ਤੇ ਹੋਰ ਏਜੰਸੀਆਂ ਨਾਲ ਨਜ਼ਦੀਕੀ ਤਾਲਮੇਲ ਵਿੱਚ ਕੰਮ ਕਰਨਗੀਆਂ। ਚੋਣ ਪ੍ਰਕਿਰਿਆ ਦੌਰਾਨ ਬੇਹਿਸਾਬ ਨਕਦੀ ਦੇ ਪ੍ਰਬੰਧਨ ਵਿੱਚ ਸੰਭਾਵਿਤ ਤੌਰ 'ਤੇ ਸ਼ਾਮਲ ਵਿਅਕਤੀਆਂ, ਸਥਾਨਾਂ ਅਤੇ ਗਤੀਵਿਧੀਆਂ 'ਤੇ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਏਅਰ ਇੰਟੈਲੀਜੈਂਸ ਯੂਨਿਟ ਪੰਜਾਬ ਰਾਜ ਦੇ ਸਾਰੇ ਹਵਾਈ ਅੱਡਿਆਂ ਦੇ ਨਾਲ-ਨਾਲ ਰਾਜ ਲਈ ਵਪਾਰਕ ਉਡਾਣਾਂ ਦੀ ਸੇਵਾ ਕਰਨ ਵਾਲੇ ਹਵਾਈ ਅੱਡਿਆਂ 'ਤੇ ਕਾਰਜਸ਼ੀਲ ਹੈ। ਇਹ ਯੂਨਿਟ ਹਵਾਈ ਮਾਰਗ ਰਾਹੀਂ ਨਕਦੀ ਦੀ ਆਵਾਜਾਈ 'ਤੇ ਤਿੱਖੀ ਨਜ਼ਰ ਰੱਖ ਰਹੇ ਹਨ। ਇਸੇ ਤਰ੍ਹਾਂ ਰੇਲਵੇ ਰਾਹੀਂ ਨਕਦੀ ਆਦਿ ਦੀ ਆਵਾਜਾਈ 'ਤੇ ਵੀ ਰੇਲਵੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਨਿਗਰਾਨੀ ਰੱਖੀ ਜਾ ਰਹੀ ਹੈ।

ਬੈਂਕ ਖਾਤਿਆਂ ਤੋਂ ਇੱਕ ਨਿਸ਼ਚਿਤ ਸੀਮਾ ਤੋਂ ਵੱਧ ਨਕਦੀ ਕਢਵਾਉਣ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਸ਼ੱਕੀ ਲੈਣ-ਦੇਣ ਦੀ ਪਛਾਣ ਕਰਨ ਅਤੇ ਉਚਿਤ ਕਾਰਵਾਈ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਡਾਇਰੈਕਟੋਰੇਟ ਉਮੀਦਵਾਰਾਂ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਨੂੰ ਘੋਸ਼ਿਤ ਕਰਨ ਵਾਲੇ ਹਲਫ਼ਨਾਮਿਆਂ ਦੀ ਵੀ ਜਾਂਚ ਕਰੇਗਾ ਅਤੇ ਜੇਕਰ ਇਸ ਨਾਲ ਸਬੰਧਤ ਕੋਈ ਵੀ ਜਾਣਕਾਰੀ ਛੁਪੀ ਹੋਈ ਹੈ, ਤਾਂ ਉਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਦਿੱਤੀ ਜਾਵੇਗੀ। ਇਸੇ ਤਰ੍ਹਾਂ ਜੇਕਰ ਉਮੀਦਵਾਰਾਂ ਵੱਲੋਂ ਚੋਣ ਖਰਚੇ ਸਬੰਧੀ ਕੋਈ ਇਤਰਾਜ਼ਯੋਗ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਵੀ ਦਿੱਤੀ ਜਾਵੇਗੀ।

## ਗਰਮੀਆਂ ਦੀਆਂ ਛੁੱਟੀਆਂ 'ਚ ਵਿਦਿਆਰਥੀਆਂ ਵੱਲੋਂ ਦਰਬਾਰ ਸਾਹਿਬ 'ਚ ਵਲੰਟੀਅਰ ਸੇਵਾ




ਅੰਮ੍ਰਿਤਸਰ, 7 ਜੂਨ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚੱਲ ਰਹੇ ਸਕੂਲਾਂ ਅਤੇ ਕਾਲਜਾਂ ਦੇ ਕਰੀਬ 100 ਵਿਦਿਆਰਥੀਆਂ ਨੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਪਣਾ ਸਮਾਂ ਸੇਵਾ ਲਈ ਸਮਰਪਿਤ ਕਰ ਦਿੱਤਾ ਹੈ। ਇਨ੍ਹਾਂ ਵਿਦਿਆਰਥੀਆਂ ਨੇ ਵਲੰਟੀਅਰ ਵਜੋਂ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਵਿਖੇ ਹਾਜ਼ਰੀ ਭਰੀ ਅਤੇ ਸ਼ਰਧਾਲੂਆਂ ਦੀ ਸੇਵਾ ਵਿੱਚ ਜੁਟੇ ਹੋਏ ਹਨ।ਇਹ ਵਿਦਿਆਰਥੀ ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤੱਕ ਗੁਰੂ ਘਰ ਦੀਆਂ ਪਵਿੱਤਰ ਪ੍ਰਕਿਰਿਆਵਾਂ ਵਿੱਚ ਹਿੱਸਾ ਲੈਂਦੇ ਹੋਏ, ਵਿਦੇਸ਼ਾਂ ਤੇ ਦੇਸ਼ਾਂ ਤੋਂ ਆ ਰਹੀਆਂ ਸੰਗਤਾਂ ਨੂੰ ਗੁਰੂ ਦੀ ਮਰਿਆਦਾ ਸੰਬੰਧੀ ਜਾਣਕਾਰੀ ਦੇ ਰਹੇ ਹਨ। ਹੱਥਾਂ ਵਿੱਚ ਤਖਤੀਆਂ ਫੜ ਕੇ ਇਹ ਨੌਜਵਾਨ ਸ਼ਰਧਾਲੂਆਂ ਨੂੰ ਨਿਮਰਤਾ ਨਾਲ ਸੂਚਿਤ ਕਰ ਰਹੇ ਹਨ, ਕਿ ਦਰਬਾਰ ਸਾਹਿਬ ਦੀ ਮਰਿਆਦਾ ਦੀ ਪਾਲਣਾ ਕਰਨੀ ਕਿੰਨੀ ਜ਼ਰੂਰੀ ਹੈ।ਇੰਨੀ ਤਿੱਖੀ ਗਰਮੀ ਦੇ ਬਾਵਜੂਦ ਵੀ ਇਹ ਵਿਦਿਆਰਥੀ ਜੋਸ਼ ਅਤੇ ਸ਼ਰਧਾ ਨਾਲ ਆਪਣੀ ਸੇਵਾ ਨਿਭਾ ਰਹੇ ਹਨ। ਜਦਕਿ ਆਮ ਤੌਰ 'ਤੇ ਇਨ੍ਹਾਂ ਛੁੱਟੀਆਂ ਦੌਰਾਨ ਬੱਚੇ ਤੇ ਮਾਪੇ ਹਿੱਲ ਸਟੇਸ਼ਨਾਂ ਦੀ ਯਾਤਰਾ ਕਰਦੇ ਹਨ, ਪਰ ਇਹ ਵਿਦਿਆਰਥੀ ਆਪਣਾ ਸਮਾਂ ਗੁਰੂ ਘਰ ਵਿੱਚ ਸੇਵਾ ਅਤੇ ਜਾਗਰੂਕਤਾ ਵਿੱਚ ਬਿਤਾ ਰਹੇ ਹਨ।ਸ਼੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ, ਇਹ ਮੁਹਿੰਮ 10 ਜੂਨ ਤੱਕ ਚੱਲੇਗੀ ਅਤੇ ਇਸ ਦੌਰਾਨ SGPC ਦੇ 100 ਦੇ ਕਰੀਬ ਵਿਦਿਆਰਥੀ ਗੁਰੂ ਘਰ ਵਿੱਚ ਨਿਮਰਤਾ, ਪਿਆਰ ਅਤੇ ਮਰਿਆਦਾ ਨਾਲ ਸੇਵਾ ਕਰਦੇ ਰਹਿਣਗੇ।ਇਹ ਸੇਵਾ ਨਾ ਸਿਰਫ ਨੌਜਵਾਨੀ ਵਿੱਚ ਗੁਰਸਿਖੀ ਸੰਸਕਾਰ ਪੈਦਾ ਕਰ ਰਿਹਾ ਹੈ, ਸਗੋਂ ਸੰਗਤਾਂ ਨੂੰ ਵੀ ਸਚੇ ਅਰਥਾਂ ਵਿੱਚ ਮਰਿਆਦਾ ਅਨੁਸਾਰ ਦਰਸ਼ਨ ਕਰਨ ਲਈ ਜਾਗਰੂਕ ਕਰ ਰਿਹਾ ਹੈ।

## ਸਲੋਗਨ ਲਿਖਣ ਮੁਕਾਬਲੇ ਕਰਵਾਏ

ਜਲੰਧਰ, 7 ਜੂਨ, (ਸੰਦੀਪ ਕੌਲ) : ਸਮਾਜਿਕ ਅਤੇ ਵਾਤਾਵਰਨ ਸਬੰਧੀ ਮੁੱਦਿਆਂ 'ਤੇ ਜਾਗਰੂਕਤਾ ਪੈਦਾ ਕਰਨ ਦੀ ਆਪਣੀ ਵਚਨਬੱਧਤਾ ਨੂੰ ਜਾਰੀ ਰੱਖਦੇ ਹੋਏ, ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਦੀ ਐਨਐਸਐਸ ਯੂਨਿਟ ਨੇ ਵਿਸ਼ਵ ਵਾਤਾਵਰਨ ਦਿਵਸ ਨੂੰ ਮਨਾਉਣ ਲਈ ਇੱਕ ਸਲੋਗਨ ਲਿਖਣ ਮੁਕਾਬਲਾ ਆਯੋਜਿਤ ਕੀਤਾ। ਇਸ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਰੱਖਿਆ ਅਤੇ ਸੰਭਾਲ ਦੀ ਜ਼ਰੂਰੀ ਲੋੜ ਨੂੰ ਉਜਾਗਰ ਕਰਦੇ ਹੋਏ ਰਚਨਾਤਮਕ ਪ੍ਰਗਟਾਵੇ ਵਿੱਚ ਸ਼ਾਮਲ ਕਰਨਾ ਸੀ।

ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਉਪ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਮੈਂਬਰ, ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਵਿੱਚ ਸਿਹਤ ਅਤੇ ਵਾਤਾਵਰਨ ਚੇਤਨਾ ਦੋਵਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਅਰਥਪੂਰਨ ਗਤੀਵਿਧੀਆਂ ਦੇ ਆਯੋਜਨ ਲਈ ਐਨਐਸਐਸ ਯੂਨਿਟ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਮੁੱਖ ਖੇਤੀਬਾੜੀ ਅ.ਫਸਰ ਡਾ. ਭੁੱਲਰ ਵੱਲੋਂ ਬਲਾਕ ਮਜੀਠਾ ਦੇ ਸਮੂਹ ਡੀਲਰਾਂ ਨਾਲ ਮੀਟਿੰਗ



ਅਜਨਾਲਾ/ਚੇਤਨਪੁਰਾ, 7 ਜੂਨ, (ਸੁਖਦੇਵ ਸਿੰਘ ਖਾਲਸਾ) : ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਡਾ. ਜਸਵੰਤ ਸਿੰਘ ਦੇ ਦਿਸ਼ਾ ਨਿਰਦੇਸ਼ ਤਹਿਤ ਅਨੁਸਾਰ ਮੁੱਖ ਖੇਤੀਬਾੜੀ ਅਫਸਰ ਡਾ ਬਲਜਿੰਦਰ ਸਿੰਘ ਭੁੱਲਰ ਨੇ ਬਲਾਕ ਮਜੀਠਾ ਵਿਖੇ ਸਮੂਹ ਬੀਜ, ਕੀਟਨਾਸ਼ਕ ਅਤੇ ਖਾਦਾਂ ਦੇ ਡੀਲਰਾ ਨਾਲ ਮੀਟਿੰਗ ਕਰਕੇ ਸਾਉਣੀ ਦੀਆਂ ਫਸਲਾਂ ਸਬੰਧੀ ਵਿਭਾਗ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਹਨਾਂ ਡੀਲਰਾਂ ਨੂੰ ਕਿਹਾ ਕਿ ਝੋਨੇ ਦੇ ਹਾਈਬ੍ਰਿਡ ਬੀਜਾਂ, ਪੂਸਾ 44 ਦੀ ਸੇਲ ਨਾ ਕੀਤੀ ਜਾਵੇ ਅਤੇ ਖਾਦਾਂ ਸਹੀ ਰੇਟ ਉੱਤੇ ਕਿਸਾਨਾਂ ਸੇਲ ਕੀਤੀਆਂ ਜਾਣ, ਨਾਲੇ ਖਾਦਾਂ ਨਾਲ ਹੋਰ ਕੋਈ ਗੈਰ ਜ਼ਰੂਰੀ ਵਸਤੂ ਦੀ ਟੈਗਿੰਗ ਨਾ ਕੀਤੀ ਜਾਵੇ ਅਤੇ ਖਾਦਾਂ ਦਾ ਸਟਾਕ ਰੋਜ਼ਾਨਾ ਸਟਾਕ ਬੋਰਡ 'ਤੇ ਲਿਖਿਆ ਜਾਵੇ ਅਤੇ ਪੀ.ਓ.ਐਸ ਮਸ਼ੀਨਾਂ ਦਾ ਸਟਾਕ ਨਾਲ ਦੀ ਨਾਲ ਕਲੀਅਰ ਕੀਤਾ ਜਾਵੇ। ਇਸ ਮੌਕੇ ਡਾ ਦਿਲਬਾਗ ਸਿੰਘ ਭੱਟੀ ਖੇਤੀਬਾੜੀ ਅਫਸਰ ਮਜੀਠਾ ਨੇ ਡੀਲਰਾਂ ਨੂੰ ਹਦਾਇਤ ਦਿੱਤੀ ਕਿ ਕਿਸਾਨ ਨੂੰ ਸੇਲ ਕੀਤੀ ਦਵਾਈ ਦਾ ਪੱਕਾ ਬਿੱਲ ਜ਼ਰੂਰ ਦਿੱਤਾ ਜਾਵੇ ਅਤੇ ਦਵਾਈ ਨੂੰ ਸਹੀ ਵਿਧੀ ਨਾਲ ਸਪਰੇਅ ਕਰਨ ਲਈ ਦੱਸਿਆ ਜਾਵੇ ਤਾਂ ਜੋ ਦਵਾਈ ਆਪਣਾ ਕੰਮ ਵਧੀਆ ਤਰੀਕੇ ਨਾਲ ਕਰ ਸਕੇ।ਇਸ ਮੌਕੇ ਡਾ ਹਰਜਿੰਦਰ ਸਿੰਘ ਖੇਤਬਾੜੀ ਵਿਕਾਸ ਅਫਸਰ, ਏ ਈ ਓ ਅਮਰਦੀਪ ਸਿੰਘ ਅਤੇ ਦਵਿੰਦਰ ਸਿੰਘ, ਸਰਨਜੀਤ ਸਿੰਘ, ਕਮਲ ਕਾਹਲੋ, ਲਵਪ੍ਰੀਤ ਸਿੰਘ ਬੀ ਟੀ ਐਮ, ਤਿਲਕ ਰਾਜ, ਜਸ਼ਨਪ੍ਰੀਤ ਕੌਰ, ਰਵਨੀਤ ਸਿੰਘ, ਕਰਮਨਜੀਤ ਸਿੰਘ, ਸੁਖਵਿੰਦਰ ਸਿੰਘ, ਧਰਮਿੰਦਰ ਸਿੰਘ ਸਮੇਤ ਬਲਾਕ ਮਜੀਠਾ ਅਧੀਨ ਆਉਂਦੇ ਸਮੂਹ ਡੀਲਰ ਹਾਜ਼ਰ ਸਨ।

## ਧਾਮੀ ਦੀ ਦੂਰਅੰਦੇਸ਼ੀ ਕਾਰਨ ਸਮਾਗਮ ਸ਼ਾਂਤੀਪੂਰਵਕ ਸੰਪੰਨ : ਢੋਟ



ਅੰਮ੍ਰਿਤਸਰ, 7 ਜੂਨ, (ਬਬਲੂ ਮਹਾਜਨ) : 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ 1984 ਦੇ ਹੋਰ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਆਯੋਜਿਤ ਸਮਾਗਮ ਬੜੀ ਸ਼ਾਂਤੀ, ਗੰਭੀਰਤਾ ਅਤੇ ਮਰਿਆਦਾ ਪੂਰਨ ਢੰਗ ਨਾਲ ਸਫਲਤਾ ਪੂਰਵਕ ਸੰਪੰਨ ਹੋਏ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰਬੀਰ ਸਿੰਘ ਢੋਟ ਅਤੇ ਸਕੱਤਰ ਜਨਰਲ ਭਾਈ ਲਖਬੀਰ ਸਿੰਘ ਸ਼ੇਖੋਂ ਨੇ ਇੱਕ ਪ੍ਰੈਸ ਨੋਟ ਰਾਹੀਂ ਕੀਤਾ।

ਫੈਡਰੇਸ਼ਨ ਆਗੂਆਂ ਨੇ ਕਿਹਾ ਕਿ, ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਹਰ ਸਾਲ 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਨਾਕਾਰਾਤਮਕ ਜੋਸ਼ੋਖਰੋਸ਼ ਅਤੇ ਤਣਾਪੂਰਨ ਮਾਹੌਲ ਬਣ ਜਾਂਦਾ ਸੀ। ਪਰ ਇਸ ਵਾਰ ਦਮਦਮੀ ਟਕਸਾਲ ਦੇ ਮੁਖੀ ਸਨਮਾਨਯੋਗ ਗਿਆਨੀ ਹਰਨਾਮ ਸਿੰਘ ਖਾਲਸਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਦੂਰਅੰਦੇਸ਼ੀ ਅਤੇ ਸੂਝਬੂਝਭਰੀ ਅਗਵਾਈ ਕਾਰਨ ਇਹ ਸਮਾਗਮ ਸ਼ਾਂਤੀ ਅਤੇ ਗੰਭੀਰਤਾ ਦਾ ਪ੍ਰਤੀਕ ਬਣ ਕੇ ਉਭਰਿਆ।

ਇਹ ਦੋਵੇਂ ਸ਼ਖਸ਼ੀਅਤਾਂ ਸਿਰਫ ਸਿੱਖ ਸੰਸਥਾਵਾਂ ਦੇ ਮੁਖੀ ਹੀ ਨਹੀਂ, ਸਗੋਂ ਸਿੱਖ ਕੌਮ ਦੀ ਆਵਾਜ਼, ਸਾਂਝੀ ਸੋਚ, ਏਕਤਾ ਅਤੇ ਜ਼ਿੰਮੇਵਾਰੀ ਦੀ ਨਵੀਂ ਪਰਿਭਾਸ਼ਾ ਦੇਣ ਵਾਲੇ ਮੁਖੀਆਂ ਵਜੋਂ ਸਾਹਮਣੇ ਆਏ ਹਨ। ਉਨ੍ਹਾਂ ਨੇ ਆਪਣੇ ਗੂੜ੍ਹਬਿਬੇਕ ਨਾਲ ਮਾਹੌਲ ਨੂੰ ਸੰਤੁਲਿਤ ਰੱਖਦੇ ਹੋਏ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਿਆ। ਜਿੱਥੇ ਕਿ ਦੋਵੇਂ ਸ਼ਖਸ਼ੀਅਤਾਂ ਇਸ ਕਾਰਜ ਲਈ ਵਧਾਈ ਦੀਆਂ ਪਾਤਰ ਹਨ, ਉੱਥੇ ਨਾਲ ਹੀ ਉਮੀਦ ਜਾਗੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹਨਾਂ ਦੇ ਯਤਨਾਂ ਨਾਲ ਆਪਸੀ ਕੌਮੀ ਤਣਾਅ ਨੂੰ ਘੱਟ ਕਰਨ ਵਿੱਚ ਕਾਮਯਾਬੀ ਮਿਲੇਗੀ।

## 12ਵੇਂ ਸਮਰ ਆਰਟ ਕੈਂਪ ਵਿੱਚ ਕਲਾਕਾਰ ਤੇ.ਗਬੀਰ ਸਿੰਘ ਦੀ ਫੋਟੋਗ੍ਰਾ.ਫੀ ਪ੍ਰਦਰਸ਼ਨੀ ਲਗਾਈ



ਅੰਮ੍ਰਿਤਸਰ, 7 ਜੂਨ, (ਬਬਲੂ ਮਹਾਜਨ) : ਇੰਡਿਅਨ ਅਕੈਡਮੀ ਆਫ ਫਾਈਨ ਆਰਟਸ ਵੱਲੋਂ ਆਯੋਜਿਤ 12ਵਾਂ ਸਮਰ ਆਰਟ ਕੈਂਪ, ਅੱਜ ਆਪਣੇ ਪਹਿਲੇ ਹਫ਼ਤੇ 'ਚ ਦਾਖ਼ਲ ਹੋ ਗਿਆ। ਇਸ ਮੌਕੇ ਨੂੰ ਵਿਸ਼ੇਸ਼ ਬਣਾਉਂਦੇ ਹੋਏ ਅਕੈਡਮੀ ਵੱਲੋਂ ਇੱਕ ਵਿਸ਼ੇਸ਼ ਫੋਟੋਗ੍ਰਾਫੀ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ, ਜੋ ਉੱਭਰਦੇ ਨੌਜਵਾਨ ਕਲਾਕਾਰ ਤੇਗਬੀਰ ਸਿੰਘ ਵੱਲੋਂ ਲਗਾਈ ਗਈ।

ਇਹ ਪ੍ਰਦਰਸ਼ਨੀ ਆਰਟ ਗੈਲਰੀ ਦੇ ਵਿਚ ਸਜਾਈ ਗਈ, ਜਿਸ ਦਾ ਉਦਘਾਟਨ ਦੇ ਮਾਣਯੋਗ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ ਜੀ ਵੱਲੋਂ ਕੀਤਾ ਗਿਆ ਉਹ ਵਿਸ਼ੇਸ਼ ਤੌਰ 'ਤੇ ਇਸ ਮੌਕੇ 'ਤੇ ਮੌਜੂਦ ਸਨ। ਉਨ੍ਹਾਂ ਨੇ ਫੋਟੋਆਂ ਨੂੰ ਗੰਭੀਰਤਾ ਨਾਲ ਵੇਖਿਆ ਅਤੇ ਕਲਾਕਾਰ ਦੀ ਸੋਚ ਅਤੇ ਨਜ਼ਰੀਏ ਦੀ ਭਾਰੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਤੇਗਬੀਰ ਸਿੰਘ ਵਰਗੇ ਨੌਜਵਾਨ ਕਲਾਕਾਰ ਸਾਡੀ ਸੰਸਕ੍ਰਿਤਕ ਕਲਾ ਨੂੰ ਨਵੀਂ ਦਿਸ਼ਾ ਦੇ ਰਹੇ ਹਨ। ਉਨ੍ਹਾਂ ਦੇ ਕੰਮ ਵਿੱਚ ਬਲਿਊਕਤ ਤਰੀਕੇ ਨਾਲ ਸਮਾਜਿਕ, ਸਾਂਸਕ੍ਰਿਤਿਕ ਅਤੇ ਵਿਅਕਤੀਗਤ ਪਰਤਾਂ ਨੂੰ ਫੋਟੋਆਂ ਰਾਹੀਂ ਦਰਸਾਇਆ ਗਿਆ ਹੈ।

ਤੇਗਬੀਰ ਸਿੰਘ ਵੱਲੋਂ ਤਿਆਰ ਕੀਤੀਆਂ ਕੁੱਲ 28 ਫੋਟੋਗ੍ਰਾਫਿਕ ਰਚਨਾਵਾਂ ਪ੍ਰਦਰਸ਼ਿਤ ਕੀਤੀਆਂ ਗਈਆਂ, ਜੋ ਕਿ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨੂੰ ਬਹੁਤ ਹੀ ਸੰਵੇਦਨਸ਼ੀਲ ਅਤੇ ਕਲਾ ਪੂਰਨ ਅੰਦਾਜ਼ ਵਿਚ ਦਰਸਾਉਂਦੀਆਂ ਹਨ। ਉਨ੍ਹਾਂ ਦੀ ਉਮਰ ਭਾਵੇਂ ਨੌਜਵਾਨ ਹੈ, ਪਰ ਉਨ੍ਹਾਂ ਦੀ ਨਜ਼ਰ ਤੇ ਸੋਚ ਵਿੱਚ ਗਹਿਰਾਈ ਅਤੇ ਪਰਿਪਕਤਾ ਦਿੱਸਦੀ ਹੈ। ਉਨ੍ਹਾਂ ਦੀਆਂ ਰਚਨਾਵਾਂ ਨੇ ਦਰਸ਼ਕਾਂ 'ਚ ਇਕ ਵੱਖਰੀ ਹੀ ਲਹਿਰ ਜਗਾਈ, ਜਿੱਥੇ ਲੋਕਾਂ ਨੇ ਨਿਰੇ ਦੇਖਣ ਦੀ ਨਹੀਂ, ਸਗੋਂ ਮਹਿਸੂਸ ਕਰਨ ਦੀ ਕੋਸ਼ਿਸ਼ ਕੀਤੀ।

ਇੰਡਿਅਨ ਅਕੈਡਮੀ ਆਫ ਫਾਈਨ ਆਰਟਸ ਦੇ ਔਨਰੇਰੀ ਜਨਰਲ ਸਕੱਤਰ ਡਾ. ਪੀ.ਐਸ. ਗਰੋਵਰ ਜੀ ਨੇ ਦੱਸਿਆ ਕਿ ਇਹ ਸਮਰ ਆਰਟ ਕੈਂਪ ਸਿਰਫ਼ ਕਲਾਸਾਂ ਤੱਕ ਸੀਮਤ ਨਹੀਂ, ਸਗੋਂ ਇਹ ਇੱਕ ਸੰਕਲਪ ਹੈ — ਇੱਕ ਮੰਚ, ਜਿੱਥੇ ਨੌਜਵਾਨ ਕਲਾਕਾਰ ਆਪਣੀ ਆਵਾਜ਼, ਸੋਚ ਅਤੇ ਨਜ਼ਰੀਏ ਨੂੰ ਜਗਤ ਸਾਹਮਣੇ ਲਿਆਉਂਦੇ ਹਨ। ਤੇਗਬੀਰ ਸਿੰਘ ਵੱਲੋਂ ਲਗਾਈ ਗਈ ਇਹ ਪ੍ਰਦਰਸ਼ਨੀ ਇਸ ਗੱਲ ਦਾ ਪ੍ਰਮਾਣ ਹੈ ਕਿ ਉਨ੍ਹਾਂ ਵਰਗੇ ਕਲਾਕਾਰ ਭਵਿੱਖ ਦੀ ਕਲਾ ਦੀ ਦੁਨੀਆਂ ਨੂੰ ਅਕਾਰ ਦੇਣਗੇ।

ਇਸੇ ਮੌਕੇ ਉੱਤੇ ਪ੍ਰਸਿੱਧ ਚਿੱਤਰਕਾਰ ਕੁਲਵੰਤ ਸਿੰਘ ਗਿੱਲ ਵੱਲੋਂ ਇੱਕ 'ਪੋਰਟਰੇਟ ਡੈਮੋ ਵਰਕਸ਼ਾਪ' ਦਾ ਆਯੋਜਨ ਵੀ ਕੀਤਾ ਗਿਆ। ਉਨ੍ਹਾਂ ਨੇ ਲਾਈਵ ਪੋਰਟਰੇਟ ਤਿਆਰ ਕਰਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਇਸ ਵਰਕਸ਼ਾਪ ਵਿੱਚ ਉਨ੍ਹਾਂ ਨੇ ਪੋਰਟਰੇਟ ਬਣਾਉਣ ਦੀਆਂ ਵਿਧੀਆਂ, ਰੰਗਾਂ ਦੀ ਚੋਣ, ਨਾਕ-ਨਕਸ਼ ਦੇ ਸੰਤੁਲਨ ਅਤੇ ਲਾਈਟ-ਸ਼ੈਡੋ ਵਰਗੀਆਂ ਬਾਰੀਕੀਆਂ ਨੂੰ ਬਹੁਤ ਹੀ ਆਸਾਨ ਅੰਦਾਜ਼ ਵਿੱਚ ਸਮਝਾਇਆ।

ਸਾਰੇ ਆਏ ਹੋਏ ਦਰਸ਼ਕ, ਵਿਦਿਆਰਥੀ ਅਤੇ 9161 ਦੇ ਮੈਂਬਰਾਂ ਨੇ ਪ੍ਰਦਰਸ਼ਨੀ ਅਤੇ ਵਰਕਸ਼ਾਪ ਦਾ ਪੂਰੀ ਤਰ੍ਹਾਂ ਆਨੰਦ ਮਾਣਿਆ। ਤੇਗਬੀਰ ਸਿੰਘ ਨੂੰ ਕਈ ਸਿੱਖਿਆ ਪ੍ਰੇਮੀ ਅਤੇ ਕਲਾ ਰਸਿਕਾਂ ਵੱਲੋਂ ਅਸੀਸਾਂ ਅਤੇ ਹੌਸਲਾ ਮਿਲਿਆ। ਇਹ ਸਮਾਰੋਹ ਇਕ ਪ੍ਰੇਰਣਾਦਾਇਕ ਉਦਾਹਰਨ ਸਾਬਤ ਹੋਇਆ ਕਿ ਕਿਸੇ ਵੀ ਕਲਾ ਮੰਚ ਉੱਤੇ ਨੌਜਵਾਨ ਅਸੰਭਵ ਨੂੰ ਵੀ ਸੰਭਵ ਬਣਾ ਸਕਦੇ ਹਨ।

## ਚੀ.ਫ ਖ਼ਾਲਸਾ ਦੀਵਾਨ ਵੱਲੋਂ ਚਾਰ ਰੋਜ਼ਾ ਅਧਿਆਪਕ ਸਿਖਲਾਈ ਪ੍ਰੋਗਰਾਮ ਸ.ਫਲਤਾਪੂਰਵਕ ਸੰਪੰਨ



ਅੰਮ੍ਰਿਤਸਰ, 7 ਜੂਨ, (ਬਬਲੂ ਮਹਾਜਨ) : ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਅੰਮ੍ਰਿਤਸਰ ਦੇ ਜੀ.ਟੀ.ਰੋਡ, ਮਜੀਠਾ ਰੋਡ ਬਾਈਪਾਸ, ਬਸੰਤ ਐਵੀਨਿਊ, ਰਣਜੀਤ ਐਵੀਨਿਊ, ਤਰਨਤਾਰਨ, (ਪੰਡੋਰੀ ਖਜੂਰ, ਹੁਸ਼ਿਆਰਪੁਰ) ਅਤੇ ਚੰਡੀਗੜ੍ਹ ਵਿਖੇ ਆਯੋਜਿਤ ਚਾਰ ਰੋਜ਼ਾ ਟੀਚਰ ਟਰੇਨਿੰਗ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋਏ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੇ ਨਿਰਦੇਸ਼ਾਂ ਹੇਠ ਆਯੋਜਿਤ ਟਰੇਨਿੰਗ ਪ੍ਰੋਗਰਾਮਾਂ ਵਿਚ ਤਜਰਬੇਕਾਰ ਵਿਸ਼ਾ ਮਾਹਿਰਾ ਵੱਲੋਂ ਲੱਗਭੱਗ 2000 ਸੀ.ਕੇ.ਡੀ ਅਧਿਆਪਕਾਂ ਨੂੰ ਤਕਨੀਕੀ ਗਿਆਨ ਦੇ ਨਾਲ—ਨਾਲ ਅਬੈਕਸ ਟਰੇਨਿੰਗ, ਸਪੋਕਨ ਇੰਗਲਿਸ, ਤਣਾਅ ਪ੍ਰਬੰਧਨ ਦੇ ਵੱਖ—ਵੱਖ ਤਰੀਕਿਆਂ, ਅਧਿਆਪਨ ਸੰਬੰਧੀ ਚੁਣੌਤੀਆਂ ਅਤੇ ਇਸਦੇ ਹੱਲ, ਵਿਦਿਆਰਥੀਆਂ ਦੀ ਮਨੋਵਿਗਿਆਨ ਸਾਂਝ, ਸਰਵਾਈਕਲ ਕੈਂਸਰ ਪ੍ਰਤਿ ਜਾਗਰੁਕ ਕਰਨਾ, ਰੋਕਥਾਮ ਅਤੇ ਇਲਾਜ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਪ੍ਰੈਜ਼ੈਨਟੇਸ਼ਨ ਅਤੇ ਵਰਕਸ਼ਾਪਾਂ ਰਾਹੀਂ ਦਿੱਤੀ ਗਈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਰਮਣੀਕ ਸਿੰਘ ਫਰੀਡਮ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਐਡੀ.ਆਨਰੇਰੀ ਸਕੱਤਰ ਹਰਿੰਦਰਪਾਲ ਸਿੰਘ ਸੇਠੀ, ਆਨਰੇਰੀ ਜਾਇੰਟ ਸਕੱਤਰ ਇੰਜੀ.ਜਸਪਾਲ ਸਿੰਘ, ਡਾਇਰੈਕਟਰ ਏ.ਪੀ.ਐਸ ਚਾਵਲਾ ਅਤੇ ਹੋਰ ਮੈਂਬਰ ਸਾਹਿਬਾਨ ਵੱਲੋਂ ਵੱਖ—ਵੱਖ ਸਕੂਲਾਂ ਵਿਚ ਚੱਲ ਰਹੇ ਟੀਚਰ ਟਰੇਨਿੰਗ ਪ੍ਰੋਗਰਾਮਾਂ ਦਾ ਦੌਰਾ ਕੀਤਾ ਗਿਆ ਅਤੇ ਰਿਸੋਰਸ ਪਰਸਨਜ਼ ਨੂੰ ਸਨਮਾਨਿਤ ਕੀਤਾ ਗਿਆ।

ਇਸ ਟਰੇਨਿੰਗ ਪ੍ਰੋਗਰਾਮਾਂ ਦੀ ਵਿਸ਼ੇਸ਼ਤਾ ਇਹ ਰਹੀ ਕਿ ਹਰ ਦਿਨ ਪ੍ਰੋਗਰਾਮ ਦੇ ਅੰਤ ਵਿਚ ਫੀਡ ਬੇਕ ਅਤੇ ਚਰਚਾ ਸੈਸ਼ਨ ਰੱਖੇ ਗਏ ਜਿਸ ਵਿਚ ਅਧਿਆਪਕਾਂ ਨੇ ਆਪਣੇ ਅਨੁਭਵ ਸਾਂਝੇ ਕੀਤੇ। ਉਹਨਾਂ ਦੀਵਾਨ ਵੱਲੋਂ ਅਧਿਆਪਕਾਂ ਦੇ ਵਿਦਿਅਕ ਅਤੇ ਵਿਅਕਤੀਗਤ ਵਿਕਾਸ ਲਈ ਆਯੋਜਿਤ ਟਰੇਨਿੰਗ ਕੈਂਪਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਇਸ ਨੂੰ ਉਹਨਾਂ ਦੇ ਗਿਆਨ ਅਤੇ ਸੋਚ ਨੂੰ ਤਕਨੀਕੀ ਸਮੇਂ ਦਾ ਹਾਣੀ ਬਣਾਉਣ ਲਈ ਸਭ ਤੋਂ ਵੱਧ ਪ੍ਰਭਾਵਸ਼ਾਲੀ ਤਰੀਕਾ ਦੱਸਿਆ। ਦੀਵਾਨ ਪ੍ਰਬੰਧਕਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਅਜਿਹੇ ਟਰੇਨਿੰਗ ਪ੍ਰੋਗਰਾਮ ਨਿਯਮਤ ਤੌਰ ਤੇ ਲਗਾਏ ਜਾਣਗੇ ਤਾਂ ਜੋ ਸੀ.ਕੇ.ਡੀ ਅਧਿਆਪਕ ਅਤੇ ਵਿਦਿਆਰਥੀ ਆਧੁਨਿਕ ਸਮੇਂ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲ ਸਕਣ।

## ਨਸ਼ੇ ਦੇ ਕਾਰੋਬਾਰ ਤੇ ਸਮਾਜ ਵਿਰੋਧੀ ਅੰਸਰਾਂ ਨੂੰ ਬਖਸ਼ਿਆ ਨਹੀ ਜਾਵੇਗਾ : ਐਸ.ਐਚ.ਓ.



ਅਜਨਾਲਾ/ਚੇਤਨਪੁਰਾ 7 ਜੂਨ:(ਸੁਖਦੇਵ ਸਿੰਘ ਖਾਲਸਾ) ਮਜੀਠਾ ਪੁਲਿਸ ਨਸ਼ਾ ਵਪਾਰੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਦੇ ਮੂਡ ਵਿੱਚ ਹੈ। ਥਾਣਾ ਮੁੱਖੀ ਇੰਸਪੈਕਟਰ ਕਰਮਪਾਲ ਸਿੰਘ ਨੇ ਸਪੱਸ਼ਟ ਕੀਤਾ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਅਤੇ ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਕਿਸੇ ਵੀ ਕੀਮਤ ਤੇ ਬਖ਼ਸ਼ਿਆ ਨਹੀਂ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਕਿਹਾ ਕਿ ਪੁਲਿਸ ਨਸ਼ਿਆਂ ਦੀ ਰੋਕਥਾਮ ਅਤੇ ਅਪਰਾਧਾਂ 'ਤੇ ਨਕੇਲ ਕੱਸਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇੰਸਪੈਕਟਰ ਕਰਮਪਾਲ ਸਿੰਘ ਨੇ ਦੱਸਿਆ ਕਿ ਮਜੀਠਾ ਥਾਣੇ ਅਧੀਨ ਆਉਂਦੇ ਖੇਤਰ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੁਲਿਸ ਟੀਮਾਂ ਲਗਾਤਾਰ ਸਰਗਰਮ ਹਨ। ਸਥਾਨਕ ਲੋਕਾਂ ਦੇ ਸਹਿਯੋਗ ਨਾਲ ਅਜਿਹੇ ਅਨਸਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤਹਿਤ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਨਸ਼ਾ ਵਪਾਰੀਆਂ ਅਤੇ ਸਰਗਨਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਨੇ ਇਲਾਕੇ ਨੂੰ ਨਸ਼ਾ ਮੁਕਤ ਅਤੇ ਸੁਰੱਖਿਅਤ ਬਣਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਚਿਤਾਵਨੀ ਦਿੱਤੀ ਕਿ ਨਸ਼ਿਆਂ ਜਾਂ ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਵੇਗੀ। ਸਥਾਨਕ ਵਸਨੀਕਾਂ ਨੂੰ ਅਪੀਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਦੀ ਸੂਚਨਾ ਤੁਰੰਤ ਪੁਲਿਸ ਨੂੰ ਦਿੱਤੀ ਜਾਵੇ, ਤਾਂ ਜੋ ਅਜਹੇ ਸਮਾਜ ਵਿਰੋਧੀ ਅੰਸਰਾਂ ਨੂੰ ਕਾਬੂ ਕੀਤਾ ਜਾ ਸਕੇ।

## ਜੁਡੀਸ਼ੀਅਲ ਮੈਜਿਸਟਰੇਟ ਬਾਬਾ ਬਕਾਲਾ ਵੱਲੋਂ ਮਨਜੀਤ ਸਿੰਘ ਮੰਨਾ, ਉਸ ਦੇ ਭਰਾ ਅਤੇ ਹੋਰਨਾਂ ਦੇ .ਗੈਰ ਜ਼ਮਾਨਤੀ ਗ੍ਰਿ.ਫਤਾਰੀ ਵਰੰਟ ਜਾਰੀ



ਬਾਬਾ ਬਕਾਲਾ ਸਾਹਿਬ, 7 ਜੂਨ, (ਬਲਰਾਜ ਸਿੰਘ ਰਾਜਾ) : ਅਕਾਲੀ-ਭਾਜਪਾ ਸਰਕਾਰ ਸਮੇਂ ਇੱਕ ਕੰਨਕਟਰ ਤੋਂ ਵਿਧਾਇਕ ਅਤੇ ਵਜੀਰੀ ਦਾ ਸੁੱਖ ਭੋਗ ਚੁੱਕੇ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ, ਉਸ ਦੇ ਭਰਾ ਰਣਜੀਤ ਸਿੰਘ ਅਤੇ ਇੱਕ ਸਾਥੀ ਹਰਜੀਤ ਸਿੰਘ ਦੇ ਮਾਣਯੋਗ ਮਿਸ ਰਮਨਦੀਪ ਕੌਰ ਜੁਡੀਸ਼ੀਅਲ ਮੈਜਿਸਟਰੇਟ ਬਾਬਾ ਬਕਾਲਾ ਸਾਹਿਬ ਵੱਲੋ ਗਿਰਫ਼ਤਾਰੀ ਵਰੰਟ (ਗੈਰ ਜ਼ਮਾਨਤੀ ਵਰੰਟ) ਜਾਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਅਕਾਲੀ ਸਰਕਾਰ ਦੇ ਸਮੇਂ ਮਿਤੀ 18-9-2015 ਨੂੰ ਪੁਲਿਸ ਥਾਣਾ ਖਿਲਚੀਆ ਵੱਲੋਂ ਇੱਕ ਗੈਰ ਰਿਹਾਸਤੀ ਕੇਸ ਵਿੱਚ ਉਤਪੰਨ ਹੋਏ ਝਗੜੇ ਤੋ ਬਾਅਦ ਉਸ ਸਮੇਂ ਦੇ ਅਕਾਲੀ ਵਿਧਾਇਕ ਮਨਜੀਤ ਸਿੰਘ ਮੰਨ੍ਹਾ, ਰਣਜੀਤ ਸਿੰਘ ਦੋਵੇਂ ਪੁੱਤਰਾਨ ਮਹਿੰਦਰ ਸਿੰਘ, ਹਰਜੀਤ ਸਿੰਘ ਪੁੱਤਰ ਸੁੱਚਾ ਸਿੰਘ ਸਾਰੇ ਵਾਸੀਆਨ ਮੀਆਵਿੰਡ, ਮਨਜੀਤ ਸਿੰਘ ਮੰਨ੍ਹਾ ਦੇ ਪੀ.ਏ ਹਰਪ੍ਰੀਤ ਸਿੰਘ ਪੁੱਤਰ ਝੰਡਾ ਸਿੰਘ ਵਾਸੀ ਖੱਖ ਅਤੇ ਬਲਦੇਵ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਿੰਡ ਭੋਰਸ਼ੀ ਰਾਜਪੂਤਾ ਨੇ ਆਪਣੀ ਹੀ ਪਾਰਟੀ ਦੇ ਸਰਗਰਮ ਵਰਕਰ ਪੂਰਨ ਸਿੰਘ ਪੁੱਤਰ ਚੂੜ ਸਿੰਘ ਵਾਸੀ ਖਿਲਚੀਆ ਨੂੰ ਬੁਰੀ ਤਰ੍ਹਾਂ ਮਾਰ ਕੁਟਾਈ ਕੀਤੀ ਅਤੇ ਆਪਣੇ ਤੇਜ਼ਧਾਰ ਹਥਿਆਰਾ ਨਾਲ ਸੱਟਾਂ ਮਾਰੀਆਂ । ਉਕਤ ਦੋਸ਼ੀਆਨ ਨੇ ਪੂਰਨ ਸਿੰਘ ਦੀ ਪੱਗ ਉਤਾਰ ਦਿੱਤੀ ਅਤੇ ਉਸ ਦੇ ਕੇਸਾ ਅਤੇ ਦਾਹੜੀ ਦੀ ਬੇਅਦਬੀ ਵੀ ਕੀਤੀ ਵਿਧਾਇਕ ਅਤੇ ਇਸ ਦੇ ਸਾਥੀਆ ਦੇ ਅੱਤਿਆਚਾਰ ਤੋ ਪੀੜਤ ਪੂਰਨ ਸਿੰਘ ਦੇ ਲੜਕੇ ਨੇ ਇਸ ਘਟਨਾ ਸਬੰਧੀ ਪੁਲਿਸ ਥਾਣਾ ਇਤਲਾਹ ਦਿੱਤੀ ਅਤੇ ਸੱਟਾ ਸਬੰਧੀ ਮੈਡੀਕਲ ਕਰਵਾਉਣ ਲਈ ਪੁਲਿਸ ਡਾਕਟਰ ਦੀ ਮੰਗ ਕੀਤੀ, ਪਰ ਉਸ ਸਮੇ ਦੋਸ਼ੀ ਦੇ ਮੌਜੂਦਾ ਵਿਧਾਇਕ ਹੋਣ ਪੁਲਿਸ ਨੇ ਪੂਰਨ ਸਿੰਘ ਦੀ ਕੋਈ ਗੱਲ ਨਹੀਂ ਸੁਣੀ । ਪੀੜਤ ਦੇ ਲੜਕੇ ਨੇ ਇਸ ਸਬੰਧੀ ਪੰਜਾਬ ਪੁਲਿਸ ਦੇ ਹੈਲਪ ਲਾਇਨ ਨੰਬਰ 181 'ਤੇ ਸ਼ਿਕਾਇਤ ਵੀ ਕੀਤੀ, ਜਿਸ ਦਾ ਨੰਬਰ ਏ.ਐਮ.ਆਰ -ਆਰ ਆਰ 814229 ਮਿਤੀ 18-9-2015 ਹੈ। ਹਰਦੀਪ ਸਿੰਘ ਨੇ ਪੂਰਨ ਸਿੰਘ ਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਦਾਖਿਲ ਕਰਵਾਇਆ, ਜਿੱਥੇ ਉਸ ਦਾ ਇਲਾਜ ਹੋਇਆ ਅਤੇ ਡਾਕਟਰ ਸਾਹਿਬ ਨੇ ਪੂਰਨ ਸਿੰਘ ਦੀ ਮੈਡੀਕਲ ਲੀਗਲ ਬਣਾ ਕੇ ਪੁਲਿਸ ਥਾਣਾ ਖਿਲਚੀਆ ਭੇਜੀ ।ਪੀੜਤ ਨੇ ਇਸ ਮਾਮਲੇ ਸਬੰਧੀ ਉੱਚ ਪੁਲਿਸ ਅਧਿਕਾਰੀਆ ਨੂੰ ਇਤਲਾਹ ਦਿੱਤੀ, ਪਰ ਦੋਸ਼ੀਆਨ ਦੀ ਰਾਜਨੀਤਿਕ ਪਹੁੰਚ ਕਾਰਨ ਪੁਲਿਸ ਨੇ ਦੋਸ਼ੀਆਨ ਖਿਲ਼ਾਫ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ ।ਜਿਸ 'ਤੇ ਪੀੜਤ ਪੂਰਨ ਸਿੰਘ ਨੇ ਵਕੀਲ ਵੀ.ਕੇ ਜਸਵਾਲ ਰਾਹੀਂ ਜੁਡੀਸ਼ੀਅਲ ਮੈਜਿਸਟਰੇਟ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿੱਚ 156 (3) ਸੀ.ਆਰ.ਪੀ ਸੀ ਤਹਿਤ ਸ਼ਕਾਇਤ ਦਰਜ ਕੀਤੀ ਕਿ ਦੋਸ਼ੀਆਨ ਖਿਲ਼ਾਫ ਮੁਕੱਦਮਾ ਦਰਜ ਕਰਨ ਲਈ ਪੁਲਿਸ ਥਾਣਾ ਖਿਲ਼ਚੀਆ ਨੂੰ ਹਦਾਇਤ ਕੀਤੀ ਜਾਵੇ।ਪਰ ਜੱਜ ਸਹਿਬਾਨ ਨੇ ਇਸ ਸ਼ਕਾਇਤ ਨੂੰ ਇਤਸਗਾਸਾ ਵਿੱਚ ਬਦਲ ਲਿਆ ।ਇਸ ਇਤਸਗਾਸੇ ਵਿੱਚ ਜੱਜ ਸਾਹਿਬਾਨ ਨੇ ਕੁੱਲ 9 ਗਵਾਹਾਂ ਜਿਸ ਵਿੱਚ ਸ਼ਿਕਾਇਤ ਕਰਤਾ, ਮੌਕੇ ਦੇ ਗਵਾਹਾਂ, ਡਾਕਟਰੀ ਰਿਪੋਰਟ ਸਬੰਧੀ ਡਾਕਟਰਾਂ, ਪੁਲਿਸ ਨੂੰ ਕੀਤੀਆਂ ਸ਼ਿਕਾਇਤਾਂ ਸਬੰਧੀ ਸਰਕਾਰੀ ਗਵਾਹਾਂ ਦੇ ਬਿਆਨ ਕਲਮਬੰਦ ਕਰਨ ਤੋਂ ਬਾਅਦ ਵਕੀਲ ਵੀ.ਕੇ ਜਸਵਾਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਮਾਣਯੋਗ ਸ੍ਰੀ ਰੰਜੀਵਪਾਲ ਸਿੰਘ ਚੀਮਾ ਜੁਡੀਸ਼ੀਅਲ ਮੈਜਿਸਟਰੇਟ ਬਾਬਾ ਬਕਾਲਾ ਸਾਹਿਬ ਵੱਲੋਂ ਮਿਤੀ 12-7-2019 ਨੂੰ ਸਾਰੇ ਦੋਸ਼ੀਆਂ ਨੂੰ ਧਾਰਾ 326, 324, 323, 341, 148, 149 ਤਹਿਤ ਸੰਮਨ ਜਾਰੀ ਕਰਕੇ ਸਾਰੇ ਦੋਸ਼ੀਆਨ ਨੂੰ ਮਿਤੀ 8-8-2019 ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਹੁਕਮ ਜਾਰੀ ਕੀਤੇ । ਇਸ ਕੇਸ ਵਿੱਚ ਮਨਜੀਤ ਸਿੰਘ ਮੰਨਾ ਦਾ ਨਿੱਜੀ ਸਹਾਇਕ ਹਰਪ੍ਰੀਤ ਸਿੰਘ ਅਤੇ ਬਲਦੇਵ ਸਿੰਘ ਵਕੀਲ ਮਨਿੰਦਰਜੀਤ ਸਿੰਘ ਗਹਿਰੀ ਰਾਹੀ ਪੇਸ਼ ਹੋ ਗਏ, ਪਰ ਬਾਕੀ ਦੋਸ਼ੀਆਨ ਨੇ ਆਪਣੇ ਕਾਨੂੰਨੀ ਦਾਅ ਪੇਜ ਖੇਡਦਿਆਂ ਮਾਮਲੇ ਨੂੰ ਅੱਜ ਤੱਕ ਲਟਕਾਈ ਰੱਖਿਆ ਰਹੇ ਅਤੇ ਅਦਾਲਤ ਦੇ ਹੁਕਮਾ ਨੂੰ ਟਿੱਚ ਜਾਣਦਿਆਂ ਅਦਾਲਤ ਵਿੱਚ ਪੇਸ਼ ਨਹੀਂ ਹੋਏ । ਜਿਸ 'ਤੇ ਮਾਣਯੋਗ ਜੱਜ ਸਾਹਿਬਾਨ ਮਿਸ ਰਮਨਦੀਪ ਕੌਰ ਜੁਡੀਸ਼ੀਅਲ ਮੈਜਿਸਟਰੇਟ ਬਾਬਾ ਬਕਾਲਾ ਨੇ ਮਿਤੀ 29-5-2025 ਨੂੰ ਪੁਲਿਸ ਨੂੰ ਦੋਸ਼ੀਆਨ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ, ਉਸ ਦੇ ਭਰਾ ਰਣਜੀਤ ਸਿੰਘ ਅਤੇ ਇੱਕ ਸਾਥੀ ਹਰਜੀਤ ਸਿੰਘ ਦੇ ਗਿਰਫਤਾਰੀ ਵਰੰਟ ਜਾਰੀ ਕਰਕੇ ਮਿਤੀ 12-6-2025 ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ ।

## ਲਾਇਲਪੁਰ ਖ਼ਾਲਸਾ ਕਾਲਜ ਦੇ ਐਮ.ਐਸਸੀ. ਦੀ ਵਿਦਿਆਰਥਣ ਦਾ ਸ਼ਾਨਦਾਰ ਪ੍ਰਦਰਸ਼ਨ



ਜਲੰਧਰ, 7 ਜੂਨ, (ਸੰਦੀਪ ਕੌਲ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਐਸਸੀ. ਕੈਮਿਸਟਰੀ ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਦੀ ਵਿਦਿਆਰਥਣ ਤਨੂੰ ਪ੍ਰਿਆ ਨੇ 10 ਵਿੱਚੋਂ 9.24 ਐਸ.ਜੀ.ਪੀ.ਏ. ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਡਾ. ਰਜਨੀਸ਼ ਮੋਦਗਿੱਲ, ਮੁਖੀ ਕੈਮਿਸਟਰੀ ਵਿਭਾਗ, ਡਾ. ਨਵਜੋਤ ਕੌਰ, ਡਾ. ਗੀਤਾਂਜਲੀ ਕੌਸ਼ਲ, ਡਾ. ਵਿਕਾਸ ਕੁਮਾਰ ਅਤੇ ਡਾ. ਹਰਸ਼ਵੀਰ ਅਰੋੜਾ ਵੀ ਹਾਜ਼ਰ ਸਨ।

# ਸਾਂਸਦ ਅਰੋੜਾ ਨੇ ਮਾੜੀ ਸਿਆਸਤਨੂੰ ਬਦਲ ਕੇ ਰਾਜਨੀਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ : ਅਰੋੜਾ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਅੱਜ ਕਿਹਾ ਕਿ ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਦਬੰਗਾਈ ਕਿਸਮ ਦੀ ਰਾਜਨੀਤੀ ਦੀ ਥਾਂ ਵਿਕਾਸ-ਕੇਂਦ੍ਰਿਤ ਸ਼ਾਸਨ ਨਾਲ ਰਾਜਨੀਤੀ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਇਹ ਗੱਲ ਅੱਜ ਸਵੇਰੇ ਇੱਥੇ ਸਰਾਭਾ ਨਗਰ ਵਿਖੇ ਆਯੋਜਿਤ ਇੱਕ ਚੋਣ ਮੀਟਿੰਗ ਦੌਰਾਨ ਕਹੀ। ਸੰਜੀਵ ਅਰੋੜਾ ਦੀ ਅਗਵਾਈ ਦੀ ਪ੍ਰਸ਼ੰਸਾ ਕਰਦੇ ਹੋਏ, ਅਮਨ ਅਰੋੜਾ ਨੇ ਉਨ੍ਹਾਂ ਨੂੰ ਇੱਕ ਸੁਧਰੇ ਇਮਾਨਦਾਰ ਅਤੇ ਨਰਮ ਬੋਲਣ ਵਾਲੇ ਸਿਆਸਤਦਾਨ ਵਜੋਂ ਦੱਸਿਆ ਜਿਨ੍ਹਾਂ ਨੇ ਆਪਣਾ ਧਿਆਨ ਨਤੀਜਾ-ਮੁਖੀ ਵਿਕਾਸ ਵੱਲ ਮੋੜਿਆ ਹੈ। ਉਨ੍ਹਾਂ ਦੀ ਮੁਹਿੰਮ ਸੁਚਾਰੂ ਸਕਾਰਾਤਮਕ ਅਤੇ ਲੋਕ-ਪੱਖੀ ਢੰਗ ਨਾਲ ਚਲਾਈ ਜਾ ਰਹੀ ਹੈ। ਮੈਨੂੰ ਵਿਸ਼ਵਾਸ ਹੈ ਕਿ ਨਤੀਜੇ ਉਨ੍ਹਾਂ ਦੇ ਹੱਕ ਵਿੱਚ ਹੋਣਗੇ ਉਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਮਹੱਤਵਪੂਰਨ ਵਿਕਾਸ ਕਾਰਜਾਂ ਨੂੰ ਅੰਜਾਮ ਦੇਣ ਲਈ ਅਰੋੜਾ ਦੀ ਸ਼ਲਾਘਾ ਕਰਦੇ ਹੋਏ ਕਿਹਾ।

'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਲੋਕ-ਪੱਖੀ ਅਤੇ ਉਦਯੋਗ-ਪੱਖੀ ਪਹੁੰਚ ਨੂੰ ਉਜਾਗਰ ਕਰਦੇ ਹੋਏ ਅਮਨ ਅਰੋੜਾ ਨੇ ਕਿਹਾ ਸਾਡੀ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਨੂੰ ਯਕੀਨੀ ਬਣਾ ਰਹੀ ਹੈ। ਨੀਤੀਆਂ ਪੂਰੀ ਤਰ੍ਹਾਂ ਲੋਕ ਅਤੇ ਉਦਯੋਗ- ਕੇਂਦ੍ਰਿਤ ਹਨ ਅਤੇ ਸਕਾਰਾਤਮਕ ਨਤੀਜੇ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੇ ਹਨ। ਉਨ੍ਹਾਂ ਨੇ ਨਾਗਰਿਕਾਂ ਨੂੰ 19 ਜੂਨ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਇਹ ਕਹਿੰਦੇ ਹੋਏ ਕਿ ਪਾਰਟੀ ਅਤੇ ਇਸਦੇ ਨੇਤਾਵਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕੀਤੀਆਂ ਹਨ ਅਤੇ ਹੁਣ ਜਨਤਾ ਦੀ ਵਾਰੀ ਹੈ। ਹਰ ਵੋਟ ਲੁਧਿਆਣਾ ਦੀ ਵਿਕਾਸ ਯਾਤਰਾ ਨੂੰ ਮਜ਼ਬੂਤ ਕਰੇਗੀ। ਮੈਂ ਨਿਵਾਸੀਆਂ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਆਪਣੀ ਨਾਗਰਿਕ ਜ਼ਿੰਮੇਵਾਰੀ ਨਿਭਾਉਣ ਲਈ ਵੋਟਾਂ ਵਾਲੇ ਦਿਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਆਪਣੀਆਂ ਛੁੱਟੀਆਂ ਦੀ ਯੋਜਨਾ ਬਣਾਉਣ।

## ਅਰੋੜਾ ਨੇ ਪਦਮ ਸ਼੍ਰੀ ਪੁਰਸਕਾਰ ਜੇਤੂ ਭਾਈ ਹਰਜਿੰਦਰ ਸਿੰਘ ਨਾਲ ਕੀਤੀ ਮੁਲਾਕਾਤ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਅਤੇ ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਨੇ ਸ਼ਨੀਵਾਰ ਸਵੇਰੇ ਇੱਥੇ ਬੀਆਰਐਸ ਨਗਰ ਵਿਖੇ ਪ੍ਰਸਿੱਧ ਸਿੱਖ ਕੀਰਤਨੀ ਭਾਈ ਹਰਜਿੰਦਰ ਸਿੰਘ ਜੀ (ਸ੍ਰੀ ਨਗਰ ਵਾਲੇ) ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕੀਤੀ। ਅਰੋੜਾ ਨੇ ਭਾਈ ਹਰਜਿੰਦਰ ਸਿੰਘ ਜੀ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਭਾਰਤ ਦੇ ਸਭ ਤੋਂ ਉੱਚ ਨਾਗਰਿਕ ਸਨਮਾਨਾਂ ਵਿੱਚੋਂ ਇੱਕ, ਵੱਕਾਰੀ ਪਦਮ ਸ਼੍ਰੀ ਪ੍ਰਦਾਨ ਕੀਤੇ ਜਾਣ 'ਤੇ ਦਿਲੋਂ ਵਧਾਈ ਦਿੱਤੀ।

ਅਰੋੜਾ ਦੇ ਨਾਲ ਉਨ੍ਹਾਂ ਦੀ ਪਤਨੀ ਸੰਧਿਆ ਅਰੋੜਾ ਅਤੇ ਪੁੱਤਰ ਕਾਵਿਆ ਅਰੋੜਾ ਵੀ ਸਨ। ਮੁਲਾਕਾਤ ਦੌਰਾਨ, ਦੋਵਾਂ ਪਰਿਵਾਰਾਂ ਨੇ ਅਧਿਆਤਮਿਕਤਾ, ਸੰਗੀਤ ਅਤੇ ਸਮਾਜਿਕ ਮੁੱਦਿਆਂ 'ਤੇ ਅਰਥਪੂਰਨ ਗੱਲਬਾਤ ਕੀਤੀ। ਅਰੋੜਾ ਨੇ ਭਾਈ ਹਰਜਿੰਦਰ ਸਿੰਘ ਜੀ ਦੀ ਨਿਮਰਤਾ, ਧਰਮ ਪ੍ਰਤੀ ਵਚਨਬੱਧਤਾ ਅਤੇ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਡੂੰਘੀ ਪ੍ਰਸ਼ੰਸਾ ਪ੍ਰਗਟ ਕੀਤੀ। ਅਰੋੜਾ ਨੇ ਕਿਹਾ ਕਿ ਅਜਿਹੀਆਂ ਸ਼ਖਸੀਅਤਾਂ ਨਾ ਸਿਰਫ਼ ਧਾਰਮਿਕ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਦੀਆਂ ਹਨ ਬਲਕਿ ਸ਼ਾਂਤੀ ਸ਼ਰਧਾ ਅਤੇ ਏਕਤਾ ਦੇ ਆਪਣੇ ਸੰਦੇਸ਼ ਰਾਹੀਂ ਪੀੜ੍ਹੀਆਂ ਵਿਚਕਾਰ ਪੁਲ ਦਾ ਕੰਮ ਵੀ ਕਰਦੀਆਂ ਹਨ। ਇਸ ਦੌਰਾ ਚੱਲ ਰਹੀ ਚੋਣ ਮੁਹਿੰਮ ਨਾਲ ਵੀ ਜੁੜਿਆ ਸੀ ਜੋ ਲੁਧਿਆਣਾ ਦੇ ਸੱਭਿਆਚਾਰਕ ਅਤੇ ਅਧਿਆਤਮਿਕ ਪ੍ਰਤੀਕਾਂ ਨਾਲ ਜੁੜਨ ਲਈ ਅਰੋੜਾ ਦੇ ਯਤਨਾਂ ਨੂੰ ਦਰਸਾਉਂਦਾ ਹੈ।

## ਲੁਧਿਆਣਾ ਪੱਛਮੀ 'ਚ ਕਾਂਗਰਸੀ ਆਗੂਆਂ ਸਮੇਤ ਕਈ ਸਮਾਜਸੇਵੀ ਪਾਰਟੀ 'ਚ ਹੋਏ ਸ਼ਾਮਲ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਹੁਲਾਰਾ ਮਿਲਿਆ ਹੈ। ਸ਼ਨੀਵਾਰ ਨੂੰ ਸ਼ਹਿਰ ਦੇ ਸੈਂਕੜੇ ਕਾਂਗਰਸੀ ਆਗੂ ਵਰਕਰ ਅਤੇ ਕਈ ਸਮਾਜ ਸੇਵਕ ਆਪਣੇ ਸਮਰਥਕਾਂ ਸਮੇਤ 'ਆਪ' ਵਿੱਚ ਸ਼ਾਮਲ ਹੋਏ। 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਪਾਰਟੀ ਆਗੂ ਡਾ. ਸੰਨੀ ਆਹਲੂਵਾਲੀਆ ਅਤੇ ਸਥਾਨਕ ਆਗੂਆਂ ਦੀ ਮੌਜੂਦਗੀ ਵਿੱਚ ਸਾਰੇ ਨਵੇਂ ਮੈਂਬਰਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਸਵਾਗਤ ਕੀਤਾ। ਲੁਧਿਆਣਾ ਵਾਰਡ ਨੰਬਰ-72 ਤੋਂ ਕਾਂਗਰਸ ਦੇ ਮੀਤ ਪ੍ਰਧਾਨ ਸ਼ਾਮਲਾਲ ਭਗਤ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਾਥੀ ਦੇਵਰਾਜ ਭਗਤ, ਅਸ਼ਵਨੀ ਭਗਤ, ਰਾਮ ਭਗਤ, ਜਗਦੀਸ਼ ਭਗਤ, ਰਵੀ ਭਗਤ, ਵਿਸ਼ੰਬਰ ਭਗਤ, ਰਜਿੰਦਰ ਰਿੰਕੂ, ਰਾਜਕੁਮਾਰ ਭਗਤ, ਰੋਹਿਤ ਭਗਤ, ਅਮਨ ਭਗਤ, ਵਾਸੂਦੇਵ ਭਗਤ, ਕਿਸ਼ਨ ਭਗਤ ਵੀ 'ਆਪ' ਵਿੱਚ ਸ਼ਾਮਲ ਹੋਏ।

ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਸ਼ੈਰੀ ਕਲਸੀ ਨੇ ਸਾਰੇ ਨਵੇਂ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਅਤੇ ਕਿਹਾ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਕੰਮ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਦੇ ਆਗੂ ਲਗਾਤਾਰ 'ਆਪ' ਵਿੱਚ ਸ਼ਾਮਲ ਹੋ ਰਹੇ ਹਨ। ਅੱਜ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਦਾ ਪਾਰਟੀ ਵਿੱਚ ਸ਼ਾਮਲ ਹੋਣਾ ਯਕੀਨੀ ਤੌਰ 'ਤੇ ਜ਼ਿਮਨੀ ਚੋਣਾਂ ਵਿੱਚ ਸਾਨੂੰ ਵੱਡਾ ਹੁਲਾਰਾ ਦੇਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ' ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਪਰਿਵਾਰਾਂ ਨੂੰ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਪ੍ਰਦਾਨ ਕਰ ਰਹੀ ਹੈ। ਇਸ ਦੇ ਨਾਲ ਹੀ ਸਿੱਖਿਆ ਅਤੇ ਸਿਹਤ ਪ੍ਰਣਾਲੀ ਵਿੱਚ ਵੱਡੇ ਪੱਧਰ 'ਤੇ ਸੁਧਾਰ ਕੀਤੇ ਜਾ ਰਹੇ ਹਨ।

## ਆਜ਼ਾਦ ਉਮੀਦਵਾਰ ਅਲਬਰਟ ਦੂਆ ਵੱਲੋਂ ਹਲਕੇ ਦਾ ਤੂਫਾਨੀ ਦੌਰਾ ਸ਼ੁਰੂ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਵਿੱਚ ਹੋ ਰਹੀਆਂ ਉਪ ਚੋਣਾਂ ਵਿੱਚ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਅਲਬਰਟ ਦੂਆ ਨੇ ਪੂਰੇ ਹਲਕੇ ਦਾ ਤੂਫਾਨੀ ਦੌਰਾ ਸ਼ੁਰੂ ਕਰ ਦਿੱਤਾ ਹੈ। ਅੱਜ ਉਹ ਪੰਜਾਬ ਮਾਤਾ ਨਗਰ ਸਮੇਤ ਅਨੇਕਾਂ ਮਹੱਲਿਆਂ ਵਿੱਚ ਗਏ ਅਤੇ ਲੋਕਾਂ ਨੂੰ ਕਾਂਗਰਸ, ਅਕਾਲੀ, ਭਾਜਪਾ ਅਤੇ ਆਮ ਆਦਮੀ ਪਾਰਟੀ ਦੁਆਰਾ ਕੀਤੇ ਝੂਠੇ ਵਾਅਦਿਆਂ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਵਰਤੇ ਜਾਂਦੇ ਹਥਕੰਡਿਆਂ ਬਾਰੇ ਸੁਚੇਤ ਕੀਤਾ। ਸ੍ਰੀ ਦੂਆ ਨੇ ਉਹਨਾਂ ਨੂੰ ਦੱਸਿਆ ਕਿ ਜੇਕਰ ਉਹ ਚੋਣ ਜਿੱਤ ਜਾਂਦੇ ਹਨ ਤਾਂ ਵਿਧਾਨ ਸਭਾ ਵਿੱਚ ਇਸ ਹਲਕੇ ਦੇ ਵਿਕਾਸ ਬਾਰੇ ਅਤੇ ਇੱਥੇ ਵੱਧ ਰਹੀਆਂ ਹਿੰਸਕ ਵਾਰਦਾਤਾਂ ਜਾਂ ਹੋਰ ਬੁਰਾਈਆਂ ਦੇ ਖਿਲਾਫ ਡਟ ਕੇ ਆਵਾਜ਼ ਉਠਾਉਣਗੇ। ਉਹਨਾਂ ਨੇ ਕਿਹਾ ਕਿ ਹੁਣ ਤੱਕ ਜਿੰਨੇ ਵੀ ਵਿਧਾਇਕ ਚੁਣ ਕੇ ਇਸ ਹਲਕੇ ਵਿੱਚੋਂ ਗਏ ਹਨ ਉਹਨਾਂ ਵਿੱਚੋਂ ਕਿਸੇ ਨੇ ਵੀ ਇਸ ਹਲਕੇ ਦੀ ਭਲਾਈ ਬਾਰੇ ਗੰਭੀਰਤਾ ਨਾਲ ਨਹੀਂ ਸੋਚਿਆ ਅਤੇ ਅਪਣਾ ਹੀ ਉੱਲੂ ਸਿੱਧਾ ਕੀਤਾ ਹੈ ਜਾਂ ਫਿਰ ਗੋਗਲੂਆਂ ਤੋਂ ਮਿੱਟੀ ਝਾੜ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਲਵਰਟ ਦੂਆ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਸ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਓ ਤਾਂ ਜੋ ਹਲਕੇ ਨੂੰ ਵਿਕਾਸ ਦੀਆਂ ਲੀਹਾਂ ਤੇ ਤੋਰਿਆ ਜਾ ਸਕੇ ਅਤੇ ਨਸ਼ਿਆਂ ਜਾਂ ਹਿੰਸਕ ਕਾਰਵਾਈਆਂ ਨੂੰ ਖਤਮ ਕੀਤਾ ਜਾ ਸਕੇ।

## ਅਹਿਮਦਗੜ੍ਹ ਵਿਖੇ ਜੂਨ '84 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



ਅਹਿਮਦਗੜ੍ਹ, 7 ਜੂਨ (ਅਮਰਜੀਤ ਸਿੰਘ ਸੰਧੂ/ਨਿੱਕੂ ਵਰਮਾ) : ਸ੍ਰੀ ਰਾਮ ਮੰਦਿਰ ਅਤੇ ਭਾਰਤੀ ਮਹਾਂਵੀਰ ਦਲ ਵੱਲੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਦੀਪਕ ਸ਼ਰਮਾ ਨੇ ਕਿਹਾ ਕਿ ਉਸ ਮੌਕੇ ਦੀ ਜਾਲਮ ਸਰਕਾਰ ਵਲੋਂ ਸਾਕਾ ਨੀਲਾ ਤਾਰਾ ਜੂਨ ਚੁਰਾਸੀ ਦਾ ਵਰਤਾਰਾ ਬਹੁਤ ਹੀ ਨਿੰਦਣਯੋਗ ਸੀ ਜੋ ਕੇ ਨਾ ਭੁੱਲਣਯੋਗ ਨਾ ਬਖ਼ਸ਼ਣਯੋਗ ਹੈ। ਇਸ ਮੌਕੇ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਦੀਪਕ ਸ਼ਰਮਾ, ਦੀਪਾ, ਹਾਰਦਿਕ, ਮਹੇਸ਼ ਸ਼ਰਮਾਂ, ਸ਼ੰਕਰ ਲਵਪ੍ਰੀਤ, ਚਾਟਲੀ ਪ੍ਰਿੰਸ਼ ਸ਼ਰਮਾ, ਦਰਸ਼ਨ ਸਿੰਘ, ਚੰਦਨ ਬਾਬਾ, ਰਾਜਨ ਸ਼ਰਮਾ, ਬੌਬੀ, ਰਤਨ ਕੁਮਾਰ ਮਿੰਟਾਂ ਅਤੇ ਹੋਰ ਸੇਵਾਦਾਰ ਹਾਜ਼ਰ ਸਨ।

## ਗੁਰਮਤਿ ਸਮਾਗਮ ਕਰਵਾਇਆ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹਰਨਾਮ ਨਗਰ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਬੀਤੀ ਰਾਤ ਬੀਬੀ ਮਨਜੀਤ ਕੌਰ ਦੇ ਸਮੂਹ ਪਰਿਵਾਰ ਦੇ ਨਿੱਘੇ ਸਹਿਯੋਗ ਨਾਲ ਮਹੀਨਾਵਾਰੀ ਵਿਸ਼ੇਸ਼ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਮਹਾਨ ਗੁਰਮਤਿ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਇੰਦਰਮੋਹਨ ਸਿੰਘ ਜੀ ਅੰਮ੍ਰਿਤਸਰ ਵਾਲੇ, ਭਾਈ ਇੰਦਰਜੀਤ ਸਿੰਘ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥਿਆਂ ਨੇ ਜਿੱਥੇ ਵਿਸ਼ੇਸ਼ ਤੌਰ 'ਤੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਉੱਥੇ ਗੁਰਮਤਿ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਉੱਘੇ ਕਥਾਵਾਚਕ ਭਾਈ ਪਰਮਜੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਬਾਨ ਤੇ ਭਗਤਾਂ ਵੱਲੋਂ ਉਚਰੀ ਇਲਾਹੀ ਬਾਣੀ ਦੇ ਸਿਧਾਂਤਕ ਤੇ ਭਾਵਨਾਤਮਕ ਸੰਦੇਸ਼ ਨੂੰ ਸਮੁੱਚੇ ਸੰਸਾਰ ਭਰ ਦੀਆਂ ਸੰਗਤਾਂ ਤੱਕ ਵੱਧ ਤੋਂ ਵੱਧ ਪਹੁੰਚਾਉਣ 'ਤੇ ਸਮੁੱਚੀ ਲੋਕਾਈ ਨੂੰ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇਣ ਹਿੱਤ ਬੀਬੀ ਮਨਜੀਤ ਕੌਰ ਦੇ ਪਰਿਵਾਰ ਵੱਲੋਂ ਕਰਵਾਇਆ ਗਿਆ ਸ਼ੁਕਰਾਨਾ ਸਮਾਗਮ ਇੱਕ ਉਪਦੇਸ਼ਕ ਸਮਾਗਮ ਹੈ। ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ.ਗੁਰਮੀਤ ਸਿੰਘ ਸਲੂਜਾ ਨੇ ਇੱਕਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ ਅੱਜ ਲੋੜ ਹੈ, ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਲੜ ਲੱਗਕੇ ਆਪਣਾ ਜੀਵਨ ਸਫਲ ਕਰੀਏ ਤੇ ਲੋਕਾਈ ਦੀ ਸੇਵਾ ਵਿੱਚ ਜੁਟ ਜਾਈਏ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਗੁਰਮਤਿ ਸਮਾਗਮ ਨੂੰ ਸਫਲ ਕਰਨ ਵਿੱਚ ਸਹਿਯੋਗ ਦੇਣ ਵਾਲੇ ਬੀਬੀ ਮਨਜੀਤ ਕੌਰ ਦੇ ਸਮੂਹ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਪ੍ਰਗਟ ਕੀਤਾ ਅਤੇ ਉਨ੍ਹਾਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਦੌਰਾਨ ਉਨ੍ਹਾਂ ਦੇ ਨਾਲ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਦੇਵ ਸਿੰਘ, ਗੁਰਚਰਨ ਸਿੰਘ ਚੰਨ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਸਿੰਘ ਟੋਨੀ ਮੱਕੜ, ਕੁਲਵਿੰਦਰ ਸਿੰਘ ਲਾਡੀ ਦਿਲਜੰਗ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਐਮ.ਪੀ. ਅਰੋੜਾ ਨੇ ਚੋਣ ਪ੍ਰਚਾਰ ਹੋਰ ਤੇਜ਼ ਕੀਤਾ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ): ਲੁਧਿਆਣਾ (ਪੱਛਮੀ) ਵਿਧਾਨ ਸਭਾ ਉਪ ਚੋਣ ਲਈ ਚੱਲ ਰਹੀ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਦੇ ਹੋਏ, ਰਾਜ ਸਭਾ ਮੈਂਬਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਨੇ ਅੱਜ ਇੱਥੇ ਬੀਆਰਐਸ ਨਗਰ ਵਿਖੇ ਇੱਕ ਚੋਣ ਮੀਟਿੰਗ ਕੀਤੀ ਜਿਸ ਵਿੱਚ ਸਥਾਨਕ ਨਿਵਾਸੀਆਂ ਅਤੇ ਪਾਰਟੀ ਸਮਰਥਕਾਂ ਦਾ ਉਤਸ਼ਾਹ ਦੇਖਣ ਨੂੰ ਮਿਲਿਆ। ਇਕੱਠ ਨੂੰ ਸੰਬੋਧਨ ਕਰਦਿਆਂ, ਅਰੋੜਾ ਨੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੀਆਂ ਪ੍ਰਗਤੀਸ਼ੀਲ ਨੀਤੀਆਂ ਅਤੇ ਲੋਕ ਭਲਾਈ ਪ੍ਰੋਗਰਾਮਾਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਸਿੱਖਿਆ, ਸਿਹਤ ਸੰਭਾਲ, ਰੁਜ਼ਗਾਰ, ਬੁਨਿਆਦੀ ਢਾਂਚਾ ਅਤੇ ਨਿਵੇਸ਼ ਵਰਗੇ ਮੁੱਖ ਖੇਤਰਾਂ ਵਿੱਚ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਵਿੱਚ ਗੱਲ ਕੀਤੀ। ਅਰੋੜਾ ਨੇ ਸੂਬੇ ਵਿੱਚ ਚੱਲ ਰਹੀ ਨਸ਼ਾ ਵਿਰੋਧੀ ਪਹਿਲਕਦਮੀ 'ਯੁੱਧ ਨਸ਼ਿਆਂ ਦੇ ਵਿਰੁੱਧ' ਦਾ ਵਿਸ਼ੇਸ਼ ਜ਼ਿਕਰ ਕੀਤਾ, ਇਸਨੂੰ ਸਮਾਜ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਖ਼ਤਮ ਕਰਨ ਲਈ ਇੱਕ ਮਹੱਤਵਪੂਰਨ ਕਦਮ ਦੱਸਿਆ। ਉਨ੍ਹਾਂ ਸੜਕ ਸੁਰੱਖਿਆ ਫੋਰਸ (ਐਸਐਸਐਫ) ਬਾਰੇ ਵੀ ਗੱਲ ਕੀਤੀ, ਇਸਨੂੰ ਇੱਕ ਜੀਵਨ-ਰੱਖਿਅਕ ਸੇਵਾ ਵਜੋਂ ਦੱਸਿਆ ਜੋ ਸੜਕ ਹਾਦਸੇ ਦੇ ਪੀੜਤਾਂ ਲਈ ਵਰਦਾਨ ਬਣ ਗਈ ਹੈ। ਸੰਸਦ ਮੈਂਬਰ ਵਜੋਂ ਆਪਣੇ ਯੋਗਦਾਨ ਨੂੰ ਉਜਾਗਰ ਕਰਦੇ ਹੋਏ, ਅਰੋੜਾ ਨੇ ਆਪਣਾ ਤਿੰਨ ਸਾਲਾਂ ਦਾ ਵਿਕਾਸ ਰਿਪੋਰਟ ਕਾਰਡ ਪੇਸ਼ ਕੀਤਾ। ਉਨ੍ਹਾਂ ਨੇ ਹਲਵਾਰਾ ਹਵਾਈ ਅੱਡਾ, ਐਲੀਵੇਟਿਡ ਸੜਕ, ਸਿੱਧਵਾਂ ਨਹਿਰ 'ਤੇ ਚਾਰ ਨਵੇਂ ਪੁਲਾਂ ਦੀ ਉਸਾਰੀ, 700 ਪਾਰਕਿੰਗ ਲਾਟ ਅਤੇ ਸਾਈਕਲ ਟਰੈਕ ਸਮੇਤ ਪ੍ਰਮੁੱਖ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਸੂਚੀਬੱਧ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਪ੍ਰੋਜੈਕਟ ਜਾਂ ਤਾਂ ਪੂਰੇ ਹੋ ਚੁੱਕੇ ਹਨ ਜਾਂ ਮੁਕੰਮਲ ਹੋਣ ਦੇ ਨੇੜੇ ਹਨ।

## ਸੀ.ਆਈ.ਏ. ਸਟਾਫ਼ ਜਗਰਾਓਂ ਦੇ ਇੰਚਾਰਜ ਕਿੱਕਰ ਸਿੰਘ ਬਣੇ ਡੀ.ਐਸ.ਪੀ.



ਜਗਰਾਓਂ, 7 ਜੂਨ (ਵਿਸ਼ਾਲ ਅੱਤਰੇ/ ਆਰੀਅਨ ਅੱਤਰੇ): ਪੰਜਾਬ ਸਰਕਾਰ ਅਤੇ ਡੀਜੀਪੀ ਪੰਜਾਬ ਵੱਲੋਂ ਇੰਸਪੈਕਟਰਾਂ ਦੀਆਂ ਬੁਲੰਦੀਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਉਹਨਾਂ ਨੂੰ ਤਰੱਕੀ ਦੇ ਕੇ ਬਤੌਰ ਡੀਐਸਪੀ ਬਣਾਇਆ ਗਿਆ, ਜਿਨ੍ਹਾਂ ਵਿੱਚੋਂ ਬਹੁਤ ਹੀ ਇਮਾਨਦਾਰੀ ਨਾਲ ਆਪਣੀ ਡਿਊਟੀ ਕਰ ਰਹੇ ਸੀਆਈਏ ਸਟਾਫ ਦੇ ਇੰਚਾਰਜ ਕਿੱਕਰ ਸਿੰਘ ਨੂੰ ਉਨ੍ਹਾਂ ਦੀਆਂ ਬੁਲੰਦੀਆਂ ਨੂੰ ਦੇਖਦੇ ਹੋਏ ਬਤੌਰ ਡੀਐਸਪੀ ਦਾ ਰੈਂਕ ਦੇ ਕੇ ਪ੍ਰਮੋਟ ਕੀਤਾ ਗਿਆ। ਇਸ ਸਮੇਂ ਕਿੱਕਰ ਸਿੰਘ ਸੀਆਈਏ ਸਟਾਫ ਜਗਰਾਉਂ ਵਿਖੇ ਬਹੁਤ ਹੀ ਇਮਾਨਦਾਰੀ ਅਤੇ ਲਗਨ ਨਾਲ ਆਪਣੀ ਡਿਊਟੀ ਕਰ ਰਹੇ ਸਨ, ਜਿਸ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਆਰਡਰ ਕਰਕੇ ਕਿੱਕਰ ਸਿੰਘ ਨੂੰ ਬਤੌਰ ਡੀਐਸਪੀ ਬਣਾਇਆ ਗਿਆ ਹੈ। ਜਿਸ ਨਾਲ ਪੁਲਿਸ ਡਿਪਾਰਟਮੈਂਟ ਵਿੱਚ ਖੁਸ਼ੀ ਦਾ ਮਾਹੌਲ ਹੈ। ਯਾਦ ਰਹੇ ਕਿ ਇੰਸਪੈਕਟਰ ਕਿੱਕਰ ਸਿੰਘ ਵੱਖ ਵੱਖ ਜ਼ਿਲ੍ਹਿਆਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ। ਡੀਐਸਪੀ ਕਿੱਕਰ ਸਿੰਘ ਨੇ ਪੰਜਾਬ ਸਰਕਾਰ ਅਤੇ ਡੀਜੀਪੀ ਪੰਜਾਬ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਪਹਿਲਾਂ ਵਾਂਗ ਹੀ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਣਗੇ।

## ਘੁੰਮਣ ਨੇ ਕਿਸਾਨਾਂ ਨੂੰ ਬੇਜ਼ਮੀਨੇ ਕਰਨ ਤੇ ਠੇਕੇ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਗੂਲਰ ਨਾ ਕਰਨ 'ਤੇ ਨਿਖੇਧੀ ਕੀਤੀ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਸ੍ਰੋਮਣੀ ਅਕਾਲੀ ਦਲ ਲੁਧਿਆਣਾ ਪੱਛਮੀ ਤੋਂ ਉਮੀਦਵਾਰ ਸਰਦਾਰ ਪਰਉਪਕਾਰ ਸਿੰਘ ਘੁੰਮਣ ਨੇ ਕਿਸਾਨਾਂ ਦੀ ਉਪਜਾਊ ਜਮੀਨ ਐਕਵਾਇਰ ਕਰ ਕੇ ਉਹਨਾਂ ਨੂੰ ਬੇਜਮੀਨੇ ਕਰਨ, ਬੁੱਢਾ ਨਾਲਾ ਸਾਫ ਕਰਨ ਵਿਚ ਅਸਫਲ ਰਹਿਣ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਠੇਕੇ 'ਤੇ ਕੰਮ ਕਰਦੇ ਮੁਲਾਜਮਾਂ ਨੂੰ ਰੈਗੂਲਰ ਕਰਨ ਤੋਂ ਇਨਕਾਰ ਕਰਨ 'ਤੇ ਸਰਕਾਰ ਦੀ ਸਖਤ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਕਿਸਾਨਾਂ ਤੋਂ ਉਹਨਾਂ ਦੀ 24000 ਏਕੜ ਜਮੀਨ ਖੋਹੀ ਜਾ ਰਹੀ ਹੈ ਪਰ ਮੁੱਖ ਮੰਤਰੀ ਨੂੰ ਇਸ ਗੱਲ ਦੀ ਪਰਵਾਹ ਨਹੀਂ। ਇਹ ਝੂਠੀ ਅਫਵਾਹ ਫੈਲਾਈ ਜਾ ਰਹੀ ਹੈ ਕਿ ਕਿਸਾਨਾਂ ਤੋਂ ਉਹਨਾਂ ਦੀ ਮਰਜੀ ਨਾਲ ਜਮੀਨ ਲਈ ਜਾਵੇਗੀ ਜਦੋਂ ਕਿ ਨੋਟੀਫਿਕੇਸਨ ਵਿਚ ਸਪਸਟ ਹੈ ਕਿ ਕਿਸਾਨਾਂ ਦੀਆਂ ਚਿੰਤਾਵਾਂ ਦੀ ਪਰਵਾਹ ਕੀਤੇ ਬਗੈਰ ਜਮੀਨ ਐਕਵਾਇਰ ਕੀਤੀ ਜਾਵੇਗੀ। ਬੁੱਢੇ ਨਾਲੇ ਦੀ ਗੱਲ ਕਰਦਿਆਂ ਘੁੰਮਣ ਨੇ ਕਿਹਾ ਕਿ ਪ੍ਰਦੂਸਣ ਅਸਲ ਮਸਲਾ ਹੈ। ਪਰ *ਆਪ ਇਸ 'ਤੇ ਰਾਜਨੀਤੀ ਕਰ ਰਹੀ ਹੈ ਤੇ ਪ੍ਰਦੂਸਣ ਦੇ ਮਾਮਲੇ 'ਤੇ ਸਿਰਫ ਡਰਾਮੇਬਾਜੀ* ਕੀਤੀ ਜਾ ਰਹੀ ਹੈ ਜਦੋਂ ਕਿ ਜਮੀਨੀ ਪੱਧਰ 'ਤੇ ਕੱਖ ਵੀ ਨਹੀਂ ਕੀਤਾ ਜਾ ਰਿਹਾ। ਪੀ ਏ ਯੂ ਦੇ ਠੇਕੇ 'ਤੇ ਕੰਮ ਕਰਦੇ ਮੁਲਾਜ਼ਮਾਂ ਦੀ ਗੱਲ ਕਰਦਿਆਂ ਘੁੰਮਣ ਨੇ ਕਿਹਾ ਕਿ ਬੇਸੁਮਾਰ ਧਰਨੇ ਲਾਉਣ ਅਤੇ ਵਾਰ-ਵਾਰ ਮੰਗ ਪੱਤਰ ਦੇਣ ਦੇ ਬਾਵਜੂਦ ਸਰਕਾਰ ਨੇ ਮੁਲਾਜਮਾਂ ਨੂੰ ਰੈਗੂਲਰ ਕਰਨ ਵਾਸਤੇ ਕੱਖ ਨਹੀਂ ਕੀਤਾ ਉਹਨਾਂ ਜੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਨੂੰ ਕਾਨੂੰਨ ਵਿਵਸਥਾ ਦੇ ਹਾਲਾਤ ਦੀ ਕੋਈ ਪਰਵਾਹ ਨਹੀਂ ਤੇ ਵਿਰੋਧੀਆਂ ਦੇ ਮਾਹੌਲ ਵਿਚ ਸਹਿਰ ਸਹਿਮਿਆ ਪਿਆ ਹੈ।

## ਵਿਧਾਨ ਸਭਾ ਉਪ ਚੋਣਾਂ 'ਚ ਹਾਰ ਵੇਖ ਬੌਖਲਾਈ ਪੰਜਾਬ ਸਰਕਾਰ ਅਤੇ 'ਆਪ' ਦੀ ਦਿੱਲੀ ਲਾਬੀ : ਰਾਣਾ ਗੁਰਜੀਤ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ): ਵਿਧਾਨ ਸਭਾ ਪੱਛਮੀ ਉਪ ਚੋਣ ਵਿੱਚ ਹਾਰ ਸਾਫ-ਸਾਫ ਦੇਖ ਕੇ ਪੰਜਾਬ ਸਰਕਾਰ ਅਤੇ ਅਸਿੱਧੇ ਤੌਰ 'ਤੇ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਦੀ ਦਿੱਲੀ ਲਾਬੀ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੀ ਹੈ। ਸਰਕਾਰ ਦੀ ਬੌਖਲਾਹਟ ਬੀਤੇ ਦਿਨੀਂ ਵਿਜੀਲੈਂਸ ਵੱਲੋਂ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਭੇਜੇ ਗਏ ਨੋਟਿਸ ਦੇ ਮਾਮਲੇ ਵਿੱਚ ਐਸਐਸਪੀ ਵਿਜੀਲੈਂਸ ਨੂੰ ਸਸਪੈਂਡ ਕਰਨ ਦੇ ਮਾਮਲੇ ਵਿੱਚ ਦੇਖੀ ਜਾ ਸਕਦੀ ਹੈ, ਜਦ ਕਿ ਆਸ਼ੂ ਨੂੰ ਨੋਟਿਸ ਡੀਐਸਪੀ ਵਿਨੋਦ ਕੁਮਾਰ ਨੇ ਭੇਜਿਆ ਸੀ। ਇਹ ਜਾਂਚ ਦਾ ਵਿਸ਼ਾ ਹੈ ਕਿ ਡੀਐਸਪੀ ਨੇ ਕਿਸ ਮੰਤਰੀ ਜਾਂ ਕਿਸ ਅਧਿਕਾਰੀ ਦੇ ਕਹਿਣ 'ਤੇ ਆਸ਼ੂ ਨੂੰ ਝੂਠੇ ਕੇਸ ਵਿੱਚ ਤਲਬ ਕਰਨ ਲਈ ਨੋਟਿਸ ਜਾਰੀ ਕੀਤਾ। ਦਰਅਸਲ ਸਰਕਾਰ ਆਸ਼ੂ ਨੂੰ ਝੂਠੇ ਕੇਸ ਵਿੱਚ ਫਸਾ ਕੇ ਉਸਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਯੋਜਨਾ ਬਣਾਈ ਸੀ, ਜਿਸ ਮਾਮਲੇ ਵਿੱਚ ਨੋਟਿਸ ਭੇਜਿਆ ਗਿਆ ਹੈ ਆਸ਼ੂ ਨੇ 10 ਸਾਲ ਪਹਿਲਾਂ ਉਸ ਕਮੇਟੀ ਤੋਂ ਅਸਤੀਫਾ ਦੇ ਦਿੱਤਾ ਸੀ।

ਉਪਰੋਕਤ ਦੋਸ਼ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਲਗਾਏ। ਰਾਣਾ ਨੇ ਕਿਹਾ ਕਿ ਚੋਣਾਂ ਦੇ ਵਿਚਕਾਰ 'ਆਪ' ਸਰਕਾਰ ਨੇ ਕਾਂਗਰਸੀ ਉਮੀਦਵਾਰ ਵਿਰੁੱਧ ਮਨਘੜਤ ਕੇਸ ਬਣਾ ਕੇ ਹਾਰੀ ਹੋਈ ਬਾਜ਼ੀ ਜਿੱਤਣ ਦੀ ਕੋਸ਼ਿਸ਼ ਕੀਤੀ। ਜਦ ਆਸ਼ੂ ਨੂੰ ਵਿਜੀਲੈਂਸ ਵੱਲੋਂ ਭੇਜੇ ਨੋਟਿਸ ਦਾ ਖੁੱਲ੍ਹ ਕੇ ਵਿਰੋਧ ਹੋਇਆ ਤਾਂ ਸਰਕਾਰ ਨੇ ਐਸਐਸਪੀ ਨੂੰ ਮੁਅੱਤਲ ਕਰਕੇ ਇਸ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ। ਚੋਣਾਂ ਤੋਂ ਬਾਅਦ ਐਸਐਸਪੀ ਜਗਤਪ੍ਰੀਤ ਸਿੰਘ ਨੂੰ ਵੀ ਪਿਛਲੇ ਤਿੰਨ ਸਾਲਾਂ ਵਿੱਚ ਮੁਅੱਤਲ ਕੀਤੇ ਗਏ ਅਧਿਕਾਰੀਆਂ ਦੀ ਤਰਜ਼ 'ਤੇ ਬਹਾਲ ਕਰ ਕੀਤਾ ਜਾਵੇਗਾ। ਰਾਣਾ ਗੁਰਜੀਤ ਨੇ ਕਿਹਾ ਕਿ 'ਆਪ' ਸਰਕਾਰ ਦਾ ਵਿਰੋਧ ਕਰਨ ਵਾਲੇ ਹਰ ਵਿਅਕਤੀ, ਭਾਵੇਂ ਉਹ ਪੱਤਰਕਾਰ ਹੋਵੇ ਜਾਂ ਐਕਟੀਵਿਸਟ ਹੋਵੇ ਜਾਂ ਵਿਰੋਧੀ ਧਿਰ ਨਾਲ ਜੁੜਿਆ ਸਿਆਸਤਦਾਨ ਹਰ ਕਿਸੇ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰਕੇ ਜੇਲ੍ਹ ਦਾ ਡਰ ਵਿਖਾ ਕੇ ਦਬਾਉਣਾ ਚਾਹੁੰਦੀ ਹੈ। ਇਹ ਜਬਰ-ਜ਼ੁਲਮ ਦੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕੀਆਂ ਹਨ।

ਇਸ ਮੌਕੇ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ, ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ ਅਤੇ ਸਾਬਕਾ ਵਿਧਾਇਕ ਦਲਵਿੰਦਰ ਗੋਲਡੀ ਸਮੇਤ ਹੋਰ ਵੀ ਮੌਜੂਦ ਸਨ।

## ਆਸ਼ੂ ਦੀ ਜਿੱਤ ਯਕੀਨੀ : ਜਸਵਿੰਦਰ ਠੁਕਰਾਲ





ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀਆਂ ਹੋ ਰਹੀਆਂ ਉਪ ਚੋਣਾਂ ਦੌਰਾਨ ਚੋਣ ਪ੍ਰਚਾਰ ਵਿੱਚ ਹਿੱਸਾ ਲੈਂਦਿਆਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਜਸਵਿੰਦਰ ਸਿੰਘ ਠੁਕਰਾਲ ਨੇ ਆਖਿਆ ਹੈ ਕਿ ਚੋਣਾਂ ਚੋਣ ਪ੍ਰਚਾਰ ਦੌਰਾਨ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ, ਜਿਸ ਨੂੰ ਦੇਖ ਕੇ ਲੱਗਦਾ ਹੈ ਕਿ ਉਸਦੀ ਜਿੱਤ 'ਤੇ ਕਿੰਤੂ ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਠੁਕਰਾਲ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਆਸ਼ੂ ਦੀ ਸੰਭਾਵੀ ਜਿੱਤ ਨੂੰ ਦੇਖ ਕੇ ਬੁਖਲਾ ਗਈਆਂ ਹਨ ਅਤੇ ਤਰ੍ਹਾਂ ਤਰ੍ਹਾਂ ਦੇ ਹਥਕੰਡੇ ਅਪਣਾ ਕੇ ਆਸ਼ੂ ਦਾ ਮਨੋਬਲ ਡੇਗਣ ਦੀ ਕੋਸ਼ਿਸ਼ ਕਰ ਰਹੀਆਂ ਹਨ ਪ੍ਰੰਤੂ ਉਹ ਕਦੇ ਵੀ ਇਸ ਕੰਮ ਵਿੱਚ ਸਫਲ ਨਹੀਂ ਹੋਣਗੀਆਂ। ਠੁਕਰਾਲ ਨੇ ਆਖਿਆ ਕਿ ਆਸ਼ੂ ਦੀ ਜਿੱਤ ਤੋਂ ਬਾਅਦ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜ ਮੁੜ ਪਹਿਲਾਂ ਵਾਂਗ ਆਰੰਭ ਕੀਤੇ ਜਾਣਗੇ ਜਾਂ ਬਹੁਤ ਹੀ ਹੌਲੀ ਰਫ਼ਤਾਰ ਨਾਲ ਚੱਲ ਰਹੇ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ ਅਤੇ ਲੋਕਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਤੋਂ ਛੁਟਕਾਰਾ ਦਿਵਾਉਣ ਵਾਲੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

# ਲੁਧਿਆਣਾ ਦੇ ਵਿਕਾਸ ਲਈ ਅਰੋੜਾ ਨੇ ਬਣਾਇਆ ਖਾਕਾ : ਸਿਹਤ ਮੰਤਰੀ



ਲੁਧਿਆਣਾ,7 ਜੂਨ (ਵਿਸ਼ਾਲ ਸ਼ਰਮਾਂ) ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ਨੀਵਾਰ ਨੂੰ ਲੁਧਿਆਣਾ (ਪੱਛਮੀ) ਵਿਧਾਨ ਸਭਾ ਉਪ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦੇ ਸਮਰਥਨ ਵਿੱਚ ਇੱਕ ਚੋਣ ਮੀਟਿੰਗ ਕੀਤੀ।

ਇਹ ਮੀਟਿੰਗ ਡਾ. ਅਰੁਣ ਮਿੱਤਰਾ ਦੇ ਕਿਚਲੂ ਨਗਰ ਕਲੀਨਿਕ ਵਿਖੇ ਹੋਈ। ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਅਰੋੜਾ ਦੀ ਸ਼ਲਾਘਾ ਇੱਕ ਦੂਰਦਰਸ਼ੀ ਅਤੇ ਵਿਕਾਸ-ਮੁਖੀ ਨੇਤਾ ਵਜੋਂ ਕੀਤੀ ਜਿਸ ਕੋਲ ਲੁਧਿਆਣਾ ਦੀ ਤਰੱਕੀ ਲਈ ਇੱਕ ਸਪੱਸ਼ਟ ਬਲੂਪ੍ਰਿੰਟ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਰੋੜਾ ਦੀ ਜਿੱਤ ਨਾ ਸਿਰਫ਼ ਲੁਧਿਆਣਾ (ਪੱਛਮੀ) ਨੂੰ ਲਾਭ ਪਹੁੰਚਾਏਗੀ ਬਲਕਿ ਪੂਰੇ ਸ਼ਹਿਰ ਅਤੇ ਇੱਥੋਂ ਤੱਕ ਕਿ ਪੰਜਾਬ ਰਾਜ ਦੇ ਵਿਕਾਸ ਵਿੱਚ ਯੋਗਦਾਨ ਪਾਵੇਗੀ। ਡਾ.ਸਿੰਘ ਨੇ ਅਰੋੜਾ ਦੇ ਹੱਕ ਵਿੱਚ ਮਜ਼ਬੂਤ ਜਨਤਕ ਭਾਵਨਾ ਨੂੰ ਉਜਾਗਰ ਕੀਤਾ ਉਨ੍ਹਾਂ ਨੂੰ ਪਿਛਲੇ ਤਿੰਨ ਸਾਲਾਂ ਵਿੱਚ ਪ੍ਰਤੱਖ ਵਿਕਾਸ ਦਾ ਸਿਹਰਾ ਦਿੱਤਾ।

ਮੰਤਰੀ ਨੇ ਲੁਧਿਆਣਾ ਸਿਵਲ ਹਸਪਤਾਲ ਦੇ ਨਵੀਨੀਕਰਨ ਲਈ ਅਰੋੜਾ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ, ਜਿਸਨੂੰ ਹੁਣ ਨਿੱਜੀ ਸਿਹਤ ਸੰਭਾਲ ਸੰਸਥਾਵਾਂ ਦੇ ਪੱਧਰ 'ਤੇ ਅਪਗ੍ਰੇਡ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਅਪਗ੍ਰੇਡੇਸ਼ਨ 'ਤੇ 12 ਕਰੋੜ ਰੁਪਏ ਪਹਿਲਾਂ ਹੀ ਖਰਚ ਕੀਤੇ ਜਾ ਚੁੱਕੇ ਹਨ, ਜਿਸ ਵਿੱਚ ਹੋਰ ਸੁਧਾਰ ਜਾਰੀ ਹਨ। ਉਨ੍ਹਾਂ ਨੇ ਪੰਜਾਬ ਭਰ ਵਿੱਚ ਮੁਹੱਲਾ ਕਲੀਨਿਕਾਂ ਦੀ ਪ੍ਰਸਿੱਧੀ ਦਾ ਵੀ ਜ਼ਿਕਰ ਕੀਤਾ ਜਿਸ ਵਿੱਚ ਹੁਣ ਤੱਕ 3.5 ਕਰੋੜ ਤੋਂ ਵੱਧ ਮਰੀਜ਼ ਆਏ ਹਨ ਅਤੇ ਅਜਿਹੀਆਂ ਹੋਰ ਸਹੂਲਤਾਂ ਲਈ ਜਨਤਕ ਮੰਗ ਵਧ ਰਹੀ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸਿਰਫ਼ ਦੋ ਮਹੀਨਿਆਂ ਦੇ ਯਤਨਾਂ ਦੇ ਅੰਦਰ ਕੁਝ ਕੰਮ ਕੀਤੇ ਜੋ 70 ਸਾਲਾਂ ਤੋਂ ਵੱਧ ਸਮੇਂ ਤੋਂ ਲਟਕ ਰਹੇ ਸਨ। ਇੱਕ ਉਦਾਹਰਣ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸ਼ਹਿਰ ਭਰ ਵਿੱਚ 'ਲਾਲ ਲਕੀਰ' ਅਧੀਨ ਆਉਂਦੇ ਖੇਤਰਾਂ ਵਿੱਚ ਰਹਿਣ ਵਾਲੇ ਲਗਭਗ 1,600 ਘਰਾਂ ਨੂੰ ਮਾਲਕੀ ਅਧਿਕਾਰ ਪ੍ਰਦਾਨ ਕਰਨ ਲਈ ਕੰਮ ਕੀਤਾ। ਮੀਟਿੰਗ ਵਿੱਚ ਮੌਜੂਦ ਬਹੁਤ ਸਾਰੇ ਹਾਜ਼ਰੀਨ ਨੇ ਅਰੋੜਾ ਵੱਲੋਂ ਲੁਧਿਆਣਾ ਵਿੱਚ ਕੀਤੇ ਗਏ ਬੇਮਿਸਾਲ ਵਿਕਾਸ ਨੂੰ ਸਵੀਕਾਰ ਕੀਤਾ ਅਤੇ ਪ੍ਰਸ਼ੰਸਾ ਕੀਤੀ।

## ਜਗਰਾਓਂ ਪੁਲਿਸ ਵੱਲੋਂ ਇੱਕ ਕੁਇੰਟਲ 40 ਕਿਲੋਗ੍ਰਾਮ ਭੁੱਕੀ, ਕਾਰ ਸਮੇਤ ਵਿਅਕਤੀ ਕਾਬੂ



ਜਗਰਾਓਂ, 7 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜਿਲਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਥਾਣਾ ਹਠੂਰ ਦੇ ਮੁੱਖ ਅਫਸਰ ਕੁਲਜਿੰਦਰ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਇਲਾਕਾ ਗਸ਼ਤ ਦੌਰਾਨ ਪੁਲ ਸੂਆ ਹਠੂਰ-ਚੱਕਰ ਰੋਡ ਬਾਹਦ ਚੱਕਰ ਪਰ ਮਜੂਦ ਸੀ , ਤਾਂ ਪਿੰਡ ਚੱਕਰ ਵਾਲੀ ਸਾਈਡ ਤੋਂ ਇੱਕ ਕਾਰ ਦੀਆਂ ਲਾਈਟਾਂ ਜੱਗਦੀਆਂ ਆਉਂਦੀ ਦਿਖਾਈ ਦਿੱਤੀ। ਐਸ ਐਚ ਓ ਕੁਲਜਿੰਦਰ ਸਿੰਘ ਵੱਲੋਂ ਕਾਰ ਨੂੰ ਰੋਕ ਕੇ ਕਾਰ ਚਾਲਕ ਤੋਂ ਪੁੱਛ-ਗਿੱਛ ਕੀਤੀ ਤਾਂ ਉਸ ਨੇ ਆਪਣਾ ਨਾਮ ਸੁਖਚੈਨ ਸਿੰਘ ਦੱਸਿਆ। ਪੁਲਿਸ ਵੱਲੋਂ ਕਾਰ ਦੀ ਤਲਾਸ਼ੀ ਲਈ ਗਈ ਤਾਂ ਕਾਰ ਦੀ ਪਿਛਲੀ ਸੀਟ ਤੋਂ ਚਾਰ ਚਿੱਟੇ ਰੰਗ ਦੇ ਵਜਨਦਾਰ ਥੈਲੇ ਪਲਾਸਟਿਕ ਅਤੇ ਕਾਰ ਦੀ ਡਿੱਗੀ ਨੂੰ ਖੋਲ ਕੇ ਚੈੱਕ ਕਰਨ ਪਰ ਤਿੰਨ ਚਿੱਟੇ ਰੰਗ ਦੇ ਵਜਨਦਾਰ ਥੈਲੇ ਪਲਾਸਟਿਕ ਬਰਾਮਦ ਹੋਏ। ਐਸਐਚ ਓ ਕੁਲਜਿੰਦਰ ਸਿੰਘ ਵੱਲੋਂ ਸਾਰੇ ਥੈਲਿਆਂ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਰ ਵਿੱਚੋਂ ਉਤਾਰ ਕੇ ਉਹਨਾਂ ਦੇ ਹਰੇਕ ਥੈਲੇ ਦਾ ਮੂੰਹ ਖੋਲ ਕੇ ਚੈੱਕ ਕਰਨ ਪਰ ਥੈਲਿਆਂ ਵਿੱਚੋਂ ਕੁੱਲ 1 ਕੁਇੰਟਲ 40 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਈ। ਪੁਲਿਸ ਵੱਲੋਂ ਦੋਸ਼ੀ ਨੂੰ ਭੁੱਕੀ ਚੂਰਾ ਪੋਸਤ ਅਤੇ ਇੱਕ ਵਰਨਾ ਕਾਰ ਦੇ ਸਮੇਤ ਗ੍ਰਿਫਤਾਰ ਕਰਕੇ ਮੁਕਦਮਾ ਦਰਜ ਕੀਤਾ ਗਿਆ। ਪੁਲਿਸ ਵੱਲੋਂ ਦੋਸ਼ੀ ਪਾਸੋਂ ਪੁੱਛ-ਗਿੱਛ ਜਾਰੀ ਹੈ।

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਗੁਰਮਿਤ ਸਮਾਗਮ 11 ਤੇ 12 ਜੂਨ ਨੂੰ



ਡੇਹਲੋਂ, 7 ਜੂਨ (ਅਮਰਜੀਤ ਸਿੰਘ ਸੰਧੂ/ ਰਣਬੀਰ ਸਿੰਘ ਮਹਿਮੀ) : ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਡੇਹਲੋਂ ਵੱਲੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਦੋ ਰੋਜ਼ਾ ਗੁਰਮਿਤ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਦਮਦਮਾ ਸਾਹਿਬ ਦੇ ਮੈਨੇਜਰ ਭਾਈ ਜਸਵਿੰਦਰ ਸਿੰਘ ਜੱਸੀ ਨੇ ਦੱਸਿਆ ਕਿ ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਡੇਹਲੋਂ ਵੱਲੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਮਿਤੀ 10 ਜੂਨ 2025 ਦਿਨ ਮੰਗਲਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ। ਮਿਤੀ 11 ਜੂਨ 2025 ਦਿਨ ਬੁੱਧਵਾਰ ਨੂੰ ਸਵੇਰੇ 6:30 ਵਜੇ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ ਮਿਤੀ 12 ਜੂਨ 2025 ਦਿਨ ਵੀਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਸ਼ਾਮ 6 ਤੋਂ 7 ਵਜੇ ਤੱਕ ਹਜ਼ੂਰੀ ਰਾਗੀ ਜੱਥਾ ਭਾਈ ਗੁਰਵਿੰਦਰ ਸਿੰਘ ਤੇ ਸਾਥੀ ਕੀਰਤਨ ਸਜਾਉਣਗੇ। ਸ਼ਾਮ 7 ਤੋਂ 7:30 ਵਜੇ ਤੱਕ ਰਹਿਰਾਸ ਸਾਹਿਬ ਦੇ ਪਾਠ ਕੀਤੇ ਜਾਣਗੇ। ਸ਼ਾਮ 7:30 ਤੋਂ 8:30 ਵਜੇ ਤੱਕ ਭਾਈ ਏਮਨਦੀਪ ਸਿੰਘ ਢਾਡੀ ਜੱਥਾ ਵੱਲੋਂ ਕੀਰਤਨ ਕੀਤਾ ਜਾਵੇਗਾ ਅਤੇ ਸ਼ਾਮ 8:30 ਤੋਂ 9:30 ਵਜੇ ਤੱਕ ਭਾਈ ਰਵਿੰਦਰਪਾਲ ਸਿੰਘ ਖਾਲਸਾ ਕਥਾਵਾਚਕ (ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ) ਵਾਲੇ ਗੁਰਮਿਤ ਸਮਾਗਮ ਦੀ ਹਾਜ਼ਰੀ ਭਰਨਗੇ ਅੱਗੇ ਉਨ੍ਹਾਂ ਇਹ ਵੀ ਦੱਸਿਆਂ ਕਿ ਮਿਤੀ 12 ਜੂਨ ਨੂੰ ਸਵੇਰੇ 6 ਤੋਂ 7 ਵਜੇ ਤੱਕ ਭਾਈ ਕੁਲਦੀਪ ਸਿੰਘ ਕਥਾਵਾਚਕ (ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ) ਵਾਲੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

## ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸਬਸਿਡੀ ਨਾ ਮਿਲਣ ਕਾਰਨ ਮੁੱਖ ਖੇਤੀਬਾੜੀ ਅ਼ਫਸਰ ਦੇ ਦ਼ਫਤਰ ਅੱਗੇ ਧਰਨਾ



ਲੁਧਿਆਣਾ, 7 ਜੂਨ (ਕਰਨੈਲ ਸਿੰਘ ਐੱਮ.ਏ.) : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਬਾਰ ਬਾਰ ਮੁੱਖ ਖੇਤੀਬਾੜੀ ਅ਼ਫਸਰ ਨੂੰ ਮਿਲਣ 'ਤੇ ਸਬਸਿਡੀ ਨਾਂ ਦੇਣ ਜੋਨ ਪ੍ਰਧਾਨ ਗੁਰਮੇਲ ਸਿੰਘ ਜੀਆ ਬੱਗਾ ਤੇ ਨਰਿੰਦਰ ਪਾਲ ਸਿੰਘ ਜਤਾਲਾ ਦੀ ਅਗਵਾਈ ਵਿੱਚ ਮੁੱਖ ਖੇਤੀਬਾੜੀ ਅ਼ਫਸਰ ਦੇ ਦਫਤਰ ਅੱਗੇ ਧਰਨਾ 28 ਗਰੁੱਪਾਂ ਦੇ ਕਿਸਾਨ ਜਿਨ੍ਹਾਂ ਨੂੰ ਸਬਸਿਡੀ ਨਹੀਂ ਮਿਲੀ ਉਹ ਸਾਰੇ ਸਾਡੇ ਨਾਲ ਇਕੱਠੇ ਹੋ ਕੇ ਬੈਠੇ ਲੇਕਿਨ ਫਿਰ ਵੀ ਅੱਜ ਅਸੀਂ ਪ੍ਰਸ਼ਾਸਨ ਨੂੰ ਟਾਈਮ ਦਿੱਤਾ 16 ਤਰੀਕ ਨੂੰ ਬਹੁਤ ਵੱਡਾ ਲੈਵਲ ਤੇ ਵੱਡਾ ਐਕਸ਼ਨ ਕਰਾਂਗੇ ਰੋਡ ਵੀ ਜਾਮ ਕਰਾਂਗੇ ਤੇ ਇਹਨਾਂ ਦਾ ਦਫ਼ਤਰ ਜਿਹੜਾ ਘਿਰਾਓ ਕਰਕੇ ਇਹਨਾਂ ਨੂੰ 5 ਵਜੇ ਤੋਂ ਬਾਅਦ ਅੰਦਰ ਤਾੜਾਂਗੇ ਤੇ ਫਿਰ ਪ੍ਰਸ਼ਾਸਨ ਜ਼ਿੰਮੇਵਾਰ ਆ ਤੇ ਸਾਡੇ ਕੋਲ ਤੇ ਦਰੀ 'ਤੇ ਹੀ ਕੁਝ ਹੈਗਾ ਕਿਉਂਕਿ ਕਿਸਾਨ ਜਿਹੜਾ ਚਾਰ ਚੁਫੇਰੇ ਕਿਸਾਨ ਤੇ ਹਮਲੇ ਹੋ ਰਹੇ ਨੇ ਤੇ ਕਿਸਾਨਾਂ ਨੂੰ ਇਕੱਠੇ ਕਰਕੇ ਕਿਸਾਨ ਮਜ਼ਦੂਰ ਸੰਘਰਸ਼ ਦੀ ਅਗਵਾਈ ਵਿੱਚ ਵੱਧ ਤੋਂ ਵੱਧ ਕਮੇਟੀਆਂ ਪਿੰਡਾਂ ਚ ਬਣਾਵਾਂਗੇ ਜਿਹੜੇ ਹਮਲੇ ਸਰਕਾਰ ਕਰ ਰਹੀ ਹੈ ਇਹਨਾਂ ਹਮਲਿਆਂ ਨੂੰ ਪਛਾੜ ਕੇ ਅਸੀਂ ਬਾਬਾ ਬੰਦਾ ਸਿੰਘ ਦੇ ਵਾਰਸ ਹਾਂ ਇਹਨਾਂ ਜ਼ਮੀਨਾਂ ਨੂੰ ਕਿਸੇ ਕੀਮਤ ਤੇ ਵੀ ਸਰਕਾਰ ਕੋਲੇ ਨਹੀਂ ਜਾਣ ਦਿਆਂਗੇ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਕਰਵਾਇਆ



ਲੁਧਿਆਣਾ, 7 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਚੁਪਹਿਰਾ ਸਮਾਗਮ ਬੀਤੇ ਦਿਨੀਂ ਬੜੇ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਮਹਾਨ ਜਪ-ਤਪ ਚੁਪਹਿਰਾ ਸਮਾਗਮ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਬੀਬੀਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੇ ਦੱਸਿਆ ਕਿ ਜਪ-ਤਪ ਚੁਪਹਿਰਾ ਸਮਾਗਮ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਨ ਲਈ ਹਰ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾਂਦਾ ਹੈ। ਸ੍ਰ: ਗੁਰਮੀਤ ਸਿੰਘ ਨੇ ਗੁਰੂ ਤੇਗ਼ ਬਹਾਦਰ ਨਗਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਰ ਜਪ-ਤਪ ਚੁਪਹਿਰਾ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਉਹਨਾਂ ਦੇ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਸ੍ਰ: ਸੁਰਜੀਤ ਸਿੰਘ ਖੁਰਾਣਾ, ਸ੍ਰ: ਸੁਰਿੰਦਰ ਸਿੰਘ, ਸ੍ਰ ਜਰਨੈਲ ਸਿੰਘ ਸੈਣੀ, ਸ੍ਰ: ਪਲਵਿੰਦਰ ਸਿੰਘ, ਸ੍ਰ: ਰਣਜੀਤ ਸਿੰਘ, ਸ੍ਰ: ਸਵਰਨ ਸਿੰਘ, ਸ੍ਰ: ਜੋਗਿੰਦਰ ਸਿੰਘ, ਸ੍ਰ: ਹਰਦੇਵ ਸਿੰਘ, ਸ੍ਰ: ਤਲਵਿੰਦਰ ਸਿੰਘ, ਸ੍ਰ: ਤਜਿੰਦਰ ਸਿੰਘ, ਸ੍ਰ: ਜਤਿੰਦਰ ਸਿੰਘ, ਸ੍ਰ: ਨਿਰਮਲ ਸਿੰਘ, ਸ੍ਰ: ਨਿਰਮਲ ਸਿੰਘ ਸੈਣੀ, ਹੈਪੀ ਗਿਲਹੋਤਰਾ, ਅਵਤਾਰ ਸਿੰਘ ਕੈਂਥ ਅਤੇ ਮਾਸਟਰ ਗੁਰਮੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸਾਬਕਾ ਵਿਧਾਇਕ ਡਾਬਰ ਦੀ ਅਗਵਾਈ ਹੇਠ ਯੂਥ ਕਾਂਗਰਸ ਵੱਲੋਂ ਆਸ਼ੂ ਦੇ ਹੱਕ 'ਚ ਪ੍ਰਚਾਰ ਸ਼ੁਰੂ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਸਾਬਕਾ ਵਿਧਾਇਕ ਸੁਰਿੰਦਰ ਡਾਬਰ ਦੀ ਅਗਵਾਈ ਹੇਠ ਲੁਧਿਆਣਾ ਵਿਧਾਨ ਸਭਾ ਪੱਛਮੀ 'ਚ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੇ ਚੋਣ ਪ੍ਰਚਾਰ ਨੂੰ ਤੇਜ਼ ਕਰਨ ਲਈ ਰਣਨੀਤੀ ਤਿਆਰ ਕੀਤੀ। ਇਸ ਦੌਰਾਨ ਬੂਥ, ਵਾਰਡ ਅਤੇ ਬਲਾਕ ਪੱਧਰ 'ਤੇ ਯੂਥ ਕਾਂਗਰਸ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਯੂਥ ਕਾਂਗਰਸ ਪ੍ਰਧਾਨ ਯੁਵਰਾਜ ਮਲਹੋਤਰਾ ਦੀ ਦੇਖ ਰੇਖ ਹੇਠ ਕੌਂਸਲਰ ਤਲਵਾੜ ਵੱਲੋਂ ਆਯੋਜਿਤ ਇਸ ਮੀਟਿੰਗ ਵਿੱਚ ਸਾਬਕਾ ਵਿਧਾਇਕ ਸੁਰਿੰਦਰ ਡਾਬਰ ਦੇ ਨਾਲ ਯੂਥ ਕਾਂਗਰਸ ਪ੍ਰਧਾਨ ਹੈਪੀ ਲਾਲੀ, ਕਮਲਜੀਤ ਸਿੰਘ ਕੜਵਲ, ਈਸ਼ਵਰਜੋਤ ਚੀਮਾ, ਯੂਥ ਕਾਂਗਰਸ ਦੇ ਰਾਸ਼ਟਰੀ ਸਕੱਤਰ ਯੋਗੇਸ਼ ਹਾਂਡਾ, ਮੋਹਿਤ ਰਾਮਪਾਲ, ਕੌਂਸਲਰ ਸਤਪਾਲ ਲੋਹਾਰਾ, ਸੁਨੀਲ ਪਰਾਸ਼ਰ ਵੀ ਮੌਜੂਦ ਸਨ। ਸੁਰਿੰਦਰ ਡਾਬਰ ਨੇ ਕਾਂਗਰਸ ਦੇ ਹੋਏ ਇਕੱਠ ਵਿੱਚ ਯੂਥ ਕਾਂਗਰਸ ਦੇ ਹੋਏ ਦੀ ਜਿੱਤ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਕਾਂਗਰਸ ਦੀ ਵਿਕਾਸ-ਪੱਖੀ ਸੋਚ ਅਤੇ ਸੰਤੁਲਿਤ ਪਾਰਟੀ ਦੇ ਰਾਜ ਦੌਰਾਨ ਹੂੰਝੇ ਵਿਕਾਸ ਤੋਂ ਦੁਖੀ ਲੋਕਾਂ ਨੇ ਆਸ਼ੂ ਦੇ ਹੱਕ ਵਿੱਚ ਮੁੜ ਕਾਂਗਰਸ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਹੈ। ਯੂਥ ਕਾਂਗਰਸ ਦੇ ਪ੍ਰਧਾਨ ਹੈਪੀ ਲਾਲੀ ਨੇ ਕਿਹਾ ਕਿ ਇਸ ਵਾਰ ਨੌਜਵਾਨ ਪੀੜ੍ਹੀ ਨੇ ਆਮ ਆਦਮੀ ਪਾਰਟੀ ਦੇ ਨਕਲੀ ਬਦਲਾਅ ਦੇ ਝੂਠੇ ਮਾਹੌਲ ਦੀ ਬਜਾਏ ਅਸਲ ਬਦਲਾਅ ਲਿਆਉਣ ਅਤੇ ਕਾਂਗਰਸੀ ਉਮੀਦਵਾਰ ਆਸ਼ੂ ਨੂੰ ਵਿਧਾਇਕ ਵਜੋਂ ਵਿਧਾਨ ਸਭਾ ਭੇਜਣ ਦੀਆਂ ਤਿਆਰੀਆਂ ਕੀਤੀਆਂ ਹਨ। ਈਸ਼ਵਰਜੋਤ ਚੀਮਾ ਨੇ ਕਿਹਾ ਕਿ ਚੋਣ ਮੈਦਾਨ ਵਿੱਚ ਕਾਂਗਰਸ ਦੇ ਹੱਕ ਰਾਜਨੀਤਿਕ ਹਵਾ ਝੁੱਲ ਰਹੀ ਹੈ।

## ਜੇਕਰ ਜੀਵਨ ਗੁਪਤਾ ਲੁਧਿਆਣਾ ਪੱਛਮੀ ਉਪ-ਚੋਣ 'ਚ ਚੁਣੇ ਜਾਂਦੇ ਹਨ ਤਾਂ ਲੁਧਿਆਣਾ ਲਈ ਵਿਕਾਸ ਦਾ ਵਾਅਦਾ




ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਦਿੱਲੀ ਸਰਕਾਰ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਸ਼ਨੀਵਾਰ ਨੂੰ ਭਾਜਪਾ ਉਮੀਦਵਾਰ ਜੀਵਨ ਗੁਪਤਾ ਦੇ ਸਮਰਥਨ ਵਿੱਚ ਪ੍ਰਚਾਰ ਕਰਨ ਲਈ ਲੁਧਿਆਣਾ ਪਹੁੰਚੇ। ਫਿਰੋਜ਼ਪੁਰ ਰੋਡ 'ਤੇ ਸ਼ਹਿਨ ਸ਼ਾਹ ਪੈਲੇਸ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸਿਰਸਾ ਨੇ ਲੁਧਿਆਣਾ ਪੱਛਮੀ ਦੇ ਵੋਟਰਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਲੁਟੇਰਾ ਗੈਂਗ ਤੋਂ ਸਾਵਧਾਨ ਰਹਿਣ, ਜਿਸਨੂੰ ਦਿੱਲੀ ਦੇ ਲੋਕਾਂ ਨੇ ਨਕਾਰ ਦਿੱਤਾ ਹੈ, ਕਿਉਂਕਿ ਦਿੱਲੀ ਨੂੰ ਲੁੱਟਣ ਤੋਂ ਬਾਅਦ ਹੁਣ ਉਨ੍ਹਾਂ ਦੀਆਂ ਨਜ਼ਰਾਂ ਪੰਜਾਬ 'ਤੇ ਹਨ। ਸਿਰਸਾ ਨੇ ਵਾਅਦਾ ਕੀਤਾ ਹੈ ਕਿ ਜੇਕਰ ਭਾਜਪਾ ਨੂੰ ਨੁਮਾਇੰਦਗੀ ਕਰਨ ਦਾ ਮੌਕਾ ਮਿਲਦਾ ਹੈ ਤਾਂ ਜੇਕਰ ਤੁਹਾਡਾ ਹਲਕਾ ਹਲਕਾ ਹੈ ਤਾਂ ਆਉਣ ਵਾਲੇ 1.5 ਸਾਲਾਂ ਵਿੱਚ ਨਾ ਸਿਰਫ਼ ਕੇਂਦਰ ਸਰਕਾਰ ਸਗੋਂ ਦਿੱਲੀ ਸਰਕਾਰ ਵੀ ਸ਼ਹਿਰ ਦੀ ਭਲਾਈ ਲਈ ਕੰਮ ਕਰੇਗੀ ।

ਸਿਰਸਾ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਜਦੋਂ ਦਿੱਲੀ ਦੇ ਲੋਕਾਂ ਨੇ ਚੋਣਾਂ ਵਿੱਚ ਨਕਾਰ ਦਿੱਤਾ ਤਾਂ ਉਹ ਦਿੱਲੀ ਦੇ ਲੋਕਾਂ ਨਾਲ ਇੱਕ ਦਿਨ ਵੀ ਨਹੀਂ ਖੜ੍ਹੇ ਹੋਏ ਅਤੇ ਪੰਜਾਬ ਪਹੁੰਚ ਗਏ ਕਿਉਂਕਿ ਉਹ ਸੱਤਾ ਤੋਂ ਬਿਨਾਂ ਨਹੀਂ ਰਹਿ ਸਕਦੇ। ਸਿਰਸਾ ਨੇ ਕਿਹਾ, "ਕੇਜਰੀਵਾਲ ਅਮਰੀਕੀ ਨੀਤੀ 'ਤੇ ਕੰਮ ਕਰ ਰਹੇ ਹਨ, ਕਿਉਂਕਿ ਅਮਰੀਕਾ ਨੇ ਵਿਕਾਸ ਦੇ ਨਾਮ 'ਤੇ ਇਰਾਕ, ਅਫਗਾਨਿਸਤਾਨ ਅਤੇ ਲੀਬੀਆ ਵਰਗੇ ਦੇਸ਼ਾਂ ਨੂੰ ਤਬਾਹ ਕਰ ਦਿੱਤਾ, ਕੇਜਰੀਵਾਲ ਨੇ ਦਿੱਲੀ ਨਾਲ ਅਜਿਹਾ ਕੀਤਾ ਹੈ ਅਤੇ ਹੁਣ ਇਹ ਪੰਜਾਬ ਵਿੱਚ ਕੀਤਾ ਜਾ ਰਿਹਾ ਹੈ।" ਉਨ੍ਹਾਂ ਕੇਜਰੀਵਾਲ 'ਤੇ ਹਮਲਾ ਕਰਦਿਆਂ ਕਿਹਾ ਕਿ ਸ਼ਰਾਬ ਮਾਫੀਆ ਵਾਂਗ ਹੁਣ ਭੂ-ਮਾਫੀਆ ਵੀ ਦਿੱਲੀ ਤੋਂ ਪੰਜਾਬ ਆ ਗਿਆ ਹੈ ਅਤੇ ਇਹ ਸਰਕਾਰ ਸੂਬੇ ਦੇ ਪਿੰਡਾਂ ਵਿੱਚ 25000 ਏਕੜ ਜ਼ਮੀਨ ਕਿਰਾਏ 'ਤੇ ਲੈਣ ਦੀ ਯੋਜਨਾ ਬਣਾ ਰਹੀ ਹੈ। ਸਿਰਸਾ ਨੇ ਕਿਹਾ, ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ 'ਆਪ' ਆਗੂ ਪੰਜਾਬ ਦੀ ਪ੍ਰਮੁੱਖ ਜ਼ਮੀਨ ਨੂੰ ਬਿਲਡਰਾਂ ਨੂੰ ਵੇਚ ਕੇ ਆਪਣੀਆਂ ਜੇਬਾਂ ਭਰਨਗੇ।

ਉਨ੍ਹਾਂ ਕਿਹਾ ਕਿ ਉਹ ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਦੇ ਲੁਧਿਆਣਾ ਆਉਣ ਦੇ ਢੰਗ-ਤਰੀਕੇ ਨੂੰ ਉਜਾਗਰ ਕਰਨ ਆਏ ਹਨ। ਸਿਰਸਾ ਨੇ ਕਿਹਾ, "ਇਸ ਲੁਟੇਰੇ ਗਿਰੋਹ ਕੋਲ ਲੁੱਟ ਦੇ ਤਿੰਨ ਤਰੀਕੇ ਹਨ ਜਿਵੇਂ ਕਿ ਦਿੱਲੀ ਵਿੱਚ ਉਨ੍ਹਾਂ ਨੇ ਪਹਿਲਾਂ ਕਿਸੇ ਰਸਾਇਣ ਦੀ ਮਦਦ ਨਾਲ ਝੋਨੇ ਦੀ ਪਰਾਲੀ ਦੀ ਸਮੱਸਿਆ ਨੂੰ ਖਤਮ ਕਰਨ ਦਾ ਐਲਾਨ ਕੀਤਾ ਸੀ। ਜਦੋਂ ਦਿੱਲੀ ਵਿੱਚ ਝੋਨੇ ਦੀ ਪਰਾਲੀ ਦਾ ਕੋਈ ਮੁੱਦਾ ਨਹੀਂ ਹੈ ਅਤੇ ਉਨ੍ਹਾਂ ਨੇ 28 ਲੱਖ ਰੁਪਏ ਦਾ ਕੰਪਾਊਂਡ ਖਰੀਦਿਆ ਅਤੇ ਇਸ ਕੰਪਾਊਂਡ ਦੀ ਇਸ਼ਤਿਹਾਰਬਾਜ਼ੀ 'ਤੇ 32 ਕਰੋੜ ਰੁਪਏ ਖਰਚ ਕੀਤੇ। ਫਿਰ ਉਨ੍ਹਾਂ ਨੇ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਸਕਾਲਰਸ਼ਿਪ ਦੇ ਰੂਪ ਵਿੱਚ 83 ਲੱਖ ਰੁਪਏ ਦਿੱਤੇ ਅਤੇ ਇਸ ਯੋਜਨਾ ਦੇ ਪ੍ਰਚਾਰ ਲਈ 50 ਕਰੋੜ ਰੁਪਏ ਖਰਚ ਕੀਤੇ। ਇਸੇ ਤਰ੍ਹਾਂ, ਦਿੱਲੀ ਸਰਕਾਰ ਨੇ ਔਡ-ਈਵਨ ਸਕੀਮ ਸ਼ੁਰੂ ਕੀਤੀ ਸੀ ਜਦੋਂ ਕਿ ਸਰਕਾਰ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ ਹੈ, ਪਰ ਉਨ੍ਹਾਂ ਨੇ ਫਿਰ ਵੀ ਦਿੱਲੀ ਵਿੱਚ ਸਿਰਫ਼ ਇਸ਼ਤਿਹਾਰਬਾਜ਼ੀ 'ਤੇ 55 ਕਰੋੜ ਰੁਪਏ ਖਰਚ ਕੀਤੇ। ਹੁਣ ਪੰਜਾਬ ਦਾ ਪੈਸਾ 'ਆਪ' ਸਰਕਾਰ ਦੂਜੇ ਰਾਜਾਂ ਵਿੱਚ ਵੀ ਕੱਢ ਰਹੀ ਹੈ।

ਪ੍ਰੈੱਸ ਕਾਨਫਰੰਸ ਵਿੱਚ ਹਾਜ਼ਰ ਭਾਜਪਾ ਆਗੂ ਅਨਿਲ ਸਰੀਨ ਭਾਜਪਾ ਸੂਬਾ ਜਨਰਲ ਸਕੱਤਰ, ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ, ਪਰਮਿੰਦਰ ਸਿੰਘ ਬਰਾੜ, ਗੁਰਦੇਵ ਸ਼ਰਮਾ ਦੇਬੀ ਆਦਿ ਮੌਜੂਦ ਰਹੇ।

# ਵਿਸ਼ਵਜੀਤ ਸਿੰਘ ਨੇ ਸਿੱਖੀ ਦੇ ਪ੍ਰਚਾਰ ਲਈ ਨਿਵੇਕਲਾ ਢੰਗ ਅਪਣਾਇਆ

## ☛ ਸਿੱਖਾਂ ਪ੍ਰਤੀ ਨਫ਼ਰਤ ਵਾਲਾ ਨਜ਼ਰੀਆ ਬਦਲਣ ਦੀ ਚੁੱਕੀ ਜ਼ਿੰਮੇਵਾਰੀ

ਵਾਸ਼ਿੰਗਟਨ, 7 ਜੂਨ (ਚ.ਨ.ਸ.): ਮੈਨਹਟਨ ਵਿੱਚ ਵਿਸ਼ਵਜੀਤ ਸਿੰਘ ਨੇ ਸਿੱਖੀ ਦੇ ਪ੍ਰਚਾਰ ਲਈ ਨਿਵੇਕਲਾ ਢੰਗ ਅਪਣਾਇਆ ਹੈ। ਉਸ ਨੇ 'ਕੈਪਟਨ ਸਿੱਖ ਅਮਰੀਕਾ' ਦਾ ਰੂਪ ਧਾਰ ਕੇ ਸਿੱਖਾਂ ਪ੍ਰਤੀ ਨਫ਼ਰਤ ਵਾਲਾ ਨਜ਼ਰੀਆ ਬਦਲਣ ਦੀ ਜ਼ਿੰਮੇਵਾਰੀ ਚੁੱਕੀ ਹੈ।



11 ਸਤੰਬਰ 2001 ਨੂੰ ਵਿਸਕੌਨਸਿਨ ਦੇ ਓਕ ਕਰੀਕ ਸਥਿਤ ਗੁਰਦੁਆਰੇ ਵਿੱਚ ਗੋਰੇ ਵੱਲੋਂ ਗੋਲੀਆਂ ਚਲਾ ਕੇ ਸਿੱਖਾਂ ਨੂੰ ਕਤਲ ਕੀਤੇ ਜਾਣ ਮਗਰੋਂ ਵਿਸ਼ਵਜੀਤ ਸਿੰਘ ਨੇ ਸਾਲ 2013 ਦੀਆਂ ਗਰਮੀਆਂ ਵਿੱਚ ਸਿੱਖ ਸੁਪਰਹੀਰੋ ਬਣ ਕੇ ਆਪਣੇ ਧਰਮ ਪ੍ਰਤੀ ਅਮਰੀਕੀਆਂ ਨੂੰ ਜਾਗਰੂਕ ਕਰਨਾ ਸ਼ੁਰੂ ਕੀਤਾ। ਵਿਸ਼ਵਜੀਤ ਸਿੰਘ ਨੇ ਕਿਹਾ ਕਿ 'ਕੈਪਟਨ ਸਿੱਖ ਅਮਰੀਕਾ' ਦਾ ਰੂਪ ਧਾਰਨ ਮਗਰੋਂ ਲੋਕ ਆਪ ਮੁਹਾਰੇ ਉਸ ਕੋਲ ਆਉਣ ਲੱਗ ਪਏ ਅਤੇ ਗਲਵੱਕੜੀ ਵਿੱਚ ਲੈ ਕੇ ਸਿੱਖੀ ਬਾਰੇ ਜਾਣਕਾਰੀ ਹਾਸਲ ਕਰਨ ਲੱਗ ਪਏ। ਉਸ ਨੇ ਦੱਸਿਆ ਕਿ ਇੱਥੋਂ ਤੱਕ ਕਿ ਪੁਲਿਸ ਅਧਿਕਾਰੀ ਵੀ ਉਸ ਨਾਲ ਤਸਵੀਰਾਂ ਖਿਚਵਾਉਂਦੇ ਹਨ। ਵਿਸ਼ਵਜੀਤ ਸਿੰਘ ਨੇ ਦੱਸਿਆ ਕਿ ਇਕ ਜੋੜੇ ਨੇ ਤਾਂ ਉਸ ਨੂੰ ਆਪਣੇ ਵਿਆਹ ਸਮਾਗਮ ਲਈ ਵੀ ਸੱਦਾ ਦਿੱਤਾ। ਸਾਲ 2016 ਵਿੱਚ ਵਿਸ਼ਵਜੀਤ ਸਿੰਘ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਉਹ ਸਕੂਲਾਂ, ਸਰਕਾਰੀ ਏਜੰਸੀਆਂ ਅਤੇ ਨਿਗਮਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਸਿੱਖ ਧਰਮ ਅਤੇ ਸਭਿਆਚਾਰ ਬਾਰੇ ਜਾਗਰੂਕ ਕਰਨ ਲੱਗ ਪਿਆ। ਉਸ ਨੇ ਕਿਹਾ ਕਿ ਉਹ ਬਰਾਬਰੀ ਤੇ ਨਿਆਂ ਦੀ ਵਕਾਲਤ ਕਰਦਾ ਹੈ। ਵਿਸ਼ਵਜੀਤ ਨੂੰ ਇਸ ਪੁਸ਼ਾਕ ਵਿੱਚ ਦੇਖ ਕੇ ਇੱਕ ਬੱਚੇ ਨੇ ਕਿਹਾ ਕਿ ਕੈਪਟਨ ਅਮਰੀਕਾ ਦੀ ਦਾੜ੍ਹੀ ਨਹੀਂ ਹੈ, ਉਹ ਪੱਗ ਨਹੀਂ ਬੰਨ੍ਹਦਾ ਹੈ ਅਤੇ ਉਹ ਗੋਰਾ ਹੈ।" ਵਿਸ਼ਵਜੀਤ ਸਿੰਘ ਨੇ ਉਸ ਮੁੰਡੇ ਵੱਲ ਦੇਖਿਆ, ਜਿਸ ਨੇ ਇਹ ਸ਼ਬਦ ਕਹੇ ਸਨ ਅਤੇ ਫਿਰ ਉਸ ਨੇ ਆਪਣੇ ਵੱਲ ਦੇਖਿਆ-ਇਕ ਪਤਲੇ, ਚਸ਼ਮਾ ਲੱਗੇ, ਪੱਗ ਬੰਨ੍ਹੇ ਅਤੇ ਦਾੜ੍ਹੀ ਵਾਲੇ ਸਿੱਖ ਵਿਅਕਤੀ ਨੇ ਕੈਪਟਨ ਅਮਰੀਕਾ ਦੀ ਪੁਸ਼ਾਕ ਪਹਿਨੀ ਹੋਈ ਸੀ। ਸਿੰਘ ਨੇ ਕਿਹਾ ਕਿ ਮੈਨੂੰ ਬੁਰਾ ਨਹੀਂ ਲੱਗਿਆ, ਕਿਉਂਕਿ ਮੈਂ ਜਾਣਦਾ ਸੀ ਕਿ ਇਸ ਬੱਚੇ ਦੇ ਦਿਮਾਗ ਵਿੱਚ ਹਮੇਸ਼ਾ ਲਈ ਮੇਰਾ, ਇਕ 'ਕੈਪਟਨ ਸਿੱਖ ਅਮਰੀਕਾ' ਦਾ ਅਕਸ ਬਣਿਆ ਰਹੇਗਾ। ਇਸ ਅਕਸ 'ਚ ਐਨੀ ਸ਼ਕਤੀ ਹੈ ਕਿ ਇਹ ਇਸ ਬਾਰੇ ਚਰਚਾ ਸ਼ੁਰੂ ਕਰ ਦਿੰਦਾ ਹੈ ਕਿ ਅਮਰੀਕੀ ਹੋਣ ਦਾ ਕੀ ਮਤਲਬ ਹੈ।'

# ਡਰੋਨ ਹਮਲਿਆਂ ਦੇ ਜਵਾਬ 'ਚ ਰੂਸ ਵੱਲੋਂ ਕੀਵ 'ਤੇ ਵੱਡਾ ਹਮਲਾ, 3 ਦੀ ਮੌਤ ਤੇ ਕਈ ਜ਼ਖ਼ਮੀ

ਕੀਵ/ਮਾਸਕੋ, 7 ਜੂਨ (ਚ.ਨ.ਸ.): ਯੂਕਰੇਨ ਵੱਲੋਂ ਰੂਸੀ ਹਵਾਈ ਅੱਡਿਆਂ 'ਤੇ ਹੋਏ ਹਮਲਿਆਂ ਤੋਂ ਕੁਝ ਦਿਨ ਬਾਅਦ ਰੂਸ ਨੇ ਸ਼ੁੱਕਰਵਾਰ ਦੀ ਸਵੇਰੇ ਕੀਵ ਸਮੇਤ ਯੂਕਰੇਨ ਦੇ ਕਈ ਸ਼ਹਿਰਾਂ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਭਾਰੀ ਹਮਲਾ ਕੀਤਾ। ਹਮਲੇ ਵਿੱਚ ਘੱਟੋ-ਘੱਟ 3 ਲੋਕਾਂ ਦੀ ਮੌਤ ਹੋ ਗਈ, ਜਦਕਿ ਦਰਜਨਾਂ ਹੋਰ ਜ਼ਖ਼ਮੀ ਹੋਏ ਹਨ। **ਡਰੋਨ ਹਮਲਿਆਂ ਦਾ ਬਦਲਾ : ਰੂਸ** ਕ੍ਰੈਮਲਿਨ ਨੇ ਪੁਸ਼ਟੀ ਕੀਤੀ ਹੈ ਕਿ ਇਹ ਹਮਲਾ ਪਿਛਲੇ ਹਫ਼ਤੇ ਹੋਏ ਯੂਕਰੇਨੀ ਡਰੋਨ ਹਮਲਿਆਂ ਦੇ ਜਵਾਬ ਵਿੱਚ ਕੀਤਾ ਗਿਆ ਹੈ। ਉਹ ਹਮਲੇ ਸਰਾਟੋਵ ਅਤੇ ਰਿਆਜ਼ਾਨ ਖੇਤਰਾਂ ਵਿੱਚ ਸਥਿਤ ਰੂਸ ਦੇ ਹਵਾਈ ਅੱਡਿਆਂ 'ਤੇ ਹੋਏ ਸਨ, ਜਿੱਥੇ ਕੁਝ ਪਰਮਾਣੂ ਹਥਿਆਰ ਲਿਜਾਣ ਯੋਗ ਬੰਬਵਰਸਾਕ ਜਹਾਜ਼ ਨਸ਼ਟ ਕਰ ਦਿੱਤੇ ਗਏ ਸਨ। ਰਿਪੋਰਟਾਂ ਮੁਤਾਬਕ, ਯੂਕਰੇਨੀ ਇੰਟੈਲੀਜੈਂਸ ਨੇ ਲੱਕੜ ਦੇ ਛੱਪੜਾਂ 'ਚ ਲੁਕਵਾਏ ਕਵਾਡਕਾਪਟਰ ਡਰੋਨਾਂ ਦੀ ਵਰਤੋਂ ਕਰਕੇ ਇਹ ਹਮਲੇ ਕੀਤੇ। ਇਹ ਯੁੱਧ ਦੇ ਤਿੰਨ ਸਾਲਾਂ ਵਿੱਚ ਸਭ ਤੋਂ ਹਿੰਮਤਵਾਨ ਹਮਲਿਆਂ ਵਿੱਚੋਂ ਇੱਕ ਮੰਨੇ ਜਾ ਰਹੇ ਹਨ। ਪੁਤਿਨ ਦੀ ਚੇਤਾਵਨੀ, ਟਰੰਪ ਨੂੰ ਜਾਣਕਾਰੀ: ਰੂਸੀ ਰਾਸ਼ਟਰਪਤੀ ਵਲਾਦੀਮਿਰ ਪੁਤਿਨ ਨੇ ਇਸ ਹਮਲੇ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਟੈਲੀਫੋਨ 'ਤੇ ਗੱਲ ਕਰਦੇ ਹੋਏ ਜਵਾਬੀ ਕਾਰਵਾਈ ਦੀ ਚੇਤਾਵਨੀ ਦਿੱਤੀ ਸੀ। ਗੱਲਬਾਤ ਤੋਂ ਬਾਅਦ ਟਰੰਪ ਨੇ ਕਿਹਾ ਸੀ ਕਿ ਕ੍ਰੈਮਲਿਨ ਰੂਸੀ ਹਵਾਈ ਅੱਡਿਆਂ 'ਤੇ ਹਮਲਿਆਂ ਦੇ ਜਵਾਬ ਵਿੱਚ ਕਈ ਉਪਾਅ ਤਿਆਰ ਕਰ ਰਿਹਾ ਹੈ। ਕ੍ਰੈਮਲਿਨ ਦੇ ਬੁਲਾਰੇ ਦਿਮਿਤਰੀ ਪੈਸਕੋਵ ਨੇ ਵੀ ਹਮਲੇ ਦੀ ਪੁਸ਼ਟੀ ਕੀਤੀ ਤੇ ਕਿਹਾ ਕਿ ਯੂਕਰੇਨ ਸਰਕਾਰ ਦੇ ਹਮਲਿਆਂ ਦੇ ਜਵਾਬ ਵਿਚ ਸਾਡੀ ਫੌਜ ਜੋ ਕੁਝ ਵੀ ਕਰ ਰਹੀ ਹੈ, ਉਹ ਸੈਨਾ ਦੀ ਦਿਨ-ਬ-ਦਿਨ ਜਾਰੀ ਜਵਾਬੀ ਕਾਰਵਾਈ ਦਾ ਹਿੱਸਾ ਹੈ। ਰੂਸ ਦਾ ਦਾਅਵਾ-'ਸਭ ਨਿਸ਼ਾਨੇ ਹਿਟ ਕੀਤੇ' : ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸਦੀ ਫੌਜ ਨੇ ਰਾਤ ਦੌਰਾਨ ਹਵਾਈ, ਜਲ ਤੇ ਜ਼ਮੀਨੀ ਮਾਧਿਅਮਾਂ ਰਾਹੀਂ ਲੰਮੇ ਰੇਂਜ ਵਾਲੇ ਪ੍ਰਿਸੀਜ਼ਨ ਹਥਿਆਰਾਂ ਨਾਲ ਭਾਰੀ ਹਮਲਾ ਕੀਤਾ। ਯੂਕਰੇਨੀ ਹਥਿਆਰ ਨਿਰਮਾਣ ਤੇ ਮੁਰੰਮਤ ਕਰਨ ਵਾਲੀਆਂ ਫੈਕਟਰੀਆਂ ਹਮਲਾਵਰ ਡਰੋਨਾਂ ਦੇ ਅਸੈਂਬਲੀ ਸੈਂਟਰ ਉਡਾਣ ਸਿਖਲਾਈ ਕੇਂਦਰ ਹਥਿਆਰਾਂ ਤੇ ਸੈਨਾ ਦੇ ਸਾਜ਼ੋ-ਸਾਮਾਨ ਦੇ ਗੋਦਾਮ ਇਹ ਹਮਲਾ ਰੂਸ-ਯੂਕਰੇਨ ਯੁੱਧ ਵਿੱਚ ਤਾਜ਼ਾ ਤਣਾਅ ਨੂੰ ਵਧਾਉਂਦਾ ਨਜ਼ਰ ਆ ਰਿਹਾ ਹੈ।

# ਡਾ. ਥਰੂਰ ਦੀ ਅਗਵਾਈ ਹੇਠ ਸਰਬ ਪਾਰਟੀ ਵਫ਼ਦ ਨੇ ਅਮਰੀਕਾ 'ਚ ਪ੍ਰਮੁੱਖ ਭਾਰਤੀ ਪ੍ਰਵਾਸੀ ਆਗੂਆਂ ਨਾਲ ਕੀਤੀ ਮੁਲਾਕਾਤ



ਵਾਸ਼ਿੰਗਟਨ, 7 ਜੂਨ (ਚ.ਨ.ਸ.): ਵਾਸ਼ਿੰਗਟਨ ਸਥਿਤ ਭਾਰਤੀ ਅੰਬੈਸੀ ਵੱਲੋਂ ਕਰਵਾਏ ਗਏ ਇਕ ਸਮਾਗਮ 'ਚ ਡਾ. ਸ਼ਸ਼ੀ ਥਰੂਰ ਭਾਰਤੀ ਸੰਸਦ ਮੈਂਬਰ ਦੀ ਅਗਵਾਈ ਵਾਲੇ ਸਰਬ ਪਾਰਟੀ ਵਫ਼ਦ ਨੇ ਅਮਰੀਕਾ 'ਚ ਪ੍ਰਮੁੱਖ ਭਾਰਤੀ ਪ੍ਰਵਾਸੀ ਆਗੂਆਂ ਨਾਲ ਮੁਲਾਕਾਤ ਕੀਤੀ। ਵਫ਼ਦ ਨੇ ਅੱਤਵਾਦ ਵਿਰੁੱਧ ਭਾਰਤ ਦੇ ਦ੍ਰਿੜ੍ਹ ਇਕਜੁੱਟਤਾ ਦੇ ਸਟੈਂਡ ਅਤੇ ਆਪ੍ਰੇਸ਼ਨ ਸਿੰਦੂਰ ਰਾਹੀਂ ਭਾਰਤ ਵੱਲੋਂ ਬਣਾਏ ਗਏ ਨਵੇਂ ਰੁਝਾਨ ਬਾਰੇ ਗੱਲਬਾਤ ਕੀਤੀ। ਭਾਰਤੀ ਪ੍ਰਵਾਸੀ ਮੈਂਬਰਾਂ ਨੇ ਅੱਤਵਾਦ ਦੇ ਪੀੜ੍ਹਤਾਂ ਨਾਲ ਹਮਦਰਦੀ ਅਤੇ ਅੱਤਵਾਦ ਵਿਰੁੱਧ ਭਾਰਤ ਦੀ ਲੜਾਈ ਲਈ ਸਮਰਥਨ ਦਾ ਆਪਣਾ ਸੰਦੇਸ਼ ਸਾਂਝਾ ਕੀਤਾ। ਸਮਾਗਮ ਵਿੱਚ ਸਿੱਖਸ ਆਫ਼ ਅਮੈਰਿਕਾ ਦੀ ਟੀਮ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਈ। ਚੇਅਰਮੈਨ ਜਸਦੀਪ ਸਿੰਘ ਜੱਸੀ ਵਿਦੇਸ਼ ਯਾਤਰਾ 'ਤੇ ਗਏ ਹੋਣ ਕਾਰਨ ਸ਼ਾਮਲ ਨਹੀਂ ਹੋ ਸਕੇ ਪਰ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਸ਼ਾਮਲ ਹੋਏ। ਸਿੱਖਸ ਆਫ਼ ਅਮੈਰਿਕਾ ਦੇ ਨੁਮਾਇੰਦਿਆਂ ਨੇ ਭਾਰਤ ਦੀ ਏਕਤਾ ਅਤੇ ਅਖੰਡਤਾ ਦੀ ਮੁਹਿੰਮ ਵਿੱਚ ਸਾਥ ਦੇਣ ਦੀ ਪੇਸ਼ਕਸ਼ ਕੀਤੀ ਪਰ ਨਾਲ ਹੀ ਦੋਵਾਂ ਦੇਸ਼ਾਂ 'ਭਾਰਤ ਅਤੇ ਪਾਕਿਸਤਾਨ' ਵਿੱਚ ਗੱਲਬਾਤ ਨਾਲ ਮਸਲਿਆਂ ਦੇ ਹੱਲ ਲੱਭਣ ਦੀ ਤਵੱਜੋਂ ਵੀ ਦਿੱਤੀ। ਨੁਮਾਇੰਦਿਆਂ ਨੇ ਚੇਅਰਮੈਨ ਜਸਦੀਪ ਸਿੰਘ ਜੱਸੀ ਦਾ ਭੇਜਿਆ ਹੋਇਆ ਸੰਦੇਸ਼ ਪੜ੍ਹ ਕੇ ਸੁਣਾਉਂਦਿਆਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਮਸਲੇ ਦਾ ਹੱਲ ਜੰਗ ਨਹੀਂ ਹੈ। ਜਦੋਂ ਵੀ ਮਸਲੇ ਦਾ ਹੱਲ ਹੋਣਾ ਹੁੰਦਾ ਹੈ ਤਾਂ ਗੱਲਬਾਤ ਨਾਲ ਹੀ ਹੁੰਦਾ ਹੈ। ਇਸ ਲਈ ਅਜਿਹਾ ਮਾਹੌਲ ਤਿਆਰ ਕੀਤਾ ਜਾਵੇ ਕਿ ਬਿਨਾਂ ਕਿਸੇ ਹਥਿਆਰਬੰਦ ਜੰਗ ਦੇ ਹੀ ਸਾਰੇ ਮਸਲੇ ਹੱਲ ਹੋ ਜਾਣ। ਉਨ੍ਹਾਂ ਭਾਰਤੀ ਆਲ ਪਾਰਟੀ ਡੈਲੀਗੇਸ਼ਨ ਦਾ ਨਿੱਘਾ ਸਵਾਗਤ ਵੀ ਕੀਤਾ।

# ਪੁਲਿਸ ਟੀਮ ਨੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੌਰਾਨ 2 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ 1 ਕਿਲੋ 33 ਗ੍ਰਾਮ ਹੈਰੋਇਨ ਕੀਤੀ ਬ੍ਰਾਮਦ

ਫਾਜ਼ਿਲਕਾ, 7 ਜੂਨ, (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਗੌਰਵ ਯਾਦਵ ਆਈ.ਪੀ.ਐਸ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਹਰਮਨਬੀਰ ਸਿੰਘ ਗਿੱਲ ਆਈ.ਪੀ.ਐਸ. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਫਿਰੋਜ਼ਪੁਰ ਰੇਂਜ, ਫਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਗੁਰਮੀਤ ਸਿੰਘ ਸੀਨੀਅਰ ਕਪਤਾਨ ਪੁਲਿਸ,



ਫਾਜ਼ਿਲਕਾ ਦੀ ਅਗਵਾਈ ਹੇਠ ਫਾਜ਼ਿਲਕਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਦੇ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੇ ਤਹਿਤ ਸਬ-ਇੰਸਪੈਕਟਰ ਹਰਦੇਵ ਸਿੰਘ ਮੁੱਖ ਅਫਸਰ ਥਾਣਾ ਸਦਰ ਫਾਜ਼ਿਲਕਾ ਦੀ ਨਿਗਰਾਨੀ ਹੇਠ ਏ.ਐਸ.ਆਈ ਮੰਗਲ ਸਿੰਘ ਵੱਲੋਂ ਗਸ਼ਤ ਦੌਰਾਨ 2 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 1 ਕਿਲੋ 33 ਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। 06-06-2025 ਨੂੰ ਸਬ-ਇੰਸਪੈਕਟਰ ਹਰਦੇਵ ਸਿੰਘ ਮੁੱਖ ਅਫਸਰ ਥਾਣਾ ਸਦਰ ਫਾਜ਼ਿਲਕਾ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਮੰਗਲ ਸਿੰਘ ਸਮੇਤ ਪੁਲਿਸ ਪਾਰਟੀ ਥਾਣਾ ਸਦਰ ਫਾਜ਼ਿਲਕਾ ਦੇ ਏਰੀਆ ਵਿੱਚ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਲਈ ਗਸ਼ਤ ਕੀਤੀ ਜਾ ਰਹੀ ਸੀ। ਗਸ਼ਤ ਦੌਰਾਨ ਪੁਲਿਸ ਪਾਰਟੀ ਨੂੰ ਪਿੰਡ ਬੇਹ ਕਲੰਦਰ ਨੇੜੇ 2 ਨੌਜਵਾਨ ਆਉਂਦੇ ਦਿਖਾਈ ਦਿੱਤੇ, ਜਿਨ੍ਹਾਂ ਨੂੰ ਪੁਲਿਸ ਪਾਰਟੀ ਨੇ ਸ਼ੱਕ ਦੇ ਅਧਾਰ 'ਤੇ ਰੋਕਿਆ ਤਾਂ ਉਨ੍ਹਾਂ ਪਾਸ ਕੋਈ ਨਸ਼ੀਲੀ ਵਸਤੂ ਹੋਣ ਦਾ ਸ਼ੱਕ ਜਾਹਰ ਕੀਤਾ ਗਿਆ। ਜਿਸ 'ਤੇ ਮੌਕੇ 'ਤੇ ਲਵਦੀਪ ਸਿੰਘ ਗਿੱਲ, ਪੀ.ਪੀ.ਐਸ ਉਪ-ਕਪਤਾਨ ਪੁਲਿਸ (ਸਬਡਿਵ) ਨੂੰ ਮੌਕੇ 'ਤੇ ਬੁਲਾ ਕੇ ਉਕਤ ਵਿਅਕਤੀਆਂ ਦੇ ਪਿੱਠੂ ਬੈਗ ਦੀ ਤਲਾਸ਼ੀ ਕੀਤੀ ਤਾਂ ਉਸ ਵਿੱਚੋਂ ਕਾਲੇ ਰੰਗ ਦੇ ਲਿਫਾਫੇ ਵਿੱਚੋਂ 1 ਕਿਲੋ 33 ਗ੍ਰਾਮ ਹੈਰੋਇਨ ਬਰਾਮਦ ਹੋਈ। ਕਾਬੂ ਕੀਤੇ ਨਸ਼ਾ ਤਸਕਰਾਂ ਦੀ ਪਹਿਚਾਣ ਹਰਦੀਪ ਸਿੰਘ ਪੁੱਤਰ ਸੁਖਮੰਦਰ ਸਿੰਘ ਵਾਸੀ ਅਮਰ ਸਿੰਘ ਵਾਲਾ 33 ਐਲ ਐਲ ਡਬਲਿਊ ਪੁਲੀ ਬੰਗਾ ਹਨੂੰਮਾਨਗੜ੍ਹ ਰਾਜਸਥਾਨ ਤੇ ਜੈਦੀਪ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਖਾਰਾ ਚੱਕ, ਸਾਦੁਲ ਸ਼ਹਿਰ, ਸ੍ਰੀ ਗੰਗਾਨਗਰ (ਰਾਜਸਥਾਨ) ਵਜੋਂ ਹੋਈ। ਜਿਨ੍ਹਾਂ ਦੇ ਖਿਲਾਫ ਮੁਕੱਦਮਾ ਨੰਬਰ 145 ਮਿਤੀ 06-06-2025 ਜੁਰਮ 21(ਸੀ)/29/61/85 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਫਾਜ਼ਿਲਕਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਦੋਸ਼ੀ ਹਰਦੀਪ ਸਿੰਘ ਦੇ ਖ਼ਿਲਾਫ਼ ਪਹਿਲਾਂ ਵੀ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਹੈ।

# ਦੇਸ਼ ਭਗਤ ਯੂਨੀਵਰਸਿਟੀ ਨੇ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਨਾਲ ਮਨਾਇਆ ਵਿਸ਼ਵ ਵਾਤਾਵਰਨ ਦਿਵਸ




ਮੰਡੀ ਗੋਬਿੰਦਗੜ੍ਹ, 7 ਜੂਨ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ ਦੇ ਗਰਲਜ਼ ਹੋਸਟਲ ਨੇ ਯੂਨੀਵਰਸਿਟੀ ਸਕੂਲ ਆਫ ਲਾਅ ਦੇ ਸਹਿਯੋਗ ਨਾਲ ਵਿਸ਼ਵ ਵਾਤਾਵਰਣ ਦਿਵਸ ਮਨਾਉਣ ਲਈ 'ਏਕ ਪੇਡ ਮਾਂ ਕੇ ਨਾਮ' ਸਿਰਲੇਖ ਵਾਲੀ ਇੱਕ ਪ੍ਰਭਾਵਸ਼ਾਲੀ ਅਤੇ ਭਾਵਨਾਤਮਕ ਮੁਹਿੰਮ ਸ਼ੁਰੂ ਕੀਤੀ। ਇਸ ਸਮਾਗਮ ਦਾ ਉਦਘਾਟਨ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕੀਤਾ। ਆਪਣੇ ਮੁੱਖ ਭਾਸ਼ਣ ਵਿੱਚ, ਡਾ. ਸਦਾਵਰਤੀ ਨੇ ਕੁਦਰਤ ਦੀ ਰੱਖਿਆ ਲਈ ਤੁਰੰਤ ਅਤੇ ਨਿਰੰਤਰ ਯਤਨਾਂ ਦਾ ਸੱਦਾ ਦਿੱਤਾ ਤੇ ਵਿਦਿਆਰਥੀਆਂ ਨੂੰ ਜੀਵਨ ਦੇ ਸਾਰੇ ਖੇਤਰਾਂ ਵਿੱਚ ਸਥਿਰਤਾ ਦੇ ਰਾਜਦੂਤ ਬਣਨ ਦੀ ਅਪੀਲ ਕੀਤੀ। ਡਾ. ਆਰਤੀ, ਫੈਕਲਟੀ ਇੰਚਾਰਜ ਤੇ ਨਰਿੰਦਰ ਕੌਰ, ਵਾਰਡਨ ਪਰਮਜੀਤ ਕੌਰ, ਸੁਖਜਿੰਦਰ ਕੌਰ ਅਤੇ ਅੰਕਿਤਾ ਦੇ ਨਾਲ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਮਾਂ ਪ੍ਰਤੀ ਇੱਕ ਭਾਵੁਕ ਸ਼ਰਧਾਂਜਲੀ ਵਜੋਂ ਵਿਦਿਆਰਥੀਆਂ ਨੇ ਯੂਨੀਵਰਸਿਟੀ ਕੈਂਪਸ ਵਿੱਚ ਪੌਦੇ ਲਗਾਏ ਅਤੇ ਵੱਖ-ਵੱਖ ਵਿਭਾਗਾਂ ਦੀਆਂ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੇ ਰੋਜ਼ਾਨਾ ਜੀਵਨ ਵਿੱਚ ਟਿਕਾਊ ਆਦਤਾਂ ਨੂੰ ਅਪਣਾਉਣ ਦਾ ਪ੍ਰਣ ਕੀਤਾ। ਵਾਤਾਵਰਣ ਪ੍ਰਤੀ ਪ੍ਰੇਮ ਨੂੰ ਹੋਰ ਵਧਾਉਂਦੇ ਹੋਏ, ਖੇਤੀਬਾੜੀ ਅਤੇ ਜੀਵ ਵਿਗਿਆਨ ਫੈਕਲਟੀ ਦੇ ਐਗਰੀਮ ਕਲੱਬ ਨੇ 'ਹਰਾ ਪੰਜਾਬ ਖਰਾ ਸਮਾਜ' ਦੇ ਸਹਿਯੋਗ ਨਾਲ 'ਏਕ ਪੇੜ ਮਾਂ ਕੇ ਨਾਮ' ਦਾ ਆਯੋਜਨ ਕੀਤਾ, ਜਿਸਦਾ ਵਿਸ਼ਾ 'ਪਲਾਸਟਿਕ ਪ੍ਰਦੂਸ਼ਣ ਨੂੰ ਖਤਮ ਕਰਨ ਦੀ ਜਾਗਰੂਕਤਾ' ਸੀ। ਮੁਹਿੰਮ ਦਾ ਇਹ ਵਿਸਥਾਰ ਯੂਨੀਵਰਸਿਟੀ ਨਾਲ ਜੁੜੇ ਵੱਖ-ਵੱਖ ਗੋਦ ਲਏ ਪਿੰਡਾਂ ਵਿੱਚ ਆਯੋਜਿਤ ਕੀਤਾ ਗਿਆ, ਜਿਸਦਾ ਉਦੇਸ਼ ਪੇਂਡੂ ਭਾਈਚਾਰਕ ਸ਼ਮੂਲੀਅਤ ਨਾਲ ਅਕਾਦਮਿਕ ਯਤਨਾਂ ਨੂੰ ਜੋੜਨਾ ਸੀ। ਇਸ ਦੌਰਾਨ ਕਈ ਪਿੰਡਾਂ ਵਿੱਚ ਪੌਦੇ ਲਗਾਏ ਗਏ ਤੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ, ਜਿਸ ਵਿੱਚ ਵਿਦਿਆਰਥੀਆਂ, ਫੈਕਲਟੀ ਤੇ ਸਥਾਨਕ ਨਿਵਾਸੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਪੂਰੇ ਅਕਾਦਮਿਕ ਦੀ ਅਗਵਾਈ ਪ੍ਰੋ. ਡਾ. ਐਚ.ਕੇ. ਸਿੱਧੂ ਤੇ ਪ੍ਰੋ. ਡਾ. ਖੁਸ਼ਬੂ ਬਾਂਸਲ ਸਮੇਤ ਪਤਵੰਤਿਆਂ ਦੀ ਟੀਮ ਨੇ ਕੀਤੀ ਜਿਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸ਼ਬਦਾਂ ਨਾਲ ਭਾਈਚਾਰੇ ਨੂੰ ਪ੍ਰੇਰਿਤ ਕੀਤਾ।

# ਸੜਕ ਹਾਦਸੇ 'ਚ ਭਾਰਤੀ ਮੂਲ ਦੀ ਮਾਂ-ਧੀ ਦੀ ਮੌਤ

ਵਾਸ਼ਿੰਗਟਨ, 7 ਜੂਨ (ਚ.ਨ.ਸ): ਅਮਰੀਕਾ ਤੋਂ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਥੇ ਭਿਆਨਕ ਸੜਕ ਹਾਦਸੇ ਵਿਚ ਭਾਰਤੀ ਮੂਲ ਦੀ ਮਾਂ ਧੀ ਦੀ ਮੌਤ ਹੋ ਗਈ। ਜਦਕਿ ਮਹਿਲਾ ਦਾ ਪਤੀ ਤੇ ਪੁੱਤਰ ਗੰਭੀਰ ਜ਼ਖ਼ਮੀ ਹੋ ਗਿਆ।



ਜਾਣਕਾਰੀ ਅਨੁਸਾਰ ਭਾਰਤੀ ਮੂਲ ਦਾ ਅਰੁਲ ਆਪਣੇ ਪਰਿਵਾਰ ਦੇ ਨਾਲ ਮੈਸੇਚਿਉਸੇਟਸ ਵਿੱਚ ਰਹਿੰਦਾ ਹੈ। ਉਹ ਆਪਣੇ ਪੁੱਤਰ ਦਾ ਜਨਮਦਿਨ ਮਨਾਉਣ ਲਈ ਜਾ ਰਿਹਾ ਸੀ ਕਿ ਫਰੈਂਕਲਿਨ ਵਿੱਚ ਉਸ ਦੀ ਕਾਰ ਗਲਤ ਰਸਤੇ ਤੋਂ ਆ ਰਹੇ ਇੱਕ ਪਿਕਅੱਪ ਟਰੱਕ ਦੇ ਨਾਲ ਟਕਰਾ ਗਈ, ਜਿਸ ਨਾਲ ਪੰਜ ਸਾਲਾਂ ਦੀ ਧੀ ਰਿਸ਼ਾ ਪਟੇਲ ਅਤੇ ਉਸ ਦੀ ਮਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਅਰੁਲ ਤੇ ਉਸ ਦਾ ਪੁੱਤਰ ਗੰਭੀਰ ਜ਼ਖ਼ਮੀ ਹੋ ਗਿਆ। ਮਾਮਲੇ ਵਿੱਚ ਦੋਸ਼ੀ ਇਸ ਸਮੇਂ 250,000 ਡਾਲਰ ਦੇ ਬਾਂਡ 'ਤੇ ਜੇਲ੍ਹ ਵਿੱਚ ਹੈ ਤੇ ਉਸਨੂੰ 24 ਜੂਨ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਸਨੇ ਪਹਿਲਾਂ ਆਪਣੇ ਦੋਸ਼ ਤੋਂ ਇਨਕਾਰ ਕੀਤਾ ਸੀ ਤੇ ਉਸਨੂੰ ਪੁੱਛਗਿੱਛ ਦੌਰਾਨ ਕਿਹਾ ਸੀ ਕਿ ਉਸਨੂੰ ਹਾਦਸੇ ਬਾਰੇ ਕੁਝ ਵੀ ਯਾਦ ਨਹੀਂ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਸਫਲਤਾਪੂਰਵਕ ਮਨਾਇਆ ਪਲੇਸਮੈਂਟ ਦਿਵਸ-2025




ਫਤਹਿਗੜ੍ਹ ਸਾਹਿਬ, 7 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਨੇ 4 ਜੂਨ, 2025 ਨੂੰ ਪਲੇਸਮੈਂਟ ਦਿਵਸ 2025 ਬਹੁਤ ਮਾਣ ਤੇ ਉਤਸ਼ਾਹ ਨਾਲ ਮਨਾਇਆ। ਯੂਨੀਵਰਸਿਟੀ ਦੇ ਸਿਖਲਾਈ ਤੇ ਪਲੇਸਮੈਂਟ ਸੈੱਲ ਦੁਆਰਾ ਆਯੋਜਿਤ ਇਹ ਸਮਾਗਮ 2024-2025 ਦੇ ਅਕਾਦਮਿਕ ਸੈਸ਼ਨ ਦੌਰਾਨ ਨਾਮਵਰ ਸੰਸਥਾਵਾਂ ਵਿੱਚ ਪਲੇਸਮੈਂਟ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸੀ। ਪੂਰੇ ਅਕਾਦਮਿਕ ਸਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਿਖਲਾਈ ਤੇ ਪਲੇਸਮੈਂਟ ਸੈੱਲ ਨੇ ਕਈ ਪ੍ਰਭਾਵਸ਼ਾਲੀ ਪਹਿਲਕਦਮੀਆਂ ਕੀਤੀਆਂ, ਜਿਨ੍ਹਾਂ ਵਿੱਚ ਮੈਗਾ ਕਰੀਅਰ ਮੇਲਾ 2025, ਕਈ ਪਲੇਸਮੈਂਟ ਹਫ਼ਤੇ 'ਤੇ ਕੇਂਦ੍ਰਿਤ ਕੈਂਪਸ ਭਰਤੀ ਡਰਾਈਵ ਸ਼ਾਮਲ ਹਨ। ਇਨ੍ਹਾਂ ਸਮਾਗਮਾਂ ਨੇ ਵਿਦਿਆਰਥੀਆਂ ਲਈ ਵੱਖ-ਵੱਖ ਉਦਯੋਗਾਂ ਦੇ ਮੋਹਰੀ ਮਾਲਕਾਂ ਨਾਲ ਸਿੱਧੇ ਤੌਰ 'ਤੇ ਜੁੜਨ ਲਈ ਕੀਮਤੀ ਪਲੇਟਫਾਰਮ ਤਿਆਰ ਕੀਤੇ। ਮਹੱਤਵਪੂਰਨ ਪਲੇਸਮੈਂਟ ਹਾਈਲਾਈਟਸ ਵਿੱਚੋਂ ਏ.ਡੀ.ਵੀ.ਆਈ. ਗਰੁੱਪ ਆਫ਼ ਇੰਸਟੀਚਿਊਟਸ ਨੇ ਬੀ.ਟੈਕ (ਕੰਪਿਊਟਰ ਸਾਇੰਸ) ਪ੍ਰੋਗਰਾਮ ਦੇ ਵਿਦਿਆਰਥੀਆਂ ਨੂੰ ਸਾਲਾਨਾ 14 ਲੱਖ ਰੁਪਏ ਦਾ ਪ੍ਰਭਾਵਸ਼ਾਲੀ ਪੈਕੇਜ ਪੇਸ਼ ਕੀਤਾ। ਸਕਿੱਲਕਾਰਟ ਲੁਧਿਆਣਾ ਨੇ ਕਾਮਰਸ ਤੇ ਮੈਨੇਜਮੈਂਟ ਸਟ੍ਰੀਮਾਂ ਦੇ ਵਿਦਿਆਰਥੀਆਂ ਨੂੰ ਸਾਲਾਨਾ 11 ਲੱਖ ਰੁਪਏ ਦੀ ਇੱਕ ਮੁਨਾਫ਼ੇ ਵਾਲੀ ਪੇਸ਼ਕਸ਼ ਕੀਤੀ। ਫਿਟੇਲੋ ਨੇ ਫੂਡ ਪ੍ਰੋਸੈਸਿੰਗ ਤੇ ਟੈਕਨਾਲੋਜੀ ਦੇ ਵਿਦਿਆਰਥੀਆਂ ਨੂੰ ਭਰਤੀ ਕੀਤਾ ਤੇ ਆਕਰਸ਼ਕ ਪੈਕੇਜ ਦਿੱਤੇ, ਜਦੋਂ ਕਿ ਲਰਨਿੰਗ ਰੂਟਸ ਨੇ ਸਾਲਾਨਾ 6 ਲੱਖ ਰੁਪਏ ਦੇ ਪੈਕੇਜ ਦੀ ਪੇਸ਼ਕਸ਼ ਕੀਤੀ। ਐਕਸਿਸ ਬੈਂਕ ਨੇ ਸਾਲਾਨਾ 4 ਲੱਖ ਰੁਪਏ ਦੇ ਪੈਕੇਜ ਦੀ ਪੇਸ਼ਕਸ਼ ਕਰਦੇ ਹੋਏ ਸੰਚਾਲਨ ਤੇ ਵਿਕਰੀ ਪ੍ਰੋਫਾਈਲਾਂ ਲਈ ਵਿਦਿਆਰਥੀਆਂ ਦੀ ਚੋਣ ਕੀਤੀ। ਇਸ ਤੋਂ ਇਲਾਵਾ, ਬੀਬੀਏ, ਬੀ.ਕਾਮ, ਬੀਸੀਏ ਤੇ ਬੀਏ ਦੇ 27 ਵਿਦਿਆਰਥੀਆਂ ਨੂੰ ਪੇਟੀਐਮ ਸੇਵਾਵਾਂ ਵਿੱਚ ਸਫਲਤਾਪੂਰਵਕ ਪਲੇਸਮੈਂਟ ਦਿੱਤੀ ਗਈ। ਅਕਾਲ ਅਕੈਡਮੀ ਦੁਆਰਾ ਬੇਸਿਕ ਸਾਇੰਸਜ਼ (ਭੌਤਿਕ ਵਿਗਿਆਨ ਅਤੇ ਗਣਿਤ), ਅੰਗਰੇਜ਼ੀ ਅਤੇ ਸਿੱਖਿਆ ਵਿਭਾਗਾਂ ਦੇ 69 ਵਿਦਿਆਰਥੀਆਂ ਦੀ ਪਲੇਸਮੈਂਟ ਇੱਕ ਮਹੱਤਵਪੂਰਨ ਪ੍ਰਾਪਤੀ ਸੀ, ਜੋ ਕਿ ਵਿਭਿੰਨ ਅਕਾਦਮਿਕ ਵਿਸ਼ਿਆਂ ਵਿੱਚ ਯੂਨੀਵਰਸਿਟੀ ਦੇ ਮਜ਼ਬੂਤ ਪਲੇਸਮੈਂਟ ਆਊਟਰੀਚ ਨੂੰ ਦਰਸਾਉਂਦੀ ਹੈ।

# ਇਤਿਹਾਸਕ ਘੰਟਾਘਰ ਦਾ ਸਥਾਪਨਾ ਦਿਵਸ ਮਨਾਇਆ



ਫਾਜ਼ਿਲਕਾ, 7 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਦੇਸ਼ ਵਿਦੇਸ਼ ਵਿਚ ਆਪਣੀ ਕਲਾ ਲਈ ਮਸ਼ਹੂਰ ਫਾਜ਼ਿਲਕਾ ਦੇ ਇਤਿਹਾਸਕ ਰਾਮ ਨਾਰਾਇਣ ਮੈਮੋਰੀਅਲ ਘੰਟਾਘਰ ਦਾ 87ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਜਾਣਕਾਰੀ ਦਿੰਦਿਆਂ ਸਮਾਜਸੇਵੀ ਤੇ ਘੰਟਾਘਰ ਦੀ ਸੰਭਾਲ ਕਰ ਰਹੇ ਲੀਲਾਧਰ ਸ਼ਰਮਾ ਨੇ ਦੱਸਿਆ ਕਿ ਅੰਗਰੇਜ਼ੀ ਰਾਜ ਦੌਰਾਨ ਸਮਾਜਿਕ ਕੰਮਾਂ ਵਿੱਚ ਯੋਗਦਾਨ ਦੇਣ ਵਾਲੇ ਸਵ. ਸੇਠ ਮਦਨ ਗੋਪਾਲ ਪੇੜੀਵਾਲ ਨੂੰ ਰਾਇ ਸਾਹਿਬ ਦੀ ਉਪਾਧੀ ਨਾਲ ਨਿਵਾਜਿਆ ਗਿਆ ਸੀ। ਉਨ੍ਹਾਂ ਵੱਲੋਂ ਬਣਵਾਇਆ ਗਿਆ ਇਹ ਘੰਟਾਘਰ ਨੇ ਅੱਜ ਵੀ ਆਪਣੀ ਵੱਖਰੀ ਪਹਿਚਾਣ ਬਣਾਈ ਹੋਈ ਹੈ। ਸਥਾਪਨਾ ਦਿਵਸ ਮੌਕੇ ਭਾਰਤ ਸਰਕਾਰ ਦੇ ਐਗਰੀਕਲਚਰ ਕਮਿਸ਼ਨਰ ਡਾ. ਪੀ.ਕੇ. ਸਿੰਘ ਨੇ ਘੰਟਾਘਰ 'ਤੇ ਫੁੱਲਾਂ ਦੀ ਵਰਖਾ ਕਰਕੇ ਮਠਿਆਈ ਭੇਟ ਕਰਕੇ ਲੋਕਾਂ ਵਿੱਚ ਵੰਡੀ। ਇਸ ਮੌਕੇ ਉਨ੍ਹਾਂ ਦੇ ਨਾਲ ਹੋਰ ਅਧਿਕਾਰੀ ਡਾ. ਨਿਚਿਕੇਤ ਕੋਤਲੀਵਾਲ, ਡਾਇਰੈਕਟਰ ਆਈਸੀਏਆਰ ਸੀਫੈਟ ਲੁਧਿਆਣਾ, ਡਾ. ਰਮੇਸ਼ ਕੁਮਾਰ, ਪ੍ਰਿੰਸੀਪਲ ਸਾਇੰਟਿਸਟ ਲੁਧਿਆਣਾ, ਡਾ. ਅਮਿਤ ਨਾਥ, ਡਾ. ਅਰਵਿੰਦ ਅਹਲਾਵਤ, ਇੰਚਾਰਜ ਕ੍ਰਿਸ਼ੀ ਵਿਗਿਆਨ ਕੇਂਦਰ ਅਬੋਹਰ ਤੇ ਪ੍ਰਗਤੀਸ਼ੀਲ ਕਿਸਾਨ ਅਨਿਲ ਜਿਆਨੀ (ਕਟੇਹੜਾ) ਖਾਸ ਤੌਰ 'ਤੇ ਸ਼ਾਮਲ ਰਹੇ। ਪੇੜੀਵਾਲ ਪਰਿਵਾਰ ਵੱਲੋਂ ਬੁਲਾਕੀ ਰਾਮ ਪੇੜੀਵਾਲ, ਸੁਸ਼ੀਲ ਪੇੜੀਵਾਲ, ਸੌਰਭ ਤੇ ਸਿਧਾਰਥ ਪੇੜੀਵਾਲ ਸਮੇਤ ਹੋਰ ਪਰਿਵਾਰਕ ਮੈਂਬਰਾਂ ਨੇ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ।

# ਪੰਜਾਬ ਗਰੁੱਪ ਆਫ ਕਾਲਜਿਜ਼ ਵਿਖੇ ਵਣ ਉਤਸਵ ਮਨਾਇਆ




ਫਤਹਿਗੜ੍ਹ ਸਾਹਿਬ, 7 ਜੂਨ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਗਰੁੱਪ ਆਫ ਕਾਲਜਿਜ਼ ਪਿੰਡ ਸਰਕੱਪੜਾ, ਚੂੰਨੀ ਕਲ੍ਹਾਂ, ਫਤਿਹਗੜ੍ਹ ਸਾਹਿਬ ਵਿਖੇ 'ਵਿਸ਼ਵ ਵਾਤਾਵਰਣ ਦਿਵਸ' ਤੇ 'ਏਕ ਪੇਡ ਮਾਂ ਕੇ ਨਾਮ' ਮੁਹਿੰਮ ਤਹਿਤ ਕਾਲਜ ਵਿੱਚ ਛਾਂ ਦਾਰ ਦਰੱਖਤ ਲਗਾਏ ਗਏ। ਇਸ ਮੌਕੇ ਪੰਜਾਬ ਗਰੁੱਪ ਆਫ ਕਾਲਜਿਜ਼ ਦੇ ਚੇਅਰਮੈਨ ਨਿਰਮਲ ਸਿੰਘ, ਪੰਜਾਬ ਕਾਲਜ ਆਫ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਸੁਮਨਦੀਪ ਕੌਰ, ਐਚ .ਓ . ਡੀ. ਡਾ . ਗੀਤਾ ਰਾਣੀ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ। ਚੇਅਰਮੈਨ ਸ. ਨਿਰਮਲ ਸਿੰਘ ਵੱਲੋਂ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਅਤੇ ਆਪਣੇ ਸੰਬੋਧਨ ਵਿੱਚ ਦਰੱਖਤਾਂ ਦੀ ਮਹੱਤਤਾ ਅਤੇ ਸੰਭਾਲ ਬਾਰੇ ਜਾਣੂੰ ਕਰਵਾਇਆ। ਉਹਨਾਂ ਕਿਹਾ ਕਿ ਜਿਹੜੀ ਹਵਾ ਵਿੱਚ ਅਸੀਂ ਸਾਹ ਲੈਂਦੇ ਹਾਂ, ਉਸ ਨੂੰ ਸਾਫ ਰੱਖਣ ਲਈ ਰੁੱਖਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਜਿਸ ਨਾਲ ਵੱਧ ਰਹੀ ਗਰਮੀ ਅਤੇ ਗਲੋਬਲ ਵਾਰਮਿੰਗ ਦੇ ਮਾੜੇ ਪ੍ਰਭਾਵ ਤੋਂ ਬਚਾਅ ਹੋ ਸਕੇ। ਉਹਨਾਂ ਸਭ ਨੂੰ ਆਪਣੇ ਆਪਣੇ ਇਲਾਕਿਆਂ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਹਨਾਂ ਦੀ ਸਾਂਭ ਸੰਭਾਲ ਲਈ ਪ੍ਰੇਰਿਤ ਵੀ ਕੀਤਾ।

# ਬ੍ਰਾਹਮਣ ਸਭਾ ਤੇ ਸਨਾਤਨ ਧਰਮ ਮੰਦਰ ਕਮੇਟੀ ਨੇ ਲਗਾਈ ਠੰਡੇ-ਮਿੱਠੇ ਪਾਣੀ ਦੀ ਛਬੀਲ



ਜ਼ੀਰਾ, 7 ਜੂਨ (ਦੀਪਕ ਭਾਰਗੋ): ਅੱਤ ਦੀ ਗਰਮੀ ਦੇ ਮਹੀਨੇ ਵਿੱਚ ਆਈ ਨਿਰਜ਼ਲਾ ਇਕਾਦਸ਼ੀ ਦੇ ਮੌਕੇ 'ਤੇ ਸ਼ਹਿਰ ਵਿੱਚ ਜਗ੍ਹਾ ਜਗ੍ਹਾ ਠੰਡੇ ਮਿੱਠੇ ਪਾਣੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ। ਇਸੇ ਤਰ੍ਹਾਂ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਬਜਰੰਗ ਭਵਨ ਮੰਦਰ ਜ਼ੀਰਾ ਕਮੇਟੀ ਤੇ ਭਗਵਾਨ ਪਰਸ਼ੂਰਾਮ ਬ੍ਰਾਹਮਣ ਸਭਾ ਜ਼ੀਰਾ ਕਮੇਟੀ ਵੱਲੋਂ ਬਜਰੰਗ ਭਵਨ ਮੰਦਰ ਦੇ ਮੁੱਖ ਦੁਆਰ 'ਤੇ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ ਤੇ ਰਾਹਗੀਰਾਂ ਨੂੰ ਅੱਤ ਦੀ ਗਰਮੀ ਵਿੱਚ ਠੰਡਾ ਪਾਣੀ ਪਿਆਇਆ ਗਿਆ। ਠੰਡੇ ਮਿੱਠੇ ਪਾਣੀ ਦੀ ਛਬੀਲ ਦੀ ਸ਼ੁਰੂਆਤ ਡਾਕਟਰ ਸੁਭਾਸ਼ ਉੱਪਲ ਪ੍ਰਧਾਨ ਦੀ ਗੈਰ ਮੌਜੂਦਗੀ ਵਿੱਚ ਕਾਰਜਕਾਰੀ ਪ੍ਰਧਾਨ ਧਰਮਪਾਲ ਚੁੱਘ ਤੇ ਪ੍ਰਧਾਨ ਨੀਰਜ ਕੁਮਾਰ ਸ਼ਰਮਾ ਗਿੰਨੀ ਵੱਲੋਂ ਕੀਤੀ ਗਈ। ਇਸ ਮੌਕੇ ਉਹਨਾਂ ਨਾਲ ਦੋਨਾਂ ਸੰਸਥਾਵਾਂ ਦੇ ਮੈਂਬਰ ਹਾਜ਼ਰ ਰਹੇ, ਜਿਨ੍ਹਾਂ ਨੇ ਤਨ ਮਨ ਧੰਨ ਨਾਲ ਇਹ ਸੇਵਾ ਕੀਤੀ। ਇਸ ਮੌਕੇ ਸੇਵਾ ਕਰਨ ਵਿੱਚ ਸਨਾਤਨ ਧਰਮ ਮਹਾਂਵੀਰ ਦਲ ਦੇ ਸਰਪ੍ਰਸਤ ਸ਼ਮੀ ਜੈਨ, ਸੈਕਟਰੀ ਵਿਪਨ ਸੇਠੀ, ਕੈਸ਼ੀਅਰ ਮੋਹਨ ਲਾਲ ਅਨੇਜਾ ਤੋਂ ਇਲਾਵਾ ਭਗਵਾਨ ਪਰਸ਼ੂਰਾਮ ਬ੍ਰਾਹਮਣ ਸਭਾ ਜ਼ੀਰਾ ਦੇ ਸਰਪ੍ਰਸਤ ਸ੍ਰੀ ਕੁਲਭੂਸ਼ਣ ਸ਼ਰਮਾ, ਰਾਮ ਤੀਰਥ ਸ਼ਰਮਾ, ਮਨਜੀਤ ਸ਼ਰਮਾ, ਵਿਜੇ ਸ਼ਰਮਾ, ਸੰਦੀਪ ਸ਼ਰਮਾ, ਹਰੀਸ਼ ਸ਼ਰਮਾ, ਲਖਵਿੰਦਰ ਸ਼ਰਮਾ ਐਡਵੋਕੇਟ,ਸੰਜੀਵ ਸ਼ਰਮਾ ਐਡਵੋਕੇਟ,ਭੂਸ਼ਨ ਸ਼ਰਮਾ ਗਊਸ਼ਾਲਾ ਜ਼ੀਰਾ, ਚੰਦਨ ਸ਼ਰਮਾ, ਸਨੀ ਸ਼ਰਮਾ, ਸੁਰਿੰਦਰ ਸ਼ਰਮਾ, ਸਰਬਜੀਤ ਸ਼ਰਮਾ, ਦਮਨ ਸ਼ਰਮਾ, ਗੌਰਵ ਭਾਰਗੋ, ਪਰਮਿੰਦਰ ਸਿੰਘ, ਮੁਨੀਸ਼ ਅਰੋੜਾ, ਸੋਨੂੰ, ਵਿਕਾਸ ਗਰੋਵਰ, ਮਨੁ ਵੋਹਰਾ,ਰਾਜੂ ਚੁੱਘ, ਮੋਹਿਤ ਭਾਰਗੋ, ਸਾਗਰ ਭਾਰਗੋ, ਲੱਕੀ ਸ਼ਰਮਾ, ਗਲੋਰੀ ਨਰੂਲਾ, ਠਾਕਰ ਸਿੰਘ ਨੇ ਵੱਧ ਚੜ੍ਹ ਕੇ ਸੇਵਾ ਕੀਤੀ।

# ਪੁਲਿਸ ਨੇ ਹੁੱਲੜਬਾਜ਼ੀ ਕਰਨ ਵਾਲਿਆਂ ਖਿਲਾਫ਼ ਵਿਸ਼ੇਸ਼ ਮੁਹਿੰਮ ਵਿੱਢੀ



ਅਮਲੋਹ, 7 ਜੂਨ (ਜਸਵੰਤ ਸਿੰਘ): ਥਾਣਾ ਅਮਲੋਹ ਦੀ ਪੁਲਿਸ ਨੇ ਥਾਣਾ ਮੁੱਖੀ ਬਲਜਿੰਦਰ ਸਿੰਘ ਦੀ ਅਗਵਾਈ ਹੇਠ ਸ਼ਹਿਰ ਵਿਚ ਵਾਹਨਾਂ ਉਪਰ ਹੁਲੜਬਾਜ਼ੀ ਕਰਨ ਵਾਲਿਆਂ ਖਿਲਾਫ਼ ਵਿਸੇਸ਼ ਮੁਹਿੰਮ ਵਿੱਢੀ ਹੈ। ਥਾਣਾ ਮੁਖੀ ਬਲਜਿੰਦਰ ਸਿੰਘ, ਸਹਾਇਕ ਥਾਣੇਦਾਰ ਰਣਜੀਤ ਸਿੰਘ, ਰੋਹਿਤ ਵਰਮਾ ਨੇ ਪੁਲਿਸ ਪਾਰਟੀ ਸਮੇਤ ਚੈਕਿੰਗ ਕਰਦੇ ਹੋਏ ਦੱਸਿਆ ਕਿ ਪੁਲਿਸ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖਤੀ ਨਾਲ ਨਜਿੱਠਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗੋਬਿੰਦਗੜ੍ਹ ਚੌਕ ਅਤੇ ਬੁੱਗਾ ਬੱਸ ਸਟੈਂਡ ਚੌਕ ਉਪਰ ਵਿਸ਼ੇਸ਼ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਵਾਹਨਾਂ ਉਪਰ ਹੁਲੜਬਾਜ਼ੀ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਬਜਨਕ ਸੁਰੱਖਿਆ ਯਕੀਨੀ ਬਨਾਉਣ ਲਈ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ।

# ਚਾਂਸਲਰ ਡਾ. ਬੀ.ਐੱਸ. ਭਾਟੀਆ ਵੱਲੋਂ ਰਿਮਟ ਲਾਅ ਜਰਨਲ ਦਾ ਭਾਗ-99 ਜਾਰੀ



ਮੰਡੀ ਗੋਬਿੰਦਗੜ੍ਹ, 7 ਜੂਨ (ਸੂਦ): ਰਿਮਟ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ, ਡਾ. ਬੀ.ਐਸ. ਭਾਟੀਆ ਨੇ ਕੈਂਪਸ ਵਿੱਚ ਆਯੋਜਿਤ ਇੱਕ ਰਸਮੀ ਸਮਾਰੋਹ ਦੌਰਾਨ ਰਿਮਟ ਲਾਅ ਜਰਨਲ ਦਾ ਭਾਗ-99 ਅਧਿਕਾਰਤ ਤੌਰ 'ਤੇ ਜਾਰੀ ਕੀਤਾ। ਉਨ੍ਹਾਂ ਕਾਨੂੰਨ ਫੈਕਲਟੀ ਨੂੰ ਰਾਸ਼ਟਰੀ ਪੱਧਰ 'ਤੇ ਪ੍ਰਮੁੱਖ ਕਾਨੂੰਨੀ ਪ੍ਰਕਾਸ਼ਨਾ ਵਿੱਚ ਜਰਨਲ ਦੀ ਸਥਿਤੀ ਨੂੰ ਉੱਚਾ ਚੁੱਕਣ ਲਈ ਖੋਜ-ਮੁਖੀ ਪਹੁੰਚ ਅਪਣਾਉਣ ਦੀ ਅਪੀਲ ਕੀਤੀ। ਇਹ ਸਮਾਰੋਹ ਡੀਨ ਤੇ ਕਾਨੂੰਨ ਵਿਭਾਗ ਦੇ ਮੁਖੀ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਪ੍ਰੋ. ਵਾਈਸ-ਚਾਂਸਲਰ ਡਾ. ਐਸ.ਸੀ. ਸ਼ਰਮਾ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਅਕਾਦਮਿਕ ਦ੍ਰਿਸ਼ਾਂ ਵਿੱਚ ਜਰਨਲ ਦੀ ਦਿੱਖ ਤੇ ਪ੍ਰਭਾਵ ਨੂੰ ਵਧਾਉਣ ਲਈ ਉੱਚ-ਗੁਣਵੱਤਾ ਅਤੇ ਸਬੰਧਤ ਵਿਦਵਤਾਪੂਰਨ ਸਮੱਗਰੀ ਨੂੰ ਸ਼ਾਮਲ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ। ਡੀਨ ਅਕਾਦਮਿਕ ਡਾ. ਜੀਵਨਾਨੰਦ ਮਿਸ਼ਰਾ ਨੇ ਕਾਨੂੰਨੀ ਸਕਾਲਰਸ਼ਿਪ ਨੂੰ ਅੱਗੇ ਵਧਾਉਣ ਵਿੱਚ ਰਿਮਟ ਲਾਅ ਜਰਨਲ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ ਤੇ ਇਸਦੇ ਦਾਇਰੇ ਅਤੇ ਪਹੁੰਚ ਨੂੰ ਵਧਾਉਣ ਲਈ ਰਣਨੀਤਕ ਉਪਾਅ ਪ੍ਰਸਤਾਵਿਤ ਕੀਤੇ। ਸਮਾਗਮ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਖੀ, ਰਿਮਟ ਸਕੂਲ ਆਫ਼ ਲੀਗਲ ਸਟੱਡੀਜ਼ ਦੇ ਫੈਕਲਟੀ ਮੈਂਬਰ ਤੇ ਡਿਪਟੀ ਰਜਿਸਟਰਾਰ ਆਦਿ ਨੇ ਸ਼ਿਰਕਤ ਕੀਤੀ।

# ਪੀ.ਆਈ.ਐੱਮ.ਟੀ. 'ਚ ਮੁਫ਼ਤ ਇਨ-ਹਾਊਸ ਸਮਰ ਇੰਟਰਨਸ਼ਿਪ ਆਯੋਜਿਤ



ਮੰਡੀ ਗੋਬਿੰਦਗੜ੍ਹ, 7 ਜੂਨ (ਸੂਦ): ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਪੀ.ਆਈ.ਐੱਮ.ਟੀ.) ਅਲੌੜ੍ਹ ਵੱਲੋਂ ਹੋਰਨਾਂ ਕਾਲਜਾਂ ਦੇ ਵਿਦਿਆਰਥੀਆਂ ਲਈ 2 ਮਹੀਨਿਆਂ ਦੀ ਮੁਫ਼ਤ ਇਨ-ਹਾਊਸ ਸਮਰ ਇੰਟਰਨਸ਼ਿਪ ਦਾ ਆਯੋਜਨ ਕੀਤਾ ਗਿਆ, ਜਿਸ 'ਚ ਬੀਸੀਏ-ਪਹਿਲੇ, ਬੀ.ਸੀ.ਏ- ਦੂਜਾ ਅਤੇ ਐਮ.ਸੀ.ਏ. ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਸੀ-ਪ੍ਰੋਗਰਾਮਿੰਗ ਅਤੇ ਐੱਚ.ਟੀ.ਐੱਮ. 'ਚ ਦੀ ਟ੍ਰੇਨਿੰਗ ਦਿੱਤੀ ਜਾਵੇਗੀ ਜੋ ਕਿ ਨੌਕਰੀ ਹੁਨਰਾਂ ਉੱਤੇ ਕੇਂਦਰਿਤ ਹੋਵੇਗੀ। ਹਰੇਕ ਵਿਦਿਆਰਥੀ ਵੱਲੋਂ ਸੀ-ਪ੍ਰੋਗਰਾਮਿੰਗ ਦੀ ਵਰਤੋਂ ਕਰਕੇ ਇਕ ਨਿੱਜੀ ਪ੍ਰਾਜੈਕਟ ਤਿਆਰ ਕੀਤਾ ਜਾਵੇਗਾ। ਐੱਚ. ਟੀ. ਐੱਮ. 'ਤੇ 9 ਅਸਾਈਨਮੈਂਟ ਦਿੱਤੇ ਜਾਣਗੇ ਬੀ.ਸੀ.ਏ.-ਦੂਜਾ ਤੇ ਐੱਮ.ਸੀ.ਏ.-ਦੂਜੇ ਸਾਲ ਦੇ ਵਿਦਿਆਰਥੀਆਂ ਨੂੰ ਸੀ-ਪ੍ਰੋਗਰਾਮਿੰਗ, ਐੱਚ.ਟੀ.ਐੱਮ., ਸੀ. ਐੱਸ. ਐੱਸ, ਜਾਵਾਸਕ੍ਰਿਪਟ ਤੇ ਡੀ.ਬੀ ਐਮ.ਐੱਸ 'ਚ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਐੱਚ.ਟੀ.ਐੱਮ.ਸੀ.ਐੱਸ.ਐੱਸ ਅਤੇ ਜਾਵਾਸਕ੍ਰਿਪਟ ਦੀ ਵਰਤੋਂ ਕਰਕੇ ਇਕ ਛੋਟਾ ਪਾਜੈਕਟ ਬਣਾਇਆ ਜਾਵੇਗਾ। ਇਨ੍ਹਾਂ ਤੋਂ ਇਲਾਵਾ ਵਿਦਿਆਰਥੀ ਸੀ ਪ੍ਰੋਗਰਾਮਿੰਗ ਰਾਹੀਂ ਆਪਣੀ ਪਸੰਦਦਾਇਕ ਅਲੱਗ ਪ੍ਰਾਜੈਕਟ ਵੀ ਬਣਾਉਣਗੇ। ਬੀ.ਬੀ.ਏ.-ਦੂਜੇ ਸਾਲ ਤੇ ਬੀਬੀਏ-ਤੀਜੇ ਸਾਲ ਦੇ ਵਿਦਿਆਰਥੀਆਂ ਨੂੰ ਟੈਲੀ ਵਿਚ ਈਆਰਪੀ ਦੀ ਟ੍ਰੇਨਿੰਗ ਦਿੱਤੀ ਜਾਵੇਗੀ ਜੋ ਕਿ ਵਿੱਤੀ ਕਾਰਜਾਂ ਦੇ ਅਮਲੀ ਪੱਖ ਉੱਤੇ ਆਧਾਰਿਤ ਹੋਵੇਗੀ ਹਰ ਰੋਜ਼ ਅਸਾਈਨਮੈਂਟ 'ਤੇ ਵਾਈਵਾ ਰਾਹੀਂ ਮੁਲਾਂਕਣ ਕੀਤਾ ਜਾਵੇਗਾ। ਇੰਟਰਨਸ਼ਿਪ ਪੂਰੀ ਹੋਣ 'ਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸੁਨਹਿਰੀ ਮੌਕੇ ਦਾ ਲਾਭ ਲੈਣ ਤੇ ਆਪਣੇ ਅਮਲੀ ਗਿਆਨ ਤੇ ਤਕਨੀਕੀ ਹੁਨਰ ਨੂੰ ਮਜ਼ਬੂਤ ਕਰਨ ਲਈ ਅੱਗੇ ਆਉਣ।

# ਦਸਮੇਸ਼ ਗਰਲਜ਼ ਕਾਲਜ ਵਿਖੇ ਕਿੱਤਾ-ਮੁਖੀ ਸ਼ਾਰਟ ਟਰਮ ਕੋਰਸਾਂ ਦਾ ਆਯੋਜਨ



ਮੁਕੇਰੀਆਂ, 7 ਜੂਨ (ਧਰਮ ਚੰਦ): ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖਸ਼, ਮੁਕੇਰੀਆਂ ਵਿਖੇ ਕਾਲਜ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਜੀ ਦੀ ਅਗਵਾਈ ਹੇਠ ਸ਼ਾਰਟ ਟਰਮ ਕਿੱਤਾ ਮੁਖੀ ਕੋਰਸਾਂ ਦਾ ਆਯੋਜਨ ਕੀਤਾ ਗਿਆ। ਜਿਸਦਾ ਉਦੇਸ਼ ਵਿਦਿਆਰਥਣਾਂ ਨੂੰ ਵਿਹਾਰਕ ਹੁਨਰ ਅਤੇ ਕਿੱਤਾ-ਮੁਖੀ ਗਿਆਨ ਰਾਹੀਂ ਹੁਨਰਮੰਦ ਬਣਾਉਣਾ ਹੈ। ਇਹ ਕੋਰਸ 1 ਮਈ ਤੋਂ 31 ਮਈ ਤੱਕ ਲਗਾਏ ਗਏ ਹਨ। ਇਹਨਾਂ ਵਿੱਚ ਏ ਆਈ (ਆਰਟੀਫਿਸ਼ੀਅਲ ਇੰਟੈਲੀਜੈਂਸ) ਸਿਹਤ ਅਤੇ ਸੁੰਦਰਤਾ ਫੈਬਰਿਕ ਪੇਂਟਿੰਗ ਕੋਰਸ ਸ਼ਾਮਿਲ ਸਨ, ਜਿਨਾਂ ਵਿੱਚ 50 ਦੇ ਕਰੀਬ ਵਿਦਿਆਰਥਣਾਂ ਨੇ ਸਿਖਲਾਈ ਹਾਸਲ ਕਰਕੇ ਸਰਟੀਫਿਕੇਟ ਪ੍ਰਾਪਤ ਕੀਤੇ ਇਹ ਕਿੱਤਾਮੁਖੀ ਕੋਰਸ ਵਿਦਿਆਰਥਣਾਂ ਦੀ ਸ਼ਖਸੀਅਤ ਉਸਾਰੀ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਇਸ ਪ੍ਰੋਗਰਾਮ ਰਾਹੀਂ ਵਿਦਿਆਰਥਣਾਂ ਦੀ ਰੁਜ਼ਗਾਰ ਯੋਗਤਾ ਵਿੱਚ ਸੁਧਾਰ ਆਵੇਗਾ ਅਤੇ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇਗਾ। ਸ਼ਾਰਟ ਟਰਮ ਕੋਰਸਾਂ ਦੀ ਸੰਪੂਰਨਤਾ ਦੇ ਮੌਕੇ 'ਤੇ ਪ੍ਰਿੰਸੀਪਲ ਡਾ. ਕਰਮਜੀਤ ਕੌਰ ਜੀ ਦੁਆਰਾ ਵਿਦਿਆਰਥਣਾਂ ਨੂੰ ਯੋਗਤਾ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਕੋਆਰਡੀਨੇਟਰ ਡਾ. ਰੀਨਾ ਕੁਮਾਰੀ, ਸਹਾਇਕ ਪ੍ਰੋਫੈਸਰ ਪੂਜਾ, ਸਹਾਇਕ ਪ੍ਰੋਫੈਸਰ ਡਾ. ਅਕਾਂਕਸ਼ਾ ਵਰਮਾ, ਸਹਾਇਕ ਪ੍ਰੋਫੈਸਰ ਡਾ. ਏਕਤਾ, ਸਹਾਇਕ ਪ੍ਰੋਫੈਸਰ ਡਾ. ਸੰਦੀਪ ਕੌਰ, ਸਹਾਇਕ ਪ੍ਰੋਫੈਸਰ ਪੂਨਮ ਸ਼ਰਮਾ, ਸਟਾਫ਼ ਤੇ ਵਿਦਿਆਰਥਣਾਂ ਮੌਜੂਦ ਸਨ। ਪ੍ਰੋਗਰਾਮ ਦੇ ਸਫਲ ਆਯੋਜਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਰਵਿੰਦਰ ਸਿੰਘ ਚੱਕ ਅਤੇ ਸਮੂਹ ਮੈਂਬਰਾਂ ਨੇ ਪ੍ਰਿੰਸੀਪਲ, ਸਟਾਫ ਤੇ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ ਤੇ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।

# ਸ੍ਰੀ ਹੇਮਕੁੰਟ ਸਕੂਲ ਦੇ ਐੱਨ.ਸੀ.ਸੀ. ਕੈਡਿਟਸ ਨੇ ਮਨਾਇਆ 'ਅੰਤਰਰਾਸ਼ਟਰੀ ਵਿਸ਼ਵ ਸਮੁੰਦਰ ਦਿਵਸ'



ਜ਼ੀਰਾ, 7 ਜੂਨ (ਦੀਪਕ ਭਾਰਗੋ): ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਹੇਮਕੁੰਟ ਸੀਨੀ. ਸਕੈਂ. ਸਕੂਲ ਕੋਟ-ਈਸੇ-ਖਾਂ ਵਿਖੇ ਐੱਨ.ਸੀ.ਸੀ. ਐਨ.ਐੱਸ.ਐੱਸ ਦੇ ਕੇਂਦਰ ਚੱਲ ਰਹੇ ਹਨ, ਜਿੱਥੇ ਪੜ੍ਹਾਈ ਅਤੇ ਖੇਡਾਂ ਦੇ ਨਾਲ ਸਮੇਂ -ਸਮੇਂ 'ਤੇ ਹੋਰ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਹੇਮਕੁੰਟ ਸਕੂਲ ਵਿਖੇ 05 ਪੰਜਾਬ ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਸੁਨਿਲ ਕੁਮਾਰ ਅਤੇ ਸੂਬੇਦਾਰ ਮੇਜਰ ਸੁਖਮੰਦਰ ਸਿੰਘ ਦੀ ਅਗਵਾਈ ਹੇਠ ਐੱਨ.ਸੀ.ਸੀ ਕੈਡਿਟਸ ਵੱਲੋਂ ਅੰਤਰਰਾਸ਼ਟਰੀ ਵਿਸ਼ਵ ਸਮੁੰਦਰ ਦਿਵਸ ਸਬੰਧੀ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਰ ਵਿੱਚ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਅਤੇ ਐੱਮ.ਡੀ.ਮੈਡਮ ਰਣਜੀਤ ਕੌਰ ਨੇ ਕੈਡਟਿਸ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਅੰਤਰਰਾਸ਼ਟਰੀ ਵਿਸ਼ਵ ਸਮੁੰਦਰ ਦਿਵਸ÷ ਹਰ ਸਾਲ 08 ਜੂਨ ਨੂੰ ਮਨਾਇਆ ਜਾਂਦਾ ਹੈ। ਇਹ ਸੰਕਲਪ ਮੂਲ ਰੂਪ ਵਿੱਚ 1992 ਵਿੱਚ ਕੈਨੇਡਾ ਦੇ ਇੰਟਰਨੈਸ਼ਨਲ ਸੈਂਟਰ ਫਾਰ ਓਸ਼ੀਅਨ ਡਿਵੈਲਪਮੈਂਟ ਤੇ ਓਸ਼ੀਅਨ ਇੰਸਟੀਚਿਊਟ ਆਫ ਕੈਨੇਡਾ ਦੁਆਰਾ ਰੀਓ ਡੀ ਜਨੇਰੀਓ, ਬ੍ਰਾਜ਼ੀਲ ਵਿੱਚ ਸੰਯੁਕਤ ਰਾਸ਼ਟਰ ਦੇ ਵਾਤਾਵਰਣ ਅਤੇ ਵਿਕਾਸ 'ਤੇ ਸੰਯੁਕਤ ਰਾਸ਼ਟਰ ਸੰਮੇਲਨ ਦੁਆਰਾ ਪ੍ਰਸਤਾਵਿਤ ਕੀਤਾ ਗਿਆ ਸੀ। ਪ੍ਰਿੰਸੀਪਲ ਰਮਨਜੀਤ ਕੌਰ ਨੇ ਕਿਹਾ ਕਿ ਵਿਸ਼ਵ ਸਮੁੰਦਰ ਦਿਵਸ ਹਰ ਸਾਲ ਜੀਵਤ ਸੰਸਾਰ ਵਿੱਚ ਸਮੁੰਦਰਾਂ ਦੇ ਯੋਗਦਾਨ ਅਤੇ ਸਮੁੰਦਰੀ ਜੀਵਨ ਦੀ ਸੰਭਾਲ ਦੇ ਮਹੱਤਵ ਨੂੰ ਸਮਝਣ ਅਤੇ ਉਨ੍ਹਾਂ ਦੀ ਸੁਰੱਖਿਆ ਅਤੇ ਸੰਭਾਲ ਵੱਲ ਕਦਮ ਚੁੱਕਣ ਲਈ ਮਨਾਇਆ ਜਾਂਦਾ ਹੈ । ਇਸ ਮੌਕੇ ਐਨ.ਸੀ.ਸੀ ਏ.ਐਨ.ਓ ਸਿਮਰਨਜੀਤ ਕੌਰ ਅਤੇ ਮਹੇਸ਼ ਕੁਮਾਰ ਹਾਜ਼ਰ ਸੀ।

# ਭਾਈ ਜੁਗਰਾਜ ਸਿੰਘ ਦਸਮੇਸ਼ ਤਰਨਾ ਦਲ ਦੇ ਸਰਕਲ ਜਥੇਦਾਰ ਨਿਯੁਕਤ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 7 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਦਸਮੇਸ਼ ਤਰਨਾ ਦਲ ਦੇ ਮੌਜੂਦਾ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ 1300 ਘੋੜਸਵਾਰ, ਚਲਦਾ ਵਹੀਰ ਚੱਕਰਵਰਤੀ ਤੇ ਜਥੇਦਾਰ ਬਾਬਾ ਮਹਿਤਾਬ ਸਿੰਘ ਦਸਮੇਸ਼ ਤਰਨਾ ਦਲ ਪ੍ਰਚਾਰਕ ਮਹਿਤਾ ਜ਼ੋਨ ਤੇ ਜਥੇਬੰਦੀ ਦੇ ਮਹਾਂਪੁਰਖਾਂ ਵੱਲੋਂ ਭਾਈ ਜੁਗਰਾਜ ਸਿੰਘ ਨੂੰ ਸਰਕਲ ਮਹਿਤਾ, ਸ੍ਰੀ ਹਰਗੋਬਿੰਦਪੁਰ ਸਾਹਿਬ, ਬਾਬਾ ਬਕਾਲਾ ਸਾਹਿਬ ਜੀ ਤੇ ਕਾਦੀਆਂ ਇਲਾਕੇ ਦੇ ਵਜੋਂ ਜਥੇਦਾਰ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ ਨੇ ਆਖਿਆ ਕਿ ਭਾਈ ਜੁਗਰਾਜ ਸਿੰਘ ਬਹੁਤ ਵਧੀਆ ਸਿੰਘ ਹਨ ਤੇ ਇਨ੍ਹਾਂ ਦਾ ਹੁਣ ਫਰਜ਼ ਬਣਦਾ ਹੈ ਕਿ ਅਲਾਹੀ ਬਾਣੀ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੋੜਨ।ਨਾਲ ਨਿਯੁਕਤ ਕੀਤੇ ਗਏ ਜਥੇਦਾਰ ਜੁਗਰਾਜ ਸਿੰਘ ਨੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ, ਜਥੇਦਾਰ ਬਾਬਾ ਮਹਿਤਾਬ ਸਿੰਘ ਤੇ ਸਮੂਹ ਜਥੇਬੰਦੀ ਦੇ ਸਿੰਘਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਿਲੀ ਹੋਈ ਸੇਵਾ ਨੂੰ ਆਪਣਾ ਫਰਜ਼ ਸਮਝ ਕੇ ਨਿਭਾਉਣਗੇ ਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਸਿੱਖੀ ਦੇ ਨਾਲ ਜੋੜਨਗੇ ਤੇ ਘਰ-ਘਰ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਗੇ।ਇਸ ਮੌਕੇ ਵੱਡੀ ਗਿਣਤੀ ਵਿੱਚ ਮਹਾਂਪੁਰਖ ਹਾਜ਼ਰ ਸਨ।

# ਕੈਨੇਡਾ 'ਚ ਬੀਕੇਆਈ ਦੇ ਅੱਤਵਾਦੀਆਂ ਨੇ ਪੰਜਾਬੀਆਂ ਤੋਂ ਪੈਸੇ ਵਸੂਲਣੇ ਸ਼ੁਰੂ ਕੀਤੇ

## ☛ਖਾਲਿਸਤਾਨੀ ਅੱਤਵਾਦੀਆਂ ਦਾ ਸਮਰਥਨ ਕਰਨਾ ਕੈਨੇਡਾ ਨੂੰ ਮਹਿੰਗਾ ਪੈਣ ਲੱਗਾ

ਜਲੰਧਰ, 7 ਜੂਨ (ਚ.ਨ.ਸ.): ਖਾਲਿਸਤਾਨ ਨੂੰ ਹੁਲਾਰਾ ਦੇਣਾ ਕੈਨੇਡਾ ਨੂੰ ਮਹਿੰਗਾ ਪੈਣਾ ਸ਼ੁਰੂ ਹੋ ਗਿਆ ਹੈ। ਜਿਨ੍ਹਾਂ ਅੱਤਵਾਦੀਆਂ ਤੇ ਭਾਰਤ ਵਿਰੋਧੀ ਤੱਤਾਂ ਨੂੰ ਕੈਨੇਡਾ ਨੇ ਪਨਾਹ ਦਿੱਤੀ ਸੀ, ਉਨ੍ਹਾਂ ਦੇ ਹੁਣ ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਤੋਂ ਪੈਸੇ ਵਸੂਲਣ ਲੱਗ ਪਏ ਹਨ। ਹਾਲ ਹੀ ਵਿੱਚ ਕੈਨੇਡਾ ਵਿੱਚ ਦਿਨ-ਦਿਹਾੜੇ ਕਤਲ ਕੀਤੇ ਗਏ ਸਿੱਖ ਕਾਰੋਬਾਰੀ ਹਰਜੀਤ ਸਿੰਘ ਢੱਡਾ ਤੋਂ ਪੰਜ ਲੱਖ ਡਾਲਰ ਮੰਗੇ ਜਾ ਰਹੇ ਸਨ, ਪਰ ਉਸਨੇ ਇਹ ਰਕਮ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਜਿਸ ਕਾਰਨ ਗੋਲੀਬਾਰੀ ਹੋਈ ਸੀ। ਇਹ ਦਾਅਵਾ ਹਰਜੀਤ ਸਿੰਘ ਦੀ ਧੀ ਗੁਰਲੀਨ ਕੌਰ ਢੱਡਾ ਨੇ ਕੀਤਾ ਹੈ। ਗੁਰਲੀਨ ਨੇ ਕਿਹਾ ਕਿ ਉਸਦੇ ਪਰਿਵਾਰ ਨੇ ਧਮਕੀਆਂ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਸੀ ਪਰ ਕਿਸੇ ਨੇ ਵੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਨਹੀਂ ਲਿਆ।ਉਸਨੇ



ਕਿਹਾ ਕਿ ਉਸਦੇ ਪਿਤਾ ਜਬਰੀ ਵਸੂਲੀ ਕਰਨ ਵਾਲਿਆਂ ਅੱਗੇ ਬਿਲਕੁਲ ਵੀ ਝੁਕੇ ਨਹੀਂ। ਉਹ ਆਪਣੀ ਮਿਹਨਤ ਦੀ ਕਮਾਈ ਦਾ ਇੱਕ ਪੈਸਾ ਵੀ ਗੁਆਉਣ ਦੇ ਹੱਕ ਵਿੱਚ ਨਹੀਂ ਸਨ। ਦਰਅਸਲ, ਪਿਛਲੇ ਕੁਝ ਸਾਲਾਂ ਵਿੱਚ ਕੈਨੇਡਾ ਨੇ ਅਰਸ਼ ਡੱਲਾ, ਗੋਲਡੀ ਬਰਾੜ, ਕੁਲਬੀਰ ਸਿੱਧੂ ਤੇ ਹਰਜੀਤ ਲਾਡੀ ਵਰਗੇ ਅੱਤਵਾਦੀਆਂ ਦਾ ਖੁੱਲ੍ਹ ਕੇ ਸਮਰਥਨ ਕੀਤਾ ਹੈ। ਇਸ ਤੋਂ ਇਲਾਵਾ ਗੁਰਜੀਤ ਸਿੰਘ, ਮਲਕੀਤ ਫੌਜੀ, ਸੁਲਿੰਦਰ ਸਿੰਘ, ਹਰਦੀਪ ਸੰਧੇੜਾ, ਗੁਰਜੰਟ ਸਿੰਘ ਪੰਨੂ, ਪਰਮਿੰਦਰ ਸਿੰਘ ਦੁਲਾਈ, ਭਗਤ ਸਿੰਘ ਬਰਾੜ, ਟਹਿਲ ਸਿੰਘ, ਸੁਲਿੰਦਰ ਸਿੰਘ ਵਰਗੇ ਖਾਲਿਸਤਾਨ ਪੱਖੀ ਅੱਤਵਾਦੀ ਸਾਲਾਂ ਤੋਂ ਕੈਨੇਡਾ ਵਿੱਚ ਸ਼ਰਨ ਲੈ ਰਹੇ ਹਨ। ਇਹ ਸਾਰੇ ਕੈਨੇਡਾ ਦੀ ਧਰਤੀ ਤੋਂ ਵੱਖਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹਨ।ਵਿਸ਼ਵ ਸਿੱਖ ਸੰਗਠਨ ਖਾਲਿਸਤਾਨ ਟਾਈਗਰ ਫੋਰਸ, ਸਿੱਖ ਫਾਰ ਜਸਟਿਸ ਤੇ ਬੱਬਰ ਖਾਲਸਾ ਇੰਟਰਨੈਸ਼ਨਲ ਵਰਗੇ ਖਾਲਿਸਤਾਨ ਪੱਖੀ ਸੰਗਠਨ ਪਾਕਿਸਤਾਨ ਦੇ ਇਸ਼ਾਰੇ 'ਤੇ ਕੰਮ ਕਰਦੇ ਹਨ ਤੇ ਖੁੱਲ੍ਹੇਆਮ ਕੈਨੇਡੀਅਨ ਧਰਤੀ ਤੋਂ ਵੱਖਵਾਦ ਨੂੰ ਉਤਸ਼ਾਹਿਤ ਕਰਦੇ ਹਨ। ਹੁਣ ਗੈਂਗਸਟਰਾਂ ਨਾਲ ਮਿਲੀਭੁਗਤ ਕਰਕੇ ਉਸਦੇ ਗੁੰਡਿਆਂ ਨੇ ਕੈਨੇਡਾ ਵਿੱਚ ਆਪਣਾ ਕਾਰੋਬਾਰ ਸਥਾਪਤ ਕਰਨ ਵਾਲੇ ਪੰਜਾਬੀ ਭਾਈਚਾਰੇ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਬੀਕੇਆਈ ਸਭ ਤੋਂ ਅੱਗੇ ਹੈ।ਹਾਲ ਹੀ ਵਿੱਚ ਬਰੈਂਪਟਨ ਦੇ ਤਿੰਨ ਨੌਜਵਾਨਾਂ ਨੂੰ ਜਬਰੀ ਵਸੂਲੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੀ ਪਛਾਣ ਹਰਪਾਲ ਸਿੰਘ (34), ਰਾਜਨੂਰ ਸਿੰਘ (20) ਤੇ ਏਕਨੂਰ ਸਿੰਘ (22) ਵਜੋਂ ਹੋਈ ਹੈ, ਜੋ ਕਿ ਬਰੈਂਪਟਨ ਦੇ ਵਸਨੀਕ ਹਨ।ਉਨ੍ਹਾਂ 'ਤੇ ਇੱਕ ਵਪਾਰਕ ਸੰਸਥਾ 'ਤੇ ਕਈ ਗੋਲੀਆਂ ਚਲਾਉਣ ਦਾ ਦੋਸ਼ ਸੀ। **ਵਿਰੋਧੀ ਦੀਆਂ ਕਾਲਾਂ ਮੁਸੀਬਤ ਦਾ ਕਾਰਨ ਬਣੀਆਂ:** ਇਸ ਸਮੇਂ ਕੈਨੇਡਾ ਵਿੱਚ ਕਾਰੋਬਾਰੀਆਂ ਵਿੱਚ ਬਹੁਤ ਗੁੱਸਾ ਹੈ ਤੇ ਫਿਰੌਤੀ ਦੀਆਂ ਕਾਲਾਂ ਉਨ੍ਹਾਂ ਲਈ ਮੁਸੀਬਤ ਪੈਦਾ ਕਰ ਰਹੀਆਂ ਹਨ। ਕੈਨੇਡਾ ਵਿੱਚ ਸਿੱਖਾਂ ਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਹਾਲੀਆ ਘਟਨਾਵਾਂ ਨੇ ਨਾ ਸਿਰਫ਼ ਸੁਰੱਖਿਆ ਸਗੋਂ ਰਾਸ਼ਟਰੀ ਪੱਧਰ 'ਤੇ ਵੀ ਚਿੰਤਾਵਾਂ ਪੈਦਾ ਕੀਤੀਆਂ ਹਨ।ਸਰੀ (ਬੀਸੀ), ਬਰੈਂਪਟਨ (ਓਂਟਾਰੀਓ), ਓਕਵਿਲ, ਐਡਮੰਟਨ, ਕੈਲਗਰੀ ਤੇ ਵੈਨਕੂਵਰ ਵਰਗੀਆਂ ਥਾਵਾਂ 'ਤੇ ਸਿੱਖ ਦੁਕਾਨਾਂ, ਰੈਸਟੋਰੈਂਟਾਂ, ਗੈਸ ਸਟੇਸ਼ਨਾਂ ਤੇ ਟਰੱਕਿੰਗ ਕੰਪਨੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਦੀ ਇੱਕ ਲੰਬੀ ਲੜੀ ਸਾਹਮਣੇ ਆਈ ਹੈ। ਬਹੁਤ ਸਾਰੇ ਕਾਰੋਬਾਰੀ ਮਾਲਕਾਂ ਨੂੰ ਫਿਰੌਤੀ ਦੀਆਂ ਕਾਲਾਂ ਕੀਤੀਆਂ ਗਈਆਂ ਹਨ। ਇਹ ਧਮਕੀਆਂ ਤੱਕ ਸੀਮਿਤ ਨਹੀਂ ਸਨ।

# ਕਾਂਗਰਸ ਦੀਆਂ ਰੈਲੀਆਂ 'ਚ ਹੋ ਰਹੇ ਰਿਕਾਰਡ ਤੋੜ ਇਕੱਠਾਂ ਨੇ 2027 ਦੀਆਂ ਚੋਣਾਂ ਦਾ ਮੁੱਢ ਬੰਨ੍ਹਿਆ

ਡੇਰਾ ਬਾਬਾ ਨਾਨਕ, 7 ਜੂਨ (ਹੈਪੀ ਕੋਟਲੀ): ਸੂਬੇ ਦੇ ਲੋਕ 2027 ਵਿੱਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਕਮਰ ਕੱਸੇ ਕਰ ਚੁੱਕੇ ਹਨ। ਜਿਹੜੀਆਂ ਪੰਜਾਬ ਵਿੱਚ ਸੰਵਿਧਾਨ ਬਚਾਓ ਰੈਲੀਆਂ ਹੋ ਰਹੀਆਂ ਹਨ, ਉਨ੍ਹਾਂ ਰੈਲੀਆਂ 'ਚ ਰਿਕਾਰਡ ਤੋੜ ਇਕੱਠ ਹੋ ਰਿਹਾ ਹੈ, ਇਨ੍ਹਾਂ ਰੈਲੀਆਂ ਵਿੱਚ ਪੰਜਾਬ ਦੇ ਲੋਕਾਂ ਦਾ ਹਜ਼ਾਰਾਂ ਦਾ ਇਕੱਠ ਹੋ ਰਿਹਾ ਹੈ, ਜਿਸ ਨਾਲ ਪੰਜਾਬ ਦੇ ਲੋਕ ਕਾਂਗਰਸ ਪਾਰਟੀ ਨਾਲ ਜੁੜ ਰਹੇ ਹਨ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਤੋਂ ਨੌਜਵਾਨ ਆਗੂ ਗੁਰਤੇਜਿੰਦਰ ਸਿੰਘ ਨਿੱਕੋਸਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਵੇਲੇ ਹੀ ਪੰਜਾਬ ਦਾ ਵੱਡੇ ਪੱਧਰ 'ਤੇ ਵਿਕਾਸ ਹੋਇਆ, ਜਿਸ ਕਰਕੇ ਲੋਕ ਵੀ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਯਾਦ ਕਰ ਰਹੇ



ਹਨ, ਕਾਂਗਰਸ ਦੀ ਸਰਕਾਰ ਵੇਲੇ ਹੀ ਪੰਜਾਬ ਦੇ ਹਰ ਵਰਗ ਦੇ ਲੋਕਾਂ ਦਾ ਕੰਮ ਪਹਿਲ ਦੇ ਆਧਾਰ 'ਤੇ ਕੀਤਾ ਜਾਂਦਾ ਸੀ, ਅੱਗੇ ਗੁਰੂ ਨਿੱਕੋਸਰਾਂ ਨੇ ਕਿਹਾ ਕਿ ਪਿਛਲੀ ਕਾਂਗਰਸ ਵੇਲੇ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਸਾਬਕਾ ਉੱਪ-ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਰਿਕਾਰਡ ਤੋੜ ਕੰਮ ਕਰਵਾ ਕੇ ਪਿੰਡਾਂ ਅਤੇ ਸ਼ਹਿਰਾਂ ਦੀ ਨੁਹਾਰ ਬਦਲ ਦਿੱਤੀ, ਜਿਸ ਕਰਕੇ ਹਲਕਾ ਡੇਰਾ ਬਾਬਾ ਨਾਨਕ ਵਾਸੀ ਵਿਧਾਨ ਸਭਾ 2027 ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਜਿਤਾ ਕੇ ਵਿਧਾਨ ਸਭਾ 'ਚ ਭੇਜਣਗੇ।

# 295 ਗ੍ਰਾਮ ਹੈਰੋਇਨ, 27,500 ਰੁਪਏ ਡਰੱਗ ਮਨੀ, 4 ਪਿਸਟਲ, 7 ਮੈਗਜ਼ੀਨ, 7 ਰੌਂਦ ਤੇ 2 ਮੁਕੱਦਮਿਆਂ 'ਚ ਭਗੌੜੇ ਸਮੇਤ 5 ਦੋਸ਼ੀ ਗ੍ਰਿਫਤਾਰ

ਗੁਰਦਾਸਪੁਰ, 7 ਜੂਨ (ਜਗੀਰ ਸਿੰਘ ਮੰਡ): ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਾਣਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਤੇ ਮਾਣਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਸਦਰ ਗੁਰਦਾਸਪੁਰ ਵਿਖੇ 2 ਨੌਜਵਾਨਾਂ ਰਾਕੇਸ਼ ਕੁਮਾਰ ਤੇ ਮਨੋਜ ਕੁਮਾਰ ਨੂੰ ਕਾਬੂ ਕਰਕੇ ਉਨ੍ਹਾਂ ਦੀ ਤਲਾਸ਼ੀ ਦੌਰਾਨ 3 ਗ੍ਰਾਮ ਹੈਰੋਇਨ ਬਰਾਮਦ ਕੀਤੀ, ਜਿਸ 'ਤੇ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਐੱਨਡੀਪੀਐੱਸ ਐਕਟ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਕੀਤਾ ਗਿਆ ਸੀ, ਜੋ ਮੁਕੱਦਮੇ ਦੀ ਤਫਤੀਸ਼ ਦੌਰਾਨ ਕੇਸ ਦੀ ਜਾਂਚ ਦੌਰਾਨ ਅਮਨ ਕੁਮਾਰ ਤੇ ਉਸਦੀ ਪਤਨੀ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 265 ਗ੍ਰਾਮ ਹੈਰੋਇਨ, 27500 ਰੁਪਏ ਡਰੱਗ ਮਨੀ, 1 ਪਿਸਟਲ ਸਮੇਤ ਮੈਗਜ਼ੀਨ ਤੇ 05 ਰੌਂਦ ਜ਼ਿੰਦਾ ਬਰਾਮਦ ਕੀਤੇ ਗਏ, ਜਿਸ 'ਤੇ ਮੁਕੱਦਮਾ ਵਿੱਚ ਵਾਧਾ ਜੁਰਮ ਐੱਨਡੀਪੀਐੱਸ ਐਕਟ ਅੰ 25-54-59 ਅਸਲ੍ਹਾ ਐਕਟ ਥਾਣਾ ਸਦਰ ਗੁਰਦਾਸਪੁਰ ਦਾ ਕੀਤਾ ਗਿਆ। ਇਸ ਤੋਂ ਇਲਾਵਾ ਥਾਣਾ ਪੁਰਾਣਾ ਸਾਲਾ ਵਿਖੇ ਹਰਮਨਪ੍ਰੀਤ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 2 ਪਿਸਟਲ 32 ਬੋਰ ਸਮੇਤ 4 ਮੈਗਜ਼ੀਨ ਤੇ 02 ਰੌਂਦ ਬਰਾਮਦ ਕੀਤੇ ਗਏ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 25-54-59 ਅਸਲਾ ਐਕਟ ਥਾਣਾ ਪੁਰਾਣਾ ਸਾਲਾ ਵਿਖੇ ਦਰਜ ਕੀਤਾ ਗਿਆ, ਜੋ ਮੁਕੱਦਮੇ ਦੀ ਤਫਤੀਸ਼ ਦੌਰਾਨ ਦੋਸ਼ੀ ਹਰਮਨਪ੍ਰੀਤ ਸਿੰਘ ਦੇ ਫਰਦ ਇੰਕਸਾਫ 'ਤੇ ਅੰਮ੍ਰਿਤਪਾਲ ਸਿੰਘ ਨੂੰ



ਗ੍ਰਿਫਤਾਰ ਕਰਕੇ ਉਸ ਕੋਲੋਂ ਹਰ 1 ਪਿਸਟਲ 2 ਮੈਗਜ਼ੀਨ ਬ੍ਰਾਮਦ ਕੀਤਾ ਗਿਆ।ਉਕਤ ਤੋਂ ਇਲਾਵਾ ਦੋਸ਼ੀ ਰਕੇਸ਼ ਕੁਮਾਰ ਉਰਫ ਐਗਰੀ ਜੋ 02 ਮੁਕੱਦਮੇ ਬਾ-ਜੁਰਮ 61-1-14 ਆਬਕਾਰੀ ਐਕਟ ਥਾਣਾ ਬਹਿਰਾਮਪੁਰ ਵਿੱਚ ਮਾਣਯੋਗ ਅਦਾਲਤ ਵੱਲੋਂ ਭਗੌੜਾ ਘੋਸ਼ਿਤ ਕੀਤਾ ਗਿਆ ਸੀ, ਜਿਸ ਨੂੰ ਮਿਤੀ 06.06.2025 ਨੂੰ ਗ੍ਰਿਫਤਾਰ ਕੀਤਾ ਗਿਆ। ਆਦਿੱਤਿਆ, ਆਈ.ਪੀ.ਐੱਸ., ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

# ਅਮਰੀਕਾ 'ਚ ਹਰ ਚਾਰ 'ਚੋਂ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਭਾਰਤੀ

ਵਾਸ਼ਿੰਗਟਨ, 7 ਜੂਨ (ਚ.ਨ.ਸ.): 2024 ਵਿੱਚ ਅਮਰੀਕਾ ਵਿੱਚ ਸਰਗਰਮ ਐੱਫ-1 ਤੇ ਐੱਮ-1 ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਿਆਂ(ਐੱਸਈਵੀਆਈਐੱਸ) ਰਿਕਾਰਡਾਂ ਦੀ ਕੁੱਲ ਗਿਣਤੀ 15.8 ਲੱਖ ਸੀ, ਜੋ ਪਿਛਲੇ ਕੈਲੰਡਰ ਸਾਲ ਨਾਲੋਂ 5.3% ਵੱਧ ਹੈ। ਯੂਐੱਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ ਜਦੋਂ ਕਿ ਅੰਤਰਰਾਸ਼ਟਰੀ ਵਿਦਿਆਰਥੀ 229 ਤੋਂ ਵੱਧ ਦੇਸ਼ਾਂ ਤੋਂ ਆਏ ਸਨ, ਇਸ ਵਾਧੇ ਨੂੰ ਭਾਰਤ ਦੇ ਵਿਦਿਆਰਥੀਆਂ ਨੇ ਕਾਫ਼ੀ ਹੱਦ ਤੱਕ ਹੁਲਾਰਾ ਦਿੱਤਾ।ਏਸ਼ੀਆ ਵਿੱਚ ਅਮਰੀਕਾ ਵਿੱਚ ਸਰਗਰਮ ਅੰਤਰਰਾਸ਼ਟਰੀ ਵਿਦਿਆਰਥੀ ਰਿਕਾਰਡਾਂ ਦੀ ਸਭ ਤੋਂ ਵੱਡੀ ਗਿਣਤੀ ਸੀ, ਇਸ ਮਹਾਂਦੀਪ ਦੇ ਲਗਭਗ 11 ਲੱਖ ਵਿਦਿਆਰਥੀ ਕੁੱਲ ਵਿਦੇਸ਼ੀ ਵਿਦਿਆਰਥੀ ਆਬਾਦੀ ਦਾ ਲਗਭਗ 72% ਸਨ। 2023 ਦੇ ਮੁਕਾਬਲੇ ਲਗਭਗ 4.2 ਲੱਖ ਭਾਰਤੀ ਵਿਦਿਆਰਥੀਆਂ ਨੇ 11.8% ਦਾ ਵਾਧਾ ਦਰਸਾਇਆ, ਜਦੋਂ ਕਿ ਚੀਨ ਤੋਂ 3.2 ਲੱਖ ਵਿਦੇਸ਼ੀ ਵਿਦਿਆਰਥੀਆਂ ਦੇ ਰਿਕਾਰਡ, ਜੋ ਕਿ ਦੂਜਾ ਪ੍ਰਮੁੱਖ ਸਰੋਤ ਦੇਸ਼ ਹੈ, ਨੇ 2023 ਦੇ ਮੁਕਾਬਲੇ 0.25 ਪ੍ਰਤੀਸ਼ਤ ਦੀ ਥੋੜ੍ਹੀ ਜਿਹੀ ਕਮੀ ਨੂੰ ਦਰਸਾਇਆ। 2024 ਵਿੱਚ ਭਾਰਤੀ



ਵਿਦਿਆਰਥੀ ਕੁੱਲ ਵਿਦੇਸ਼ੀ ਵਿਦਿਆਰਥੀ ਆਬਾਦੀ ਦਾ ਲਗਭਗ 27% ਹਨ, ਉਸ ਤੋਂ ਬਾਅਦ ਚੀਨੀ 20% ਹਨ। ਇਸ ਰਿਪੋਰਟ ਵਿੱਚ ਡੇਟਾ ਵਿਦਿਆਰਥੀ ਤੇ ਐਕਸਚੇਂਜ ਵਿਜ਼ਿਟਰ ਇਨਫਰਮੇਸ਼ਨ ਸਿਸਟਮ ਤੋਂ ਲਿਆ ਗਿਆ ਹੈ,ਇੱਕ ਵੈੱਬ-ਆਧਾਰਿਤ ਸਿਸਟਮ ਜਿਸਨੂੰ ਹੋਮਲੈਂਡ ਸੁਰੱਖਿਆ ਵਿਭਾਗ ਵਿਦੇਸ਼ੀ ਵਿਦਿਆਰਥੀਆਂ ਤੇ ਐਕਸਚੇਂਜ ਵਿਜ਼ਟਰਾਂ ਬਾਰੇ ਜਾਣਕਾਰੀ ਬਣਾਈ ਰੱਖਣ ਤੇ ਪ੍ਰਬੰਧਨ ਕਰਨ ਲਈ ਵਰਤਦਾ ਹੈ। ਜਦੋਂ ਕਿ ਐੱਫ-1 ਵੀਜ਼ਾ ਅਕਾਦਮਿਕ ਅਧਿਐਨ ਕੋਰਸਾਂ ਵਿੱਚੋਂ ਲੰਘਣ ਵਾਲਿਆਂ ਕੋਲ ਹੁੰਦਾ ਹੈ, ਐੱਮ-1 ਵੀਜ਼ਾ ਵੋਕੇਸ਼ਨਲ ਪ੍ਰੋਗਰਾਮਾਂ ਵਿੱਚੋਂ ਲੰਘਣ ਵਾਲੇ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ। ਆਈਸੀਈ ਰਿਪੋਰਟ ਦੇ ਅਨੁਸਾਰ 90% ਤੋਂ ਵੱਧ ਜਾਂ ਸਹੀ ਕਹਿਣ ਲਈ 14.3 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਉੱਚ ਸਿੱਖਿਆ ਡਿਗਰੀ ਪ੍ਰੋਗਰਾਮਾਂ ਵਿੱਚ ਦਾਖਲਾ ਲਿਆ ਸੀ, ਕੈਲੀਫੋਰਨੀਆ ਨੇ 2.37 ਲੱਖ ਨਾਲ ਵਿਦੇਸ਼ੀ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਗਿਣਤੀ ਨੂੰ ਦਾਖਲਾ ਦਿੱਤਾ, ਉਸ ਤੋਂ ਬਾਅਦ ਨਿਊਯਾਰਕ 1.72 ਲੱਖ ਨਾਲ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਭ ਤੋਂ ਵੱਧ ਗਿਣਤੀ ਨੂੰ ਆਕਰਸ਼ਿਤ ਕੀਤਾ ਜਦੋਂ ਕਿ ਇਹ 935-ਰਿਪੋਰਟ 2024 ਦੇ ਅੰਕੜਿਆਂ 'ਤੇ ਆਧਾਰਤ ਹੈ, ਹਾਲ ਹੀ ਦੇ ਰੁਝਾਨ ਇੰਨੇ ਖੁਸ਼ਹਾਲ ਨਹੀਂ ਹਨ। ਬੋਸਟਨ ਕਾਲਜ ਦੇ ਪ੍ਰੋਫੈਸਰ ਤੇ ਉੱਚ ਸਿੱਖਿਆ ਮਾਹਰ ਕ੍ਰਿਸ ਆਰ. ਗਲਾਸ ਨੇ ਮਾਰਚ 2024 ਤੋਂ ਮਾਰਚ 2025 ਦੇ ਵਿਚਕਾਰ ਐੱਸਈਵੀਆਈਐੱਸ ਡੇਟਾ ਦਾ ਵਿਸ਼ਲੇਸ਼ਣ ਕੀਤਾ।

# ਸੜਕ ਹਾਦਸੇ 'ਚ ਐਕਟਿਵਾ ਸਵਾਰ ਵਿਆਹੁਤਾ ਦੀ ਮੌਤ, ਪਤੀ ਜ਼ਖ਼ਮੀ, ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ

ਸ੍ਰੀ ਕੀਰਤਪੁਰ ਸਾਹਿਬ, 7 ਜੂਨ (ਬੀ.ਐੱਸ.ਰਾਣਾ/ਮਨਦੀਪ): ਬੀਤੇ ਦਿਨ ਪਿੰਡ ਡਾਢੀ ਨਜ਼ਦੀਕ ਰੂਪਨਗਰ-ਸ੍ਰੀ ਕੀਰਤਪੁਰ ਸਾਹਿਬ ਕੌਮੀ ਮਾਰਗ 'ਤੇ ਇੱਕ ਐਕਟਿਵਾ ਸਕੂਟਰੀ ਨੂੰ ਇੱਕ ਕਾਰ ਵੱਲੋਂ ਪਿੱਛੋਂ ਟੱਕਰ ਮਾਰਨ ਕਾਰਨ ਐਕਟਿਵਾ ਸਵਾਰ ਨੌਜਵਾਨ ਵਿਆਹੁਤਾ ਲੜਕੀ ਦੀ ਮੌਤ ਹੋ ਗਈ ਸੀ ਤੇ ਸਕੂਟਰੀ ਚਲਾ ਰਿਹਾ ਉਸ ਦਾ ਪਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਸੀ। ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਵੱਲੋਂ ਅੱਜ ਐਕਟਿਵਾ ਸਕੂਟਰੀ ਨੂੰ ਪਿੱਛੋਂ ਸਾਈਡ ਮਾਰਨ ਵਾਲੀ ਕਾਰ ਦੇ ਚਾਲਕ ਦੇ ਖਿਲਾਫ ਬੀਐੱਨਐੱਸ ਦੀਆਂ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕਰਕੇ ਵਿਆਹੁਤਾ ਲੜਕੀ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।ਇਸ ਸਬੰਧੀ ਥਾਣਾ ਸ੍ਰੀ ਕੀਰਤਪੁਰ ਸਾਹਿਬ ਤੋਂ ਇਸ ਕੇਸ ਦੇ ਜਾਂਚ ਅਧਿਕਾਰੀ ਐੱਚ.ਸੀ. ਹਰਵਿੰਦਰ ਸਿੰਘ ਨੇ ਦੱਸਿਆ ਕਿ ਸਕੂਟਰੀ ਚਾਲਕ ਰੋਸ਼ਨ ਲਾਲ (27) ਪੁੱਤਰ ਗੋਬ ਰਾਮ ਵਾਸੀ ਪਿੰਡ ਬਖੇਲੀ ਪੁਲਿਸ ਥਾਣਾ ਓਟ ਜ਼ਿਲ੍ਹਾ ਮੰਡੀ ਹਿਮਾਚਲ ਪ੍ਰਦੇਸ਼ ਜੋ ਕਿ ਚੰਡੀਗੜ੍ਹ ਵਿਖੇ ਕੁੱਕ ਦਾ ਕੰਮ ਕਰਦਾ ਸੀ, ਆਪਣੀ ਪਤਨੀ ਦਇਆ ਵੰਤੀ (22)



ਨਾਲ ਚੰਡੀਗੜ੍ਹ ਤੋਂ ਆਪਣੀ ਐਕਟਿਵਾ ਸਕੂਟਰੀ ਨੰਬਰ ਐੱਚ.ਪੀ. 87 ਈਏ 0608 'ਤੇ ਸਵਾਰ ਹੋ ਕੇ ਆਪਣੇ ਘਰ ਹਿਮਾਚਲ ਪ੍ਰਦੇਸ਼ ਨੂੰ ਜਾ ਰਹੇ ਸਨ, ਜਦੋਂ ਇਹ ਪਿੰਡ ਡਾਢੀ ਨਜ਼ਦੀਕ ਪੁੱਜੇ ਤਾਂ ਪਿੱਛੋਂ ਤੇਜ਼ ਰਫ਼ਤਾਰ ਵਿੱਚ ਆ ਰਹੀ ਇਹ ਕਾਰ ਨੇ ਸਕੂਟਰੀ ਨੂੰ ਪਿੱਛੋਂ ਦੀ ਟੱਕਰ ਮਾਰ ਦਿੱਤੀ, ਜਿਸ ਕਾਰਨ ਸਕੂਟਰੀ ਬੇਕਾਬੂ ਹੋ ਕੇ ਸੜਕ ਦੇ ਨਾਲ ਲੱਗੀ ਲੋਹੇ ਦੀ ਰੇਲਿੰਗ ਪਟੜੀ ਵਿੱਚ ਟਕਰਾ ਕੇ ਰੇਲਿੰਗ ਦੇ ਨਾਲ ਕੱਚੇ ਪਾਸੇ ਕੱਟੇ ਹੋਏ ਇੱਕ ਦਰੱਖਤ ਦੇ ਤਣੇ ਨਾਲ ਟਕਰਾ ਗਈ, ਜਿਸ ਕਾਰਨ ਐਕਟਿਵਾ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨਾਲ ਚਕਨਾਚੂਰ ਹੋ ਗਿਆ ਜਦਕਿ ਰੋਸ਼ਨ ਲਾਲ ਤੇ ਉਸ ਦੀ ਪਤਨੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਇਸ ਹਾਦਸੇ ਵਿੱਚ ਰੋਸ਼ਨ ਲਾਲ ਵੱਲੋਂ ਪਹਿਨਿਆ ਹੋਇਆ ਹੈਲਮਟ ਵੀ ਬੁਰੀ ਤਰ੍ਹਾਂ ਨਾਲ ਟੁੱਟ ਗਿਆ। ਜਿਨ੍ਹਾਂ ਨੂੰ ਮੌਕੇ 'ਤੇ ਇਕੱਠੇ ਹੋਏ ਲੋਕਾਂ ਵੱਲੋਂ ਐਂਬੂਲੈਂਸ ਨੂੰ ਬੁਲਾ ਕੇ ਇਲਾਜ ਲਈ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਦਇਆ ਵੰਤੀ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ।ਅੱਜ ਰੋਸ਼ਨ ਲਾਲ ਦੇ ਬਿਆਨ ਹੋਣ ਤੋਂ ਬਾਅਦ ਸਕੂਟਰੀ ਨੂੰ ਪਿੱਛੋਂ ਟੱਕਰ ਮਾਰਨ ਵਾਲੀ ਕਾਰ ਦੇ ਚਾਲਕ ਕੁਲਵੰਤ ਸਿੰਘ ਪੁੱਤਰ ਗਿਆਨ ਸਿੰਘ ਦੇ ਖਿਲਾਫ ਮਾਮਲਾ ਦਰਜ ਕਰਕੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

# 'ਮਾਨ ਸਰਕਾਰ ਵੱਲੋਂ ਸੂਬਾ ਵਾਸੀਆਂ ਲਈ ਵੱਡੀ ਰਾਹਤ' ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਲਾਭਪਾਤਰੀਆਂ ਲਈ 16.36 ਕਰੋੜ ਦੀ ਰਾਸ਼ੀ ਜਾਰੀ: ਵਿਧਾਇਕ ਕਲਸੀ

ਬਟਾਲਾ, 7 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਦੀ ਮਾਨ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਵੱਡੀ ਰਾਹਤ ਦਿੰਦਿਆਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2025-26 ਦੌਰਾਨ ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ 3207 ਲਾਭਪਾਤਰੀਆਂ ਨੂੰ 16.36 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਵੱਲੋਂ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਅਸ਼ੀਰਵਾਦ ਸਕੀਮ ਅਧੀਨ ਜ਼ਿਲ੍ਹਾ



ਬਰਨਾਲਾ, ਬਠਿੰਡਾ, ਫਰੀਦਕੋਟ, ਸ੍ਰੀ ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਪਠਾਨਕੋਟ, ਐੱਸ.ਏ.ਐੱਸ.ਨਗਰ, ਸੰਗਰੂਰ, ਮਾਲੇਰਕੋਟਲਾ ਤੇ ਤਰਨਤਾਰਨ ਦੇ ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਕੁੱਲ 3207 ਲਾਭਪਾਤਰੀਆਂ ਦੀਆਂ ਦਰਖਾਸਤਾਂ ਚਾਲੂ ਸਾਲ ਦੌਰਾਨ ਅਸ਼ੀਰਵਾਦ ਪੋਰਟਲ 'ਤੇ ਪ੍ਰਾਪਤ ਹੋਈਆਂ ਸਨ। ਇਨ੍ਹਾਂ 3207 ਲਾਭਪਾਤਰੀਆਂ ਨੂੰ ਕਵਰ ਕਰਨ ਲਈ 16.36 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਸ ਰਾਸ਼ੀ ਨਾਲ ਜ਼ਿਲ੍ਹਾ ਬਰਨਾਲਾ ਦੇ 94, ਬਠਿੰਡਾ ਦੇ 219, ਫਰੀਦਕੋਟ ਦੇ 80, ਫਤਿਹਗੜ੍ਹ ਸਾਹਿਬ ਦੇ 41, ਫਾਜ਼ਿਲਕਾ ਦੇ 137, ਗੁਰਦਾਸਪੁਰ ਦੇ 135, ਹੁਸ਼ਿਆਰਪੁਰ ਦੇ 602, ਜਲੰਧਰ ਦੇ 123, ਕਪੂਰਥਲਾ ਦੇ 27 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ।ਉਨ੍ਹਾਂ ਨੇ ਅੱਗੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਰਾਜ ਵਿੱਚ ਘੱਟ ਆਮਦਨੀ ਵਾਲੇ ਪਰਿਵਾਰ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਹੋਰ ਮਜ਼ਬੂਤ ਕਰਨ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ।

# ਸੰਜੀਵ ਅਰੋੜਾ ਨੂੰ ਵੱਡੀ ਲੀਡ ਨਾਲ ਜਿੱਤਾ ਕੇ ਵਿਧਾਨ ਸਭਾ 'ਚ ਭੇਜਾਂਗੇ: ਗੁਰਦੀਪ ਰੰਧਾਵਾ



ਕਲਾਨੌਰ, 7 ਜੂਨ (ਇਕਬਾਲ ਵਾਲੀਆ/ਕਮਲਜੀਤ ਸਿੰਘ): ਰਾਜਸਭਾ ਮੈਂਬਰ ਤੇ ਲੁਧਿਆਣਾ ਪੱਛਮੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਆਪਣੇ ਸਾਥੀਆਂ ਨਾਲ ਡੋਰ-ਟੂ-ਡੋਰ ਵੋਟਰਾਂ ਨਾਲ ਸੰਪਰਕ ਬਣਾ ਰਹੇ ਹਨ। ਸ. ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਖਿਆ ਕਿ ਲੁਧਿਆਣਾ ਵਿਖੇ ਹੋ ਰਹੀ ਜ਼ਿਮਨੀ ਚੋਣ ਵਿੱਚ ਲੋਕਾਂ ਵੱਲੋਂ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਬਹੁਤ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ ਤੇ ਵਿਰੋਧੀਆਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋਣਗੀਆਂ ਕਿਉਂਕਿ ਆਮ ਆਦਮੀ ਪਾਰਟੀ ਨੇ ਜੋ ਲੋਕਾਂ ਨਾਲ ਵਾਅਦੇ ਕੀਤੇ ਸਨ, ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੂਰੇ ਕੀਤੇ ਗਏ ਹਨ ਤੇ ਰਹਿ ਰਹੇ ਵਾਅਦਿਆਂ ਨੂੰ ਵੀ ਜਲਦੀ ਪੂਰਾ ਕੀਤਾ ਜਾਵੇਗਾ। ਅਸੀਂ ਬਹੁਤ ਆਸਾਨੀ ਨਾਲ ਜਿਤਾ ਕੇ ਸੰਜੀਵ ਅਰੋੜਾ ਨੂੰ ਵਿਧਾਨ ਸਭਾ ਵਿੱਚ ਭੇਜਾਂਗੇ। ਇਸ ਮੌਕੇ ਉਨ੍ਹਾਂ ਦੇ ਨਾਲ ਸੀਨੀਅਰ ਆਮ ਆਦਮੀ ਪਾਰਟੀ ਦੇ ਵਰਕਰ ਬਲਜੀਤ ਸਿੰਘ ਕਾਹਲੋਂ, (ਸ਼ੈਂਤੀ) ਵਡਾਲਾ ਬਾਂਗਰ, ਮੋਹਨ ਮਸੀਹ ਪ੍ਰਧਾਨ, ਸਰਪੰਚ ਜਗਦੀਪ ਸਿੰਘ, ਮੈਂਬਰ ਪੰਚਾਇਤ ਗੁਰਮੀਤ ਸਿੰਘ, ਮੈਂਬਰ ਪੰਚਾਇਤ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

# ਭਗਤ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਪ੍ਰਭਾਤ ਤੇ ਸ਼ਾਮ ਫੇਰੀਆਂ



ਧਾਰੀਵਾਲ, 7 ਜੂਨ (ਅਸ਼ੋਕ ਕੁਮਾਰ): ਸਤਿਗੁਰੂ ਕਬੀਰ ਜੀ ਦੇ 627ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਸਬੰਧੀ ਪ੍ਰਬੰਧਕ ਕਮੇਟੀ ਸਤਿਗੁਰੂ ਕਬੀਰ ਮੰਦਰ ਫੱਜੂਪੁਰ ਵੱਲੋਂ ਕੱਢੀਆਂ ਜਾ ਰਹੀਆਂ ਪ੍ਰਭਾਤ ਤੇ ਸ਼ਾਮ ਫੇਰੀਆਂ ਨਿਰੰਤਰ ਜਾਰੀ ਹਨ।ਜਿਸ ਤਹਿਤ ਅੱਜ ਪ੍ਰਭਾਤ ਫੇਰੀ ਦੀ ਸੇਵਾ ਸਵ. ਸਰਦਾਰ ਚੰਦ ਪਿੰਡ ਦੀਨਪੁਰ ਦੇ ਪਰਿਵਾਰ ਪਤਨੀ ਦਰਸ਼ਨਾ, ਪੁੱਤਰ ਹਰਮੀਤ ਪਿੰਡ ਭਗਤ ਵੱਲੋਂ ਨਿਭਾਈ ਗਈ। ਇਸ ਤੋਂ ਪਹਿਲਾਂ ਸੰਗਤ ਸਤਿਗੁਰੂ ਕਬੀਰ ਮੰਦਰ ਫੱਜੂਪੁਰ ਤੋਂ 'ਸਤਿਗੁਰੂ ਕਬੀਰ ਜੀ' ਦਾ ਗੁਣਗਾਨ ਕਰਦੀ ਹੋਈ ਪਿੰਡ ਦੀਨਪੁਰ ਵਿਖੇ ਪਹੁੰਚੀ, ਜਿਥੇ ਭਗਤ ਦੀਨਾਨਾਥ ਆਦਿ ਜੱਥਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਤਿਗੁਰੂ ਕਬੀਰ ਜੀ ਦੀ ਬਾਣੀ 'ਤੇ ਚਾਨਣਾ ਪਾਇਆ। ਇਸ ਮੌਕੇ ਕਮੇਟੀ ਪ੍ਰਧਾਨ ਅਸ਼ਵਨੀ ਫੱਜੂਪੁਰ, ਸੈਕਟਰੀ ਗੁਰਬਚਨ ਸਿੰਘ ਜਿੰਦੂਪੁਰ, ਸੀਨੀ. ਮੀਤ ਪ੍ਰਧਾਨ ਪ੍ਰੇਮ ਪਾਲ ਪੰਮਾ, ਕੈਸ਼ੀਅਰ ਪ੍ਰੇਮ ਭਗਤ ਅਹਿਮਦਾਬਾਦ, ਨੰਬਰਦਾਰ ਕੀਮਤੀ ਲਾਲ, ਭਗਤ ਸਾਂਦੀ ਦਾਸ, ਹਰੀ ਰਾਮ ਭਗਤ ਪ੍ਰੇਮ ਸਿੰਘ ਬੇਦੀ ਕਲੋਨੀ, ਬਲਵਿੰਦਰ ਵਿੱਕਾ, ਨੰਬਰਦਾਰ ਪ੍ਰੇਮ ਪਾਲ ਲੇਹਲ, ਸਰਪੰਚ ਦੀਨਪੁਰ ਰਚਨਾ ਭਗਤ, ਜਤਿੰਦਰ ਭਗਤ, ਤਰਲੋਕ ਲਾਲੂ ਏ.ਡੀ.ਓ. ਤਲਵਿੰਦਰ ਪਾਲ, ਮਾ. ਸੁਭਾਸ਼ ਚੰਦਰ ਸੀ.ਐੱਚ.ਟੀ., ਕੰਦਨ ਲਾਲ, ਐਡ. ਲਲਿਤ ਖਸਾਦ, ਵਿਮਲ ਭਗਤ, ਪ੍ਰਵਨ ਭਗਤ, ਦਰਸ਼ਨ ਲਾਲ ਲੇਹਲ, ਰਾਜ ਕੁਮਾਰ ਏ.ਐੱਸ.ਆਈ, ਦੇਸ ਰਾਜ ਸਫਰਵਾਲ, ਸੁਖਦੇਵ ਸਿੰਘ ਸਾਬਕਾ ਸਰਪੰਚ ਹਰਮੀਤ ਭਗਤ ਆਦਿ ਹਾਜ਼ਰ ਸਨ।

# 18 ਨੂੰ ਸਮਾਣਾ ਰੈਲੀ ਦਾ ਕ੍ਰਿਸ਼ਚਨ ਨੈਸ਼ਨਲ ਫਰੰਟ ਪੰਜਾਬ ਨੇ ਕੀਤਾ ਸਮਰਥਨ



ਧਾਰੀਵਾਲ, 7 ਜੂਨ (ਅਸ਼ੋਕ ਕੁਮਾਰ): ਅਨਥ ਜਗਾਓ, ਆਜ਼ਾਦੀ ਪਾਓ ਰਾਜ ਲਿਆਓ ਬੈਨਰ ਹੇਠ ਮਸੀਹੀ ਭਾਈਚਾਰੇ ਵੱਲੋਂ 18 ਜੂਨ ਦਿਨ ਬੁੱਧਵਾਰ ਨੂੰ ਦਾਣਾ ਮੰਡੀ ਸਮਾਣਾ ਵਿਖੇ ਹੋ ਰਹੀ ਰਾਜ ਪੱਧਰੀ ਰੈਲੀ ਦੇ ਸਬੰਧ ਵਿੱਚ ਕ੍ਰਿਸ਼ਚਨ ਨੈਸ਼ਨਲ ਫਰੰਟ ਪੰਜਾਬ ਯੂਥ ਪ੍ਰਧਾਨ ਬੱਬਾ ਗਿੱਲ ਦੀ ਪ੍ਰਧਾਨਗੀ ਹੇਠ ਧਾਰੀਵਾਲ ਵਿਖੇ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਰੈਲੀ ਦੀਆਂ ਤਿਆਰੀਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਭਾਈਚਾਰੇ ਦੇ ਆਰਥਿਕ ਸਮਾਜਿਕ ਤੇ ਰਾਜਨੀਤਿਕ ਮੁਸ਼ਕਿਲਾਂ ਦੇ ਹੱਲ ਲਈ ਹੋ ਰਹੀ ਰੈਲੀ ਦਾ ਕ੍ਰਿਸ਼ਚਨ ਨੈਸ਼ਨਲ ਫਰੰਟ ਪੰਜਾਬ ਵੱਲੋਂ ਸਮਰਥਨ ਕੀਤਾ ਗਿਆ। ਚਰਚ ਦੀ ਸੁਰੱਖਿਆ, ਪਾਸਟਰ ਸਾਹਿਬਾਨ ਦਾ ਸਨਮਾਨ, ਕਬਰਿਸਤਾਨ ਲਈ ਜ਼ਮੀਨ, ਯਰੂਸ਼ਲਮ ਯਾਤਰਾ, ਰਾਖਵਾਂਕਰਨ, ਈਸਾਈ ਰੈਜੀਮੈਂਟ, ਮਸੀਹੀ ਵਿਦਿਆਰਥੀਆਂ ਦੇ ਵਜ਼ੀਫੇ ਤੇ ਬੇਘਰ ਲੋਕਾਂ ਲਈ ਘਰ ਆਦਿ ਰੈਲੀ ਦੇ ਮੁੱਖ ਮੁੱਦੇ ਹਨ। ਕੇਂਦਰ ਤੇ ਰਾਜ ਸਰਕਾਰ ਦੀ ਬੇਰੁੱਖੀ ਕਾਰਨ ਭਾਈਚਾਰੇ ਵਿੱਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਅਸੈਂਬਲੀ ਤੇ ਪਾਰਲੀਮੈਂਟ ਅੰਦਰ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਕਦੇ ਵੀ ਭਾਈਚਾਰੇ ਦੇ ਮੁੱਦਿਆਂ ਨੂੰ ਵਿਚਾਰਿਆ ਤੱਕ ਨਹੀਂ ਗਿਆ, ਇਸ ਕਰਕੇ ਅਨਥ ਜਗਾਓ ਆਜ਼ਾਦੀ ਪਾਓ ਰਾਜ ਲਿਆਓ ਬੈਨਰ ਹੇਠ ਸਮਾਣਾ ਵਿਖੇ ਰੈਲੀ ਕੀਤੀ ਜਾ ਰਹੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਥ ਪ੍ਰਧਾਨ ਬੱਬਾ ਗਿੱਲ ਨੇ ਕਿਹਾ ਕਿ 18 ਜੂਨ ਦਿਨ ਬੁੱਧਵਾਰ ਨੂੰ ਉਕਤ ਸਮਾਣਾ ਦੀ ਦਾਣਾ ਮੰਡੀ ਵਿਖੇ ਹੋ ਰਹੀ ਰੈਲੀ ਦਾ ਕ੍ਰਿਸ਼ਚਨ ਨੈਸ਼ਨਲ ਫਰੰਟ ਪੰਜਾਬ ਸਮਰਥਨ ਕਰਦੀ ਹੈ। ਉਨ੍ਹਾਂ ਕਿਹਾ ਕਿ ਰੈਲੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਉਜਵੱਲ ਭਵਿੱਖ ਦਾ ਫੈਸਲਾ ਤੈਅ ਕਰੇਗੀ। ਉਨ੍ਹਾਂ ਵੱਡੀ ਗਿਣਤੀ ਵਿੱਚ ਸਮਾਣਾ ਵਿਖੇ ਪਹੁੰਚਣ ਦਾ ਪ੍ਰਬੰਧਕਾਂ ਨੂੰ ਭਰੋਸਾ ਦਿਵਾਇਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਸਾਹਿਬ ਮਸੀਹ ਲਵ ਲਾਲੋਵਾਲ ਨੀਜ਼ੂ, ਲਖਵਿੰਦਰ ਸਿੰਘ, ਸਤਨਾਮ ਖੁੰਡੀ, ਚਾਰਲ ਗਿੱਲ, ਬਬਲੂ, ਅਜੇ ਮੱਟੂ, ਅਜੇ ਡੀਪੂ ਵਾਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਮੈਂਬਰ ਹਾਜ਼ਰ ਸਨ।

# ਪਿੰਡ ਡੱਲੀ 'ਚ ਨਗਦੀ ਤੇ ਗਹਿਣੇ ਚੋਰੀ

ਭੋਗਪੁਰ, 7 ਜੂਨ (ਅਮਰਜੀਤ ਸਿੰਘ ਸੈਣੀ): ਭੋਗਪੁਰ ਦੇ ਪਿੰਡ ਡੱਲੀ ਵਿਖੇ ਨਕਦੀ ਤੇ 9 ਤੋਲੇ ਦੇ ਕਰੀਬ ਸੋਨਾ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪਰਿਵਾਰ ਨੇ ਦੱਸਿਆ ਕਿ ਘਰ ਵਿੱਚ ਮਾਂ ਬੇਟੀ ਦੋਨੋਂ 9 ਵਜੇ ਦੇ ਕਰੀਬ ਸੌਂ ਗਏ ਤੇ ਸਵੇਰੇ ਚਾਰ ਕੁ ਵਜੇ ਦੇ ਕਰੀਬ ਜਾਗ ਆਉਣ 'ਤੇ ਦੇਖਿਆ ਤਾਂ ਘਰ ਦੇ ਕਮਰੇ ਖਿਲਰੇ ਹੋਏ ਸਨ ਤੇ ਅਲਮਾਰੀ ਖੁੱਲ੍ਹੀ ਹੋਈ ਸੀ।ਨਗਦੀ ਤੇ ਪੈਸੇ ਗਾਇਬ ਸਨ, ਨਾਲ ਗੁਆਂਢੀਆਂ ਦੇ ਸੀਸੀਟੀਵੀ



ਕੈਮਰੇ ਰਾਹੀਂ ਚੈਕ ਕੀਤਾ ਗਿਆ ਤਾਂ ਦੇਖਿਆ ਕਿ ਰਾਤ 1:30 ਦੇ ਕਰੀਬ ਚੋਰ ਘਰ ਅੰਦਰ ਦਾਖਲ ਹੋਏ ਤੇ 3 ਵਜੇ ਦੇ ਕਰੀਬ ਚੋਰੀ ਕਰਕੇ ਗਏ। ਹੋ ਸਕਦਾ ਹੈ ਚੋਰਾਂ ਨੇ ਕੋਈ ਜ਼ਹਿਰੀਲੀ ਚੀਜ਼ ਸੁੰਘਾ ਦਿੱਤੀ ਹੋਵੇ ਤੇ ਪਰਿਵਾਰ ਗੂੜ੍ਹੀ ਨੀਂਦੇ ਸੁੱਤਾ ਰਿਹਾ, ਸੀਸੀਟੀਵੀ ਕੈਮਰਿਆਂ ਮੁਤਾਬਿਕ ਘਰ ਦੇ ਅੰਦਰ 7-8 ਜਣਿਆਂ ਦੇ ਕਰੀਬ ਮੂੰਹ ਢੱਕ ਕੇ ਚੋਰ ਦਾਖਲ ਹੋਏ, ਇਸ ਦੇ ਸਬੰਧ ਵਿੱਚ ਥਾਣਾ ਭੋਗਪੁਰ ਇੰਚਾਰਜ ਨੇ ਕਿਹਾ ਕਿ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ, ਚੋਰਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

# ਨਿੱਕੇ ਘੁੰਮਣਾਂ ਦਾ 11ਵਾਂ ਗੋਲਡ ਫੁੱਟਬਾਲ ਕੱਪ ਸਮਾਪਤ




ਬਟਾਲਾ, 7 ਜੂਨ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਧੰਨ-ਧੰਨ ਸੰਤ ਬਾਬਾ ਹਜ਼ਾਰਾ ਸਿੰਘ ਜੀ ਦੀ ਮਿੱਠੀ ਯਾਦ 'ਚ ਬਾਬਾ ਅਮਰੀਕ ਸਿੰਘ ਜੀ ਕਾਰ ਸੇਵਾ ਵਾਲਿਆਂ ਤੇ ਬਾਬਾ ਤਰਨਜੀਤ ਸਿੰਘ ਖਾਲਸਾ ਵੱਲੋਂ ਸਮੂਹ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 11ਵਾਂ ਗੋਲਡ ਫੁੱਟਬਾਲ ਕੱਪ ਕਰਵਾਇਆ ਗਿਆ। ਇਸ ਗੋਲਡ ਕੱਪ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ ਦੱਸਿਆ ਕਿ ਹਰ ਸਾਲ ਸੇਵਨ ਸਾਈਡ ਰਾਤ ਦੇ ਸਮੇਂ ਫਲੱਡ ਲਾਈਟਾਂ ਵਿੱਚ ਨਿੱਕੇ ਘੁੰਮਣਾਂ ਦੀ ਧਰਤੀ 'ਤੇ ਵੱਡੇ ਪੱਧਰ 'ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ ਇਸ ਸਾਲ ਵੀ ਇਹ ਟੂਰਨਾਮੈਂਟ 3 ਜੂਨ ਤੋਂ ਸ਼ੁਰੂ ਹੋਏ ਸਨ ਤੇ ਇਸ ਵਿੱਚ ਦੇਸ਼ ਦੀਆਂ ਨਾਮਵਰ ਕਲੱਬਾਂ ਨੇ ਭਾਗ ਲਿਆ ਤੇ ਅੱਜ ਫਾਈਨਲ ਮੈਚ ਹੋਏ।ਮੈਨੀ ਫਾਈਨਲ ਮੈਚ ਵਿੱਚ ਪਹਿਲਾ ਮੈਚ ਡੀਡੀ ਐੱਫ ਸੀ ਡਿੱਬੀਪੁਰ ਫੁੱਟਬਾਲ ਕਲੱਬ ਤਰਨਤਾਰਨ ਤੇ ਐੱਫਸੀਏ ਬਠਿੰਡਾ ਦੇ ਵਿਚਕਾਰ ਹੋਇਆ ਜਿਸ ਵਿੱਚ ਡਿੱਬੀਪੁਰ ਤਰਨਤਾਰਨ ਜੇਤੂ ਰਹੀ। ਦੂਸਰਾ ਮੈਚ ਸ੍ਰੀ ਦਮਦਮਾ ਸਾਹਿਬ ਲੁਧਿਆਣਾ ਤੇ ਰੇਲਵੇ ਕੋਚ ਫੈਕਟਰੀ ਕਪੂਰਥਲਾ ਦੇ ਵਿਚਕਾਰ ਹੋਇਆ, ਜਿਸ ਵਿੱਚ ਸ੍ਰੀ ਦਮਦਮਾ ਸਾਹਿਬ ਦੀ ਟੀਮ ਜੇਤੂ ਰਹੀ। ਫਾਈਨਲ ਮੈਚ ਸ੍ਰੀ ਦਮਦਮਾ ਸਾਹਿਬ ਲੁਧਿਆਣਾ ਤੇ ਡਿੱਬੀਪੁਰ ਫੁੱਟਬਾਲ ਕਲੱਬ ਤਰਨਤਾਰਨ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਡਿੱਬੀਪੁਰ ਨੇ 2:01 ਨਾਲ ਜੇਤੂ ਰਹੀ ਤੇ ਟਰਾਫੀ ਦੇ ਨਾਲ 61000 ਦੇ ਨਕਦ ਇਨਾਮ 'ਤੇ ਕਾਬਜ਼ ਰਹੀ ਤੇ ਦੂਸਰਾ ਇਨਾਮ ਸ੍ਰੀ ਦਮਦਮਾ ਸਾਹਿਬ ਦੀ ਟੀਮ 41000 ਨਾਲ ਜੇਤੂ ਰਹੀ। ਇਸ ਟੂਰਨਾਮੈਂਟ ਬਾਰੇ ਬਾਬਾ ਤਰਨਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਜਿੱਥੇ ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਹਜ਼ਾਰਾ ਸਿੰਘ ਜੀ ਕਮੇਟੀ ਗੁਰਮਤਿ ਦਾ ਪ੍ਰਚਾਰ ਤੇ ਵਿਦਿਆ ਦਾ ਦਾਨ ਕਰ ਰਿਹਾ ਹੈ, ਉਸਦੇ ਨਾਲ ਹੀ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਵੱਲ ਪ੍ਰੇਰਿਤ ਕਰ ਰਿਹਾ ਹੈ ਤੇ ਬਾਬਾ ਅਮਰੀਕ ਸਿੰਘ ਜੀ ਬਹੁਤ ਹੀ ਵਧੀਆ ਪ੍ਰਬੰਧ ਦੇ ਨਾਲ ਸੰਤ ਬਾਬਾ ਹਜ਼ਾਰਾ ਸਿੰਘ ਜੀ ਹਾਕੀ ਅਕੈਡਮੀ ਤੇ ਸੰਤ ਬਾਬਾ ਹਜ਼ਾਰਾ ਸਿੰਘ ਜੀ ਫੁੱਟਬਾਲ ਅਕੈਡਮੀ ਚਲਾਈਆਂ ਜਾ ਰਹੀਆਂ ਹਨ। ਬਾਬਾ ਤਰਨਜੀਤ ਸਿੰਘ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਹਟ ਕੇ ਖੇਡਾਂ ਵੱਲ ਜੁੜਨ ਲਈ ਪ੍ਰੇਰਿਆ।

# ਪਰਫੈਕਟ ਪੋਲਟਰੀ ਪ੍ਰੋਡਕਟਸ, ਬੀ.ਡਬਲਿਊ.ਆਈ.ਐੱਲ.ਐੱਲ.ਪੀ. ਵਿਖੇ 40 ਲੱਖਾ ਸੋਲਰ ਪੈਨਲ ਤੇਜ਼ ਹਨੇਰੀ ਨਾਲ ਉੱਡਿਆ, ਹੋਇਆ ਲੱਖਾਂ ਦਾ ਨੁਕਸਾਨ

ਬਟਾਲਾ, 7 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਨਜ਼ਦੀਕੀ ਪਿੰਡ ਪੰਜਗਰਾਈਆਂ ਦੀ ਪਰਫੈਕਟ ਪੋਲਟਰੀ ਪ੍ਰੋਡਕਟਸ, ਬੀ.ਡਬਲਿਊ. ਆਈ. ਐੱਲ.ਐੱਲ.ਪੀ. ਨਾਮ ਦੀ ਫੈਕਟਰੀ ਵਿੱਚ ਤੇਜ਼ ਹਨੇਰੀ ਨਾਲ ਲੱਖਾਂ ਦੇ ਸੋਲਰ ਪੈਨਲ ਟੁੱਟ ਕੇ ਚਕਨਾ ਚੂਰ ਹੋ ਗਏ ਹਨ। ਮੌਕੇ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਤੇ ਮੈਨੇਜਮੈਂਟ ਦੇ ਦੱਸਣ ਮੁਤਾਬਿਕ ਪੋਲਟਰੀ ਫਾਰਮ ਦੀ ਛੱਤ ਉੱਪਰ ਤਕਰੀਬਨ 40 ਲੱਖ ਦੀ ਲਾਗਤ ਨਾਲ 130 ਕਿਲੋਵਾਟ ਦਾ ਸੋਲਰ ਪੈਨਲ ਲਗਾਇਆ ਗਿਆ ਸੀ, ਤਾਂ ਕਿ ਪੀ.ਐੱਸ.ਪੀ.ਸੀ.ਐੱਲ. ਵੱਲੋਂ ਮਿਲ ਰਹੀ ਬਿਜਲੀ ਸਪਲਾਈ ਦਾ ਬੋਝ ਘਟਾਇਆ ਜਾ ਸਕੇ। ਪਿਛਲੇ ਦਿਨੀਂ ਤੇਜ਼ ਹਨੇਰੀ ਦੇ ਚੱਲਣ ਕਾਰਨ ਸੋਲਰ ਪੈਨਲ ਦੀਆਂ 9 ਪਲੇਟਾਂ ਉੱਡ ਕੇ ਛੱਤ ਤੋਂ ਥੱਲੇ ਡਿੱਗ ਕੇ ਚਕਨਾਚੂਰ ਹੋ ਗਈਆਂ, ਜਿਸ ਨਾਲ ਬਹੁਤ ਵੱਡਾ ਨੁਕਸਾਨ ਹੋਇਆ ਹੈ।



ਫੈਕਟਰੀ ਦਾ ਕੰਮ-ਕਾਰ ਵੀ ਪ੍ਰਭਾਵਿਤ ਹੋਇਆ। ਫੈਕਟਰੀ ਅੰਦਰ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਦੱਸਣ ਮੁਤਾਬਿਕ ਹਨੇਰੀ ਇੰਨੀ ਤੇਜ਼ ਤੇ ਭਿਆਨਕ ਸੀ ਕਿ ਅਸੀਂ ਕਿਸੇ ਵੀ ਚੀਜ਼ ਦਾ ਕੋਈ ਵੀ ਬਚਾਅ ਨਹੀਂ ਕਰ ਸਕਦੇ ਸੀ। ਹੋਇਆ ਫੈਕਟਰੀ ਦੇ ਮਾਲਕ ਗੁਰਮੀਤ ਸਿੰਘ ਤੇ ਜਤਿੰਦਰ ਸਿੰਘ ਨੇ ਦੱਸਿਆ ਕਿ ਅਸੀਂ ਪੋਲਟਰੀ ਫਾਰਮਿੰਗ ਵਿੱਚ ਸਾਰੇ ਪ੍ਰਬੰਧ ਪਹਿਲਾਂ ਹੀ ਕਰਕੇ ਰੱਖਦੇ ਹਾਂ, ਪਰ ਸੋਲਰ ਪੈਨਲ ਦੀਆਂ ਪਲੇਟਾਂ ਉੱਡਣ ਕਾਰਨ ਜਿਸ ਕਾਰਨ ਫੈਕਟਰੀ ਦਾ ਕੰਮ ਕਾਫੀ ਦਿਨ ਪ੍ਰਭਾਵਿਤ ਰਿਹਾ। ਇਸ ਦੇ ਸਬੰਧ ਵਿੱਚ ਪੀ.ਐੱਸ.ਪੀ.ਸੀ.ਐੱਲ. ਦੇ ਉਪ-ਮੰਡਲ ਅਫਸਰ ਸੁਤੰਤਰ ਕੁਮਾਰ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਤੇਜ਼ ਝੱਖੜ ਤੇ ਹਨੇਰੀ ਦੇ ਚੱਲਣ ਕਾਰਨ, ਫੈਕਟਰੀ ਅੰਦਰ ਇਹ ਹਾਦਸਾ ਵਾਪਰਿਆ ਹੈ, ਇਸ ਨਾਲ ਪੀ.ਐੱਸ.ਪੀ.ਸੀ.ਐੱਲ. ਦਾ ਕੋਈ ਸਬੰਧ ਨਹੀਂ। ਉਨ੍ਹਾਂ ਦੱਸਿਆ ਕਿ ਇਹ ਇੱਕ ਕੁਦਰਤੀ ਕਰੋਪੀ ਸੀ ਜਿਸ ਨੂੰ ਟਾਲਿਆ ਨਹੀਂ ਜਾ ਸਕਦਾ ਸੀ। ਇਸ ਮੌਕੇ 'ਤੇ ਜਸਪ੍ਰੀਤ ਸਿੰਘ, ਦੀਪਕ ਸਿੰਘ ਰੋਹਿਤ ਸ਼ਾਰਦਾ ਗਗਨਦੀਪ ਸਿੰਘ ਤੇ ਹੋਰ ਮੁਲਾਜ਼ਮ ਵੀ ਹਾਜ਼ਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ

# ਸ਼ਹੀਦ-ਏ-ਆਜ਼ਮ ਭਗਤ ਸਿੰਘ ਫੁੱਟਬਾਲ ਕਲੱਬ ਵੱਲੋਂ ਸਮਰ ਕੈਂਪ ਦੀ ਸ਼ੁਰੂਆਤ

ਗੜ੍ਹਸ਼ੰਕਰ, 7 ਜੂਨ (ਅਜਮੇਰ ਸਿੰਘ ਭਨੋਟ): ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮਕਸਦ ਨਾਲ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਫੁੱਟਬਾਲ ਕਲੱਬ ਵੱਲੋਂ ਗੜ੍ਹਸ਼ੰਕਰ ਵਿਖੇ ਤੀਸਰੇ ਸਮਰ ਫੁੱਟਬਾਲ ਕੋਚਿੰਗ ਕੈਂਪ ਦੀ ਸ਼ੁਰੂਆਤ ਕੀਤੀ ਗਈ।ਐੱਨ.ਆਰ.ਆਈ. ਸੀਹਰਾ ਪਰਿਵਾਰ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਏ ਇਸ ਤੀਜੇ ਸਮਰ ਕੈਂਪ ਦਾ ਉਦਘਾਟਨ ਸੁਰਜੀਤ ਸਿੰਘ ਸੀਹਰਾ ਵੱਲੋਂ ਮੋਹਤਬਰਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਨੇ ਦੱਸਿਆ ਕਿ ਨਸ਼ਿਆਂ ਤੋਂ ਬੱਚਿਆਂ ਨੂੰ ਦੂਰ ਰੱਖਣ ਦੇ ਉਦੇਸ਼ ਨਾਲ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵੀ ਕਲੱਬ ਵੱਲੋਂ ਛੋਟੇ ਬੱਚਿਆਂ ਵਾਸਤੇ ਤੀਸਰਾ ਸਮਰ ਕੈਂਪ ਲਗਾਇਆ ਗਿਆ ਹੈ, ਜੋ ਕਿ 2 ਜੂਨ ਤੋਂ 30 ਜੂਨ ਤੱਕ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੇ ਫੁੱਟਬਾਲ ਗਰਾਊਂਡ ਵਿੱਚ ਚੱਲੇਗਾ।ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ 7 ਸਾਲ ਤੋਂ 17 ਸਾਲ ਤੱਕ ਦੇ ਬੱਚਿਆਂ ਨੂੰ ਫੁੱਟਬਾਲ ਕੋਚਾਂ ਵੱਲੋਂ ਰੋਜ਼ਾਨਾ ਸ਼ਾਮ ਸਾਢੇ ਪੰਜ ਵਜੇ ਤੋਂ ਸ਼ਾਮ ਸਾਢੇ 7 ਵਜੇ ਤੱਕ ਫੁੱਟਬਾਲ ਦੀ ਮੁਫਤ ਟ੍ਰੇਨਿੰਗ ਦਿੱਤੀ ਜਾਵੇਗੀ ਤੇ ਟ੍ਰੇਨਿੰਗ ਲੈਣ ਵਾਲੇ ਬੱਚਿਆਂ ਨੂੰ ਰੋਜ਼ਾਨਾ ਰਿਫਰੈਸ਼ਮੈਂਟ ਵੀ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਅਪਣੇ ਬੱਚਿਆਂ ਨੂੰ ਪਾਣੀ ਦੀ ਬੋਤਲ ਨਾਲ ਦੇ ਕੇ ਭੇਜਣ ਤੇ ਬੱਚਿਆਂ ਨੂੰ ਲਿਆਉਣ-ਲਿਜਾਉਣ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੋਵੇਗੀ।ਇਸ ਮੌਕੇ ਸੁਰਜੀਤ ਸਿੰਘ ਸੀਹਰਾ, ਐਡ. ਜਸਵੀਰ ਸਿੰਘ ਰਾਏ, ਰਜਿੰਦਰ ਛਾਬੜਾ, ਸੁਨੀਲ ਗੋਲਡੀ, ਸਤਨਾਮ ਸਿੰਘ ਪਾਰੋਵਾਲ, ਰਮਨ ਬੰਗਾ, ਅਵਤਾਰ ਸਿੰਘ ਸੀਹਰਾ, ਕੰਵਲ ਸਿੰਘ, ਰਾਜਪਾਲ ਹੈਪੀ, ਸਪਿਰੀਅਨ, ਰੋਹਿਤ ਰਾਣਾ, ਲਖਵੀਰ ਸਿੰਘ, ਬਲਵੀਰ ਸਿੰਘ ਸੀਹਰਾ, ਦਵਿੰਦਰ ਸਿੰਘ, ਸੁਰਿੰਦਰ ਸਿੰਘ ਬੜਪੱਗਾ, ਜਸਜੀਤ ਸਿੰਘ ਬੱਬਰ, ਸਰਵਣ ਸਿੰਘ, ਸਤਿੰਦਰ ਸਿੰਘ (ਕੋਚ), ਮਮਤਾ ਤੇ ਪਰਮਜੀਤ ਪੰਮਾ ਆਦਿ ਹਾਜ਼ਰ ਸਨ।

# ਨਵੇਂ ਵਾਟਰ ਸਪਲਾਈ ਦੇ ਕੰਮ ਦਾ ਉਦਘਾਟਨ

ਭੋਗਪੁਰ, 7 ਜੂਨ (ਅਮਰਜੀਤ ਸਿੰਘ ਸੈਣੀ): ਭੋਗਪੁਰ ਵਾਰਡ ਨੰਬਰ 13 ਬੈਂਕ ਸਾਹਮਣੇ ਪੈਟਰੋਲ ਪੰਪ ਨਜ਼ਦੀਕ ਬਾਬਾ ਦੀਪ ਸਿੰਘ ਨਗਰ ਵਿਖੇ ਨਵੀਂ ਵਾਟਰ ਸਪਲਾਈ ਦੀਆਂ ਪਾਈਪਾਂ ਦਾ ਕੰਮ ਸ਼ੁਰੂ ਕੀਤਾ ਗਿਆ। ਪ੍ਰਧਾਨ ਰਾਜ ਕੁਮਾਰ ਰਾਜਾਂ ਨੇ ਦੱਸਿਆ ਕਿ ਉਨ੍ਹਾਂ ਦੇ ਵਾਰਡ ਦੇ ਲੋਕ ਪਿਛਲੇ ਕਾਫੀ ਸਮੇਂ ਤੋਂ ਪਾਣੀ ਦੀ ਸਮੱਸਿਆ ਤੋਂ ਜੂਝ ਰਹੇ ਸਨ। ਉਨ੍ਹਾਂ ਕਿਹਾ ਕਿ ਇਲੈਕਸ਼ਨ ਤੋਂ ਬਾਅਦ ਵਾਰਡ ਦੇ ਲੋਕਾਂ ਨਾਲ ਵਾਅਦਾ ਕੀਤਾ ਗਿਆ ਹੈ ਤੇ ਕੰਮ



ਦਾ ਉਦਘਾਟਨ ਕੀਤਾ ਗਿਆ ਹੈ। ਇਸ ਮੌਕੇ 'ਤੇ ਰਾਜ ਕੁਮਾਰ ਰਾਜਾਂ ਪ੍ਰਧਾਨ ਦੇ ਨਾਲ ਨਗਰ ਕੌਂਸਲ ਭੋਗਪੁਰ ਦੇ ਕੌਂਸਲਰ ਸਾਹਿਬਾਨ ਤੇ ਹੋਰ ਆਗੂ ਵੀ ਹਾਜ਼ਰ ਸਨ।

## ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Sh. Kunal Goyal Judicial Magistrate Ist Class, Bathinda**
CNR No.PBBT03-006228-2023
Next Date:10.07.2025
COMA/811/2023
Ranjit Kaur W/o Ajinderpal singh@ Rajinderpal Singh S/o Nachhatar Singh, now d/o Harwinder Singh r/o house no. Z6/03252, St no. 1A, Surkhpir road, SAS Nagar, Bathinda
Versus
Ajinderpal Singh Thind @ Rajinderpal thinda@ rajinderpal Singh S/o Nahchatar Singh r/o House no. 32, St. no. 2, Green Avenue, Faridkot and 3 others
Notice to: 1. Ajinderpal Singh Thind @ Rajinderpal thinda@ rajinderpal Singh S/o Nachhatar Singh 2. Nachhatar singh, Father of Ajinderpal Singh 3. Kamaljit Kaur W/o Nachhatar Singh third 4. Harbinderpal Kaur d/o Nachhatar Singh all r/o house no. 32, st.no. 2, Green Avenue, Faridkot
In above titled case the defendant(s)respondent(s) could not be served. It is ordered that defendant(s)respondent(s) should appear in person or through counsel on **10.07.2025** at 10:00 A.M.
For details logon to https://highcourtchd.gov.in/?trs=district_notice&district=Bathinda
Dated, this day of 06-06-2025
**Sd/- Judicial Magistrate Ist Class, Bathinda**

(U/o 5 Rule 20 CPC)
(Successsion Case)
**In the Court of Sh. Anish Goyal Civil Judge (Senior Division),**
CNR No. PBSA02-000793-2025
Next Date:- 10-07-2025
Sukhwinder Kaur
Versus
General Public
Petition for grant of Succession Cerificate in Respect of Estate of late Balwinder Singh
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **10.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated this day of 04-06-2025
**Sd/- Civil Judge (Senior Division), SAS Nagar**

(U/o 5 Rule 20 CPC)
**In the Court of Ms. Navreet Kaur Additional Civil Judge (Senior Division), Dera Bassi**
CNR No. PBSAB0-001481-2023
Next Date: 05.08.2025
CS/1111/2023
Nisha Bhateja
Versus
M/s Gupta Builders and Promoters Pvt.Ltd.
Suit for Possession
Notice to: MS Gupta Builders and Promoters Pvt Ltd. Having its Registered office at SCO No. 196-197, Sector 34-A, Chandigarh Thru its Director Sh. Pardeep Kumar S/o Shri Late Chaman Lal Gupta R/o H.No. 24, Opposite Saini Building, Adarsh Nagar, Dera bassi, Tehsil Derabassi, District Mohali
In above titled case the defendant(s)respondent(s) could not be served. It is ordered that defendant(s)respondent(s) should appear in person or through counsel on **05.08 .2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 31-05-2025
**Sd/- Additional Civil Judge (Senior Division), Dera Bassi**

(U/o 5 Rule 20 CPC)
**In the Court of Ms. Navreet Kaur Additional Civil Judge (Senior Division), Dera Bassi**
CNR No. PBSAB0-001501-2022
Next Date: 09.07.2025
CS/116/2022
Karamjit Kaur
Versus
Gurmail Singh
Execution Petition Notice of Application u/o 21 R 66 of CPC
Notice to: Gurmail Singh S/o Sh. Surjit Singh R/o House No. 54, Prem Nagar, Barwala Road, Tehsil Derabassi, District SAS Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-06-2025
**Sd/- Additional Civil Judge (Senior Division), Dera Bassi**

(U/o 5 Rule 20 CPC)
**In the Court of Sh. Dinesh Kumar Wadhwa Additional District and Session Judge-1, Faridkot**
CNR No. PBFD01-002088-2024
Next Date: 21.07.2025
Bholi kaur wife of deceased
Versus
Mangal Singh
Claim petition under Section under 166 and 140 of Motor Vehicle Act relating Police Station PS Sadar Faridkot
Notice to: 2. Sajan Son of Pamma, Nathu Mal da bagh, Swami Daya Nand, Nagar Tehsil Batala, District Gurdaspur-143505.Owner of Motor Cycle No. PB18W4068 3. Bharti AXA Life Insurance Company Ltd. First Floor, Bagadadi Gate, Above Indusind Bank, Ferozepur City through its Manager. Insurer of Motorcycle PB 18 W 4068
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-05-2025
**Sd/- Additional District and Session Judge-1, Faridkot**

(U/o 5 Rule 20 CPC)
**In the Court of Sh. Balwinder Kumar Additional District and Sessions Judge, Sangrur**
CNR No. PBSG01-010073-2018
Next Date: 04.07.2025
Exe/822/2018
Punjab State Warehousing Corporation
Versus
M/S S.S. Rice Mill
Execution application for recovery of Rs. 1,21,37,913/-
Notice to: Shashi Pal Father; Sham Lal Patiala Wali, Dhuri, Sangrur C/o Tarun Garg H. No. 320, Sector 15-A, Chandigarh (Owner of S.S. Rice Mill/Partner of M/s Hind Rice Mill)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.07.2025** at 10:00 A.M.
For details logon to https://highcourtchd.gov.in/?trs=district_notice&district=Sangrur
Dated, this day of 06-06-2025
**Sd/- Additional District and Sessions Judge, Sangrur**

(U/o 5 Rule 20 CPC)
**In the Court of Ms. Nazmeen Singh Civil Judge (Junior Division), Pathankot**
CNR No.PBPO02-001913-2022
Next Date: 05.07.2025
Arun Kumar
Versus
M/s Robin Timber Traders
Suit for recovery
Notice to: M/s Robin Timber Traders:- Bakhnour Road, opposite site new Toph, Jammu (Jammu & Kashmir) Through its Proprietor Sh. Shashi Abrol
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **05.07.2025** at 10:00 A.M.
For details logon to https://highcourtchd.gov.in/?mod=district_notice&district=Pathankot
Dated, this day of 03-06-2025
**Sd/- Additional Civil Judge (Senior Division), Pathankot (Duty)**

(U/o 5 Rule 20 CPC)
**In the Court of Ms. Babita Civil Judge (Junior Division), Pathankot**
CNR No. PBPO02-001939-2024
Next Date: 02.07.2025
Varinder Kumar
Versus
Kusum Soni
Suit for declaration suit for permanent injunction
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.07.2025** at 10:00 A.M.
For details logon to https://highcourtchd.gov.in/?mod=district_notice&district=Pathankot
Dated, this day of 04-06-2025
**Sd/- Civil Judge (Junior Division), Pathankot**

**In the Court of Ms. Prerna Gupta Judicial Magistrate -Ist Class-1 Amloh (P)**
CNR No. PBFGA1-003519-2023
Next Date: 21.07.2025
Jaswant Singh
Versus
Hardeep Singh
Notice to : Hardeep Singh Father;- Nazar Singh R/o Village Bharporgarh, Tehsil Amloh, Distt. Fatehgarh Sahib
In above titled case the accused could not be served. It is ordered that accused should appear in person or through counsel on **21.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 06-06-2025
**Sd/- Judicial Magistrate -Ist Class-1 Amloh (P)**

(U/o 5 Rule 20 CPC)
**In the Court of Ms. Prerna Gupta Civil Judge Jr. Divn-1, Amloh (P)**
CNR No. PBFGA0-000376-2025
Next Date: 01.08.2025
Sangeeta Rani
Versus
General Public
Suit for Declaration
Notice to : General Public:- India
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 06-06-2025
**Sd/- Civil Judge Jr. Divn-1, Amloh (P)**

(U/o 5 Rule 20 CPC)
**In the Court of Sh. Sarbjit Singh Dhaliwal District and Sessions Judge, Moga**
CNR No. PBMO01-001875-2025
Next Date: 17.07.2025
CA/45/2025
Jagtar Singh
Versus
Dharam Singh
Notice to : 1. Dharam Singh S/o Dalip Singh R/o Village Kale Ke Teh. Baghapurana, Distt. Moga. 2. Gurmail Singh s/o Hakam Singh S/o Jamiat Singh R/o Village Kale Ke Teh. Baghapurana, Distt. Moga.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **17.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-06-2025
**Sd/- District Judge, Moga**

(U/o 5 Rule 20 CPC)
**In the Court of Ms. Harinder Sidhu Additional District and Session Judge-1, Patiala**
CNR No. PBPT01-005788-2018
Next Date: 01.07.2025
Shinder Kaur
Versus
Narinder Singh
Notice to : Gagandeep Singh S/o Kesar Singh Vill. Ditupura, Distt. Fatehgarh Sahib.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.07.2025** at 10:00 A.M.
For details logon to https://highcourtchd.gov.in/?mod=district_notice&district=patiala
Dated, this day of 02-06-2025
**Sd/- Additional District and Session Judge-1, Patiala**

(U/o 5 Rule 20 CPC)
(Succession Case)
**In the Court of Sh. Sachin Yadav Addl.Civil Judge (Sr.Divn.), Chandigarh**
CNR No. CHCH02-002600-2024
Next Date: 07.07.2025
Raj Kumar
Versus
General Public
Probate of Will
Notice to :1. Manoj S/o Munshi R/o Shimla Puri Ludhiana Punjab 2. Rajni D/o Munshi R/o Shimla Puri Ludhiana Punjab.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.07.2025** at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 13-05-2025
**Sd/- Addl.Civil Judge (Sr.Divn.), Chandigarh**



**ਜ਼ਰੂਰੀ ਸੂਚਨਾ**

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਇਸ਼ਤਿਹਾਰ ਦੇ ਤੱਥਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ। -ਇਸ਼ਤਿਹਾਰ ਮੈਨੇਜਰ


# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਕਰਵਾਇਆ








, ਸ੍ਰੀ ਅਨੰਦਪੁਰ ਸਾਹਿਬ, 7 ਜੂਨ: (ਤਰਲੋਚਨ ਸਿੰਘ) ਅੱਜ ਖੇਤੀ ਵਿਰਾਸਤ ਸੰਸਥਾ, ਭਾਈ ਘਨ੍ਹਈਆ ਜੀ ਟਰੱਸਟ ਭੈਣੀ ਸਾਹਿਬ, ਅਲਾਇੰਸ ਕਲੱਬ ਇੰਟਰਨੈਸ਼ਨਲ ਅਤੇ ਸਤਿਗੁਰੂ ਓਟ ਆਸਰਾ ਟਰੱਸਟ ਵਲੋਂ ਸਾਂਝੇ ਤੌਰ ਤੇ ਲੋਕਾਈ ਦੇ ਪੰਜਵੇਂ ਗੁਰੂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਵਿਰਾਸਤ ਏ ਖਾਲਸਾ ਆਡੀਟੋਰੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜੋ ਕਿ ਸਫਲਤਾ ਪੂਰਵਕ ਮੁਕੰਮਲ ਹੋਇਆ। ਇਸ ਪ੍ਰੋਗਰਾਮ ਮੁੱਖ ਬੁਲਾਰੇ ਪ੍ਰੋਫੈਸਰ ਇੰਜੀ: ਬਲਜਿੰਦਰ ਸਿੰਘ ਮੁੱਖੀ ਆਰੀਆ ਕਾਲਜ ਲੁਧਿਆਣਾ ਤੇ ਅਸੋਸਿਅਟ ਪ੍ਰੋਫੈਸਰ ਡਾ:ਪਰਮਜੀਤ ਕੌਰ ਮੁੱਖੀ ਧਰਮ ਅਧਿਐਨ ਵਿਭਾਗ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ, ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਖਾਲਸਾ ਸਕੂਲ ਤੇ ਖੇਤੀ ਵਿਰਾਸਤ ਪੰਜਾਬ ਦੇ ਚੈਅਰਮੈਨ ਡਾ: ਚੰਦਰ ਪ੍ਰਕਾਸ਼ ਤੋਂ ਇਲਾਵਾ ਸ੍: ਸੰਦੀਪ ਸਿੰਘ ਰਾਏ ਭੈਣੀ ਸਾਹਿਬ ਵੱਲੋਂ ਗੁਰੂ ਸਾਹਿਬ ਦੀ ਜ਼ਿੰਦਗੀ ਤੇ ਅਤੇ ਉਨ੍ਹਾਂ ਵਲੋਂ ਜ਼ੁਲਮ ਖਿਲਾਫ ਲੜੀ ਗਈ ਲੜਾਈ, ਉਨਾਂ ਦੀ ਸ਼ਹਾਦਤ ਅਤੇ ਉਨਾਂ ਦੀਆਂ ਸਿਖਿਆਵਾਂ ਅਤੇ ਅਜੋਕੇ ਸਮਾਜ ਵਿਚ ਪੈਰ ਪਸਾਰ ਰਹੀਆਂ ਕੁਰੀਤੀਆਂ ਦੀ ਵਿਸਥਾਰਪੂਰਵਕ ਚਰਚਾ ਕੀਤੀ। ਬੁਲਾਰਿਆਂ ਵਲੋਂ ਸਟੇਟ ਤੋਂ ਸੰਦੇਸ਼ ਦਿੰਦਿਆਂ ਗੁਰੂ ਸਾਹਿਬ ਦੇ ਲੜ ਲੱਗਣ ਉਨਾਂ ਦੀ ਸਿੱਖਿਆ ਤੇ ਚੱਲਣ ਦਾ ਲੋਕਾਂ ਨੂੰ ਸੁਨੇਹਾ ਦਿਤਾ। ਮੁੱਖ ਬੁਲਾਰਿਆਂ ਤੋਂ ਇਲਾਵਾ ਸੁਰਿੰਦਰ ਸਿੰਘ, ਸਤਿਗੁਰੂ ਓਟ ਆਸਰਾ ਤੋਂ ਮਨਿੰਦਰਪਾਲ ਸਿੰਘ ਮਨੀ ਚੱਠਾ ਆਦਿ ਬੁਲਾਰਿਆਂ ਨੇ ਵੀ ਆਏ ਹੋਏ ਮਹਾਨੁਭਾਵ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ। ਇਸ ਮੌਕੇ ਤੇ ਸਟੇਜ ਦਾ ਸੰਚਾਲਨ ਬਲਰਾਮ ਪਰਾਸ਼ਰ ਵਲੋ ਬਾਖੂਬੀ ਨਿਭਾਇਆ ਗਿਆ। ਉਨ੍ਹਾਂ ਨੇ ਵੀ ਸਟੇਜ ਤੋਂ ਲੋਕਾਂ ਨੂੰ ਬੁਰਾਈਆਂ, ਸਮਾਜਿਕ ਊਣਤਾਈਆਂ, ਜਾਤ ਪਾਤੀ, ਧਰਮ ਖਿਤਿਆਂ ਤੋਂ ਉਪਰ ਉਠ ਕੇ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ। ਇਸ ਦੌਰਾਨ ਇਲਾਕੇ ਦੇ ਬੁੱਧੀਜੀਵੀ ਲੋਕਾਂ ਨੂੰ ਅਲੱਗ-ਅਲੱਗ ਆਗੂਆਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਮਾਜਿਕ ਆਗੂ ਕੇ ਕੇ ਬੇਦੀ, ਡਾ: ਹਰਦਿਆਲ ਸਿੰਘ ਪੰਨੂ ਸਾਬਕਾ ਗਵਰਨਰ ਅਲਾਇੰਸ ਕਲੱਬ ਇੰਟਰਨੈਸ਼ਨਲ, ਜਸਵਿੰਦਰ ਸਿੰਘ ਪ੍ਰਧਾਨ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ, ਆਤਮਾ ਸਿੰਘ ਘਟੀਵਾਲ ਸਾਬਕਾ ਬੈਂਕ ਅਫਸਰ, ਜਸਦੀਪ ਸਿੰਘ ਧਾਰੀਵਾਲ, ਗੁਰਪ੍ਰੀਤਮ ਸਿੰਘ, ਰਤਨ ਕੁਮਾਰ ਧਨੇੜਾ, ਯੂਨੀਅਨ ਆਗੂ ਕਪਿਲ ਮਹਿੰਦਲੀ, ਮੁਨੀਸ਼ ਗੌਤਮ, ਨਰੇਸ਼ ਸ਼ਰਮਾਂ, ਹਰਮਨਜੀਤ ਸਿੰਘ, ਹਰਸਿਮਰਨ ਸਿੰਘ, ਅਵਤਾਰ ਸਿੰਘ,ਹਰਮਿੰਦਰ ਸਿੰਘ ਵਾਲੀਆ, ਤੇਜਿੰਦਰ ਸਿੰਘ ਤੇਜ਼ੀ, ਰਾਕੇਸ਼ ਸ਼ਰਮਾ ਪੰਮੀ, ਭੁਪਿੰਦਰ ਜਗੋਤਾ, ਬਾਵਾ ਸਿੰਘ, ਦਵਿੰਦਰ ਸਿੰਘ,, ਰਾਮ ਕੁਮਾਰ ਸ਼ਰਮਾਂ,ਸੁਖਬਾਜ ਸਿੰਘ, ਗੁਰਮੁੱਖ ਸਿੰਘ,ਜਗਦੀਪ ਚੰਦ ਪਿੰਕੂ,ਮਨਦੀਪ ਸਿੰਘ,ਵਿਵੇਕ ਸ਼ਰਮਾਂ, ਜਰਨੈਲ ਸਿੰਘ ਸੰਧੂ, ਪ੍ਰੈਸ ਤੋਂ ਸੰਦੀਪ ਸ਼ਰਮਾਂ ਆਦਿ ਹਾਜ਼ਰ ਸਨ।

# ਜ਼ਮੀਨ ਐਕੁਵਾਇਰ ਕਰਨ ਸਬੰਧੀ ਭਲਕੇ ਡੀਸੀ ਲੁਧਿਆਣਾ ਨੂੰ ਦੇਵਾਂਗੇ ਮੰਗ ਪੱਤਰ: ਭਾਕਿਯੂ ਬਹਿਰਾਮਕੇ



ਕੋਟ ਈਸੇ ਖਾਂ, 7 ਜੂਨ: (ਗਾਂਧੀ/ਖੁਰਾਣਾ) ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੀ ਮਹੀਨਾਵਾਰ ਮੀਟਿੰਗ ਗੁਰਮੇਲ ਸਿੰਘ ਗਿੱਲ ਸ਼ਹਿਰੀ ਪ੍ਰਧਾਨ ਧਰਮਕੋਟ ਦੀ ਅਗਵਾਈ ਹੇਠ ਕੀਤੀ ਗਈ,ਜਿਸ ਵਿੱਚ ਬਲਵੰਤ ਸਿੰਘ ਬਹਿਰਾਮਕੇ ਸੂਬਾ ਪ੍ਰਧਾਨ ਬੀਕੇਯੂ ਬਹਿਰਾਮਕੇ, ਮਲੂਕ ਸਿੰਘ ਮਸਤੇਵਾਲਾ ਐਗਜਿਕਟਿਵ ਮੈਂਬਰ ਪੰਜਾਬ, ਜੰਗੀਰ ਸਿੰਘ ਫੌਜੀ ਹੈੱਡ ਕੈਸ਼ੀਅਰ, ਤੋਤਾ ਸਿੰਘ ਬਹਿਰਾਮਕੇ ਸੂਬਾ ਐਗਜਿਕਟਿਵ ਮੈਂਬਰ, ਕੋਰ ਕਮੇਟੀ ਮੈਂਬਰ ਸੁਖਦੇਵ ਸਿੰਘ ਮੈਂਬਰ ਭਿੰਡਰ ਕਲਾਂ,ਵਿਸ਼ੇਸ਼ ਤੌਰ ਤੇ ਪਹੁੰਚੇ। ਮੀਟਿੰਗ ਦੀ ਕਾਰਵਾਈ ਬਲਵੀਰ ਸਿੰਘ ਮਾਨ ਸੰਗਲਾ ਨੇ ਚਲਾਈ। ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਦਿਨੀ ਗਲਾਡਾ ਵਲੋ ਅਰਬਨ ਸਟੇਟ ਬਨਾਉਣ ਲਈ ਜਿਲਾ ਲੁਧਿਆਣਾ ਤੇ ਮੋਗਾ ਦੇ ਵੱਡੀ ਗਿਣਤੀ ਵਿੱਚ ਪਿੰਡਾਂ ਦੀ 24311 ਏਕੜ ਜ਼ਮੀਨ ਅਕਵਾਇਰ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਜਿਸ ਦਾ ਪੂਰਨ ਤੌਰ ਤੇ ਬਾਈਕਾਟ ਕੀਤਾ ਗਿਆ ਤੇ ਪ੍ਰਣ ਕੀਤਾ ਕਿ ਕਿਸਾਨਾਂ ਦੀ ਇੱਕ ਇੰਚ ਜਮੀਨ ਵੀ ਅਕਵਾਇਰ ਨਹੀ ਹੋਣ ਦਿਆਂਗੇ। ਇਸੇ ਦੌਰਾਨ 9 ਜੂਨ ਨੂੰ ਭਰਾਤਰੀ ਜਥੇਬੰਦੀਆਂ ਵੱਲੋਂ ਇਕੱਠੇ ਹੋਕੇ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਪੰਜਾਬ ਅੰਦਰ ਤੇਲਗੂ ਭਾਸ਼ਾ ਸਕੂਲਾ ਚ ਚਲਾਉਣ ਦੀ ਗੱਲ ਸਾਹਮਣੇ ਆਈ ਹੈ, ਇਸ ਦਾ ਡਟਵਾਂ ਵਿਰੋਧ ਕਰਦੇ ਹਾਂ। ਅਸੀ ਸਰਕਾਰਾਂ ਤੋਂ ਪੁਰਜ਼ੋਰ ਮੰਗ ਕਰਦੇ ਹਾਂ ਕਿ ਪੰਜਾਬ ਅੰਦਰ ਮਾਤ ਭਾਸ਼ਾ ਮਾਂ ਬੋਲੀ ਪੰਜਾਬੀ ਹੈ ਤੇ ਪੰਜਾਬ 'ਚ ਆਪਣੀ ਮਾਂ ਬੋਲੀ ਨੂੰ ਪਹਿਲ ਦਿੱਤੀ ਜਾਵੇ ਤੇ ਇੰਨ ਬਿੰਨ ਲਾਗੂ ਰਹਿਣੀ ਚਾਹੀਦੀ ਹੈ। ਸਵਦੇਸ਼ੀ 41P ਖਾਦ ਦਾ ਜੋ ਨਵੇਂ ਸਿਰਿਉ ਮਾਲ ਆ ਰਿਹਾ ਹੈ ਉਸ ਦਾ ਇੱਕ ਥੈਲੇ ਦਾ ਭਾਅ 1850 ਰੁਪਏ ਪ੍ਰਤੀ ਥੈਲਾ ਹੈ। ਅਸੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਿਆ ਕਰਦੇ ਹੋਏ ਸਰਕਾਰਾਂ ਤੋਂ ਪੁਰਜ਼ੋਰ ਮੰਗ ਕਰਦੇ ਹਾਂ ਕਿ ਖਾਂਦਾ ਦੇ ਭਾਅ ਪਹਿਲਾਂ ਦੀ ਤਰ੍ਹਾਂ ਹੀ ਲਾਗੂ ਰਹਿਣ ਕਿਸੇ ਤਰਾਂ ਦਾ ਕੋਈ ਵਾਧਾ ਨਾ ਕੀਤਾ ਜਾਵੇ। ਇਸ ਮੌਕੇ ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਡਾ.ਦਰਸਨ ਸਿੰਘ ਪ੍ਰਧਾਨ ਰੋਸ਼ਨਵਾਲਾ, ਜੀਤ ਸਿੰਘ, ਨਿਰਮਲ ਸਿੰਘ ਅਮੀਵਾਲਾ, ਜਥੇਦਾਰ ਮਹਿੰਦਰ ਸਿੰਘ, ਨਛੱਤਰ ਸਿੰਘ ਹੇਪੀ ਸੰਗਲਾ, ਬੋਹੜ ਸਿੰਘ ਸਾਬਕਾ ਸਰਪੰਚ, ਸੁਖਮੰਦਰ ਸਿੰਘ ਭੰਬਾ, ਭੁਪਿੰਦਰ ਸਿੰਘ ਤੂਰ, ਸੁਖਵਿੰਦਰ ਸਿੰਘ ਥਾਣੇਦਾਰ ਭਿੰਡਰ ਕਲਾਂ, ਚਮਕੋਰ ਸਿੰਘ ਬੱਡੂਵਾਲਾ, ਤਰਸੇਮ ਸਿੰਘ ਕਨੇਡੀਅਨ, ਜੱਸ ਗੜਾ, ਜਸਵੰਤ ਸਿੰਘ ਸੇਕਟਰੀ, ਜਸਵੀਰ ਸਿੰਘ, ਬਲਵੀਰ ਸਿੰਘ ਜਥੇਦਾਰ, ਮੇਜਰ ਸਿੰਘ ਭੋਇਪੁਰ, ਕੈਪਟਨ ਬਹਾਦਰ ਸਿੰਘ, ਹਾਕਮ ਸਿੰਘ ਸਾਬਕਾ ਫੌਜੀ ਆਦਿ ਕਿਸਾਨ ਆਗੂ ਤੇ ਵਰਕਰ ਹਾਜਰ ਸਨ।

# ਵੱਖ-ਵੱਖ 14 ਮਾਮਲਿਆਂ ਵਿੱਚ 13 ਦੋਸ਼ੀ ਕਾਬੂ

ਭਿੱਖੀਵਿੰਡ 7 ਜੂਨ ( ਸਵਿੰਦਰ ਬਲੇਹਰ ) ਜ਼ਿਲ੍ਹਾ ਤਰਨਤਾਰਨ ਦੇ ਮੁੱਖ ਅਫਸਰ ਐਸ ਐਸ ਪੀ ਅਭਿਮੰਨਿਊ ਰਾਣਾ ਦੀ ਨਿਗਰਾਨੀ ਹੇਠ ਤਰਨਤਾਰਨ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਐਸਪੀਡੀ ਅਜੇਰਾਜ ਸਿੰਘ ਵੱਲੋਂ ਨਸ਼ਾ ਤਸਕਰਾਂ ਤੇ ਕਾਬੂ ਪਾਉਣ ਲਈ ਵੱਖ-ਵੱਖ ਟੀਮਾਂ ਤਿਆਰ ਕਰਕੇ ਇਲਾਕੇ ਵਿੱਚ ਭੇਜੀਆਂ ਗਈਆਂ ਸਨ। ਜਿਸ ਵਿੱਚ ਤਰਨਤਾਰਨ ਪੁਲਿਸ ਵੱਲੋ ਜਿਲ੍ਹਾ ਤਰਨਤਾਰਨ ਵਿੱਚ ਐਨ.ਡੀ.ਪੀ.ਐਸ ਐਕਟ ਅਤੇ ਆਬਕਾਰੀ ਐਕਟ ਦੇ ਕੇਸ 14 ਮੁੱਕਦਮੇ ਜਿਹਨਾਂ ਵਿੱਚ ਕੁੱਲ 13 ਦੋਸ਼ੀ ਅਤੇ ਪੀ.ਓ ਸਟਾਫ ਤਰਨ ਤਾਰਨ ਵੱਲੋ 01 ਦੋਸ਼ੀ ਨੂੰ ਗ੍ਰਿਫਤਾਰ ਕਰਕੇ ਦੋਸ਼ੀਆਂ ਪਾਸੋਂ ਕੁੱਲ 244 ਗ੍ਰਾਮ ਹੈਰੋਇਨ, 22,500 ਐਮ.ਐਲ ਨਜਾਇਜ਼ ਸ਼ਰਾਬ, 2,570 ਲੀਟਰ ਨਜਾਇਜ਼ ਲਾਹਣ, 09 ਕਿੱਲੋ 200 ਗ੍ਰਾਮ ਚੂਰਾ ਪੋਸਤ, 185 ਨਸ਼ੀਲੀਆਂ ਗੋਲੀਆਂ, 210 ਨਸ਼ੀਲੇ ਕੈਪਸੂਲ, 40,170 ਡਰੱਗ ਮਨੀ ਬ੍ਰਾਮਦ ਕੀਤੀ ਗਈ। ਜਿਸ ਵਿੱਚ ਸਬ-ਡਵੀਜ਼ਨ ਭਿੱਖੀਵਿੰਡ ਦੇ ਥਾਣਾ ਵਲਟੋਹਾ ਨੇ

ਮੁੱਕਦਮਾ ਨੰਬਰ 63 ਜੁਰਮ 21-ਬੀ/61/85 ਐਨ.ਡੀ.ਪੀ.ਐਸ ਐਕਟ ਥਾਣਾ ਵਲਟੋਹਾ ਦਰਜ਼ ਕੀਤਾ ਹੈ। ਜਿਸ ਵਿੱਚ ਦੋਸ਼ੀ ਦਸੰਧਾ ਸਿੰਘ ਉਰਫ ਸੰਧੂ ਪੁੱਤਰ ਪਾਲ ਸਿੰਘ ਵਾਸੀ ਵਲਟੋਹਾ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 07 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਇਸ ਦੇ ਨਾਲ ਹੀ ਥਾਣਾ ਕੱਚਾ ਪੱਕਾ ਨੇ ਮੁਕੱਦਮਾ ਨੰਬਰ 58 ਜੁਰਮ 61/1/14 ਅਬਾਕਾਰੀ ਐਕਟ 123/62 ਬੀ.ਐਨ.ਐਸ ਥਾਣਾ ਕੱਚਾ ਪੱਕਾ ਦਰਜ਼ ਕੀਤਾ ਹੈ। ਜਿਸ ਵਿੱਚ ਦੋਸ਼ੀ ਸੁਖਦੇਵ ਸਿੰਘ ਉਰਫ ਸੁੱਖਾ ਪੁੱਤਰ ਉਜਾਗਰ ਸਿੰਘ ਵਾਸੀ ਜਮਾਲਪੁਰ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 22,500 ਐਮ.ਐਲ ਨਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ। ਇਸ ਦੇ ਨਾਲ ਹੀ ਥਾਣਾ ਕੱਚਾ ਪੱਕਾ ਨੇ ਮੁੱਕਦਮਾ ਨੰਬਰ 59 ਜੁਰਮ 22/61/85 ਐਨ.ਡੀ.ਪੀ.ਐਸ ਐਕਟ ਥਾਣਾ ਕੱਚਾ ਪੱਕਾ ਦਰਜ਼ ਕੀਤਾ ਹੈ। ਜਿਸ ਵਿੱਚ ਦੋਸ਼ੀ ਸਾਹਿਬ ਸਿੰਘ ਪੁੱਤਰ ਜੋਗਾ ਸਿੰਘ ਵਾਸੀ ਦਿਆਲਪੁਰ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 150 ਨਸ਼ੀਲੀਆ ਗੋਲੀਆਂ ਬ੍ਰਾਮਦ ਕੀਤੀਆ ਗਈਆ। ਇਸ ਦੇ ਨਾਲ ਹੀ ਥਾਣਾ ਖੇਮਕਰਨ ਨੇ ਮੁਕੱਦਮਾ ਨੰਬਰ 104 ਜੁਰਮ 21-ਬੀ/61/85 ਐਨ ਡੀ ਪੀ ਐਸ ਐਕਟ ਥਾਣਾ ਖੇਮਕਰਨ ਦਰਜ਼ ਕੀਤਾ ਹੈ। ਜਿਸ ਵਿੱਚ ਦੋਸ਼ੀ ਰਵੀ ਸਿੰਘ ਪੁੱਤਰ ਰਸਾਲ ਸਿੰਘ ਵਾਸੀ ਮਹਿੰਦੀਪੁਰ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 07 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਇਸ ਦੇ ਨਾਲ ਹੀ ਥਾਣਾ ਖਾਲੜਾ ਨੇ ਮੁੱਕਦਮਾ ਨੰਬਰ 110 ਜੁਰਮ 61/1/14 ਆਬਕਾਰੀ ਐਕਟ ਥਾਣਾ ਖਾਲੜਾ ਦਰਜ਼ ਕਰਕੇ 70 ਕਿਲੋ ਲਾਹਣ ਅਤੇ ਇੱਕ ਮੋਟਰਸਾਇਕਲ ਪਲਟੀਨਾ ਨੰਬਰ ਪੀ.ਬੀ02-ਬੀ.ਐਨ-1493 ਬ੍ਰਾਮਦ ਕੀਤਾ ਗਿਆ। ਇਸ ਦੇ ਨਾਲ ਹੀ ਥਾਣਾ ਖਾਲੜਾ ਨੇ ਮੁੱਕਦਮਾ ਨੰਬਰ 111 ਜੁਰਮ 22/61/85 ਐਨ.ਡੀ.ਪੀ.ਐਸ ਐਕਟ ਥਾਣਾ ਖਾਲੜਾ ਦਰਜ਼ ਕੀਤਾ ਹੈ। ਜਿਸ ਵਿੱਚ ਦੋਸ਼ੀ ਅੰਮ੍ਰਿਤਪਾਲ ਸਿੰਘ ਉਰਫ ਮੋਟਾ ਪੁੱਤਰ ਪਰਮਜੀਤ ਸਿੰਘ ਵਾਸੀ ਮਾੜੀ ਮੇਘਾ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 210 ਨਸ਼ੀਲੇ ਕੈਪਸੂਲ ਅਤੇ 35 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀ ਗਈਆ। ਇਸ ਦੇ ਨਾਲ ਹੀ ਥਾਣਾ ਭਿੱਖੀਵਿੰਡ ਨੇ ਮੁੱਕਦਮਾ ਨੰਬਰ 94 ਜੁਰਮ 21-ਬੀ/61/85 ਐਨ.ਡੀ.ਪੀ.ਐਸ ਐਕਟ ਥਾਣਾ ਭਿੱਖੀਵਿੰਡ ਦਰਜ਼ ਕੀਤਾ ਹੈ। ਜਿਸ ਵਿੱਚ ਦੋਸ਼ੀ ਵਰਿੰਦਰ ਸਿੰਘ ਉਰਫ ਰਾਜੂ ਪੁੱਤਰ ਬਲਵਿੰਦਰ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਵਾਰਡ ਨੰਬਰ 06 ਪੱਟੀ ਰੋਡ ਭਿੱਖੀਵਿੰਡ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 06 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਇਸੇ ਲੜੀ ਦੇ ਤਹਿਤ ਸਬ-ਡਵੀਜ਼ਨ ਤਰਨ ਤਾਰਨ ਦੇ ਥਾਣਾ ਵੈਰੋਵਾਲ ਨੇ ਮੁੱਕਦਮਾ ਨੰਬਰ 86 ਜੁਰਮ 61/1/14 ਆਬਕਾਰੀ ਐਕਟ ਥਾਣਾ ਵੈਰੋਵਾਲ ਦਰਜ਼ ਕੀਤਾ ਹੈ। ਜਿਸ ਵਿੱਚ ਦੋਸ਼ੀ ਜਸਵਿੰਦਰ ਸਿੰਘ ਉਰਫ ਜੱਸਾ ਪੁੱਤਰ ਸਿੰਗਾਰਾ ਸਿੰਘ ਵਾਸੀ ਭਲਾਈਪੁਰ ਡੋਗਰਾਂ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 200 ਲੀਟਰ ਨਜਾਇਜ਼ ਲਾਹਣ ਬ੍ਰਾਮਦ ਕੀਤੀ ਗਈ ਹੈ।

# ਦੇਸ਼ ਭਗਤ ਯੂਨੀਵਰਸਿਟੀ ਸਕੂਲ ਆ.ਫ ਨਰਸਿੰਗ ਵੱਲੋਂ ਪ੍ਰੇਰਨਾਦਾਇਕ ਕਰੀਅਰ ਸੈਸ਼ਨ

ਮੰਡੀ ਗੋਬਿੰਦਗੜ੍ਹ, 7 ਜੂਨ: ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ ਨਰਸਿੰਗ ਵੱਲੋਂ 'ਐਲੀਵੇਟ: ਯੂਅਰ ਕਰੀਅਰ ਜਰਨੀ' ਸਿਰਲੇਖ ਵਾਲਾ ਇੱਕ ਪ੍ਰੇਰਣਾਦਾਇਕ ਅਤੇ ਕਰੀਅਰ-ਕੇਂਦ੍ਰਿਤ ਸੈਸ਼ਨ ਕਰਵਾਇਆ ਗਿਆ, ਜਿਸਦਾ ਉਦੇਸ਼ ਨਰਸਿੰਗ ਵਿਦਿਆਰਥੀਆਂ ਨੂੰ ਨੈਸ਼ਨਲ ਕੌਂਸਲ ਲਾਇਸੈਂਸ ਪ੍ਰੀਖਿਆ ਅਤੇ ਨਰਸਿੰਗ ਅਫਸਰ ਭਰਤੀ ਕਾਮਨ ਯੋਗਤਾ ਟੈਸਟ ਅਤੇ ਵੱਖ-ਵੱਖ ਰਾਜ ਅਤੇ ਰਾਸ਼ਟਰੀ ਪੱਧਰ ਦੇ ਭਰਤੀ ਟੈਸਟਾਂ ਵਰਗੀਆਂ ਮੁੱਖ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸਫਲਤਾ ਵੱਲ ਸੇਧਿਤ ਕਰਨਾ ਸੀ।

ਇਸ ਸਮਾਗਮ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਅਤੇ ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਦੀ ਮੌਜੂਦਗੀ ਰਹੀ, ਜਿਨ੍ਹਾਂ ਨੇ ਚਾਹਵਾਨ ਨਰਸਿੰਗ ਪੇਸ਼ੇਵਰਾਂ ਅਤੇ ਭਵਿੱਖ ਦੇ ਸਿਹਤ ਸੰਭਾਲ ਨੇਤਾਵਾਂ ਨੂੰ ਸਸ਼ਕਤ ਬਣਾਉਣ ਲਈ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ।

ਸੈਸ਼ਨ ਦੀ ਸ਼ੁਰੂਆਤ ਸਕੂਲ ਆਫ ਨਰਸਿੰਗ ਦੇ ਪ੍ਰਿੰਸੀਪਲ ਡਾ. ਲਵਸੰਪੂਰਨਜੋਤ ਕੌਰ ਅਤੇ ਵਿਭਾਗ ਦੇ ਮੁਖੀ ਡਾ. ਪ੍ਰਭਜੋਤ ਸਿੰਘ ਦੇ ਸਵਾਗਤ ਨਾਲ ਹੋਈ। ਇਸ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਸ਼ ?ਰੀਮਤੀ ਨਵਕਿਰਨ, ਜੋ ਕਿ ਇੱਕ ਮਸ਼ਹੂਰ ਕਰੀਅਰ ਕੋਚ ਅਤੇ ਪ੍ਰੇਰਕ ਸਪੀਕਰ ਸੀ, ਦੁਆਰਾ ਇੱਕ ਦਿਲਚਸਪ ਅਤੇ ਸੂਝਵਾਨ ਪੇਸ਼ਕਾਰੀ ਸੀ। ਉਸਨੇ (ਨੈਸ਼ਨਲ ਕੌਂਸਲ ਲਾਇਸੈਂਸ ਪ੍ਰੀਖਿਆ) ਅਤੇ (ਨਰਸਿੰਗ ਅਫਸਰ ਭਰਤੀ ਕਾਮਨ ਯੋਗਤਾ ਟੈਸਟ) ਵਰਗੀਆਂ ਚੁਣੌਤੀਪੂਰਨ ਨਰਸਿੰਗ ਪ੍ਰੀਖਿਆਵਾਂ ਨੂੰ ਪਾਸ ਕਰਨ ਲਈ ਵਿਹਾਰਕ ਰਣਨੀਤੀਆਂ ਨਾਲ ਹਾਜ਼ਰੀਨ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦਾ ਭਾਸ਼ਣ ਸਮਾਰਟ ਅਧਿਐਨ ਵਿਧੀਆਂ, ਪ੍ਰਭਾਵਸ਼ਾਲੀ ਸਮਾਂ ਪ੍ਰਬੰਧਨ ਅਤੇ ਮਾਨਸਿਕ ਲਚਕਤਾ ਬਣਾਉਣ 'ਤੇ ਕੇਂਦ੍ਰਿਤ ਸੀ।

ਬੀ.ਐਸਸੀ. ਨਰਸਿੰਗ ਅਤੇ ਜੀ.ਐਨ.ਐਮ. ਪ੍ਰੋਗਰਾਮਾਂ ਦੇ ਵਿਦਿਆਰਥੀਆਂ ਨੇ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

ਇਸ ਪ੍ਰੋਗਰਾਮ ਦਾ ਤਾਲਮੇਲ ਪ੍ਰੋ. ਰਵੀਦੀਪ ਕੌਰ, ਸੁਨੈਨਾ ਸ਼ਰਮਾ, ਭੁਪਿੰਦਰ ਕੌਰ ਅਤੇ ਲਵਪ੍ਰੀਤ ਕੌਰ ਦੁਆਰਾ ਕੀਤਾ ਗਿਆ ਸੀ, ਜਿਸ ਵਿੱਚ ਸਮਰਪਿਤ ਫੈਕਲਟੀ ਟੀਮ ਦੇ ਪੂਰੇ ਸਮਰਥਨ ਨਾਲ ਸੈਸ਼ਨ ਦੀ ਸਫਲਤਾ ਨੂੰ ਯਕੀਨੀ ਬਣਾਇਆ ਗਿਆ।

ਕੈਪਸ਼ਨ: ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਕਰੀਅਰ ਕੋਚ ਅਤੇ ਪ੍ਰੇਰਕ ਸਪੀਕਰ ਸ਼੍ਰੀਮਤੀ ਨਵਕਿਰਨ ਨੂੰ ਸਨਮਾਨਿਤ ਕਰਦੇ ਹੋਏ।


**ਉੱਤਰ ਰੇਲਵੇ**

**ਸੂਚਨਾ**

**ਐਕਸਟ੍ਰਾ ਮੰਡਲ ਰੇਲਵੇ ਹਸਪਤਾਲ ਉਤਰ ਰੇਲਵੇ ਜਗਾਧਰੀ ਵਰਕਸ਼ਾਪ ਵਿਚ ਪੂਰਨ ਕਾਲਿਕ ਆਧਾਰ ਉਤੇ ਕਾਂਟਰੈਕਟ ਤੇ ਕੰਮ ਕਰਨ ਲਈ ਸਾਧਾਰਨ ਕੰਮ ਮੇਡੀਕਲ ਅਧਿਕਾਰੀ ਦੀ ਨਿਯੁਕਤੀ ਦੇ ਲਈ ਵਾਕ ਇਨ ਇੰਟਰਵਿਊ। (ਇਕ ਸਾਲ ਦੇ ਲਈ ਕਾਂਟਰੈਕਟ)**

| | | |
|---|---|---|
| 1. | ਅਹੁਦੇ ਦਾ ਨਾਮ | ਪੂਰਨ ਕਾਲਿਕ ਕਾਂਟਰੈਕਟ ਮੈਡੀਕਲ ਪ੍ਰੈਕਿਟਸ਼ਨਰ (CMP) ਨਿਯੁਕਤੀ |
| 2. | ਕੁਲ ਅਹੁਦਿਆਂ ਦੀ ਗਿਣਤੀ | 01 (ਯੂਆਰ) |
| 3. | ਜਗ੍ਹਾ | ਐਕਸਟ੍ਰਾ ਮੰਡਲ ਰੇਲਵੇ ਹਸਪਤਾਲ ਉਤਰ ਰੇਲਵੇ ਜਗਾਧਰੀ ਵਰਕਸ਼ਾਪ |
| 4. | ਜਗ੍ਹਾ, ਮਿਤੀ, ਸਮਾਂ | ਚੀਫ ਮੈਡੀਕਲ ਸੁਪਰੰਟੈਂਡੰਟ ਉਤਰ ਰੇਲਵੇ ਜਗਾਧਰੀ ਵਰਕਸ਼ਾਪ। 24.06.2025 10:30 ਵਜੇ ਤੋਂ 12:30 ਵਜੇ ਤਕ |
| 5. | ਕੋਟਿ | ਸੀਐਪੀ |
| 6. | ਮਾਸਿਕ ਆਮਦਨ | 95,000/- |

ਨੰਬਰ 1/Med/CMP/Doctors/JUDW/2025 ਤਾਰੀਕ : 05.06.2025. 1692/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਵਰਕਸ਼ਾਪ ਇਲੈਕਟ੍ਰੀਕਲ ਇੰਜੀਨੀਅਰ (ਆਈ/ਸੀ) ਉਤਰ ਰੇਲਵੇ, ਜਗਾਧਰੀ ਵਰਕਸ਼ਾਪ, ਯਮੁਨਾ ਨਗਰ, ਹਰਿਆਣਾ-135002, ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਹੇਠਾਂ ਲਿਖਤ ਕੰਮ ਦੇ ਲਈ ਕੇਵਲ ਆਨਲਾਈਨ ਮੋਡ ਦੇ ਮਾਧਿਅਮ ਨਾਲ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ:-

| | | | |
|---|---|---|---|
| ਕੰਮ ਦਾ ਨਾਮ | 795 ਐਲਐਚਬੀ ਏਸੀ ਕੋਚਾਂ ਵਿਚ ਬੇਲੋ ਡਕਟ ਨੂੰ ਮੇਟਾ ਆਰਮਿਡ ਫੈਬ੍ਰਿਕ ਬੇਲੋਂ ਡਕਟ ਨਾਲ ਬਦਲਣਾ। | | |
| ਨਿਵਿਦਾ ਪ੍ਰਕਾਰ | ਖੁਲ੍ਹਾ | ਬੋਲੀ ਪ੍ਰਣਾਲੀ | ਸੈਕਿੰਡ ਪੈਕੇਟ ਸਿਸਟਮ |
| ਨਿਵਿਦਾ ਵਿਕਰੀ ਸਮਾਪਨ ਮਿਤੀ | 28.06.2025 ਸਵੇਰੇ 11.30 ਵਜੇ। | ਨਿਵਿਦਾ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 06.05.2025 16:32 ਵਜੇ |
| ਪੂਰਵ ਬੋਲੀ ਜਰੂਰੀ ਹੈ | ਨਹੀਂ | ਅੱਜ ਤਕ ਪ੍ਰੀ ਬਿਡ ਕਵੇਰੀ | ਨਹੀਂ |
| ਵਿਗਿਆਪਨ ਮੁੱਲ | ਰੁ. 18,16,97, 957.55/- ਸਾਰੇ ਕਰ ਜੀਐਸਟੀ ਆਦਿ ਸਮੇਤ | ਨਿਵਿਦਾ ਅਨੁਭਾਗ | ਨਿਵਿਦਾ 'ਤੇ ਕੰਮ/ ਬਿਜਲੀ ਸ਼ਾਖਾ ਜਗਾਧਰੀ ਕਾਰਜਸ਼ਾਲਾ। |
| ਅਗਾਊਂ ਧਨ | ਰੁ. 10,58, 500/- | ਆਫਰ ਦੀ ਵੈਲੇਡਿਟੀ | 90 ਦਿਨ |
| ਨਿਵਿਦਾ ਦਸਤਾਵੇਜ ਲਾਗਤ | Nil, ਅਪ੍ਰੈਲ 2022 ਦੇ ਭਾਗ-। ਖੰਡ ਸੰਖਿਆ 3 ਦੇ ਅਨੁਸਾਰ) | ਪੂਰਾ ਕਰਨ ਦੀ ਅਵਧੀ | 18 ਦਿਨ |
| ਬੋਲੀ ਸ਼ੁਰੂ ਮਿਤੀ | 14.06.2025 | ਬੋਲੀ ਸਮਾਪਨ ਮਿਤੀ | 28.06.2025 ਸਵੇਰੇ 11:30 ਵਜੇ। |
| ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | ਉਸ ਦੇ ਬਾਅਦ ਕਿਸੇ ਵੀ ਸਮੇਂ ਨਿਵਿਦਾ ਨੂੰ ਬੰਦ ਕੀਤਾ ਜਾ ਸਕਦਾ ਹੈ। ਨਿਵਿਦਾਤਾਵਾਂ ਨੂੰ ਉਦਘਾਟਨ ਦੇ ਦੌਰਾਨ ਮੌਜੂਦ ਰਹਿਣ ਦੀ ਜਰੂਰਤ ਨਹੀਂ ਹੈ। ਟੈਂਡਰ ਬੰਦ ਹੋਣ ਦੇ ਬਾਅਦ ਕਿਸੇ ਵੀ ਸਮੇਂ ਟੈਂਡਰ ਖੋਹਲਣ ਦਾ ਅਧਿਕਾਰ ਰੇਲਵੇ ਦੇ ਕੋਲ ਸੁਰੱਖਿਅਤ ਹੈ। | | |
| ਵੈਬਸਾਈਟ | www.ireps.gov.in 'ਤੇ ਜਾਓ। | | |

ਕ੍ਰਮਾਂਕ 56/ਡਬਲਯੂ/ਇਲੈਕਟ/24-25/ਟੀ/06/ਆਰ ਐਸ ਪਿ / ਮੇਟਾ ਆਮ੍ਰਿਦੇ 1691/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



SMFG Grihashakti
Nayi Asha. Naya Vishwas.

## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

**ਕਾਰਪੋਰੇਟ ਦਫਤਰ** : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਂਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051,
**ਰਜਿ. ਦਫ਼ਤਰ** : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਊਂਟ ਪੂਨਾਵਾਲਾ ਰੋਡ, ਪੋਰੂਰ, ਚੇਨੱਈ-600 116, ਟੀ.ਐਨ.

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ **''ਐਸਐਮਐਚਐਫਸੀ''** ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ **''ਐਸਐਮਐਚਐਫਸੀ''** ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 610138311125489<br>1. ਭੂਪਾਲ ਸਿੰਘ ਪੁੱਤਰ ਤਿਰਲੋਕ ਸਿੰਘ<br>2. ਚੰਦਰ ਮਹਿਰਾ ਪਤਨੀ ਭੂਪਾਲ ਸਿੰਘ | ਵਿਕਰੀ ਡੀਡ ਵਸੀਕਾ ਨੰਬਰ-2021-22/101/18568 ਮਿਤੀ 25-3-2022 ਦੇ ਅਧੀਨ ਚੰਦਰ ਮਹਿਰਾ ਪਤਨੀ ਭੂਪਾਲ ਸਿੰਘ ਅਤੇ ਭੂਪਾਲ ਸਿੰਘ ਪੁੱਤਰ ਤਿਰਲੋਕ ਸਿੰਘ ਦੇ ਨਾਮ 'ਤੇ 110 ਵਰਗ ਗਜ਼ ਦੇ ਆਕਾਰ ਦੇ ਇਸ ਜਾਇਦਾਦ ਦੇ ਸਾਰੇ ਟੁਕੜੇ ਅਤੇ ਪਾਰਸਲ, ਜੋ ਕਿ ਖਸਰਾ ਨੰਬਰ-17//2/2, 3/2, 4/2, 6,7,8,9, 12/1, 13, 14, 15, 18//10/2, ਖਾਤਾ ਨੰਬਰ-120/123, ਸਾਲ 2013-14 ਲਈ ਜਮ੍ਹਾਂਬੰਦੀ, ਮਕਾਨ ਨੰਬਰ-103, ਪਿੰਡ-ਬਲੋਕੇ, ਆਬਾਦੀ ਬਚਨ ਸਿੰਘ ਨਗਰ, ਗ੍ਰੀਨ ਵੈਲੀ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿੱਚ ਸ਼ਾਮਲ । ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ-ਪਲਾਟ ਨੰ. 9 ਭੁਪੇਸ਼ ਬਾਂਸਲ, ਪੱਛਮੀ-ਪਲਾਟ ਨੰ. 7, ਉੱਤਰੀ-ਰੋਡ, ਦੱਖਣੀ-ਪਲਾਟ ਨੰ. 2। | 26.02.2025<br>Rs. 14,78370.72<br>(ਰੁਪਏ ਚੋਦਾਂ ਲੱਖ ਅਠੱਤਰ ਹਜ਼ਾਰ ਤਿੰਨ ਸੌ ਸੱਤਰ ਅਤੇ ਬਹੱਤਰ ਪੈਸੇ ਕੇਵਲ) 13.02.2025 ਦੇ ਅਨੁਸਾਰ | 05.06.2025 |
| 2 | LAN :- 610239511456630<br>1. ਗੁਰਦੀਪ ਕੁਮਾਰ ਪੁੱਤਰ ਮੋਹਨ ਲਾਲ<br>2. ਗੁਰਪ੍ਰੀਤ ਸਿੰਘ ਪੁੱਤਰ ਮੋਹਨ ਲਾਲ<br>3. ਪਰਮਜੀਤ ਕੌਰ ਪਤਨੀ ਮੋਹਨ ਲਾਲ | ਟਰਾਂਸਫਰ ਡੀਡ ਬੇਅਰਿੰਗ ਵਸੀਕਾ ਨੰਬਰ-2023-24/124/1/864 ਮਿਤੀ 2-8-2023 ਅਨੁਸਾਰ ਪਰਮਜੀਤ ਕੌਰ ਪਤਨੀ ਮੋਹਨ ਲਾਲ ਦੇ ਨਾਮ 'ਤੇ ਦਰਜ ਖੇਵਟ/ਖਤੌਣੀ ਨੰਬਰ-622/949, 950, ਖਸਰਾ ਨੰਬਰ-1476/6-5, 1469/1/0-12, 1470/3-13, 1471/1/2-0, ਕਿਤੇ-4 ਵਿੱਚ ਸ਼ਾਮਲ ਜਾਇਦਾਦ ਦੇ ਸਾਰੇ ਟੁਕੜੇ ਅਤੇ ਪਾਰਸਲ, ਕੁੱਲ ਰਕਬਾ 12 ਵਿੱਘਾ 10 ਬਿਸਵੇ, ਜਿਸ ਵਿੱਚੋਂ 4/250 ਹਿੱਸਾ ਭਾਵ 0-4 ਬਿਸਵੇ, ਪਿੰਡ- ਭੱਟੀਵਾਲ ਕਲਾਂ, ਤਹਿਸੀਲ-ਭਵਾਨੀਗੜ੍ਹ, ਜ਼ਿਲ੍ਹਾ-ਸੰਗਰੂਰ ਵਿਖੇ ਸਥਿਤੈ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬੀ-ਗਲੀ, ਪੱਛਮ-ਰਾਜ ਕੁਮਾਰ, ਉੱਤਰੀ-ਗਲੀ, ਦੱਖਣ-ਨਜ਼ਰ ਸਿੰਘ | 17.03.2025<br>Rs. 22,57,935.52<br>(ਰੁਪਏ ਬਾਈ ਲੱਖ ਸਤਵੰਜਾ ਹਜ਼ਾਰ ਨੌਂ ਸੌ ਪੈਂਤੀ ਅਤੇ ਬਵੰਜਾ ਪੈਸੇ ਕੇਵਲ) 13.03.2025 ਦੇ ਅਨੁਸਾਰ | 05.06.2025 |
| 3 | LAN :- 609939511448006<br>1. ਗੁਰਪ੍ਰੀਤ ਕੌਰ ਪਤਨੀ ਚਮਕੌਰ ਸਿੰਘ<br>2. ਚਮਕੌਰ ਸਿੰਘ ਪੁੱਤਰ ਬਖਸ਼ੀਸ਼ ਸਿੰਘ<br>3. ਗੁਰਵੀਰ ਸਿੰਘ ਪੁੱਤਰ ਚਮਕੌਰ ਸਿੰਘ | ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ 01 ਕਨਾਲ 14 ਮਰਲੇ, ਜਿਸ ਵਿੱਚ ਖਸਰਾ ਨੰਬਰ-896(1-14), ਗੈਰ ਮੁਮਕਿਨ, ਖੇਵਟ ਨੰਬਰ-667, ਖਤੌਣੀ ਨੰਬਰ-1288, ਸਾਲ 2012-13 ਲਈ ਜਮ ?ਹਾਂਬੰਦੀ ਸ਼ਾਮਲ ਹੈ, ਪਿੰਡ- ਕੋਠੇ ਚੇਤ ਸਿੰਘ ਵਾਲਾ (ਅਬਲੂ-2), ਤਹਿਸੀਲ ਅਤੇ ਜ਼ਿਲ੍ਹਾ-ਭਟਿੰਡਾ ਵਿਖੇ ਸਥਿਤ ਵਿਕਰੀ ਡੀਡ ਅਨੁਸਾਰ ਵਸਿਕਾ ਨੰਬਰ-6465 ਮਿਤੀ 5-1-2015 ਚਮਕੌਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਦੇ ਨਾਮ 'ਤੇ ਦਰਜ ਹੈ ਅਤੇ ਜਾਇਦਾਦ ਦਾ ਮਾਪ 0 ਕਨਾਲ 10 ਮਰਲੇ, ਜਿਸ ਵਿੱਚ ਖਸਰਾ ਨੰਬਰ-186//8(9-13), 244//26(2-16), 1260(1-16), 186//9 ਮਿਨ(5-13), 12 ਮਿਨ(4-8), 235//7 ਮਿਨ (2-9), 13(7-18), 245//12(4-9), 13/2/1(3-0), 18 ਮਿਨ(5-4), 19(5-8), 17/1(0-4), 18 ਮਿਨ(2-16), 186//12 ਮਿਨ(1-12), 19-12), 19-12, 19-12 ਮਿਨ(23), ਘੱਟੋ-ਘੱਟ(1-17), 10 ਮਿਨ(3-14), 11 ਮਿਨ(3-4), 21(3-4), 22(1-12), 196//2 ਮਿੰਟ(3-4), 3/1(1-12), 8/2(1-12), 9 ਮਿਨ(3-4), 12 ਮਿਨ(2-19), 73/13, 13/13 ਮਿਨ(1-13), 14(8-0), 15/1 ਮਿਨ(0-14), 245//6(7-12), 7/1 ਮਿਨ(2-0), 186//9 ਮਿਨ(1-19), 12 ਮਿਨ(2-0), 13(8-0), 18/2(1-0), 19 ਮਿਨ(6-8), 22 ਮਿਨ(6-8), 210), 196//3/1(0-4), 8/2 ਮਿਨ(0-4), 13/1 ਮਿਨ(0-4), 186//10 ਮਿਨ(5-8), 11 ਮਿਨ(4-16), 20 ਮਿਨ(4-16), 21 ਮਿਨ(4-16), 196//2(4-16), 9 ਮਿੰਟ(4-26), 9 ਮਿਨ(4/16), ਘੱਟੋ-ਘੱਟ(3-1), 15/1 ਮਿਨ(0-13), 15/2(6-13), 245//7/1 ਮਿਨ(1-0), 191//22/1(0-10), 234//1 ਮਿਨ(3-8), 10(8-0), 235//6 ਮਿਨ (3-12), 245//14/1(4-0), 14/10), 196//3/2(6-4), 8/1(6-4), 13/2(5-10), 245//7/2(5-0), 13/2/2(1-4), 14/2/1(3-0), 186//8/1 ਮਿਨ(7-0), 23/2 ਮਿਨ(7-89), ਖਤੌਣੀ ਨੰਬਰ-1725 ਤੋਂ 1740, ਸਾਲ ਲਈ ਜਮ੍ਹਾਂਬੰਦੀ 2017-18, ਕਿੱਤੇ 73 ਕੁੱਲ 272 ਕਨਾਲ 09 ਮਰਲੇ ਕਾ 10/5449 ਹਿੱਸਾ, ਪਿੰਡ-ਅਬਲੂ-2, ਤਹਿਸੀਲ ਅਤੇ ਜ਼ਿਲ੍ਹਾ-ਬਠਿੰਡਾ ਵਿਖੇ ਸਥਿਤ ਟਰਾਂਸਫਰ ਡੀਡ ਵਸੀਕਾ ਨੰ-2023-24/23/1/3819 ਮਿਤੀ 28-6-2023 ਅਨੁਸਾਰ ਚਮਕੌਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਦੇ ਨਾਮ ਦਰਜ ਹੈ ਜਿਸਦੀ ਹੱਦਬੰਦੀ ਹੇਠ ਅਨੁਸਾਰ ਹੈ:-ਪੂਰਬੀ-ਬਲਜਿੰਦਰ ਸਿੰਘ ਦਾ ਘਰ 55' ਬਾਹਰ ਮੋੜ 18'+92', ਪੱਛਮੀ-ਖਾਲੀ ਪਲਾਟ 43' ਅੰਦਰ ਮੋੜ 68'+ ਗਲੀ 13 ਫੁੱਟ ਚੌੜੀ ਅਤੇ ਕਰਨੈਲ ਸਿੰਘ ਦਾ ਘਰ 93' ਅਤੇ ਬਾਹਰ ਮੋੜ 4'6"+15', ਉੱਤਰ- ਅਵਤਾਰ ਸਿੰਘ ਦਾ ਘਰ 120', ਦੱਖਣ-ਸੁਖਮੰਡੇ ਸਿੰਘ ਦਾ ਘਰ 44'6"+41'। | 28.02.2025<br>Rs. 15,57,020.65<br>(ਰੁਪਏ ਪੰਦਰਾਂ ਲੱਖ ਸਤਵੰਜਾ ਹਜ਼ਾਰ ਵੀਹ ਅਤੇ ਪੈਂਹਠ ਪੈਸੇ ਕੇਵਲ) 13.03.2025 ਦੇ ਅਨੁਸਾਰ | 03.06.2025 |
| 4 | LAN :- 610139511073477<br>1. ਹਰਦੀਪ ਸਿੰਘ ਪੁੱਤਰ ਹਰਜਿੰਦਰ ਸਿੰਘ<br>2. ਅਮਰਜੀਤ ਕੌਰ ਪਤਨੀ ਹਰਜਿੰਦਰ ਸਿੰਘ | ਟਰਾਂਸਫਰ ਡੀਡ ਬੇਅਰਿੰਗ ਵਸੀਕਾ ਨੰਬਰ-2021-22/133/1/565 ਮਿਤੀ 13-10-2021 ਅਨੁਸਾਰ ਹਰਦੀਪ ਸਿੰਘ ਪੁੱਤਰ ਹਰਜਿੰਦਰ ਸਿੰਘ ਦੇ ਨਾਮ 'ਤੇ ਦਰਜਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ 0ਬੀ-5ਬੀ-4ਬੀ (260 ਵਰਗ ਗਜ਼) ਕੁੱਲ 1 ਬੀਘਾ 5 ਬਿਸਵਾ ਜ਼ਮੀਨ ਦਾ 5/24 ਹਿੱਸਾ ਹੈ ਜੋ ਕਿ ਖਸਰਾ ਨੰਬਰ-1968/1-5, ਕਿਤਾ-1, ਖੇਵਟ ਨੰਬਰ-81/68, ਖਤੌਣੀ ਨੰਬਰ-84, ਜਮ੍ਹਾਂਬੰਦੀ ਵਿੱਚ ਸਾਲ 2017-18 ਲਈ, ਪਿੰਡ-ਅਮਰਗੜ੍ਹ, ਤਹਿਸੀਲ-ਮਲੇਰਕੋਟਲਾ ਵਿੱਚ ਸ਼ਾਮਲੈ । ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ-ਜਗਦੀਪ ਸਿੰਘ ਅਤੇ ਗਲੀ 9 ਫੁੱਟ ਚੌੜੀ ਸਾਂਝੀ ਕੰਧ+ਗੁਰਦੀਪ ਸਿੰਘ+ਲਖਵੀਰ ਸਿੰਘ 29'-3"+21'-03"+5'-05", ਪੱਛਮੀ-ਸਾਂਝੀ ਕੰਧ ਰਘਵੀਰ ਸਿੰਘ+ਪਵਿੱਤਰ ਸਿੰਘ 23'-04"+32'-07", ਉੱਤਰ-ਲਖਵੀਰ ਸਿੰਘ 22'-03"+ 25'-00", ਦੱਖਣ-ਜਸਵਿੰਦਰ ਸਿੰਘ-31'-07"+ਰਘਵੀਰ ਸਿੰਘ-22'-02"। | 26.02.2025<br>Rs. 40,76,953.63<br>(ਰੁਪਏ ਚਾਲੀ ਲੱਖ ਛਿਹੱਤਰ ਹਜ਼ਾਰ ਨੌਂ ਸੌ ਤਰਵੰਜਾ ਅਤੇ ਤਰੇਹਠ ਪੈਸੇ ਕੇਵਲ) 13.02.2025 ਦੇ ਅਨੁਸਾਰ | 05.06.2025 |
| 5 | LAN :- 609939511110769<br>1. ਜਰਨੈਲ ਸਿੰਘ ਪੁੱਤਰ ਘੀਲਾ ਸਿੰਘ<br>2. ਕਸ਼ਮੀਰ ਕੌਰ ਪਤਨੀ ਜਰਨੈਲ ਸਿੰਘ | ਵਿਕਰੀ ਡੀਡ ਵਸੀਕਾ ਦੇ ਅਨੁਸਾਰ ਨੰਬਰ-1391 ਮਿਤੀ 8-2-2006 ਜਰਨੈਲ ਸਿੰਘ ਪੁੱਤਰ ਘੀਲਾ ਸਿੰਘ ਦੇ ਨਾਮ 'ਤੇ ਦਰਜ ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ 01 ਕਨਾਲ 10 ਮਰਲੇ ਜੋ ਕਿ 03 ਕਨਾਲ 01 ਮਰਲੇ ਜ਼ਮੀਨ ਦਾ 1/2 ਹਿੱਸਾ ਹੈ, ਖਸਰਾ ਨੰਬਰ-1330(3-1), ਖੇਵਟ ਨੰਬਰ-839 ਵਿੱਚ ਸ਼ਾਮਲ ਹੈ, ਕੋਟਲੀ ਅਬਲੂ, ਤਹਿਸੀਲ-ਗਿੱਦੜਬਾਹਾ, ਜ਼ਿਲ੍ਹਾ-ਮੁਕਤਸਰ ਸਾਹਿਬ ਵਿਖੇ ਸਥਿਤ । ਹੱਦਬੰਦੀ ਇਸ ਪ੍ਰਕਾਰ ਹੈ:- ਪੂਰਬੀ-ਗਲੀ 69'-5", ਪੱਛਮੀ-ਧਰਮਸ਼ਾਲਾ 63', ਉੱਤਰ-ਮੰਗਾ ਸਿੰਘ ਦਾ ਘਰ 120', ਦੱਖਣੀ-ਮਕਾਨ ਸੁਖਮੰਦਰ ਸਿੰਘ 64'-5" | 26.02.2025<br>Rs. 18,47,385.62<br>(ਰੁਪਏ ਅਠਾਰਾਂ ਲੱਖ ਸੰਤਾਲੀ ਹਜ਼ਾਰ ਤਿੰਨ ਸੌ ਪਚਾਸੀ ਅਤੇ ਬਾਹਠ ਪੈਸੇ ਕੇਵਲ) 13.02.2025 ਦੇ ਅਨੁਸਾਰ | 03.06.2025 |
| 6 | LAN :- 610139211344124<br>1. ਕਰਮਜੀਤ ਰਿਤੇਸ਼ ਕੁਮਾਰ, ਪਤਨੀ ਰਿਤੇਸ਼ ਕੁਮਾਰ,<br>2. ਰਿਤੇਸ਼ ਕੁਮਾਰ ਪੁੱਤਰ ਵਤਨ ਸਿੰਘ | ਵਿਕਰੀ ਡੀਡ ਵਸੀਕਾ ਨੰਬਰ-2022-23/101/115494 ਮਿਤੀ 29-3-2023 ਅਨੁਸਾਰ ਕਰਮਜੀਤ ਪਤਨੀ ਰਿਤੇਸ਼ ਕੁਮਾਰ ਦੇ ਨਾਮ 'ਤੇ ਦਰਜ 228-1/2 ਵਰਗ ਗਜ਼ ਦੀ ਜਾਇਦਾਦ ਦਾ ਸਾਰੇ ਭਾਗ ਅਤੇ ਹਿੱਸੇ, ਖਸਰਾ ਨੰਬਰ-1474/660, 657, 1473/659, 638,656, 1490/737/1, ਖਾਤਾ ਨੰਬਰ-712/759, 715/762, 719/766, 723/770, ਸਾਲ 2012-13 ਲਈ ਜਮ੍ਹਾਂਬੰਦੀ, ਮਕਾਨ ਨੰਬਰ-156, ਪਿੰਡ-ਥਰੀਕੇ, ਆਬਾਦੀ ਬਜਾਜ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿੱਚ ਸ਼ਾਮਲ ਹੈ। ਹੇਠ ਲਿਖੇ ਅਨੁਸਾਰ ਘਿਰਿਆ ਹੋਇਆ:-ਪੂਰਬ-ਮੁੰਨੀ, ਪੱਛਮੀ-ਖੇਤੀ ਭੂਮੀ, ਉੱਤਰ-ਗੁਆਂਢੀ, ਦੱਖਣੀ-ਸੜਕ | 26.02.2025<br>Rs. 31,28,111.82<br>(ਰੁਪਏ ਇਕੱਤੀ ਲੱਖ ਅਠਾਈ ਹਜ਼ਾਰ ਇਕ ਸੌ ਗਿਆਰਾਂ ਅਤੇ ਬਿਆਸੀ ਪੈਸੇ ਕੇਵਲ) 13.02.2025 ਦੇ ਅਨੁਸਾਰ | 05.06.2025 |
| 7 | LAN :- 610139511350954<br>1. ਮਦਨ ਮਿਸ਼ਰਾ, ਮਾਰਫਤ ਜਗਦੀਸ਼ ਮਿਸ਼ਰਾ<br>2. ਮਨੀਸ਼ ਕੁਮਾਰ ਮਿਸ਼ਰਾ ਪੁੱਤਰ ਮਦਨ ਮਿਸ਼ਰਾ<br>3. ਰੰਜਨ ਦੇਵੀ ਪਤਨੀ ਮਦਨ ਮਿਸ਼ਰਾ | ਵਿਕਰੀ ਡੀਡ ਵਸੀਕਾ ਨੰਬਰ-2018-19/106/1/12153 ਮਿਤੀ 4-2-2019 ਅਤੇ ਸੋਧ ਡੀਡ ਵਸੀਕਾ ਨੰਬਰ-2019-20/106/1/16842 ਮਿਤੀ 23-10-2019 ਅਨੁਸਾਰ ਰੰਜਨ ਦੇਵੀ ਪਤਨੀ ਮਦਨ ਮਿਸ਼ਰਾ ਦੇ ਨਾਮ 'ਤੇ ਦਰਜ ਜਾਇਦਾਦ ਦਾ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਪਲਾਟ ਨੰਬਰ-44 ਘੱਟੋ-ਘੱਟ-45 ਮਿਨ, ਮਾਪ 72 ਵਰਗ ਗਜ਼, ਖਸਰਾ ਨੰਬਰ-30//4/2-7-6/2, ਖਾਤਾ ਨੰਬਰ-315/348-349, ਪੰਨਾ ਨੰਬਰ-702, ਜਮ੍ਹਾਂਬੰਦੀ ਸਾਲ 2008-2009 ਲਈ, ਪਿੰਡ-ਭਾਮੀਆਂ ਕਲਾਂ, ਹਿਮਾਲਿਆ ਨੰਬਰ-181, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ । ਹੇਠ ਲਿਖੇ ਅਨੁਸਾਰ ਘਿਰਿਆ ਹੋਇਆ:-ਪੂਰਬ-ਗੁਆਂਢੀ, ਪੱਛਮੀ-ਗਲੀ, ਉੱਤਰ-ਗੁਆਂਢੀ, ਦੱਖਣੀ-ਗੁਆਂਢੀ। | 17.03.2025<br>Rs. 11,10,170.73<br>(ਰੁਪਏ ਗਿਆਰਾਂ ਲੱਖ ਦਸ ਹਜ਼ਾਰ ਇਕ ਸੌ ਸੱਤਰ ਅਤੇ ਤਿਹੱਤਰ ਪੈਸੇ ਕੇਵਲ) 13.03.2025 ਦੇ ਅਨੁਸਾਰ | 05.06.2025 |
| 8 | LAN :- 610139511763571<br>1. ਮੰਜੂ ਕਵਾਤਰਾ (ਸਹਿ-ਕਰਜ਼ਦਾਰ) (ਮ੍ਰਿਤਕ ਪਵਨ ਕੁਮਾਰ ਦੇ ਕਾਨੂੰਨੀ ਵਾਰਸ ਰਾਹੀਂ)<br>2. ਅਮਨ ਕਵਾਤਰਾ (ਮ੍ਰਿਤਕ ਪਵਨ ਕੁਮਾਰ ਦੇ ਕਾਨੂੰਨੀ ਵਾਰਸ ਰਾਹੀਂ)<br>3. ਅਭਿਸ਼ੇਕ ਕਵਾਤਰਾ (ਮ੍ਰਿਤਕ ਪਵਨ ਕੁਮਾਰ ਦੇ ਕਾਨੂੰਨੀ ਵਾਰਸ ਰਾਹੀਂ)<br>4. ਸ਼ਵੇਤਾ, (ਮ੍ਰਿਤਕ ਪਵਨ ਕੁਮਾਰ ਦੇ ਕਾਨੂੰਨੀ ਵਾਰਸ ਰਾਹੀਂ) | ਵਿਕਰੀ ਡੀਡ ਵਸੀਕਾ ਨੰਬਰ-12285 ਮਿਤੀ 29-1-2002 ਅਨੁਸਾਰ ਪਵਨ ਕੁਮਾਰ ਪੁੱਤਰ ਹਰਗੋਪਾਲ ਲਾਲ ਦੇ ਨਾਮ 'ਤੇ ਦਰਜ ਪਲਾਟ ਨੰਬਰ-17, ਮਾਪ 105-1/2 ਵਰਗ ਗਜ਼ ਹੈ, ਖਸਰਾ ਨੰਬਰ-2585/196, 2586/196, 197, 198, 199, 207, 208, 200, 201, 202, 203, 204, 206, ਖਾਤਾ ਨੰਬਰ-263/280, 273/290, 274/291, ਸਾਲ 1999-2000 ਲਈ ਜਮ੍ਹਾਂਬੰਦੀ, ਮਕਾਨ ਨੰ.-164, ਨਿਊ ਕੁੰਦਨ ਪੁਰੀ, ਪਿੰਡ-ਮਹਿਲ ਬਗਾਤ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੇਠ ਲਿਖੇ ਅਨੁਸਾਰ ਘਿਰਿਆ ਹੋਇਆ:- ਪੂਰਬ-ਗਲੀ, ਪੱਛਮ-ਗੁਆਂਢੀ, ਉੱਤਰ-ਤਰਸੇਮ ਲਾਲ, ਦੱਖਣ-ਪ੍ਰੇਮ ਕੁਮਾਰ। | 19.03.2025<br>Rs. 28,40,448.88<br>(ਰੁਪਏ ਅਠਾਈ ਲੱਖ ਚਾਲੀ ਹਜ਼ਾਰ ਚਾਰ ਸੌ ਅਠਤਾਲੀ ਅਤੇ ਅਠਾਸੀ ਪੈਸੇ ਕੇਵਲ) 13.03.2025 ਦੇ ਅਨੁਸਾਰ | 05.06.2025 |
| 9 | LAN :- 609939211457965<br>1. ਗੁਰਤੇਜ ਸਿੰਘ ਪੁੱਤਰ ਸੁਖਦੇਵ ਸਿੰਘ<br>2. ਮਹਿਕਦੀਪ ਕੌਰ, ਪਤਨੀ ਗੁਰਤੇਜ ਸਿੰਘ | ਵਸੀਕਾ ਨੰ: 2020-21/23/332-332-332-332-2020 ਦੀ ਵਿਕਰੀ ਡੀਡ ਅਨੁਸਾਰ 3-10-2023 ਮਹਿਕਦੀਪ ਕੌਰ ਪਤਨੀ ਗੁਰਤੇਜ ਸਿੰਘ ਦੇ ਨਾਮ ਦਰਜ 4 ਮਰਲੇ ਦੀ ਜਾਇਦਾਦ ਦੇ ਸਾਰੇ ਹਿੱਸੇ ਅਤੇ ਪਾਰਸਲ ਕੁੱਲ ਜ਼ਮੀਨ ਦਾ 2/245 ਹਿੱਸਾ 24 ਕਨਾਲ 10 ਮਰਲੇ, ਜਿਸ ਵਿੱਚ ਖੇਵਟ ਨੰ-926, ਖਤੌਨੀ ਨੰ-1299 ਤੋਂ 1301, ਮੁਸਤਿਲ ਨੰ-147, ਕਿਲਾ ਨੰ-27/9 ਮਿਨ (0-10/972), ਮਿਨ (23-12), 82 ਨੰ-54, ਸਾਲ 2020-21 ਲਈ ਜਮ੍ਹਾਂਬੰਦੀ, ਪਿੰਡ-ਸ਼੍ਰੀ ਮੁਕਤਸਰ ਸਾਹਿਬ-1, ਅਬਾਦੀ ਗੁਰੂ ਨਾਨਕ ਬਸਤੀ, ਗਲੀ ਨੰ-6, ਜਲਾਲਾਬਾਦ ਰੋਡ, ਮੁਕਤਸਰ ਸਾਹਿਬ-1, ਤਹਿਸੀਲ ਅਤੇ ਜ਼ਿਲ੍ਹਾ-ਸ਼੍ਰੀ ਮੁਕਤਸਰ ਸਾਹਿਬ ਵਿਖੇ ਸਿਥਤ। ਹੇਠ ਲਿਖੇ ਅਨੁਸਾਰ ਘੇਰਿਆ ਹੋਇਆ ਹੈ: - ਪੂਰਬ-ਗਲੀ, ਪੱਛਮ-ਰਿਹਾਇਸ਼ੀ ਘਰ, ਉੱਤਰ-ਸੁਰਿੰਦਰਪਾਲ, ਦੱਖਣ-ਸੁਰਿੰਦਰਪਾਲ। | 24.12.2024<br>Rs. 12,61,352.26<br>(ਰੁਪਏ ਬਾਰਾਂ ਲੱਖ ਇਕਾਹਠ ਹਜ਼ਾਰ ਤਿੰਨ ਸੌ ਬਵੰਜਾ ਅਤੇ ਛੱਬੀ ਪੈਸੇ ਕੇਵਲ) 19.12.2024 ਦੇ ਅਨੁਸਾਰ | 05.06.2025 |
| 10 | LAN :- 610139211579583<br>1. ਰਾਜਾ ਸ਼ਾਹ<br>2. ਨਿਸ਼ਾ ਸ਼ਰਮਾ | ਵਿਕਰੀ ਡੀਡ ਵਸੀਕਾ ਨੰ-2023-24/106/1/24225 ਮਿਤੀ 22-1-2024 ਨਿਸ਼ਾ ਸ਼ਰਮਾ ਪਤਨੀ ਰਾਜਾ ਸ਼ਾਹ ਦੇ ਨਾਮ 'ਤੇ ਦਰਜ ਪਲਾਟ ਨੰ-98-ਏ ਘੱਟੋ-ਘੱਟ, 75 ਵਰਗ ਗਜ਼ ਮਾਪਿਆ ਜਾਂਦਾ ਹੈ, ਖਸਰਾ ਨੰ-15//21/2, 20//1/1, 1/2-2-8/2-9-10-11-12/1-12/2-12/3-13-18-19-20-21-22/1-22/2-23/1-23/2-21//15-16-25-27//5/1-5/2-16/1-25/2-28//1/1/1-1/1/2-2/2-3/1-3/2-8/1-8/2/1-8/2/2-9/1/1-9/1/2-10/2-12/1/2-13/2/2, ਖਾਤਾ ਨੰ-320/321, ਸਾਲ 2006-07 ਲਈ ਜਮ੍ਹਾਂਬੰਦੀ, ਮਕਾਨ ਨੰ-178, ਪਿੰਡ-ਕੁੱਲੀਆਂਵਾਲ, ਅਬਾਦੀ ਸਟਾਰ ਸਿਟੀ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ:-ਪੂਰਬੀ-ਗਲੀ, ਪੱਛਮੀ-ਗੁਆਂਢ, ਉੱਤਰ-ਖੁੱਲ੍ਹਾ ਪਲਾਟ, ਦੱਖਣ-ਸਿਮਰਨ ਵਰਮਾ। | 17.03.2025<br>Rs. 18,08,019.05<br>(ਰੁਪਏ ਅਠਾਰਾਂ ਲੱਖ ਅੱਠ ਹਜ਼ਾਰ ਉਨੀ ਅਤੇ ਪੰਜ ਪੈਸੇ ਕੇਵਲ) 13.03.2025 ਦੇ ਅਨੁਸਾਰ | 04.06.2025 |
| 11 | LAN :- 610038011292257<br>1. ਰਜਤ ਰਾਕੇਸ਼ ਕੁਮਾਰ ਪੁੱਤਰ ਰਾਕੇਸ਼ ਕੁਮਾਰ<br>2. ਪਾਰਸ ਰਾਕੇਸ਼ ਕੁਮਾਰ ਪੁੱਤਰ ਰਾਕੇਸ਼ ਕੁਮਾਰ | ਵਿਕਰੀ ਡੀਡ ਵਾਲੇ ਵਸੀਕਾ ਨੰਬਰ-2022-23/187/1/8129 ਮਿਤੀ 13-1-2023 ਅਨੁਸਾਰ ਰਜਤ ਅਤੇ ਪਾਰਸ ਦੋਵਾਂ ਪੁੱਤਰ ਰਾਕੇਸ਼ ਕੁਮਾਰ ਦੇ ਨਾਮ 'ਤੇ ਦਰਜ ਜਾਇਦਾਦ ਵਾਲੇ ਮਕਾਨ ਨੰਬਰ-3, ਮਾਪ 02 ਮਰਲੇ 65 ਵਰਗ ਫੁੱਟ 06 ਇੰਚ, ਦਾ ਸਾਰਾ ਟੁਕੜਾ ਅਤੇ ਪਾਰਸਲ, ਖਸਰਾ ਨੰਬਰ-228/2, 228/4, 1318/229, 1578/230, 1579/230, 1580/230/1, 231/1, 232, 233/2 ਵਿੱਚ ਸ਼ਾਮਲ ਹੈ, ਜੋ ਕਿ ਅਬਾਦੀ ਥਿੰਦ ਐਨਕਲੇਵ, ਕਾਲਾ ਸੰਘਿਆ ਰੋਡ, ਬਸਤੀ ਦਾਨਿਸ਼ਮੰਦਾ, ਤਹਿਸੀਲ ਅਤੇ ਜ਼ਿਲ੍ਹਾ-ਜਲੰਧਰ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ-ਮਾਊਸ ਨੰਬਰ 31, ਪੱਛਮੀ-ਪਲਾਟ ਨੰਬਰ 21, ਉੱਤਰੀ-ਸੜਕ, ਦੱਖਣੀ-ਦਰਸ਼ਨ ਲਾਲ। | 26.02.2025<br>Rs. 16,08,937.04<br>(ਰੁਪਏ ਸੋਲਾਂ ਲੱਖ ਅੱਠ ਹਜ਼ਾਰ ਨੌਂ ਸੌ ਸੈਂਤੀ ਅਤੇ ਚਾਰ ਪੈਸੇ ਕੇਵਲ) 13.03.2025 ਦੇ ਅਨੁਸਾਰ | 05.06.2025 |
| 12 | LAN :- 615339511625073<br>1. ਜਸਵਿੰਦਰ ਸਿੰਘ, ਪੁੱਤਰ ਗੋਰਾ ਸਿੰਘ<br>2. ਗੋਰਾ ਸਿੰਘ ਪੁੱਤਰ ਪਾਲਾ ਸਿੰਘ<br>3. ਪਰਮਜੀਤ ਕੌਰ ਪਤਨੀ ਗੋਰਾ ਸਿੰਘ | ਵਿਕਰੀ ਡੀਡ ਬੇਅਰਿੰਗ ਵਸੀਕਾ ਨੰ-4305 ਮਿਤੀ 31-3-2011 ਅਨੁਸਾਰ ਗੋਰਾ ਸਿੰਘ ਪੁੱਤਰ ਪਾਲਾ ਸਿੰਘ ਦੇ ਨਾਮ ਤੇ ਦਰਜ 0 ਕਨਾਲ 5 ਮਰਲੇ, ਕੁੱਲ ਜ਼ਮੀਨ 132 ਕਨਾਲ 3 ਮਰਲੇ ਦਾ 5-1/2/2643 ਹਿੱਸਾ, ਜਿਸ ਵਿੱਚ ਖਸਰਾ ਨੰਬਰ-20//16(8-0), 181//7/2(2-18), 245//23(8-0), 250//1(8-0), 2(8-0), 3(8-0), 8/2(5-2), 9/1(0-2), 9/3(4-0), 12/2(7-18), 13/2(6-18), 18/1(2-9), 19(9-0), 33//5/1(1-16), 34//1/2(6-8), 2(2-4), 20//18/1/2(0-9), 33//4/2(2-8), 245//22(8-0), 250//18/2(5-11), 20//14/1(4-0), 14/2(4-0), 19//21(7-11), 20//17/1(3-6), 17/2/2(0-7), 17/2/1(4-7), 18/1/1(4-9), ਖੇਵਟ ਨੰ-66, ਜਮ੍ਹਾਂਬੰਦੀ ਸਾਲ 2008-2009 ਲਈ, ਭਲੂਰ-1, ਤਹਿਸੀਲ-ਬਾਘਾਪੁਰਾਣਾ, ਜ਼ਿਲ੍ਹਾ-ਮੋਗਾ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੇਠ ਲਿਖੇ ਅਨੁਸਾਰ ਹੱਦਬੰਦੀ:-ਪੂਰਬ-ਮੱਖਣ ਸਿੰਘ, ਪੱਛਮ-ਨਛੱਤਰ ਸਿੰਘ, ਉੱਤਰੀ-ਗਲੀ, ਦੱਖਣ-ਗੁਰਬਚਨ ਸਿੰਘ। | 17.03.2025<br>Rs. 7,51,914.87<br>(ਰੁਪਏ ਸੱਤ ਲੱਖ ਇਕਵੰਜਾ ਹਜ਼ਾਰ ਨੌਂ ਸੌ ਚੌਦਾਂ ਅਤੇ ਸਤਾਸੀ ਪੈਸੇ ਕੇਵਲ) 13.03.2025 ਦੇ ਅਨੁਸਾਰ | 06.06.2025 |

ਸਥਾਨ: ਲੁਧਿਆਣਾ, ਸੰਗਰੂਰ, ਬਠਿੰਡਾ, ਮਲੇਰਕੋਟਲਾ, ਮੁਕਤਸਰ ਸਾਹਿਬ ਜਲੰਧਰ, ਮੋਗਾ, ਪੰਜਾਬ
ਮਿਤੀ : 03.06.2025/04.06.2025/05.06.2025/06.06.2025

ਸਹੀ/-
**ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**



# ਨਾਰੀ ਸੰਸਾਰ



## ਓਹਨੇ ਆਪਣੇ ਸ਼ੌਕ ਨੂੰ ਪਾਏ...



ਔਰਤਾਂ ਦਾ ਗਹਿਣਿਆਂ ਨਾਲ ਸਦੀਆਂ ਤੋਂ ਹੀ ਮੁਢਲਿਕ ਪਿਆਰ ਰਿਹਾ ਹੈ। ਔਰਤ ਕਿਸੇ ਵੀ ਖ਼ੁਸ਼ੀ ਵਿੱਚ ਹਰ ਰਹੀ ਹੋਵੇ, ਉਸ ਨੂੰ ਗਹਿਣਿਆਂ ਨਾਲ ਸ਼ਿੰਗਾਰੀ ਜ਼ਰੂਰੀ ਦਿਖਾਇਆ ਜਾਂਦਾ ਹੈ। ਭਾਰਤ ਵਰਗੇ ਵੱਡੇ ਬਹੁ-ਜਾਤੀ ਦੇਸ਼ ਵਿੱਚ ਤਾਂ ਔਰਤਾਂ ਭਾਵੇਂ ਕਿਸੇ ਵੀ ਜਾਤੀ-ਧਰਮ ਜਾਂ ਵਰਗ ਨਾਲ ਸਬੰਧ ਰੱਖਦੀਆਂ ਹੋਣ, ਸਦੀਆਂ ਤੋਂ ਹੀ ਗਹਿਣਿਆਂ ਦੀਆਂ ਚਾਹਵਾਨ ਰਹੀਆਂ ਹਨ। ਇਹ ਗਹਿਣੇ ਸੋਨੇ-ਚਾਂਦੀ ਵਰਗੀਆਂ ਮਹਿੰਗੀਆਂ ਧਾਤਾਂ ਤੋਂ ਬਣਾਏ ਜਾਂਦੇ ਹਨ, ਪਰ ਫਿਰ ਵੀ ਹਰ ਗ਼ਰੀਬ-ਅਮੀਰ ਔਰਤ ਇਨ੍ਹਾਂ ਨੂੰ ਪਹਿਨਣ ਦਾ ਸ਼ੌਕ ਰੱਖਦੀ ਹੈ। ਔਰਤਾਂ ਦੇ ਇਸ ਸ਼ੌਕ ਸਦਕਾ ਹੀ ਭਾਰਤ ਦੇ ਹਰ ਘਰ ਵਿੱਚ ਥੋੜ੍ਹਾ-ਬਹੁਤ ਸੋਨਾ ਹੁੰਦਾ ਹੈ, ਜਿਸ ਨੂੰ ਅਮੀਰੀ ਦੀ ਨਿਸ਼ਾਨੀ ਹੀ ਸਮਝਿਆ ਜਾਂਦਾ ਹੈ ਅਤੇ ਦੇਸ਼ ਨੂੰ ਸੋਨੇ ਦੀ ਚਿੜੀ ਕਰਕੇ ਜਾਣਿਆ ਜਾਂਦਾ ਸੀ। ਇਹੀ ਕਾਰਨ ਸੀ ਕਿ ਬਹੁਤ ਸਾਰੇ ਵਿਦੇਸ਼ੀ ਧਾੜਵੀਆਂ ਨੇ ਭਾਰਤ 'ਤੇ ਹਮਲੇ ਕੀਤੇ ਅਤੇ ਇਨ੍ਹਾਂ ਨੇ ਇੱਥੇ ਮਣਾਂ-ਮੂੰਹੀ ਸੋਨਾ ਅਤੇ ਸੋਨੇ ਦੇ ਬਣੇ ਗਹਿਣੇ ਲੁੱਟੇ। ਔਰਤਾਂ ਕੋਲ ਸੋਨਾ ਵੱਧ ਹੋਣ ਦੇ ਕਾਰਨ ਔਰਤਾਂ ਹੀ ਲੁੱਟ ਦਾ ਖ਼ਾਸ ਨਿਸ਼ਾਨਾ ਬਣੀਆਂ ਰਹਿੰਦੀਆਂ ਹਨ। ਦੂਜੇ ਪਾਸੇ ਇਹ ਗਹਿਣੇ ਔਰਤਾਂ ਦੀ ਸੁੰਦਰਤਾ ਵਿੱਚ ਵੀ ਚਾਰ ਚੰਨ ਲਾਉਂਦੇ ਹਨ ਅਤੇ ਔਰਤਾਂ ਇਸ ਪੱਖੋਂ ਵੀ ਸੋਨੇ-ਚਾਂਦੀ ਦੇ ਗਹਿਣੇ ਪਹਿਨਦੀਆਂ ਸਨ। ਵਿਦੇਸ਼ੀ ਧਾੜਵੀ ਵੀ ਇਨ੍ਹਾਂ ਕਾਰਨਾਂ ਕਰਕੇ ਭਾਰਤੀ ਔਰਤਾਂ ਜਾਂ ਹਿੰਦੁਸਤਾਨੀ ਕੁੜੀਆਂ ਦੀ ਸੁੰਦਰਤਾ ਨਾਲ ਮੋਹ ਗਏ ਅਤੇ ਆਪਣੇ ਦੇਸ਼ ਜਾ ਕੇ ਉਨ੍ਹਾਂ ਨੂੰ ਵੇਚ ਦਿੰਦੇ ਸਨ। ਕੀਮਤੀ ਗਹਿਣਿਆਂ ਦੇ ਨਾਲ ਇਹ ਗੱਲ ਵੀ ਬੜੀ ਬਚਿੱਤਰ ਹੈ ਕਿ ਔਰਤਾਂ ਦੇ ਹੱਥਾਂ, ਪੈਰਾਂ, ਗਲ, ਨੱਕ ਕੰਨਾਂ ਆਦਿ ਵਾਸਤੇ ਗਹਿਣੇ ਹੀ ਵੱਖਰੇ-ਵੱਖਰੇ ਨਹੀ ਹੁੰਦੇ, ਬਲਕਿ ਉਨ੍ਹਾਂ ਦੇ ਨਾਂ ਵੀ ਵੱਖ-ਵੱਖ ਹੁੰਦੇ ਹਨ, ਜਿਵੇਂ ਕਿ ਗਲ ਵਿੱਚ ਜ਼ੰਜੀਰੀ, ਪੈਰਾਂ ਵਿੱਚ ਝਾਂਜਰਾਂ, ਨੱਕ ਵਿੱਚ ਲੌਂਗ ਅਤੇ ਕੰਨਾਂ ਵਿੱਚ ਵਾਲੇ ਆਦਿ ਗਹਿਣੇ ਪ੍ਰਚੱਲਿਤ ਹਨ। ਭਾਵੇਂ ਅਮੀਰ ਔਰਤਾਂ ਸਾਰੇ ਗਹਿਣੇ ਪਹਿਨਦੀਆਂ ਹਨ, ਪਰ ਗ਼ਰੀਬ ਔਰਤਾਂ ਆਪਣੇ ਪਰਿਵਾਰ ਦੀ ਆਰਥਿਕ ਵਿਵਸਥਾ ਅਨੁਸਾਰ ਹਲਕੇ ਅਤੇ ਸਸਤੇ ਗਹਿਣੇ ਪਹਿਨ ਕੇ ਆਪਣੇ ਮਨ ਨੂੰ ਖ਼ੁਸ਼ ਕਰ ਲੈਂਦੀਆਂ ਹਨ। ਭਾਰਤੀ ਸੱਭਿਅਤਾ ਅਨੁਸਾਰ ਔਰਤਾਂ ਦੀ ਇਸ ਤਰ੍ਹਾਂ ਗਹਿਣਿਆਂ ਦੀ ਚਾਹਤ ਨੇ ਸਾਡੇ ਸਮਾਜ ਵਿੱਚ ਦਾਜ ਪ੍ਰਥਾ ਨੂੰ ਜਨਮ ਦਿੱਤਾ। ਭਾਵੇਂ ਅੱਜ ਅਸੀ ਦਾਜ ਪ੍ਰਥਾ ਦੇ ਵਿਰੋਧੀ ਹਾਂ, ਪਰ ਮਾਪੇ ਆਪਣੀਆਂ ਧੀਆਂ ਨੂੰ ਇਹ ਛੋਟੇ-ਛੋਟੇ ਗਹਿਣੇ ਦੇ ਕੇ ਆਰਥਿਕ ਮਦਦ ਦੇਣੀ ਚਾਹੁੰਦੇ ਹਨ ਅਤੇ ਸਮਾਜਿਕ ਪੱਖੋਂ ਵੀ ਆਪਣਾ ਰੁਤਬਾ ਠੀਕ ਦਰਸਾਉਣਾ ਚਾਹੁੰਦੇ ਸਨ। ਹਰ ਧੀ-ਭੈਣ ਨੂੰ ਵਿਆਹ ਸਮੇਂ ਮਾਪੇ ਆਪਣੀ ਵਿੱਤ ਮੁਤਾਬਕ ਗਹਿਣੇ ਦਿੰਦੇ ਹਨ ਤਾਂ ਕਿ ਉਸ ਧੀ-ਭੈਣ ਦਾ ਗਹਿਣਿਆਂ ਪ੍ਰਤੀ ਪਿਆਰ ਫਿੱਕਾ ਨਾ ਪਵੇ ਅਤੇ ਉਹ ਆਪਣੇ ਆਪ ਨੂੰ ਬਹੁਤ ਨਿਰਧਨ ਜਾਂ ਨਿਮਾਣੀ ਨਾ ਸਮਝੇ। ਮੁਟਿਆਰਾਂ ਦਾ ਗਹਿਣਿਆਂ ਪ੍ਰਤੀ ਇਹ ਪਿਆਰ ਸਾਡੇ ਪੰਜਾਬੀ ਸੱਭਿਆਚਾਰ ਵਿੱਚ ਤਾਂ ਬਹੁਤ ਹੀ ਨਿਵੇਕਲਾ ਸਥਾਨ ਬਣ ਗਿਆ ਕਿਉਂਕਿ ਹਰ ਵਿਆਹ ਸ਼ਾਦੀ ਅਤੇ ਖ਼ੁਸ਼ੀ ਦੇ ਮੌਕੇ ਗੀਤਾਂ-ਬੋਲੀਆਂ, ਸਿੱਠਣੀਆਂ, ਤਾਅਨਿਆਂ, ਮਿਹਣਿਆਂ ਵਿੱਚ ਇਨ੍ਹਾਂ ਗਹਿਣਿਆਂ ਦੀ ਗੱਲ ਜ਼ਰੂਰੀ ਚੱਲਦੀ ਹੈ ਤਾਂ ਹੀ ਤਾਂ ਇੱਕ ਗ਼ਰੀਬ ਮੁਟਿਆਰ ਆਪਣੇ ਵਿਆਹ ਸਮੇਂ ਆਪਣੇ ਬਾਬਲ ਨੂੰ ਇਹ ਗਹਿਣੇ ਪਾਉਣ ਲਈ ਕਹਿੰਦੀ ਹੈ;

ਕੰਠੀ, ਚਿੰਦੀ ਤੇ ਜ਼ੰਜੀਰੀ, ਫੁੱਲ, ਵਾਲੇ
ਪੰਜ ਟੂੰਮਾਂ ਪਾ ਦੇ ਬਾਬਲ।

ਜਾਂ ਫਿਰ ਜੇ ਉਹ ਮੁਟਿਆਰ ਕਿਸੇ ਚੰਗੀ ਜ਼ਿਮੀਦਾਰ ਜਾਂ ਰੱਜੇ ਪੁੱਜੇ ਘਰ ਵਿੱਚ ਜੰਮੀ ਪਲੀ ਹੋਵੇ ਤਾਂ ਉਹ ਇੰਜ ਵੀ ਕਹਿ ਦਿੰਦੀ;

ਤੈਨੂੰ ਕੰਮੀ ਤੇ ਜ਼ਮੀਨ ਬਥੇਰੀ
ਪੰਜ ਟੂੰਮਾਂ ਪਾ ਦੇ ਬਾਬਲ।

ਕਈ ਵਾਰ ਤਾਂ ਵਿਆਹ ਸਮੇਂ ਆਪਣੇ ਮਾਪਿਆਂ 'ਤੇ ਮਾਣ ਕਰਦੀਆਂ ਹੋਈਆਂ

ਬਹਾਦਰ ਸਿੰਘ ਗੋਸਲ
98764-52223

ਵਿਆਹੁਣ ਮੁਟਿਆਰਾਂ ਆਪਣੇ ਗਹਿਣਿਆਂ ਦੇ ਪਿਆਰ ਨੂੰ ਇਸ ਤਰ੍ਹਾਂ ਸੱਭਿਆਚਾਰਕ ਰੂਪ ਵੀ ਦੇ ਦਿੰਦੀਆਂ ਹਨ;

ਕੋਈ ਆਖੇ ਨਾ ਨੰਗਾਂ ਦੀ ਧੀ ਜਾਵੇ
ਕੰਠੇ ਪਾ ਕੇ ਤੋਰੀਂ ਬਾਬਲਾ।

ਵਿਆਹ, ਸ਼ਾਦੀਆਂ ਵਿੱਚ ਗਹਿਣਿਆਂ ਦੀ ਸਰਦਾਰੀ ਹੀ ਨਹੀ ਹੁੰਦੀ ਸਗੋਂ ਆਮ ਤੌਰ 'ਤੇ ਘਰ ਪਰਿਵਾਰਾਂ ਵਿੱਚ ਵੀ ਆਮ ਹੀ ਪਹਿਨੇ ਜਾਂਦੇ ਹਨ। ਇੱਥੋ ਤੱਕ ਕੇ ਕਈ ਪਰਿਵਾਰਾਂ ਵਿੱਚ ਤਾਂ ਨੂੰਹ-ਸੱਸ ਦਾ ਗਹਿਣੇ ਪਹਿਨਣ ਵਿੱਚ ਮੁਕਾਬਲਾ ਜਿਹਾ ਹੀ ਹੋ ਜਾਂਦਾ ਹੈ। ਉਹ ਇੱਕ ਦੂਜੇ ਤੋਂ ਚੰਗਾ ਅਤੇ ਮਹਿੰਗਾ ਗਹਿਣਾ ਖ਼ਰੀਦ ਕੇ ਆਪਣੇ ਆਪ ਨੂੰ ਵੱਡੀ ਦਰਸਾਉਣ ਦਾ ਯਤਨ ਕਰਦੀਆਂ ਹਨ ਜਿਵੇਂ ਕੋਈ ਨਵ ਵਿਆਹੀ ਮੁਟਿਆਰ ਆਪਣੇ ਪੇਕੇ ਜਾ ਕੇ ਆਪਣੇ ਬਾਪੂ ਨਾਲ ਗੱਲ ਕਰਦੀ ਹੋਈ ਕਹਿੰਦੀ ਏ;

ਮੇਰੀ ਸੱਸ ਦੇ ਲਿਸ਼ਕਦੇ ਵਾਲੇ
ਬਾਪੂ, ਮੈਨੂੰ ਸੰਗ ਲੱਗਦੀ।

ਇਸ ਦੇ ਉੱਤਰ ਵਿੱਚ ਉਸ ਮੁਟਿਆਰ ਦਾ ਬਾਪੂ ਵੀ ਉਸੇ ਲਹਿਜੇ ਵਿੱਚ ਜੁਆਬ ਦਿੰਦਾ ਹੋਇਆ ਕਹਿੰਦਾ ਏ;

ਓਹਨੇ ਆਪਣੇ ਸ਼ੌਕ ਨੂੰ ਪਾਏ
ਤੈਨੂੰ, ਕਾਹਦੀ ਸੰਗ ਬੱਚੀਏ?

ਜਿਸ ਤਰ੍ਹਾਂ ਪਹਿਲਾ ਦੱਸਿਆ ਗਿਆ ਹੈ ਕਿ ਔਰਤਾਂ ਇਹ ਗਹਿਣੇ ਸਰੀਰ ਦੇ ਵੱਖ-ਵੱਖ ਅੰਗਾਂ 'ਤੇ ਪਹਿਨਦੀਆਂ ਹਨ ਅਤੇ ਆਪਣੀ ਜਗ੍ਹਾ ਹਰ ਗਹਿਣੇ ਦੀ ਆਪਣੀ ਮਹੱਤਤਾ ਹੈ। ਜਿਸ ਤਰ੍ਹਾਂ ਮੁੰਦਰੀ, ਛੱਲਿਆਂ ਤੋਂ ਲੈ ਕੇ ਸਿਰ 'ਤੇ ਸਜਾਏ ਜਾਣ ਵਾਲੇ ਗਹਿਣੇ ਔਰਤਾਂ ਲਈ ਮਨਭਾਉਂਦੇ ਅਤੇ ਦਿਲ-ਲਭਾਊ ਹੁੰਦੇ ਹਨ, ਪਰ ਪੰਜਾਬੀ ਸੱਭਿਆਚਾਰ ਨੇ ਤਾਂ ਕਮਾਲ ਹੀ ਕਰ ਦਿੱਤੀ ਹੈ, ਛੋਟੇ ਤੋਂ ਛੋਟੇ ਗਹਿਣੇ ਤੋਂ ਲੈ ਕੇ ਵੱਡੇ ਗਹਿਣੇ ਤੱਕ ਉਨ੍ਹਾਂ ਨੂੰ ਅਜਿਹਾ ਗੀਤਾਂ, ਲੋਕ ਗੀਤਾਂ ਵਿੱਚ ਪਰੋਇਆ ਕਿ ਇਹ ਸਾਰੇ ਗਹਿਣੇ ਔਰਤਾਂ ਦੇ ਹੀ ਨਹੀ ਸਗੋਂ ਸਾਰੇ ਲੋਕਾਂ ਦੀ ਜ਼ੁਬਾਨ 'ਤੇ ਰਸ ਹਨ। ਜਿਵੇਂ ਲੌਂਗ ਦਾ ਨਾਂ ਹੀ ਲੈ ਲਵੋ;

ਪਿੱਛੇ ਪਿੱਛੇ ਆਈ
ਮੇਰੀ ਤੋਰ ਵਹਿੰਦਾ ਆਈ
ਤੂੰ ਨਿਗਾਹ ਮਾਰਦਾ ਆਈ ਵੇ
ਮੇਰਾ ਲੌਂਗ ਗੁਆਚਾ।

ਕਿਹਾ ਜਾਂਦਾ ਹੈ ਕਿ ਇਕੱਲਾ ਲੌਂਗ ਹੀ ਨਹੀ, ਤਿਕੋਣੇ ਨੱਕ ਵਿੱਚ 10 ਪ੍ਰਕਾਰ ਦੇ ਗਹਿਣੇ ਪਾਏ ਜਾਂਦੇ ਹਨ ਜਿਨ੍ਹਾਂ ਵਿੱਚ ਲੌਂਗ, ਤੀਲੀ, ਕੋਕਾ, ਰੇਖ ਨੱਥ, ਬੁਲਾਕ, ਬੇਸਰ, ਨਕਥਾ, ਗਜਰੀਆਂ ਅਤੇ ਟਿਪਲੀਆਂ ਆਦਿ। ਪੰਜਾਬੀ ਸੱਭਿਆਚਾਰ ਦੀ ਗੱਲ ਕਰਦਿਆਂ ਪ੍ਰਸਿੱਧ ਲੇਖਕ ਨਿਰੰਜਣ ਸਿੰਘ ਸੈਲਾਨੀ ਦਾ ਕਹਿਣਾ ਹੈ ਕਿ ਗਹਿਣੇ ਸੁਹਾਗ ਦਾ ਚਿੰਨ੍ਹ ਵੀ ਮੰਨੇ ਜਾਂਦੇ ਹਨ। ਉਨ੍ਹਾਂ ਨੇ ਡਾ. ਰਿਚਰਡ ਟੈਂਪਲ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਪੰਜਾਬ ਵਿੱਚ 136 ਪ੍ਰਕਾਰ ਦੇ ਗਹਿਣੇ ਪਹਿਨਣ ਦਾ ਰਿਵਾਜ ਹੈ। ਪੰਜਾਬੀ ਸੱਭਿਆਚਾਰ ਨੇ ਹਰ ਗਹਿਣੇ ਨੂੰ ਗੀਤ, ਲੋਕ ਗੀਤ ਜਾਂ ਪੰਜਾਬੀ ਬੋਲੀਆਂ ਅਤੇ ਟੱਪਿਆਂ ਵਿੱਚ ਥਾਂ ਦੇਣ ਦਾ ਯਤਨ ਕੀਤਾ ਹੈ। ਜਿਵੇਂ ਪੰਜਾਬ ਦੇ ਮੇਲਿਆਂ ਦੇ ਦਿਨਾਂ ਵਿੱਚ ਔਰਤਾਂ ਜਸ-ਧਜ ਕੇ ਮੇਲਾ ਦੇਖਣ ਜਾਂਦੀਆਂ ਸਨ ਅਤੇ ਉਹ ਗਹਿਣਿਆਂ ਦਾ ਖ਼ੂਬ ਸ਼ਿੰਗਾਰ ਕਰਦੀਆਂ ਰਹੀਆਂ ਹਨ ਤਾਂ ਹੀ ਕਿਹਾ ਜਾਂਦਾ ਸੀ;

ਪੈਰ ਧੋ ਕੇ ਝਾਂਜਰਾਂ ਪਾਉਂਦੀ
ਮੇਲ੍ਹਦੀ ਆਉਂਦੀ ਕੋ ਸ਼ੌਕਣ ਮੇਲੇ ਦੀ।

ਪੰਜਾਬ ਵਿੱਚ ਫਿਰ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਸਿੱਖਿਆ ਨੇ ਜ਼ੋਰ ਫੜਿਆ ਤਾਂ ਪੰਜਾਬੀ ਔਰਤਾਂ ਨੇ ਗਹਿਣੀਆਂ ਦੇ ਖ਼ਰਚ ਨੂੰ ਘੱਟ ਕਰਕੇ ਵਿੱਦਿਆ ਪੜ੍ਹਨ ਨੂੰ ਵਧੇਰੇ ਤਰਜੀਹ ਦਿੱਤੀ ਅਤੇ ਪੰਜਾਬੀ ਸੱਭਿਆਚਾਰ ਅਨੁਸਾਰ ਇਹ ਗੱਲ ਕੁੜੀਆਂ ਵਿੱਚ ਆਮ ਹੀ ਹੁੰਦੀ ਸੀ;

ਛੈਣੇ! ਛੈਣੇ! ਛੈਣੇ!
ਵਿੱਦਿਆ ਪੜ੍ਹਾ ਦੇ ਬਾਬਲਾ।
ਭਾਵੇਂ ਦੇਈ ਨਾ ਦਾਜ ਵਿੱਚ ਗਹਿਣੇ।

ਦੂਜੇ ਪਾਸੇ ਗਹਿਣਿਆਂ ਦੀ ਗੱਲ ਤਾਂ ਘਰ ਘਰ ਆਮ ਹੀ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾ ਅੰਗ ਬਣ ਚੁੱਕੀ ਹੈ। ਇੱਥੋ ਤੱਕ ਕਿ ਗੱਭਰੂਆਂ ਅਤੇ ਮੁਟਿਆਰਾਂ ਦੇ ਪਿਆਰ ਵਿੱਚ ਗਹਿਣੇ ਆਪਣੇ ਆਪ ਹੀ ਆਪਣੀ ਥਾਂ ਬਣਾ ਲੈਂਦੇ ਹਨ ਜਿਵੇਂ;

ਆਹ ਲੈ ਨੱਤੀਆਂ
ਘੜਾ ਲੈ ਪਿੱਪਲ ਪੱਤੀਆਂ
ਕਿਸੇ ਕੋਲ ਗੱਲ ਨਾ ਕਰੀ।

ਜਦੋਂ ਪੰਜਾਬੀ ਕਿਸਾਨ ਤੰਗੀਆਂ, ਤੁਰਸ਼ੀਆਂ ਦਾ ਸਮਾਂ ਕੱਟ ਰਹੇ ਸਨ ਤਾਂ ਆਪਣੀਆਂ ਘਰਵਾਲੀਆਂ ਵੱਲੋਂ ਛੋਟੇ ਮੋਟੇ ਗਹਿਣਿਆਂ ਦੀ ਮੰਗ ਕਰਨ 'ਤੇ ਉਹ ਨਵੀ ਫ਼ਸਲ ਦੇ ਆਉਣ ਦਾ ਲਾਰਾ ਲੱਪਾ ਲਾ ਰੱਖਦੇ ਅਤੇ ਉਸ ਨੂੰ ਨਵੀ ਫ਼ਸਲ ਦੇ ਵਿਕਣ 'ਤੇ ਕੋਈ ਗਹਿਣਾ ਜ਼ਰੂਰ ਬਣਾਉਣ ਦਾ ਦਾਅਵਾ ਵੀ ਕਰ ਦਿੰਦੇ ਜਿਵੇਂ;

ਤੇਰੇ ਗਲ ਨੂੰ ਜ਼ੰਜੀਰੀ ਪਾਵਾਂ
ਨਰਮਾ, ਐਤਕੀ ਵਿਕ ਲੈਣ ਦੇ।

ਇਸ ਤਰ੍ਹਾਂ ਅਸੀ ਦੇਖਦੇ ਹਾਂ ਕਿ ਪੰਜਾਬੀ ਸੱਭਿਆਚਾਰ ਨੇ ਤਾਂ ਗਹਿਣਿਆਂ ਦੀ ਹੋਂਦ ਸਦਕਾ ਪੰਜਾਬੀ ਪੇਂਡੂ ਮਾਹੌਲ ਵਿੱਚ ਉਹ ਰੰਗ ਭਰੇ ਹਨ ਜਿਨ੍ਹਾਂ ਨੂੰ ਪੰਜਾਬੀ ਤਾਂ ਭੁੱਲਦੇ ਹੀ ਨਹੀ। ਧੀਆਂ-ਭੈਣਾਂ ਨੂੰ ਪਿਆਰ ਅਤੇ ਸਤਿਕਾਰ ਦੇਣ ਦੇ ਨਾਲ ਨਾਲ ਉਹ ਆਪਣੇ ਸੁਖੀ ਪਰਿਵਾਰ ਲਈ ਆਪਣੀਆਂ ਔਰਤਾਂ ਨੂੰ ਵੀ ਗਹਿਣਿਆਂ ਦੇ ਪੱਜ ਖ਼ੁਸ਼ ਰੱਖਦੇ ਹਨ।

## ਧੀਆਂ : ਵਿਰਾਸਤ ਨਹੀਂ, ਸਗੋਂ ਭਾਵਨਾਵਾਂ ਦੀ ਸੱਚਾਈ

ਪ੍ਰਿਯੰਕਾ ਸੌਰਭ
7015375570

"ਜਿਹੜੇ ਕਹਿੰਦੇ ਸਨ ਕਿ ਪੁੱਤਰ ਵਿਰਾਸਤ ਲਈ ਜ਼ਰੂਰੀ ਹੈ, ਉਹ ਆਪਣੀਆਂ ਧੀਆਂ ਨੂੰ ਜੱਫੀ ਪਾਉਂਦੇ ਹੋਏ ਉਨ੍ਹਾਂ ਦੀ ਹਾਲਤ 'ਤੇ ਰੋ ਪਏ ਹਨ..." ਇਹ ਦੋਹਾ ਉਸ ਵਿਵਸਥਾ ਦਾ ਦਰਦ, ਕਰਾਹਾ ਹੈ, ਜਿਸਨੇ ਧੀਆਂ ਨੂੰ ਹਮੇਸ਼ਾ 'ਕਿਸੇ ਹੋਰ ਦੀ ਜਾਇਦਾਦ' ਸਮਝ ਕੇ ਹਾਸ਼ੀਏ 'ਤੇ ਰੱਖਿਆ। ਅੱਜ ਜਦੋਂ ਸਮਾਜ ਦੇ ਮੋਢੇ ਝੁਕਦੇ ਹਨ, ਅੱਖਾਂ ਨਮ ਹੋ ਜਾਂਦੀਆਂ ਹਨ, ਤਾਂ ਇਹੀ ਧੀਆਂ ਉਸ ਦਰਦ ਦੇ ਵਿਰੁੱਧ ਢਾਲ ਬਣ ਜਾਂਦੀਆਂ ਹਨ। ਜਿਨ੍ਹਾਂ ਨੂੰ ਕਦੇ 'ਧੀ ਪਰਦੇਸੀ ਹੁੰਦੀ ਹੈ' ਕਹਿ ਕੇ ਦੂਰ ਕੀਤਾ ਜਾਂਦਾ ਸੀ, ਉਹੀ ਧੀ ਆਪਣੇ ਪਿਤਾ ਦੇ ਆਖਰੀ ਦਿਨਾਂ ਵਿੱਚ ਉਸਦਾ ਹੱਥ ਫੜ ਕੇ ਖੜ੍ਹੀ ਹੈ।

ਸਦੀਆਂ ਤੋਂ, ਭਾਰਤੀ ਸਮਾਜ ਵਿੱਚ ਇਹ ਵਿਸ਼ਵਾਸ ਰਿਹਾ ਹੈ ਕਿ ਸਿਰਫ਼ ਪੁੱਤਰ ਹੀ ਵੰਸ਼ ਨੂੰ ਅੱਗੇ ਵਧਾਏਗਾ, ਸਿਰਫ਼ ਪੁੱਤਰ ਹੀ ਅਰਥੀ ਚੁੱਕੇਗਾ, ਸਿਰਫ਼ ਪੁੱਤਰ ਹੀ ਜਾਇਦਾਦ ਦਾ ਵਾਰਸ ਹੋਵੇਗਾ। ਇਹ ਸੋਚ ਨਾ ਸਿਰਫ਼ ਧੀਆਂ ਨੂੰ ਦੂਜੇ ਦਰਜੇ ਦੇ ਦਰਜੇ ਵਿੱਚ ਧੱਕਦੀ ਹੈ, ਸਗੋਂ ਮਨੁੱਖੀ ਸੰਵੇਦਨਾਵਾਂ ਨੂੰ ਵੀ ਠੇਸ ਪਹੁੰਚਾਉਂਦੀ ਹੈ। ਪਰ ਸਮੇਂ ਨੇ ਵਾਰ-ਵਾਰ ਸਾਬਤ ਕੀਤਾ ਹੈ ਕਿ ਵੰਸ਼ ਸਿਰਫ਼ ਇੱਕ ਨਾਮ ਨਹੀ ਹੈ, ਵੰਸ਼ ਇੱਕ ਭਾਵਨਾ ਹੈ ਜਿਸਨੂੰ ਕੋਈ ਵੀ ਅੱਗੇ ਵਧਾ ਸਕਦਾ ਹੈ। ਬਹੁਤ ਸਾਰੀਆਂ ਧੀਆਂ ਹਨ ਜੋ ਆਪਣੇ ਬੁੱਢੇ ਮਾਪਿਆਂ ਦੀ ਸੇਵਾ ਕਰਦੀਆਂ ਹਨ, ਉਨ੍ਹਾਂ ਦਾ ਸਮਰਥਨ ਕਰਦੀਆਂ ਹਨ ਅਤੇ ਉਨ੍ਹਾਂ ਦੀ ਆਖਰੀ ਇੱਛਾ ਪੂਰੀ ਕਰਦੀਆਂ ਹਨ। ਅੱਜ, ਜਦੋਂ ਸਾਂਝੇ ਪਰਿਵਾਰ ਟੁੱਟ ਰਹੇ ਹਨ, ਜਦੋਂ ਪੁੱਤਰ ਵੱਡੇ ਸ਼ਹਿਰਾਂ ਵਿੱਚ ਆਪਣੇ ਕਰੀਅਰ ਵਿੱਚ ਰੁੱਝੇ ਹੋਏ ਹਨ, ਧੀਆਂ ਆਪਣੇ ਮਾਪਿਆਂ ਨਾਲ ਰਹਿ ਰਹੀਆਂ ਹਨ ਅਤੇ ਉਨ੍ਹਾਂ ਨੂੰ ਮਾਨਸਿਕ, ਭਾਵਨਾਤਮਕ ਅਤੇ ਕਈ ਵਾਰ ਵਿੱਤੀ ਸਹਾਇਤਾ ਵੀ ਪ੍ਰਦਾਨ ਕਰ ਰਹੀਆਂ ਹਨ।

### ਹੰਝੂਆਂ ਦਾ ਵੀ ਇਹੀ ਪ੍ਰਭਾਵ ਕਿਉਂ ਹੁੰਦਾ ਹੈ?

ਜਦੋਂ ਘਰ ਵਿੱਚ ਦੁੱਖ ਆਉਂਦਾ ਹੈ, ਤਾਂ ਹੰਝੂ ਕਿਸੇ ਰਿਸ਼ਤੇ, ਲਿੰਗ ਜਾਂ ਵਰਗ ਨੂੰ ਨਹੀ ਦੇਖਦੇ। ਮਾਂ ਦਾ ਪਿਆਰ ਅਤੇ ਧੀ ਦਾ ਪਿਆਰ - ਦੋਵਾਂ ਵਿੱਚ ਦਰਦ ਦੀ ਭਾਸ਼ਾ ਇੱਕੋ ਜਿਹੀ ਹੈ। ਮੌਤ ਇੱਕ ਅਜਿਹਾ ਸੱਚ ਹੈ ਜੋ ਸਾਰਿਆਂ ਨੂੰ ਇੱਕ ਛੱਤਰੀ ਹੇਠ ਇਕੱਠਾ ਕਰਦਾ ਹੈ। ਉਸ ਪਲ ਨਾ ਤਾਂ ਪੁੱਤਰ ਵੱਡਾ ਹੁੰਦਾ ਹੈ ਅਤੇ ਨਾ ਹੀ ਧੀ ਛੋਟੀ ਹੁੰਦੀ ਹੈ। ਉਸ ਪਲ ਸਿਰਫ਼ ਇੱਕ ਮਨੁੱਖ ਹੁੰਦਾ ਹੈ - ਸਮਰਪਿਤ, ਭਾਵੁਕ, ਟੁੱਟਿਆ ਹੋਇਆ।

ਸਾਡੇ ਸਮਾਜ ਵਿੱਚ, ਮੌਤ ਤੋਂ ਬਾਅਦ ਦੀਆਂ ਰਸਮਾਂ ਪੁੱਤਰ ਦੀ ਜ਼ਿੰਮੇਵਾਰੀ ਹੁੰਦੀਆਂ ਹਨ। ਪਰ ਕੀ ਭਾਵਨਾਤਮਕ ਜ਼ਿੰਮੇਵਾਰੀ ਸਿਰਫ਼ ਇੱਕ ਲਿੰਗ 'ਤੇ ਪਾਉਣਾ ਉਚਿਤ ਹੈ? ਜਦੋਂ ਧੀ ਵੀ ਉਹੀ ਦਰਦ ਸਹਿੰਦੀ ਹੈ, ਉਹੀ ਹੰਝੂ ਵਹਾਉਂਦੀ ਹੈ, ਤਾਂ ਫਿਰ ਉਹ ਹੱਕਾਂ ਦੀ ਘੱਟ ਹੱਕਦਾਰ ਕਿਉ ਹੈ?

### ਬਦਲਦੇ ਸਮਾਜਿਕ ਸਮੀਕਰਨ

ਅੱਜ ਦਾ ਭਾਰਤ ਇੱਕ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਧੀਆਂ ਨੂੰ ਪੜ੍ਹਾਇਆ ਜਾ ਰਿਹਾ ਹੈ ਅਤੇ ਆਤਮਨਿਰਭਰ ਬਣਾਇਆ ਜਾ ਰਿਹਾ ਹੈ, ਪਰ ਮਾਨਸਿਕਤਾ ਵਿੱਚ ਤਬਦੀਲੀ ਅਜੇ ਵੀ ਅਧੂਰੀ ਹੈ। 'ਧੀਆਂ ਬਚਾਓ, ਧੀਆਂ ਪੜ੍ਹਾਓ' ਦਾ ਨਾਅਰਾ ਹੈ, ਪਰ ਕੀ ਅਸੀਂ ਜ਼ਿੰਦਗੀ ਦੇ ਹਰ ਕੱਖ ਵਿੱਚ ਧੀਆਂ ਨੂੰ ਬਰਾਬਰ ਦਾ ਦਰਜਾ ਦੇ ਸਕਦੇ ਹਾਂ? ਕੀ ਉਨ੍ਹਾਂ ਨੂੰ ਜਾਇਦਾਦ, ਪਰੰਪਰਾ ਅਤੇ ਫੈਸਲਿਆਂ ਵਿੱਚ ਬਰਾਬਰ ਦਾ ਦਰਜਾ ਮਿਲ ਰਿਹਾ ਹੈ? ਸਿਰਫ਼ ਸਿੱਖਿਆ ਹੀ ਨਹੀ, ਧੀਆਂ ਨੂੰ ਜਾਇਦਾਦ ਦੇ ਅਧਿਕਾਰ, ਪਰਿਵਾਰਕ ਫੈਸਲਿਆਂ ਵਿੱਚ ਭਾਗੀਦਾਰੀ ਅਤੇ ਸਮਾਜਿਕ ਸਨਮਾਨ ਦੀ ਵੀ ਲੋੜ ਹੁੰਦੀ ਹੈ। ਇਹ ਬਦਲਾਅ ਸਿਰਫ਼ ਕਾਨੂੰਨਾਂ ਨਾਲ ਨਹੀ, ਸਗੋਂ ਵਿਚਾਰਾਂ ਨਾਲ ਆਵੇਗਾ।

### ਅਨੁਭਵਾਂ ਦੀਆਂ ਕਹਾਣੀਆਂ: ਧੀਆਂ ਜਿਨ੍ਹਾਂ ਨੇ ਸਮਾਜ ਬਦਲਿਆ



ਰਾਜਸਥਾਨ ਦੇ ਛੋਟੇ ਪਿੰਡਾਂ ਤੋਂ ਲੈ ਕੇ ਵੱਡੇ ਸ਼ਹਿਰਾਂ ਤੱਕ, ਹਜ਼ਾਰਾਂ ਧੀਆਂ ਆਪਣੇ ਮਾਪਿਆਂ ਲਈ ਉਹ ਸਹਾਰਾ ਬਣ ਗਈਆਂ ਹਨ ਜਿਸਦੀ ਸਮਾਜ ਪੁੱਤਰਾਂ ਤੋਂ ਉਮੀਦ ਕਰਦਾ ਸੀ। ਇੱਕ ਉਦਾਹਰਣ ਮਹਾਰਾਸ਼ਟਰ ਦੀ ਪ੍ਰਿਯੰਕਾ ਦੀ ਹੈ, ਜਿਸਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਅੰਤਿਮ ਸੰਸਕਾਰ ਕੀਤੇ; ਪਿੰਡ ਨੇ ਵਿਰੋਧ ਕੀਤਾ, ਪਰ ਉਹ ਆਪਣੀ ਗੱਲ 'ਤੇ ਅੜੀ ਰਹੀ। ਅੱਜ ਪਿੰਡ ਦੀਆਂ ਹੋਰ ਕੁੜੀਆਂ ਉਸਨੂੰ ਆਪਣਾ ਰੋਲ ਮਾਡਲ ਮੰਨਦੀਆਂ ਹਨ।

ਇੱਕ ਹੋਰ ਕਹਾਣੀ ਉੱਤਰ ਪ੍ਰਦੇਸ਼ ਦੀ ਸੀਮਾ ਦੀ ਹੈ, ਜਿਸਨੇ ਆਪਣੇ ਪਿਤਾ ਦੇ ਬਿਮਾਰ ਹੋਣ 'ਤੇ ਨੌਕਰੀ ਛੱਡ ਦਿੱਤੀ ਅਤੇ ਤਿੰਨ ਸਾਲ ਦਿਨ ਰਾਤ ਸੇਵਾ ਕੀਤੀ। ਅੰਤ ਵਿੱਚ, ਜਦੋਂ ਉਸਦੇ ਪਿਤਾ ਦਾ ਦੇਹਾਂਤ ਹੋ ਗਿਆ, ਸੀਮਾ ਨੇ ਸਾਰੀਆਂ ਰਸਮਾਂ ਇਕੱਲੇ ਹੀ ਨਿਭਾਈਆਂ।

### ਕੀ ਇਹ ਪਿਆਰ, ਇਹ ਸ਼ਰਧਾ ਵਿਰਾਸਤ ਦਾ ਹਿੱਸਾ ਨਹੀਂ ਹੈ?

### ਕਾਨੂੰਨ ਕੀ ਕਹਿੰਦਾ ਹੈ?

ਭਾਰਤੀ ਉੱਤਰਾਧਿਕਾਰ ਐਕਟ, 2005 ਵਿੱਚ ਸੋਧ ਤੋਂ ਬਾਅਦ, ਧੀਆਂ ਨੂੰ ਜਾਇਦਾਦ ਵਿੱਚ ਬਰਾਬਰ ਅਧਿਕਾਰ ਮਿਲਿਆ ਹੈ। ਪਰ ਸਮਾਜਿਕ ਪੱਧਰ 'ਤੇ ਇਸ ਅਧਿਕਾਰ ਨੂੰ ਕਿੰਨੀ ਵਾਰ ਸਵੀਕਾਰ ਕੀਤਾ ਗਿਆ ਹੈ? ਭਾਵੇਂ ਅਦਾਲਤਾਂ ਧੀਆਂ ਨੂੰ ਸਮਾਨਤਾ ਦਿੰਦੀਆਂ ਹਨ, ਪਰ ਸਮਾਜ ਅਜੇ ਵੀ ਇਸ ਤਬਦੀਲੀ ਨੂੰ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਅਪਣਾ ਨਹੀ ਸਕਿਆ ਹੈ। ਕਈ ਵਾਰ ਧੀਆਂ ਨੂੰ ਆਪਣੀ ਮਰਜ਼ੀ ਨਾਲ ਆਪਣੇ ਹੱਕ 'ਛੱਡਣ' ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਜੋ ਪੁੱਤਰ ਆਪਣਾ ਹਿੱਸਾ ਬਰਕਰਾਰ ਰੱਖ ਸਕਣ। ਇਹ 'ਬਲੀਦਾਨ' ਨਹੀ ਹੈ ਸਗੋਂ ਇੱਕ ਯੋਜਨਾਬੱਧ ਸਮਾਜਿਕ ਦਬਾਅ ਹੈ।

### ਧੀਆਂ ਨੂੰ ਕਮਜ਼ੋਰ ਕਿਉਂ ਮੰਨਿਆ ਜਾਂਦਾ ਹੈ?

ਸੰਵੇਦਨਸ਼ੀਲ ਹੋਣਾ ਕੋਈ ਕਮਜ਼ੋਰੀ ਨਹੀ ਹੈ। ਅਸੀ ਸਹਿਣਸ਼ੀਲਤਾ ਨੂੰ ਕਮਜ਼ੋਰੀ ਸਮਝਿਆ ਹੈ। ਧੀਆਂ ਘਰ ਦੀ ਸ਼ਾਂਤੀ, ਪਿਆਰ ਦਾ ਪ੍ਰਵਾਹ ਅਤੇ ਦੁੱਖ ਦੀ ਪਹਿਲੀ ਸਾਥੀ ਹੁੰਦੀਆਂ ਹਨ। ਜੇਕਰ ਪੁੱਤਰਾਂ ਵਿੱਚ ਇਹ ਗੁਣ ਹਨ, ਤਾਂ ਉਨ੍ਹਾਂ ਨੂੰ 'ਬੁੱਧੀਮਾਨ' ਕਿਹਾ ਜਾਂਦਾ ਹੈ, ਤਾਂ ਧੀਆਂ ਨੂੰ 'ਕਮਜ਼ੋਰ' ਕਿਉ ਕਿਹਾ ਜਾਂਦਾ ਹੈ?

ਧੀਆਂ ਅਕਸਰ ਪਰਿਵਾਰ ਦੀ ਭਾਵਨਾਤਮਕ ਰੀੜ੍ਹ ਦੀ ਹੱਡੀ ਹੁੰਦੀਆਂ ਹਨ। ਉਹ ਚੁੱਪਚਾਪ ਸੰਘਰਸ਼ਾਂ ਨੂੰ ਸਹਿ ਲੈਂਦੀ ਹੈ ਅਤੇ ਫਿਰ ਵੀ ਮੁਸਕਰਾਉਂਦੀ ਹੈ। ਕੀ ਇਹ ਸ਼ਕਤੀ ਨਹੀ ਹੈ?

### ਪੀੜ੍ਹੀਆਂ ਦੀ ਮਾਨਸਿਕਤਾ ਬਦਲਣ ਦੀ ਲੋੜ

ਇਹ ਸੋਚ ਕਿ ਪੁੱਤਰ ਜ਼ਰੂਰੀ ਹੈ, ਇੱਕ ਸਮਾਜਿਕ ਭਰਮ ਹੈ। ਵੰਸ਼ ਸਿਰਫ਼ ਉੱਥੇ ਹੀ ਜਾਰੀ ਰਹਿੰਦਾ ਹੈ ਜਿੱਥੇ ਕਦਰਾਂ-ਕੀਮਤਾਂ ਹੁੰਦੀਆਂ ਹਨ, ਅਤੇ ਕਦਰਾਂ-ਕੀਮਤਾਂ ਪੁੱਤਰ ਜਾਂ ਧੀ ਵਿੱਚ ਨਹੀ ਸਗੋਂ ਪਾਲਣ-ਪੋਸ਼ਣ ਅਤੇ ਰਿਸ਼ਤਿਆਂ ਵਿੱਚ ਹੁੰਦੀਆਂ ਹਨ। ਕੀ ਉਹ ਧੀ ਜੋ ਆਪਣੇ ਪਿਤਾ ਦੀ ਚਿਤਾ ਨੂੰ ਅਗਨੀ ਦਿੰਦੀ ਹੈ, ਉਹ ਉਸ ਧੀ ਨਾਲੋਂ ਘੱਟ ਹੈ ਜੋ ਆਪਣੇ ਪਿਤਾ ਦੀ ਫੋਟੋ 'ਤੇ ਹਾਰ ਚੜ੍ਹਾਉਂਦੀ ਹੈ? ਨਵੀ ਪੀੜ੍ਹੀ ਨੂੰ ਇਹ ਸਮਝਣਾ ਪਵੇਗਾ ਕਿ ਪਰਿਵਾਰਕ ਜ਼ਿੰਮੇਵਾਰੀਆਂ ਸਿਰਫ਼ ਪੁੱਤਰਾਂ ਦੀਆਂ ਨਹੀ ਹਨ। ਧੀਆਂ ਆਪਣੇ ਬੁਢਾਪੇ ਵਿੱਚ ਆਪਣੇ ਮਾਪਿਆਂ ਦਾ ਸਹਾਰਾ ਵੀ ਬਣ ਸਕਦੀਆਂ ਹਨ, ਜੇਕਰ ਸਮਾਜ ਉਨ੍ਹਾਂ ਨੂੰ ਇਹ ਮੌਕਾ ਅਤੇ ਹੱਕ ਦੇਵੇ।

### ਵਿਰਾਸਤ ਸਿਰਫ਼ ਜ਼ਮੀਨ ਜਾਂ ਨਾਮ ਨਹੀਂ ਹੁੰਦੀ

ਵਿਰਾਸਤ ਉਹ ਵੀ ਹੈ ਜੋ ਹੰਝੂਆਂ ਵਿੱਚ ਝਲਕਦੀ ਹੈ, ਜੋ ਭਾਵਨਾਵਾਂ ਵਿੱਚ ਵਹਿੰਦੀ ਹੈ, ਜੋ ਰਸਮਾਂ ਵਿੱਚ ਰਹਿੰਦੀ ਹੈ। ਧੀਆਂ ਉਹ ਵਿਰਾਸਤ ਹਨ ਜੋ ਸਿਰਫ਼ ਖ਼ੂਨ ਦੇ ਰਿਸ਼ਤੇ ਨੂੰ ਹੀ ਨਹੀ, ਸਗੋਂ ਪਿਆਰ ਅਤੇ ਸੇਵਾ ਦੇ ਬੰਧਨ ਨੂੰ ਅੱਗੇ ਵਧਾਉਂਦੀਆਂ ਹਨ। ਅੱਜਕੱਲ੍ਹ ਪਰਿਵਾਰਾਂ ਵਿੱਚ ਇਹ ਦੇਖਿਆ ਗਿਆ ਹੈ ਕਿ ਧੀਆਂ ਆਪਣੇ ਮਾਪਿਆਂ ਦੇ ਖਰਚਿਆਂ ਦਾ ਭਾਰ ਵੀ ਚੁੱਕਦੀਆਂ ਹਨ, ਉਹ ਦਵਾਈ ਤੋਂ ਲੈ ਕੇ ਬਿਮਾਰੀ ਦੌਰਾਨ ਉਨ੍ਹਾਂ ਦੀ ਦੇਖਭਾਲ ਤੱਕ ਸਭ ਕੁਝ ਕਰਦੀਆਂ ਹਨ।

ਜਦੋਂ ਇੱਕ ਧੀ ਆਪਣੇ ਪਿਤਾ ਨੂੰ ਬਿਸਤਰੇ 'ਤੇ ਦੇਖਦੀ ਹੈ, ਤਾਂ ਉਹ ਸਿਰਫ਼ ਇੱਕ ਮਰੀਜ਼ ਨੂੰ ਨਹੀ ਦੇਖਦੀ, ਸਗੋਂ ਉਹ ਆਪਣੀ ਜ਼ਿੰਦਗੀ ਦੇ ਥੰਮ੍ਹ ਨੂੰ ਡਿੱਗਦੇ ਹੋਏ ਵੀ ਦੇਖਦੀ ਹੈ। ਉਸਦਾ ਦਰਦ, ਉਸਦੀ ਸੇਵਾ ਕਿਸੇ ਵੀ ਪੁੱਤਰ ਤੋਂ ਘੱਟ ਨਹੀ ਹੈ।

### ਮੀਡੀਆ ਅਤੇ ਪ੍ਰਸਿੱਧ ਸੱਭਿਆਚਾਰ ਵਿੱਚ ਬਦਲਾਅ ਦੀ ਲੋੜ

ਸਾਡੇ ਟੈਲੀਵਿਜ਼ਨ ਸੀਰੀਅਲਾਂ ਅਤੇ ਫਿਲਮਾਂ ਵਿੱਚ, ਧੀਆਂ ਨੂੰ ਜਾਂ ਤਾਂ ਇੱਕ ਬੋਝ ਵਜੋਂ ਜਾਂ ਕੁਰਬਾਨੀ ਦੀ ਦੇਵੀ ਵਜੋਂ ਦਿਖਾਇਆ ਜਾਂਦਾ ਹੈ। ਇਹ ਅਤਿਅੰਤ ਹਨ। ਸਾਨੂੰ ਅਜਿਹੀਆਂ ਕਹਾਣੀਆਂ ਦੀ ਲੋੜ ਹੈ ਜੋ ਧੀਆਂ ਨੂੰ ਅਸਲੀ, ਮਜ਼ਬੂਤ ਅਤੇ ਕੁਦਰਤੀ ਰੂਪ ਵਿੱਚ ਪੇਸ਼ ਕਰਨ। ਜਦੋਂ ਸਮਾਜ ਦਾ ਸੱਭਿਆਚਾਰਕ ਪ੍ਰਤੀਬਿੰਬ ਬਦਲਦਾ ਹੈ, ਤਾਂ ਮਾਨਸਿਕਤਾ ਵੀ ਬਦਲ ਜਾਂਦੀ ਹੈ।

### ਸਾਡੀ ਜ਼ਿੰਮੇਵਾਰੀ

ਸਮਾਜ ਨੂੰ ਧੀਆਂ ਨੂੰ ਸਿਰਫ਼ ਇੱਕ ਵਿਕਲਪ ਵਜੋਂ ਨਹੀ ਸਗੋਂ ਇੱਕ ਸੰਪੂਰਨ, ਸਮਰੱਥ ਉੱਤਰਾਧਿਕਾਰੀ ਵਜੋਂ ਦੇਖਣਾ ਚਾਹੀਦਾ ਹੈ। ਧੀਆਂ ਦੀ ਸਿੱਖਿਆ, ਸੁਰੱਖਿਆ ਅਤੇ ਸਤਿਕਾਰ ਸਿਰਫ਼ ਨਾਅਰੇ ਨਹੀ ਹਨ, ਇਹ ਇੱਕ ਡੂੰਘੀ ਸਮਾਜਿਕ ਕ੍ਰਾਂਤੀ ਦੀ ਸ਼ੁਰੂਆਤ ਹਨ। ਸਕੂਲਾਂ ਵਿੱਚ ਬਰਾਬਰ ਸਿੱਖਿਆ ਹੋਣੀ ਚਾਹੀਦੀ ਹੈ, ਧੀਆਂ ਨੂੰ ਪੰਚਾਇਤਾਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਅਤੇ ਘਰਾਂ ਵਿੱਚ ਉਨ੍ਹਾਂ ਦੇ ਫੈਸਲਿਆਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ - ਤਾਂ ਹੀ ਇਹ ਤਬਦੀਲੀ ਸਥਾਈ ਹੋਵੇਗੀ।

ਧੀਆਂ ਦੀ ਪਰਵਰਿਸ਼ ਕਰਦੇ ਸਮੇਂ, ਇਹ ਨਾ ਸੋਚੋ ਕਿ "ਕੱਲ੍ਹ ਉਹ ਅਜਨਬੀ ਬਣ ਜਾਣਗੀਆਂ," ਸਗੋਂ ਇਹ ਸੋਚੋ ਕਿ "ਇਹ ਅੱਜ ਮੇਰੀ ਤਾਕਤ ਹੈ।"

ਅੱਜ ਦੇ ਸਮੇਂ ਵਿੱਚ, ਜਦੋਂ ਪਰਿਵਾਰ, ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਦੀਆਂ ਪਰਿਭਾਸ਼ਾਵਾਂ ਬਦਲ ਰਹੀਆਂ ਹਨ, ਧੀਆਂ ਦੀ ਭੂਮਿਕਾ ਨੂੰ ਇੱਕ ਵਾਰ ਫਿਰ ਨਵੇਂ ਦ੍ਰਿਸ਼ਟੀਕੋਣ ਤੋਂ ਸਮਝਣਾ ਜ਼ਰੂਰੀ ਹੈ। ਉਹ ਸਿਰਫ਼ ਸਹਾਰਾ ਨਹੀ ਹਨ, ਉਹ ਤਾਕਤ ਹਨ। ਉਹ ਸਿਰਫ਼ ਹਮਦਰਦੀ ਦੇ ਹੀ ਨਹੀ ਸਗੋਂ ਵਿਰਾਸਤ ਦੇ ਵੀ ਹੱਕਦਾਰ ਹਨ।

ਧੀਆਂ ਸਿਰਫ਼ ਰਿਸ਼ਤਿਆਂ ਦੀ ਗਾਰੰਟੀ ਹੀ ਨਹੀ ਹੁੰਦੀਆਂ, ਸਗੋਂ ਸਮਾਜ ਦੀ ਰੀੜ੍ਹ ਦੀ ਹੱਡੀ ਵੀ ਹੁੰਦੀਆਂ ਹਨ। ਉਸਦੀਆਂ ਅੱਖਾਂ ਵਿੱਚ ਉਹੀ ਚਿੰਤਾ, ਉਹੀ ਪਿਆਰ, ਉਹੀ ਬੇਅੰਤ ਪਿਆਰ ਹੈ ਜੋ ਕਿਸੇ ਵੀ ਪੁੱਤਰ ਨੂੰ ਹੁੰਦਾ ਹੈ - ਕਈ ਵਾਰ ਇਸ ਤੋਂ ਵੀ ਵੱਧ। ਉਨ੍ਹਾਂ ਨੂੰ ਹਾਸ਼ੀਏ ਤੋਂ ਕੇਂਦਰ ਵਿੱਚ ਲਿਆਉਣਾ, ਉਨ੍ਹਾਂ ਨਾਲ ਸਿਰਫ਼ 'ਧੀਆਂ' ਵਾਂਗ ਨਹੀ ਸਗੋਂ 'ਵਾਰਸਾਂ' ਵਾਂਗ ਪੇਸ਼ ਆਉਣਾ ਹੀ ਸੱਚੀ ਸਮਾਜਿਕ ਤਰੱਕੀ ਹੋਵੇਗੀ।

"ਮੈਂ ਬਹੁਤ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਕੋਈ ਨਹੀ ਸਮਝਦਾ, ਮੇਰਾ ਦਿਲ ਅਨਪੜ੍ਹ ਹੈ... ਇਸਦਾ ਦਿਮਾਗ ਨਹੀ ਹੈ...!" ਜਦੋਂ ਤੁਸੀ ਆਪਣੇ ਦਿਲ ਤੋਂ ਸੋਚੋਗੇ, ਤਾਂ ਹੀ ਤੁਹਾਨੂੰ ਸਮਝ ਆਵੇਗੀ ਕਿ ਧੀਆਂ ਨਾਜ਼ੁਕ ਨਹੀ ਹੁੰਦੀਆਂ, ਉਹ ਕਿਸਮਤ ਹੁੰਦੀਆਂ ਹਨ।

## ਸੱਸ-ਨੂੰਹ: ਰਿਸ਼ਤੇ 'ਚ ਮਿਠਾਸ ਕਿਵੇਂ ਭਰੇ

ਸਮਾਜ ਵਿੱਚ ਸੱਸ-ਨੂੰਹ ਦਾ ਰਿਸ਼ਤਾ ਵੱਖਰੀ ਪਹਿਚਾਣ ਰੱਖਦਾ ਹੈ। ਇਸ ਰਿਸ਼ਤੇ ਵਿੱਚ ਸ਼ੀਤ ਯੁੱਧ ਆਮ ਹੀ ਚੱਲਦਾ ਰਹਿੰਦਾ ਹੈ। ਇਹ ਵਰਤਾਰਾ ਅਤੀਤ ਤੋਂ ਅੱਜ ਤੱਕ ਚੱਲਦਾ ਆ ਰਿਹਾ ਹੈ। ਸ਼ੀਤ ਯੁੱਧ ਨੂੰ ਦੋ ਵੱਡੀਆਂ ਸ਼ਕਤੀਆਂ ਦੇ ਬਿਨਾਂ ਹਥਿਆਰਾਂ ਤੋਂ ਬੋਲੀ-ਚਾਲੀ ਲੜੇ ਜਾਣ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਸ਼ਕਤੀਆਂ ਕੋਈ ਵੀ ਰਾਜਨੀਤਕ ਮੁੱਦਾ ਅਤੇ ਮੌਕਾ ਖੁੰਝਣ ਨਹੀ ਦਿੰਦੀਆਂ ਅਤੇ ਸ਼ੀਤ ਯੁੱਧ ਜਾਰੀ ਰਹਿੰਦਾ ਹੈ। ਆਲਮੀ ਸ਼ਕਤੀਆਂ ਦੇ ਸ਼ੀਤ ਯੁੱਧ ਨੂੰ ਘਰ ਵਿੱਚ ਸੱਸ-ਨੂੰਹ ਪਰਿਭਾਸ਼ਿਤ ਕਰਦੀਆਂ ਹਨ। ਬਹੁਤੇ ਘਰਾਂ ਵਿੱਚ ਬਿਨਾਂ ਮੌਕਿਆਂ ਅਤੇ ਮੁੱਦਿਆਂ ਤੋਂ ਹੀ ਸ਼ੀਤ ਯੁੱਧ ਚੱਲਦਾ ਰਹਿੰਦਾ ਹੈ। ਸੱਸ-ਨੂੰਹ ਹੀ ਅਸਲ ਵਿੱਚ ਇਸ ਦਾ ਕਿਰਦਾਰ ਨਿਭਾਉਂਦੀਆਂ ਹਨ। ਹਾਂ, ਇੱਕ ਗੱਲ ਹੋਰ ਹੈ ਕਿ ਜੇ ਕਿਤੇ ਸੱਸ ਨਿੰਮ ਅਤੇ ਨਣਦ ਕਰੇਲਾ ਹੋ ਨਿੱਬੜੇ ਤਾਂ ਫਿਰ ਸ਼ੀਤ ਯੁੱਧ ਦੀ ਬਜਾਏ ਭਾਂਬੜ ਮੱਚ ਦਿੰਦਾ ਹੈ। ਸੱਸ ਦਾ ਆਮ ਸੁਭਾਅ ਹੋ ਜਾਂਦਾ ਹੈ ਕਿ ਉਹ ਭੁੱਲ ਜਾਂਦੀ ਹੈ ਕਿ ਉਹ ਵੀ ਕਦੇ ਬਹੂ ਸੀ। ਇਸ ਦੇ ਕਾਰਨ ਲੱਭਣੇ ਡੂੰਘੇ ਅਧਿਐਨ ਦਾ ਵਿਸ਼ਾ ਹੈ ਕਿਉਂਕਿ ਜੋ ਮਿਲਿਆ ਓਹੀ ਦੇਵਾਂ ਦੇ ਸਿਧਾਂਤ ਅਨੁਸਾਰ ਸੱਸ ਨੂੰ ਜੋ ਉਸ ਦੀ ਸੱਸ ਨੇ ਦਿੱਤਾ, ਉਹੀ ਆਪਣੀ ਬਹੂ ਨੂੰ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਨੂੰਹਾਂ ਸੱਸ ਦੀ ਮਾਰ ਝੱਲਦੀਆਂ ਹੀ ਸੋਚਣ ਲੱਗ ਪੈਂਦੀਆਂ ਹਨ ਕਿ ਆਪਣੀ ਬਹੂ ਨਾਲ ਵੀ ਇਸੇ ਤਰ੍ਹਾਂ ਕਰਨਗੀਆਂ। ਇਸੇ ਲਈ ਸੱਸ-ਨੂੰਹ ਦਾ ਰਿਸ਼ਤਾ ਖਟਾਸ ਨੂੰ ਦਰਸਾਉਂਦਾ ਹੈ। ਘਰਵਾਲਾ ਵੀ ਮਾਂ ਅਤੇ ਘਰਵਾਲਿਆਂ ਦੇ ਪਿੱਛੇ ਲੱਗ ਕੇ ਉਨ੍ਹਾਂ ਦੀ ਬੋਲੀ ਬੋਲਣ ਲਈ ਮਜਬੂਰ ਹੋ ਜਾਂਦਾ ਹੈ। ਉਹ ਘਰਵਾਲੀ ਦਾ ਪੱਖ ਘੱਟ ਹੀ ਲੈਂਦਾ ਹੈ। ਮਾਂ ਦੀ ਬੋਲੀ ਬੋਲਣਾ ਉਸ ਦੀ ਆਦਤ ਹੀ ਬਣ ਜਾਂਦੀ ਹੈ। ਇਸੇ ਲਈ ਕਹਾਵਤ ਹੈ, 'ਲਾਈ ਲੱਗ ਨਾ ਹੋਵੇ ਘਰਵਾਲਾ ਤੇ ਚੰਦਰਾ ਗੁਆਂਢ ਨਾ ਹੋਵੇ।' ਅਤੀਤ ਤੋਂ ਵਰਤਮਾਨ ਤੱਕ ਇਸ ਸਮਾਜਿਕ ਸ਼ੀਤ ਯੁੱਧ ਦੇ ਤੌਰ ਤਰੀਕੇ ਬਦਲੇ ਜ਼ਰੂਰ ਹਨ, ਪਰ ਨਿਸ਼ਾਨਾ ਇੱਕੋ ਰਿਹਾ ਹੈ। ਔਰਤ ਹੀ ਔਰਤ ਦੀ ਦੁਸ਼ਮਣ ਹੈ। ਸੱਸ-ਨੂੰਹ ਦੇ ਸ਼ੀਤ ਯੁੱਧ ਵਿੱਚੋਂ ਹੀ ਭਰੂਣ ਹੱਤਿਆ ਉਪਜੀ ਸੀ। ਸਮਾਜ ਵਿੱਚ ਅੰਦਰ ਖਾਤੇ ਇਹ ਚੱਲਦਾ ਰਿਹਾ ਹੈ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੀਆਂ ਹੋਈਆਂ ਅਣਜਾਣ ਹੋ ਜਾਂਦੀਆਂ ਹਨ। ਸੱਸ-ਨੂੰਹ ਨੂੰ ਸਮਝਣਾ ਚਾਹੀਦਾ ਹੈ ਕਿ ਦੋਵਾਂ ਦੀ ਨੈਤਿਕਤਾ ਇੱਕ ਦੂਜੇ ਨੂੰ ਸਮਝਣ ਵਿੱਚ ਹੀ ਛੁਪੀ ਹੋਈ ਹੈ। ਸੱਸ-ਨੂੰਹ ਦਾ ਕੇਂਦਰ ਬਿੰਦੂ ਘਰਵਾਲਾ ਹੁੰਦਾ ਹੈ। ਮਾਂ ਆਪਣੇ ਪੁੱਤ ਨੂੰ ਸੁੱਕੇ ਪਾਉਂਦੀ ਸੀ, ਪਰ ਘਰਵਾਲੀ ਦਾ ਨਿੱਤ ਦਿਨ ਦਾ ਸਬਰ

ਸੁਖਪਾਲ ਸਿੰਘ ਗਿੱਲ
98781-11445

ਸੰਤੋਖ ਦੇਖੋ ਤਾਂ ਦੋਵੇਂ ਇੱਕ ਸਿੱਕੇ ਦੇ ਦੋ ਪਹਿਲੂ ਹਨ। ਸਾਡੀ ਸੱਭਿਅਤਾ ਦੇ ਵਿਕਾਸ ਨਾਲ ਸੱਸ-ਨੂੰਹ ਦੇ ਰਿਸ਼ਤੇ ਵਿੱਚ ਸੱਭਿਆਚਾਰਕ ਵੰਨਗੀਆਂ ਰਚੀਆਂ ਗਈਆਂ। ਇਸ ਸ਼ੀਤ ਯੁੱਧ ਨੂੰ ਇੱਥੋਂ ਤੱਕ ਵੀ ਲਿਆਂਦਾ ਗਿਆ ਕਿ ਸਮਾਜ ਇਸ ਨੂੰ ਪ੍ਰਵਾਨ ਹੀ ਕਰ ਲਵੇ, ਪਰ ਸੱਸ-ਨੂੰਹ ਤੋਂ ਬਿਨਾਂ ਸਮਾਜ ਅਧੂਰਾ ਹੈ। ਜੇ ਸੱਸ-ਨੂੰਹ ਵਿੱਚ ਸਹੀ ਰਿਸ਼ਤਾ ਹੋਵੇ ਤਾਂ ਘਰ ਸਵਰਗ ਹੀ ਬਣ ਜਾਂਦਾ ਹੈ। ਜੇ ਦੋਵਾਂ ਵਿੱਚ ਹੀ ਪਿਆਰ ਨਹੀ ਤਾਂ ਇਸ ਤੋਂ ਵੱਧ ਹੋਰ ਨਰਕ ਦੀ ਲੋੜ ਹੈ ਨਹੀ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੇ ਸੱਸ-ਨੂੰਹ ਦੇ ਰਿਸ਼ਤੇ ਨੂੰ ਸੱਭਿਅਤਾ ਦੀ ਚਾਦਰ ਵਿੱਚ ਵਲੇਟਣ ਲਈ ਗੀਤ ਗਾਇਆ ਸੀ, 'ਸੱਸਾਂ ਦੇਵਣ ਮੱਤਾਂ ਉਮਰ ਸੰਵਾਰਨ ਲਈ'। ਜੇ ਨੂੰਹ ਇਸ ਗੱਲ ਨੂੰ ਪੱਲੇ ਬੰਨ੍ਹ ਲਵੇ ਤਾਂ ਖਟਾਸ ਮਿਟ ਸਕਦੀ ਹੈ। ਕਈ ਸੱਸ ਹੋਣ ਦਾ ਰੁਤਬਾ ਹਜ਼ਮ ਨਹੀ ਕਰ ਸਕਦੀਆਂ, ਇਸ ਲਈ ਉਹ ਸੱਸ ਬਣਦੇ ਸਾਰ ਹੀ ਸਿਆਣਪ ਨੂੰ ਦਿਮਾਗ਼ ਤੋਂ ਬਾਹਰ ਕੱਢ ਦਿੰਦੀਆਂ ਹਨ। 'ਲਾ ਕੇ ਗੱਲ ਕਰਨੀ' ਸ਼ੀਤ ਯੁੱਧ ਦਾ ਦੂਜਾ ਨਾਂ ਹੈ। ਪਿੰਡਾਂ ਦੀ ਸਾਦੀ ਭਾਸ਼ਾ ਵਿੱਚ ਲਾ ਕੇ ਗੱਲ ਕਰਨੀ ਹੀ ਦੋਵਾਂ ਵਿਚਕਾਰ ਸ਼ੀਤ ਯੁੱਧ ਦੀ ਕੜੀ ਹੈ। ਸਵੇਰੇ ਉੱਠਦੇ ਸਾਰ ਸੱਸ ਮੱਝ ਨੂੰ ਡੰਡੇ ਮਾਰ ਕੇ ਉਠਾਉਂਦੀ ਹੋਈ ਕਹਿੰਦੀ ਹੈ, 'ਉੱਠ, ਉੱਠ ਜਾ ਕੁਪੱਤੀਏ ਤੈਨੂੰ ਦਿਖਦਾ ਨੀ ਦਿਨ ਚੜ੍ਹ ਆਇਆ' ਨਾ ਹੀ ਮੱਝ ਭਾਸ਼ਾ ਸਮਝਦੀ ਹੈ ਅਤੇ ਨਾ ਹੀ ਸੱਸ ਉਸ ਨੂੰ ਸੁਣਾਉਣਾ ਚਾਹੁੰਦੀ ਹੈ। ਇਹ ਤਾਂ ਜਿਸ ਨੇ ਜਿਸ ਨੂੰ ਕਿਹਾ ਓਹੀ ਸਮਝ ਰਹੀਆਂ ਹਨ। ਇਨ੍ਹਾਂ ਗੱਲਾਂ ਨੂੰ ਇਨ੍ਹਾਂ ਦੋਵਾਂ ਤੋਂ ਇਲਾਵਾ ਕੋਈ ਹੋਰ ਕਈ ਵਾਰ ਸੁਣਦੇ ਹੋਏ ਵੀ ਨਹੀ ਸਮਝ ਸਕਦਾ। ਇੱਕ ਨੂੰਹ ਦਾਜ ਵਿੱਚ ਭਾਂਡੇ ਨਹੀ ਲਿਆਈ, ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਹਰ ਘਰ ਵਿੱਚ ਭਾਂਡੇ ਆਮ ਹੀ ਹੁੰਦੇ ਹਨ, ਪਰ ਸੱਸ ਤਾਂ ਸੱਸ ਹੀ ਹੁੰਦੀ ਹੈ। ਨਵੀ ਨੂੰਹ ਦੇ ਨਵੇਂ ਰਿਸ਼ਤੇਦਾਰ ਆ ਗਏ ਤਾਂ ਸੱਸ ਨੇ ਕਿਹਾ, 'ਲਿਆ ਬਹੂ ਆਪਣੇ ਨਵੇਂ ਗਲਾਸ ਇਨ੍ਹਾਂ ਨਵੇਂ ਰਿਸ਼ਤੇਦਾਰਾਂ ਨੂੰ ਪਾਣੀ ਦੇਣਾ ਹੈ।' ਨੂੰਹ ਇਹ ਸੁਣ ਕੇ ਹੱਕੀ ਬੱਕੀ ਰਹਿ ਗਈ। ਨੂੰਹ ਦੇ ਜੀਵਨ ਦਾ ਇਹ ਪਹਿਲਾ ਅਧਿਆਇ ਸ਼ੁਰੂ ਹੋ ਗਿਆ ਸੀ। ਹੁਣ ਨੂੰਹ ਨੂੰ ਸੱਸ ਦਾ ਅਹਿਸਾਸ ਹੋ ਚੁੱਕਾ ਸੀ। ਬਹੂ ਸੌਣ ਲੱਗਦੀ ਹੈ ਕਿ ਭਾਂਡੇ ਸਵੇਰੇ ਮਾਂਜ ਲਵਾਂਗੀ, ਪਰ ਸੱਸ ਉੱਚੀ ਉੱਚੀ ਭਾਂਡੇ ਖੜਕਾ ਕੇ ਮਾਂਜਣੇ ਸ਼ੁਰੂ ਕਰ ਦਿੰਦੀ ਹੈ। ਇਹ ਵੀ ਸ਼ੀਤ ਯੁੱਧ ਦਾ ਬਾਣ ਹੀ ਹੈ। ਸਮਾਜ ਦੀਆਂ ਇਨ੍ਹਾਂ ਦੋਵਾਂ ਮਹਾ ਸ਼ਕਤੀਆਂ ਦੇ ਸ਼ੀਤ ਯੁੱਧ ਨੂੰ ਬੁੱਧੀਮਾਨਾਂ ਨੇ ਪਰਖਿਆ ਪੜਚੋਲਿਆ, ਪਰ ਅੰਤ ਨਹੀ ਪਿਆ।



ਦੋਵੇਂ ਸਮਾਜਿਕ ਸ਼ਕਤੀਆਂ ਦਾ ਸ਼ੀਤ ਯੁੱਧ ਅਤੀਤ ਤੋਂ ਵਰਤਮਾਨ ਤੱਕ ਬਦਲੇ ਰੂਪਾਂ ਅਨੁਸਾਰ ਜਾਰੀ ਹੈ। ਇਨ੍ਹਾਂ ਦੀਆਂ ਟਕੋਰਾਂ ਨੂੰ ਅਸਿੱਧੇ ਰੂਪ ਵਿੱਚ ਸਮਾਜ ਨੇ ਪ੍ਰਵਾਨ ਕਰ ਲਿਆ ਹੈ। ਰੁੱਸਿਆਂ ਨੂੰ ਮਨਾਉਣ ਲਈ ਸਮਾਜ ਵਿੱਚ ਹਰ ਬੰਦਾ ਕਹਿ ਦਿੰਦਾ ਹੈ ਕਿ ਸੱਸ-ਨੂੰਹ ਦੀ ਕਾਹਦੀ ਲੜਾਈ? ਇਹ ਤਾਂ ਮੁੱਢੋਂ ਚੱਲੀ ਆਉਂਦੀ ਹੈ। ਜਿੱਥੇ ਦੋ ਭਾਂਡੇ ਹੋਣ, ਉਹ ਖੜਕਦੇ ਹੀ ਹਨ। ਸੱਸ-ਨੂੰਹ ਦੇ ਰਿਸ਼ਤੇ ਨੂੰ ਮਨ ਵਿੱਚ ਵਸਾਉਣਾ ਚਾਹੀਦਾ ਹੈ ਕਿ ਉਸ ਸੋਚ ਨਾਲ ਅੱਗੇ ਨਾ ਵਧੀਏ ਜੋ ਮੁੱਢ ਕਦੀਮੋਂ ਮਨ ਵਿੱਚ ਵਸੀ ਹੋਈ ਹੈ। ਜੇ ਕਿਤੇ ਸ਼ੀਤ ਯੁੱਧ ਅਸਲ ਯੁੱਧ ਵਿੱਚ ਪ੍ਰਵੇਸ਼ ਕਰ ਲਵੇ ਤਾਂ ਸਮਾਜਿਕ ਭਾਂਬੜ ਮੱਚ ਜਾਂਦਾ ਹੈ। ਇਸ ਨਾਲ ਸਮਾਜਿਕ ਪਾੜਾ ਵਧ ਕੇ ਅਸੰਤੁਲਨ ਪੈਦਾ ਹੁੰਦਾ ਹੈ। ਸਮਾਜ ਵਿੱਚ ਇਨ੍ਹਾਂ ਦੋ ਸ਼ਕਤੀਆਂ ਦਾ ਸ਼ੀਤ ਯੁੱਧ ਸਮਾਪਤ ਹੋ ਜਾਵੇ ਤਾਂ ਘਰ ਪਰਿਵਾਰ ਹੋਰ ਵੀ ਖ਼ੁਸ਼ਹਾਲ ਹੋ ਜਾਂਦਾ ਹੈ।

## ਲਾਅਨ ਟੈਨਿਸ ਦੀ ਮਲਿਕਾ ਸਟੈਫੀ ਗ੍ਰਾਫ

ਪ੍ਰਿੰਸੀਪਲ ਸਰਵਣ ਸਿੰਘ
principalsarwansingh@gmail.com



ਜਰਮਨੀ ਦੀ ਜੰਮਪਲ ਸਟੈਫੀ ਗ੍ਰਾਫ ਟੈਨਿਸ ਦੀ ਮਲਿਕਾ ਮੰਨੀ ਜਾਂਦੀ ਰਹੀ ਹੈ। ਟੈਨਿਸ ਦੇ ਅੰਬਰ ਵਿੱਚ ਉਹਦਾ ਨਾਂ ਧਰੂ ਤਾਰੇ ਵਾਂਗ ਲਿਸ਼ਕਦਾ ਰਹੇਗਾ। ਉਸ ਨੇ ਟੈਨਿਸ ਦੇ ਸਾਰੇ ਗਰੈਂਡ ਸਲਾਮ ਟੂਰਨਾਮੈਂਟ ਜਿੱਤੇ ਤੇ ਦੋ ਓਲੰਪਿਕ ਖੇਡਾਂ 'ਚੋਂ ਸੋਨੇ, ਚਾਂਦੀ ਤੇ ਕਾਂਸੀ ਦੇ ਤਿੰਨ ਮੈਡਲ ਹਾਸਲ ਕੀਤੇ। ਉਸ ਦੀ ਇਨਾਮੀ ਰਾਸ਼ੀ 2 ਕਰੋੜ ਡਾਲਰਾਂ ਤੋਂ ਟੱਪ ਗਈ ਸੀ ਅਤੇ ਮਾਨ ਸਨਮਾਨਾਂ ਦਾ ਕੋਈ ਅੰਤ ਨਹੀ ਰਿਹਾ। ਉਸ ਨੂੰ ਗੁੜ੍ਹਤੀ ਹੀ ਟੈਨਿਸ ਦੀ ਮਿਲੀ ਸੀ। ਉਸ ਦਾ ਪਿਤਾ ਪੀਟਰ ਗ੍ਰਾਫ ਖ਼ੁਦ ਟੈਨਿਸ ਦਾ ਤਕੜਾ ਖਿਡਾਰੀ ਸੀ ਤੇ ਉਹੀ ਆਪਣੀ ਧੀ ਦਾ ਪਹਿਲਾ ਕੋਚ ਬਣਿਆ। ਸਟੈਫੀ ਨੇ ਤਿੰਨ ਸਾਲ ਦੀ ਉਮਰੇ ਰੈਕੇਟ ਫੜਨਾ ਸਿੱਖ ਲਿਆ ਸੀ ਤੇ ਚੌਥੇ ਸਾਲ ਟੈਨਿਸ ਖੇਡਣ ਲੱਗ ਪਈ ਸੀ। ਫਿਰ ਉਸ ਨੇ ਏਨੀ ਮਿਹਨਤ ਕੀਤੀ, ਐਨਾ ਮੁੜ੍ਹਕਾ ਵਹਾਇਆ, ਏਨਾ ਸਿਦਕ ਤੇ ਸਿਰੜ ਪਾਲਿਆ ਕਿ 13 ਸਾਲ ਦੀ ਅੱਲ੍ਹੜ ਉਮਰ ਤੋਂ ਹੀ ਟੈਨਿਸ ਦੇ ਟੂਰਨਾਮੈਂਟ ਜਿੱਤਦੀ ਵੀਹਵੀ ਸਦੀ ਦੀ ਸਭ ਤੋਂ ਤਕੜੀ ਟੈਨਿਸ ਖਿਡਾਰਨ ਐਲਾਨੀ ਗਈ। ਉਸ ਨੂੰ ਵਿਸ਼ਵ ਪੱਧਰ ਦਾ ਹਰ ਮਾਨ ਸਨਮਾਨ ਮਿਲਿਆ। ਉਸ ਦਾ ਖੇਡ ਕਰੀਅਰ ਨਵੇਂ ਖਿਡਾਰੀਆਂ ਲਈ ਰਾਹ ਦਸੇਰਾ ਤੇ ਖੇਡਾਂ ਦੀ ਦੁਨੀਆ ਲਈ ਚਾਨਣ ਮੁਨਾਰਾ ਹੈ। ਖੇਡ ਪ੍ਰਤਿਭਾ ਨਾਲ ਰੱਬ ਨੇ ਉਸ ਨੂੰ ਰੰਗ ਰੂਪ ਵੀ ਰੱਜ ਕੇ ਦਿੱਤਾ। ਉਸ ਦਾ ਕੱਦ 5 ਫੁੱਟ 9 ਇੰਚ ਹੈ। ਨੱਕ ਤਿੱਖਾ, ਧੌਣ ਲੰਮੀ, ਅੱਖਾਂ ਬਿੱਲੀਆਂ, ਵਾਲ ਭੂਰੇ ਤੇ ਜੁੱਸਾ ਸਡੌਲ ਹੈ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੀ ਮਾਂ, ਭਰਾ, ਪਤੀ, ਪੁੱਤਰ ਤੇ ਧੀ ਨਾਲ ਅਮਰੀਕਾ ਦੇ ਸ਼ਹਿਰ ਲਾਸ ਵੇਗਾਸ ਵਿੱਚ ਪੂਰੇ ਪਰਿਵਾਰ ਨਾਲ ਸੁਖੀ ਵਸਦੀ ਹੈ। ਉਸ ਦਾ ਪਤੀ ਆਂਦਰੇ ਅਗਾਸੀ ਵੀ ਟੈਨਿਸ ਦਾ ਸਟਾਰ ਖਿਡਾਰੀ ਰਿਹਾ ਹੈ ਜਿਸ ਬਾਰੇ ਕਦੇ ਵੱਖਰਾ ਲੇਖ ਲਿਖਿਆ ਜਾਵੇਗਾ। ਸਟੈਫੀ ਦਾ ਪੂਰਾ ਨਾਂ ਸਟੈਫਾਨੀ ਮਾਰੀਆ ਗ੍ਰਾਫ ਹੈ। ਉਸ ਦਾ ਜਨਮ 14 ਜੂਨ 1969 ਨੂੰ ਪੱਛਮੀ ਜਰਮਨੀ ਦੇ ਸ਼ਹਿਰ ਮਨਹਾਈਮ ਨੇੜੇ ਬਰੂਹਲ ਵਿੱਚ ਟੈਨਿਸ ਖਿਡਾਰੀ ਪੀਟਰ ਗ੍ਰਾਫ ਦੇ ਘਰ ਹੋਇਆ ਸੀ। ਉਹਦਾ ਪਿਤਾ ਖ਼ੁਦ ਖਿਡਾਰੀ ਰਿਹਾ ਸੀ ਤੇ ਫਿਰ ਸਟੈਫੀ ਦੇ ਚੰਗੇ ਭਾਗਾਂ ਨੂੰ ਟੈਨਿਸ ਦਾ ਕੋਚ ਬਣ ਗਿਆ ਸੀ। ਉਸ ਨੇ ਆਪਣੀ ਧੀ ਨੂੰ ਟੈਨਿਸ ਦੀ ਖਿਡਾਰਨ ਬਣਾਉਣ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ। ਸਟੈਫੀ ਨੂੰ ਗੇਂਦ ਤੇ ਛੋਟਾ ਰੈਕੇਟ ਪਹਿਲੇ ਖਿਡਾਉਣੇ ਦੇ ਰੂਪ ਵਿੱਚ ਮਿਲੇ ਸਨ ਜਿਵੇਂ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਨੂੰ ਉਸ ਦੇ ਪਿਤਾ ਵੱਲੋਂ ਛੋਟੀ ਹਾਕੀ ਜਨਮ ਦਿਨ ਦੇ ਖਿਡਾਉਣੇ ਵਜੋਂ ਮਿਲੀ ਸੀ। ਉਸ ਖਿਡਾਉਣੇ ਨੇ ਬਲਬੀਰ ਸਿੰਘ ਨੂੰ ਵਿਸ਼ਵ ਦਾ ਅੱਵਲ ਨੰਬਰ ਹਾਕੀ ਖਿਡਾਰੀ ਬਣਨ ਲਈ ਪ੍ਰੇਰਤ ਕਰ ਦਿੱਤਾ ਸੀ। ਕਮਾਲ ਦੀ ਗੱਲ ਇਹ ਕਿ ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿੱਚ ਬਲਬੀਰ ਸਿੰਘ ਦੇ ਕੀਤੇ 5 ਗੋਲਾਂ ਦਾ ਓਲੰਪਿਕ ਰਿਕਾਰਡ ਅਜੇ ਤੱਕ ਕਾਇਮ ਹੈ। ਸਟੈਫੀ ਸਿਰਫ਼ ਚਾਰ ਸਾਲ ਦੀ ਹੋਈ ਸੀ ਕਿ ਪਿਤਾ ਨਾਲ ਟੈਨਿਸ ਖੇਡਣ ਲੱਗ ਪਈ ਸੀ। 13 ਸਾਲ ਦੀ ਹੋਈ ਤਾਂ ਪੇਸ਼ੇਵਰ ਖਿਡਾਰਨ ਵਜੋਂ ਟੈਨਿਸ ਦੇ ਟੂਰਨਾਮੈਂਟਾਂ ਵਿੱਚ ਭਾਗ ਲੈਣ ਲੱਗ ਪਈ। ਉਸ ਨੇ ਪਹਿਲਾ ਪੇਸ਼ੇਵਰਾਨਾ ਮੈਚ 1982 ਵਿੱਚ ਖੇਡਿਆ। ਉਦੋਂ ਤੋਂ ਉਹਦੀਆਂ ਜਿੱਤਾਂ ਦਾ ਐਸਾ ਦੌਰ ਸ਼ੁਰੂ ਹੋਇਆ ਕਿ ਉਹ 1987 ਵਿੱਚ ਫਰੈਂਚ ਓਪਨ ਦਾ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤ ਗਈ। ਉਸੇ ਸਾਲ ਉਹ ਵਿਸ਼ਵ ਦੀ ਸਰਬੋਤਮ ਟੈਨਿਸ ਖਿਡਾਰਨ ਐਲਾਨੀ ਗਈ। ਫਿਰ ਤਾਂ ਐਸੀ ਚੱਲ ਸੋ ਚੱਲ ਹੋਈ ਕਿ ਆਏ ਦਿਨ ਉਸ ਨੂੰ ਜਿੱਤਾਂ 'ਤੇ ਜਿੱਤਾਂ ਨਸੀਬ ਹੋਣ ਲੱਗੀਆਂ। ਉਹ ਵਿਸ਼ਵ ਦੀ ਟੈਨਿਸ ਮਲਿਕਾ ਕਹੀ ਜਾਣ ਲੱਗੀ। ਜਿੱਧਰ ਵੀ ਜਾਂਦੀ ਹੱਥੀ ਛਾਵਾਂ ਹੁੰਦੀਆਂ। ਫਰੈਂਚ ਓਪਨ ਦਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਣ ਪਿੱਛੋਂ ਉਹ ਵਿਸ਼ਵ ਦੀ ਨੰਬਰ 1 ਖਿਡਾਰਨ ਬਣਨ ਦਾ ਖ਼ਿਤਾਬ ਵੀ ਹਾਸਲ ਕਰ ਗਈ। 1988 ਵਿੱਚ ਸਟੈਫੀ ਗ੍ਰਾਫ ਨੇ ਉਹ ਮਾਅਰਕਾ ਮਾਰਿਆ ਜੋ ਉਸ ਤੋਂ ਪਹਿਲਾਂ ਕਿਸੇ ਤੋਂ ਨਹੀ ਸੀ ਵੱਜਾ। ਉਸ ਨੂੰ ਕਹਿੰਦੇ ਹਨ: ਕੈਲੰਡਰ ਗ੍ਰੈਂਡ ਸਲੈਮ। ਉਸ ਵਿੱਚ ਵਿਸ਼ਵ ਭਰ ਦੇ ਵੱਡੇ ਟੈਨਿਸ ਟੂਰਨਾਮੈਂਟ ਆਸਟਰੇਲੀਅਨ ਓਪਨ, ਫ੍ਰੈਂਚ ਓਪਨ, ਵਿੰਬਲਡਨ ਤੇ ਯੂ ਐੱਸ ਓਪਨ ਆਦਿ, ਉਹ ਸਾਰੇ ਗਰੈਂਡ ਸਲੈਮ ਉਸ ਨੇ ਜਿੱਤੇ। ਨਾਲ ਲੋਹੜਾ ਇਹ ਮਾਰਿਆ ਕਿ 1988 ਦੀਆਂ ਓਲੰਪਿਕ ਖੇਡਾਂ 'ਚੋਂ ਇੱਕ ਗੋਲਡ ਤੇ ਇੱਕ ਕਾਂਸੀ ਦਾ ਮੈਡਲ ਵੀ ਜਿੱਤੇ। ਇਹ ਇੱਕ ਸਾਧਾਰਨ ਪਰਿਵਾਰ ਵਿੱਚ ਜੰਮੀ ਪਲੀ ਲੜਕੀ ਦੀ ਪ੍ਰਾਪਤੀ ਸੀ ਨਾ ਕਿ ਸੋਨੇ ਦੇ ਚਮਚੇ ਨਾਲ ਗੁੜ੍ਹਤੀ ਲੈ ਕੇ ਜੰਮੀ ਕਿਸੇ ਅਮੀਰਜ਼ਾਦੀ ਦੀ। ਆਲੇ ਭੋਲੇ ਬਚਪਨ ਤੋਂ ਲੈ ਕੇ ਉਸ ਨੇ ਟੈਨਿਸ ਦੀ ਲੰਮੀ, ਥਕਾਉਣ ਵਾਲੀ ਪਰ ਉਤਸ਼ਾਹ ਭਰੀ ਜੰਗ ਲੜੀ ਸੀ। ਉਹ ਘਰੋਂ ਸਿੱਧੀ ਹਵਾਈ ਅੱਡਿਆਂ 'ਤੇ ਜਾਂਦੀ, ਜਹਾਜ਼ਾਂ 'ਤੇ ਚੜ੍ਹਦੀ ਉਤਰਦੀ, ਸਿੱਧੀ ਟੈਨਿਸ ਦੇ ਮੈਦਾਨਾਂ 'ਚ ਪਹੁੰਚਦੀ ਤੇ ਪ੍ਰੈਕਟਿਸ ਕਰ ਕੇ ਜਾਂ ਟੂਰਨਾਮੈਂਟ ਖੇਡ ਕੇ ਸਿੱਧੀ ਘਰ ਮੁੜਦੀ। ਉਸ ਕੋਲ ਕੋਈ ਵਕਤ ਨਹੀ ਜੋ ਫ਼ਜ਼ੂਲ ਗੱਲਾਂ 'ਚ ਗੁਆਇਆ ਜਾਵੇ। 13 ਸਾਲ ਦੀ ਅੱਲ੍ਹੜ ਉਮਰ 'ਚ ਉਸ ਨੇ ਪਹਿਲਾ ਪੇਸ਼ੇਵਰ ਮੈਚ ਖੇਡਿਆ, 18 ਸਾਲ ਦੀ ਉਮਰੇ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਿਆ, ਉਸੇ ਸਾਲ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਐਲਾਨੀ ਗਈ, 19ਵੇਂ ਸਾਲ ਦੀ ਉਮਰੇ ਮਹਾਨ ਪ੍ਰਾਪਤੀ ਕੈਲੰਡਰ ਸਲੈਮ ਜਿੱਤਣ ਦੀ ਹੋਈ ਜਿਸ ਨੂੰ 'ਗੋਲਡਨ ਸਲੈਮ' ਵੀ ਕਿਹਾ ਜਾਂਦਾ ਹੈ। ਸਿਓਲ ਦੀਆਂ ਓਲੰਪਿਕ ਖੇਡਾਂ 'ਚ ਸਿੰਗਲਜ਼ ਦਾ ਗੋਲਡ ਤੇ ਡਬਲਜ਼ ਦਾ ਕਾਂਸੀ ਦਾ ਮੈਡਲ ਜਿੱਤ ਕੇ ਉਸ ਨੇ ਪੱਛਮੀ ਜਰਮਨੀ ਦਾ ਮਾਣ ਵਧਾਇਆ। ਫਿਰ ਬਰਲਿਨ ਦੀ ਦੀਵਾਰ ਢਾਹ ਕੇ ਈਸਟ ਜਰਮਨੀ ਤੇ ਵੈਸਟ ਜਰਮਨੀ ਇਕੱਠੇ ਹੋਏ ਤਾਂ 1992 ਵਿੱਚ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ 'ਚੋ ਸਟੈਫੀ ਗ੍ਰਾਫ ਨੇ ਇੱਕ ਸਿਲਵਰ ਮੈਡਲ ਜਰਮਨੀ ਦੇ ਨਾਂ 'ਤੇ ਵੀ ਜਿੱਤਿਆ। ਜਰਮਨੀ ਦੀ ਸਿਟੀਜ਼ਨ ਤਾਂ ਉਹ ਜਮਾਂਦਰੂ ਸੀ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਅਮਰੀਕਾ ਵਿੱਚ ਵਸੇਬੇ ਕਾਰਨ ਉਹ ਅਮਰੀਕਾ ਦੀ ਵੀ ਸਿਟੀਜ਼ਨ ਹੈ। ਸਟੈਫੀ ਗ੍ਰਾਫ ਦੀਆਂ ਪ੍ਰਾਪਤੀਆਂ ਵੇਖੀਏ ਤਾਂ ਔਰਤ ਦੀ ਸ਼ਕਤੀ, ਸਮਰੱਥਾ ਤੇ ਪ੍ਰਤਿਭਾ ਜਾਣ ਕੇ ਹੈਰਾਨੀ ਹੁੰਦੀ ਹੈ। ਉਸ ਨੇ ਆਪਣੇ ਖੇਡ ਕਰੀਅਰ ਵਿੱਚ 22 ਗ੍ਰੈਂਡ ਸਲੈਮ ਸਿੰਗਲ ਦੇ ਖ਼ਿਤਾਬ ਜਿੱਤੇ ਜੋ ਹੈਰਾਨ ਕਰ ਦੇਣ ਵਾਲੇ ਕਾਰਨਾਮੇ ਹਨ। ਇੰਜ ਕਰਦਿਆਂ ਉਸ ਨੇ ਟੈਨਿਸ ਦੀ ਖੇਡ ਵਿੱਚ ਔਰਤ ਦੀਆਂ ਜਿੱਤਾਂ ਦਾ ਨਵਾਂ ਇਤਿਹਾਸ ਰਚਿਆ। ਉਸ ਨੇ 50-100 ਹਫ਼ਤੇ ਨਹੀ, ਪੂਰੇ 377 ਹਫ਼ਤੇ ਵਿਸ਼ਵ ਰੈਂਕਿੰਗ ਵਿੱਚ ਅੱਵਲ ਨੰਬਰ ਰਹਿਣ ਦਾ ਰਿਕਾਰਡ ਰੱਖਿਆ ਜੋ ਛੇਤੀ ਕੀਤਿਆਂ ਟੁੱਟਣ ਵਾਲਾ ਨਹੀ। ਆਸਟਰੇਲੀਅਨ ਓਪਨ ਦਾ ਗ੍ਰੈਂਡ ਸਲੈਮ ਖ਼ਿਤਾਬ ਉਸ ਨੇ 4 ਵਾਰ, ਫਰੈਂਚ ਓਪਨ ਦਾ 6 ਵਾਰ, ਵਿੰਬਲਡਨ ਦਾ 7 ਵਾਰ ਤੇ ਯੂਐੱਸ ਓਪਨ ਦਾ 5 ਵਾਰ ਯਾਨੀ ਔਰਤਾਂ ਦੇ ਕੁੱਲ 22 ਗ੍ਰੈਂਡ ਸਲੈਮ ਐਵਾਰਡ ਜਿੱਤੇ ਜੋ ਮਿੱਟੀ, ਘਾਹ ਤੇ ਪੱਕੇ ਫਰਸ਼ ਵਾਲੇ ਟੈਨਿਸ ਕੋਰਟਾਂ 'ਤੇ ਖੇਡੇ ਜਾਂਦੇ ਰਹੇ। ਸਟੈਫੀ ਹਰ ਤਰ੍ਹਾਂ ਦੇ ਕੋਰਟਾਂ 'ਤੇ ਖੇਡਣ ਵਿੱਚ ਮਾਹਿਰ ਸੀ। ਉਹ ਬਚਪਨ ਤੋਂ ਹੀ ਗੰਭੀਰ, ਆਪਣੀ ਖੇਡ 'ਚ ਮਗਨ, ਖਾਧ ਖੁਰਾਕ ਵੱਲ ਧਿਆਨ ਦੇਣ ਅਤੇ ਅੰਤਰਮੁਖੀ ਸੁਭਾਅ ਦੀ ਲੜਕੀ ਸੀ। ਉਹ ਫ਼ਜ਼ੂਲ ਦੀਆਂ ਮਿਲਣੀਆਂ ਤੇ ਬੇਲੋੜੀਆਂ ਬਹਿਸਾਂ 'ਚ ਸਮਾਂ ਨਹੀ ਸੀ ਗੁਆਉਂਦੀ। ਹਰ ਵੇਲੇ ਆਪਣੀ ਖੇਡ ਨੂੰ ਹੋਰ ਨਿਖਾਰਨ ਤੇ ਕਮੀਆਂ, ਕਮਜ਼ੋਰੀਆਂ ਸੁਧਾਰਨ ਵੱਲ ਧਿਆਨ ਦਿੰਦੀ ਸੀ। ਉਸ ਦਾ ਪਹਿਲਾ ਕੋਚ ਉਹਦਾ ਬਾਪ ਪੀਟਰ ਗ੍ਰਾਫ ਸੀ ਜੋ ਧੀ ਨੂੰ 1986 ਤੱਕ ਕੋਚਿੰਗ ਦਿੰਦਾ ਰਿਹਾ। 1986 ਤੋਂ 1991 ਤੱਕ ਉਸ ਨੂੰ ਪਾਵੇਲ ਸਲੋਜ਼ਿਲ ਨੇ ਕੋਚਿੰਗ ਦਿੱਤੀ ਤੇ 1992 ਤੋਂ 1999 ਤੱਕ ਹੈਜ਼ ਗੁੰਥਾਰਟ ਉਹਦਾ ਕੋਚ ਰਿਹਾ। ਉਹ 1982 ਤੋਂ 1999 ਤੱਕ ਸਤਾਰਾਂ ਸਾਲ ਜਿੱਤ ਮੰਚਾਂ 'ਤੇ ਚੜ੍ਹਦੀ ਰਹੀ। ਇਨ੍ਹਾਂ ਸਾਲਾਂ ਦੌਰਾਨ ਆਰਾਮ ਉਸ ਨੂੰ ਉਦੋਂ ਹੀ ਮਿਲਦਾ ਜਦੋਂ ਖੇਡਦਿਆਂ ਉਹਦੇ ਕੋਈ ਸੱਟ-ਫੇਟ ਲੱਗਦੀ ਜਾਂ ਮਸਲ ਖਿੱਚਿਆ ਜਾਂਦਾ। 17 ਸਾਲਾਂ ਦੇ ਖੇਡ ਜੀਵਨ ਵਿੱਚ ਉਸ ਨੂੰ ਲੱਖਾਂ ਮੀਲ ਹਵਾਈ ਸਫ਼ਰ ਕਰਨਾ ਪਿਆ ਜਿਸ ਲਈ ਸੈਂਕੜੇ ਹਵਾਈ ਅੱਡਿਆਂ ਤੋਂ ਚੜ੍ਹਨਾ ਉਤਰਨਾ ਪਿਆ। ਖਿਡਾਰੀ, ਸੈਲਾਨੀਆਂ ਵਾਂਗ ਵਿਸ਼ਵ ਦੇ ਸੁੰਦਰ ਸ਼ਹਿਰਾਂ ਤੇ ਨਜ਼ਾਰਿਆਂ ਦੀਆਂ ਸੈਰਾਂ ਨਹੀ ਕਰਦੇ ਬਲਕਿ ਖੇਡ ਮੁਕਾਬਲਿਆਂ ਲਈ ਲੰਮੇ ਸਫ਼ਰਾਂ ਦੀਆਂ ਪਰੇਸ਼ਾਨੀਆਂ ਝੱਲਦੇ ਤੇ ਨਾਲ ਦੀ ਨਾਲ ਸਫ਼ਰ ਦੌਰਾਨ ਕਸਰਤਾਂ ਕਰਦੇ ਹੋਏ ਜੁੱਸੇ ਵੀ ਫਿੱਟ ਰੱਖਦੇ ਹਨ। ਜਿਵੇਂ ਵੱਡੇ ਪਹਿਲਵਾਨਾਂ ਦੇ ਆਪਣੇ ਖ਼ਾਸ ਦਾਅ ਹੁੰਦੇ ਹਨ ਜਿਨ੍ਹਾਂ ਨੂੰ ਵਰਤ ਕੇ ਉਹ ਕੁਸ਼ਤੀਆਂ ਜਿੱਤਦੇ ਹਨ ਉਵੇਂ ਸਟੈਫੀ ਦਾ ਖ਼ਾਸ ਦਾਅ ਉਸ ਦਾ 'ਫੋਰਹੈਂਡ' ਸੀ। ਉਹ ਸਵੀਪਿੰਗ ਫੋਰਹੈਂਡ ਮਾਰ ਕੇ ਮੈਚ ਦਾ ਰੁਖ਼ ਪਲਟ ਦਿੰਦੀ ਸੀ। ਉਸ ਦੀ ਤੇਜ਼ ਦੌੜ, ਮੁੜਨ ਦੀ ਫੁਰਤੀ ਤੇ ਖੇਡ ਦੀ ਸਫ਼ਾਈ ਨੇ ਉਸ ਨੂੰ ਅਦੁੱਤੀ ਖਿਡਾਰਨ ਬਣਾਇਆ। ਮੈਦਾਨ ਵਿੱਚ ਉਸ ਦੀ ਮੌਜੂਦਗੀ ਖੇਡ ਨੂੰ ਰਚਨਾਤਮਕ ਬਣਾਈ ਰੱਖਦੀ ਸੀ ਤੇ ਮੈਚ ਦਾ ਮੁਹਾਣ ਕਿਸੇ ਵੀ ਸਮੇਂ ਆਪਣੇ ਹੱਕ ਵਿੱਚ ਮੋੜ ਸਕਦੀ ਸੀ। ਉਸ ਦੀ ਸਰਵਿਸ ਕਮਾਲ ਦੀ ਸੀ ਜਿਸ ਦੀ ਸਪੀਡ ਹੈਰਾਨ ਕਰ ਦੇਣ ਵਾਲੀ ਹੁੰਦੀ ਸੀ। 1987 ਤੋਂ 1996 ਤੱਕ ਦੇ 10 ਸਾਲ ਉਸ ਦੀ ਖੇਡ ਦੇ ਸੁਨਹਿਰੀ ਸਾਲ ਸਨ। ਉਦੋਂ ਸੀ ਵੀ ਉਹ ਭਰ ਜੁਆਨ। ਉਸ ਨੇ ਆਪਣੇ ਖੇਡ ਕਰੀਅਰ ਦੌਰਾਨ 107 ਸਿੰਗਲਜ਼ ਟਾਈਟਲ ਜਿੱਤੇ ਜੋ ਕਹਿ ਦੇਣੀ ਗੱਲ ਹੈ। ਉਸ ਦਾ ਖੇਡ ਅੰਦਾਜ਼ ਸੰਜਮੀ, ਸੋਚ-ਵਿਚਾਰ ਵਾਲਾ ਤੇ ਤਕਨੀਕੀ ਤੌਰ 'ਤੇ ਸ਼ਾਨਦਾਰ ਸੀ। ਕੋਰਟ ਦੀਆਂ ਬਾਹਰੀ ਲਕੀਰਾਂ ਤੱਕ ਦੀ ਇੰਚ-ਇੰਚ ਜਗ੍ਹਾ ਅੱਖਾਂ ਮੀਚ ਕੇ ਵੀ ਉਹਦੀ ਨਜ਼ਰ ਵਿੱਚ ਰਹਿੰਦੀ ਸੀ। ਟੈਨਿਸ ਕੋਰਟ ਦੀਆਂ ਲਕੀਰਾਂ ਜਿਵੇਂ ਧਰਤੀ ਦੀ ਥਾਂ ਉਹਦੇ ਮਨ ਮਸਤਕ ਵਿੱਚ ਵਾਹੀਆਂ ਹੋਣ। ਉਹ ਧੀਰਜ ਨਾਲ ਖੇਡਦੀ ਤੇ ਵਾਧੂ ਉਤੇਜਨਾ ਵਿੱਚ ਨਾ ਆਉਂਦੀ ਸਗੋਂ ਉਹਦੇ ਚਿਹਰੇ 'ਤੇ ਸਦਾ ਸ਼ਾਂਤੀ ਸਮਾਈ ਲੱਗਦੀ। ਉਹਦੀ ਮਿੰਨੀ ਮੁਸਕਾਨ ਦਰਸ਼ਕਾਂ ਨੂੰ ਬੇਹੱਦ ਪਿਆਰੀ ਲੱਗਦੀ। ਉਹ ਭਾਵਨਾਵਾਂ ਦਾ ਬੇਲੋੜਾ ਵਿਖਾਵਾ ਨਹੀ ਸੀ ਕਰਦੀ ਤੇ ਵਿਰੋਧੀ ਖਿਡਾਰੀਆਂ 'ਤੇ ਨਿਰਾਰਥਕ ਦਬਾਅ ਨਹੀ ਸੀ ਪਾਉਂਦੀ। ਉਹ ਸਹਿਜ ਤੇ ਸੁਹਜ ਨਾਲ ਕੋਰਟ ਵਿੱਚ ਆਉਂਦੀ। ਨਾ ਜਿੱਤਣ ਵੇਲੇ ਆਫਰਦੀ, ਨਾ ਹਾਰ ਜਾਣ 'ਤੇ ਢੇਰੀ ਢਾਹੁੰਦੀ। ਬੇਲੋੜੀਆਂ ਫੜਾਂ ਮਾਰਨੀਆਂ ਜਾਂ ਬਿਆਨ ਦਾਗਣੇ ਉਹ ਖਿਡਾਰੀ ਦੀ ਕਮਜ਼ੋਰੀ ਸਮਝਦੀ ਸੀ। ਉਸ ਨੂੰ ਮੰਨਤਾਂ ਮੁਰਾਦਾਂ ਮੰਨਣ ਦੀ ਥਾਂ ਆਪਣੀ ਖੇਡ ਵਿੱਚ ਵਿਸ਼ਵਾਸ ਸੀ। ਉਸ ਦਾ ਵਧੇਰੇ ਸਖ਼ਤ ਮੁਕਾਬਲਾ ਮੋਨਿਕਾ ਸੇਲੇਸ ਨਾਲ ਹੁੰਦਾ ਸੀ ਜੋ 1990 ਤੋਂ 1993 ਤੱਕ ਚੱਲਿਆ। 1993 'ਚ ਮੋਨਿਕਾ 'ਤੇ ਹਮਲਾ ਹੋ ਜਾਣ ਕਰਕੇ ਉਹ ਟੈਨਿਸ ਕੋਰਟ ਤੋਂ ਲਾਂਭੇ ਹੋ ਗਈ ਸੀ। ਫਿਰ ਨਵਰਾਤੀਲੋਵਾ ਤੇ ਸਬਾਤੀਨੀ ਨਾਲ ਉਸ ਦੇ ਗਹਿ-ਗੱਡਵੇਂ ਮੈਚ ਹੁੰਦੇ ਰਹੇ। 1999 ਵਿੱਚ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਸਟੈਫੀ ਗ੍ਰਾਫ ਦੀ ਜ਼ਿੰਦਗੀ ਨੇ ਨਵੀ ਕਰਵਟ ਲਈ। ਤਦ ਤੱਕ ਉਹ ਤੀਹ ਸਾਲਾਂ ਦੀ ਹੋ ਗਈ ਸੀ ਤੇ ਵਿਆਹ ਵੀ ਕਰਾਉਣਾ ਸੀ। ਉਸੇ ਸਾਲ ਉਹ ਟੈਨਿਸ ਦੇ ਸਟਾਰ ਖਿਡਾਰੀ ਆਂਦਰੇ ਅਗਾਸੀ ਦੇ ਸੰਪਰਕ ਵਿੱਚ ਆਈ ਤੇ ਦੋ ਸਾਲ ਦੇ ਮੇਲ ਗੇਲ ਪਿੱਛੋਂ 22 ਅਕਤੂਬਰ 2001 ਨੂੰ ਦੋਹਾਂ ਨੇ ਵਿਆਹ ਕਰਾ ਲਿਆ। ਦੋਹਾਂ ਦੀਆਂ ਮਾਵਾਂ ਮੌਕੇ ਦੀਆਂ ਗਵਾਹ ਬਣੀਆਂ। ਉਹ ਵਿਆਹ ਖ਼ੁਸ਼ੀਆਂ ਭਰਿਆ ਤੇ ਟਿਕਾਊ ਰਿਹਾ। ਉਨ੍ਹਾਂ ਦੇ ਪਹਿਲਾਂ ਪੁੱਤਰ ਤੇ ਫਿਰ ਧੀ, ਦੋ ਬੱਚੇ ਪੈਦਾ ਹੋਏ ਜੋ ਘਰ ਦੇ ਰੌਸ਼ਨ ਚਿਰਾਗ ਹਨ। ਸਟੈਫੀ ਗ੍ਰਾਫ ਤੇ ਆਂਦਰੇ ਅਗਾਸੀ ਖ਼ੂਬਸੂਰਤ ਆਦਰਸ਼ਕ ਜੋੜਾ ਹੈ ਜੋ ਸਮਾਜਿਕ ਕਾਰਜਾਂ ਵਿੱਚ ਦਿਲਚਸਪੀ ਰੱਖਦਾ ਹੈ। ਉਨ੍ਹਾਂ ਦਾ ਧਿਆਨ ਚੈਰਿਟੀ ਦੇ ਕਾਰਜਾਂ, ਸਰੀਰਕ ਸੰਭਾਲ, ਲੜਕੀਆਂ ਦੀ ਸਿੱਖਿਆ ਤੇ ਖੇਡਾਂ ਵੱਲ ਰਹਿੰਦਾ ਹੈ ਜਿਸ ਵਿੱਚ ਉਹ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ। ਉਨ੍ਹਾਂ ਨੇ ਆਪਣੀ ਸੰਸਥਾ 'ਚਿਲਡਰਨ ਫਾਰ ਟੂਮਾਰੋ' ਸਥਾਪਿਤ ਕੀਤੀ ਹੈ ਜੋ ਜ਼ੁਲਮਾਂ ਦੇ ਸਤਾਏ ਤੇ ਸੰਘਰਸ਼ ਵਾਲੇ ਖੇਤਰਾਂ 'ਚੋਂ ਬਚੇ ਬੱਚਿਆਂ ਦੀ ਮਦਦ ਕਰਦੀ ਹੈ। ਸਟੈਫੀ ਗ੍ਰਾਫ ਦੀਆਂ ਖੇਡ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ 1999 ਵਿੱਚ ਉਸ ਦਾ ਨਾਂ ਅੰਤਰਰਾਸ਼ਟਰੀ ਟੈਨਿਸ ਹਾਲ ਆਫ਼ ਫੇਮ ਵਿੱਚ ਸੁਸ਼ੋਭਿਤ ਕੀਤਾ ਗਿਆ। ਉਸ ਨੇ ਟੈਨਿਸ ਦੀ ਖੇਡ ਵਿੱਚ ਉਸ ਬੁਲੰਦੀ ਨੂੰ ਛੋਹਿਆ ਜੋ ਉਸ ਤੋਂ ਪਹਿਲਾਂ ਨਾ ਕਿਸੇ ਮਰਦ ਤੇ ਨਾ ਕਿਸੇ ਔਰਤ ਨੇ ਛੋਹੀ ਸੀ। ਉਹ ਐਸੀ ਖਿਡਾਰਨ ਵਜੋਂ ਚੇਤੇ ਰਹੇਗੀ ਜਿਸ ਦੀ ਖੇਡ ਪ੍ਰਤਿਭਾ, ਮਾਸੂਮੀਅਤ ਤੇ ਸੁੰਦਰਤਾ ਨੇ ਖੇਡ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕੀਤਾ। ਉਹਦਾ ਜੀਵਨ ਉੱਚੀਆਂ ਤੋਂ ਉੱਚੀਆਂ ਉਡਾਣਾਂ ਭਰਨ ਦੀ ਖੇਡ ਕਥਾ ਹੈ। ਸਟੈਫੀ ਗ੍ਰਾਫ ਦੀ ਵਿਰਾਸਤ ਖੇਡ-ਖ਼ਿਤਾਬਾਂ ਵਿੱਚ ਨਹੀ ਸਗੋਂ ਉਸ ਦੀ ਖੇਡ ਲਗਨ, ਨਿਮਰਤਾ ਤੇ ਸੁਹਿਰਦਤਾ ਵਿੱਚ ਹੈ। ਉਸ ਦੇ ਖੇਡ ਰਿਕਾਰਡ ਨਵੇਂ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਹਨ ਜੋ ਸੁਨੇਹੇ ਦਿੰਦੇ ਹਨ, ਆਵੇ ਕੋਈ ਨਿੱਤਰੇ!

# ਹੰਗਾਮੀ ਹਾਲਾਤ ਦੌਰਾਨ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਦਾ ਡੀ. ਸੀ. ਨੇ ਕੀਤਾ ਸਨਮਾਨ

ਗੁਰਦਾਸਪੁਰ, 7 ਜੂਨ (ਜਗੀਰ ਸਿੰਘ ਮੰਡ ): ਦੇਸ਼ ਦੀ ਸਰਹੱਦ 'ਤੇ ਪੈਦਾ ਹੋਏ ਤਣਾਅਪੂਰਨ ਹਾਲਾਤ ਅਤੇ ਜੰਗ ਵਰਗੇ ਮਾਹੌਲ ਦੌਰਾਨ ਗੁਰਦਾਸਪੁਰ ਜ਼ਿਲ੍ਹੇ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਨੂੰ ਮਾਨਤਾ ਦੇਣ ਲਈ ਅੱਜ ਇਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ, ਜਿਨ੍ਹਾਂ ਨੇ ਬੇਹੱਦ ਸੰਕਟ ਦੀ ਘੜੀ ਵਿਚ ਮਿਸਾਲੀ ਸੇਵਾ ਭਾਵਨਾ ਅਤੇ ਦੇਸ਼ ਭਗਤੀ ਦਾ ਪ੍ਰਦਰਸ਼ਨ ਕੀਤਾ।ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਦੋਂ ਸਰਹੱਦ 'ਤੇ ਤਣਾਅ ਵਧਿਆ ਅਤੇ ਸਥਿਤੀ ਗੰਭੀਰ ਹੋ ਗਈ, ਤਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਜਿਸ ਤਰ੍ਹਾਂ ਦਾ ਸਬਰ, ਹਿੰਮਤ ਅਤੇ ਚੌਕਸੀ ਦਿਖਾਈ ਗਈ ਹੈ, ਉਹ ਸ਼ਲਾਘਾਯੋਗ ਹੈ ਅਤੇ ਇਹ ਸਮਰਪਿਤ ਅਧਿਕਾਰੀ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਸਬ-ਡਵੀਜ਼ਨ, ਕਲੱਸਟਰ, ਪਿੰਡ ਅਤੇ ਵਾਰਡ ਪੱਧਰ ਤੱਕ ਪ੍ਰਸ਼ਾਸਕੀ ਨੈੱਟਵਰਕ ਨੂੰ ਸਰਗਰਮ ਕੀਤਾ ਗਿਆ ਹੈ ਅਤੇ ਵਿਸ਼ੇਸ਼ ਆਫ਼ਤ ਪ੍ਰਬੰਧਨ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿਚ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਤੁਰੰਤ ਉਪਲੱਬਧ ਕਰਵਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਸਾਡੇ ਅਧਿਕਾਰੀ ਹਰ ਚੁਣੌਤੀ ਲਈ ਤਿਆਰ ਹਨ ਅਤੇ ਪੂਰੀ ਤਨਦੇਹੀ ਨਾਲ ਆਪਣੇ ਫ਼ਰਜ਼ ਨਿਭਾਉਂਦੇ ਹਨ। ਡਿਪਟੀ ਕਮਿਸ਼ਨਰ ਨੇ ਸਾਰੇ ਅਧਿਕਾਰੀਆਂ ਨੂੰ ਭਵਿੱਖ ਵਿਚ ਵੀ ਇਸੇ ਉਤਸ਼ਾਹ, ਸਮਰਪਣ ਅਤੇ ਜਾਗਰੂਕਤਾ ਨਾਲ ਕੰਮ ਕਰਦੇ ਰਹਿਣ ਦੀ ਅਪੀਲ ਕੀਤੀ।

ਇਸ ਸਨਮਾਨ ਸਮਾਰੋਹ ਦੌਰਾਨ ਸਨਮਾਨਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਯੋਗ ਅਗਵਾਈ ਅਤੇ ਸਕਾਰਾਤਮਿਕ ਊਰਜਾ ਸਦਕਾ ਪੂਰੇ ਜ਼ਿਲ੍ਹੇ ਵਿਚ ਸੰਕਟ ਦੀ ਸਥਿਤੀ ਨੂੰ ਸੰਗਠਿਤ ਢੰਗ ਨਾਲ ਸੰਭਾਲਿਆ ਜਾ ਸਕਿਆ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸ.ਡੀ.ਐੱਮ ਦੀਨਾਨਗਰ ਸ. ਜਸਪਿੰਦਰ ਸਿੰਘ, ਐੱਸ.ਡੀ.ਐੱਮ ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ, ਐੱਸ.ਡੀ.ਐੱਮ ਬਟਾਲਾ ਸ੍ਰੀ ਵਿਕਰਮਜੀਤ ਸਿੰਘ, ਐੱਸ.ਡੀ.ਐੱਮ ਕਲਾਨੌਰ ਜਯੋਤਸਨਾ ਸਿੰਘ, ਐੱਸ.ਡੀ.ਐੱਮ ਗੁਰਦਾਸਪੁਰ ਮਨਜੀਤ ਸਿੰਘ, ਸਹਾਇਕ ਕਮਿਸ਼ਨਰ (ਜ) ਸ੍ਰੀ ਆਦਿੱਤਯ ਗੁਪਤਾ, ਸਹਾਇਕ ਕਮਿਸ਼ਨਰ ਰੁਪਿੰਦਰ ਪਾਲ ਸਿੰਘ, ਸਹਾਇਕ ਕਮਿਸ਼ਨਰ ਕੁਲਦੀਪ ਚੰਦ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਜੂਨ 1984 ਦੇ ਘੱਲੂਘਾਰੇ ਨੂੰ ਸਮਰਪਿਤ ਛਬੀਲ ਲਗਾਈ

ਫਤਹਿਗੜ੍ਹ ਸਾਹਿਬ, 7 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਦਸਮੇਸ਼ ਖਾਲਸਾ ਕਾਲਜ, ਜ਼ੀਰਕਪੁਰ ਵਿਖੇ ਸੁਖਮਿੰਦਰ ਸਿੰਘ, (ਸਕੱਤਰ ਵਿੱਦਿਆ) ਦੀ ਰਹਿਨੁਮਾਈ ਹੇਠ, ਡਾ.ਕਰਮਬੀਰ ਸਿੰਘ, (ਕਾਲਜ ਪ੍ਰਿੰਸੀਪਲ) ਦੀ ਯੋਗ ਅਗਵਾਈ ਅਤੇ, ਪ੍ਰੋ. ਤਰਨਜੀਤ ਕੌਰ, ਡਾ.ਜਗਰੂਪ ਸਿੰਘ, ਡਾ. ਕਿਰਨਪਾਲ ਕੌਰ, ਪ੍ਰੋ. ਜਸਬੀਰ ਸਿੰਘ ਅਤੇ ਮੈਡਮ ਬਲਜਿੰਦਰ ਕੌਰ ਦੀ ਦੇਖ-ਰੇਖ ਅਧੀਨ ਸ਼ਹੀਦੀ ਪਰੰਪਰਾ ਦਾ ਮੁੱਢ ਬੰਨ੍ਹਣ ਵਾਲੇ, ਸ਼ਹੀਦਾਂ ਦੇ ਸਰਤਾਜ, ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਜੂਨ 1984 ਦੇ ਘੱਲੂਘਾਰੇ ਨੂੰ ਸਮਰਪਿਤ ਛਬੀਲ ਦਾ ਲੰਗਰ ਲਗਾਇਆ ਗਿਆ। ਕਾਲਜ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ ਚੁਰਾਸੀ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਅਤੇ ਖਾਲਸੇ ਦੀ ਚੜ੍ਹਦੀਕਲਾ ਲਈ ਅਰਦਾਸ ਕਰਨ ਉਪਰੰਤ ਬਹੁਤ ਸ਼ਰਧਾ ਨਾਲ ਸੇਵਾ ਨਿਭਾਈ। ਕਾਲਜ ਪ੍ਰਿੰਸੀਪਲ ਡਾ. ਕਰਮਬੀਰ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਵਿੱਚ ਸ਼ਹੀਦੀ ਪਰੰਪਰਾ ਦਾ ਬਹੁਤ ਮਹੱਤਵ ਹੈ। ਸ਼ਹਾਦਤ ਦਾ ਸਿੱਖ ਸੰਕਲਪ ਬੇਮਿਸਾਲ ਅਤੇ ਵਿਲੱਖਣ ਹੈ। ਸਿੱਖਾਂ ਲਈ ਜੂਨ ਚੁਰਾਸੀ ਦਾ ਘੱਲੂਘਾਰਾ ਨਾ ਭੁੱਲਣਯੋਗ ਘਟਨਾ ਹੈ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।


ਇੰਡੀਅਨ ਬੈਂਕ Indian Bank
ਇਲਾਹਾਬਾਦ ALLAHABAD

ਸ਼ਾਖਾ : ਐਸਏਐਮ ਲੁਧਿਆਣਾ 1656
ਇੰਡਸਟ੍ਰੀਅਲ ਏਰੀਆ-ਏ, ਚੀਮਾ ਚੌਕ, ਲੁਧਿਆਣਾ, ਫੋਨ: 0161-2935587
Email: samludhiana@indianbank.co.in

**ਈ-ਨਿਲਾਮੀ ਮਿਤੀ, ਸਮਾਂ 25.06.2025 ਨੂੰ 10:00:00 ਵਜੇ ਤੋਂ 17:00:00 ਵਜੇ ਤੱਕ**
**(ਵਿਕਰੀ ਦੇ ਮੁਕੰਮਲ ਹੋਣ ਤੱਕ ਹਰੇਕ 10 ਮਿੰਟਾਂ ਦੇ ਸਵੈ ਵਾਧੇ ਸਮੇਤ ਈ-ਨਿਲਾਮੀ ਵਿਧੀ)**

**ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਸੁਰੱਖਿਆ ਵਿਆਜ (ਲਾਗੂਕਰਨ ਨਿਯਮਾਂਵਲੀ), 2002 ਦੇ ਨਿਯਮ 6(2) ਅਤੇ 8(6) ਦੇ ਅਧੀਨ ਇਛੁੱਕ ਵਿਕਰੀ ਦੀ ਸੂਚਨਾ**

ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪਤੀ (ਆਂ), ਜਿਸ ਦਾ ਸੰਕੇਤਕ ਕਬਜ਼ਾ ਇੰਡੀਅਨ ਬੈਂਕ, ਐਸਏਐਮ ਸ਼ਾਖਾ, ਲੁਧਿਆਣਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਈ-ਨਿਲਾਮੀ ਵਿਧੀ ਦੁਆਰਾ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਕੀਤੀ ਜਾਵੇਗੀ। [illegible] (10%) ਜਮ੍ਹਾਂ ਨੰਬਰ ਬੋਲੀ ਵਾਧਾ ਰਕਮ ਦਾ 25% (ਪੱਚੀ ਫੀਸਦੀ) ਜਮ੍ਹਾਂ ਕਰਨਾ ਹੋਵੇਗਾ। [illegible] ਐਸਏਐਮ ਸ਼ਾਖਾ, ਲੁਧਿਆਣਾ, ਆਈਐਫਐਸਸੀ ਸਕੋਡ : ਆਈਡੀਆਈਬੀ000ਐਸ818

| ਲ. ਨੰ. | ਕਰਜ਼ਦਾਰ ਦਾ ਨਾਮ | ਚੱਲ ਸੰਪਤੀ (ਆਂ) ਦੇ ਵਿਸਥਾਰਤ ਵੇਰਵੇ | ਕਬਜ਼ੇ ਦੀ ਕਿਸਮ | ਸੰਪਤੀ 'ਤੇ ਦੇਣਦਾਰੀਆਂ | ਸੰਪਤੀ ਆਈਡੀ ਨੰਬਰ | ਬਕਾਇਆ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ / ਬੋਲੀ ਵਾਧਾ ਰਕਮ |
|---|---|---|---|---|---|---|---|
| 1. | 1. ਮੈਸ. ਸ਼੍ਰਿਸ਼ਟੀ ਏਜੰਸੀਜ਼ ਪ੍ਰਾਈਵੇਟ ਲਿਮਿਟਡ, ਪਤਾ: ਚੱਕ ਲੋਹਾ ਮੰਡੀ, ਫਗਵਾੜਾ, 144401, [illegible] ਈਮੇਲ:- shrishtiagencies.pvtltd2@gmail.com [illegible] ਈਮੇਲ:-vishalgupta0074@gmail.com [illegible] ਈਮੇਲ:- shrishtiagencies.pvtltd2@gmail.com | ਟ੍ਰਾਂਸਫਰ ਡੀਡ ਨੰਬਰ 2018-19/32/1/2768 ਮਿਤੀ 19.03.2019 [illegible] | ਭੌਤਿਕ ਕਬਜ਼ਾ | ਜਾਣੂ ਨਹੀਂ | IDIB75080000070 | ਬਕਾਇਆ ਰਕਮ ਰੁ. 7,45,89,672.80 (ਰੁ. ਸੱਤ ਕਰੋੜ ਪੰਤਾਲੀ ਲੱਖ ਉਣਾਨਵੇਂ ਹਜ਼ਾਰ ਛੇ ਸੌ ਬਹੱਤਰ ਅਤੇ ਅੱਸੀ ਪੈਸੇ ਕੇਵਲ) (02.06.2025 ਤੱਕ ਵਿਆਜ ਸਮੇਤ), ਗੈਰ ਲਾਗੂ ਅਤੇ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ। | 47,00,000/- / 4,70,000/- / 25,000/- |

| ਈ-ਨਿਲਾਮੀ ਵੈਬਸਾਈਟ | ਸੰਪਤੀ ਦੀਆਂ ਤਸਵੀਰਾਂ | ਸੰਪਤੀ ਦੀ ਵੀਡੀਓ | ਸੰਪਤੀ ਦਾ ਸਥਾਨ |
|---|---|---|---|
| | | | |

ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ PSB ਅਲਾਇੰਸ ਪ੍ਰਾਈਵੇਟ ਲਿਮਿਟਡ ਦੀ ਵੈੱਬਸਾਈਟ (https://baanknet.com) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ 8291220220 'ਤੇ ਕਾਲ ਕਰੋ। PSB ਅਲਾਇੰਸ ਪ੍ਰਾਈਵੇਟ ਲਿਮਿਟਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ ਬੋਲੀ ਵਾਧਾ ਰਕਮ ਸਥਿਤੀ ਲਈ, ਕਿਰਪਾ ਕਰਕੇ support.baanknet@psballiance.com 'ਤੇ ਸੰਪਰਕ ਕਰੋ। ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਇੱਥੇ ਜਾਓ: https://baanknet.com ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪ ਲਾਈਨ ਨੰਬਰ +918291220220 'ਤੇ ਸੰਪਰਕ ਕਰੋ।
ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ https://baanknet.com ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਵੇਰਵਿਆਂ ਦੀ ਵਰਤੋਂ ਕਰਨ।
ਮਿਤੀ : 08.06.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ (ਇੰਡੀਅਨ ਬੈਂਕ)



ਯੂਨੀਅਨ ਬੈਂਕ ਆਫ ਇੰਡੀਆ ਭਾਰਤ ਸਰਕਾਰ ਦਾ ਅਦਾਰਾ
Union Bank of India A Goverment of India Undertaking

ਅਸੇਟ ਰਿਕਵਰੀ ਬ੍ਰਾਂਚ
ਕਾਲਰਸ ਬਿਲਡਿੰਗ, ਪਹਿਲੀ ਮੰਜ਼ਿਲ, ਬੀ-ਐਕਸਵੀ-295/ਬੀ ਅਤੇ ਬੀ-ਐਕਸਵੀ-295/ਸੀ, ਓਸਵਾਲ ਸਟ੍ਰੀਟ ਨੇੜੇ, ਮਿਲਰ ਗੰਜ, ਜੀ.ਟੀ. ਰੋਡ, ਲੁਧਿਆਣਾ-141003
Mob. No. 83760-02606, Email –arb.ludhiana@unionbankofindia.bank

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 26.06.2025 ਨੂੰ ਦੁਪਹਿਰ 12:00 ਤੋਂ ਸ਼ਾਮ 05:00 ਵਜੇ ਤੱਕ**

**ਈ-ਨਿਲਾਮੀ ਵਿਕਰੀ ਸੂਚਨਾ**

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 26.06.2025 ਨੂੰ ਦੁਪਹਿਰ 12:00 ਤੋਂ ਸ਼ਾਮ 05:00 ਵਜੇ ਤੱਕ (10 ਮਿੰਟਾਂ ਦੇ ਅਸੀਮਤ ਆਟੋ ਐਕਸਟੈਂਸ਼ਨਾਂ ਦੇ ਨਾਲ)**

**ਬੋਲੀ ਲਗਾਉਣ ਤੋਂ ਪਹਿਲਾਂ ਨਿਲਾਮੀ ਦੇ ਸਮੇਂ ਦੀ ਸਮਾਪਤੀ ਤੋਂ ਪਹਿਲਾਂ ਈ.ਐਮ.ਡੀ. ਜਮ੍ਹਾਂ ਕੀਤੀ ਜਾਵੇਗੀ ਅਤੇ ਪ੍ਰਾਪਰਟੀ ਆਈਡੀ ਨਾਲ ਲਿੰਕ/ਮੈਪ ਕੀਤੀ ਜਾਵੇਗੀ। ਕਿਸੇ ਵੀ ਤਕਨੀਕੀ ਖਰਾਬੀ ਤੋਂ ਬਚਣ ਲਈ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਬੋਲੀ ਵਾਧਾ ਰਕਮ ਰਕਮ ਨੂੰ ਸੰਪੱਤੀ ਆਈਡੀਨਾਲ ਪਹਿਲਾਂ ਤੋਂ ਹੀ ਜਮ੍ਹਾ ਅਤੇ ਲਿੰਕ/ਮੈਪ ਕਰੋ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ /ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ **ਯੂਨੀਅਨ ਬੈਂਕ ਆਫ ਇੰਡੀਆ** ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਯੂਨੀਅਨ ਬੈਂਕ ਆਫ ਇੰਡੀਆ ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਨਿਮਨ ਦਰਸਾਈਆਂ ਮਿਤੀ 26.06.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਣਗੇ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ ਨੂੰ** ਵੈਬਪੋਰਟਲ/ਵੈਬਸਾਈਟ **https://baanknet.com** ਰਾਹੀਂ ਆਯੋਜਿਤ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ/ਜ਼ਾਮਨ/ਗਿਰਵੀਕਾਰ ਦਾ ਨਾਮ | ਬਕਾਇਆ ਰਕਮ | ਸੰਪੱਤੀ ਦਾ ਵੇਰਵਾ | ਰਾਖਵੀਂ ਕੀਮਤ / ਜਮ੍ਹਾਂ ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|
| 1. | ਕਰਜ਼ਦਾਰ : **ਸ਼੍ਰੀ ਸੰਜੀਵ ਕੁਮਾਰ ਨਨਚਾਹਿਲ ਪੁੱਤਰ ਸ. ਸ਼ਿਵ ਕੁਮਾਰ ਨਨਚਾਹਿਲ**, –ਪਤਾ 1: ਮਕਾਨ ਨੰ: 423/14 (ਪੁਰਾਣਾ ਨੰ. ਬੀ–XXXI–1783, ਪ੍ਰੀਤਮ ਨਗਰ, ਚੰਦਰ ਨਗਰ, ਦੰਦੀ ਸਵਾਮੀ ਬਾਗੀ ਵਾਲੀ ਗਲੀ, ਨੇੜੇ ਕਿਚਲੂ ਨਗਰ ਸਿਵਲ ਲਾਈਨਜ਼, ਲੁਧਿਆਣਾ –141001, **ਪਤਾ 2:** ਮਕਾਨ ਨੰ: 102, ਬਲਾਕ ਏ, ਲੁਧਿਆਣਵੀ, ਨਵਾਂਗਰਾਂ, ਲੁਧਿਆਣਵੀ, ਨਵਾਂਗਰਾਂ, ਚੌਂਕੜਾ, ਚੌਂਕੜਾ, ਨਵੀਂ ਦਿੱਲੀ 141001, **ਸਹਿ ਬਿਨੈਕਾਰ: ਸ਼੍ਰੀਮਤੀ ਸ਼ੈਲੀ ਨਨਚਾਹਿਲ ਪਤਨੀ ਸ਼੍ਰੀ ਸੰਜੀਵ ਕੁਮਾਰ ਨਨਚਾਹਿਲ**, ਪਤਾ: ਮਕਾਨ ਨੰ. 102, ਬਲਾਕ –ਏ, ਰਾਧਾ ਸਵਾਮੀ ਸਤਿਸੰਗ ਘਰ ਦੇ ਸਾਹਮਣੇ, 141001 | Rs. 38,27,488.00/- 30.09.2023 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 01.10.2023 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | ਵਪਾਰਕ ਜਾਇਦਾਦ ਦਾ 480 ਵਰਗ ਗਜ਼ (240 ਵਰਗ ਗਜ਼ + 240 ਵਰਗ ਗਜ਼) ਦੇ ਵੇਰਵਾ ਇਸ ਪ੍ਰਕਾਰ ਹੈ: 1) ਵਿਕਰੀ ਡੀਡ ਵਸੀਕਾ ਨੰਬਰ 11433 ਮਿਤੀ 18.10.2004 ਦੇ ਅਧੀਨ ਸ਼੍ਰੀਮਤੀ ਸ਼ੈਲੀ ਪਤਨੀ ਸ਼੍ਰੀ ਸੰਜੀਵ ਕੁਮਾਰ ਦੇ ਨਾਮ 'ਤੇ 240 ਵਰਗ ਗਜ਼ ਦੀ ਵਪਾਰਕ ਜਾਇਦਾਦ ਜਿਸ ਵਿੱਚ ਖਸਰਾ ਨੰਬਰ 5316/1157/663, 5300/1/2886/661–662, ਖਾਤਾ ਨੰਬਰ 2021/2386 ਤੋਂ 2390, ਖਸਰਾ ਨੰਬਰ 5311//2715/663, ਖੱਟਾ ਨੰਬਰ 2022/2386 ਤੋਂ 2390 ਵਿੱਚ ਸ਼ਾਮਲ, ਸਾਲ 2001–02 ਲਈ ਜਮ੍ਹਾਂਬੰਦੀ ਅਨੁਸਾਰ (ਖਾਤਾ ਨੰਬਰ 2050/2424, ਸਾਲ 2011–12 ਲਈ ਜਮ੍ਹਾਂਬੰਦੀ ਅਨੁਸਾਰ 2051/2427) ਪਿੰਡ ਪੀਰੂ ਬੰਦਾ, ਹੱਦਬਸਤ ਨੰਬਰ 167, ਪ੍ਰੀਤਮ ਨਗਰ ਵਜੋਂ ਜਾਣੀ ਜਾਂਦੀ ਆਬਾਦੀ, ਨਵਾਂ ਘਰ ਨੰਬਰ 423/14 (ਪੁਰਾਣਾ ਨੰਬਰ 2–XXXI–1783), ਪ੍ਰੀਤਮ ਨਗਰ, ਚੰਦਰ ਨਗਰ, ਡਾਂਡੀ ਸਵਾਮੀ ਬਾਗੀਚੀ ਵਾਲੀ ਗਲੀ, ਸਿਵਲ ਲਾਈਨਜ਼, ਲੁਧਿਆਣਾ – 141001 ਵਿਖੇ ਸਥਿਤ। ਵਿਕਰੀ ਡੀਡ ਅਨੁਸਾਰ ਹੱਦਬੰਦੀ: ਪੂਰਬ: ਗਲੀ (30'), ਪੱਛਮ: ਗਜਿੰਦਰ ਸਿੰਘ (30'), ਉੱਤਰ: ਤੇਜ ਮੋਹਨ ਸਿੰਘ (72'), ਦੱਖਣ: ਮਨੋਹਰ ਲਾਲ (72'), 2) ਵਿਕਰੀ ਡੀਡ ਵਸੀਕਾ ਨੰਬਰ 9064 ਮਿਤੀ 11.08.2008 ਅਨੁਸਾਰ, ਸ਼੍ਰੀਮਤੀ ਸ਼ੈਲੀ ਪਤਨੀ ਸ਼੍ਰੀ ਸੰਜੀਵ ਕੁਮਾਰ ਦੇ ਨਾਮ 'ਤੇ 240 ਵਰਗ ਗਜ਼ ਦੀ ਵਪਾਰਕ ਜਾਇਦਾਦ ਖਸਰਾ ਨੰਬਰ 5316/1157/663, 5300/1/2886/661–662, 5311//2715/663, ਖਾਤਾ ਨੰਬਰ 2021/2386 ਤੋਂ 2387, 2022/23908 ਤੱਕ ਪ੍ਰਤੀ ਸਾਲ 2022/23903 ਤੱਕ ਦੇ ਗਜ਼ ਸ਼ਾਮਲ 2001–02 (ਖਾਤਾ ਨੰਬਰ 2050/2424, 2051/2427 ਸਾਲ 2011–12 ਲਈ ਜਮਾਂਬੰਦੀ ਅਨੁਸਾਰ) ਪਿੰਡ ਪੀਰੂ ਬੰਦਾ, ਹਦਬਸਤ ਨੰਬਰ 167, ਪ੍ਰੀਤਮ ਨਗਰ ਵਜੋਂ ਜਾਣੀ ਜਾਂਦੀ ਅਬਾਦੀ, ਨਵਾਂ ਮਕਾਨ ਨੰ. 423/1ਡੀ.ਐਕਸਐਕਸਐਕਸਡੀਓ, ਬੀ.ਐਡ.ਐਕਸ.ਐਕਸ.ਡੀ. ਨਗਰ, ਦੰਦੀ ਸਵਾਮੀ ਬਗੀਚੀ ਵਾਲੀ ਗਲੀ, ਸਿਵਲ ਲਾਈਨਜ਼, ਲੁਧਿਆਣਾ – 141001 ਵਿਖੇ ਸਥਿਤ। ਵਿਕਰੀ ਡੀਡ ਅਨੁਸਾਰ ਹੱਦਬੰਦੀ: ਪੂਰਬ – ਪ੍ਰੀਤਮ ਸਿੰਘ (30'), ਪੱਛਮ – ਸੜਕ (30'), ਉੱਤਰ: ਇੰਦਰ ਅਭਿਮਨਿਊ (72'), ਦੱਖਣ: ਪਾਲ ਸਿੰਘ (72') **ਮੁੱਲਾਂਕਣ ਰਿਪੋਰਟ ਅਨੁਸਾਰ ਹੱਦਾਂ / 480 ਵਰਗ ਗਜ਼ ਦੇ ਕੁੱਲ ਖੇਤਰ ਲਈ ਅਸਲ**: ਪੂਰਬ – ਗਲੀ (30'), ਪੱਛਮ – ਗਲੀ (30'), ਉੱਤਰੀ – ਖੁੱਲ੍ਹਾ ਪਲਾਟ, ਮਕਾਨ ਨੰਬਰ 423/34 (144'), ਦੱਖਣੀ – ਖੁੱਲ੍ਹਾ ਪਲਾਟ (144') **(ਕਬਜ਼ਾ ਕਿਸਮ: ਸੰਕੇਤਕ)** | Rs. 1,17,00,000/- <br> Rs. 11,70,000/- <br> Rs. 1,00,000/- |
| 2. | 2. **ਕਰਜ਼ਦਾਰ/ਸਹਿ-ਬਿਨੈਕਾਰ/ਜ਼ਾਮਨ: 1) ਮੈਸ. ਸ਼੍ਰਿੰਗ ਸਾਈਕਲ (ਭਾਈਵਾਲੀ ਫਰਮ) ਭਾਈਵਾਲਾਂ ਸ਼੍ਰੀ ਅਖਿਲ ਬਾਂਸਲ ਪੁੱਤਰ ਸੰਜੇ ਬਾਂਸਲ ਅਤੇ ਸ਼੍ਰੀਮਤੀ ਰੇਣੂ ਬਾਂਸਲ ਪਤਨੀ ਸੰਜੇ ਬਾਂਸਲ ਸ਼੍ਰਿੰਗ ਸਾਈਕਲ**, ਕ੍ਰਿਸ਼ਨਾ ਕਾਰਗੋ ਮੂਵਰ ਦੇ ਨੇੜੇ, ਫੇਜ਼ 7, ਫੋਕਲ ਪੁਆਇੰਟ, ਪਿੰਡ ਗੋਬਿੰਦ ਗੜ੍ਹ ਰੋਡ, ਪਿੰਡ ਅਤੇ ਡਾਕਖਾਨਾ ਜੁਗਲਾਣਾ, ਲੁਧਿਆਣਾ, ਪੰਜਾਬ 141017, 2) ਸ਼੍ਰੀ ਅਖਿਲ ਬਾਂਸਲ ਪੁੱਤਰ ਸੰਜੇ ਬਾਂਸਲ, ਮਕਾਨ ਨੰਬਰ 34, ਪ੍ਰੋਫੈਸਰ ਕਲੋਨੀ, ਸ਼ਾਂਤ ਪਾਰਕ ਦੇ ਨੇੜੇ, ਬਰੇਵਾਲ ਰੋਡ, ਲੁਧਿਆਣਾ, 3) **ਸ਼੍ਰੀਮਤੀ ਰੇਣੂ ਬਾਂਸਲ ਪਤਨੀ ਸੰਜੇ ਬਾਂਸਲ**, ਮਕਾਨ ਨੰਬਰ 34, ਪ੍ਰੋਫੈਸਰ ਕਲੋਨੀ, ਬਰੇਵਾਲ ਰੋਡ, ਲੁਧਿਆਣਾ, **ਜ਼ਾਮਨ: 1) ਸ਼੍ਰੀ ਅਖਿਲ ਬਾਂਸਲ ਪੁੱਤਰ ਸੰਜੇ ਬਾਂਸਲ**, ਮਕਾਨ ਨੰਬਰ 34, ਪ੍ਰੋਫੈਸਰ ਕਲੋਨੀ, ਬਰੇਵਾਲ ਰੋਡ, ਲੁਧਿਆਣਾ, 2) **ਸ਼੍ਰੀਮਤੀ ਰੇਣੂ ਬਾਂਸਲ ਪਤਨੀ ਸੰਜੇ ਬਾਂਸਲ** ਮਕਾਨ ਨੰ. 34, ਪ੍ਰੋਫੈਸਰ ਕਲੋਨੀ, ਬਰੇਵਾਲ ਰੋਡ, ਲੁਧਿਆਣਾ, 3) ਸ਼੍ਰੀ ਸੰਜੇ ਬਾਂਸਲ ਪੁੱਤਰ ਸ਼੍ਰੀ ਜਗਦੀਸ਼ ਲਾਲ ਬਾਂਸਲ, ਘਰ ਨੰ. 34, ਪ੍ਰੋਫੈਸਰ ਕਲੋਨੀ, ਬਰੇਵਾਲ ਰੋਡ, ਲੁਧਿਆਣਾ | Rs. 2,30,58,284.49/- 08.11.2023 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 09.11.2023 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | ਸ਼੍ਰੀਮਤੀ ਰੇਣੂ ਬਾਂਸਲ ਪਤਨੀ ਸ਼੍ਰੀ ਸੰਜੇ ਬਾਂਸਲ ਦੇ ਨਾਮ 'ਤੇ ਵਿਕਰੀ ਡੀਡ ਨੰਬਰ 10859 ਮਿਤੀ 06/08/2008 ਦੇ ਅਧੀਨ ਰਿਹਾਇਸ਼ੀ ਮਕਾਨ ਜਿਸ ਦਾ ਐਮਸੀ ਨੰਬਰ ਬੀ–XXXV–956–ਏ/34 ਹੈ, ਪਲਾਟ ਨੰਬਰ 34 ਉੱਤੇ ਬਣਿਆ 258–1/3 ਵਰਗ ਗਜ਼, ਖਾਤਾ ਨੰਬਰ 914/1210, ਖਸਰਾ ਨੰਬਰ 930 ਮਿਨ ਦੀ ਜ਼ਮੀਨ ਵਿੱਚੋਂ, ਸਾਲ 2001–2022 ਦੀ ਜਮ੍ਹਾਂਬੰਦੀ ਅਨੁਸਾਰ, ਬਾੜੇਵਾਲ ਅਵਾਣਾ, ਆਬਾਦੀ ਪ੍ਰੋਫੈਸਰ ਕਲੋਨੀ, ਨੇੜੇ ਸ਼ੈਡ ਪਾਰਕ, ਕੈਨਾਲ ਰੋਡ, ਹਡਬਸਟ ਨੰਬਰ 157, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਵਿੱਚ ਸਥਿਤ। ਹੱਦਬੰਦੀ : ਉੱਤਰ: ਸਟਰੀਟ ਐਡਮਿਨਿਸਟ੍ਰੇਸ਼ਨ 31', ਦੱਖਣ: ਪਾਰਕ ਐਡਮਿਨਿਸਟ੍ਰੇਸ਼ਨ 31', ਪੂਰਬ: ਪਲਾਟ ਨੰ. 33 ਐਡਮਿਨਿਸਟ੍ਰੇਸ਼ਨ 75', ਪੱਛਮ: ਪਲਾਟ ਨੰ. 35 ਐਡਮਿਨਿਸਟ੍ਰੇਸ਼ਨ 75' **(ਕਬਜ਼ੇ ਦੀ ਕਿਸਮ: ਸੰਕੇਤਕ)** | Rs. 1,24,00,000/- <br> Rs. 12,40,000/- <br> Rs. 1,00,000/- |
| 3. | ਕਰਜ਼ਦਾਰ/ਸਹਿ-ਬਿਨੈਕਾਰ/ਜ਼ਾਮਨ: **a**. ਸ਼੍ਰੀਮਤੀ ਸੁਨੀਤਾ ਪਤਨੀ ਲੇਟ ਗੋਵਿੰਦ ਰਾਏ ਵਾਸੀ ਪਿੰਡ ਮੰਡਿਆਲਾ ਸੋਹਲ ਜਗੀਰ, ਤਹਿਸੀਲ ਨਕੋਦਰ, ਜਲੰਧਰ-144703 **b**. ਸ਼੍ਰੀ ਪ੍ਰੀਤੀ ਪੁੱਤਰੀ ਸਵ. ਗੋਵਿੰਦ ਰਾਏ, ਵਾਸੀ ਪਿੰਡ ਮੰਡਿਆਲਾ ਸੋਹਲ ਜਗੀਰ, ਤਹਿਸੀਲ ਨਕੋਦਰ, ਜਲੰਧਰ-144703 | Rs. 20,46,088.00 ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਬਿਨਾਂ ਚਾਰਜ ਦਾ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | ਸ਼੍ਰੀਮਤੀ ਸੁਨੀਤਾ ਦੇ ਨਾਮ 'ਤੇ 07 ਮਰਲੇ ਜ਼ਮੀਨ 'ਤੇ ਬਣੀ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ ਖੇਵਟ/ਖਤੌਣੀ ਨੰਬਰ 51/53, 151/77, 152/178, ਖਸਰਾ ਨੰਬਰ 15//21/2(1–11), 15//22/5/2(0–16), 16//25/2(0–7), 21//5/2(0–15), 22//1(7–16), 22/2/1/2(6–2), 22/8/2(2–2), 22//9/1(0–5), 22//9/2(4–9), 22/10/2(3–1), 22//10/3(2–16), 22//20/1/1(4–4), 22/11/1(7–10), 21//6/1(1–1), 21//15/1(0–7), 22/19/2/1(1–13), ਹੱਦਬਸਤ ਨੰ. 24, ਸੰਤ ਨਗਰ, ਪਿੰਡ ਸ਼ਰਕਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਸਥਿਤ। ਹੱਦਬੰਦੀ : – ਉੱਤਰ–ਗਲੀ, ਦੱਖਣ–ਦੂਜਿਆਂ ਦਾ ਪਲਾਟ/ਪਾਣੀ ਦੀ ਟੈਂਕੀ, ਪੂਰਬ–ਦੂਜਿਆਂ ਦਾ ਪਲਾਟ/ਜਸਵਿੰਦਰ ਕੌਰ। ਪੱਛਮ–ਦੂਜਿਆਂ ਦਾ ਪਲਾਟ/ਬਾਕੀ ਹਿੱਸਾ/ਸੁਸ਼ੀਲ ਰਾਣੀ। **(ਕਬਜ਼ੇ ਦੀ ਕਿਸਮ: ਭੌਤਿਕ)** | Rs. 3,00,000/- <br> Rs. 30,000/- <br> Rs. 3,000/- |
| 4. | **1. ਮੈਸ. ਆਸ਼ੀਰਵਾਦ ਕਰਿਆਨਾ ਸਟੋਰ, ਪ੍ਰੋਪ. ਦੇਵੀਦਿਆਲ ਮਾਰਫਤ ਦੁਕਾਨ ਨੰ. 387/ਏ, ਪਿੰਡ ਦਰੀਆ, ਚੰਡੀਗੜ੍ਹ, 2.ਸ੍ਰੀ ਦੇਵੀ ਦਿਆਲ ਵਾਸੀ ਮਕਾਨ ਨੰ. 714ਡੀ, ਪਿੰਡ ਦਰੀਆ, ਚੰਡੀਗੜ੍ਹ-160002** | Rs. 46,16,642.50/- 30.04.2023 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 01.05.2023 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | ਸ੍ਰੀ ਦੇਵੀ ਦਿਆਲ ਕਾਂਸਲ ਦੇ ਨਾਮ 'ਤੇ ਰਿਹਾਇਸ਼ੀ ਮਕਾਨ (ਜੀ+2) ਨੰਬਰ 714 ਡੀ, ਨੇੜੇ ਗੋਪਾਲ ਮੰਦਰ, ਦਰੀਆ, ਚੰਡੀਗੜ੍ਹ ਦੀ ਈਐਮਜੀ ਅਤੇ ਹੱਦਬੰਦੀ : ਉਤਰ : ਮਕਾਨ ਨੰ. 713 (41' 5"), ਦੱਖਣ : ਮਕਾਨ ਨੰ. 715 (41' 5"), ਪੂਰਬ : ਹੋਰ ਮਕਾਨ (16' 6"), ਪੱਛਮ : ਗਲੀ। **(ਕਬਜ਼ੇ ਦੀ ਕਿਸਮ: ਸੰਕੇਤਕ)** | Rs. 35,00,000/- <br> Rs. 3,50,000/- <br> Rs. 35,000/- |
| 5. | ਕਰਜ਼ਦਾਰ: **a.**) ਮੈਸ. ਐਡਮਿਰਲ ਇੰਜੀਨੀਅਰਿੰਗ ਕੰਪਨੀ, ਪ੍ਰੋਪ. ਸ਼੍ਰੀ ਗੁਰਵਿੰਦਰ ਸਿੰਘ ਪੁੱਤਰ ਸ਼੍ਰੀ ਮੱਖਣ ਸਿੰਘ (ਮ੍ਰਿਤਕ), ਨਿਵਾਸੀ # 132-ਏ, ਫੋਕਲ ਪੁਆਇੰਟ, ਆਬਾਦੀ ਅਲਾਉਵਾਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143505 ਰਾਹੀਂ। **b**.) ਸਵਰਗੀ ਸ਼੍ਰੀ ਗੁਰਵਿੰਦਰ ਸਿੰਘ ਪੁੱਤਰ ਸ਼੍ਰੀ ਮੱਖਣ ਸਿੰਘ (ਮ੍ਰਿਤਕ) ਰਾਹੀਂ ਆਪਣੇ ਕਾਨੂੰਨੀ ਵਾਰਸਾਂ (**i**) ਸ਼੍ਰੀਮਤੀ ਰਣਜੀਤ ਕੌਰ (ਪਤਨੀ) ਰਾਹੀਂ। (**ii**) ਸ਼੍ਰੀ ਗੁਰਜੀਤ ਸਿੰਘ (ਪੁੱਤਰ), (**iii**) ਸ਼੍ਰੀ ਪਰਮਪਾਲ ਸਿੰਘ (ਪੁੱਤਰ), ਅਤੇ ਸਾਰੇ ਅਣਜਾਣ ਕਾਨੂੰਨੀ ਵਾਰਸ, ਸਾਰੇ ਨਿਵਾਸੀ # 132-ਏ, ਫੋਕਲ ਪੁਆਇੰਟ, ਆਬਾਦੀ ਅਲਾਉਵਾਲ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143505, ਜ਼ਾਮਨ: 1. ਸ਼੍ਰੀਮਤੀ ਰਣਜੀਤ ਕੌਰ ਪਤਨੀ ਸਵਰਗੀ ਸ਼੍ਰੀ ਗੁਰਵਿੰਦਰ ਸਿੰਘ, ਨਿਵਾਸੀ # 132-ਏ ਫੋਕਲ ਪੁਆਇੰਟ, ਆਬਾਦੀ ਅਲਾਉਵਾਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ 143505, 2. ਸ਼੍ਰੀ. ਗੁਰਜੀਤ ਸਿੰਘ ਪੁੱਤਰ ਸਵਰਗਵਾਸੀ ਸ. ਗੁਰਵਿੰਦਰ ਸਿੰਘ, ਵਾਸੀ #132-ਏ ਫੋਕਲ ਪੁਆਇੰਟ, ਅਬਾਦੀ ਅੱਲੋਵਾਲ ਬਟਾਲਾ, ਜਿਲ੍ਹਾ ਗੁਰਦਾਸਪੁਰ-143505 | Rs. 41,69,310/- as ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਬਿਨਾਂ ਚਾਰਜ ਦਾ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | ਵਸੀਕਾ ਨੰਬਰ 1552 ਮਿਤੀ 11.07.2016 ਨੂੰ ਸ਼੍ਰੀ ਗੁਰਵਿੰਦਰ ਸਿੰਘ ਪੁੱਤਰ ਸ਼੍ਰੀ ਮੱਖਣ ਸਿੰਘ ਦੇ ਹੱਕ ਵਿੱਚ ਫੋਕਲ ਪੁਆਇੰਟ, ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਪਲਾਟ ਨੰਬਰ 132–ਏ (ਪੀ) ਵਾਲੀ ਜਾਇਦਾਦ ਦੇ ਸਾਰੇ ਹਿੱਸੇ ਅਤੇ ਭਾਗ, 917 ਵਰਗ ਗਜ਼, ਸੰਪੱਤੀ ਦੀ ਹੱਦ ਹੇਠ ਲਿਖੇ ਅਨੁਸਾਰ ਹੈ: ਪੂਰਬ: ਪਲਾਟ ਦੁਆਰਾ ਉੱਤਰ: ਸੜਕ ਦੁਆਰਾ, ਪੱਛਮ: ਸੜਕ ਦੁਆਰਾ ਦੱਖਣ: ਪਲਾਟ ਦੁਆਰਾ। **(ਕਬਜ਼ੇ ਦੀ ਕਿਸਮ: ਸੰਕੇਤਕ)** | Rs. 45,00,000/- <br> Rs. 4,50,000/- <br> Rs. 45,000/- |
| 6. | ਕਰਜ਼ਦਾਰ : ਮੈਸ. ਬਾਲਾਜੀ ਬੋਲਟਸ ਰਾਹੀਂ ਇਸਦੇ ਪ੍ਰੋਪਰਾਈਟਰ **ਸ਼੍ਰੀ ਵਰੁਣ ਗਰਗ** ਸਪੁੱਤਰ ਲਾਜਪਤ ਰਾਏ, ਵਾਸੀ ਡੀ–162, ਫੇਜ਼–6, ਫੋਕਲ ਪੁਆਇੰਟ, ਲੁਧਿਆਣਾ ਪੰਜਾਬ–141010, **ਜ਼ਾਮਨ :- ਸ੍ਰੀ ਵਰੁਣ ਗਰਗ** ਸਪੁੱਤਰ ਲਾਜਪਤ ਰਾਏ, **ਪਹਿਲਾ ਪਤਾ** : ਵਾਸੀ ਸੀ–407, ਅਰਬਨ ਅਸਟੇਟ, ਫੇਜ਼–1, ਜਮਾਲਪੁਰ, ਲੁਧਿਆਣਾ, ਪੰਜਾਬ–141010, **ਦੂਜਾ ਪਤਾ** :- ਮਕਾਨ ਨੰ. 13*217 ਨੇੜੇ ਵੇਨੂੰ ਹੋਟਲ ਬਰਨਾਲਾ, ਜ਼ਿਲ੍ਹਾ ਸੰਗਰੂਰ ਪੰਜਾਬ–148101 | Rs., 5,43,88,282.29 30.06.2023 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਲੀਜ ਡੀਡ ਵਸੀਕਾ ਨੰ. 8463 ਮਿਤੀ 11.10.2012 ਦੇ ਅਧੀਨ ਮੈਸ. ਬਾਲਾਜੀ ਬੋਲਟਸ ਰਾਹੀਂ ਇਸ ਦੇ ਪ੍ਰੋਪ. ਸ਼੍ਰੀ ਵਰੁਣ ਗਰਗ ਸਪੁੱਤਰ ਲਾਜਪਤ ਰਾਏ ਦੇ ਨਾਮ 'ਤੇ ਸਬ ਰਜਿਸਟਰਾਰ ਲੁਧਿਆਣਾ ਸੈਂਟਰਲ ਨਾਲ ਪੰਜੀਕ੍ਰਿਤ ਅਤੇ ਇੰਡਸਟ੍ਰੀਅਲ ਏਰੀਆ, ਫੋਕਲ ਪੁਆਇੰਟ, ਲੁਧਿਆਣਾ ਵਿਖੇ 885.50 ਵਰਗ ਗਜ਼ ਮਾਪ ਵਾਲੀ ਇੰਡਸਟ੍ਰੀਅਲ ਪਲਾਟ/ਫੈਕਟਰੀ ਜ਼ਮੀਨ ਅਤੇ ਬਿਲਡਿੰਗ ਨੰ. ਡੀ–162 ਫੇਜ–6 ਵਾਲੀ ਸੰਪੱਤੀ। ਹੱਦਬੰਦੀ ਮੁਲਾਂਕਣ ਰਿਪੋਰਟ ਅਨੁਸਾਰ : ਉੱਤਰ : ਸੜਕ (85' 0"), ਦੱਖਣ : ਗੁਆਂਢੀ (85' 0"), ਪੂਰਬ : ਖਾਲੀ ਪਲਾਟ ਨੰ. (96' 0"), ਪੱਛਮ : ਆਸੀਤਾ ਨਿਟਫੈਬ (96' 0") **(ਕਬਜ਼ੇ ਦੀ ਕਿਸਮ: ਸੰਕੇਤਕ)** | Rs. 1,25,00,000/- <br> Rs. 12,50,000/- <br> Rs. 1,00,000/- |
| 7. | ਕਰਜ਼ਦਾਰ : ਮੈਸ. ਧਾਲੀਵਾਲ ਖੇਤੀ ਸੇਵਾ ਸੈਂਟਰ ਰਾਹੀਂ ਇਸ ਦੇ ਪ੍ਰੋਪ. **ਸ੍ਰੀ ਸੁਖਮੰਦਰ ਸਿੰਘ** ਪਿੰਡ ਰੋਕੇ ਕਲਾਂ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਪੰਜਾਬ 142039 **ਸ੍ਰੀ ਸੁਖਮੰਦਰ ਸਿੰਘ ਸਪੁੱਤਰ ਸ੍ਰੀ ਮਹਿੰਦਰ ਸਿੰਘ** ਵਾਸੀ ਪਿੰਡ ਰੋਕੇ ਕਲਾਂ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਪੰਜਾਬ 142039 **ਜ਼ਾਮਨ : ਸ੍ਰੀਮਤੀ ਕੁਲਵੰਤ ਕੌਰ ਸੁਪਤਨੀ ਸ੍ਰੀ ਸੁਖਮੰਦਰ ਸਿੰਘ** ਪਿੰਡ ਰੋਕੇ ਕਲਾਂ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਪੰਜਾਬ 142039 **ਸ੍ਰੀ ਗੁਰਮੀਤ ਸਿੰਘ ਭੁੱਲਰ ਸਪੁੱਤਰ ਸ੍ਰੀ ਰੁਲਦੂ ਸਿੰਘ** ਵਾਸੀ ਪਿੰਡ ਰਾਮਗੜ੍ਹ ਬਰਨਾਲਾ ਪੰਜਾਬ 148100 | Rs. 35,66,796/- 05.02.2020 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Property:1 ਲਾਟ 1.: ਤਬਾਦਲਾ ਡੀਡ ਨੰ. 542 ਮਿਤੀ 27.02.2018 ਦੇ ਅਧੀਨ ਸ੍ਰੀਮਤੀ ਕੁਲਵੰਤ ਕੌਰ ਸੁਪਤਨੀ ਸ੍ਰੀ ਸੁਖਮੰਦਰ ਸਿੰਘ ਦੇ ਨਾਮ 'ਤੇ ਪਿੰਡ ਰਾਉਕੇ ਕਲਾਂ–2 ਸਬ ਤਹਿਸੀਲ ਬਦਨੀ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਵਿਖੇ ਜਮ੍ਹਾਂਬੰਦੀ ਸਾਲ 2012–2013 ਅਨੁਸਾਰ ਖਸਰਾ ਨੰ. 249//17 (8–0), 18 (8–0), 19 (8–0), 20 (8–0), 21 (8–0), 22 (8–0), 23 (8–0), 24 (8–0) 250/16 (7–6), 17/1 (0–3), 24/2 (2–2), 266//7 (1–0) ਖੇਵਟ ਨੰ. 497 ਤਬਾਦਲਾ ਨੰ. 4501 ਮਿਤੀ 15.03.2018 ਅਨੁਸਾਰ ਜ਼ਮੀਨ 74 ਕਨਾਲ 11 ਮਰਲੇ ਦਾ 25/1491 ਹਿੱਸਾ ਯਾਨੀ 1 ਕਨਾਲ 05 ਮਰਲੇ ਪੈਮਾਇਸ਼ ਵਾਲੀ ਜ਼ਮੀਨ ਅਤੇ ਬਿਲਡਿੰਗ। ਹੱਦਬੰਦੀ : ਉੱਤਰ : ਕਰਨੈਲ ਸਿੰਘ, ਦੱਖਣ : ਰਸਤਾ, ਪੂਰਬ : ਰਸਤਾ, ਪੱਛਮ : ਕਰਨੈਲ ਸਿੰਘ **(ਕਬਜ਼ੇ ਦੀ ਕਿਸਮ: ਸੰਕੇਤਕ)** <br> Property:2 ਲਾਟ 2.: ਤਬਾਦਲਾ ਡੀਡ ਨੰ. 540 ਮਿਤੀ 27.02.2018 ਦੇ ਅਧੀਨ ਸ੍ਰੀਮਤੀ ਕੁਲਵੰਤ ਕੌਰ ਸੁਪਤਨੀ ਸ੍ਰੀ ਸੁਖਮੰਦਰ ਸਿੰਘ ਦੇ ਨਾਮ 'ਤੇ ਪਿੰਡ ਰਾਉਕੇ ਕਲਾਂ–2 ਸਬ ਤਹਿਸੀਲ ਬਦਨੀ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਵਿਖੇ ਜਮ੍ਹਾਂਬੰਦੀ ਸਾਲ 2012–2013 ਅਨੁਸਾਰ ਖਸਰਾ ਨੰ. 249//17 (8–0), 18 (8–0), 19 (8–0), 20 (8–0), 21 (8–0), 22 (8–0), 23 (8–0), 24 (8–0) 250/16 (7–6), 17/1 (0–3), 24/2 (2–2), 266//7 (1–0) ਖੇਵਟ ਨੰ. 497 ਤਬਾਦਲਾ ਨੰ. 4500 ਮਿਤੀ 15.03.2018 ਅਨੁਸਾਰ ਜ਼ਮੀਨ 74 ਕਨਾਲ 11 ਮਰਲੇ ਦਾ 20/1491 ਹਿੱਸਾ ਯਾਨੀ 1 ਕਨਾਲ 00 ਮਰਲੇ ਮਾਪ ਵਾਲੀ ਦੁਕਾਨ ਅਤੇ ਜ਼ਮੀਨ। **ਹੱਦਬੰਦੀ** : ਉੱਤਰ : ਕਰਨੈਲ ਸਿੰਘ, ਦੱਖਣ : ਰਸਤਾ, ਪੂਰਬ : ਰਸਤਾ, ਪੱਛਮ : ਕਰਨੈਲ ਸਿੰਘ**(ਕਬਜ਼ੇ ਦੀ ਕਿਸਮ: ਸੰਕੇਤਕ)** | Property:1 Rs. 41,00,000/- <br> Rs. 4,10,000/- <br> Rs. 41,000/- <br> Property:2 Rs. 11,50,000/- <br> Rs. 1,15,000/- <br> Rs. 11,500/- |
| 8. | ਫਰਮ/ਕਰਜ਼ਦਾਰ: 1.ਮੈਸ. ਗੁਰਕ੍ਰਿਪਾ ਆਟੋ ਸੇਲਜ਼ ਪ੍ਰਤੀਨਿਧੀ ਭਾਈਵਾਲਾਂ ਦੁਆਰਾ ਸ੍ਰੀ ਕੁਲਵਿੰਦਰ ਸਿੰਘ ਖਟਨਾ ਅਤੇ ਸ੍ਰੀ ਸਤਵਿੰਦਰ ਸਿੰਘ, ਨੇੜੇ ਕਪਿਲਾ ਫਿਲਿੰਗ ਸਟੇਸ਼ਨ ਚੰਡੀਗੜ੍ਹ ਰੋਡ, ਸਮਰਾਲਾ, ਲੁਧਿਆਣਾ 141113 1. ਸਤਵਿੰਦਰ ਸਿੰਘ ਪੁੱਤਰ ਬਹਾਦਰ ਸਿੰਘ, ਪਿੰਡ ਅਤੇ ਡਾਕਖਾਨਾ ਕੋਟ ਗੰਗੂ ਰਾਏ ਤਹਿਸੀਲ ਅਤੇ ਜ਼ਿਲਾ–ਲੁਧਿਆਣਾ 141113 2. ਕੁਲਵਿੰਦਰ ਸਿੰਘ ਖੱਟੜਾ ਪੁੱਤਰ ਗੁਰਚਰਨ ਸਿੰਘ, ਮਕਾਨ ਨੰ. 47, ਲੁਧਿਆਣਾ, 47, 413, ਲੁਧਿਆਣਾ, 3. ਅਮਰਜੀਤ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ, ਵਾਸੀ ਕੋਟ ਗੰਗੂ ਰਾਏ ਲੁਧਿਆਣਾ ਪੰਜਾਬ 141113 | Rs. 33,74,098.00 02.04.2019 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 03.04.2019 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | Property:1 **ਲਾਟ** 1. ਪਲਾਟ ਨੰਬਰ 45, ਮਾਪ 0 ਕਨਾਲ – 10 ਮਰਲਾ ਰਾਠੌਰ ਐਨਕਲੇਵ, ਪ੍ਰੇਮ ਨਗਰ ਦੇ ਨੇੜੇ, ਮਾਛੀਵਾੜਾ–2, ਸਬ ਤਹਿਸੀਲ–ਮਾਛੀਵਾੜਾ, ਤਹਿਸੀਲ–ਸਮਰਾਲਾ, ਜ਼ਿਲ੍ਹਾ–ਲੁਧਿਆਣਾ 141115 ਸ਼੍ਰੀ ਸਤਵਿੰਦਰ ਸਿੰਘ ਪੁੱਤਰ ਬਹਾਦਰ ਸਿੰਘ ਅਤੇ ਇਸ ਦੀ ਹੱਦ: ਪੂਰਬੀ ਪਲਾਟ ਨੰਬਰ 44 ਖੁੱਲ੍ਹਾ ਪਲਾਟ, ਪੱਛਮੀ ਪਲਾਟ ਨੰਬਰ 46 ਖੁੱਲ੍ਹਾ ਪਲਾਟ, ਉੱਤਰੀ ਵਿਕਰੇਤਾ, ਖੁੱਲ੍ਹਾ ਪਲਾਟ, ਦੱਖਣੀ ਰਸਤਾ (ਸੜਕ) **(ਕਬਜ਼ਾ ਕਿਸਮ: ਭੌਤਿਕ)**। <br> Property:2 **ਲਾਟ** 2. ਪਲਾਟ ਨੰਬਰ 44, ਮਾਪ 0 ਕਨਾਲ – 10 ਮਰਲਾ ਰਾਠੌਰ ਐਨਕਲੇਵ, ਪ੍ਰੇਮ ਨਗਰ ਦੇ ਨੇੜੇ, ਮਾਛੀਵਾੜਾ–2, ਸਬ ਤਹਿਸੀਲ–ਮਾਛੀਵਾੜਾ, ਤਹਿਸੀਲ–ਸਮਰਾਲਾ, ਜ਼ਿਲ੍ਹਾ–ਲੁਧਿਆਣਾ 141115 ਸ਼੍ਰੀ ਕੁਲਵਿੰਦਰ ਸਿੰਘ ਖੱਟੜਾ ਪੁੱਤਰ ਗੁਰਚਰਨ ਸਿੰਘ ਅਤੇ ਇਸ ਦੀ ਹੱਦ: ਪੂਰਬੀ ਪਲਾਟ ਨੰਬਰ 43 ਖੁੱਲ੍ਹਾ ਪਲਾਟ, ਪੱਛਮੀ ਪਲਾਟ ਨੰਬਰ 45 ਖੁੱਲ੍ਹਾ ਪਲਾਟ, ਉੱਤਰੀ ਸੇਲਰ, ਖੁੱਲ੍ਹਾ ਪਲਾਟ, ਦੱਖਣੀ ਰਸਤਾ (ਸੜਕ)। **(ਕਬਜ਼ਾ ਕਿਸਮ: ਭੌਤਿਕ)**। | Property:1 Rs. 10,00,000/- <br> Rs. 1,00,000/- <br> Rs. 10,000/- <br> Property:2 Rs. 10,00,000/- <br> Rs. 1,00,000/- <br> Rs. 10,000/- |
| 9. | ਕਰਜ਼ਦਾਰ:- **ਸ਼੍ਰੀਮਤੀ ਗੁਰਮੀਤ ਕੌਰ ਸੁਪਤਨੀ ਜਸਪਾਲ ਸਿੰਘ, ਮਕਾਨ ਨੰ. 25/3, ਰਾਂਚੀ ਕਲੋਨੀ, ਥਰੀਕੇ ਬੱਦੋਵਾਲ, ਲੁਧਿਆਣਾ, ਪੰਜਾਬ-142021, ਸਹਿ ਕਰਜ਼ਦਾਰ 1 .-ਸ਼੍ਰੀ ਗੁਰਪ੍ਰੀਤ ਸਿੰਘ ਸਪੁੱਤਰ ਜਸਪਾਲ ਸਿੰਘ, ਮਕਾਨ ਨੰ. 25/3, ਰਾਂਚੀ ਕਲੋਨੀ, ਥਰੀਕੇ ਬੱਦੋਵਾਲ, ਲੁਧਿਆਣਾ, ਪੰਜਾਬ-142021, 2. ਸ਼੍ਰੀ ਜਗਦੀਪ ਸਿੰਘ ਸਪੁੱਤਰ ਜਸਪਾਲ ਸਿੰਘ, ਮਕਾਨ ਨੰ. 25/3, ਰਾਂਚੀ ਕਲੋਨੀ, ਥਰੀਕੇ ਬੱਦੋਵਾਲ, ਲੁਧਿਆਣਾ, ਪੰਜਾਬ-142021** | Rs.27,99,873.78 31.12.2023 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 01.01.2024 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | ਪਿੰਡ ਥਰੀਕੇ ਆਬਾਦੀ ਰਾਂਚੀ ਕਲੋਨੀ, ਲੁਧਿਆਣਾ ਵਿਖੇ ਜਮ੍ਹਾਂਬੰਦੀ ਸਾਲ 2007–2008 ਅਨੁਸਾਰ ਖਸਰਾ ਨੰ. 345, 346, 347, 349, 350, 351, ਖਾਤਾ ਨੰ. 922/996 ਵਿੱਚ ਸ਼ਾਮਲ 170.00 ਵਰਗ ਗਜ਼ ਮਾਪ ਵਾਲਾ ਸੰਪੱਤੀ ਮਕਾਨ ਨੰ. 24/3, ਹੱਦਬੰਦੀ: ਪੂਰਬ: ਗੁਆਂਢੀ (32'–11"), ਪੱਛਮ: ਲਾਂਘਾ 25' ਚੌੜਾ (32'–11"), ਉੱਤਰ: ਜੈਲ ਸਿੰਘ 54', ਦੱਖਣ: ਮਹਿੰਦਰ ਸਿੰਘ 55', **(ਕਬਜ਼ੇ ਦੀ ਕਿਸਮ: ਸੰਕੇਤਕ)** | Rs. 34,50,000/- <br> Rs. 3,45,000/- <br> Rs. 34,500/- |
| 10. | ਕਰਜ਼ਦਾਰ/ਸਹਿ ਕਰਜ਼ਦਾਰ/ਜ਼ਾਮਨ(ਾਂ): ੳ. ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਸਪੁੱਤਰ ਗਿਆਨ ਸਿੰਘ ਮਕਾਨ ਨੰ. 6335, ਵਾਰਡ ਨੰ. 15, ਮੁਹੱਲਾ ਗੁਰੂ ਨਾਨਕ ਪੁਰਾ, ਨਕੋਦਰ, ਜਲੰਧਰ–144040 **ਅ. ਸ੍ਰੀ ਗੁਰਪ੍ਰੀਤ ਸਿੰਘ** ਪੁੱਤਰ ਗਿਆਨ ਸਿੰਘ, ਮਕਾਨ ਨੰ. 6335, ਵਾਰਡ ਨੰ. 15, ਮੁਹੱਲਾ, ਗੁਰੂ ਨਾਨਕ ਪੁਰਾ ਨਕੋਦਰ, ਜਲੰਧਰ–144040 | Rs. 20,58,998.50 ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਬਿਨਾਂ ਚਾਰਜ ਦਾ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | ਖੇਵਟ/ਖਤੌਣੀ ਨੰਬਰ 51/53, 151/77, 152/178, ਖਸਰਾ ਨੰਬਰ 51/53, 151/77, 152/178 ਵਿੱਚ ਸਥਿਤ 44 ਕਨਾਲ 15 ਮਰਲੇ ਦੀ ਜ਼ਮੀਨ ਵਿੱਚੋਂ 06 ਮਰਲੇ ਦੀ ਰਿਹਾਇਸ਼ੀ ਜਾਇਦਾਦ ਦਾ ਸਾਰਾ ਟੁਕੜਾ 6/895 ਹਿੱਸਾ, 15//21/2(1–11), 15//22/5/2(0–16), 16//25/2(0–7), 21//5/2(0–15), 22/1(7–16), 22//2/1/2(6–2), 22//8/2(2–2), 22//9/1(0–5), 22//9/2(4–9), 22//10/2(3–1), 22//10/3(2–16), 22//20/1/1(4–4), 22/11/1(7–10), 21//6/1(1–1), 21//15/1(0–7), 22//19/2/1(1–13), ਹੱਡਬਸਤ ਨੰ. 24, ਸੰਤ ਨਗਰ, ਪਿੰਡ ਸ਼ਰਕਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਸ਼੍ਰੀਮਤੀ ਹਰਪ੍ਰੀਤ ਕੌਰ ਦੇ ਨਾਮ 'ਤੇ ਸਥਿਤ। ਹੱਦਬੰਦੀ: – ਉੱਤਰ–ਜ਼ਮੀਨ, ਦੱਖਣ–ਖਾਲੀ ਪਲਾਟ, ਪੂਰਬ–ਰੋਡ, ਪੱਛਮੀ–ਜ਼ਮੀਨ। **ਕਬਜ਼ੇ ਦੀ ਕਿਸਮ: ਭੌਤਿਕ।** | Rs. 7,75,000/- <br> Rs. 77,500/- <br> Rs. 7,750/- |
| 11. | ਕਰਜ਼ਦਾਰ/ਜ਼ਾਮਨ/ਗਿਰਵੀਕਾਰ(ਾਂ): 1. (1) ਮੈਸਰਜ਼ ਜੈ ਇਲੈਕਟ੍ਰੀਕਲ ਇੰਜੀਨੀਅਰਜ਼ (ਕਰਜ਼ਦਾਰ) 2861, ਹਰੀ ਓਮ ਮੰਦਰ ਮੋਤੀ ਨਗਰ ਦੇ ਪਿੱਛੇ, ਲੁਧਿਆਣਾ-141009 2. (2) ਸ਼੍ਰੀ ਨਰਿੰਦਰ ਕੁਮਾਰ ਸ਼ਰਮਾ (ਕਰਜ਼ਦਾਰ/ਗਿਰਵੀਕਾਰ) 2861, ਹਰੀ ਓਮ ਮੰਦਰ ਮੋਤੀ ਨਗਰ ਦੇ ਪਿੱਛੇ, ਲੁਧਿਆਣਾ -141009 ਜ਼ਾਮਨ: (3) ਸ਼੍ਰੀ ਅਮਿਤ ਕੁਮਾਰ ਸ਼ਰਮਾ ਪੁੱਤਰ ਸ਼੍ਰੀ ਨਰਿੰਦਰ ਕੁਮਾਰ ਸ਼ਰਮਾ (ਜ਼ਾਮਨ) 2861, ਹਰੀ ਓਮ ਮੰਦਰ ਮੋਤੀ ਨਗਰ ਦੇ ਪਿੱਛੇ, ਲੁਧਿਆਣਾ-141009 | Rs.1,32,71,713.57 31.03.2023 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਐਮ.ਸੀ. ਨੰ. ਬੀ–30–2861, 448 ਵਰਗ ਗਜ਼ ਦਾ ਮਾਪ ਖਸਰਾ ਨੰ. 21//17/2 ਖਾਤਾ ਨੰਬਰ 414/426, ਪਿੰਡ ਸ਼ੇਰਪੁਰ ਕਲਾਂ ਦੇ ਏਰੀਏ ਵਿੱਚ ਸਥਿਤ ਐੱਚ.ਬੀ. ਨੰ: 176, ਸ਼੍ਰੀ ਨਰਿੰਦਰ ਕੁਮਾਰ ਸ਼ਰਮਾ ਦੇ ਨਾਮ 'ਤੇ ਲੁਧਿਆਣਾ। ਸੀਮਾਵਾਂ: ਪੂਰਬ: ਗਲੀ, ਸਾਈਡ 38' 0", ਪੱਛਮ: ਗੋਪਾਲ ਦਾਸ ਪਲਾਟ, ਸਾਈਡ 60' 0", ਉੱਤਰ: ਰੋਡ ਸਾਈਡ 84' 0", ਦੱਖਣ: ਖੁੱਲ੍ਹੀ ਜ਼ਮੀਨ, ਸਾਈਡ 31' 3" + 67'0" **(ਕਬਜ਼ਾ ਕਿਸਮ: ਸੰਕੇਤਕ)** | Rs. 1,00,00,000/- <br> Rs. 10,00,000/- <br> Rs. 1,00,000/- |
| 12. | ਕਰਜ਼ਦਾਰ: (1) **ਮੈਸ. ਕੇਸਰੀ ਗੈਸ ਸਰਵਿਸ** # 2701, ਗਲੀ ਨੰ. 07, ਦਸ਼ਮੇਸ਼ ਨਗਰ, ਨੇੜੇ ਧੂਰੀ ਫਾਟਕ ਲਿੰਕ ਰੋਡ ਲੁਧਿਆਣਾ (2) **ਸ਼੍ਰੀ ਕਿਸ਼ਨ ਗੋਪਾਲ** ਪੁੱਤਰ ਸਵ. ਸੌਦਾਗਰ ਮੱਲ (ਭਾਈਵਾਲ ਮੈਸ. ਕੇਸਰੀ ਗੈਸ ਸਰਵਿਸ) ਵਾਸੀ 4401, ਐਲਆਈਜੀ ਫਲੈਟ, ਦੁੱਗਰੀ, ਲੁਧਿਆਣਾ। **ਹੋਰ ਪਤਾ**: ਸੰਪੱਤੀ ਨੰ. 58, ਪਿੰਡ ਫੁੱਲਾਂਵਾਲ ਨੇੜੇ ਸ਼ਿਵ ਮੰਦਿਰ, ਫਲਾਵਰ ਇਨਕਲੇਵ, ਬਾਬਾ ਇੰਦਰ ਨਗਰ, ਲੁਧਿਆਣਾ (3) **ਸ਼੍ਰੀਮਤੀ ਰਵੀ ਭੂਸ਼ਣ ਪਤਨੀ ਸਵ. ਕੁਲਭੂਸ਼ਣ** (ਭਾਈਵਾਲ ਮੈਸ. ਕੇਸਰੀ ਗੈਸ ਸਰਵਿਸ) ਵਾਸੀ 400/1, ਰਾਣੀ ਝਾਂਸੀ ਰੋਡ, ਘੁਮਾਰ ਮੰਡੀ, ਲੁਧਿਆਣਾ। (4) **ਸ਼੍ਰੀਮਤੀ ਰੁਚਿਕਾ ਨੀਲਮ ਮਹਾਜਨ ਸੁਪਤਨੀ ਕਿਸ਼ਨ ਗੋਪਾਲ** ਵਾਸੀ 4401, ਐਲਆਈਜੀ ਫਲੈਟ, ਦੁੱਗਰੀ, ਲੁਧਿਆਣਾ। **ਹੋਰ ਪਤਾ** : ਸੰਪੱਤੀ ਨੰ. 58, ਪਿੰਡ ਫੁੱਲਾਂਵਾਲ ਨੇੜੇ ਸ਼ਿਵ ਵਾਟਿਕਾ ਮੰਦਿਰ, ਫਲਾਵਰ ਇਨਕਲੇਵ, ਬਾਬਾ ਇੰਦਰ ਨਗਰ, ਲੁਧਿਆਣਾ। | Rs. 1,48,07,417.91/- 30.06.2023 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 01.07.2023 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | ਬਹੁਮੰਜ਼ਿਲਾਂ ਕਮਰਸ਼ੀਅਲ ਸੰਪੱਤੀ ਨੰ. ਬੀ–XXII-270 , ਗਲੀ ਨੰ. 7, ਦਸ਼ਮੇਸ਼ ਨਗਰ, ਨੇੜੇ ਧੂਰੀ ਲਾਈਨਜ਼ ਅਤੇ ਨੈਸ਼ਨਲ ਲੈਬੋਰੇਟਰੀ, ਲਿੰਕ ਰੋਡ, ਲੁਧਿਆਣਾ ਮਾਪ 63.33 ਵਰਗ ਗਜ਼ ਜੋ ਕਿ ਜ਼ਮੀਨੀ ਮੰਜ਼ਿਲ ਅਤੇ 123.33 ਵਰਗ ਗਜ਼ਪਹਿਲੀ ਮੰਜ਼ਿਲ ਤੋਂ ਅੱਗੇ ਸਥਿਤ ਹੈ ਅਤੇ ਹੱਦਬੰਦੀ ਪੂਰਬ: ਪ੍ਰਵੀਨ ਡਿਪਾਰਟਮੈਂਟਲ ਸਟੋਰ ਅਤੇ ਹੋਰ, ਪੱਛਮ: ਗਲੀ ਨੰ. 7, ਉੱਤਰ: ਮਾਰਕੀਟ ਰੋਡ, ਦੱਖਣ: ਵਿਕਿਆ ਖੇਤਰ (ਸੰਪੱਤੀ ਦਾ ਹਿੱਸਾ) **(ਕਬਜ਼ੇ ਦੀ ਕਿਸਮ : ਸੰਕੇਤਕ)** | Rs. 68,00,000/- <br> Rs. 6,80,000/- <br> Rs. 68,000/- |
| 13. | ਕਰਜ਼ਦਾਰ : **ਸ੍ਰੀ ਪ੍ਰਿੰਸ ਸਿੰਗਲਾ ਸਪੁੱਤਰ ਸ੍ਰੀ ਜਨਕ ਰਾਜ** ਵਾਸੀ ਪਿੰਡ ਵਾਲੀ ਗਲੀ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਪੰਜਾਬ 142055, **ਸ੍ਰੀ ਜਨਕ ਰਾਜ ਸਪੁੱਤਰ ਸ੍ਰੀ ਕੇਵਲ ਕ੍ਰਿਸ਼ਨ** ਵਾਸੀ ਮਕਾਨ ਨੰ. 510, ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਪੰਜਾਬ 142055 (ਕਰਜ਼ਦਾਰ/ਗਿਰਵੀਕਾਰ), **ਸ੍ਰੀ ਹਨੀ ਸਿੰਘ ਸਪੁੱਤਰ ਜਨਕ ਰਾਜ** ਵਾਸੀ ਪਿੰਡ ਵਾਲੀ ਗਲੀ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਪੰਜਾਬ 142055 (**ਕਰਜ਼ਦਾਰ**) **ਸ੍ਰੀ ਸ਼ਾਮ ਸੁੰਦਰ ਸਪੁੱਤਰ ਸ੍ਰੀ ਸੀਆ ਰਾਮ** ਵਾਸੀ ਮਾਧੇ ਰੋਡ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਪੰਜਾਬ–142039 (ਜ਼ਾਮਨ) | Rs. 23,58,168.43/- 28.02.2022 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਵਿਕਰੀ ਡੀਡ ਨੰ. 1138 ਮਿਤੀ 28.11.2017 ਦੇ ਅਧੀਨ ਸ੍ਰੀ ਜਨਕ ਰਾਜ ਦੇ ਨਾਮ 'ਤੇ ਜਮ੍ਹਾਂਬੰਦੀ ਸਾਲ 2014–15 ਅਨੁਸਾਰ ਪਿੰਡ ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਖੇ ਖਸਰਾ ਨੰ. 20//16/3 (2–8) ਖੇਵਟ ਨੰ. 364, ਤਬਾਦਲਾ ਨੰਬਰ 8572 ਮਿਤੀ 01.02.2018 ਅਨੁਸਾਰ ਜ਼ਮੀਨ ਮਾਪ 2 ਕਨਾਲ 8 ਮਰਲੇ ਦਾ ਹਿੱਸਾ ਯਾਨਿ 10 ਮਰਲੇ ਪੈਮਾਇਸ਼ ਵਾਲਾ ਇਕ ਰਿਹਾਇਸ਼ੀ ਮਕਾਨ। ਹੱਦਬੰਦੀ : ਉਤਰ : ਗਿੰਧਾ ਹਲਵਾਈ, ਦੱਖਣ : ਗਲੀ, ਪੂਰਬ : ਵਲੈਤੀ ਰਾਮ, ਪੱਛਮ : ਪਰਮਿੰਦਰ ਸਿੰਘ**(ਕਬਜ਼ੇ ਦੀ ਕਿਸਮ: ਸੰਕੇਤਕ)** | Rs. 27,00,000/- <br> Rs. 2,70,000/- <br> Rs. 27,000/- |
| 14. | ਕਰਜ਼ਦਾਰ : ਸ਼੍ਰੀ ਰਾਜਿੰਦਰ ਸਿੰਘ ਪੁੱਤਰ ਸ਼੍ਰੀ ਜੀਤ ਸਿੰਘ, ਪਤਾ: ਮਕਾਨ ਨੰਬਰ 354, 08/1, ਗੁਰੂ ਗੋਬਿੰਦ ਸਿੰਘ ਮਾਰਗ, ਗ੍ਰੇਸ ਪਬਲਿਕ ਸਕੂਲ, ਲੁਧਿਆਣਾ–141006, ਸਹਿ–ਬਿਨੈਕਾਰ: ਸ਼੍ਰੀਮਤੀ ਮਨਦੀਪ ਕੌਰ ਪਤਨੀ ਸ਼੍ਰੀ ਜੀਤ ਸਿੰਘ, ਪਤਾ: ਮਕਾਨ ਨੰਬਰ 354, 08/1, ਗੁਰੂ ਗੋਬਿੰਦ ਸਿੰਘ ਮਾਰਗ, ਗ੍ਰੇਸ ਪਬਲਿਕ ਸਕੂਲ, ਲੁਧਿਆਣਾ–141006 | Rs. 31,17,220.75/- 15.11.2023 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 16.11.2023 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | ਵਿਕਰੀ ਡੀਡ ਵਸੀਕਾ ਨੰਬਰ 2022–23/103/1/5106 ਮਿਤੀ 01.11.2022 ਅਨੁਸਾਰ ਸ਼੍ਰੀ ਰਾਜਿੰਦਰ ਸਿੰਘ ਅਤੇ ਸ਼੍ਰੀਮਤੀ ਮਨਦੀਪ ਕੌਰ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ ਨੰਬਰ ਬੀ–21/6955 (ਯੂਆਈਡੀ ਨੰਬਰ ਬੀ021–16955) ਜਿਸਦੀ ਮਾਪ 112 ਵਰਗ ਗਜ਼ ਹੈ ਜਿਸ ਵਿੱਚ ਖਸਰਾ ਨੰਬਰ 652 ਖੇਵਟ ਨੰਬਰ 11, ਖਟੂਨੀ ਨੰਬਰ 17 ਸਾਲ 2010–2011 ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਗਿੱਲ–1, ਆਬਾਦੀ–ਦੁਰਗਾ ਨਗਰ, ਗਲੀ ਨੰਬਰ 13, ਜਨਤਾ ਨਗਰ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ– ਲੁਧਿਆਣਾ ਵਿਖੇ ਸਥਿਤ ਮਾਲੀਆ ਸੰਪੱਤੀ। ਹੱਦਾਂ: ਪੂਰਬ: ਗਲੀ 15'ਚੌੜਾ: 24'–0", ਪੱਛਮ: ਨੇਬਰ ਸਕੂਲ:24'–0", ਉੱਤਰ: ਗੁਰਦੇਵ ਸਿੰਘ:42'–0", ਦੱਖਣ: ਮੋਹਨ ਸਿੰਘ ਦਾ ਘਰ:42'–0" **(ਕਬਜ਼ਾ ਕਿਸਮ: ਸੰਕੇਤਕ)** | Rs. 33,50,000/- <br> Rs. 3,35,000/- <br> Rs. 33,500/- |
| 15. | ਸ਼੍ਰੀ ਰਜਨੀਸ਼ ਕੁਮਾਰ ਪੁੱਤਰ ਸ਼੍ਰੀ ਓਂਕਾਰ ਸਿੰਘ, ਪਤਾ1: ਮਕਾਨ ਨੰਬਰ 746, ਫੇਜ਼ 2, ਇੰਡਸਟਰੀਅਲ ਏਰੀਆ ਦਰਬਾਰ, ਚੰਡੀਗੜ੍ਹ–160002, ਪਤਾ2: ਮਕਾਨ ਨੰਬਰ 151, ਪਾਮ ਸਿਟੀ, ਪਿੰਡ ਸਾਧੇ ਮਾਜਰਾ, ਐਚਬੀ ਨੰਬਰ 12, ਤਹਿਸੀਲ ਡੇਰਾ ਬੱਸੀ, ਐਸਏਐਸ ਨਗਰ ਮੋਹਾਲੀ–140507 | Rs.27,68,776.54/- 30.09.2021 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 01.10.2021 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | ਵਿਕਰੀ ਡੀਡ ਦਸਤਾਵੇਜ਼ ਨੰਬਰ 2019–20/14/1/3172 ਮਿਤੀ 01.10.2019 ਦੇ ਅਧੀਨ ਸ਼੍ਰੀ ਰਜਨੀਸ਼ ਕੁਮਾਰ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ ਨੰ. 151 0 ਬਿੱਘੇ 01 ਬਿਸਵਾਸ 15 1/2– ਬਿਸਵਾਸੀ (88.65 ਵਰਗ ਗਜ਼ 21'–5"x 37'–3") ਖੇਵਤ/ਖੇਤੌਨੀ ਨੰਬਰ 51/104, ਖਸਰਾ ਨੰ. 175(5–0), 176(5–0), ਪਤੰਗ–2, ਰਕਬਾ 10 ਵਿੱਘੇ 00 ਬਿਸਵਾਸ, ਇਸਦਾ 35–1/2/4000– ਹਿੱਸਾ ਜੋ ਕਿ 00– ਵਿੱਘੇ 01 ਬਿਸਵਾਸ 15 1/2– ਬਿਸਵਾਂਸੀ ਜ਼ਮੀਨ ਦੇ ਬਰਾਬਰ ਹੈ ਜੋ ਸਾਲ 2015–16 ਲਈ ਜਮ੍ਹਾਂਬੰਦੀ ਅਨੁਸਾਰ 151, ਪਾਮ ਸਿਟੀ, ਪਿੰਡ ਸਾਧੇਮਾਜਰਾ, ਹੱਡਬਸਤ ਨੰਬਰ 12, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਐਸਏਐਸ ਨਗਰ ਮੋਹਾਲੀ ਵਿਖੇ ਸਥਿਤ।। ਹੱਦਾਂ: ਪੂਰਬੀ–ਰੋਡ (21 ਫੁੱਟ 5 ਇੰਚ), ਪੱਛਮੀ–ਪਲਾਟ ਨੰ. 446 (21 ਫੁੱਟ 5 ਇੰਚ), ਉੱਤਰ – ਪਲਾਟ ਨੰ. 150 (37 ਫੁੱਟ 3 ਇੰਚ), ਦੱਖਣ: ਪਲਾਟ ਨੰ. 152– (37 ਫੁੱਟ 3 ਇੰਚ) **(ਕਬਜ਼ੇ ਦੀ ਕਿਸਮ: ਸੰਕੇਤਕ)** | Rs. 29,50,000/- <br> Rs. 2,95,000/- <br> Rs. 29,500/- |
| 16. | **ਕਰਜ਼ਦਾਰ: ਸ੍ਰੀ ਰਿਜ਼ਵਾਨ ਪੁੱਤਰ ਮੁਹੰਮਦ ਅਹਿਮਦ, ਮਕਾਨ ਨੰਬਰ-217 ਗਲੀ ਨੰ: 8, ਕ੍ਰਿਸ਼ਨਾ ਨਗਰ ਹੁਸ਼ਿਆਰਪੁਰ, ਪੰਜਾਬ-146001, ਸਹਿ-ਕਰਜ਼ਦਾਰ: ਸ਼੍ਰੀਮਤੀ ਸੋਨੀਆ ਸੁਪਤਨੀ ਸ੍ਰੀ ਰਿਜ਼ਵਾਨ, ਮਕਾਨ ਨੰਬਰ 217, ਗਲੀ ਨੰ. , ਕ੍ਰਿਸ਼ਨਾ ਨਗਰ, ਹੁਸ਼ਿਆਰਪੁਰ, ਪੰਜਾਬ-146001, ਜਾਮਨ: ਸ੍ਰੀ ਮੁਹੰਮਦ ਅਕਰਮ ਪੁੱਤਰ ਮੁਹੰਮਦ ਅਸਲਮ, ਨਿਊ ਪ੍ਰੀਤ ਨਗਰ, ਰਵਿਦਾਸ ਨਗਰ ਹੁਸ਼ਿਆਰਪੁਰ, ਪੰਜਾਬ-146001** | Rs. 27,62,561.49/- ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਬਿਨਾਂ ਚਾਰਜ ਦਾ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | ਰਿਹਾਇਸ਼ੀ ਜਾਇਦਾਦ ਦਾ ਉਹ ਸਾਰਾ ਭਾਗ ਅਤੇ ਹਿੱਸੇ ਸ੍ਰੀ ਰਿਜ਼ਵਾਨ ਦਾ ਹੈ, ਜਿਸਦੀ ਮਿਣਤੀ 5 ਮਰਲੇ 183 ਵਰਗ ਫੁੱਟ ਖੇਵਾਟ ਨੰ: 1029/1197, 1198 ਖਸਰਾ ਨੰ 1364 ਮਿਨ (4–10), 1364 ਮਿਨ (5–0) ਪ੍ਰੇਮਗੜ੍ਹ ਇਟ ਰੋਡ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਜਿਵੇਂ ਅਤੇ ਮਾਪ ਉੱਤਰ: ਹੋਰ ਮਾਲਕ (39'–10"), ਦੱਖਣ: ਕਰਨੈਲ ਸਿੰਘ (41'–2"), ਪੂਰਬ: ਰਸਤਾ (30'–1"), ਪੱਛਮ: ਰੇਸ਼ਮ ਸਿੰਘ (30') **(ਕਬਜ਼ੇ ਦੀ ਕਿਸਮ : ਸੰਕੇਤਕ)** | Rs. 13,00,000/- <br> Rs. 1,30,000/- <br> Rs. 13,000/- |
| 17. | ਕਰਜ਼ਦਾਰ: 1) ਮੈਸਰਜ਼ ਆਰ ਐਸ ਇਲੈਕਟ੍ਰੀਕਲ ਸਟੋਰ (ਇਸਦੇ ਮਾਲਕ ਸ਼੍ਰੀ ਗੁਰਵਿੰਦਰ ਸਿੰਘ ਪੁੱਤਰ ਰਾਜਿੰਦਰ ਸਿੰਘ ਦੁਆਰਾ), ਪਤਾ: ਮਲੇਰਕੋਟਲਾ ਰੋਡ, ਖੰਨਾ ਲੁਧਿਆਣਾ ਪੰਜਾਬ ਪਿੰਨ 141401, 2) ਸ਼੍ਰੀ. ਗੁਰਵਿੰਦਰ ਸਿੰਘ ਪੁੱਤਰ ਰਜਿੰਦਰ ਸਿੰਘ, ਪਿੰਡ ਸਲਾਣਾ ਜੀਵਨ ਸਿੰਘ ਵਾਲਾ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਪੰਜਾਬ ਪਿੰਨ 147203, ਜ਼ਾਮਨ: ਸ਼੍ਰੀ ਰਜਿੰਦਰ ਸਿੰਘ ਪੁੱਤਰ ਸ਼੍ਰੀ ਬਲਦੇਵ ਸਿੰਘ, ਪਿੰਡ ਸਲਾਣਾ ਜੀਵਨ ਸਿੰਘ ਵਾਲਾ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਪੰਜਾਬ ਪਿੰਨ 147203 | Rs. 27,80,533.54/- 30.09.2023 ਦੇ ਅਨੁਸਾਰ ਜਮ੍ਹਾਂ ਹੁਣ ਤੱਕ ਵਿਆਜ, ਲਾਗਤਾਂ ਅਤੇ ਫੀਸਾਂ ਦੀ ਲਾਗੂ ਦਰ 'ਤੇ 01.10.2023 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | ਵਸੀਕਾ ਨੰਬਰ 814 ਮਿਤੀ 23.10.2017 ਵਾਲੇ ਤਬਾਦਲੇ ਦੇ ਦਸਤਾਵੇਜ਼ ਰਾਹੀਂ ਸ਼੍ਰੀ ਗੁਰਵਿੰਦਰ ਸਿੰਘ ਦੇ ਨਾਮ 'ਤੇ 16 ਮਰਲੇ 'ਤੇ ਬਣਿਆ ਰਿਹਾਇਸ਼ੀ ਘਰ, ਜੋ ਕਿ ਕੁੱਲ 1ਕਨਾਲ–12 ਮਰਲੇ ਜ਼ਮੀਨ ਵਿੱਚ 1/2 ਹਿੱਸੇ ਵਜੋਂ ਸ਼ਾਮਲ ਹੈ, 2015–16 ਦੀ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 93/127 ਰੈਕਟ ਨੰਬਰ 221//, ਕਿਲਾ ਨੰਬਰ 66//(1–12) ਵਿੱਚ ਸ਼ਾਮਲ ਹੈ, ਪਿੰਡ ਸਲਾਣਾ ਜੀਵਨ ਵਾਲਾ, ਤੇਸ਼ਿਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਮਾਲੀਆ ਸੀਮਾ ਵਿੱਚ ਸਥਿਤ ਹੈ। ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ: ਕੁਲਦੀਪ ਸਿੰਘ ਅਤੇ ਮਨਦੀਪ ਸਿੰਘ, ਪੱਛਮ: ਕਰਮਜੀਤ ਸਿੰਘ, ਉੱਤਰ: ਤੇਜਾ ਸਿੰਘ, ਦੱਖਣ: ਰਸਤਾ **(ਕਬਜ਼ਾ ਕਿਸਮ: ਸੰਕੇਤਕ)** | Rs. 29,00,000/- <br> Rs. 2,90,000/- <br> Rs. 29,000/- |
| 18. | ਮੈਸਰਜ਼ ਵੀ ਕੇ ਇੰਟਰਪ੍ਰਾਈਜਿਜ਼ (ਕਰਜ਼ਦਾਰ) ਭਾਈਵਾਲ – ਵਿਕਾਸ ਬਹਿਲ ਅਤੇ ਵਿਸ਼ਾਲ ਬਹਿਲ, ਪਿੰਡ ਬਾਜਰਾ, ਰਾਹੋਂ ਰੋਡ, ਲੁਧਿਆਣਾ–141007. 2. ਸ਼੍ਰੀ ਵਿਕਾਸ ਬਹਿਲ ਪੁੱਤਰ ਕੇਵਲ ਕ੍ਰਿਸ਼ਨ ਬਹਿਲ (ਭਾਗੀਦਾਰ, ਜ਼ਾਮਨ ਅਤੇ ਗਿਰਵੀਕਾਰ), 171–ਡੀ, ਪਾਰਕ ਦੇ ਸਾਹਮਣੇ, ਬੀਆਰਐਸ ਨਗਰ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ–141012। 3. ਸ਼੍ਰੀ ਵਿਸ਼ਾਲ ਬਹਿਲ ਪੁੱਤਰ ਕੇਵਲ ਕ੍ਰਿਸ਼ਨ ਬਹਿਲ (ਭਾਈਵਾਲ, ਜ਼ਾਮਨ ਅਤੇ ਗਿਰਵੀਕਾਰ), 64–ਬੀ, ਨੇੜੇ ਜੀ.ਟੀ.ਬੀ. ਹਸਪਤਾਲ, ਸ਼ਾਸਤਰੀ ਨਗਰ, ਲੁਧਿਆਣਾ, ਪੰਜਾਬ–141001. | Rs. 13,22,99,195.96/- 30.04.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਵਿਕਰੀ ਡੀਡ ਨੰਬਰ 18772 ਮਿਤੀ 27.12.1991, 10636 ਮਿਤੀ 22.08.1991, 6199 ਮਿਤੀ 29.06.1987 ਅਤੇ 10732 ਮਿਤੀ 26.08.1991 ਅਨੁਸਾਰ 4840 ਵਰਗ ਗਜ਼ ਦੀ ਫੈਕਟਰੀ ਜ਼ਮੀਨ ਅਤੇ ਇਮਾਰਤ, ਖਸਰਾ ਨੰਬਰ 50//6/1, 51//8–9–10, ਖਾਤਾ ਨੰਬਰ 118/138 ਪਿੰਡ ਬਾਜਰਾ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਸ਼੍ਰੀ ਵਿਕਾਸ ਬਹਿਲ ਅਤੇ ਸ਼੍ਰੀ ਵਿਸ਼ਾਲ ਬਹਿਲ ਦੀ ਸਾਂਝੀ ਮਲਕੀਅਤ, ਅਤੇ ਹੱਦਬੰਦੀ ਉੱਤਰ : ਰਸਤਾ 4 ਕਰਮ ਚੌੜਾ 45 ਕਰਮ, ਦੱਖਣ: ਗੁਆਂਢੀ 45 ਕਰਮ, ਪੂਰਬ: ਗੁਆਂਢੀ 8 ਕਰਮ, ਪੱਛਮ: ਵਿਕਾਸ ਬਹਿਲ, 8 ਕਰਮ। **(ਕਬਜ਼ਾ ਕਿਸਮ: ਸੰਕੇਤਕ ਕਬਜ਼ਾ)** | Rs. 6,12,00,000/- <br> Rs. 61,20,000/- <br> Rs. 1,00,000/- |

**ਨਿਯਮ ਅਤੇ ਸ਼ਰਤਾਂ** : ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬੰਧਤ ਹੋਵੇਗੀ :
1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ।
2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 26.06.2025 ਨੂੰ ਬਾ. ਦੁ. 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ ਤੱਕ ਅਧਿਕਾਰਤ ਅਧਿਕਾਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪੱਤੀਆਂ ਸੰਬੰਧੀ ਕਿਸੇ ਵੀ ਜਾਣਕਾਰੀ ਲਈ ਕਿਰਪਾ ਕਰਕੇ ਸੰਬੰਧਤ ਮੈਨੇਜਰ ਨੂੰ ਸੰਪਰਕ ਕਰੋ।
3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com, https://unionbankofindia.co.in** ਦਾ ਹਵਾਲਾ ਲਓ।
4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ ਦੇਖੋ **https://baanknet.com,** ਅਤੇ **"Buyer guide for login and registration"** 'ਤੇ ਕਲਿੱਕ ਕਰੋ।
5. ਬੈਂਕ, ਸੁਰੱਖਿਅਤ ਕਰਜ਼ਦਾਤਾ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਸਭ ਤੋਂ ਉਚੀ ਬੋਲੀ ਨੂੰ ਪ੍ਰਵਾਨ/ਰੱਦ ਕਰਨ ਜਾਂ ਵਿਕਰੀ ਨੂੰ ਰੱਦ ਕਰਨ ਦਾ ਹੱਕ ਰਾਖਵਾਂ ਹੈ।

**ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸੰਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ/ਜ਼ਾਮਨ/ਾਂ/ਗਿਰਵੀਕਾਰ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।**

ਮਿਤੀ : 08.06.2025, ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਭਾਰ ਘਟਾਉਣ ਲਈ ਕਰੋ ਸੈਰ

ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਲੋਕ ਆਪਣੀ ਸਿਹਤ ਦਾ ਸਹੀ ਧਿਆਨ ਨਹੀਂ ਰੱਖ ਪਾ ਰਹੇ ਹਨ। ਇਸ ਕਾਰਨ ਕਈ ਤਰ੍ਹਾਂ ਦੀਆਂ ਬਿਮਾਰੀਆਂ ਉਨ੍ਹਾਂ ਨੂੰ ਆਪਣੀ ਲਪੇਟ ਵਿੱਚ ਲੈ ਰਹੀਆਂ ਹਨ। ਗਲਤ ਖਾਣ-ਪੀਣ ਦੀਆਂ ਆਦਤਾਂ, ਗੈਰ-ਸਿਹਤਮੰਦ ਜੀਵਨ ਸ਼ੈਲੀ ਅਤੇ ਕਸਰਤ ਦੀ ਘਾਟ ਕਾਰਨ, ਮੋਟਾਪੇ ਦੀ ਸਮੱਸਿਆ ਵਧ ਰਹੀ ਹੈ।ਅਜਿਹੀ ਸਥਿਤੀ ਵਿੱਚ ਉਹ ਵੱਧ ਤੋਂ ਵੱਧ ਅਲਟਰਾ-ਪ੍ਰੋਸੈਸਡ ਭੋਜਨ ਦਾ ਸੇਵਨ ਕਰ ਰਹੇ ਹਨ। ਇਸ ਨੂੰ ਆਸਾਨੀ ਨਾਲ ਤਿਆਰ ਕੀਤਾ ਜਾ ਸਕਦਾ ਹੈ ਅਤੇ ਇਹ ਸੁਆਦੀ ਵੀ ਹੈ। ਹਾਲਾਂਕਿ, ਇਹ ਸਾਡੀ ਸਿਹਤ ਲਈ ਬਿਲਕੁਲ ਵੀ ਚੰਗਾ ਨਹੀਂ ਹੈ। ਇਨ੍ਹਾਂ ਨੂੰ ਖਾਣ ਨਾਲ ਕਈ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਮੋਟਾਪੇ ਦੀ ਗੱਲ ਕਰੀਏ ਤਾਂ ਇਹ ਆਸਾਨੀ ਨਾਲ ਵਧਦਾ ਹੈ ਪਰ ਇਸਨੂੰ ਘਟਾਉਣਾ ਵੀ ਓਨਾ ਹੀ ਮੁਸ਼ਕਲ ਹੈ।



**ਨੀਂਦ ਪੂਰੀ ਲਓ** ; ਭਾਰ ਘਟਾਉਣ ਲਈ ਚੰਗੀ ਨੀਂਦ ਲੈਣਾ ਜ਼ਰੂਰੀ ਹੈ। ਜਦੋਂ ਨੀਂਦ ਦੀ ਗੁਣਵੱਤਾ ਚੰਗੀ ਹੁੰਦੀ ਹੈ ਤਾਂ ਮੂਡ ਚੰਗਾ ਹੁੰਦਾ ਹੈ। ਇਹ ਖੁਸ਼ੀ ਦੇ ਹਾਰਮੋਨ ਵੀ ਛੱਡਦਾ ਹੈ। ਇਸ ਦੇ ਨਾਲ ਤੁਹਾਡੇ ਸਰੀਰ ਨੂੰ ਆਰਾਮ ਵੀ ਮਿਲਦਾ ਹੈ। ਰੋਜ਼ਾਨਾ ਸੱਤ ਤੋਂ ਅੱਠ ਘੰਟੇ ਨੀਂਦ ਲੈਣਾ ਜ਼ਰੂਰੀ ਹੈ।

**ਬਹੁਤ ਸਾਰਾ ਪਾਣੀ ਪੀਓ** ; ਦਿਨ ਭਰ ਵਿੱਚ ਚਾਰ ਤੋਂ ਪੰਜ ਲੀਟਰ ਪਾਣੀ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ। ਇਹ ਭਾਰ ਘਟਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਅਤੇ ਕਿਫ਼ਾਇਤੀ ਤਰੀਕਾ ਹੈ। ਇਹ ਪਾਚਨ ਕਿਰਿਆ ਨੂੰ ਸਿਹਤਮੰਦ ਰੱਖਦਾ ਹੈ, ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ। ਇਹ ਭੁੱਖ ਨੂੰ ਵੀ ਕੰਟਰੋਲ ਕਰਦਾ ਹੈ। ਇਸ ਤੋਂ ਇਲਾਵਾ ਪਾਣੀ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਵੀ ਮਦਦ ਕਰਦਾ ਹੈ।

**ਸੈਰ ਕਰੋ** ; ਭਾਰ ਘਟਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਰੋਜ਼ਾਨਾ 40 ਮਿੰਟ ਤੁਰਨਾ। ਇਸ ਨਾਲ ਖ਼ੂਨ ਦੇ ਗੇੜ ਵਿੱਚ ਵੀ ਸੁਧਾਰ ਹੁੰਦਾ ਹੈ। ਇਹ ਚਰਬੀ ਪਿਘਲਾਉਣ ਵਿੱਚ ਵੀ ਮਦਦ ਕਰਦਾ ਹੈ। ਤੁਹਾਨੂੰ 10 ਹਜ਼ਾਰ ਕਦਮ ਤੁਰਨਾ ਚਾਹੀਦਾ ਹੈ। ਸੈਰ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਮੂਡ ਨੂੰ ਵੀ ਸੁਧਾਰ ਸਕਦਾ ਹੈ।

**ਪ੍ਰੋਟੀਨ ਲਓ** : ਕਿਹਾ ਜਾਂਦਾ ਹੈ ਕਿ ਜੇਕਰ ਤੁਹਾਡੇ ਸਰੀਰ ਵਿੱਚ ਪ੍ਰੋਟੀਨ ਦੀ ਕਮੀ ਹੈ ਤਾਂ ਮੈਟਾਬੋਲਿਜ਼ਮ ਹੌਲੀ ਹੋ ਜਾਂਦਾ ਹੈ। ਜਦੋਂ ਮੈਟਾਬੋਲਿਜ਼ਮ ਹੌਲੀ ਹੋ ਜਾਂਦਾ ਹੈ ਤਾਂ ਭਾਰ ਘਟਾਉਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਇਸ ਲਈ ਤੁਹਾਨੂੰ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਵਧਾਉਣੀ ਚਾਹੀਦੀ ਹੈ।

**ਖੰਡ ਦਾ ਸੇਵਨ ਘਟਾਓ** : ਜੇਕਰ ਤੁਸੀਂ ਤੇਜ਼ੀ ਨਾਲ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਇਸ ਲਈ ਖੰਡ ਛੱਡਣੀ ਪਵੇਗੀ। ਧਿਆਨ ਰੱਖੋ ਕਿ ਇਸ ਨੂੰ ਇੱਕੋ ਵਾਰ ਛੱਡਣ ਦੀ ਬਜਾਏ, ਇਸ ਨੂੰ ਹੌਲੀ-ਹੌਲੀ ਘਟਾਓ। ਮਿਠਾਈਆਂ ਦੀ ਲਾਲਸਾ ਨੂੰ ਸ਼ਾਂਤ ਕਰਨ ਲਈ, ਫਲ ਖਾਓ। ਇਸ ਨਾਲ ਤੁਹਾਡੇ ਸਰੀਰ ਨੂੰ ਜ਼ਰੂਰੀ ਪੋਸ਼ਣ ਮਿਲੇਗਾ ਅਤੇ ਭਾਰ ਵੀ ਘਟੇਗਾ।

### ਵਰਲਡ ਬੈਂਕ ਦੀ ਰਿਪੋਰਟ ਵਿੱਚ ਹੋਇਆ ਖ਼ੁਲਾਸਾ
# ਭਾਰਤ ਦੇ 17 ਕਰੋੜ ਲੋਕ ਗ਼ਰੀਬੀ ਵਿੱਚੋਂ ਬਾਹਰ ਆਏ
## 10 ਵਰ੍ਹਿਆਂ ਵਿਚ ਗ਼ਰੀਬੀ ਦਰ 14 ਫ਼ੀਸਦੀ ਘਟੀ, ਪਾਕਿਸਤਾਨ ਦੀ ਅੱਧੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ

ਵਾਸ਼ਿੰਗਟਨ, 7 ਜੂਨ (ਚ.ਨ.ਸ.) : ਵਰਲਡ ਬੈਂਕ ਨੇ ਅਪਣੀ ਹਾਲੀਆ 'ਪਾਵਰਟੀ ਐਂਡ ਇਕਵਿਟੀ ਬ੍ਰੀਫ਼' ਰਿਪੋਰਟ ਵਿਚ ਖ਼ੁਲਾਸਾ ਕੀਤਾ ਹੈ ਕਿ ਭਾਰਤ ਇਕ ਦਹਾਕੇ ਦੌਰਾਨ ਗ਼ਰੀਬੀ ਘੱਟ ਕਰਨ ਵਿਚ ਸਫ਼ਲ ਰਿਹਾ ਹੈ। ਜਦਕਿ ਸਰਹੱਦੀ ਤਣਾਅ ਪੈਦਾ ਕਰ ਕੇ ਰੱਖਣ ਵਾਲੇ ਗਵਾਂਢੀ ਮੁਲਕ ਪਾਕਿਸਤਾਨ ਦੀ ਅੱਧੀ ਆਬਾਦੀ ਗ਼ਰੀਬੀ ਵਿਚ ਜੀਵਨ ਹੰਢਾ ਰਹੀ ਹੈ। ਰਿਪੋਰਟ ਮੁਤਾਬਕ ਭਾਰਤ ਨੇ 2011-12 ਤੋਂ 2022-23 ਦਰਮਿਆਨ ਬੇਹੱਦ ਗ਼ਰੀਬੀ ਵਿਚ ਰਹਿ ਰਹੇ 17.1 ਕਰੋੜ ਲੋਕਾਂ ਨੂੰ ਬਾਹਰ ਕੱਢਿਆ ਹੈ। ਗ਼ਰੀਬੀ ਭਾਵ ਰੋਜ਼ਾਨਾ ਲਗਭਗ 172 ਰੁਪਏ ਤੋਂ ਘੱਟ 'ਤੇ ਜੀਵਨ ਨਿਰਵਾਹ ਕਰਨ ਵਾਲੇ ਲੋਕਾਂ ਦੀ ਗਿਣਤੀ 2011-12 ਵਿਚ 16.2 ਫ਼ੀ ਸਦੀ ਤੋਂ ਘੱਟ ਕੇ 2022-23 ਵਿਚ 2.3 ਫ਼ੀ ਸਦੀ ਰਹਿ ਗਈ। ਇਸ ਨਾਲ 17.1 ਕਰੋੜ ਲੋਕ ਗ਼ਰੀਬੀ ਰੇਖਾ ਤੋਂ ਉਪਰ ਆਏ ਹਨ। ਰਿਪੋਰਟ ਮੁਤਾਬਕ ਪਿੰਡ ਵਿਚ ਬੇਹੱਦ ਗ਼ਰੀਬੀ 18.4 ਫ਼ੀ ਸਦੀ ਤੋਂ ਘੱਟ ਕੇ 2.8 ਫ਼ੀਸਦੀ 'ਤੇ ਆ ਗਈ, ਜਦਕਿ ਸ਼ਹਿਰੀ ਖੇਤਰ ਵਿਚ ਇਹ 10.7 ਫ਼ੀ ਸਦੀ ਤੋਂ ਘੱਟ ਕੇ 1.1 ਫ਼ੀ ਸਦੀ 'ਤੇ ਰਹਿ ਗਈ। ਪੇਂਡੂ-ਸ਼ਹਿਰੀ ਅੰਤਰ 7.7 ਫ਼ੀ ਸਦੀ ਤੋਂ ਘੱਟ ਕੇ 1.7 ਫ਼ੀ ਸਦੀ 'ਤੇ ਆ ਗਿਆ ਹੈ। ਇਹ ਸਾਲਾਨਾ 16 ਫ਼ੀ ਸਦੀ ਦੀ ਗਿਰਾਵਟ ਹੈ।ਵਿਸ਼ਵ ਬੈਂਕ ਦਾ ਕਹਿਣਾ ਹੈ ਕਿ ਕੌਮਾਂਤਰੀ ਗ਼ਰੀਬੀ ਰੇਖਾ 3 ਡਾਲਰ ਮਾਸਿਕ ਦੀ ਕਮਾਈ 'ਤੇ ਆਧਾਰਤ ਹੈ। ਪਾਕਿਸਤਾਨ ਵਿਚ ਅਜਿਹੇ ਲੋਕ 45 ਫ਼ੀ ਸਦੀ ਹਨ, ਜਿਨ੍ਹਾਂ ਦੀ ਕਮਾਈ ਮਹੀਨੇ ਵਿਚ ਤਿੰਨ ਡਾਲਰ ਵੀ ਨਹੀਂ ਹੈ।



ਇਸ ਤਰ੍ਹਾਂ ਭਾਰਤ ਗ਼ਰੀਬੀ ਦੇ ਅੰਕੜਿਆਂ ਵਿਚ ਗਿਰਾਵਟ ਮਗਰੋਂ ਹੁਣ ਲੋ-ਮਿਡਲ ਇਨਕਮ ਦੇਸ਼ਾਂ ਦੀ ਕੈਟਾਗਰੀ 'ਚੋਂ ਬਾਹਰ ਆ ਗਿਆ ਹੈ। ਇਥੇ ਰੋਜ਼ਾਨਾ ਲਗਭਗ 292 ਰੁਪਏ ਤੋਂ ਘੱਟ ਕਮਾਉਣ ਵਾਲਿਆਂ ਨੂੰ ਲੋਅਰ-ਮਿਡਲ ਕਲਾਸ ਗ਼ਰੀਬੀ ਵਿਚ ਮੰਨਿਆ ਜਾਂਦਾ ਹੈ। ਇਸ ਦੌਰਾਨ 37.8 ਕਰੋੜ ਲੋਕ ਗ਼ਰੀਬੀ 'ਚੋਂ ਬਾਹਰ ਨਿਕਲਣ ਵਿਚ ਸਫਲ ਰਹੇ।

**ਪਾਕਿਸਤਾਨ ਦੀ ਅੱਧੀ ਆਬਾਦੀ ਗ਼ਰੀਬੀ ਰੇਖਾ ਹੇਠ:** ਉਧਰ ਭਾਰਤ ਨਾਲ ਅਕਸਰ ਟਕਰਾਅ ਵਿਚ ਰਹਿਣ ਵਾਲੇ ਗਵਾਂਢੀ ਮੁਲਕ ਪਾਕਿਸਤਾਨ ਦੀ ਹਾਲਤ ਬੇਹਦ ਖ਼ਰਾਬ ਹੈ। ਪਾਕਿਸਤਾਨ ਦੀ ਕਰੀਬ ਅੱਧੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਵਿਸ਼ਵ ਬੈਂਕ ਦੇ ਅੰਕੜਿਆਂ ਅਨੁਸਾਰ ਪਾਕਿਸਤਾਨ ਦੀ 45 ਫ਼ੀ ਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜ਼ਾਰ ਰਹੀ ਹੈ। ਵਿਸ਼ਵ ਬੈਂਕ ਦੇ ਡੈਟਾ ਅਨੁਸਾਰ 2018-19 ਮੁਤਾਬਕ ਪਾਕਿਸਤਾਨ ਦੀ ਸਥਿਤੀ ਲਗਾਤਾਰ ਬਦਤਰ ਹੋ ਰਹੀ ਹੈ। ਅਤਿ-ਗ਼ਰੀਬੀ ਵਿਚ ਰਹਿਣ ਵਾਲੇ ਪਾਕਿਸਤਾਨੀਆਂ ਦੀ ਗਿਣਤੀ ਪਿਛਲੇ ਕੁਝ ਵਰ੍ਹਿਆਂ ਵਿਚ 4.9 ਫ਼ੀ ਸਦੀ ਤੋਂ ਵਧ ਕੇ 16.5 ਫ਼ੀ ਸਦੀ ਹੋ ਗਈ ਹੈ। ਪਾਕਿਸਤਾਨ ਦੇ ਅਤਿ ਗ਼ਰੀਬ ਪਰਿਵਾਰਾਂ ਦੀ ਗਿਣਤੀ ਵਿਚ ਵਾਧੇ ਦਾ ਇਕ ਹੋਰ ਕਾਰਨ ਵੀ ਹੈ। ਉਹ ਹੈ ਇੰਟਰਨੈਸ਼ਨਲ ਪਾਵਰਟੀ ਇੰਡੈਕਸ ਵਿਚ ਬਦਲਾਅ ਹੋਣਾ।

# ਸਿੱਖਾਂ ਹੱਥ ਆਈ ਇੰਗਲੈਂਡ ਦੇ ਫੁੱਟਬਾਲ ਕਲੱਬ ਦੀ ਕਮਾਨ

ਲੰਡਨ, (ਯੂਕੇ) , 7 ਜੂਨ (ਚ.ਨ.ਸ.) : ਇੰਗਲੈਂਡ ਵਿਚ ਪਹਿਲੀ ਵਾਰ ਸਿੱਖਾਂ ਕੋਲ ਖੁਦ ਦਾ ਫੁੱਟਬਾਲ ਕਲੱਬ ਹੋਵੇਗਾ। ਇੰਗਲਿਸ਼ ਫੁੱਟਬਾਲ ਲੀਗ ਵੱਲੋਂ ਪੰਜਾਬ ਵਾਰਿਅਰਜ਼ ਨੂੰ ਮੋਰਕਮ ਫੁੱਟਬਾਲ ਕਲੱਬ ਲਈ ਮਨਜ਼ੂਰੀ ਮਿਲ ਚੁੱਕੀ ਹੈ। ਜਿਸ ਨਾਲ ਉਹ ਯੂ.ਕੇ ਵਿੱਚ ਕਿਸੇ ਪੇਸ਼ੇਵਰ ਫੁੱਟਬਾਲ ਕਲੱਬ ਦੇ ਪਹਿਲੇ ਪੰਜਾਬੀ/ਸਿੱਖ ਮਾਲਕ ਬਣ ਗਏ ਹਨ। ਸਿੱਖਾਂ ਦਾ ਇਹ ਕਦਮ ਸਿਰਫ ਇਕ ਵਪਾਰਕ ਨਿਵੇਸ਼ ਨਹੀਂ, ਬਲਕਿ ਪੰਜਾਬੀਆਂ ਅਤੇ ਸਿੱਖਾਂ ਦੀ ਵਿਸ਼ਵ ਭਰ ਵਿੱਚ ਪਹਿਚਾਣ ਅਤੇ ਸੱਭਿਆਚਾਰਕ ਹੋਂਦ ਨੂੰ ਮਜਬੂਤ ਬਣਾਉਣ ਵਿਚ ਸਹਾਈ ਸਿੱਧ ਹੋਏਗਾ।ਕੁੱਲ ਦੁਨੀਆਂ ਅੰਦਰ ਤਕਰੀਬਨ ਸਾਢੇ ਤਿੰਨ ਸੌ ਕਰੋੜ ਅਬਾਦੀ ਦੀ ਪਹਿਲੀ ਪਸੰਦ ਫੁੱਟਬਾਲ ਖੇਡ ਯੂਰਪ ਖਾਸ ਕਰ ਇੰਗਲੈਂਡ ਜਿਹੇ ਮੁਲਕਾਂ ਦੀ ਪਸੰਦੀਦਾ ਖੇਡ ਹੈ। ਯੂ.ਕੇ ਵਿੱਚ ਫੁੱਟਬਾਲ ਸਿਰਫ਼ ਇੱਕ ਖੇਡ ਹੀ ਨਹੀਂ, ਸਗੋਂ ਇੱਕ ਸੱਭਿਆਚਾਰ ਬਣ ਚੁੱਕੀ ਹੈ। ਪੰਜਾਬ ਵਾਰਿਅਰਜ਼ ਦਾ ਉਦੇਸ਼ ਫੁੱਟਬਾਲ ਦੀ ਦੁਨੀਆਂ ਵਿਚ ਨਾ ਸਿਰਫ਼ ਚੋਟੀ ਦੇ ਕਲੱਬਾਂ ਨਾਲ ਖੇਡ ਮੁਕਾਬਲੇ ਕਰਨਾ ਹੈ, ਸਗੋਂ ਪੰਜਾਬੀ ਅਤੇ ਸਿੱਖ ਨੌਜਵਾਨਾਂ ਦੀ ਮੌਜੂਦਾ ਅਤੇ ਆਉਣ ਵਾਲੀ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਸਣੇ ਖੇਡ ਵਿੱਚ ਹਿੱਸਾ ਲੈਣ ਦੇ ਮੌਕੇ ਪ੍ਰਦਾਨ ਕਰਨਾ ਵੀ ਹੈ।ਪੰਜਾਬ ਵਾਰਿਅਰਜ਼ ਦੇ ਬੁਲਾਰੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ, ਇਹ ਸਾਡੀ ਕੌਮ ਦੀ ਪਹਿਚਾਣ ਅਤੇ ਭਵਿੱਖ ਦੀ ਗੱਲ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੀ ਕੌਮ ਦੀ ਚੜ੍ਹਦੀਕਲਾ ਅਤੇ ਜਜ਼ਬੇ ਦਾ ਪਤਾ ਲੱਗ ਸਕੇ, ਉਨ੍ਹਾਂ ਕਿਹਾ ਕਿ ਮੋਰਕਮ ਫੁੱਟਬਾਲ ਕਲੱਬ ਹੁਣ ਵਿਸ਼ਵ ਭਰ ਦੇ ਸਿੱਖਾਂ ਲਈ ਨਵੇਂ ਮੌਕਿਆਂ ਦਾ ਪ੍ਰਤੀਕ ਹੋਵੇਗਾ।ਪੰਜਾਬ ਵਾਰੀਅਰਜ਼ ਵੱਲੋਂ ਫੁੱਟਬਾਲ ਨੂੰ ਸਿੱਖਿਆ ਵਜੋਂ ਪੰਜਾਬੀ/ਸਿੱਖ ਨੌਜਵਾਨਾਂ ਦੀ ਹੋਂਦ ਅਤੇ ਲੀਡਰਸ਼ਿਪ ਵਜੋਂ ਉਨ੍ਹਾਂ ਦੇ ਵਿਕਾਸ, ਖੇਡਾਂ ਵਿਚ ਵਿਭਿੰਨਤਾ ਅਤੇ ਭਾਈਚਾਰੇ ਵਿਚਾਲੇ ਤਾਲਮੇਲ ਨੂੰ ਵਧਾਉਣ ਲਈ ਵਰਤਿਆ ਜਾਏਗਾ। ਇਹ ਕਦਮ ਪੂਰੇ ਵਿਸ਼ਵ ਭਰ ਵਿਚ ਵੱਸਦੇ ਸਿੱਖਾਂ ਲਈ ਇੱਕ ਇਤਿਹਾਸਕ ਮੋੜ ਵਜੋਂ ਵੇਖਿਆ ਜਾ ਰਿਹਾ ਹੈ।




# ਅਮਰੀਕੀ ਨਾਗਰਿਕਾਂ ਦੇ ਨਿੱਜੀ ਡੇਟਾ ਤੱਕ ਸਰਕਾਰ ਦੀ ਸਿੱਧੀ ਪਹੁੰਚ

ਵਾਸ਼ਿੰਗਟਨ, 7 ਜੂਨ (ਚ.ਨ.ਸ.) : ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਦੇ ਸਰਕਾਰੀ ਕੁਸ਼ਲਤਾ ਵਿਭਾਗ ਦੇ ਅਧਿਕਾਰੀ ਹੁਣ ਨਾਗਰਿਕਾਂ ਦੇ ਸਾਰੇ ਸੰਵੇਦਨਸ਼ੀਲ ਨਿੱਜੀ ਡੇਟਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਯੋਗ ਹੋਣਗੇ। ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰਅਧਿਕਾਰੀਆਂ ਨੂੰ ਸਮਾਜਿਕ ਸੁਰੱਖਿਆ ਪ੍ਰਸ਼ਾਸਨ ਡੇਟਾ ਤੱਕ ਪਹੁੰਚ ਕਰਨ ਦਾ ਅਧਿਕਾਰ ਦਿੱਤਾ, ਜਿਸ ਨਾਲ ਉਨ੍ਹਾਂ ਨੂੰ ਅਮਰੀਕੀ ਨਾਗਰਿਕਾਂ ਦਾ ਸਾਰਾ ਸੰਵੇਦਨਸ਼ੀਲ ਨਿੱਜੀ ਡੇਟਾ ਪ੍ਰਾਪਤ ਕਰਨ ਦਾ ਅਧਿਕਾਰ ਮਿਲਿਆ। ਇਹ ਫੈਸਲਾ ਮੈਰੀਲੈਂਡ ਦੇ ਇੱਕ ਜ਼ਿਲ੍ਹਾ ਜੱਜ ਦੇ ਹੁਕਮ ਨੂੰ ਉਲਟਾਉਣ ਤੋਂ ਬਾਅਦ ਆਇਆ, ਜਿਸ ਨੇ ਕਿਹਾ ਸੀ ਕਿ ਨਿੱਜਤਾ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਕਈ ਜੱਜਾਂ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਲੱਖਾਂ ਅਮਰੀਕੀਆਂ ਦੀ ਨਿੱਜਤਾ ਨੂੰ ਖ਼ਤਰਾ ਪੈਦਾ ਕਰ ਸਕਦਾ ਹੈ। ਹੁਣ ਸਮਾਜਿਕ ਸੁਰੱਖਿਆ ਪ੍ਰਸ਼ਾਸਨ ਦੇ ਡੇਟਾਬੇਸ ਵਿੱਚ ਨਿੱਜੀ ਵੇਰਵਿਆਂ ਤੱਕ ਪਹੁੰਚ ਮਿਲ ਗਈ ਹੈ, ਜਿਸ ਵਿੱਚ ਵਿੱਤੀ, ਵਿਦਿਅਕ ਅਤੇ ਡਾਕਟਰੀ ਡੇਟਾ ਸ਼ਾਮਲ ਹੈ। ਸੁਪਰੀਮ ਕੋਰਟ ਨੇ ਤਿੰਨ-ਪੈਰਾਗ੍ਰਾਫ਼ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਮੌਜੂਦਾ ਹਾਲਾਤ ਵਿੱਚ DOGE ਟੀਮ ਦੇ ਮੈਂਬਰਾਂ ਨੂੰ SSA ਰਿਕਾਰਡਾਂ ਤੱਕ ਪਹੁੰਚ ਦਿੱਤੀ ਜਾਂਦੀ ਹੈ ਤਾਂ ਜੋ ਉਹ ਮੈਂਬਰ ਆਪਣਾ ਕੰਮ ਕਰ ਸਕਣ। ਹਾਲਾਂਕਿ ਅਦਾਲਤ ਨੇ ਆਦੇਸ਼ ਵਿੱਚ ਆਪਣੇ ਫੈਸਲੇ ਪਿੱਛੇ ਕਾਰਨ ਨਹੀਂ ਦੱਸਿਆ ਹੈ। ਇਸ ਕਾਰਨ ਇਹ ਇੱਕ ਵਿਵਾਦਪੂਰਨ ਮੁੱਦਾ ਬਣ ਗਿਆ ਹੈ। ਇਸ ਹੁਕਮ ਨੂੰ ਅਦਾਲਤ ਦੇ ਤਿੰਨ ਜੱਜਾਂ, ਜਸਟਿਸ ਏਲੇਨਾ ਕਾਗਨ, ਸੋਨੀਆ ਸੋਟੋਮੇਅਰ ਅਤੇ ਕੇਤਨਜੀ ਬ੍ਰਾਊਨ ਜੈਕਸਨ ਨੇ ਵੀ ਚੁਣੌਤੀ ਦਿੱਤੀ ਅਤੇ ਅਸਹਿਮਤੀ ਜਤਾਈ। ਜਸਟਿਸ ਸੋਟੋਮੇਅਰ ਅਤੇ ਜਸਟਿਸ ਜੈਕਸਨ ਨੇ ਕਿਹਾ ਕਿ ਅਦਾਲਤ ਲੱਖਾਂ ਅਮਰੀਕੀਆਂ ਲਈ ਗੰਭੀਰ ਗੋਪਨੀਯਤਾ ਜੋਖਮ ਪੈਦਾ ਕਰ ਰਹੀ ਹੈ। SSA ਮਾਮਲੇ ਵਿੱਚ ਯੂ.ਐਸ ਸੌਲੀਸਿਟਰ ਜਨਰਲ ਡੀ. ਜੌਨ ਸੌਅਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਜੇਕਰ ਜ਼ਿਲ੍ਹਾ ਅਦਾਲਤ ਵਿਸ਼ੇਸ਼ ਏਜੰਸੀ ਦੇ ਕਰਮਚਾਰੀਆਂ ਨੂੰ ਕੰਮ ਕਰਨ ਤੋਂ ਰੋਕਦੀ ਹੈ, ਜਿਸ ਕਾਰਨ ਸਰਕਾਰ ਧੋਖਾਧੜੀ ਨੂੰ ਖਤਮ ਨਹੀਂ ਕਰ ਸਕਦੀ।












**ਜਨਮ ਦਿਨ ਮੁਬਾਰਕ**



ਜਸਨੂਰ ਸਿੰਘ



ਅਸ਼ੀਸ਼

# ਰਿਪਬਲਿਕਨਾਂ ਵੱਲੋਂ ਟਰੰਪ ਅਤੇ ਮਸਕ ਨੂੰ ਟਕਰਾਅ ਖ਼ਤਮ ਕਰਨ ਦੀ ਅਪੀਲ

ਵਾਸ਼ਿੰਗਟਨ, 7 ਜੂਨ (ਚ.ਨ.ਸ.) : ਰਾਸ਼ਟਰਪਤੀ ਡੋਨਲਡ ਟਰੰਪ ਦੇ ਐਲਨ ਮਸਕ ਨਾਲ ਟਕਰਾਅ ਤੋਂ ਬਾਅਦ ਕਾਨੂੰਨ ਨਿਰਮਾਤਾ ਅਤੇ ਰੂੜੀਵਾਦੀ ਸ਼ਖਸੀਅਤਾਂ ਲੰਬੇ ਸਮੇਂ ਤੋਂ ਚੱਲ ਰਹੇ ਝਗੜੇ ਦੇ ਸੰਭਾਵੀ ਨਤੀਜਿਆਂ ਦੇ ਡਰੋਂ ਤਣਾਅ ਘਟਾਉਣ ਦੀ ਅਪੀਲ ਕਰ ਰਹੀਆਂ ਹਨ। ਦੋ ਸ਼ਕਤੀਸ਼ਾਲੀ ਵਿਅਕਤੀਆਂ ਵਿਚਕਾਰ ਦੁਸ਼ਮਣੀ ਦਾ ਵਿਸਫੋਟ ਰਿਪਬਲਿਕਨਾਂ ਦੇ ਵੱਡੇ ਟੈਕਸ ਅਤੇ ਸਰਹੱਦੀ ਖਰਚ ਕਾਨੂੰਨ ਲਈ ਅੱਗੇ ਵਧਣ ਦੇ ਰਾਹ ਨੂੰ ਗੁੰਝਲਦਾਰ ਬਣਾ ਸਕਦਾ ਹੈ। ਕਿਉਂਕਿ ਟਰੰਪ ਵੱਲੋਂ ਇਸ ਨੂੰ ਅੱਗੇ ਵਧਾਇਆ ਗਿਆ ਹੈ, ਪਰ ਮਸਕ ਵੱਲੋਂ ਇਸ 'ਤੇ ਹਮਲਾ ਕੀਤਾ ਗਿਆ ਹੈ।ਵਾਸ਼ਿੰਗਟਨ ਰਾਜ ਦੇ ਰਿਪਬਲਿਕਨ ਪ੍ਰਤੀਨਿਧੀ ਡੈਨ ਨਿਊਹਾਊਸ ਨੇ ਕਿਹਾ, "ਮੈਨੂੰ ਉਮੀਦ ਹੈ ਕਿ ਇਹ ਸਾਨੂੰ ਉਹ ਕੰਮ ਕਰਨ ਤੋਂ ਨਹੀਂ ਭਟਕਾਏਗਾ ਜਿਸਦੀ ਸਾਨੂੰ ਲੋੜ ਹੈ। ਮੈਨੂੰ ਲੱਗਦਾ ਹੈ ਕਿ ਗੁੱਸਾ ਠੰਡਾ ਹੋ ਜਾਵੇਗਾ ਅਤੇ ਉਹ ਆਪਣੇ ਮਨ ਮੁਟਾਅ ਠੀਕ ਕਰਨਗੇ।ਦੁਪਹਿਰ ਤੱਕ ਮਸਕ ਆਪਣਾ ਗੁੱਸਾ ਕਾਬੂ ਵਿੱਚ ਰੱਖ ਰਿਹਾ ਸੀ ਅਤੇ ਉਹ ਰਾਸ਼ਟਰਪਤੀ 'ਤੇ ਹਮਲਾ ਕਰਨ ਦੀ ਬਜਾਇ ਸੋਸ਼ਲ ਮੀਡੀਆ 'ਤੇ ਆਪਣੀਆਂ ਵੱਖ-ਵੱਖ ਕੰਪਨੀਆਂ ਬਾਰੇ ਪੋਸਟ ਕਰ ਰਿਹਾ ਸੀ। ਟੈਕਸਾਸ ਦੇ ਰਿਪਬਲਿਕਨ ਸੈਨੇਟਰ ਟੇਡ ਕਰੂਜ਼ ਨੇ ਵੀਰਵਾਰ ਰਾਤ ਨੂੰ ਫੌਕਸ ਨਿਊਜ਼ ਦੇ ਹੋਸਟ ਸੀਨ ਹੈਨਿਟੀ ਨੂੰ ਦੱਸਿਆ, "ਮੈਨੂੰ ਉਮੀਦ ਹੈ ਕਿ ਉਹ ਦੋਵੇਂ ਇਕੱਠੇ ਵਾਪਸ ਆਉਣਗੇ ਕਿਉਂਕਿ ਜਦੋਂ ਉਹ ਦੋਵੇਂ ਇਕੱਠੇ ਕੰਮ ਕਰ ਰਹੇ ਹੋਣਗੇ ਤਾਂ ਅਸੀਂ ਅਮਰੀਕਾ ਲਈ ਬਹੁਤ ਕੁਝ ਕਰ ਸਕਾਂਗੇ।ਸ਼ੁੱਕਰਵਾਰ ਸਵੇਰੇ ਵੱਖ ਵੱਖ ਟੀਵੀ ਐਂਕਰਾਂ ਨਾਲ ਗੱਲਬਾਤ ਦੌਰਾਨ ਟਰੰਪ ਨੇ ਕਿਸੇ ਵੀ ਤਰ੍ਹਾਂ ਦਾ ਮਨ ਮੁਟਾਅ ਖਤਮ ਕਰਨ ਦੀ ਕੋਈ ਰੁਚੀ ਨਹੀਂ ਦਿਖਾਈ। ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਮਸਕ ਨਾਲ ਉਨ੍ਹਾਂ ਦੀ ਸੰਭਾਵਿਤ ਗੱਲਬਾਤ ਬਾਰੇ ਰਿਪੋਰਟਾਂ 'ਤੇ ਕੀ ਕਹੋਗੇ, ਤਾਂ ਰਾਸ਼ਟਰਪਤੀ ਨੇ ਜਵਾਬ ਦਿੱਤਾ, ਤੁਸੀਂ ਉਸ ਵਿਅਕਤੀ ਦੀ ਗੱਲ ਕਰ ਰਹੇ ਹੋ ਜੋ ਆਪਣੀ ਅਕਲ ਗਵਾ ਬੈਠਾ ਹੈ ? ਟਰੰਪ ਨੇ 123 ਇੰਟਰਵਿਊ ਵਿੱਚ ਇਹ ਵੀ ਜੋੜਿਆ ਕਿ ਉਹ ਇਸ ਵੇਲੇ ਮਸਕ ਨਾਲ ਗੱਲ ਕਰਨ ਵਿੱਚ ਖ਼ਾਸ ਦਿਲਚਸਪੀ ਨਹੀਂ ਰੱਖਦੇ।








### ਭੋਗ 'ਤੇ ਵਿਸ਼ੇਸ਼
# ਸੇਵਾ ਤੇ ਨਿਮਰਤਾ ਦੇ ਮੁਜੱਸਮੇ ਸਨ ਬੀਬੀ ਹਰਜਿੰਦਰ ਕੌਰ



ਬੀਬੀ ਹਰਜਿੰਦਰ ਕੌਰ ਜੀ ਦਾ ਜਨਮ 10 ਜੂਨ 1954 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਲਤਾਨਵਿੰਡ ਵਿਖੇ ਮਾਤਾ ਹਰਭਜਨ ਕੌਰ ਅਤੇ ਪਿਤਾ ਸ ਕਸ਼ਮੀਰਾ ਸਿੰਘ ਦੇ ਗ੍ਰਹਿ ਹੋਇਆ। ਉਨ੍ਹਾਂ ਦੇ ਮਾਤਾ-ਪਿਤਾ ਸੰਪਰਦਾਇ ਕਾਰ ਸੇਵਾ ਭੂਰੀਵਾਲਿਆਂ ਦੇ ਸਥਾਨ 'ਤੇ ਸੇਵਾ ਨਿਭਾਉਂਦੇ ਸਨ ਇਸ ਲਈ ਉਹਨਾਂ ਨੂੰ ਸੇਵਾ ਦੀ ਪ੍ਰੇਰਨਾ ਬਚਪਨ ਤੋਂ ਹੀ ਪਰਿਵਾਰ ਤੋਂ ਮਿਲੀ ਜੋ ਉਨ੍ਹਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਗਈ ਤੇ ਸੰਤਾਂ-ਮਹਾਂਪੁਰਖਾਂ ਦੀ ਸੰਗਤ ਅਤੇ ਸੇਵਾ ਦੇ ਮਾਰਗ ਵੱਲ ਲੈ ਗਈ। 13 ਤੇਰਾਂ ਸਾਲ ਦੀ ਉਮਰ ਵਿੱਚ ਉਹ ਪੱਕੇ ਤੌਰ 'ਤੇ, ਮਹਾਂਪੁਰਸ਼ਾਂ ਦੀ ਸੇਵਾ ਵਿੱਚ ਨਿਰਮਲੇ ਤਪੋ ਬਨ ਆ ਗਏ ਸਨ।

ਉਹਨਾਂ ਨੇ ਸੰਤ ਬਾਬਾ ਜੈਮਲ ਸਿੰਘ ਜੀ ਦੇ ਸਮੇਂ ਡੇਰੇ 'ਤੇ ਅਪਣੇ ਜੀਵਨ ਦੀ ਸ਼ੁਰੂਆਤ ਗੁਰਧਾਮਾਂ ਦੀ ਕਾਰ ਸੇਵਾ, ਲੰਗਰ ਤਿਆਰ ਕਰਨ,ਬਰਤਨ ਸਾਫ ਕਰਨ , ਡੇਰੇ ਦੀ ਸਾਂਭ-ਸੰਭਾਲ ਤੇ ਸਫ਼ਾਈ ਵਰਗੀਆਂ ਸੇਵਾਵਾਂ ਤੋਂ ਕੀਤੀ । ਸੰਪਰਦਾਇ ਕਾਰ ਸੇਵਾ ਸੰਤ ਭੂਰੀ ਵਾਲਿਆਂ ਦਾ ਪਿਛੋਕੜ ਨਿਰਮਲ ਭੇਖ ਨਾਲ ਜੁੜਿਆ ਹੋਣ ਕਰਕੇ ਨਿਰਮਲੇ ਸੰਤ ਮਹਾਂਪੁਰਸ਼ਾਂ, ਵਿਦਵਾਨਾਂ ਤੇ ਨਾਮਵਰ ਧਾਰਮਿਕ ਸ਼ਖਸ਼ੀਅਤਾਂ ਦੀ ਡੇਰੇ ਤੇ ਆਵਾਜਾਈ ਹੋਣ ਕਾਰਨ ਬੀਬੀ ਜੀ ਨੂੰ ਸੰਤਾਂ-ਮਹਾਪੁਰਖਾਂ ਨੂੰ ਹੱਥੀਂ ਲੰਗਰ ਤਿਆਰ ਕਰਕੇ ਛਕਾਉਣ ਦੀ ਸੇਵਾ ਦਾ ਵਿਸ਼ੇਸ਼ ਸੁਭਾਗ ਪ੍ਰਾਪਤ ਹੋਇਆ। ਸੇਵਾ ਦੀ ਲਗਨ ਅਤੇ ਸਮਰਪਣ ਨੂੰ ਦੇਖਦਿਆਂ ਡੇਰੇ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਵੀ ਉਨ੍ਹਾਂ ਨੂੰ ਸੌਂਪੀਆਂ ਗਈਆਂ। ਸਮੁੱਚੇ ਪ੍ਰਬੰਧਾਂ ਦੇ ਨਾਲ ਨਾਲ ਡੇਰੇ ਦੇ ਵਿੱਤੀ ਪ੍ਰਬੰਧ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਬੜੀ ਸੂਝ-ਬੂਝ, ਗੰਭੀਰਤਾ , ਸਹਿਜ ਅਤੇ ਤਨ ਦੇਹੀ ਨਾਲ ਨਿਭਾਈ । ਉਹਨਾਂ ਦੇ ਚਿਹਰੇ ਦਾ ਤੇਜ ਤਪ, ਦੂਰ ਅੰਦੇਸ਼ , ਮਿਲਣਸਾਰ ਨਿਮਰ ਸੁਭਾਅ , ਦ੍ਰਿੜ ਵਿਸ਼ਵਾਸ, ਗੁਰੂ ਪ੍ਰਤੀ ਆਸਥਾ, ਡੇਰੇ ਦੇ ਪ੍ਰਬੰਧਾਂ ਸਬੰਧੀ ਹਰ ਵੇਲ਼ੇ ਸੁਚੇਤ, ਡੇਰੇ 'ਤੇ ਹਰ ਮਾਈ-ਭਾਈ ਨੂੰ ਬਰਾਬਰ ਸਤਿਕਾਰ ਅਤੇ ਪਿਆਰ ਦੇਣਾ ਉਹਨਾਂ ਦੀ ਸ਼ਖਸ਼ੀਅਤ ਦੇ ਵਿਸ਼ੇਸ਼ ਗੁਣ ਸਨ। ਸੇਵਾ ਅਤੇ ਨਿਮਰਤਾ ਦੇ ਮੁਜੱਸਮੇ ਵਜੋਂ ਜਾਣੇ ਜਾਂਦੇ, ਬੀਬੀ ਜੀ ਦਾ ਸਮੁੱਚਾ ਜੀਵਨ ਡੇਰਾ ਕਾਰ ਸੇਵਾ ਸੰਤ ਭੂਰੀ ਵਾਲੇ ਅਤੇ ਇਤਿਹਾਸ ਗੁਰਧਾਮਾਂ ਦੀਆਂ ਸੇਵਾਵਾਂ ਨੂੰ ਸਮਰਪਿਤ ਰਿਹਾ।ਸੇਵਾ ਦੇ ਛੇ ਦਹਾਕਿਆਂ ਵਿੱਚ ਉਨ੍ਹਾਂ ਸੰਤ ਬਾਬਾ ਜੈਮਲ ਸਿੰਘ ਜੀ ਭੂਰੀ ਵਾਲੇ, ਸੰਤ ਬਾਬਾ ਗੁਰਦਿਆਲ ਸਿੰਘ ਜੀ ਭੂਰੀ ਵਾਲੇ ,ਬਾਬਾ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲ਼ੇ ਤੇ ਬਾਬਾ ਸੁਖਵਿੰਦਰ ਸਿੰਘ ਜੀ ਲਈ ਰੋਜ਼ਾਨਾ ਲੰਗਰ ਤਿਆਰ ਕਰਨ ਦੀ ਨਿਰੰਤਰ ਸੇਵਾ ਨਿਭਾਈ।

ਸੇਵਾ ਦੀ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਗੁਰਬਾਣੀ ਤੇ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਪੜਨਾ , ਆਏ ਗਏ ਨੂੰ ਸਰਵਣ ਕਰਾਉਣਾ ਅਤੇ ਸਿਮਰਨ ਦੀਆਂ ਮਾਲਾਵਾਂ ਤਿਆਰ ਕਰਕੇ ਵੰਡਣ ਵਿੱਚ ਉਹਨਾਂ ਦੀ ਵਿਸ਼ੇਸ਼ ਦਿਲਚਸਪੀ ਸੀ ਜੋ ਉਹਨਾਂ ਦੀ ਗੁਰਮਤ ਪ੍ਰਤੀ ਸਮਰਪਣ ਭਾਵਨਾ ਤੇ ਸੇਵਾ ਦੇ ਜਜ਼ਬੇ ਨੂੰ ਪ੍ਰਗਟਾਉਂਦੀ ਹੈ।

ਵਡੇਰੀ ਉਮਰ ਦੇ ਨਾਲ ਬੀਬੀ ਜੀ ਨੂੰ ਸਰੀਰਕ ਰੋਗਾਂ ਦਾ ਵੀ ਸਾਹਮਣਾ ਕਰਨਾ ਪਿਆ। ਖਾਸ ਤੌਰ ਤੇ ਪਿਛਲੇ ਸੱਤ ਅੱਠ ਸਾਲਾਂ ਤੋਂ ਲਿਵਰ ਦੀ ਖਰਾਬੀ ਕਾਰਨ ਉਨ੍ਹਾਂ ਦਾ ਲਿਵਰ ਵੀ ਟਰਾਂਸਪਲਾਂਟ ਕਰਾਉਣਾ ਪਿਆ। ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀਵਾਲਿਆਂ ਤੇ ਬਾਬਾ ਸੁਖਵਿੰਦਰ ਸਿੰਘ ਜੀ ਨੇ ਉਨ੍ਹਾਂ ਦਾ ਇਲਾਜ ਦੇਸ਼ ਦੇ ਨਾਮਵਰ ਹਸਪਤਾਲ ਮੇਦਾਂਤਾ ਵਿਖੇ ਕਰਵਾਇਆ ਗਿਆ। ਇਲਾਜ ਮੁਕੰਮਲ ਹੋਣ ਤੋਂ ਬਾਅਦ, ਉਨ੍ਹਾਂ ਨੂੰ ਡੇਰੇ ਵਿੱਚ ਆਧੁਨਿਕ ਸਹੂਲਤਾਂ ਵਾਲੇ ਕਮਰੇ , ਸਾਫ-ਸੁਥਰੇ ਵਾਤਾਵਰਣ ਅਤੇ ਡਾਕਟਰ ਦੀ ਨਿਗਰਾਨੀ ਹੇਠ ਰੱਖਿਆ ਗਿਆ ਅਤੇ ਸਮੇਂ-ਸਮੇਂ ਤੇ ਉਨ੍ਹਾਂ ਦਾ ਚੈੱਕਅਪ ਵੀ ਕਰਵਾਇਆ ਜਾਂਦਾ ਰਿਹਾ।

ਸਰੀਰਕ ਤੌਰ 'ਤੇ ਠੀਕ ਨਾ ਹੋਣ ਦੇ ਬਾਵਜੂਦ ਵੀ ਬੀਬੀ ਜੀ ਦਾ ਮਨੋਬਲ ਅਤੇ ਦ੍ਰਿੜਤਾ ਅਡੋਲ ਸੀ। ਉਨ੍ਹਾਂ ਨੇ ਆਪਣੇ ਦੁੱਖ ਨੂੰ ਕਦੇ ਵੀ ਚਿਹਰੇ ਤੇ ਨਹੀਂ ਆਉਣ ਦਿੱਤਾ ਅਤੇ ਹਮੇਸ਼ਾਂ ਸਕਾਰਾਤਮਕ ਰਵੱਈਆ ਬਣਾਈ ਰੱਖਿਆ। ਉਨ੍ਹਾਂ ਦੀ ਇਹ ਸਥਿਰਤਾ ਅਤੇ ਹੌਂਸਲਾ ਸਭ ਲਈ ਪ੍ਰੇਰਨਾਦਾਇਕ , ਸੇਵਾ , ਸਮਰਪਣ ਅਤੇ ਉਹ ਨਿਮਰਤਾ ਦੀ ਜੀਵੰਤ ਮਿਸਾਲ ਸੀ। ਸੰਤਾਂ-ਮਹਾਂਪੁਰਖਾਂ ਦੀ ਸੰਗਤ ਵਿੱਚ ਰਹਿੰਦਿਆਂ, ਉਨ੍ਹਾਂ ਨੇ ਸਦਾ ਮਰਿਆਦਾ ਦਾ ਪਾਲਣ ਕੀਤਾ ਅਤੇ ਹਰ ਪ੍ਰਾਣੀ ਨੂੰ ਸਤਿਕਾਰ ਅਤੇ ਪਿਆਰ ਦਿੱਤਾ। ਉਨ੍ਹਾਂ ਦੀ ਸਿਹਤ ਸੰਬੰਧੀ ਚੁਣੌਤੀਆਂ ਦੇ ਬਾਵਜੂਦ, ਉਨ੍ਹਾਂ ਦੀ ਦ੍ਰਿੜਤਾ ਅਤੇ ਸਕਾਰਾਤਮਕ ਸੋਚ ਨੇ ਸਭ ਨੂੰ ਪ੍ਰਭਾਵਿਤ ਕੀਤਾ ਜੋ ਸਾਨੂੰ ਸਿਖਾਉਂਦਾ ਹੈ ਕਿ ਸੇਵਾ ਅਤੇ ਨਿਮਰਤਾ ਤੇ ਚੱਲਦਿਆਂ, ਹਰ ਮੁਸ਼ਕਲ ਦਾ ਹੌਂਸਲੇ ਹੱਲ ਕੀਤਾ ਜਾ ਸਕਦਾ ਹੈ।

30 ਮਈ ਨੂੰ ਅਚਾਨਕ ਉਹ ਗੁਰੂ ਚਰਨਾਂ ਵਿੱਚ ਜਾ ਬਿਰਾਜੇ। 8 ਜੂਨ ਉਹਨਾਂ ਦੇ ਨਮਿੱਤ ਸਹਿਜ ਪਾਠ ਦੇ ਭੋਗ ਉਪਰੰਤ ਡੇਰਾ ਕਾਰ ਸੇਵਾ ਸੰਤ ਭੂਰੀ ਵਾਲੇ ਨਿਰਮਲੇ ਤਪੋ ਬਨ ਤਰਨ ਤਾਰਨ ਰੋਡ ਅੰਮ੍ਰਿਤਸਰ ਵਿਖੇ ਸ਼ਰਧਾਂਜਲੀ ਸਮਾਗਮ ਹੋਵੇਗਾ।ਉਨ੍ਹਾਂ ਦੀ ਵਿਰਾਸਤ ਸੰਪਰਦਾਇ ਕਾਰ ਸੇਵਾ ਭੂਰੀ ਵਾਲਿਆਂ ਦੇ ਸਥਾਨ ਅਤੇ ਸੰਗਤ ਦੇ ਦਿਲਾਂ ਵਿੱਚ ਸਦਾ ਜਿਉਂਦੀ ਰਹੇਗੀ।

-ਅੰਮ੍ਰਿਤਪਾਲ ਸਿੰਘ




# ਭਾਜਪਾ ਅਤੇ ਕਾਂਗਰਸ 'ਚ ਆਮ ਲੋਕਾਂ ਲਈ ਕੋਈ ਜਗ੍ਹਾ ਨਹੀਂ, ਆਮ ਆਦਮੀ ਪਾਰਟੀ ਆਮ ਲੋਕਾਂ ਦੀ ਅਸਲ ਪਾਰਟੀ : ਸੌਂਧ




ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ ਪੱਛਮੀ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਵੱਡੀ ਸਫਲਤਾ ਮਿਲੀ ਹੈ। ਵਾਰਡ ਨੰਬਰ 58 ਤੋਂ ਕੌਂਸਲਰ ਸਤਨਾਮ ਸਿੰਘ ਸੰਨੀ ਮਾਸਟਰ, ਜੋ ਕੁਝ ਦਿਨ ਪਹਿਲਾਂ 'ਆਪ' ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਸਨ, ਸ਼ਨੀਵਾਰ ਨੂੰ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਮੁੜ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ, ਮਰਹੂਮ ਵਿਧਾਇਕ ਗੁਰਪ੍ਰੀਤ ਗੋਗੀ ਦੇ ਭਤੀਜੇ ਪਰਮਵੀਰ ਸਿੰਘ ਰੌਣੀ ਵੀ ਪਾਰਟੀ ਵਿੱਚ ਵਾਪਸ ਰੋਣੀ ਹੋ ਗਏ। 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਪਾਰਟੀ ਆਗੂ ਡਾ. ਸੰਨੀ ਆਹਲੂਵਾਲੀਆ ਅਤੇ ਵਿਧਾਇਕ ਇੰਦਰਬੀਰ ਸਿੰਘ ਨਿੱਝਰ ਦੀ ਮੌਜੂਦਗੀ ਵਿੱਚ ਸੰਨੀ ਮਾਸਟਰ ਅਤੇ ਰੌਣੀ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਦੁਬਾਰਾ ਸ਼ਾਮਲ ਕਰਾਇਆ ਅਤੇ ਉਨ੍ਹਾਂ ਦੀ ਘਰ ਵਾਪਸੀ ਕਰਾਈ।

ਪਾਰਟੀ ਵਿੱਚ ਵਾਪਸੀ ਤੋਂ ਬਾਅਦ, ਸੰਨੀ ਮਾਸਟਰ ਨੇ ਕਿਹਾ, ਮੈਂ ਕਾਂਗਰਸ ਵਿੱਚ ਖ਼ੁਸ਼ ਨਹੀਂ ਸੀ। ਉੱਥੇ ਸਿਰਫ਼ ਅੰਦਰੂਨੀ ਲੜਾਈ ਅਤੇ ਧੜੇਬੰਦੀ ਹੈ। ਆਮ ਲੋਕਾਂ ਦਾ ਕੋਈ ਸਤਿਕਾਰ ਨਹੀਂ ਹੈ। ਉੱਥੇ ਜਾਣ ਤੋਂ ਬਾਅਦ, ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ, ਫਿਰ ਮੈਂ ਅੱਜ ਵਾਪਸ ਆਉਣ ਦਾ ਫ਼ੈਸਲਾ ਕੀਤਾ। ਮੈਂ ਸਾਡੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਪੂਰੀ ਲੀਡਰਸ਼ਿਪ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਦੁਬਾਰਾ ਪਾਰਟੀ ਵਿੱਚ ਸ਼ਾਮਲ ਕੀਤਾ। ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਕਿਹਾ ਕਿ ਕਾਂਗਰਸ ਅਤੇ ਭਾਜਪਾ ਵਿੱਚ ਆਮ ਲੋਕਾਂ ਲਈ ਕੋਈ ਜਗ ?ਹਾ ਨਹੀਂ ਹੈ। ਆਮ ਆਦਮੀ ਪਾਰਟੀ ਆਮ ਲੋਕਾਂ ਦੀ ਅਸਲੀ ਪਾਰਟੀ ਹੈ। ਇਹ ਪਾਰਟੀ ਆਮ ਘਰਾਂ ਦੇ ਲੋਕਾਂ ਨੂੰ ਵਿਧਾਇਕ ਅਤੇ ਮੰਤਰੀ ਬਣਨ ਦਾ ਮੌਕਾ ਦਿੰਦੀ ਹੈ। ਰਵਾਇਤੀ ਪਾਰਟੀਆਂ ਵਿੱਚ ਇਹ ਕਦੇ ਵੀ ਸੰਭਵ ਨਹੀਂ ਹੁੰਦਾ।

ਪਾਰਟੀ ਦੀ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ' ਸਰਕਾਰ ਨੇ ਪੰਜਾਬ ਦੇ ਆਮ ਲੋਕਾਂ ਅਤੇ ਗ਼ਰੀਬਾਂ ਲਈ ਇਤਿਹਾਸਕ ਕੰਮ ਕੀਤੇ ਹਨ। ਮਾਨ ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫ਼ਤ ਬਿਜਲੀ, ਮੁਫ਼ਤ ਸਿੱਖਿਆ ਅਤੇ ਡਾਕਟਰੀ ਇਲਾਜ ਦਾ ਲਾਭ ਜ਼ਿਆਦਾਤਰ ਗ਼ਰੀਬ ਲੋਕਾਂ ਨੂੰ ਮਿਲ ਰਿਹਾ ਹੈ। ਜਦੋਂ ਕਿ ਕਾਂਗਰਸੀ ਆਗੂਆਂ ਦਾ ਆਮ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਹਰ ਰੋਜ਼ ਕੁਰਸੀ ਲਈ ਆਪਸ ਵਿੱਚ ਲੜਦੇ ਹਨ। ਸਿਰਫ਼ ਆਮ ਆਦਮੀ ਪਾਰਟੀ ਹੀ ਗ਼ਰੀਬਾਂ ਦਾ ਭਲਾ ਕਰ ਸਕਦੀ ਹੈ।

# ਟਰੇਡ ਯੂਨੀਅਨਾਂ ਵੱਲੋਂ ਸਾਂਝੇ ਤੌਰ 'ਤੇ 9 ਨੂੰ ਅਸਿਸਟੈਂਟ ਲੇਬਰ ਕਮਿਸ਼ਨਰ ਲੁਧਿਆਣਾ ਨੂੰ ਇਕ ਮੰਗ ਪੱਤਰ ਦਿੱਤਾ ਜਾਵੇਗਾ

ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ 1958 ਵਿਚ ਮਜ਼ਦੂਰਾਂ ਅਤੇ ਮੁਲਾਜ਼ਮ ਵਿਰੋਧੀ ਸੋਧ ਵਜੋਂ ਭਗਵੰਤ ਮਾਨ ਸਰਕਾਰ ਦੇ ਨਾਦਰਸ਼ਾਹੀ ਹੁਕਮਾਂ ਦੇ ਵਿਰੁੱਧ ਟਰੇਡ ਯੂਨੀਅਨਾਂ ਨੇ ਸਾਂਝੀ ਮੀਟਿੰਗ ਸੱਦੀ। ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ ਇਸ ਮੀਟਿੰਗ ਦੇ ਵਿਚ ਟਰੇਡ ਯੂਨੀਅਨ ਆਗੂਆਂ ਨੇ ਇਹ ਮਹਿਸੂਸ ਕੀਤਾ ਕਿ ਭਗਵੰਤ ਮਾਨ ਦੀ ਆਪ ਦੀ ਸਰਕਾਰ ਮੋਦੀ ਦੀ ਬੀ ਟੀਮ ਹੋਣ ਦਾ ਪੂਰਾ ਪੂਰਾ ਸਬੂਤ ਦੇ ਰਹੀ ਹੈ। ਜਦੋਂ ਕਿ ਮਜ਼ਦੂਰ ਜਮਾਤ ਪਹਿਲਾਂ ਹੀ 12 ਘੰਟੇ ਦੀ ਦਿਹਾੜੀ ਵਾਲੀ ਨੋਟੀਫਿਕੇਸ਼ਨ ਨੂੰ ਰੱਦ ਕਰਾਉਣ ਲਈ ਸੰਘਰਸ਼ ਕਰ ਰਹੀ ਹੈ, ਉਹਨੂੰ ਰੱਦ ਕਰਨ ਦੀ ਥਾਂ ਤੇ 144 ਘੰਟੇ ਕਰਕੇ, ਮਜ਼ਦੂਰ ਜਮਾਤ ਦੇ ਸਬਰ ਨੂੰ ਪਰਖਣ ਦੀ ਕੋਸ਼ਿਸ਼ ਕੀਤੀ ਹੈ ਤੇ ਮਜ਼ਦੂਰ ਜਮਾਤ ਨੂੰ ਚੈਲੇਂਜ ਕੀਤਾ ਹੈ।ਟਰੇਡ ਯੂਨੀਅਨਾਂ ਨੇ ਫੈਸਲਾ ਕੀਤਾ ਕਿ ਸਾਨੂੰ ਸਰਕਾਰ ਦਾ ਚੈਲੇਂਜ ਮਨਜੂਰ ਹੈ।ਅਸੀਂ ਉਸ ਵੇਲੇ ਤੱਕ ਕਿਸੇ ਹਾਲਤ ਦੇ ਵਿੱਚ ਵੀ ਟਿਕ ਕੇ ਨਹੀਂ ਬੈਠਾਂਗੇ ਜਦੋਂ ਤੱਕ ਇਹ ਮਜ਼ਦੂਰ ਮਾਰੂ ਤੇ ਸੰਵਿਧਾਨ ਵਿਰੋਧੀ ਨੋਟੀਫਿਕੇਸ਼ਨ ਨੂੰ ਰੱਦ ਨਹੀਂ ਕਰਾ ਲੈਂਦੇ।

ਇਸ ਸੰਬੰਧ ਵਿੱਚ 9 ਤਰੀਕ ਸੋਮਵਾਰ ਨੂੰ ਅਸਿਸਟੈਂਟ ਲੇਬਰ ਕਮਿਸ਼ਨਰ ਲੁਧਿਆਣਾ ਨੂੰ ਇਕ ਮੰਗ ਪੱਤਰ ਦਿੱਤਾ ਜਾਵੇਗਾ।ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਜੇ ਨੋਟੀਫਿਕੇਸ਼ਨ ਵਾਪਸ ਨਹੀਂ ਲਿਆ ਜਾਂਦਾ ਤਾਂ ਲੁਧਿਆਣਾ ਪੱਛਮੀ ਉਪ ਚੋਣ ਵਿੱਚ ਮਜ਼ਦੂਰਾਂ ਵੱਲੋਂ ਵਿਸ਼ਾਲ ਮਾਰਚ ਕੀਤੇ ਜਾਣਗੇ ਅਤੇ ਆਪ ਦੇ ਉਮੀਦਵਾਰ ਨੂੰ ਕਾਲੇ ਝੰਡੇ ਦਿਖਾਏ ਜਾਣਗੇ।ਮੀਟਿੰਗ ਤੋਂ ਬਾਅਦ ਬਿਆਨ ਜਾਰੀ ਕਰਨ ਵਾਲਿਆਂ ਵਿੱਚ ਆਲ ਇੰਡੀਆ ਟ ?ਰੇਡ ਯੂਨੀਅਨ ਕਾਂਗਰਸ (ਏਟਕ) ਦੇ ਵਿਜੇ ਕੁਮਾਰ, ਐਮ ਐਸ ਭਾਟੀਆ, ਡੀ ਪੀ ਮੌੜ ,ਕੇਵਲ ਸਿੰਘ ਬਨਵੈਤ,ਚਮਕੌਰ ਸਿੰਘ,ਸੀਟੂ ਦੇ ਅਤੇ ਸੁਖਮਿੰਦਰ ਸਿੰਘ ਲੋਟੇ, ਅਮਰਨਾਥ ਕੂਮ ਕਲਾਂ, ਸਮਰ ਬਹਾਦਰ ਰਾਮ ਲਾਲ,ਸੀਟੀਯੂ ਪੰਜਾਬ ਦੇ ਜਗਦੀਸ਼ ਚੰਦ ਪਰਮਜੀਤ ਸਿੰਘ, ਤਹਿਸੀਲਦਾਰ, ਬਲਰਾਮ ਸਿੰਘ, ਅਜੀਤ ਕੁਮਾਰ, ਸੁਦੇਸ਼ਵਰ ਤਿਵਾੜੀ ਅਤੇ ਇੰਟਕ ਵੱਲੋਂ ਐਡਵੋਕੇਟ ਸਰਬਜੀਤ ਸਿੰਘ ਸਰਹਾਲੀ, ਗੁਰਜੀਤ ਸਿੰਘ ਜਗਪਾਲ,ਕੁਲਦੀਪ ਸਿੰਘ, ਤਿਲਕ ਰਾਜ ਡੋਗਰਾ ਸ਼ਾਮਿਲ ਹਨ।

# ਸੀ.ਟੀ.ਯੂ. ਦੇ ਹਰਕੁੰਵਰ ਸਿੰਘ ਦੀ ਵਰਲਡ ਯੂਨੀਵਰਸਿਟੀ ਗੇਮਜ਼ ਲਈ ਚੋਣ ਹੋਈ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਸੀਟੀ ਯੂਨੀਵਰਸਿਟੀ (ਸੀਟੀਯੂ) ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਹਰਕੁੰਵਰ ਸਿੰਘ, ਇੱਕ ਸ਼ਾਨਦਾਰ ਟੇਬਲ ਟੈਨਿਸ ਖਿਡਾਰੀ ਅਤੇ ਯੂਨੀਵਰਸਿਟੀ ਦੇ ਸਮਰਪਿਤ ਵਿਦਿਆਰਥੀ, ਨੂੰ 16 ਤੋਂ 27 ਜੁਲਾਈ 2025 ਤੱਕ ਜਰਮਨੀ ਵਿੱਚ ਹੋਣ ਵਾਲੀਆਂ ਵੱਕਾਰੀ ਵਿਸ਼ਵ ਯੂਨੀਵਰਸਿਟੀ ਖੇਡਾਂ 2025 ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਅਧਿਕਾਰਤ ਤੌਰ 'ਤੇ ਚੁਣਿਆ ਗਿਆ ਹੈ। ਵਿਸ਼ਵ ਯੂਨੀਵਰਸਿਟੀ ਖੇਡਾਂ ਜਿਨ੍ਹਾਂ ਨੂੰ ਅਕਸਰ ਯੂਨੀਵਰਸਿਟੀ ਐਥਲੀਟਾਂ ਲਈ ਓਲੰਪਿਕ ਕਿਹਾ ਜਾਂਦਾ ਹੈ ਇੱਕ ਵਿਸ਼ਵਵਿਆਪੀ ਬਹੁ-ਖੇਡ ਸਮਾਗਮ ਹੈ ਜੋ ਦੁਨੀਆ ਭਰ ਦੇ ਸਭ ਤੋਂ ਹੋਨਹਾਰ ਵਿਦਿਆਰਥੀ-ਐਥਲੀਟਾਂ ਨੂੰ ਪ੍ਰਦਰਸ਼ਿਤ ਕਰਦਾ ਹੈ। ਇਸ ਸਾਲ ਦੇਸ਼ ਭਰ ਦੀਆਂ ਭਾਰਤੀ ਯੂਨੀਵਰਸਿਟੀਆਂ ਦੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਇੱਕ ਮੁਕਾਬਲੇ ਵਾਲੀ ਚੋਣ ਟਰਾਇਲ ਲਈ ਸੱਦਾ ਦਿੱਤਾ ਗਿਆ ਸੀ ਜਿੱਥੇ ਹਰਕੁੰਵਰ ਰਾਸ਼ਟਰੀ ਟੀਮ ਵਿੱਚ ਜਗ ?ਹਾ ਬਣਾਉਣ ਲਈ ਭਾਰਤ ਦੇ ਚੋਟੀ ਦੇ 5 ਖਿਡਾਰੀਆਂ ਵਿੱਚੋਂ ਇੱਕ ਵਜੋਂ ਉਭਰਿਆ। ਉਸਦੀ ਬੇਮਿਸਾਲ ਹੁਨਰ ਅਨੁਸ਼ਾਸਨ ਅਤੇ ਸਮਰਪਣ ਨੇ ਨਾ ਸਿਰਫ਼ ਸੀਟੀ ਯੂਨੀਵਰਸਿਟੀ ਨੂੰ ਸਗੋਂ ਪੂਰੇ ਦੇਸ਼ ਨੂੰ ਬਹੁਤ ਮਾਣ ਦਿਵਾਇਆ ਹੈ। ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਟਿੱਪਣੀ ਕੀਤੀ ਕਿ ਇਹ ਸਾਡੇ ਲਈ ਇੱਕ ਇਤਿਹਾਸਕ ਪਲ ਹੈ। ਹਰਕੁੰਵਰ ਸਿੰਘ ਦੀ ਚੋਣ ਨਾ ਸਿਰਫ਼ ਇੱਕ ਨਿੱਜੀ ਜਿੱਤ ਹੈ ਸਗੋਂ ਸੀਟੀ ਯੂਨੀਵਰਸਿਟੀ ਦੁਆਰਾ ਵਿਕਸਤ ਕੀਤੇ ਗਏ ਖੇਡ ਉੱਤਮਤਾ ਦੀ ਇੱਕ ਚਮਕਦਾਰ ਉਦਾਹਰਣ ਵੀ ਹੈ। ਖੇਡ ਵਿਭਾਗ ਦੇ ਮੁਖੀ ਗੁਰਦੀਪ ਸਿੰਘ ਗਿੱਲ ਨੇ ਟਿੱਪਣੀ ਕੀਤੀ ਕਿ ਹਰਕੁੰਵਰ ਦੀ ਪ੍ਰਾਪਤੀ ਸਾਲਾਂ ਦੀ ਸਖ਼ਤ ਮਿਹਨਤ ਸਖ਼ਤ ਸਿਖਲਾਈ ਅਤੇ ਕੇਂਦਰਿਤ ਦ੍ਰਿੜ ਇਰਾਦੇ ਦਾ ਨਤੀਜਾ ਹੈ। ਸਾਨੂੰ ਉਸ 'ਤੇ ਬਹੁਤ ਮਾਣ ਹੈ। ਇਹ ਚੋਣ ਖੇਡਾਂ ਵਿੱਚ ਸੀਟੀਯੂ ਦੀ ਤਾਕਤ ਅਤੇ ਭਵਿੱਖ ਦੇ ਚੈਂਪੀਅਨ ਬਣਾਉਣ ਲਈ ਸਾਡੇ ਸਮਰਪਣ ਨੂੰ ਉਜਾਗਰ ਕਰਦੀ ਹੈ। ਪੂਰਾ ਖੇਡ ਵਿਭਾਗ ਅਤੇ ਯੂਨੀਵਰਸਿਟੀ ਪਰਿਵਾਰ ਉਸ ਦੇ ਪਿੱਛੇ ਮਜ਼ਬੂਤੀ ਨਾਲ ਖੜ੍ਹਾ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਵਿੱਚ 41ਵੇਂ ਘੱਲੂਘਾਰੇ 'ਤੇ ਵਿਸ਼ੇਸ਼ ਕੀਰਤਨ ਸਮਾਗਮ : ਬੈਨੀਪਾਲ



ਲੁਧਿਆਣਾ, 7 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿੱਚ 41ਵੇਂ ਘੱਲੂਘਾਰੇ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ ! ਜਿਨ੍ਹਾਂ ਵਿੱਚ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ ।ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ ।ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ । ਗਿਆਨੀ ਹਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਅਤੇ ਘੱਲੂਘਾਰੇ ਵਿੱਚ ਹੋਏ ਕਤਲੇਆਮ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।ਗੁਰਦੁਆਰਾ ਸਾਹਿਬ ਦੀ ਇਸਤ੍ਰੀ ਸਤਿਸੰਗ ਸਭਾ ਦੀਆਂ ਬੀਬੀਆਂ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰੋਜ਼ਾਨਾ ਚੱਲ ਰਹੀ ਲੜੀ ਦੇ ਤਹਿਤ ਸੁਖਮਨੀ ਸਾਹਿਬ, ਚੌਪਈ ਸਾਹਿਬ, ਅਨੰਦ ਸਾਹਿਬ ਅਤੇ ਕੀਰਤਨ ਦੀ ਸੇਵਾ ਨਿਭਾਈ ਗਈ। ਗੁਰੂ ਸਾਹਿਬ ਦੀ ਤਾਬਿਆ ਦੀ ਸੇਵਾ ਗਿਆਨੀ ਮਹਿੰਦਰ ਸਿੰਘ ਮੀਤ ਗ੍ਰੰਥੀ ਗੁਰਦੁਆਰਾ ਸਾਹਿਬ ਨੇ ਕੀਤੀ। ਸ਼ਾਮ ਦੇ ਸਮਾਗਮ ਵਿੱਚ ਸੋਦਰ ਰਹਿਰਾਸ ਦੀ ਚੌਕੀ ਤੋਂ ਬਾਅਦ ਪੰਥ ਪ੍ਰਸਿੱਧ ਪ੍ਰਚਾਰਕ ਗਿਆਨੀ ਕਰਨਵੀਰ ਸਿੰਘ ਬੱਸੀ ਨੇ ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦ ਸਿੰਘਾਂ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਅਤੇ ਬਾਅਦ ਵਿੱਚ ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ ਸ਼ ?ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ। ਅਰਦਾਸ, ਹੁਕਮਨਾਮੇ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸੰਗਤਾਂ ਵਿੱਚ ਗੁਰਦੁਆਰਾ ਸਾਹਿਬ ਦੀ ਇਸਤ੍ਰੀ ਸਤਿਸੰਗ ਸਭਾ ਦੀ ਪੰਜ ਮੈਂਬਰੀ ਕਮੇਟੀ ਦੀਆਂ ਬੀਬੀਆਂ ਕੁਲਜੀਤ ਕੌਰ, ਬਲਵਿੰਦਰ ਕੌਰ ਬੱਤਰਾ, ਬੀਬੀ ਦਵਿੰਦਰ ਕੌਰ, ਸਿਮਰਨ ਕੌਰ, ਕਰਮਜੀਤ ਕੌਰ ਅਤੇ ਅੰਮ੍ਰਿਤਪਾਲ ਕੌਰ ਤੋਂ ਇਲਾਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ ਆਦਿ ਹਾਜ਼ਰ ਸਨ।

# ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆਨਲਾਈਨ ਅਰਜ਼ੀਆਂ ਦੀ ਮੰਗ

ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਸਤਰੀ ਤੇ ਬਾਲ ਵਿਕਾਸ ਮੰਤਰਾਲੇ, ਭਾਰਤ ਸਰਕਾਰ ਵਲੋਂ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ (ਪੀ.ਐਮ.ਆਰ.ਬੀ.ਪੀ.) ਲਈ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਸ੍ਰੀ ਜੈਨ ਨੇ ਅੱਗੇ ਦੱਸਿਆ ਕਿ ਭਾਰਤ ਸਰਕਾਰ, ਇਸਤਰੀ ਤੇ ਬਾਲ ਵਿਕਾਸ ਮੰਤਰਾਲੇ, ਨਵੀਂ ਦਿੱਲੀ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਹੋਣਹਾਰ ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਸਨਮਾਨਿਤ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਹ ਪੁਰਸਕਾਰ ਉਹਨਾ ਬੱਚਿਆਂ ਨੂੰ ਦਿੱਤਾ ਜਾਣਾ ਹੈ ਜਿਨ੍ਹਾਂ ਬਹਾਦਰੀ ਦੇ ਨਾਲ ਦੂਜਿਆਂ ਲਈ ਕੰਮ ਕੀਤੇ ਹਨ, ਛੋਟੇ ਬੱਚਿਆਂ ਲਈ ਰੋਲ ਮਾਡਲ ਹਨ ਜਾਂ ਖੇਡਾਂ ਦੇ ਖੇਤਰ, ਸਮਾਜ ਸੇਵਾ, ਵਿਗਿਆਨ ਤਕਨਾਲੋਜੀ, ਵਾਤਾਵਰਣ ਅਤੇ ਕਲਾ 'ਤੇ ਪ੍ਰਭਾਵ ਪਾਇਆ ਹੈ। ਉਨ੍ਹਾਂ ਦੱਸਿਆ ਕਿ ਕੋਈ ਵੀ ਬੱਚਾ ਜਿਹੜਾ ਭਾਰਤ ਦਾ ਨਾਗਰਿਕ ਹੋਵੇ ਅਤੇ ਉਸਦੀ ਉਮਰ 18 ਸਾਲ ਤੋਂ ਘੱਟ ਹੋ, ਇਸ ਐਵਾਰਡ ਲਈ ਯੋਗ ਹੈ। ਯੋਗ ਬੱਚਿਆਂ ਨੂੰ ਨਾਮਜ਼ਦ ਕਰਨ ਲਈ ਆਨਲਾਈਨ ਪੋਰਟਲ http://awards.gov.in 'ਤੇ 31 ਜੁਲਾਈ, 2025 ਤੱਕ ਅਪਲਾਈ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸਦੀ ਜਾਣਕਾਰੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਸ਼ਿਮਲਾਪੁਰੀ, ਨੇੜੇ ਗਿੱਲ ਨਹਿਰ, ਲੁਧਿਆਣਾ, ਫੋਨ ਨੰਬਰ 0161-5126456 ਨੂੰ ਵੀ ਦਿੱਤੀ ਜਾਵੇ ਤਾਂ ਜੋ ਇਸਦੀ ਸੂਚਨਾ ਡਾਇਰੈਕਟੋਰੇਟ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜੀ ਜਾ ਸਕੇ।

# ਪੰਜਾਬ ਦੀ ਖੇਤਰੀ ਪਾਰਟੀ ਸ੍ਰੋਅਦ ਨੂੰ ਵਾਪਿਸ ਸੱਤਾ 'ਚ ਲਿਆਉਣਾ ਜ਼ਰੂਰੀ : ਐਡਵੋਕੇਟ ਘੁੰਮਣ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਪੱਛਮੀ ਲੁਧਿਆਣਾ ਤੋਂ ਸ੍ਰੋਅਦ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਵੋਟਰਾਂ ਨੂੰ ਸ੍ਰੋਅਦ ਨੂੰ ਵਾਪਿਸ ਸੱਤਾ ਵਿੱਚ ਲਿਆਉਣ ਲਈ ਜ਼ੋਰਦਾਰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ੍ਰੋਅਦ ਦੀ ਸਰਕਾਰ ਪੰਜਾਬ ਵਿੱਚ ਜੋ ਵੀ ਵਿਕਾਸ ਅਤੇ ਸੁਧਾਰ ਕਾਰਜ ਕੀਤੇ ਗਏ ਹਨ, ਉਹ ਸਾਰਿਆਂ ਨੂੰ ਜੱਗਜਾਹਰ ਹਨ ਅਤੇ ਇਸ ਵਾਰ ਲੋਕਾਂ ਨੂੰ ਆਪਣੇ ਹੱਕਾਂ ਲਈ ਅੱਗੇ ਆ ਕੇ ਸ੍ਰੋਅਦ ਨੂੰ ਮੁੜ ਮੌਕਾ ਦੇਣਾ ਚਾਹੀਦਾ ਹੈ। ਐਡਵੋਕੇਟ ਘੁੰਮਣ ਨੇ ਜਿੱਥੇ ਆਪਣੇ ਚੋਣ ਪ੍ਰਚਾਰ ਦੌਰਾਨ ਮੁਸਲਿਮ ਭਾਈਚਾਰੇ ਨੂੰ ਈਦ-ਉਲ-ਜ਼ੁਹਾ ਦੀ ਮੁਬਾਰਕਬਾਦ ਦਿੱਤੀ ਉੱਥੇ ਤਪਦੀ ਧੁੱਪ 'ਚ ਰਾਹਗੀਰਾਂ ਨੂੰ ਠੰਡੇ ਮਿੱਠੇ ਜਲ ਦੀ ਸੇਵਾ ਕਰਕੇ ਤਪਦੇ ਹਿਰਦਿਆਂ ਨੂੰ ਠਾਰਿਆ । ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਨੇ ਹਲਕਾ ਪੱਛਮੀ ਦੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸ੍ਰੋਅਦ ਦੀ ਸਰਕਾਰ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਿੱਖਿਆ, ਸਿਹਤ, ਖੇਤੀਬਾੜੀ ਅਤੇ ਸੜਕਾਂ ਦੇ ਵਿਕਾਸ ਵਿੱਚ ਸ੍ਰੋਅਦ ਦੀ ਸਰਕਾਰ ਦੀ ਭੂਮਿਕਾ ਨੂੰ ਰੌਸ਼ਨ ਕੀਤਾ।

# ਚੌਂਕੀ ਗਿੱਦੜਵਿੰਡੀ ਵੱਲੋਂ ਹੈਰੋਇਨ ਸਮੇਤ ਵਿਅਕਤੀ ਕਾਬੂ



ਜਗਰਾਓਂ, 7 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਜਸਯੋਤ ਸਿੰਘ ਦੀ ਅਗਵਾਈ ਵਿੱਚ ਇੰਸਪੈਕਟਰ ਹੀਰਾ ਸਿੰਘ ਮੁੱਖ ਅਫਸਰ ਥਾਣਾ ਸਿੱਧਵਾਂ ਬੇਟ ਦੀ ਦਿਸ਼ਾ ਨਿਰਦੇਸ਼ ਹੇਠ ਚੌਂਕੀ ਗਿੱਦੜਵਿੰਡੀ ਦੇ ਇੰਚਾਰਜ ਸੁਖਮੰਦਰ ਸਿੰਘ ਅਤੇ ਉਨਾਂ ਦੀ ਪੁਲਿਸ ਪਾਰਟੀ ਵੱਲੋਂ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿੱਚ ਬੱਸ-ਅੱਡਾ ਗਿੱਦੜਵਿੰਡੀ ਮੌਜੂਦ ਸੀ ਤਾਂ ਮੁੱਖਵਰ ਨੇ ਇਤਲਾਹ ਦਿੱਤੀ ਗਈ ਕਿ ਵਿਜੇ ਸਿੰਘ ਜੋ ਕਿ ਹਰੋਇਨ ਵੇਚਣ ਦਾ ਆਦੀ ਹੈ। ਜੋ ਅੱਜ ਵੀ ਹੈਰੋਇਨ ਲੈ ਕੇ ਆਪਣੇ ਘਰ ਪਿੰਡ ਅੱਬੂਪੁਰਾ ਤੋਂ ਸੇਮ ਦੀ ਪਟੜੀ-ਪਟੜੀ ਪੈਦਲ ਹੀ ਮੇਨ ਜੀ.ਟੀ. ਰੋਡ ਗਿੱਦੜਵਿੰਡੀ ਤੋਂ ਕਿਸ਼ਨਪੁਰਾ ਵੱਲ ਨੂੰ ਆ ਰਿਹਾ ਹੈ। ਏਐਸ ਆਈ ਸੁਖਮੰਦਰ ਸਿੰਘ ਵੱਲੋਂ ਮੁਖਬਰ ਦੀ ਭਰੋਸੇਯੋਗ ਇਤਲਾਹ ਉੱਪਰ ਗਿੱਦੜ ਬਿੰਡੀ ਤੋਂ ਕਿਸ਼ਨਪੁਰਾ ਰੋਡ ਤੇ ਨਾਕਾਬੰਦੀ ਕਰਕੇ ਵਿਜੇ ਸਿੰਘ ਨੂੰ ਕਾਬੂ ਕੀਤਾ ਗਿਆ ਅਤੇ ਏਐਸਆਈ ਸੁਖਮੰਦਰ ਸਿੰਘ ਵੱਲੋਂ ਵਿਜੇ ਸਿੰਘ ਦੀ ਤਲਾਸ਼ੀ ਲਈ ਗਈ ਤਾਂ ਉਸ ਪਾਸੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਉੱਪਰ ਮੁਕਦਮਾ ਦਰਜ ਕੀਤਾ ਗਿਆ। ਪੁਲਿਸ ਵੱਲੋਂ ਦੋਸੀ ਕੋਲੋਂ ਡੂੰਗਾਈ ਨਾਲ ਪੁੱਛ-ਗਿੱਛ ਜਾਰੀ ਹੈ, ਜਿਸ ਵਿੱਚੋਂ ਹੋਰ ਅਹਿਮ ਸੁਰਾਗ ਹੱਥ ਲੱਗਣ ਦੀ ਸੰਭਾਵਨਾ ਹੈ।

# ਸਮੇਂ ਸਿਰ ਟੈਸਟਿੰਗ ਅਤੇ ਆਧੁਨਿਕ ਤਕਨਾਲੋਜੀ ਜ਼ਿੰਦਗੀ ਦੀ ਉਮੀਦ ਵਧਾ ਰਹੀ ਹੈ



ਲੁਧਿਆਣਾ, 7 ਜੂਨ ( ਕਰਨੈਲ ਸਿੰਘ ਐੱਮ.ਏ.): ਵਿਸ਼ਵ ਬ੍ਰੇਨ ਟਿਊਮਰ ਦਿਵਸ ਹਰ ਸਾਲ 8 ਜੂਨ ਨੂੰ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਬ੍ਰੇਨ ਟਿਊਮਰ ਦੇ ਲੱਛਣਾਂ, ਜੋਖਮਾਂ ਅਤੇ ਇਲਾਜ ਬਾਰੇ ਜਾਗਰੂਕ ਕੀਤਾ ਜਾ ਸਕੇ। ਇਸ ਮੌਕੇ 'ਤੇ, ਡਾ: ਆਦਿਤਿਆ ਗੁਪਤਾ, ਡਾਇਰੈਕਟਰ - ਨਿਊਰੋਸਰਜਰੀ ਅਤੇ ਸਾਈਬਰਨਾਈਫ, ਆਰਟੇਮਿਸ ਹਸਪਤਾਲ, ਗੁਰੂਗ੍ਰਾਮ ਨੇ ਕਿਹਾ ਕਿ ਬ੍ਰੇਨ ਟਿਊਮਰ ਦੀ ਸਮੇਂ ਸਿਰ ਪਛਾਣ ਅਤੇ ਤਕਨੀਕੀ ਤੌਰ 'ਤੇ ਉੱਨਤ ਇਲਾਜ ਅੱਜ ਜਾਨਾਂ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

ਡਾ: ਗੁਪਤਾ ਨੇ ਕਿਹਾ ਕਿ ਦਿਮਾਗੀ ਟਿਊਮਰ ਦੇ ਲੱਛਣ ਜਿਵੇਂ ਕਿ ਵਾਰ-ਵਾਰ ਸਿਰ ਦਰਦ, ਉਲਟੀਆਂ, ਦੌਰੇ, ਨਜ਼ਰ ਵਿੱਚ ਬਦਲਾਅ, ਬੋਲਣ ਜਾਂ ਸਮਝਣ ਵਿੱਚ ਮੁਸ਼ਕਲ, ਸੰਤੁਲਨ ਦੀਆਂ ਸਮੱਸਿਆਵਾਂ ਜਾਂ ਵਿਵਹਾਰ ਵਿੱਚ ਬਦਲਾਅ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਐਮਆਰਆਈ ਵਰਗੇ ਟੈਸਟ ਸਮੇਂ ਸਿਰ ਟਿਊਮਰ ਦੀ ਪਛਾਣ ਕਰ ਸਕਦੇ ਹਨ ਅਤੇ ਸਹੀ ਇਲਾਜ ਵੱਲ ਕਦਮ ਚੁੱਕੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅੱਜ ਸਾਈਬਰ ਨਾਈਫ ਵਰਗੀਆਂ ਤਕਨੀਕਾਂ ਨੇ ਇਲਾਜ ਨੂੰ ਸੁਰੱਖਿਅਤ, ਦਰਦ ਰਹਿਤ ਅਤੇ ਬਹੁਤ ਹੀ ਸਟੀਕ ਬਣਾ ਦਿੱਤਾ ਹੈ। ਇਹ ਇੱਕ ਗੈਰ-ਚੀਰਾ ਅਤੇ ਗੈਰ-ਇਨਪੇਸ਼ੈਂਟ ਰੇਡੀਓਸਰਜਰੀ ਹੈ, ਜੋ ਕਿ ਉਨ੍ਹਾਂ ਮਰੀਜ਼ਾਂ ਲਈ ਬਹੁਤ ਪ੍ਰਭਾਵਸ਼ਾਲੀ ਹੈ ਜੋ ਰਵਾਇਤੀ ਸਰਜਰੀ ਲਈ ਢੁਕਵੇਂ ਨਹੀਂ ਹਨ। ਡਾ: ਗੁਪਤਾ ਨੇ ਅੱਗੇ ਕਿਹਾ ਕਿ ਆਰਟੇਮਿਸ ਹਸਪਤਾਲ ਵਿੱਚ ਦਿਮਾਗੀ ਟਿਊਮਰ ਦੇ ਇਲਾਜ ਲਈ ਕੰਮ ਕਰਨ ਵਾਲੇ ਨਿਊਰੋਸਰਜਨ, ਰੇਡੀਏਸ਼ਨ ਓਨਕੋਲੋਜਿਸਟਸ, ਨਿਊਰੋਲੋਜਿਸਟਸ ਅਤੇ ਰੀਹੈਬ ਮਾਹਿਰਾਂ ਦੀ ਇੱਕ ਸੰਯੁਕਤ ਟੀਮ ਹੈ, ਜੋ ਮਰੀਜ਼ਾਂ ਨੂੰ ਸੰਪੂਰਨ ਅਤੇ ਵਿਅਕਤੀਗਤ ਇਲਾਜ ਪ੍ਰਦਾਨ ਕਰਦੀ ਹੈ। ਇਸ ਸਾਲ ਦੇ ਵਿਸ਼ਵ ਬ੍ਰੇਨ ਟਿਊਮਰ ਦਿਵਸ 'ਤੇ, ਡਾ:ਗੁਪਤਾ ਨੇ ਸਮਾਜ ਨੂੰ ਅਪੀਲ ਕੀਤੀ ਕਿ ਲੋਕਾਂ ਨੂੰ ਲੱਛਣਾਂ ਪ੍ਰਤੀ ਜਾਗਰੂਕ ਹੋਣ ਅਤੇ ਸਮੇਂ ਸਿਰ ਇਲਾਜ ਵੱਲ ਕਦਮ ਚੁੱਕਣ ਦੀ ਲੋੜ ਹੈ। ਨਾਲ ਹੀ, ਖੋਜ ਅਤੇ ਨਵੀਆਂ ਤਕਨਾਲੋਜੀਆਂ ਦਾ ਸਮਰਥਨ ਕਰਕੇ, ਅਸੀਂ ਇਸ ਬਿਮਾਰੀ ਵਿਰੁੱਧ ਲੜਾਈ ਨੂੰ ਮਜ਼ਬੂਤ ਕਰ ਸਕਦੇ ਹਾਂ।

# ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 309ਵਾਂ ਸ਼ਹੀਦੀ ਦਿਹਾੜਾ ਮਨਾਉਣ ਲਈ ਜੈਕਾਰਿਆਂ ਦੀ ਗੂੰਜ ਨਾਲ ਬਾਵਾ ਦੀ ਅਗਵਾਈ 'ਚ ਜੱਥਾ ਰਵਾਨਾ ਹੋਇਆ



ਲੁਧਿਆਣਾ, 7 ਜੂਨ (ਕਰਨੈਲ ਸਿੰਘ ਐੱਮ.ਏ.) : ਅੱਜ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 309ਵਾਂ ਸ਼ਹੀਦੀ ਦਿਹਾੜਾ ਮਨਾਉਣ ਲਈ ਰਕਬਾ ਭਵਨ ਤੋਂ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦਾ ਜੱਥਾ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਰਹਿਨੁਮਾਈ ਹੇਠ ਜੈਕਾਰਿਆਂ ਦੀ ਗੂੰਜ ਨਾਲ ਰਵਾਨਾ ਹੋਇਆ ਜਿਸ ਨੂੰ ਰਵਾਨਾ ਕਰਨ ਦੀ ਰਸਮ ਸੰਤ ਸਰਬਜੋਤ ਸਿੰਘ (ਮੁਖੀ ਨਾਨਕਸਰ ਠਾਠ ਡਾਗੋਂ), ਵਾਇਸ ਪ੍ਰਧਾਨ ਜਸਵੰਤ ਸਿੰਘ ਛਾਪਾ, ਦਲਜੀਤ ਸਿੰਘ, ਰਜਿੰਦਰ ਕੌਰ ਯੂ.ਐੱਸ.ਏ., ਸਤੀਸ਼ ਬਜਾਜ, ਮਨਜੀਤ ਸਿੰਘ ਝੱਮਟ, ਤ੍ਰਿਲੋਚਨ ਸਿੰਘ ਸਫਰੀ, ਸਵਰਨਜੀਤ ਕੌਰ, ਕਰਮਜੀਤ ਕੌਰ ਛੰਦੜਾਂ ਪ੍ਰਧਾਨ ਮਹਿਲਾ ਵਿੰਗ ਫਾਊਂਡੇਸ਼ਨ, ਲਖਵਿੰਦਰ ਸਿੰਘ, ਕਰਨਲ ਸੁਨੀਲ ਸ਼ਰਮਾ, ਨੀਲਮ ਬਾਵਾ, ਪ੍ਰੋ: ਗੁਰਸ਼ਰਨ ਕੌਰ, ਰਿੱਕੀ ਬਾਵਾ ਨੇ ਅਦਾ ਕੀਤੀ। ਇਸ ਸਮੇਂ ਘਣਸ਼ਾਮ ਲੋਟੇ ਨੇ ਸ਼ ?ਰੀ ਗੁਰੂ ਨਾਨਕ ਦੇਵ ਜੀ ਦਾ ਚਿੱਤਰ ਬਾਵਾ ਅਤੇ ਸੰਤ ਸਰਬਜੋਤ ਸਿੰਘ ਨੂੰ ਭੇਂਟ ਕੀਤਾ। ਇਸ ਸਮੇਂ ਬਾਵਾ ਨੇ ਦੱਸਿਆ ਕਿ ਮਹਾਨ ਯੋਧੇ, ਜਰਨੈਲ, ਭਗਤੀ ਅਤੇ ਸ਼ਕਤੀ ਦਾ ਸੁਮੇਲ, ਕਿਸਾਨੀ ਦੇ ਮੁਕਤੀਦਾਤਾ, ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ 9 ਜੂਨ 1716 ਦਿੱਲੀ ਮਹਿਰੌਲੀ ਵਿਖੇ 740 ਸਿੰਘਾਂ (ਸਾਥੀਆਂ) ਅਤੇ ਚਾਰ ਸਾਲਾਂ ਸਪੁੱਤਰ ਅਜੈ ਸਿੰਘ (ਜਿਸ ਦਾ ਕਲੇਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿੱਚ ਤੁੰਨਿਆ ਗਿਆ) ਇਹ ਲਾ-ਮਿਸਾਲ ਸ਼ਹਾਦਤ ਲੂ-ਕੰਡੇ ਖੜੇ ਕਰਨ ਵਾਲੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਮ 'ਤੇ ਡਾਕੂਮੈਂਟਰੀ ਫਿਲਮ ਤਿਆਰ ਕਰਵਾਏ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਨਾਮ ਕਿਸਾਨੀ ਦੇ ਮੁਕਤੀਦਾਤਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਮ 'ਤੇ ਰੱਖੇ।

# ਸੀ.ਆਈ.ਏ. ਸਟਾਫ਼ ਜਗਰਾਓਂ ਵੱਲੋਂ ਹੈਰੋਇਨ ਸਮੇਤ ਵਿਅਕਤੀ ਕਾਬੂ



ਜਗਰਾਓਂ, 7 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਸੀਆਈਏ ਸਟਾਫ ਦੇ ਏਐਸਆਈ ਸੁਖਦੇਵ ਸਿੰਘ ਅਤੇ ਉਨਾਂ ਦੀ ਪੁਲਿਸ ਪਾਰਟੀ ਨੂੰ ਮੁਖਬਰ ਨੇ ਇਤਲਾਹ ਦਿੱਤੀ ਕਿ ਹਰਪ੍ਰੀਤ ਸਿੰਘ ਜੋ ਕਿ ਹੈਰੋਇਨ ਵੇਚਣ ਦਾ ਕੰਮ ਵੱਡੇ ਪੱਧਰ ਤੇ ਕਰਦਾ ਹੈ। ਇਸ ਵਿਅਕਤੀ ਪਰ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ। ਜੋ ਅੱਜ ਵੀ ਆਪਣੀ ਐਕਟੀਵਾ ਗਰੇਅ ਰੰਗ ਦੀ ਪਰ ਸਵਾਰ ਹੋ ਕੇ ਮੋਗਾ ਸਾਈਡ ਤੋਂ ਹੈਰੋਇਨ ਲੈ ਕੇ ਆਪਣੇ ਪਿੰਡ ਗਾਲਿਬ ਕਲਾਂ ਨੂੰ ਆ ਰਿਹਾ ਹੈ। ਜੇਕਰ ਹੁਣੇ ਹੀ ਹਾਈਟੈਕ ਨਾਕਾ ਪੁਆਇੰਟ ਮੋਗਾ ਜਗਰਾਉਂ ਰੋਡ ਬਾ-ਹੱਦ ਗੁਰੂਸਰ ਕਾਉਂਕੇ ਨਾਕਾਬੰਦੀ ਕੀਤੀ ਜਾਵੇ ਤਾਂ ਹਰਪ੍ਰੀਤ ਸਿੰਘ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਜਾ ਸਕਦਾ ਹੈ। ਏਐਸਆਈ ਸੁਖਦੇਵ ਸਿੰਘ ਵੱਲੋਂ ਮੁੱਖਵਰ ਦੀ ਭਰੋਸੇਯੋਗ ਇਤਲਾਹ ਉੱਪਰ ਹਾਈਟੈਕ ਨਾਕਾ ਪੁਆਇੰਟ ਮੋਗਾ-ਜਗਰਾਉਂ ਰੋਡ ਬਾ-ਹੱਦ ਗੁਰੂਸਰ ਕਾਉਂਕੇ ਨਾਕਾਬੰਦੀ ਕਰਕੇ ਹਰਪ੍ਰੀਤ ਸਿੰਘ ਨੂੰ ਕਾਬੂ ਕੀਤਾ ਗਿਆ। ਜਿਸ ਪਾਸੋ 70 ਗ੍ਰਾਮ ਹੈਰੋਇਨ ਅਤੇ ਇੱਕ ਐਕਟੀਵਾ ਸਕੂਟਰੀ ਬਰਾਮਦ ਕੀਤੀ ਗਈ। ਪੁਲਿਸ ਵੱਲੋਂ ਦੋਸ਼ੀ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਉਪਰ ਮੁਕਦਮਾ ਦਰਜ ਕੀਤਾ ਗਿਆ।

# ਦੁਕਾਨਦਾਰਾਂ ਨੂੰ ਜੀ.ਐਸ.ਟੀ. ਰਜਿਸਟ੍ਰੇਸ਼ਨ ਦੇ ਲਾਭਾਂ ਅਤੇ ਕਾਨੂੰਨੀ ਪਾਲਣਾ ਬਾਰੇ ਜਾਗਰੂਕ ਕੀਤਾ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਸਹਾਇਕ ਕਮਿਸ਼ਨਰ ਸਟੇਟ ਟੈਕਸ ਲੁਧਿਆਣਾ-3 ਸ਼੍ਰੀਮਤੀ ਸ਼ੀਨੀ ਸਿੰਘ ਦੇ ਨਿਰਦੇਸ਼ਾਂ 'ਤੇ ਮਾਤਾ ਰਾਣੀ ਚੌਂਕ ਜਿਸਨੂੰ ਇਲੈਕਟ ?ਰਾਨਿਕ ਸਾਮਾਨ ਅਤੇ ਮੋਬਾਈਲ ਫੋਨਾਂ ਦਾ ਕੇਂਦਰ ਕਿਹਾ ਜਾਂਦਾ ਹੈ ਅਤੇ ਅਕਾਲਗੜ੍ਹ ਮਾਰਕੀਟ ਜੋ ਕਿ ਰੈਡੀਮੇਡ ਕੱਪੜਿਆਂ ਅਤੇ ਹੌਜ਼ਰੀ ਸਾਮਾਨ ਦੀ ਥੋਕ ਮਾਰਕੀਟ ਵਜੋਂ ਮਸ਼ਹੂਰ ਹੈ ਵਿਖੇ ਦੋ ਜੀ.ਐਸ.ਟੀ ਰਜਿਸਟ ?ਰੇਸ਼ਨ ਜਾਗਰੂਕਤਾ ਕੈਂਪ ਲਗਾਏ ਗਏ। ਇਸ ਕੈਂਪ ਦੌਰਾਨ ਕਈ ਛੋਟੇ ਦੁਕਾਨਦਾਰਾਂ ਨੂੰ ਜੀ.ਐਸ.ਟੀ ਰਜਿਸਟ ?ਰੇਸ਼ਨ ਦੇ ਲਾਭਾਂ ਅਤੇ ਕਾਨੂੰਨੀ ਪਾਲਣਾ ਬਾਰੇ ਜਾਗਰੂਕ ਕੀਤਾ ਗਿਆ। ਇਲੈਕਟਰਾਨਿਕ ਸਾਮਾਨ ਮੋਬਾਈਲ ਸੈੱਟ ਅਤੇ ਰੈਡੀਮੇਡ ਕੱਪੜਿਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਵੱਖ-ਵੱਖ ਐਸੋਸੀਏਸ਼ਨਾਂ ਦੇ ਵੱਖ-ਵੱਖ ਅਹੁਦੇਦਾਰਾਂ ਨੇ ਕੈਂਪਾਂ ਵਿੱਚ ਸ਼ਿਰਕਤ ਕੀਤੀ। ਰਾਜ ਜੀ.ਐਸ.ਟੀ ਵਿਭਾਗ ਲੁਧਿਆਣਾ-3 ਦੇ ਅਧਿਕਾਰੀ ਸੁਖਵਿੰਦਰ ਸਿੰਘ,ਮੋਤੀ ਖਾਨ, ਐਸ.ਟੀ.ਓ ਰਾਜੇਸ਼ ਕੁਮਾਰ ਲੇਖੀ, ਹਰਦੀਪ ਸਿੰਘ ਆਹੂਜਾ ਅਤੇ ਰਾਜਵਿੰਦਰ ਸਿੰਘ ਸਾਰੇ ਏ.ਐਸ.ਟੀ.ਓ ਨੇ ਇੱਕ ਕਾਰੋਬਾਰੀ ਦੇ ਕਾਨੂੰਨੀ ਫਰਜ਼ਾਂ ਬਾਰੇ ਜਾਗਰੂਕਤਾ ਫੈਲਾਈ ਕਿ ਉਹ ਕਾਨੂੰਨ ਅਨੁਸਾਰ ਸੀਮਾ ਪਾਰ ਕਰਨ 'ਤੇ ਜੀ.ਐਸ.ਟੀ ਐਕਟ 2017 ਦੇ ਤਹਿਤ ਆਪਣੇ ਆਪ ਨੂੰ ਰਜਿਸਟਰਡ ਕਰਵਾ ਸਕਦੇ ਹਨ। ਕੈਂਪਾਂ ਦਾ ਮੁੱਖ ਉਦੇਸ਼ ਗੈਰ-ਰਜਿਸਟਰਡ ਕਾਰੋਬਾਰਾਂ ਵਿੱਚ ਜੀ.ਐਸ.ਟੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾ ਕੇ ਟੈਕਸ ਅਧਾਰ ਨੂੰ ਵਧਾਉਣਾ ਸੀ। ਇਸ ਮੀਟਿੰਗ ਦਾ ਉਦੇਸ਼ ਜੀ.ਐਸ.ਟੀ ਐਕਟ 2017 ਅਧੀਨ ਰਜਿਸਟ ?ਰੇਸ਼ਨ ਕਰਵਾਉਣ ਲਈ ਹਾਜ਼ਰੀਨ ਨੂੰ ਸਿੱਖਿਅਤ ਕਰਕੇ ਪੰਜਾਬ ਰਾਜ ਦੇ ਟੈਕਸ ਅਧਾਰ ਨੂੰ ਵਧਾਉਣਾ ਸੀ। ਵੱਖ-ਵੱਖ ਐਸੋਸੀਏਸ਼ਨਾਂ ਦੇ ਮੈਂਬਰਾਂ ਨੂੰ ਇਸ ਤੱਥ ਤੋਂ ਜਾਣੂ ਕਰਵਾਇਆ ਗਿਆ ਕਿ ਪੰਜਾਬ ਸਰਕਾਰ ਟੈਕਸ ਵਿਭਾਗ ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਦੇ ਨਿਪਟਾਰੇ ਲਈ ਹਮੇਸ਼ਾ ਉਪਲਬਧ ਹੈ। ਉਨ੍ਹਾਂ ਨੂੰ ਆਪਣੇ ਉੱਦਮਾਂ ਦੇ ਸੁਚਾਰੂ ਕੰਮਕਾਜ ਲਈ ਜੀ.ਐਸ.ਟੀ ਐਕਟ ਅਧੀਨ ਰਜਿਸਟਰ ਹੋਣ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਹਾਜ਼ਰੀਨ ਦੁਆਰਾ ਵੱਖ-ਵੱਖ ਸਵਾਲ ਉਠਾਏ ਗਏ ਅਤੇ ਵਿਭਾਗ ਦੇ ਅਧਿਕਾਰੀਆਂ ਦੁਆਰਾ ਉਨ੍ਹਾਂ ਦੇ ਜਵਾਬ ਦਿੱਤੇ ਗਏ। ਸਾਰੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਸਤੂਆਂ ਅਤੇ ਸੇਵਾ ਦੀ ਸਪਲਾਈ ਲਈ ਉਨ੍ਹਾਂ ਦੇ ਕਾਰੋਬਾਰਾਂ ਦੀ ਰਜਿਸਟ ?ਰੇਸ਼ਨ ਸੰਬੰਧੀ ਕਿਸੇ ਵੀ ਮੁੱਦੇ 'ਤੇ ਪੂਰੀ ਮੱਦਦ ਦਾ ਭਰੋਸਾ ਦਿੱਤਾ ਗਿਆ।

# ਪੰਜਾਬ ਦੀ ਰਿਵਾਯਤਾਂ 'ਚ ਨਫ਼ਰਤ ਦੇ ਲਈ ਕੋਈ ਥਾਂ ਨਹੀਂ : ਮੌਲਾਨਾ ਰਹਿਮਾਨੀ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਅੱਜ ਇਥੇ ਇਤਿਹਾਸਿਕ ਜਾਮਾ ਮਸਜਿਦ ਵਿਖੇ ਈਦ-ਉਲ-ਜੁਹਾ ਬਕਰੀਦ ਦੀ ਨਮਾਜ਼ ਇਸਲਾਮੀ ਰੀਤੀ-ਰਿਵਾਜਾਂ ਮੁਤਾਬਿਕ ਸ਼ਾਹੀ ਇਮਾਮ ਪੰਜਾਬ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀਂ ਨੇ ਅਦਾ ਕਰਵਾਈ। ਇਸ ਮੌਕੇ ਜਾਮਾ ਮਸਜਿਦ 'ਚ ਵੱਖ-ਵੱਖ ਧਰਮਾਂ ਅਤੇ ਸਿਆਸੀ ਜਮਾਤਾਂ ਦੇ ਨੁਮਾਇੰਦੇ ਆਪਣੇ ਮੁਸਲਮਾਨ ਭਰਾਵਾਂ ਨੂੰ ਈਦ ਦੀਆਂ ਮੁਬਾਰਕਾਂ ਦੇਣ ਪੁੱਜੇ। ਸਮਾਗਮ ਨੂੰ ਸੰਬੋਧਨ ਕਰਦੀਆਂ ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀਂ ਨੇ ਕਿਹਾ ਕਿ ਅੱਜ ਦਾ ਦਿਨ ਅਸੀਂ ਅੱਲ੍ਹਾਹ ਤਾਆਲਾ ਦੇ ਨਬੀ ਹਜ਼ਰਤ ਇਬ੍ਰਾਹੀਮ ਅਲੇਹਿਸੱਲਾਮ ਦੀ ਯਾਦ 'ਚ ਮਨਾਉਂਦੇ ਹਾਂ ਜਿਨ੍ਹਾਂ ਨੇ ਆਪਣੇ ਰੱਬ ਦੀ ਰਜਾ ਲਈ ਆਪਣਾ ਪੁੱਤਰ ਕੁਰਬਾਨ ਕਰਨ ਲਈ ਦੇਰ ਨਹੀਂ ਲਾਈ। ਸ਼ਾਹੀ ਇਮਾਮ ਨੇ ਕਿਹਾ ਕਿ ਈਦ ਦਾ ਦਿਨ ਸਾਨੂੰ ਸਬਕ ਦਿੰਦਾ ਹੈ ਕਿ ਅਸੀਂ ਵੀ ਆਪਣੇ ਅੰਦਰ ਕੁਰਬਾਨੀ ਦਾ ਜਜਬਾ ਰੱਖੀਏ। ਸ਼ਾਹੀ ਇਮਾਮ ਨੇ ਕਿਹਾ ਕਿ ਅੱਜ ਕੱਲ ਦੇਸ਼ 'ਚ ਫਿਰਕੂ ਤਾਕਤਾਂ ਧਰਮ ਦੇ ਨਾਮ 'ਤੇ ਲੋਕਾਂ 'ਚ ਪਾੜ ਪਾਉਣ 'ਚ ਲੱਗੀਆਂ ਹੋਈਆਂ ਹਨ ਇਸ ਲਈ ਸਮੂਹ ਭਾਰਤੀਆਂ ਨੂੰ ਅਤੇ ਆਪਣੇ ਮੁਸਲਮਾਨ ਭਰਾਵਾਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਆਪਾਂ ਸਾਰੀਆਂ ਨੂੰ ਇਨ੍ਹਾਂ ਫਿਰਕਾਪ੍ਰਸਤਾਂ ਨੂੰ ਨਾਕਾਮ ਕਰਨ ਲਈ ਕੁਰਬਾਨੀ ਦੇਣ ਦੀ ਲੋੜ ਪਈ ਤਾਂ ਆਪਾਂ ਪਿੱਛੇ ਨਹੀਂ ਹੱਟਾਗੇਂ। ਉਹਨਾਂ ਕਿਹਾ ਕਿ ਪੰਜਾਬ ਦੀ ਰਿਵਾਯਤਾਂ 'ਚ ਨਫਰਤ ਦੇ ਲਈ ਕੋਈ ਥਾਂ ਨਹੀਂ ਹੈ, ਜਿਹੜੇ ਵੀ ਲੋਕ ਪੰਜਾਬ 'ਚ ਧਰਮ ਦੇ ਨਾਮ 'ਤੇ ਨਫਰਤ ਫੈਲਾ ਕੇ ਅਪਣੀ ਸਿਆਸਤ ਚਮਕਾਉਣਾ ਚਾਹੁੰਦੇ ਹਨ ਉਹਨਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ 'ਤੇ ਨਗਰ ਨਿਗਮ ਲੁਧਿਆਣਾ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ,ਚੌਧਰੀ ਮਦਨ ਲਾਲ ਬੱਗਾ ਨੇ ਮੁਸਲਮਾਨ ਭਾਈਚਾਰੇ ਨੂੰ ਈਦ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਈਦ ਦਾ ਦਿਨ ਹਰ ਇੱਕ ਭਾਰਤੀ ਲਈ ਖੁਸ਼ੀ ਦਾ ਦਿਨ ਹੈ। ਉਹਨਾਂ ਕਿਹਾ ਕਿ ਭਾਰਤ ਦੁਨਿਆ ਦਾ ਇੱਕੋਂ ਅਜਿਹਾ ਦੇਸ਼ ਹੈ ਜਿੱਥੇ ਹਰ ਧਰਮ ਦਾ ਤਿਉਹਾਰ ਸਾਰੇ ਲੋਕ ਆਪਸ 'ਚ ਮਿਲ-ਜੁਲ ਕੇ ਮਨਾਉਂਦੇ ਹਨ। ਉਹਨਾਂ ਕਿਹਾ ਕਿ ਜਾਮਾ ਮਸਜਿਦ ਤੋਂ ਹਮੇਸ਼ਾ ਹੀ ਪੰਜਾਬ 'ਚ ਅਮਨ ਅਤੇ ਖੁਸ਼ਹਾਲੀ ਲਈ ਕੰਮ ਕੀਤਾ ਗਿਆ ਹੈ।

ਉਹਨਾਂ ਕਿਹਾ ਕਿ ਅੱਜ ਦਾ ਦਿਨ ਸਾਡੇ ਸਾਰੀਆਂ ਲਈ ਬੜੀ ਹੀ ਖੁਸ਼ੀ ਦਾ ਦਿਨ ਹੈ ਅਤੇ ਲੁਧਿਆਣਾ ਸ਼ਹਿਰ ਸਾਰੇ ਧਰਮਾਂ ਦੇ ਲੋਕਾਂ ਦਾ ਇੱਕ ਗੁਲਦਸਤਾ ਹੈ ਇਸ ਦੇ ਸਾਰੇ ਫੁੱਲ ਅਪਣੀ ਖੁਸ਼ਬੂ ਦੇ ਨਾਲ ਮਾਹੌਲ ਨੂੰ ਖੁਸ਼ਗਵਾਰ ਬਣਾ ਕੇ ਰੱਖਦੇ ਹਨ। ਉਹਨਾਂ ਕਿਹਾ ਕਿ ਲੁਧਿਆਣਾ ਦੀ ਇਹ ਇਤੀਹਾਸਿਕ ਮਸਜਿਦ ਜਿੱਥੇ ਮੁਸਲਮਾਨਾਂ ਦਾ ਮੁੱਖ ਧਾਰਮਿਕ ਕੇਂਦਰ ਹੈ ਉਥੇ ਹੀ ਸਾਰੇ ਧਰਮਾਂ ਦੇ ਲੋਕਾਂ ਲਈ ਅਮਨ ਅਤੇ ਮੁਹੱਬਤ ਦੀ ਨਿਸ਼ਾਨੀ ਹੈ। ਉਹਨਾਂ ਕਿਹਾ ਕਿ ਈਦ ਦਾ ਦਿਨ ਸਿਰਫ ਮੁਸਲਮਾਨ ਭਰਾਵਾਂ ਦੇ ਲਈ ਹੀ ਨਹੀਂ ਬਲਕਿ ਸਾਰੇ ਭਾਰਤੀਆਂ ਲਈ ਖੁਸ਼ੀ ਦਾ ਦਿਨ ਹੈ ਅਸੀਂ ਦੁਆ ਕਰਦੇ ਹਾਂ ਕਿ ਇਹ ਖੁਸ਼ੀਆਂ ਭਰੀ ਰੀਤ ਹਮੇਸ਼ਾ ਇੰਝ ਹੀ ਚੱਲਦੀ ਰਹੇ। ਉਹਨਾਂ ਕਿਹਾ ਕਿ ਇਸ ਦੇਸ਼ 'ਚ ਈਦ ਉਲ ਜੁਹਾ ਦਾ ਤਿਉਹਾਰ ਸਾਰੇ ਧਰਮਾਂ ਦੇ ਲੋਕ ਮਿਲ-ਜੁਲ ਕੇ ਮਨਾਉਂਦੇ ਹਨ। ਇਸ ਮੌਕੇ 'ਤੇ ਅਸੀਂ ਪੰਜਾਬ ਸਰਕਾਰ ਵੱਲੋਂ ਅਪਣੇ ਸਾਰੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਬਾਦ ਦਿੰਦੇ ਹਾਂ। ਇਸ ਮੌਕੇ ਆਪਣੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਬਾਦ ਦੇਣ ਲਈ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਦੇ ਮੁੱਖ ਸੇਵਾਦਾਰ ਪਿ ?ਤਪਾਲ ਸਿੰਘ,ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ,ਵਿਧਾਇਕ ਪੁੱਤਰ ਵਿਕਾਸ ਪਰਾਸ਼ਰ,ਗੁਲਾਮ ਹਸਨ ਕੈਸਰ,ਬਲਜੀਤ ਸਿੰਘ ਬਿੰਦਰਾ,ਅਸ਼ੋਕ ਗੁਪਤਾ, ਸ਼ਿੰਗਾਰਾ ਸਿੰਘ ਦਾਦ ਅਤੇ ਜਾਮਾ ਮਸਜਿਦ ਲੁਧਿਆਣਾ ਦੇ ਪ੍ਰਧਾਨ ਮੁਹੰਮਦ ਮੁਸਤਕੀਮ ਨੇ ਕਿਹਾ ਕਿ ਈਦ ਉਲ ਜੁਹਾ ਦਾ ਤਿਉਹਾਰ ਸਾਨੂੰ ਸਾਰੇਆਂ ਨੂੰ ਆਪਸੀ ਭਾਈਚਾਰੇ ਅਤੇ ਆਪਣੇ ਦੇਸ਼ ਦੇ ਪ੍ਰਤੀ ਕੁਰਬਾਨੀ ਦੇਣ ਲਈ ਜਾਗਰੂਕ ਕਰਦਾ ਹੈ।

ਵਰਣਨਯੋਗ ਹੈ ਕਿ ਅੱਜ ਈਦ ਉਲ ਜੁਹਾ ਦੇ ਮੌਕੇ 'ਤੇ ਲੁਧਿਆਣਾ ਸ਼ਹਿਰ ਦੀਆਂ ਸਾਰੀਆਂ ਮਸਜਿਦਾਂ 'ਚ ਈਦ ਦੀ ਨਮਾਜ ਅਦਾ ਕੀਤੀ ਗਈ ਅਤੇ ਭਾਰੀ ਗਿਣਤੀ 'ਚ ਮੁਸਲਮਾਨਾਂ ਨੇ ਕੁਰਬਾਨੀਆਂ ਕੀਤੀਆਂ ਬੱਚਿਆਂ 'ਚ ਈਦ ਨੂੰ ਲੈ ਕੇ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਸੀ। ਇਸ ਮੌਕੇ 'ਤੇ ਸ਼ਾਹੀ ਇਮਾਮ ਪੰਜਾਬ ਨੇ ਲੁਧਿਆਣਾ ਪੁਲਿਸ ਅਤੇ ਨਗਰ ਨਿਗਮ ਵੱਲੋਂ ਕੀਤੇ ਗਏ ਪ੍ਰਬੰਧਾਂ ਲਈ ਧੰਨਵਾਦ ਦਾ ਪ੍ਰਗਟਾਵਾ ਕੀਤਾ।

# ਬਾਸਮਤੀ ਦੀਆਂ ਕਿਸਮਾਂ ਦੀ ਬੀਜਾਈ ਦਾ ਢੁਕਵਾਂ ਸਮਾਂ : ਬਰਾੜ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਝੋਨੇ ਦੀਆਂ ਅਰਧ ਬੌਣੀਆਂ ਕਿਸਮਾਂ ਵਾਂਗ ਬਾਸਮਤੀ ਦੀਆਂ ਕਿਸਮਾਂ ਨੂੰ ਵੀ ਲੰਮੇ ਸਮੇਂ ਲਈ ਧੁੱਪ ਵਧੇਰੇ ਨਮੀ ਅਤੇ ਯਕੀਨੀ ਪਾਣੀ ਦੀ ਲੋੜ ਹੁੰਦੀ ਹੈ ਇਹ ਕਿਸਮਾਂ ਕੁਝ ਠੰਡੇ ਤਾਪਮਾਨ ਵਿੱਚ ਪੱਕਣ ਵਾਲੀਆਂ ਹੁੰਦੀਆਂ ਹਨ ਜਿਹੜੇ ਕਿਸਾਨ ਭਰਾ ਕਿਸੇ ਕਾਰਨ ਕਰਕੇ ਝੋਨਾ ਬੀਜ ਨਹੀਂ ਸਕੇ ਉਹਨਾਂ ਲਈ ਬਾਸਮਤੀ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਬੀਜਾਈ ਕਰਕੇ ਵਧੇਰੇ ਮੁਨਾਫਾ ਲਿਆ ਜਾ ਸਕਦਾ ਇਹ ਪ੍ਰਗਟਾਵਾ ਫਿਰੋਜ਼ਪੁਰ ਰੋਡ ਸਥਿਤ ਬਰਾੜ ਐਗਰੀਕਲਚਰ ਫਾਰਮ ਦੇ ਐਮ. ਡੀ ਹਰਵਿੰਦਰ ਸਿੰਘ ਬਰਾੜ ਨੇ ਕੀਤਾ ਉਹਨਾਂ ਦੱਸਿਆ ਕਿ ਪੂਸਾ ਬਾਸਮਤੀ 1847 ਆਈ ਏ ਆਰ ਆਈ ਦਿੱਲੀ ਵੱਲੋਂ ਪਾਸ ਕੀਤੀ ਗਈ ਕਿਸਮ ਹੈ ਇਹ ਬਾਸਮਤੀ ਦੀ ਅਗੇਤੀ ਪੱਕਣ ਵਾਲੀ ਕਿਸਮ ਹੈ ਇਹ ਬੀਜ ਤੋਂ ਬੀਜ ਤੱਕ 135 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ ਇਸ ਦਾ ਕਦ 108 ਸੈਂ.ਮੀ ਤੱਕ ਹੁੰਦਾ ਹੈ ਇਸ ਕਿਸਮ ਵਿੱਚ ਝੰਡਾ ਰੋਗ ਅਤੇ ਪੰਜਾਬ ਵਿੱਚ ਝੁਲਸ ਰੋਗ ਦੇ ਜੀਵਾਣੂ ਦੀਆਂ ਪਾਈਆਂ ਜਾਂਦੀਆਂ ਸਾਰੀਆਂ ਦੱਸ ਕਿਸਮਾਂ ਦਾ ਟਾਕਰਾ ਕਰਨ ਦੀ ਸਮਰਥਾ ਰੱਖਦੀ ਹੈ ਇਸ ਕਿਸਮ ਦਾ ਝਾੜ 24 ਤੋਂ 28 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ ਇਸ ਕਿਸਮ ਦੀ ਪਨੀਰੀ 1ਜੂਨ ਤੋਂ ਲੈ ਕੇ 30 ਜੂਨ ਤੱਕ ਬੀਜੀ ਜਾ ਸਕਦੀ ਹੈ ਇਸ ਦੀ ਪਨੀਰੀ ਨੂੰ 20 ਤੋਂ 22 ਦਿਨਾਂ ਦੇ ਅੰਦਰ- ਅੰਦਰ ਖੇਤ ਵਿੱਚ ਪੁੱਟ ਕੇ ਲਗਾਉਣਾ ਜਰੂਰੀ ਹੁੰਦਾ ਹੈ ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਬਾਸਮਤੀ ਦੀ ਨਵੀਂ ਕਿਸਮ ਸੀ ਐਸ ਆਰ 30 ਵਧੇਰੇ ਲਾਹੇਵੰਦ ਕਿਸਮ ਹੈ ਇਸ ਦਾ ਝਾੜ 15 ਤੋਂ 20 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ ਇਸ ਕਿਸਮ ਨੂੰ ਦਿੱਲੀ ਹਰਿਆਣਾ ਅਤੇ ਪੰਜਾਬ ਵਿੱਚ ਬੀਜਣ ਦੀ ਸਿਫਾਰਿਸ਼ ਕੀਤੀ ਗਈ ਹੈ ਇਹ ਰੋਗ ਰਹਿਤ ਕਿਸਮ ਹੈ ਇਹ ਕਿਸਮ ਖਾਸ ਤੌਰ ਤੇ ਖਾਣ ਵਾਸਤੇ ਉੱਤਮ ਮੰਨੀ ਜਾਂਦੀ ਹੈ। ਇਹ ਕਿਸਮ 145 ਦਿਨਾਂ ਵਿੱਚ ਸਮੇਤ ਪਨੀਰੀ ਪੱਕ ਕੇ ਤਿਆਰ ਹੋ ਜਾਂਦੀ ਹੈ ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਪੂਸਾ ਬਾਸਮਤੀ 1885 ਆਈ ਏ ਆਰ ਆਈ ਦਿੱਲੀ ਵੱਲੋਂ ਪਾਸ ਕੀਤੀ ਗਈ ਕਿਸਮ ਹੈ ਇਹ ਕਿਸਮ ਪੂਸਾ ਬਾਸਮਤੀ 1121 ਦੀ ਸੋਧੀ ਹੋਈ ਕਿਸਮ ਹੈ ਇਸ ਕਿਸਮ ਦਾ ਔਸਤਨ ਝਾੜ 22 ਤੋਂ 26 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ ਇਹ ਕਿਸਮ ਸਮੇਤ ਪਨੀਰੀ 140 ਤੋਂ 145 ਦਿਨਾਂ ਵਿੱਚ ਪੱਕਦੀ ਹੈ ਇਸ ਦੇ ਚੋਲ ਲੰਬੇ ਅਤੇ ਪਤਲੇ ਹੁੰਦੇ ਹਨ ਅਤੇ ਖਾਣ ਵਿੱਚ ਸਵਾਦ ਬਣਦੇ ਹਨ ਇਹ ਕਿਸਮ ਮੰਡੀ ਵਿੱਚ ਵਧ ਰੇਟ ਤੇ ਵਿਕਦੀ ਹੈ ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਪੂਸਾ ਬਾਸਮਤੀ 1718 ਪੂਸਾ ਬਾਸਮਤੀ 1692 ਪੂਸਾ ਬਾਸਮਤੀ 1509 ਕਿਸਮਾਂ ਵੀ ਵਧੇਰੇ ਲਾਹੇਵੰਦ ਹਨ ਇਹਨਾਂ ਕਿਸਮਾਂ ਦੀ ਬਜਾਈ ਦਾ ਢੁਕਵਾਂ ਸਮਾਂ ਚੱਲ ਰਿਹਾ ਹੈ।

# ਮਾਂ ਬਗਲਾਮੁਖੀ ਧਾਮ ਵਿਖੇ ਸਮੂਹ ਦੁੱਖ ਨਿਵਾਰਨ ਯੱਗ ਕਰਵਾਇਆ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਮਹੰਤ ਪ੍ਰਵੀਣ ਜੀ ਦੀ ਅਗਵਾਈ ਹੇਠ ਮਾਂ ਬਗਲਾਮੁਖੀ ਧਾਮ ਵਿੱਚ ਸਰਵ ਕਸ਼ਟ ਨਿਵਾਰਨ ਯੱਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸ਼ਰਧਾਲੂਆਂ ਨੇ ਭੇਟ ਚੜ੍ਹਾਈ ਅਤੇ ਮਾਂ ਬਗਲਾਮੁਖੀ ਨੂੰ ਜੀਵਨ ਦੀਆਂ ਸਾਰੀਆਂ ਮੁਸੀਬਤਾਂ ਦੂਰ ਕਰਨ ਲਈ ਪ੍ਰਾਰਥਨਾ ਕੀਤੀ। ਸ਼ਰਧਾਲੂਆਂ ਨੇ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਮਾਂ ਬਗਲਾਮੁਖੀ ਦਾ ਧੰਨਵਾਦ ਵੀ ਕੀਤਾ ਅਤੇ ਹਮੇਸ਼ਾ ਉਨ੍ਹਾਂ ਦੇ ਆਸ਼ੀਰਵਾਦ ਲਈ ਪ੍ਰਾਰਥਨਾ ਕੀਤੀ। ਇਸ ਦੌਰਾਨ ਮਹੰਤ ਪ੍ਰਵੀਣ ਜੀ ਨੇ ਕੰਜਕ ਪੂਜਾ ਕੀਤੀ ਅਤੇ ਸ਼ਰਧਾਲੂਆਂ ਨੂੰ ਮਾਂ ਬਗਲਾਮੁਖੀ ਧਾਮ ਦੇ ਵਿਸਥਾਰ ਲਈ ਜ਼ਮੀਨ ਦਾਨ ਕਰਨ ਦਾ ਪ੍ਰਣ ਕਰਵਾਇਆ। ਮਾਂ ਬਗਲਾਮੁਖੀ ਧਾਮ ਦੇ ਸੰਕੀਰਤਨ ਮੰਡਲ ਨੇ ਮਾਂ ਬਗਲਾਮੁਖੀ ਦੀ ਉਸਤਤ ਵਿੱਚ ਭਜਨ ਪੇਸ਼ ਕਰਕੇ ਸ਼ਰਧਾਲੂਆਂ ਨੂੰ ਮੰਤਰਮੁਗਧ ਕੀਤਾ।

ਧਾਮ ਦੇ ਸੇਵਕਾਂ ਨੇ ਮਾਂ ਭਗਵਤੀ ਦੇ ਪੈਰਾਂ ਨੂੰ ਛੂਹ ਕੇ ਤਿਆਰ ਕੀਤਾ ਗਿਆ ਚਰਨਾਅੰਮ੍ਰਿਤ ਅਤੇ ਮਾਂ ਨੂੰ ਚੜ੍ਹਾਏ ਗਏ ਕਈ ਤਰ੍ਹਾਂ ਦੇ ਪਕਵਾਨ ਸ਼ਰਧਾਲੂਆਂ ਨੂੰ ਪ੍ਰਸ਼ਾਦ ਵਜੋਂ ਵੰਡੇ। ਮਹੰਤ ਪ੍ਰਵੀਣ ਜੀ ਨੇ ਹਰ ਸਾਹ ਵਿੱਚ ਪ੍ਰਭੂ ਦਾ ਨਾਮ ਜਪਣ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਜੇਕਰ ਕੋਈ ਵਿਅਕਤੀ ਜੀਵਨ ਦੇ ਹਰ ਮੋੜ 'ਤੇ ਪਰਮਾਤਮਾ ਦਾ ਨਾਮ ਜਪਦਾ ਰਹਿੰਦਾ ਹੈ ਤਾਂ ਜੀਵਨ ਦੇ ਅੰਤ ਵਿੱਚ ਨਾਮ ਜਪਣ ਦੀ ਜ਼ਰੂਰਤ ਨਹੀਂ ਪਵੇਗੀ। ਪਰ ਸੰਸਾਰਿਕ ਉਲਝਣਾਂ ਵਿੱਚ ਫਸੇ ਲੋਕ ਅਜਿਹਾ ਨਹੀਂ ਕਰਦੇ। ਜੀਵਨ ਵਿੱਚ ਲੋਕ ਚੰਗੇ ਕੰਮਾਂ ਨੂੰ ਆਪਣੇ ਆਪ ਅਤੇ ਮਾੜੇ ਕੰਮਾਂ ਨੂੰ ਪਰਮਾਤਮਾ ਦੀ ਇੱਛਾ ਨੂੰ ਮੰਨਦੇ ਹਨ। ਅਸੀਂ ਹਰ ਜ਼ਿੰਮੇਵਾਰੀ ਨੂੰ ਨਿਭਾਉਣ ਦਾ ਸਿਹਰਾ ਆਪਣੇ ਆਪ ਨੂੰ ਦਿੰਦੇ ਹਾਂ ਅਤੇ ਲੈਂਦੇ ਹਾਂ। ਜੇਕਰ ਅਸੀਂ ਇਹ ਮੰਨਦੇ ਹਾਂ ਕਿ ਇਸ ਸੰਸਾਰ ਵਿੱਚ ਮੇਰਾ ਕੋਈ ਕੰਮ ਨਹੀਂ ਹੈ ਤਾਂ ਮੇਰੀਆਂ ਸਾਰੀਆਂ ਜ਼ਿੰਮੇਵਾਰੀਆਂ ਪਰਮਾਤਮਾ ਦੇ ਹੱਥਾਂ ਵਿੱਚ ਹਨ। ਤਾਂ ਮਨੁੱਖੀ ਜੀਵਨ ਵਿੱਚੋਂ ਹਉਮੈ ਦੀ ਭਾਵਨਾ ਖਤਮ ਹੋ ਜਾਵੇਗੀ। ਮਹੰਤ ਪ੍ਰਵੀਨ ਜੀ ਨੇ ਕਿਹਾ ਕਿ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਜੇਕਰ ਅਸੀਂ ਪਰਮਾਤਮਾ ਵਿੱਚ ਲੀਨ ਹੋ ਕੇ ਪਰਮਾਤਮਾ ਵਿੱਚ ਅਭੇਦ ਹੋਣ ਦਾ ਧਿਆਨ ਕਰੀਏ, ਤਾਂ ਮਨੁੱਖੀ ਜੀਵਨ ਦੀ ਪ੍ਰਾਪਤੀ ਸਫਲ ਹੋਵੇਗੀ। ਧਾਮ ਦੇ ਮੁੱਖ ਸੇਵਕ ਮਨਜੀਤ ਛੱਤਵਾਲ ਨੇ ਆਏ ਸ਼ਰਧਾਲੂਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਸੰਦੀਪ ਸੂਦ, ਜਤਿਨ ਸੂਦ, ਗੌਤਮ ਸਚਦੇਵਾ, ਰਾਕੇਸ਼ ਪਾਸੀ, ਸੁਨੀਲ ਪਾਸੀ, ਰਾਜ ਸੋਲੰਕੀ, ਰਾਮ ਪਾਲ ਤ੍ਰਿਖਾ, ਦਿਨੇਸ਼ ਰੱਲੀ, ਟੂਰਨਾ ਮਹਿਤਾਨ, ਤੰਜਾਰਵੀਨ, ਤੂਰਜੀਤ ਸਿੰਘ ਆਦਿ ਹਾਜ਼ਰ ਸਨ ਮਿਗਲਾਨੀ, ਵੇਦ ਲੂਥਰਾ, ਰਮਨ ਸ਼ਰਮਾ, ਰਾਕੇਸ਼ ਖੇੜਾ, ਬੌਬੀ ਮੱਕੜ, ਹਰਮੋਹਨ ਮਲਹੋਤਰਾ, ਜਨਕ ਰਾਜ ਸਿੰਗਲਾ, ਰੋਹਿਤ ਸ਼ਰਮਾ, ਸੋਮਨਾਥ ਸ਼ਰਮਾ, ਪ੍ਰਵੇਸ਼ ਚੱਡਾ, ਸਤਵਿੰਦਰ ਠਾਕੁਰ, ਰਾਜਿੰਦਰ ਵਾਲੀਆ, ਵਰੁਣ ਚੋਪੜਾ, ਅਦਿੱਤਿਆ ਗੁਪਤਾ, ਪੰਡਿਤ ਭੂਪੇਂਦਰ, ਵਰੁਣ ਸ਼ਰਮਾ, ਵਰੁਣ ਦੱਤ, ਨਰੇਂਦਰ ਬਨ ਖੇੜਾ, ਨਰੇਂਦਰ ਬਨ ਖੇੜਾ, ਅਰਜੁਨ ਖੇੜਾ, ਅਰਜੁਨ ਖੇੜਾ, ਰੋਹਿਤ ਸ਼ਰਮਾ ਵੀ ਮੌਜੂਦ ਸਨ।

## ਸਾਕਾ ਨੀਲਾ ਤਾਰਾ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ



ਦਿੜ੍ਹਬਾ ਮੰਡੀ, 7 ਜੂਨ (ਸੁਖਵਿੰਦਰ ਸਿੰਘ ਵਿਰਕ): ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਿੜ੍ਹਬਾ ਵਿਖੇ 1984 ਦੇ ਘੱਲੂਘਾਰੇ ਵਿੱਚ ਸ਼ਹੀਦ ਹੋਏ ਸਿੰਘਾਂ ਸਿੰਘਣੀਆਂ ਦੀ ਯਾਦ ਦੇ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਉਪਰੰਤ ਰਾਗੀ ਸਿੰਘਾਂ ਅਤੇ ਢਾਡੀ ਜਥਿਆਂ ਦੇ ਵੱਲੋਂ ਸਿੱਖ ਇਤਿਹਾਸ ਸਬੰਧੀ ਸੰਗਤਾਂ ਨੂੰ ਜਾਣੂੰ ਕਰਵਾਇਆ ਗਿਆ। ਜਥੇਦਾਰ ਗੁਰਮੇਲ ਸਿੰਘ ਦਿੜ੍ਹਬਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸਾਕਾ ਨੀਲਾ ਤਾਰਾ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਹਨ। ਜਥੇਦਾਰ ਨੇ ਅੱਗੇ ਕਿਹਾ ਕਿ ਹਰ ਇੱਕ ਪਿੰਡ ਵਿੱਚ ਉਪਰਾਲਾ ਹੋਣਾ ਚਾਹੀਦਾ ਹੈ ਕਿ ਸਾਡੇ ਬੱਚਿਆਂ ਨੂੰ ਸਿੱਖ ਇਤਿਹਾਸ ਸਬੰਧੀ ਜਾਣੂੰ ਕਰਵਾਇਆ ਜਾਵੇ। ਸਾਨੂੰ ਸਾਡੇ ਬੱਚਿਆਂ ਨੂੰ ਸਾਂਭਣ ਦੀ ਲੋੜ ਹੈ। ਉਹਨਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਸਹਿਯੋਗ ਦੇਵੇ ਤਾਂ ਹਰ ਇੱਕ ਪਿੰਡ ਵਿੱਚ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਅਤੇ ਸਿੱਖ ਕੌਮ ਦੇ ਇਤਿਹਾਸ ਸਬੰਧੀ ਜਾਣੂੰ ਕਰਵਾਇਆ ਜਾ ਸਕਦਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਪਹੁੰਚੀਆਂ ਹੋਈਆਂ। ਇਸ ਮੌਕੇ ਗੁਰੂ ਕਾ ਲੰਗਰ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਗਾਈ ਗਈ।

## ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਬਰੇਟਾ ਵਿੱਚ ਸਮਰ ਕੈਂਪ ਲਗਾਇਆ



ਬਰੇਟਾ, 7 ਜੂਨ (ਵਿਨੋਦ ਸਿੰਗਲਾ, ਨਰਿੰਦਰ ਬਾਂਸਲ): ਸਿੱਖਿਆ ਦੇ ਖੇਤਰ ਵਿੱਚ ਮੋਹਰੀ ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਬਰੇਟਾ ਨੇ ਵਿਦਿਆਰਥੀਆਂ ਦੇ ਮਨੋਰੰਜਨ ਲਈ ਸਮਰ ਕੈਂਪ ਦਾ ਆਯੋਜਨ ਕੀਤਾ। ਇਹ ਕੈਂਪ 1 ਜੂਨ ਤੋਂ 5 ਜੂਨ ਤੱਕ ਚੱਲਿਆ। ਕੈਂਪ ਵਿੱਚ ਬਹੁਤ ਸਾਰੀਆਂ ਸਰਗਰਮ ਖੇਡਾਂ ਸਨ ਜਿਵੇਂ ਕਿ ਵੱਖ-ਵੱਖ ਖੇਡਾਂ, ਪਹੇਲੀਆਂ, ਯੋਗਤਾ ਦੀਆਂ ਖੇਡਾਂ, ਪੂਲ ਪਾਰਟੀ ਅਤੇ ਪਜਾਮਾ ਪਾਰਟੀ ਤੋਂ ਇਲਾਵਾ ਸੱਭਿਆਚਾਰਕ ਗਤੀਵਿਧੀਆਂ ਜਿਵੇਂ ਗਿੱਧਾ, ਭੰਗੜਾ ਆਦਿ ਕਰਵਾਇਆ ਗਿਆ। 200 ਤੋਂ ਵੱਧ ਵਿਦਿਆਰਥੀਆਂ ਨੇ ਇਸ ਵਿੱਚ ਹਿੱਸਾ ਲਿਆ ਅਤੇ ਬਹੁਤ ਸਾਰੇ ਬਾਹਰੀ ਵਿਦਿਆਰਥੀਆਂ ਨੇ ਵੀ ਇਸ ਵਿੱਚ ਹਿੱਸਾ ਲਿਆ। ਸਕੂਲ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਸਮਰ ਕੈਂਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇਹ ਸਿਖਾਉਣਾ ਸੀ ਕਿ ਸਾਨੂੰ ਹਰ ਪਲ ਦਾ ਆਨੰਦ ਮਾਣਨਾ ਚਾਹੀਦਾ ਹੈ ਅਤੇ ਆਨੰਦ ਪ੍ਰਾਪਤੀ ਜਿੰਨਾ ਹੀ ਮਹੱਤਵਪੂਰਨ ਹੈ। ਕੈਂਪ ਦੌਰਾਨ ਵਿਦਿਆਰਥੀਆਂ ਨੇ ਛੋਟੇ ਮਾਸਟਰਾਂ ਨੂੰ ਮੁੜ ਸੁਰਜੀਤ ਕਰਨ ਲਈ ਰਿਫਰੈਸ਼ਮੈਂਟ ਪ੍ਰਦਾਨ ਕੀਤੀ ਗਈ। ਮਾਪਿਆਂ ਨੇ ਵੀ ਕੈਂਪ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀਆਂ ਦੀ ਬਿਹਤਰੀ ਲਈ ਇੱਕ ਚੰਗਾ ਕਦਮ ਹੈ। ਕੈਂਪ ਪੰਜ ਦਿਨ ਚੱਲਿਆ ਅਤੇ ਸੁਚਾਰੂ ਢੰਗ ਨਾਲ ਸਮਾਪਤ ਹੋਇਆ। ਅੰਤ ਵਿੱਚ ਕੇਕ ਕੱਟਿਆ ਗਿਆ ਅਤੇ ਸਕੂਲ ਦੇ ਪ੍ਰਬੰਧਨ ਦੁਆਰਾ ਵਿਦਿਆਰਥੀਆਂ ਨੂੰ ਵਾਪਸੀ ਤੋਹਫ਼ੇ ਦਿੱਤੇ ਗਏ। ਗੱਲਬਾਤ ਦੌਰਾਨ ਸਕੂਲ ਦੇ ਪ੍ਰਿੰਸੀਪਲ ਵਿਜੇ ਕੁਮਾਰ ਨੇ ਦੱਸਿਆ ਕਿ ਇਹ ਸਕੂਲ ਦਾ ਤੀਜਾ ਸਮਰ ਕੈਂਪ ਸੀ ਅਤੇ ਹਰ ਸਾਲ ਵਿਦਿਆਰਥੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਫਲ ਕੈਂਪ ਦਾ ਸਾਰਾ ਸਿਹਰਾ ਸਟਾਫ ਮੈਂਬਰਾਂ ਦੀ ਜੇਬ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਾਲਾਂ ਵਿੱਚ ਸਕੂਲ ਇਸਨੂੰ ਹੋਰ ਆਕਰਸ਼ਕ ਬਣਾਉਣ ਦੀ ਪੂਰੀ ਕੋਸ਼ਿਸ਼ ਕਰੇਗਾ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਵਿੱਚ ਹਿੱਸਾ ਲੈ ਸਕਣ।

## ਪੈਨਸ਼ਨਰ ਐਸੋਸੀਏਸ਼ਨ ਦੀ ਹੋਈ ਮੀਟਿੰਗ

ਭਗਤਾ ਭਾਈ ਕਾ, 7 ਜੂਨ (ਸਵਰਨ ਸਿੰਘ ਭਗਤਾ): ਪੈਨਸ਼ਨਰ ਐਸੋਸੀਏਸ਼ਨ ਬਲਾਕ ਭਗਤਾ ਭਾਈ ਦੀ ਮੀਟਿੰਗ ਬਲਾਕ ਪ੍ਰਧਾਨ ਆਤਮਤੇਜ ਸ਼ਰਮਾ ਦੀ ਪ੍ਰਧਾਨਗੀ ਹੇਠ ਨਰੇਗਾ ਭਵਨ ਵਿਖੇ ਹੋਈ। ਇਸ ਮੌਕੇ ਮੀਟਿੰਗ ਤੋਂ ਪਹਿਲਾਂ ਸਾਡੇ ਤੋਂ ਵਿੱਛੜ ਗਈ ਰੂਹ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਦੌਰਾਨ ਸੀਨੀਅਰ ਮੀਤ ਪ੍ਰਧਾਨ ਸੁਲੱਖਣ ਸਿੰਘ ਨੇ ਪੈਨਸ਼ਨਰ ਸਾਥੀਆਂ ਨੂੰ ਪਿਛਲੇ ਮਹੀਨੇ ਹੋਈਆਂ ਸਰਗਰਮੀਆਂ ਤੋਂ ਜਾਣੂੰ ਕਰਵਾਇਆ ਅਤੇ ਪੈਨਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਨਰਿੰਦਰਪਾਲ ਨੇ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਨੂੰ ਹਾਈਕੋਰਟ ਦੇ ਚੀਫ ਜਸਟਿਸ ਦੇ ਸਾਹਮਣੇ ਰੱਖਣ ਲਈ ਕਿਹਾ। ਜਨਰਲ ਸਕੱਤਰ ਗੁਰਜੀਤ ਸਿੰਘ ਨੇ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਈਮੇਲ ਆਈ ਡੀ ਅਤੇ ਮੋਬਾਈਲ ਨੰਬਰ ਨੋਟ ਕਰਵਾਇਆ। ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਆਤਮਤੇਜ ਸ਼ਰਮਾ ਨੇ ਪੈਨਸ਼ਨਰਾਂ ਨੂੰ ਏਕਤਾ ਬਣਾਏ ਰੱਖਣ ਲਈ ਕਿਹਾ ਅਤੇ ਸੰਘਰਸ਼ ਹੀ ਜੀਵਨ ਹੈ ਅਤੇ ਸਾਨੂੰ ਆਪਣੇ ਪੰਧ 'ਤੇ ਚੱਲਦੇ ਰਹਿਣਾ ਚਾਹੀਦਾ ਹੈ, ਜਿੱਤ ਹਮੇਸ਼ਾ ਸੰਘਰਸ਼ ਦੀ ਹੀ ਹੁੰਦੀ ਹੈ। ਇਸ ਮੌਕੇ ਅਮਰਜੀਤ ਸਿੰਘ,ਦਰਸ਼ਨ ਸਿੰਘ,ਗੁਰਦੀਪ ਸਿੰਘ,ਸੁਰਜੀਤ ਸਿੰਘ,ਸੁਖਦੇਵ ਸਿੰਘ,ਸਵਰਨ ਸਿੰਘ,ਸਤਪਾਲ ਸਿੰਘ,ਰੇਸ਼ਮ ਸਿੰਘ,ਗੁਰਸੇਵਕ ਸਿੰਘ,ਗੁਲਜਾਰ ਸਿੰਘ,ਦਰਬਾਰਾ ਸਿੰਘ ਆਦਿ ਪੈਨਸ਼ਨਰ ਹਾਜ਼ਰ ਸਨ।

## ਸ਼ਹੀਦੀ ਦਿਹਾੜੇ ਅਤੇ ਜੂਨ 84 ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਅਖੰਡ ਪਾਠ ਦੇ ਭੋਗ ਪਾਏ



ਭਗਤਾ ਭਾਈ ਕਾ, 7 ਜੂਨ (ਸਵਰਨ ਸਿੰਘ ਭਗਤਾ): ਸਥਾਨਕ ਸ਼ਹਿਰ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਮਹਿਲ ਸਾਹਿਬ ਪਾਤਸ਼ਾਹੀ ਦਸਵੀਂ ਵਿਖੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਤੇ 1984 ਦੇ ਸਮੂਹ ਸ਼ਹੀਦਾਂ ਅਤੇ ਵੀਹਵੀਂ ਸਦੀ ਦੇ ਮਹਾਨ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਵਿਖੇ ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਸਨ, ਜਿਨ੍ਹਾਂ ਦੇ ਅੱਜ ਭੋਗ ਪਾਏ ਗਏ। ਭੋਗ ਉਪਰੰਤ ਭਾਈ ਬਿਕਰਮਜੀਤ ਸਿੰਘ ਮਨੀਲਾ ਵਾਲਿਆਂ ਨੇ ਗੁਰਬਾਣੀ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਲਈ ਕੜੀ ਚੌਲਾਂ ਦੇ ਲੰਗਰ ਲਾਏ ਗਏ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਪ੍ਰਧਾਨ ਗਿਆਨੀ ਗੁਰਚਰਨ ਸਿੰਘ, ਖਜ਼ਾਨਚੀ ਬਲਜਿੰਦਰ ਸਿੰਘ ਬਾਬੇ ਕਾ, ਸਕੱਤਰ ਗੁਰਚਰਨ ਸਿੰਘ, ਸਲਾਹਕਾਰ ਤੇਜਾ ਸਿੰਘ, ਗ੍ਰੰਥੀ ਸਹਿਜ ਸਿੰਘ, ਗ੍ਰੰਥੀ ਅੰਮ੍ਰਿਤ ਸਿੰਘ ,ਸੇਵਾਦਾਰ ਪੱਪੂ ਸਿੰਘ , ਜਸਪ੍ਰੀਤ ਸਿੰਘ ਬੂਟਾ,ਗੁਰਮੇਲ ਸਿੰਘ, ਹਰਪ੍ਰੀਤ ਸਿੰਘ ,ਬਿੰਦਰ ਸਿੰਘ, ਸੇਵਕ ਸਿੰਘ ਅਤੇ ਭਾਈ ਭਗਤਾ ਸਤਿਕਾਰ ਕਮੇਟੀ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਨਿਭਾਈਆਂ ਗਈਆਂ।

# ਬਠਿੰਡਾ ਬੱਸ ਅੱਡਾ ਬਚਾਓ ਕਮੇਟੀ ਨੇ ਡੀ.ਸੀ. ਦੀ ਬਣਾਈ ਕਮੇਟੀ ਅੱਗੇ ਰੱਖਿਆ ਆਪਣਾ ਪੱਖ

### ਲੋਕਾਂ ਦਾ ਸਵਾਲ ਕੀ ਨਵਾਂ ਬੱਸ ਅੱਡਾ ਬਣੇਗਾ ਵਿਕਾਸ ਜਾਂ ਵਿਨਾਸ਼ ਦਾ ਕਾਰਨ ?



ਬਠਿੰਡਾ, 7 ਜੂਨ (ਦੀਪਕ ਸ਼ਰਮਾ):ਸ਼ਹਿਰ ਵਾਸੀਆਂ ਲਈ ਇਹ ਸਵਾਲ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ ਕਿ ਜੇਕਰ ਸਰਕਾਰ ਦੀ ਮਲੋਟ ਰੋਡ 'ਤੇ ਨਵਾਂ ਬੱਸ ਅੱਡਾ ਬਣਾਉਣ ਦੀ ਯੋਜਨਾ ਸਿਰੇ ਚੜ੍ਹਦੀ ਹੈ, ਤਾਂ ਸ਼ਹਿਰ ਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਸ਼ਹਿਰ ਤੋਂ ਸੱਤ ਕਿਲੋਮੀਟਰ ਦੂਰ ਬਣ ਰਹੇ ਇਸ ਨਵੇਂ ਬੱਸ ਅੱਡੇ ਦੇ ਬਣਨ ਨਾਲ ਲੋਕਾਂ ਦੀ ਜ਼ਿੰਦਗੀ ਵਿੱਚ ਖੜੋਤ ਆ ਜਾਵੇਗੀ। ਇਸ ਲਈ ਸ਼ਹਿਰ ਵਾਸੀ ਲਗਾਤਾਰ ਇਸ ਨਵੇਂ ਬੱਸ ਅੱਡੇ ਦਾ ਵਿਰੋਧ ਕਰ ਰਹੇ ਹਨ। ਪੁਰਾਣੇ ਬੱਸ ਅੱਡੇ ਨੂੰ ਬਚਾਉਣ ਲਈ ਇੱਕ ਬੱਸ ਅੱਡਾ ਬਚਾਓ ਕਮੇਟੀ ਦਾ ਗਠਨ ਵੀ ਕੀਤਾ ਗਿਆ। ਉਕਤ ਕਮੇਟੀ ਵਿੱਚ ਸ਼ਹਿਰ ਦੇ ਹਰ ਇੱਕ ਵਰਗ ਦਾ ਨੁਮਾਇੰਦਾ ਸ਼ਾਮਲ ਹੈ। ਸ਼ਨੀਵਾਰ ਨੂੰ ਉਕਤ ਕਮੇਟੀ ਨੇ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਬਣਾਈ ਕਮੇਟੀ ਦੇ ਅੱਗੇ ਆਪਣਾ ਪੱਖ ਰੱਖਿਆ। ਦੂਜੇ ਪਾਸੇ ਸ਼ਹਿਰ ਵਾਸੀਆਂ ਦਾ ਤਰਕ ਹੈ ਕਿ ਸ਼ਹਿਰ ਦੇ ਵਿਚਕਾਰ ਵਿੱਚ ਸਥਿਤ ਮੌਜੂਦਾ ਬੱਸ ਅੱਡੇ ਦੇ ਬਾਹਰ ਜਾਣ ਨਾਲ, ਆਮ ਲੋਕਾਂ, ਖਾਸ ਕਰਕੇ ਵਿਦਿਆਰਥੀਆਂ, ਮਰੀਜ਼ਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀ ਜ਼ਿੰਦਗੀ ਹੋਰ ਵੀ ਦੁਸ਼ਵਾਰ ਹੋ ਜਾਵੇਗੀ। ਸ਼ਹਿਰ ਦੇ ਵਪਾਰੀ ਪਹਿਲਾਂ ਹੀ ਆਰਥਿਕ ਦਬਾਅ ਹੇਠ ਹਨ, ਅਤੇ ਇਹ ਕਦਮ ਉਨ੍ਹਾਂ ਲਈ ਜਾਨ ਲੇਵਾ ਸਾਬਤ ਹੋ ਸਕਦਾ ਹੈ। ਕੀ ਸਰਕਾਰ ਲੋਕਾਂ ਦੀਆਂ ਇਨ੍ਹਾਂ ਚਿੰਤਾਵਾਂ ਨੂੰ ਸੁਣੇਗੀ ਜਾਂ ਅੰਨ੍ਹੇਵਾਹ ਵਿਕਾਸ ਦੇ ਨਾਂ 'ਤੇ ਵਿਨਾਸ਼ ਦੀ ਯੋਜਨਾ ਨੂੰ ਅੱਗੇ ਵਧਾਏਗੀ ? ਇਸੇ ਗੱਲ ਨੂੰ ਲੈ ਕੇ ਅੱਜ ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ ਨੇ ਡੀਸੀ ਬਠਿੰਡਾ ਵੱਲੋਂ ਬਣਾਈ ਗਈ ਕਮੇਟੀ ਅੱਗੇ ਜ਼ੋਰਦਾਰ ਢੰਗ ਨਾਲ ਆਪਣਾ ਪੱਖ ਰੱਖਿਆ। ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ ਦੀ ਅਗਵਾਈ 'ਚ ਮਲੋਟ ਰੋਡ ਉੱਤੇ ਨਵਾਂ ਬੱਸ ਅੱਡਾ ਬਣਾਉਣ ਦੀ ਸਰਕਾਰੀ ਯੋਜਨਾ ਵਿਰੁੱਧ ਕਈ ਜਥੇਬੰਦੀਆਂ ਨੇ ਏਡੀਸੀ ਦੀ ਅਗਵਾਈ ਵਾਲੀ ਸਰਕਾਰੀ ਕਮੇਟੀ ਸਾਹਮਣੇ ਖੁੱਲ੍ਹ ਕੇ ਆਪਣੇ ਇਤਰਾਜ਼ ਰੱਖੇ। ਡੀਸੀ ਦੀ ਕਮੇਟੀ ਸਾਹਮਣੇ ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ ਨੇ ਆਪਣਾ ਪੱਖ ਪੂਰੇ ਵਿਸਥਾਰ ਨਾਲ ਰੱਖਦਿਆਂ ਕਿਹਾ ਕਿ ਮੌਜੂਦਾ ਬੱਸ ਅੱਡਾ ਸ਼ਹਿਰ ਦੇ ਵਿਚਕਾਰ ਸਥਿਤ ਹੋਣ ਕਾਰਨ ਲੋਕਾਂ ਲਈ ਸਭ ਤੋਂ ਸਹੂਲਤਯੋਗ ਹੈ। ਕਮੇਟੀ ਦੇ ਆਗੂ ਬਲਤੇਜ ਸਿੰਘ ਵਾਂਦਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਸ਼ਿਫਟਿੰਗ ਕਿਸੇ ਵੀ ਤਰੀਕੇ ਨਾਲ ਜਾਇਜ਼ ਨਹੀਂ ਕਹੀ ਜਾ ਸਕਦੀ। ਗੁਰਪ੍ਰੀਤ ਆਰਟਿਸਟ ਬਠਿੰਡਾ ਨੇ ਵਿਸਥਾਰ ਸਹਿਤ ਮੁੱਦੇ ਰੱਖਦੇ ਹੋਏ ਕਿਹਾ ਕੇ ਜਿੱਥੇ ਮੌਜੂਦਾ ਬੱਸ ਅੱਡਾ ਚਾਰ ਲੇਨ ਰੋਡਾਂ ਨਾਲ ਪਹਿਲਾਂ ਹੀ ਜੁੜਿਆ ਹੋਇਆ ਹੈ, ਉੱਥੇ ਥੋੜ੍ਹੇ ਬਹੁਤ ਪ੍ਰਬੰਧਕੀ ਸੁਧਾਰਾਂ ਰਾਹੀਂ ਟਰੈਫਿਕ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ ਉਹਨਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸ਼ਹਿਰ ਦੇ ਵਪਾਰੀ ਪਹਿਲਾਂ ਹੀ ਆਰਥਿਕ ਦਬਾਅ 'ਚ ਹਨ, ਅਤੇ ਅਜੇਹੀ ਕੋਈ ਵੀ ਕਾਰਵਾਈ ਲੋਕਾਂ ਲਈ ਜਾਨ ਲੇਵਾ ਸਾਬਤ ਹੋਵੇਗੀ। ਉਹਨਾਂ ਨੇ ਵਿਦਿਆਰਥੀਆਂ, ਮਰੀਜ਼ਾਂ, ਕਿਸਾਨਾਂ ਅਤੇ ਮਜ਼ਦੂਰਾਂ ਨੂੰ ਆਉਣ ਵਾਲੀਆਂ ਦਿੱਕਤਾਂ ਬਾਰੇ ਵੀ ਸਾਰੇ ਪੁਖਤਾ ਦਸਤਾਵੇਜਾਂ ਦੇ ਨਾਲ ਏਡੀਸੀ ਮੈਡਮ ਨੂੰ ਜਾਨੂੰ ਕਰਵਾਇਆ। ਹਰਪ੍ਰੀਤ ਸਿੰਘ ਹੈਪੀ ਪ੍ਰਧਾਨ ਟਰਾਂਸਪੋਰਟ ਯੂਨੀਅਨ ਨੇ ਇਹ ਵੀ ਦਲੀਲ ਦਿੱਤੀ ਕਿ ਪਟਿਆਲਾ ਵਰਗੇ ਸ਼ਹਿਰਾਂ ਵਿਚ ਦੋ ਅੱਡਿਆਂ ਵਾਲਾ ਐਕਸਪੇਰੀਮੈਂਟ ਨਾਕਾਮ ਰਿਹਾ ਹੈ, ਇਸ ਕਰਕੇ ਬਠਿੰਡਾ ਵਿੱਚ ਵੀ ਇਹ ਰਸਤੇ ਤੋਂ ਹਟ ਕੇ ਚੱਲਣ ਵਾਲੀ ਨੀਤੀ ਹੋਵੇਗੀ। ਆਗੂਆਂ ਨੇ ਮੰਗ ਕੀਤੀ ਕਿ ਮੌਜੂਦਾ ਅੱਡੇ ਨੂੰ ਬਹੁ ਮੰਜਿਲਾ ਬਣਾ ਕੇ ਵਿਕਸਤ ਕੀਤਾ ਜਾਵੇ, ਨਾ ਕਿ ਬਾਹਰ ਲਿਜਾਇਆ ਜਾਵੇ। ਕਮੇਟੀ ਵੱਲੋਂ ਪੇਸ਼ ਹੋਏ ਦਸਤਾਵੇਜਾਂ 'ਚ ਇਹ ਵੀ ਦਰਸਾਇਆ ਗਿਆ ਕਿ ਬੱਸ ਅੱਡਾ ਬਦਲਣ ਨਾਲ ਪੀਆਰਟੀਸੀ ਨੂੰ ਭਾਰੀ ਘਾਟਾ ਹੋਵੇਗਾ, ਅਤੇ ਨੇੜਲੇ ਬਾਜ਼ਾਰ ਉਜੜ ਜਾਣਗੇ। ਉਨ੍ਹਾਂ ਨੇ ਕਿਹਾ ਕਿ ਇਹ ਵਿਕਾਸ ਨਹੀਂ, ਵਿਨਾਸ਼ ਦੀ ਯੋਜਨਾ ਹੈ। ਸੁਣਵਾਈ ਦੌਰਾਨ ਏਡੀਸੀ ਮੈਡਮ ਨੇ ਵਿਸ਼ਵਾਸ ਦਿਵਾਇਆ ਕਿ ਲੋਕਾਂ ਦੀ ਰਾਏ ਨੂੰ ਪੂਰੇ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਕਿਸੇ 'ਤੇ ਵੀ ਜ਼ਬਰਦਸਤੀ ਨਹੀਂ ਹੋਵੇਗੀ। ਇਸ ਮੌਕੇ ਜ਼ਮਹੂਰੀ ਅਧਿਕਾਰ ਸਭਾ ਬਠਿੰਡਾ ਵੱਲੋਂ ਪ੍ਰਧਾਨ ਬੱਗਾ ਸਿੰਘ, ਡਾ. ਅਜੀਤਪਾਲ, ਸੰਦੀਪ ਬੌਬੀ, ਕੰਵਲਜੀਤ ਸਿੰਘ ਨੰਬਰਦਾਰ, ਸਮਾਜ ਸੇਵੀ ਗੁਰਵਿੰਦਰ ਸ਼ਰਮਾ, ਸੰਦੀਪ ਮਹੇਸ਼ਵਰੀ ਆਦਿ ਨੇ ਆਪੋ ਆਪਣੇ ਵਿਚਾਰ ਰੱਖੇ। ਇਸਤੋਂ ਇਲਾਵਾ ਮਿੰਨੀ ਟਰਾਂਸਪੋਰਟ ਯੂਨੀਅਨ, ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਨੇ ਵੀ ਆਪਣਾ ਪੱਖ ਰੱਖਿਆ।

## ਬਾਬਾ ਸਾਹਿਬ ਡਾਕਟਰ ਅੰਬੇਦਕਰ ਦੀ ਪ੍ਰਤਿਮਾ ਦੀ ਬੇਅਦਬੀ ਨਹੀਂ ਸਹਿਣ ਕਰਾਂਗੇ- ਬਲਦੇਵ ਸਿੰਘ ਆਕਲੀਆ

ਭੁੱਚੋ ਮੰਡੀ ਨਥਾਣਾ ਦੇ 7ਜੂਨ (ਹਰਬੰਸ ਸਿੰਘ ਭੋਲਾ) ਪਿਛਲੇ ਦਿਨੀਂ ਪਿੰਡ ਨੰਗਲ( ਨੇੜੇ ਫਿਲੌਰ) ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਜੀ ਪ੍ਰਤਿਮਾ ਦੀ ਬੇਅਦਬੀ ਕੀਤੀ ਗਈ। ਜਿਸ ਸੰਬੰਧੀ ਭਾਰਤੀ ਜਨਤਾ ਪਾਰਟੀ ਐਸ ਸੀ ਮੋਰਚਾ ਵੱਲੋਂ ਪੂਰੇ ਪੰਜਾਬ ਵਿੱਚ ਜ਼ਿਲ੍ਹਾ ਪੱਧਰੀ ਰੋਸ ਧਰਨੇ ਦੇਣ ਦਾ ਪ੍ਰੋਗਰਾਮ ਮੋਰਚੇ ਦੇ ਪ੍ਰਧਾਨ ਸ੍ਰੀ ਐਸ ਆਰ ਲੱਧੜ ਦੀਆ ਹਦਾਇਤਾਂ ਅਨੁਸਾਰ ਉਲੀਕਿਆ ਗਿਆ ਸੀ। ਇਸ ਪ੍ਰੋਗਰਾਮ ਸਬੰਧੀ ਅੱਜ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਦੇ ਬੁੱਤ ਕੋਲ ਜਿਲਾ ਕਚਹਿਰੀਆਂ ਬਠਿੰਡਾ ਵਿਖੇ ਜ਼ਿਲ੍ਹਾ ਪ੍ਰਧਾਨ ਭਾਜਪਾ ਐਸ ਸੀ ਮੋਰਚਾ ਬਲਦੇਵ ਸਿੰਘ ਅਕਲੀਆ ਦੀ ਅਗਵਾਈ ਵਿੱਚ ਦਿੱਤਾ ਗਿਆ ਜਿਸ ਵਿੱਚ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਜਨਰਲ ਸਕੱਤਰ ਜਸਵੀਰ ਸਿੰਘ ਮਹਿਰਾਜ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਬੋਲਦਿਆਂ ਬਲਦੇਵ ਸਿੰਘ ਆਕਲੀਆ ਨੇ ਕਿਹਾ ਕਿ ਫਿਲੌਰ ਨੇੜੇ ਪਿੰਡ ਨੰਗਲ ਵਿਖੇ ਬਾਬਾ ਸਾਹਿਬ ਦੀ ਪ੍ਰਤਿਮਾ ਦੀ ਬੇਅਦਬੀ ਕੀਤੀ ਗਈ ਹੈ,ਉਹ ਬਹੁਤ ਨਿੰਦਣਯੋਗ ਹੈ ਇਸ ਤੋਂ ਪਹਿਲਾਂ ਵੀ ਪੰਜਾਬ ਵਿੱਚ ਬਹੁਤ ਸਾਰੇ ਥਾਵਾਂ ਤੇ ਬਾਬਾ ਸਾਹਿਬ ਦੀ ਪ੍ਰਤਿਮਾ ਦੀ ਬੇਅਦਬੀ ਕੀਤੀ ਗਈ ਮੌਕੇ ਦੀ ਪੰਜਾਬ ਸਰਕਾਰ ਇਸ ਬੇਅਦਬੀ ਨੂੰ ਰੋਕਣ ਵਿੱਚ ਨਾਕਾਮਯਾਬ ਹੋਈ। ਉਹਨਾਂ ਅੱਗੇ ਕਿਹਾ ਕਿ ਬਾਬਾ ਸਾਹਿਬ ਦੀ ਪ੍ਰਤਿਮਾ ਦੀ ਬੇਅਦਬੀ ਪੰਜਾਬ ਦਾ ਐਸਸੀ ਸਮਾਜ ਸਹਿਣ ਕਰੇਗਾ ਜੇਕਰ ਪੰਜਾਬ ਸਰਕਾਰ ਬਾਬਾ ਬਾਬਾ ਸਾਹਿਬ ਦੀ ਪ੍ਰਤਿਮਾ ਦੀ ਰਾਖੀ ਕਰਨ ਵਿੱਚ ਅਸਮਰੱਥ ਰਹੀ ਤਾਂ ਪੰਜਾਬ ਦਾ ਐਸਸੀ ਸਮਾਜ ਪੰਜਾਬ ਸਰਕਾਰ ਦੇ ਖਿਲਾਫ ਸੰਘਰਸ਼ ਕਰਨ ਤੋਂ ਵੀ ਗੁਰੇਜ਼ ਨਹੀਂ ਕਰੇਗਾ। ਇਸ ਮੌਕੇ ਪੰਜਾਬ ਦੇ ਜਨਰਲ ਸਕੱਤਰ ਜਸਵੀਰ ਸਿੰਘ ਮਹਿਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਾਬਾ ਸਾਹਿਬ ਨੂੰ ਬਣਦਾ ਮਾਣ ਸਤਿਕਾਰ ਦੇਵੇ ਅਤੇ ਜਿੱਥੇ ਜਿੱਥੇ ਵੀ ਬਾਬਾ ਬਾਬਾ ਸਾਹਿਬ ਦੀਆਂ ਪ੍ਰੀਤਮਾਵਾਂ ਲੱਗੀਆਂ ਹੋਈਆਂ ਹਨ ਉਨਾਂ ਦੀ ਨਿਗਰਾਨੀ ਵੀ ਪੰਜਾਬ ਸਰਕਾਰ ਕਰੇ। ਇਸ ਮੌਕੇ ਗੌਰਵ ਨਿਧਾਣੀਆ, ਜਸਵੰਤ ਸਿੰਘ ਮਾਨ ਸਾਬਕਾ ਮੰਡਲ ਪ੍ਰਧਾਨ, ਜਸਮੀਤ ਸਿੰਘ ਪੂਹਲੀ, ਗੁਰਮੇਲ ਸਿੰਘ ਸਾਬਕਾ ਸਰਪੰਚ ਬੱਲੂਆਣਾ,ਜਗਸੀਰ ਸਿੰਘ ਚੱਕ ਫਤਿਹ ਸਿੰਘ, ਮੇਜਰ ਸਿੰਘ ਮਹਿਮਾ ਸਰਕਾਰੀ, ਸੰਦੀਪ ਚੌਹਾਨ, ਕੁਲਵਿੰਦਰ ਸਿੰਘ ਸਾਬਕਾ ਸਰਪੰਚ ਬਾਠ, ਰਾਜਵਿੰਦਰ ਸਿੰਘ ਸਰਦਾਰਗੜ੍ਹ, ਡਾਕਟਰ ਰਮੇਸ਼ ਕੁਮਾਰ ਚੋਪੜਾ, ਲਾਭ ਸਿੰਘ ਨਾਥੀਆਣਾ, ਊਸ਼ਾ ਰਾਣੀ ਬਠਿੰਡਾ, ਜਗਸੀਰ ਸਿੰਘ ਨਾਥੀਆਣਾ, ਗੁਰਤੇਜ ਸਿੰਘ ਕਲਿਆਣ, ਬੂਟਾ ਸਿੰਘ ਮੈਂਬਰ ਕਲਿਆਣ ਗਿਆਨ ਸਿੰਘ ਮਹਿਮਾ ਸਰਕਾਰੀ ਸਮੇਤ ਬਹੁਤ ਸਾਰੇ ਆਗੂ ਅਤੇ ਮੋਹਤਬਾਰ ਹਾਜ਼ਰ ਸਨ। ਇਸ ਰੋਸ ਧਰਨੇ ਉਪਰੰਤ ਮੋਰਚੇ ਦੇ ਸਮੂਹ ਆਗੂਆਂ ਸਮੇਤ ਬਲਦੇਵ ਸਿੰਘ ਆਕਲੀਆ ਦੀ ਅਗਵਾਈ ਵਿੱਚ ਜਿਲ੍ਹਾ ਬਠਿੰਡਾ ਦੇ ਮਾਨਯੋਗ ਡਿਪਟੀ ਕਮਿਸ਼ਨਰ ਸ਼$ਰੀ ਅਹਿਮਦ ਪਰੇ ਨੂੰ ਇੱਕ ਮੈਮੋਰੰਡਮ ਵੀ ਪੰਜਾਬ ਸਰਕਾਰ ਤੱਕ ਭੇਜਿਆ ਗਿਆ।

## 112 ਡਾਇਲ ਕਰੋ ! ਸੜਕ ਸੁਰੱਖਿਆ ਫੋਰਸ ਤੁਹਾਡੀ ਮਦਦ ਲਈ ਤਿਆਰ : ਅਮਨੀਤ ਕੌਂਡਲ



ਬਠਿੰਡਾ, 7 ਜੂਨ (ਦੀਪਕ ਸ਼ਰਮਾ) :ਸੜਕਾਂ 'ਤੇ ਸੁਰੱਖਿਆ ਹਰ ਨਾਗਰਿਕ ਦਾ ਹੱਕ ਹੈ, ਅਤੇ ਇਸ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਇੱਕ ਮਸੀਹੇ ਦੇ ਤੌਰ 'ਤੇ ਕੰਮ ਕਰ ਰਹੀ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸ਼ੁਰੂ ਕੀਤੀ ਗਈ ਸੜਕ ਸੁਰੱਖਿਆ ਫੋਰਸ (ਐਸਐਸਐਫ) ਨੇ ਹਾਂ ਦੱਸਿਆਂ ਦਾ ਸ਼ਿਕਾਰ ਹੋਏ ਕਈ ਰਾਹਗੀਰਾਂ ਦੀਆਂ ਅਨਮੋਲ ਜ਼ਿੰਦਗੀਆਂ ਬਚਾਈਆਂ ਹਨ। ਇਹ ਸਿਰਫ਼ ਇੱਕ ਫੋਰਸ ਨਹੀਂ, ਬਲਕਿ ਇਹ ਉਹ ਉਮੀਦ ਹੈ ਜੋ ਹਰ ਮੁਸ਼ਕਲ ਸਮੇਂ ਵਿੱਚ ਤੁਹਾਡੇ ਨਾਲ ਖੜ੍ਹੀ ਹੈ। ਐਸਐਸਪੀ ਅਮਨੀਤ ਕੌਂਡਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਫਰ ਦੌਰਾਨ ਕਿਸੇ ਵੀ ਅਣਹੋਣੀ ਦੀ ਸੂਰਤ ਵਿੱਚ ਬਿਨਾਂ ਝਿਝਕ 112 ਹੈਲਪਲਾਈਨ ਨੰਬਰ ਡਾਇਲ ਕਰਕੇ ਸੜਕ ਸੁਰੱਖਿਆ ਫੋਰਸ ਦੀ ਮੱਦਦ ਲਈ ਜਾਵੇ। ਇਸ ਦੌਰਾਨ ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਸੜਕ ਸੁਰੱਖਿਆ ਫੋਰਸ ਰੇਂਜ ਬਠਿੰਡਾ ਵਿਖੇ ਐਸਐਸਐਫ. ਦੀਆਂ ਵੱਖ-ਵੱਖ ਰੂਟਾਂ 'ਤੇ 6 ਗੱਡੀਆਂ ਬਠਿੰਡਾ ਤੋਂ ਜੇਠੂਕੇ ਹੱਦ, ਜੀਦਾ ਟੋਲ ਪਲਾਜ਼ਾ ਹੱਦ ਤੋਂ ਕਰਮਗੜ੍ਹ ਸਤਰਾਂ ਹੱਦ, ਬਠਿੰਡਾ ਤੋਂ ਭਾਈ ਦੇਸਾ ਹੱਦ, ਘਣਈਆ ਚੌਂਕ ਬਠਿੰਡਾ ਤੋਂ ਡੂਮਵਾਲੀ ਬੈਰੀਅਰ, ਕੋਟਸ਼ਮੀਰ ਤੋਂ ਨਥੇਹਾ ਹੱਦ ਅਤੇ ਤਲਵੰਡੀ ਸਾਬੋ ਤੋਂ ਪੱਕਾ ਕਲਾਂ ਇੰਟਰਸੈਪਟਰ ਰੂਟ 'ਤੇ ਚੱਲ ਰਹੀਆਂ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਐਸਐਸਐਫ ਦੇ ਰੇਂਜ ਇੰਚਾਰਜ ਕਸ਼ਮੀਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ 'ਚ ਸੜਕ ਸੁਰੱਖਿਆ ਫੋਰਸ ਦੀਆਂ ਟੀਮਾਂ ਨੇ 1 ਜਨਵਰੀ 2025 ਤੋਂ 31 ਮਈ 2025 ਤੱਕ ਕੁੱਲ 258 ਐਕਸੀਡੈਂਟਾਂ ਵਿੱਚ ਮੌਕੇ 'ਤੇ ਪਹੁੰਚ ਕੇ ਮੱਦਦ ਕੀਤੀ। ਉਨ੍ਹਾਂ ਅੱਗੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਐਕਸੀਡੈਂਟਾਂ ਵਿੱਚ 36 ਜਖਮੀ ਵਿਅਕਤੀਆਂ ਨੂੰ ਮੁੱਢਲੀ ਸਹਾਇਤਾ ਦੇ ਕੇ ਬਚਾਇਆ ਗਿਆ ਤੇ ਗੰਭੀਰ ਸਤਿਥੀ ਵਿੱਚ ਜ਼ਖਮੀਆਂ ਨੂੰ ਮੌਕੇ 'ਤੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

## ਭਾਜਪਾ ਨੇ ਹਲਕਾ ਮੌੜ ਦੇ ਸਰਕਲ ਪ੍ਰਧਾਨ ਨਿਯੁਕਤ ਕੀਤੇ



ਮੌੜ ਮੰਡੀ, 7 ਜੂਨ (ਭੋਲਾ ਸਿੰਘ ਮਾਨ); ਅੱਜ ਭਾਰਤੀ ਜਨਤਾ ਪਾਰਟੀ ਦੀ ਇੱਕ ਮੀਟਿੰਗ ਸਦਭਾਵਨਾ ਹਾਲ ਮੌੜ ਮੰਡੀ ਵਿਖੇ ਦਿਆਲ ਸੋਢੀ ਸੂਬਾ ਜਨਰਲ ਸਕੱਤਰ ਭਾਜਪਾ ਪੰਜਾਬ ਅਤੇ ਹਲਕਾ ਇੰਚਾਰਜ ਵਿਧਾਨ ਸਭਾ ਮੌੜ ਦੀ ਅਗਵਾਈ ਹੇਠ ਹੋਈ। ਇਸ ਮੌਕੇ ਪਾਰਟੀ ਦੀ ਮਜਬੂਤੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸੇ ਲੜੀ ਤਹਿਤ ਹਲਕਾ ਮੌੜ ਦੇ ਨਵੇਂ ਸਰਕਲ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਗਈ। ਇਸ ਮੌਕੇ 'ਤੇ ਜ਼ਿਲ੍ਹਾ ਬਠਿੰਡਾ ਦਿਹਾਤੀ ਦੇ ਚੋਣ ਇੰਚਾਰਜ ਜੀਵਨ ਗਰਗ ਨੇ ਸੂਬਾ ਚੋਣ ਕਮੇਟੀ ਵੱਲੋਂ ਤਹਿ ਕੀਤੇ ਨਵੇਂ ਸਰਕਲ ਪ੍ਰਧਾਨਾਂ ਦੇ ਨਾਵਾਂ ਦਾ ਐਲਾਨ ਕੀਤਾ। ਮੀਟਿੰਗ ਦੌਰਾਨ ਸਰਕਲ ਮੌੜ ਦਿਹਾਤੀ ਦੇ ਪ੍ਰਧਾਨ ਸਤਨਾਮ ਸਿੰਘ ਸਵੈਚ,ਸਰਕਲ ਮੌੜ ਸ਼ਹਿਰੀ ਦੇ ਹਰਸ਼ ਗੋਇਲ ,ਸਰਕਲ ਮਾਈਸਰਖਾਨਾ ਦੇ ਮਲਕੀਤ ਸਿੰਘ ਰਾਏ ਖਾਨਾ,ਸਰਕਲ ਬਾਲਿਆਂਵਾਲੀ ਦੇ ਰੇਸ਼ਮ ਸਿੰਘ ਝੰਡੂਕੇ, ਸਰਕਲ ਚਾਉਕੇ ਦੇ ਅਮਨਦੀਪ ਸਿੰਘ ਭੈਣੀ ਚੂਹੜ,ਸਰਕਲ ਰਾਮਪੁਰਾ ਪਿੰਡ ਦੇ ਸਰਬਜੀਤ ਸਿੰਘ ਜੇਠੂਕੇ ਨਿਯੁਕਤ ਕੀਤੇ ਗਏ। ਇਸ ਮੌਕੇ ਸੰਬੋਧਨ ਕਰਦੇ ਹੋਏ ਦਿਆਲ ਸੋਢੀ ਨੇ ਨਵ - ਨਿਯੁਕਤ ਸਰਕਲ ਪ੍ਰਧਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਨੂੰ ਮੌੜ ਹਲਕੇ ਵਿੱਚ ਮਜ਼ਬੂਤ ਕਰਨ ਲਈ ਤੁਹਾਡੇ ਉੱਪਰ ਪਾਰਟੀ ਨੇ ਵਿਸ਼ਵਾਸ ਕੀਤਾ ਹੈ ਤੇ ਸਾਨੂੰ ਪੂਰਾ ਯਕੀਨ ਹੈ ਕਿ ਤੁਸੀਂ ਸਾਰੇ ਵਰਕਰਾਂ ਨੂੰ ਨਾਲ ਲੈ ਕੇ ਪਾਰਟੀ ਦੀ ਮਜ਼ਬੂਤੀ ਦਾ ਸੁਪਨਾ ਪੂਰਾ ਕਰੋਗੇ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਚ ਪਾਰਟੀ ਨੂੰ ਜਿੱਤ ਦਿਵਾਉਣ ਵਿੱਚ ਵੱਡਾ ਰੋਲ ਅਦਾ ਕਰੋਗੇ। ਉਹਨਾਂ ਨਵ ਨਿਯੁਕਤ ਪ੍ਰਧਾਨਾਂ ਨੂੰ ਉਤਸ਼ਾਹਤ ਕਰਦੇ ਹੋਏ ਕਿਹਾ ਕਿ ਸਰਕਲਾਂ ਵਿਚ ਕੋਈ ਵੀ ਅਜਿਹਾ ਬੂਥ ਨਹੀਂ ਹੋਣਾ ਚਾਹੀਦਾ ਜਿਸ ਬੂਥ ਉੱਪਰ ਭਾਜਪਾ ਦੀ ਇਕਾਈ ਗਠਿਤ ਨਾ ਹੋਵੇ। ਇਸ ਮੌਕੇ ਭਾਜਪਾ ਆਗੂ ਪਰਮਪਾਲ ਕੌਰ ਮਲੂਕਾ ਨੇ ਵੀ ਨਵ ਨਿਯੁਕਤ ਪ੍ਰਧਾਨਾਂ ਨੂੰ ਵਧਾਈ ਦਿੱਤੀ। ਇਸ ਮੌਕੇ 'ਤੇ ਜ਼ਿਲ੍ਹਾ ਜਨਰਲ ਸਕੱਤਰ ਬਠਿੰਡਾ ਦਿਹਾਤੀ ਮੇਜਰ ਸਿੰਘ ਬਰਾੜ, ਭਾਜਪਾ ਪੰਜਾਬ ਕਿਸਾਨ ਮੋਰਚਾ ਦੇ ਸੂਬਾ ਸਕੱਤਰ ਮੇਜਰ ਸਿੰਘ ਰੰਧਾਵਾ, ਪਾਰਟੀ ਦੇ ਜਿਲ੍ਹਾ ਉੱਪ ਪ੍ਰਧਾਨ ਕਰਮਪਾਲ ਸਿੰਘ ਭੁੱਲਰ, ਪਾਰਟੀ ਦੇ ਸੀਨੀਅਰ ਆਗੂ ਸਤਪਾਲ ਸਿੰਘ, ਜ਼ਿਲ੍ਹਾ ਯੂਥ ਵਿੰਗ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਰਾਮਨਗਰ, ਜ਼ਿਲ੍ਹਾ ਐਸ.ਸੀ ਮੋਰਚਾ ਦੇ ਪ੍ਰਧਾਨ ਬਲਕੌਰ ਸਿੰਘ, ਜੀਵਨ ਗੁਪਤਾ ਸਾਬਕਾ ਸਰਕਲ ਪ੍ਰਧਾਨ , ਨਰੇਸ਼ ਕੁਮਾਰ ਉੱਪ ਪ੍ਰਧਾਨ ਸੁਰਕਲ ਮੌੜ ਮੌਜੂਦ ਸਨ।

## ਜਾਮ ਅਤੇ ਹਾਦਸਿਆਂ ਦਾ ਕਾਰਨ ਬਣ ਰਹੇ ਈ-ਰਿਕਸ਼ਾ 'ਤੇ ਟ੍ਰੈਫਿਕ ਪੁਲਿਸ ਦੀ ਕਾਰਵਾਈ, 37 ਰਿਕਸ਼ਾ ਜ਼ਬਤ



ਬਠਿੰਡਾ, 7 ਜੂਨ (ਦੀਪਕ ਸ਼ਰਮਾ):ਸ਼ਹਿਰ ਵਿੱਚ ਟਰੈਫਿਕ ਜਾਮ ਦਾ ਕਾਰਨ ਬਣ ਚੁੱਕੇ ਈ-ਰਿਕਸ਼ਾ 'ਤੇ ਸ਼ਨੀਵਾਰ ਨੂੰ ਬਠਿੰਡਾ ਦੀ ਟਰੈਫਿਕ ਪੁਲਿਸ ਨੇ ਕਾਰਵਾਈ ਕੀਤੀ। ਇਸ ਦੌਰਾਨ ਟਰੈਫਿਕ ਪੁਲਿਸ ਨੇ ਬਿਨਾਂ ਰਜਿਸਟਰੇਸ਼ਨ ਨੰਬਰ ਦੇ ਸ਼ਹਿਰ ਦੀਆਂ ਸੜਕਾਂ 'ਤੇ ਦੌੜ ਰਹੇ ਈ-ਰਿਕਸ਼ਿਆਂ ਦੀ ਜਾਂਚ-ਪੜਤਾਲ ਕਰਕੇ ਉਨ੍ਹਾਂ ਦੇ ਚਲਾਨ ਕੀਤੇ ਅਤੇ 37 ਤੋਂ ਵੱਧ ਈ-ਰਿਕਸ਼ਾ ਜ਼ਬਤ ਵੀ ਕੀਤੇ ਗਏ। ਜ਼ਿਲ੍ਹਾ ਟਰੈਫਿਕ ਇੰਚਾਰਜ ਐਸ.ਆਈ. ਅਮਰੀਕ ਸਿੰਘ ਦੀ ਅਗਵਾਈ ਹੇਠ ਟਰੈਫਿਕ ਪੁਲਿਸ ਟੀਮ ਨੇ ਸ਼ਹਿਰ ਦੇ ਵਾਲਮੀਕੀ ਚੌਂਕ, ਸਰਕਾਰੀ ਰਜਿੰਦਰਾ ਕਾਲਜ, ਬੱਸ ਸਟੈਂਡ, ਫੌਜੀ ਚੌਂਕ, ਹਨੂੰਮਾਨ ਚੌਂਕ ਅਤੇ ਰੇਲਵੇ ਸਟੇਸ਼ਨ ਦੇ ਬਾਹਰ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾ ਕੇ ਇਹ ਕਾਰਵਾਈ ਕੀਤੀ। ਟਰੈਫਿਕ ਪੁਲਿਸ ਨੇ ਸਖ਼ਤ ਕਾਰਵਾਈ ਕਰਦੇ ਹੋਏ ਬਿਨਾਂ ਰੂਟ, ਬਿਨਾਂ ਡਰਾਈਵਿੰਗ ਲਾਇਸੈਂਸ ਦੇ ਈ-ਰਿਕਸ਼ਾ ਚਾਲਕਾਂ ਵਿਰੁੱਧ ਕਾਰਵਾਈ ਕੀਤੀ। ਅਚਾਨਕ ਸ਼ੁਰੂ ਹੋਈ ਕਾਰਵਾਈ ਨਾਲ ਈ-ਰਿਕਸ਼ਾ ਚਾਲਕਾਂ ਵਿੱਚ ਹੜਕੰਪ ਮਚ ਗਿਆ। ਉੱਥੇ ਹੀ ਕਈ ਈ-ਰਿਕਸ਼ਾ ਡਰਾਈਵਰ ਆਪਣੇ ਈ-ਰਿਕਸ਼ਾ ਨੂੰ ਘਰ ਲੈ ਕੇ ਫਰਾਰ ਹੋ ਗਏ। ਮੁਹਿੰਮ ਦੌਰਾਨ ਸ਼ਾਮ ਤੱਕ ਲੱਗਭੱਗ 37 ਈ-ਰਿਕਸ਼ਿਆਂ ਦੇ ਚਲਾਨ ਕੱਟ ਕੇ ਉਨ੍ਹਾਂ ਨੂੰ ਜ਼ਬਤ ਕੀਤਾ ਗਿਆ। ਜ਼ਿਆਦਾਤਰ ਈ-ਰਿਕਸ਼ਾ ਸੰਚਾਲਕਾਂ ਕੋਲ ਉਨ੍ਹਾਂ ਦੇ ਰਜਿਸਟਰੇਸ਼ਨ ਦੇ ਕਾਗਜ਼ਾਤ ਹੀ ਨਹੀਂ ਸਨ। ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਈ-ਰਿਕਸ਼ਾ ਦੀ ਗਿਣਤੀ ਵਿੱਚ ਵਾਧਾ ਹੋਣ ਨਾਲ ਜਾਮ ਦੀ ਸਥਿਤੀ ਪੈਦਾ ਹੋ ਰਹੀ ਹੈ। ਰੋਜ਼ਾਨਾ ਬਾਜ਼ਾਰ ਵਿੱਚ ਈ-ਰਿਕਸ਼ਾ ਕਾਰਨ ਜਾਮ ਲੱਗਣਾ ਆਮ ਗੱਲ ਹੋ ਗਈ ਹੈ। ਜਾਮ ਵਿੱਚ ਫਸ ਕੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਕਿ ਪੁਲਿਸ ਦੁਆਰਾ ਬਣਾਏ ਗਏ ਟਰੈਫਿਕ ਪਲਾਨ ਦਾ ਪਾਲਣ ਹੁੰਦਾ ਨਜ਼ਰ ਨਹੀਂ ਆਉਂਦਾ ਹੈ। ਇਸਦਾ ਮੁੱਖ ਕਾਰਨ ਈ-ਰਿਕਸ਼ਾ ਦਾ ਬੇਤਰਤੀਬ ਸੰਚਾਲਨ ਮੰਨਿਆ ਜਾ ਰਿਹਾ ਹੈ। ਸ਼ਹਿਰ ਵਿੱਚ ਕਾਫ਼ੀ ਗਿਣਤੀ ਵਿੱਚ ਈ-ਰਿਕਸ਼ਾ ਦਾ ਸੰਚਾਲਨ ਹੋਣ ਨਾਲ ਰੇਲਵੇ ਸਟੇਸ਼ਨ, ਮਾਲ ਰੋਡ, ਬੱਸ ਸਟੈਂਡ, ਹਨੂੰਮਾਨ ਚੌਂਕ, ਅਜੀਤ ਰੋਡ, ਪਾਵਰ ਹਾਊਸ ਰੋਡ ਸਮੇਤ ਹੋਰ ਥਾਵਾਂ 'ਤੇ ਰੋਜ਼ਾਨਾ ਟਰੈਫਿਕ ਜਾਮ ਹੋਣਾ ਹੁਣ ਆਮ ਗੱਲ ਹੋ ਗਈ ਹੈ। ਜਾਮ ਵਿੱਚ ਫਸ ਕੇ ਲੋਕਾਂ ਨੂੰ ਜਿੱਥੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਹੀ ਉਨ੍ਹਾਂ ਦਾ ਸਮਾਂ ਵੀ ਬਰਬਾਦ ਹੁੰਦਾ ਹੈ। ਟਰੈਫਿਕ ਇੰਚਾਰਜ ਐਸ.ਆਈ. ਅਮਰੀਕ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਸ਼ਹਿਰ ਵਿੱਚ ਬਿਨਾਂ ਨਿਯਮਾਂ ਦੇ ਹੀ ਈ-ਰਿਕਸ਼ਾ ਸੰਚਾਲਿਤ ਹੋ ਰਹੇ ਹਨ। ਜਿੱਥੇ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ 'ਤੇ ਇਨ੍ਹਾਂ ਖਿਲਾਫ ਕਾਰਵਾਈ ਕੀਤੀ ਗਈ ਹੈ।

## ਦਾਣੇ ਭੁੰਨਣ ਅਤੇ ਪੈਕ ਕਰਨ ਵਾਲੀ ਫੈਕਟਰੀ ਨੂੰ ਲੱਗੀ ਅੱਗ, ਜਾਨੀ ਨੁਕਸਾਨ ਤੋਂ ਬਚਾਅ



ਬਠਿੰਡਾ, 7 ਜੂਨ (ਦੀਪਕ ਸ਼ਰਮਾ): ਸਥਾਨਕ ਠਾਕੁਰ ਕਲੋਨੀ ਦੀ ਗਲੀ ਨੰਬਰ ਤਿੰਨ ਵਿੱਚ ਇੱਕ ਰਿਹਾਇਸ਼ੀ ਇਲਾਕੇ 'ਚ ਬਣੀ ਛੋਲਿਆਂ ਤੇ ਮੂੰਗਫਲੀ ਦੀ ਪੈਕਿੰਗ ਵਾਲੀ ਫੈਕਟਰੀ ਵਿੱਚ ਸ਼ਨੀਵਾਰ ਨੂੰ ਅਚਾਨਕ ਅੱਗ ਲੱਗ ਗਈ। ਇਸ ਦੌਰਾਨ ਕਿਸੇ ਵੀ ਤਰ੍ਹਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਪਿਛਲੇ ਦਸ ਸਾਲਾਂ ਤੋਂ ਇੱਕ ਵਿਅਕਤੀ ਨੇ ਰਿਹਾਇਸ਼ੀ ਇਲਾਕੇ ਵਿੱਚ ਆਪਣੇ ਮਕਾਨ ਵਿੱਚ ਛੋਲੇ, ਮੂੰਗਫਲੀ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਨੂੰ ਭੁੰਨ ਕੇ ਪੈਕ ਕਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਇਸ ਦੌਰਾਨ ਉੱਥੇ ਭੱਠੀ ਦੇ ਕੋਲ ਕਾਫੀ ਮਾਤਰਾ ਵਿੱਚ ਲੱਕੜ ਦਾ ਸਾਮਾਨ ਪਿਆ ਸੀ। ਗਰਮੀ ਵੱਧਣ ਅਤੇ ਸ਼ਾਰਟ ਸਰਕਟ ਕਾਰਨ ਉੱਥੇ ਪਏ ਸਾਮਾਨ ਨੂੰ ਅਚਾਨਕ ਅੱਗ ਲੱਗ ਗਈ। ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਲੱਗਭੱਗ ਤਿੰਨ ਗੱਡੀਆਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ ਗਿਆ। ਆਸ-ਪਾਸ ਰਹਿਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਰਿਹਾਇਸ਼ੀ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਫੈਕਟਰੀ ਜਾਂ ਭੱਠੀ ਦਾ ਕੰਮ ਨਹੀਂ ਕੀਤਾ ਜਾਣਾ ਚਾਹੀਦਾ। ਇਸ ਨਾਲ ਲੋਕਾਂ ਵਿੱਚ ਜਿੱਥੇ ਦਿਨ-ਰਾਤ ਦਹਿਸ਼ਤ ਦਾ ਮਾਹੌਲ ਬਣਿਆ ਰਹਿੰਦਾ ਹੈ, ਉੱਥੇ ਹੀ ਕਿਸੇ ਵੀ ਸਮੇਂ ਵੱਡੇ ਹਾਦਸੇ ਦੀ ਸੰਭਾਵਨਾ ਬਣੀ ਰਹਿੰਦੀ ਹੈ। ਉੱਥੇ ਹੀ, ਫਾਇਰਮੈਨ ਲਖਵੀਰ ਸਿੰਘ ਦਾ ਕਹਿਣਾ ਹੈ ਕਿ ਸੂਚਨਾ ਮਿਲਣ ਤੋਂ ਬਾਅਦ ਉਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਲੱਗਭੱਗ ਤਿੰਨ ਗੱਡੀਆਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ ਹੈ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## 16 ਜੂਨ ਤੋਂ ਬਾਅਦ ਕੰਮ ਨਹੀਂ ਕਰੇਗੀ ਤ੍ਰਿਵੇਣੀ ਕੰਪਨੀ, ਟੈਂਡਰ ਦਾ ਸਮਾਂ ਖ਼ਤਮ ਹੋਣ ਦਾ ਦਿੱਤਾ ਨੋਟਿਸ

ਬਠਿੰਡਾ, 7 ਜੂਨ (ਦੀਪਕ ਸ਼ਰਮਾ):ਪਿਛਲੇ 10 ਸਾਲਾਂ ਤੋਂ ਬਠਿੰਡਾ ਸ਼ਹਿਰ ਵਿੱਚ ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਅ ਦਾ ਕੰਮ ਸੰਭਾਲ ਰਹੀ ਤ੍ਰਿਵੇਣੀ ਕੰਪਨੀ ਨੇ ਆਰਬਿਟਰੇਸ਼ਨ ਤੋਂ ਕੇਸ ਜਿੱਤ ਲਿਆ ਹੈ ਅਤੇ ਹੁਣ 10 ਸਾਲ ਦੇ ਠੇਕੇ ਦੀ ਸਮਾਂ ਸੀਮਾ ਵੀ ਖਤਮ ਹੋਣ ਵਾਲੀ ਹੈ। ਕੰਪਨੀ ਨਾਲ ਹੋਏ ਟੈਂਡਰ ਅਨੁਸਾਰ ਤ੍ਰਿਵੇਣੀ ਕੰਪਨੀ ਦੇ ਬਠਿੰਡਾ ਸ਼ਹਿਰ ਵਿੱਚ ਕੰਮ ਕਰਨ ਦਾ ਆਖਰੀ ਦਿਨ 16 ਜੂਨ 2025 ਹੈ, ਜਿਸ ਵਿੱਚ ਸਿਰਫ 8 ਦਿਨ ਬਾਕੀ ਹਨ। ਇਸ ਤੋਂ ਬਾਅਦ ਕੰਪਨੀ 17 ਜੂਨ ਤੋਂ ਸ਼ਹਿਰ ਵਿੱਚ ਕੋਈ ਕੰਮ ਨਹੀਂ ਕਰੇਗੀ। ਇਸ ਦੇ ਚੱਲਦਿਆਂ, ਤ੍ਰਿਵੇਣੀ ਕੰਪਨੀ ਨੇ ਬੀਤੇ ਦਿਨੀਂ ਸੀਵਰੇਜ ਬੋਰਡ ਅਤੇ ਨਗਰ ਨਿਗਮ ਬਠਿੰਡਾ ਨੂੰ ਟੈਂਡਰ ਦੀ ਸਮਾਂ ਸੀਮਾ ਖਤਮ ਹੋਣ ਦਾ ਨੋਟਿਸ ਦਿੰਦੇ ਹੋਏ 16 ਜੂਨ ਤੋਂ ਸੀਵਰੇਜ ਅਤੇ ਵਾਟਰ ਸਪਲਾਈ ਦਾ ਕੰਮ ਸੰਭਾਲਣ ਲਈ ਕਿਹਾ ਹੈ। ਕੰਪਨੀ ਨੇ ਨੋਟਿਸ ਵਿੱਚ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਹ 16 ਜੂਨ ਤੱਕ ਹੀ ਕੰਮ ਕਰੇਗੀ। ਉਨ੍ਹਾਂ ਨੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਸ਼ਹਿਰ ਦੇ ਸਾਰੇ ਸੀਵਰੇਜ ਟਰੀਟਮੈਂਟ ਪਲਾਂਟ ਅਤੇ ਵਾਟਰ ਟਰੀਟਮੈਂਟ ਪਲਾਂਟ ਦਾ ਮੁਆਇਨਾ ਕਰਨ ਲਈ ਕਿਹਾ ਹੈ, ਤਾਂ ਜੋ ਕੰਪਨੀ ਕੰਮ ਛੱਡਣ ਤੋਂ ਪਹਿਲਾਂ ਉਨ੍ਹਾਂ ਨੂੰ ਚਾਲੂ ਹਾਲਤ ਵਿੱਚ ਹੈਂਡਓਵਰ ਕਰ ਸਕੇ। ਇਸ ਨਾਲ ਭਵਿੱਖ ਵਿੱਚ ਸੀਵਰੇਜ ਬੋਰਡ ਜਾਂ ਨਗਰ ਨਿਗਮ ਕੰਪਨੀ 'ਤੇ ਖਰਾਬ ਹਾਲਤ ਵਿੱਚ ਪਲਾਂਟ ਹੈਂਡਓਵਰ ਕਰਨ ਦਾ ਦੋਸ਼ ਨਹੀਂ ਲਗਾ ਸਕੇਗਾ। ਤ੍ਰਿਵੇਣੀ ਕੰਪਨੀ ਨੇ ਸ਼ਹਿਰ ਦੇ ਸੀਵਰੇਜ ਅਤੇ ਵਾਟਰ ਸਪਲਾਈ ਸਿਸਟਮ ਨੂੰ ਚਲਾਉਣ ਲਈ ਵਰਤੀ ਜਾਣ ਵਾਲੀ ਸਮੁੱਚੀ ਮਸ਼ੀਨਰੀ ਤੋਂ ਇਲਾਵਾ ਹੋਰ ਚੀਜ਼ਾਂ ਦੀ ਪੂਰੀ ਸੂਚੀ ਤਿਆਰ ਕਰ ਲਈ ਹੈ, ਤਾਂ ਜੋ ਇਸਨੂੰ 16 ਜੂਨ ਤੋਂ ਪਹਿਲਾਂ ਸੀਵਰੇਜ ਬੋਰਡ ਅਤੇ ਨਗਰ ਨਿਗਮ ਨੂੰ ਹੈਂਡਓਵਰ ਕੀਤਾ ਜਾ ਸਕੇ। ਉੱਥੇ ਹੀ, ਸੀਵਰੇਜ ਬੋਰਡ ਅਤੇ ਨਗਰ ਨਿਗਮ ਅਧਿਕਾਰੀਆਂ ਦੀ ਚਿੰਤਾ ਵੀ ਵੱਧ ਗਈ ਹੈ, ਕਿਉਂਕਿ ਹੁਣ ਤੱਕ ਸੀਵਰੇਜ ਬੋਰਡ ਅਤੇ ਨਗਰ ਨਿਗਮ ਤ੍ਰਿਵੇਣੀ ਕੰਪਨੀ ਦਾ ਟੈਂਡਰ ਖਤਮ ਹੋਣ ਦੀ ਸਮਾਂ ਸੀਮਾ 16 ਜੁਲਾਈ 2025 ਮੰਨ ਕੇ ਚੱਲ ਰਿਹਾ ਸੀ, ਪਰ ਜਦੋਂ ਕੰਪਨੀ ਨੇ ਨੋਟਿਸ ਭੇਜਿਆ, ਤਾਂ ਅਧਿਕਾਰੀਆਂ ਦੀਆਂ ਅੱਖਾਂ ਖੁੱਲ੍ਹੀਆਂ ਅਤੇ ਉਨ੍ਹਾਂ ਨੇ ਜਲਦਬਾਜ਼ੀ ਵਿੱਚ ਕੰਮ ਸੰਭਾਲਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਅਜਿਹੇ ਵਿੱਚ, ਅਗਲੇ ਮਹੀਨੇ ਤੋਂ ਮਾਨਸੂਨ ਸੀਜ਼ਨ ਵੀ ਸ਼ੁਰੂ ਹੋ ਜਾਵੇਗਾ। ਬਿਨਾਂ ਕਿਸੇ ਤਿਆਰੀ ਦੇ ਸ਼ਹਿਰ ਨੂੰ ਬਰਸਾਤ ਦੇ ਦਿਨਾਂ ਵਿੱਚ ਡੁੱਬਣ ਤੋਂ ਬਚਾਉਣਾ ਹੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ। **ਸੀਵਰੇਜ ਬੋਰਡ ਨੂੰ 37 ਕਰੋੜ ਰੁਪਏ ਦਾ ਜੁਰਮਾਨਾ।** ਜ਼ਿਕਰਯੋਗ ਹੈ ਕਿ ਪਿਛਲੇ 10 ਸਾਲਾਂ ਤੋਂ ਸ਼ਹਿਰ ਦੇ ਸੀਵਰੇਜ ਅਤੇ ਵਾਟਰ ਸਪਲਾਈ ਸਿਸਟਮ ਦੀ ਦੇਖਭਾਲ ਕਰ ਰਹੀ ਤ੍ਰਿਵੇਣੀ ਕੰਪਨੀ ਨੇ ਸੀਵਰੇਜ ਬੋਰਡ ਅਤੇ ਵਾਟਰ ਸਪਲਾਈ ਵਿਭਾਗ ਦੇ ਖਿਲਾਫ ਆਰਬਿਟਰੇਸ਼ਨ ਵਿੱਚ ਦਾਇਰ ਕੇਸ ਫਰਵਰੀ ਮਹੀਨੇ ਵਿੱਚ ਜਿੱਤ ਲਿਆ ਹੈ। ਆਰਬਿਟਰੇਸ਼ਨ ਨੇ ਤ੍ਰਿਵੇਣੀ ਕੰਪਨੀ ਦੇ ਹੱਕ ਵਿੱਚ ਫੈਸਲਾ ਦਿੰਦੇ ਹੋਏ ਸੀਵਰੇਜ ਬੋਰਡ ਨੂੰ 37 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਸ ਦੇ ਨਾਲ ਹੀ, ਆਰਬਿਟਰੇਸ਼ਨ ਨੇ ਸੀਵਰੇਜ ਬੋਰਡ ਨੂੰ ਸਾਲ 2022 ਤੋਂ ਲੈ ਕੇ ਫੈਸਲਾ ਸੁਣਾਉਣ ਦੀ ਤਾਰੀਖ ਤੱਕ ਜੁਰਮਾਨੇ ਦੀ 37 ਕਰੋੜ ਰੁਪਏ ਦੀ ਰਾਸ਼ੀ 'ਤੇ 18 ਫੀਸਦੀ ਵਿਆਜ ਦੇਣ ਦੇ ਆਦੇਸ਼ ਦਿੱਤੇ ਹਨ। ਉੱਥੇ ਹੀ, ਫੈਸਲਾ ਸੁਣਨ ਤੋਂ ਬਾਅਦ ਕੰਪਨੀ ਨੂੰ ਜੁਰਮਾਨੇ ਦੀ ਰਾਸ਼ੀ ਨਾ ਦੇਣ ਤੱਕ 9 ਫੀਸਦੀ ਵਾਧੂ ਵਿਆਜ ਦੇਣ ਦੇ ਆਦੇਸ਼ ਵੀ ਆਰਬਿਟਰੇਸ਼ਨ ਨੇ ਸੀਵਰੇਜ ਬੋਰਡ ਨੂੰ ਦਿੱਤੇ ਹਨ। ਪਿਛਲੇ ਢਾਈ ਸਾਲਾਂ ਤੋਂ ਚੱਲ ਰਹੇ ਇਸ ਕੇਸ ਦਾ ਫੈਸਲਾ ਆਉਣ ਤੋਂ ਬਾਅਦ ਸੀਵਰੇਜ ਬੋਰਡ ਦੇ ਨਾਲ-ਨਾਲ ਨਗਰ ਨਿਗਮ ਦੇ ਅਧਿਕਾਰੀਆਂ ਦੀ ਚਿੰਤਾ ਵੱਧ ਗਈ ਹੈ। ਚਿੰਤਾ ਕੇਵਲ ਜੁਰਮਾਨੇ ਦੀ ਰਾਸ਼ੀ ਦੀ ਨਹੀਂ ਹੈ, ਸਗੋਂ ਇਸੇ ਸਾਲ ਜੂਨ 2025 ਵਿੱਚ ਤ੍ਰਿਵੇਣੀ ਕੰਪਨੀ ਦੇ ਖਤਮ ਹੋ ਰਹੇ ਠੇਕੇ ਤੋਂ ਬਾਅਦ ਪੂਰੇ ਸ਼ਹਿਰ ਦੇ ਸੀਵਰੇਜ ਤੇ ਵਾਟਰ ਸਪਲਾਈ ਸਿਸਟਮ ਨੂੰ ਹੈਂਡਓਵਰ ਕਰਨ ਦੀ ਚਿੰਤਾ ਅਧਿਕਾਰੀਆਂ ਦੇ ਮੱਥੇ 'ਤੇ ਸਾਫ ਦਿਖਾਈ ਦੇਣ ਲੱਗੀ ਹੈ, ਜਿਸਦਾ ਮੁੱਖ ਕਾਰਨ ਸੀਵਰੇਜ ਬੋਰਡ ਅਤੇ ਨਗਰ ਨਿਗਮ ਕੋਲ ਨਾ ਤਾਂ ਮੈਨਪਾਵਰ ਹੈ ਅਤੇ ਨਾ ਹੀ ਪੂਰੇ ਪ੍ਰਬੰਧ ਹਨ। ਅਜਿਹੇ ਵਿੱਚ, ਪਿਛਲੇ 10 ਸਾਲਾਂ ਤੋਂ ਤ੍ਰਿਵੇਣੀ ਕੰਪਨੀ 'ਤੇ ਨਿਰਭਰ ਰਹਿਣ ਵਾਲੇ ਸੀਵਰੇਜ ਬੋਰਡ ਅਤੇ ਨਗਰ ਨਿਗਮ ਲਈ ਨਵੀਂ ਪ੍ਰੇਸ਼ਾਨੀ ਖੜ੍ਹੀ ਹੈ।

## ਹਲਕਾ ਸੰਗਰੂਰ ਦਾ ਕੋਈ ਖੇਤ ਨਹੀਂ ਰਹੇਗਾ ਨਹਿਰੀ ਪਾਣੀ ਤੋਂ ਸੱਖਣਾ: ਨਰਿੰਦਰ ਭਰਾਜ



ਭਵਾਨੀਗੜ੍ਹ, 7 ਜੂਨ (ਅਮਨਦੀਪ ਸਿੰਘ ਮਾਝਾ) :ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਦਿਨ ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ ਤੇ ਵਿਧਾਨ ਸਭਾ ਹਲਕਾ ਸੰਗਰੂਰ ਵਿਖੇ ਵੀ ਵੱਡੀ ਗਿਣਤੀ ਵਿਕਾਸ ਕਾਰਜ ਜੰਗੀ ਪੱਧਰ ਉੱਤੇ ਜਾਰੀ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਘਰਾਚੋਂ ਵਿਖੇ ਕਰੀਬ 10 ਕਰੋੜ ਰੁਪਏ ਦੀ ਲਾਗਤ ਪਾਈ ਜਾ ਰਹੀ ਨਹਿਰੀ ਪਾਣੀ ਦੀ ਪਾਈਪ ਲਾਈਨ ਦੇ ਕੰਮ ਦਾ ਜਾਇਜ਼ਾ ਲੈਣ ਮੌਕੇ ਕੀਤਾ। ਉਹਨਾਂ ਦੱਸਿਆ ਕਿ ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਕਰੀਬ 3000 ਏਕੜ ਜ਼ਮੀਨ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ। ਹਲਕਾ ਵਿਧਾਇਕ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਬਣਨ 'ਤੇ ਖੇਤਾਂ ਨੂੰ ਨਹਿਰੀ ਪਾਣੀ ਦੇਣ ਲਈ ਸੁਚੱਜੀ ਯੋਜਨਾਬੰਦੀ ਕੀਤੀ ਗਈ ਤੇ ਅੱਜ ਹਲਕਾ ਸੰਗਰੂਰ ਸਮੇਤ ਪੂਰੇ ਸੂਬੇ ਦੇ ਖੇਤਾਂ ਨੂੰ ਨਹਿਰੀ ਸਿੰਚਾਈ ਨਾਲ ਜੋੜਨ ਲਈ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ। ਇਸ ਮੌਕੇ ਜਗਸੀਰ ਸਿੰਘ ਝਨੇੜੀ ਚੇਅਰਮੈਨ ਮਾਰਕੀਟ ਕਮੇਟੀ ਭਵਾਨੀਗੜ੍ਹ, ਜਤਿੰਦਰ ਸਿੰਘ ਵਿੱਕੀ ਬਾਜਵਾ ਪ੍ਰਧਾਨ ਟਰੱਕ ਯੂਨੀਅਨ ਭਵਾਨੀਗੜ੍ਹ, ਦਲਜੀਤ ਸਿੰਘ ਸਰਪੰਚ ਘਰਾਚੋਂ, ਲਖਵਿੰਦਰ ਸਿੰਘ ਲੱਖਾ ਫੱਗੂਵਾਲਾ, ਜੱਗੀ ਘਰਾਚੋਂ, ਹਰਦੀਪ ਸਿੰਘ ਮਾਹੀ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਅਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

# ਅਰਬਨ ਅਸਟੇਟ ਲਈ ਜ਼ਮੀਨ ਐਕਵਾਇਰ ਕਰਨ ਦਾ ਤਿੱਖਾ ਵਿਰੋਧ



ਬਰਨਾਲਾ, 7 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਕਿਸਾਨ ਆਗੂ ਧੰਨਾ ਸਿੰਘ ਗਰੇਵਾਲ ਦੀ ਅਗਵਾਈ ਚ ਕਿਸਾਨਾਂ ਦੀ ਮੀਟਿੰਗ ਹੋਈ। ਇਸ ਵਿੱਚ ਧਾਲੀਵਾਲ ਪੱਤੀ ਜ਼ਮੀਨ ਅਰਬਨ ਅਸਟੇਟ ਦੇ ਨਾਂ ਉੱਤੇ ਗਰਚਾ ਰੋਡ ਅਤੇ ਬਠਿੰਡਾ ਬਾਈਪਾਸ ਦੇ ਵਿਚਕਾਰ ਪੈਂਦੀ 317 ਏਕੜ ਕਮਰਸ਼ੀਅਲ ਅਤੇ ਵਾਹੀਯੋਗ ਜ਼ਮੀਨ ਐਕਵਾਇਰ ਲਈ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਦੀ ਸਖ਼ਤ ਨਿਖੇਧੀ ਕਰਦਿਆਂ ਪੀੜ੍ਹਤ ਕਿਸਾਨਾਂ ਨੇ ਜ਼ਮੀਨ ਨਾ ਦੇਣ ਲਈ ਅਹਿਦ ਲਿਆ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਹਿ ਰਹੇ ਹਨ ਕਿ ਜ਼ਮੀਨ ਐਕਵਾਇਰ ਕਰਨ ਲਈ ਕਿਸਾਨਾਂ ਤੋਂ ਐਨ ਓ ਸੀ ਲੈਣੀ ਪਵੇਗੀ ਪ੍ਰੰਤੂ ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕਵਾਇਰ ਕਰਨ ਲਈ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਪੰਜਾਬ ਸਰਕਾਰ ਨਵੀਂ ਲੈਂਡ ਪੂਲਿੰਗ ਪਾਲਸੀ ਅਨੁਸਾਰ ਪੰਜਾਬ ਦੇ 19 ਸ਼ਹਿਰਾਂ 'ਚ 12000 ਏਕੜ ਜ਼ਮੀਨ ਐਕਵਾਇਰ ਕਰ ਰਹੀ ਹੈ, ਜਿਸ ਦਾ ਪੰਜਾਬ ਚ ਕਿਸਾਨ ਯੂਨੀਅਨਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਵਿਖੇ ਹੋਈ ਇਸ ਮੀਟਿੰਗ ਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਵੀ ਸ਼ਾਮਿਲ ਹੋਏ। ਇਸ ਮੌਕੇ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੀ ਚੋਣ ਕੀਤੀ ਗਈ ਧੰਨਾ ਸਿੰਘ ਗਰੇਵਾਲ ਸੁਰਿੰਦਰ ਸਿੰਘ ਛੁੱਲਰ ਪਰਵਿੰਦਰ ਸਿੰਘ ਅਵਤਾਰ ਸਿੰਘ ਰਾਣੂ ਗੁਰਜੰਟ ਸਿੰਘ ਅਜੀਤ ਸਿੰਘ ਚੀਨ ਵਾਲਾ ਰੁਪਿੰਦਰ ਪ੍ਰੀਤ ਸਿੰਘ ਗਰੇਵਾਲ ਚਮਕੌਰ ਸਿੰਘ ਭੰਡੇਕਾ ਹਰਪਾਲ ਸਿੰਘ ਜੋਧਪੁਰੀ ਜਸਵੀਰ ਸਿੰਘ ਬਾਵਾ ਬਾਬੂ ਸਿੰਘ ਮਿਸਰਾ ਮੇਜਰ ਸਿੰਘ ਢਿਲਵਾਂ ਵਾਲਾ ਰਘੁਪਾਲ ਸਿੰਘ ਧਾਲੀਵਾਲ ਸੁਖਜੀਤ ਸਿੰਘ ਧਰਮੇਕਾ ਗੁਰਮੇਲ ਸਿੰਘ ਜੋਧਪੁਰੀਆ ਰਾਜ਼ੀ ਗਰੇਵਾਲ ਗੁਰਚਰਨ ਸਿੰਘ ਕਾਸਾਪੁਰੀਆ ਕਮੇਟੀ ਮੈਂਬਰ ਚੁਣੇ ਗਏ। ਜ਼ਮੀਨ ਬਚਾਓ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਧੱਕੇ ਨਾਲ ਜ਼ਮੀਨ ਐਕਵਾਇਰ ਕੀਤੀ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਮਨਜੀਤ ਰਾਜ, ਭੋਲਾ ਸਿੰਘ ਮੰਡੇਰ, ਗੁਰਦੀਪ ਸਿੰਘ ਰਾਮਾਨਵਾਸੀਆ, ਮਹਿੰਦਰ ਸਿੰਘ, ਮੰਘਰਾਜ ਆਦਿ ਨੇ ਵੀ ਮੀਟਿੰਗ ਚ ਵਿੱਚ ਸ਼ਮੂਲੀਅਤ ਕੀਤੀ।

# ਰੋਬੋਟਿਕ ਸਰਜਰੀ ਬਿਹਤਰ, ਕਈ ਫਾਇਦੇ : ਡਾ. ਅਨੁਪਮ ਗੋਇਲ

ਬਰਨਾਲਾ, 7 ਜੂਨ (ਬਘੇਲ ਸਿੰਘ ਧਾਲੀਵਾਲ) : ਸਰਜੀਕਲ ਰੋਬੋਟਿਕਸ ਦਾ ਖੇਤਰ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ। ਇਹ ਸਰਜਰੀ ਕਰਨ ਦੇ ਤਰੀਕੇ ਵਿੱਚ ਕ੍ਰਾਂਤੀ ਲਿਆ ਰਿਹਾ ਹੈ ਅਤੇ ਸ਼ੁੱਧਤਾ, ਕੁਸ਼ਲਤਾ ਅਤੇ ਮਰੀਜ਼ਾਂ ਦੇ ਨਤੀਜਿਆਂ ਲਈ ਨਵੇਂ ਮਾਪਦੰਡ ਸਥਾਪਤ ਕਰ ਰਿਹਾ ਹੈ, ਸ਼ਨੀਵਾਰ ਨੂੰ ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਦੇ ਸੀਨੀਅਰ ਸਲਾਹਕਾਰ ਜਨਰਲ ਸਰਜਰੀ, ਜੀਆਈ ਅਤੇ ਰੋਬੋਟਿਕ ਸਰਜਰੀ, ਡਾ ਅਨੁਪਮ ਗੋਇਲ ਨੇ ਕਿਹਾ, ਰੋਬੋਟਿਕ ਸਰਜਰੀ ਰਵਾਇਤੀ ਓਪਨ ਸਰਜਰੀ ਅਤੇ ਮਿਆਰੀ ਲੈਪਰੋਸਕੋਪਿਕ ਪ੍ਰਕਿਰਿਆਵਾਂ ਦੇ ਮੁਕਾਬਲੇ ਕਈ ਫਾਇਦੇ ਪੇਸ਼ ਕਰਦੀ ਹੈ।ਜਦੋਂ ਕਿ ਓਪਨ ਸਰਜਰੀ ਪੇਟ ਦਾ ਪੂਰਾ ਦ੍ਰਿਸ਼ ਅਤੇ ਪ੍ਰਭਾਵਿਤ ਖੇਤਰ ਦੇ ਅੰਦਰ ਸੁਤੰਤਰ ਤੌਰ ਤੇ ਕੰਮ ਕਰਨ ਦੀ ਯੋਗਤਾ ਪ੍ਰਦਾਨ ਕਰਦੀ ਹੈ, ਇਸ ਲਈ ਮਾਸਪੇਸ਼ੀਆਂ ਨੂੰ ਹਟਾਉਣ ਦੀ ਲੋੜ ਹੁੰਦੀ ਹੈ ਅਤੇ ਅਤੇ ਟਿਸ਼ੂਆਂ ਰਾਹੀਂ ਇੱਕ ਵੱਡੇ ਚੀਰੇ ਦੀ ਲੋੜ ਹੁੰਦੀ ਹੈ। ਇਸ ਕਿਸਮ ਦਾ ਚੀਰਾ ਵਧੇਰੇ ਦਰਦਨਾਕ ਹੋ ਸਕਦਾ ਹੈ ਅਤੇ ਠੀਕ ਹੋਣ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ, ਸਰਜੀਕਲ ਰੋਬੋਟਿਕਸ ਨੇ ਮੈਡੀਕਲ ਖੇਤਰ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਦਾ ਵਿੰਚੀ ਸ਼ੀ ਸਰਜੀਕਲ ਰੋਬੋਟਿਕ ਸਿਸਟਮ ਵਰਗੇ ਹੈ, ਜੋ ਸਰਜਨਾਂ ਨੂੰ ਘੱਟੋ-ਘੱਟ ਕੱਟ ਰਾਹੀਂ ਕੁਸ਼ਲਤਾ ਅਤੇ ਸ਼ੁੱਧਤਾ ਪ੍ਰਦਾਨ ਕਰਦਾ ਹੈ। ਰੋਬੋਟਿਕ ਸਰਜਰੀ ਦੀ ਭੂਮਿਕਾ ਅਤੇ ਭਵਿੱਖ ਦੇ ਨਾਲ-ਨਾਲ ਇਸ ਦੀਆਂ ਚੁਣੌਤੀਆਂ ਤੇ ਜ਼ੋਰ ਦਿੰਦੇ ਹੋਏ, ਡਾ.



ਗੋਇਲ ਨੇ ਕਿਹਾ, ਸਰਜੀਕਲ ਰੋਬੋਟਿਕਸ ਦਾ ਭਵਿੱਖ ਬਹੁਤ ਹੀ ਵਾਅਦਾ ਕਰਨ ਵਾਲਾ ਹੈ। ਰੋਬੋਟਿਕ ਪ੍ਰਣਾਲੀਆਂ ਦੀ ਉੱਚ ਕੀਮਤ ਰੁਕਾਵਟ ਪਾ ਸਕਦੀ ਹੈ। ਲਾਗਤ-ਪ੍ਰਭਾਵਸ਼ਾਲੀ ਨਵੀਨਤਾਵਾਂ ਤੇ ਧਿਆਨ ਕੇਂਦਰਿਤ ਕਰਨਾ ਅਤੇ ਰੋਬੋਟਿਕ ਸਰਜਰੀ ਦਾ ਸਮਰਥਨ ਕਰਨ ਵਾਲੇ ਬੀਮਾ ਕਵਰੇਜ ਦੀ ਵਕਾਲਤ ਕਰਨਾ ਇਸ ਤਕਨਾਲੋਜੀ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਜ਼ਰੂਰੀ ਕਦਮ ਹਨ। ਰੋਬੋਟਿਕ-ਸਹਾਇਤਾ ਪ੍ਰਾਪਤ ਪ੍ਰਕਿਰਿਆਵਾਂ ਦੇ ਲਾਭਾਂ ਨੂੰ ਉਜਾਗਰ ਕਰਨ ਲਈ ਸਿੱਖਿਆ ਵਿੱਚ ਨਿਵੇਸ਼ ਦੀ ਲੋੜ ਹੈ। ਇਨ੍ਹਾਂ ਰੁਕਾਵਟਾਂ ਨੂੰ ਪਾਰ ਕਰਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਰੋਬੋਟਿਕ ਸਰਜਰੀ ਤੋਂ ਵਧੇਰੇ ਮਰੀਜ਼ ਲਾਭ ਉਠਾ ਸਕਣ। ਮੈਕਸ ਹਸਪਤਾਲ ਵੱਲੋਂ ਬਰਨਾਲਾ ਵਿਖੇਇੱਕ ਸੀਐਮਈ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਭਰ ਤੋਂ 100 ਤੋਂ ਵੱਧ ਡਾਕਟਰਾਂ ਨੇ ਸ਼ਿਰਕਤ ਕੀਤੀ ਅਤੇ ਗੈਸਟਰੋ-ਇੰਟੇਸਟਾਈਨਲ ਰੋਬੋਟਿਕ ਸਰਜਰੀ ਵਿੱਚ ਪ੍ਰਗਤੀ ਨੂੰ ਉਜਾਗਰ ਕੀਤਾ। ਸੀਐਮਈ ਨੇ ਨਾ ਸਿਰਫ ਕੀਮਤੀ ਵਿਦਿਅਕ ਸੂਝ ਪ੍ਰਦਾਨ ਕੀਤੀ ਬਲਕਿ ਨਿਰੰਤਰ ਸਿੱਖਿਆ ਰਾਹੀਂ ਸਿਹਤ ਸੰਭਾਲ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਦੀ ਅਟੁੱਟ ਵਚਨਬੱਧਤਾ ਨੂੰ ਵੀ ਉਜਾਗਰ ਕੀਤਾ।

# ਰਿਟਾਇਰਡ ਰੈਵੀਨਿਊ ਪਟਵਾਰੀ/ਕਾਨੂੰਗੋ ਵੈੱਲਫੇਅਰ ਐਸੋਸੀਏਸ਼ਨ ਦੀ ਹੋਈ ਮਹੀਨਾਵਾਰ ਮੀਟਿੰਗ



ਬਰਨਾਲਾ, 7 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਦੀ ਰਿਟਾਇਰਡ ਰੈਵੀਨਿਊ ਪਟਵਾਰੀ/ ਕਾਨੂੰਗੋ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਬਰਨਾਲਾ ਦੀ ਮਹੀਨਾਵਾਰ ਮੀਟਿੰਗ ਸ੍ਰੀ ਗੁਰਦੁਆਰਾ ਸਾਹਿਬ ਸਿੰਘ ਸਭਾ ਸਦਰ ਬਜ਼ਾਰ ਬਰਨਾਲਾ ਵਿਖੇ ਕਾਨੂੰਗੋ ਰਾਜੇਸ਼ ਭੁਟਾਨੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਖ਼ਤ ਗਰਮੀ ਦੀ ਪ੍ਰਵਾਹ ਨਾ ਕਰਦਿਆਂ ਜੱਥੇਬੰਦੀ ਦੀ ਏਕਤਾ ਲਈ ਵੱਡੀ ਗਿਣਤੀ ਵਿੱਚ ਪਟਵਾਰੀ/ ਕਾਨੂੰਗੋ ਸ਼ਾਮਿਲ ਹੋਏ ਅਤੇ ਪਿਛਲੀ ਮੀਟਿੰਗ ਵਿੱਚ ਸਾਥੀਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਾਇਆ ਅਤੇ ਚਾਰ ਸਾਥੀਆਂ ਦੇ ਪੈਂਡਿੰਗ ਪਏ ਮੈਡੀਕਲ ਬਿੱਲਾਂ ਦੀ ਅਦਾਇਗੀ ਸੰਬੰਧੀ ਤੇ ਹੋਰ ਅਧੂਰੇ ਪਏ ਕੰਮਾਂ ਨੂੰ ਜਲਦੀ ਹੱਲ ਕਰਨ ਦਾ ਹਾਊਸ ਨੂੰ ਭਰੋਸਾ ਦਿੱਤਾ। ਇਸ ਮੌਕੇ ਦਰਸ਼ਨ ਸਿੰਘ ਗਿੱਲ ਜ਼ਿਲਾ ਖਜ਼ਾਨਚੀ ਨੇ ਹਾਊਸ ਵਿੱਚ ਪਿਛਲੇ ਫੰਡ ਦਾ ਆਮਦਨ ਅਤੇ ਖ਼ਰਚ ਦਾ ਲੇਖਾ ਜੋਖਾ ਪੇਸ਼ ਕੀਤਾ ਅਤੇ ਜਿੰਨਾਂ ਸਾਥੀਆਂ ਵੱਲ ਬਕਾਇਆ ਫੰਡ ਰਹਿੰਦਾ ਹੈ ਉਨ੍ਹਾਂ ਨੂੰ ਬਣਦਾ ਫੰਡ ਜਲਦੀ ਹੀ ਜਮ੍ਹਾਂ ਕਰਾਉਣ ਲਈ ਕਿਹਾ। ਇਸ ਮੌਕੇ ਹਰਜੀਤ ਸਿੰਘ ਸਹਿਣਾ ਦਰਸ਼ਨ ਸਿੰਘ ਗੁਰੂ ਕਾਨੂੰਗੋ ਭੂਪਿੰਦਰ ਸਿੰਘ ਉਜਾਗਰ ਸਿੰਘ ਢਿੱਲੋਂ ਅਤੇ ਪਟਵਾਰੀ ਤੇਜ ਕੁਮਾਰ ਸਿੰਗਲਾ ਨੇ ਜਨਵਰੀ 2016 ਤੋਂ ਬਾਅਦ ਰਿਟਾਇਰ ਹੋਏ ਸਾਥੀਆਂ ਦੇ ਲੀਵ ਇਨਕੈਸ਼ਮੈਂਟ ਸਬੰਧੀ ਬਕਾਇਆ ਹਾਸਿਲ ਕਰਨ ਸਬੰਧੀ ਪੰਜਾਬ ਸਰਕਾਰ ਵੱਲੋਂ ਆਈ ਚਿੱਠੀ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਜਿਸ ਤਹਿਸੀਲ ਵਿੱਚੋਂ ਸਾਥੀ ਰਿਟਾਇਰ ਹੋਏ ਹਨ ਉਸ ਤਹਿਸੀਲ ਦੇ ਸਬੰਧਤ ਬਿਲ ਕਲਰਕ ਹੀ ਬਕਾਇਆ ਬਣਾ ਕੇ ਅਦਾਇਗੀ ਕਰਵਾਉਣ ਦੇ ਪਾਬੰਦ ਹੋਣਗੇ। ਮੀਟਿੰਗ ਵਿੱਚ ਕਾਨੂੰਗੋ ਮੇਲਾ ਸਿੰਘ ਅਤੇ ਬਲਦੇਵ ਸਿੰਘ ਸਹਿਣਾ ਨੇ ਸੰਬੋਧਨ ਕਰਦਿਆਂ ਆਪਣੀਆਂ ਪਟਵਾਰੀਆਂ ਅਤੇ ਕਾਨੂੰਗੋਆਂ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਪਰ ਖੁੱਲ ਕੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਰਣਜੀਤ ਸਿੰਘ, ਖੇਖਰ ਬਲਦੇਵ ਸਹਿਣਾ,ਸਤੀਸ਼ ਕੁਮਾਰ, ਦਰਸ਼ਨ ਸਿੰਘ ਗੁਰੂ, ਦਰਸ਼ਨ ਸਿੰਘ ਗਹਿਲਾਂ, ਬਲਦੇਵ ਸਿੰਘ ਦਿਵਾਨਾ, ਸੁਖਦਰਸ਼ਨ ਸਿੰਘ ਤਾਜੋਕੇ, ਪਿਰਥੀ ਸਿੰਘ, ਪਰਮਿੰਦਰ ਸਿੰਘ ਆਦਿਕ ਪਟਵਾਰੀ ਵਾ ਕਾਨੂੰਗੋ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ।

# ਪੁਲਿਸ ਨੇ ਤਪਾ ਇਲਾਕੇ ਵਿੱਚ ਚੋਰੀਆਂ ਕਰਨ ਗਿਰੋਹ ਦੇ ਤਿੰਨ ਨੌਜਵਾਨਾਂ ਨੂੰ ਕੀਤਾ ਕਾਬੂ

ਤਪਾ ਮੰਡੀ 6 ਜੂਨ (ਭੂਸ਼ਨ ਘੜੈਲਾ) ਪੰਜਾਬ ਦੇ ਡੀਜੀਪੀ ਯਾਦਵ ਦੀ ਹਦਾਇਤ ਦੇ ਅਨੁਸਾਰ ਜ਼ਿਲ੍ਹਾ ਬਰਨਾਲਾ ਦੇ ਐਸ ਐਸ ਪੀ ਮੁੰਹਮਦ ਸਰਫਰਾਜ ਆਲਮ ਦੀ ਅਗਵਾਈ ਹੇਠ ਸਬ ਡਵੀਜ਼ਨ ਤਪਾ ਦੇ ਉਪ ਕਪਤਾਨ ਗੁਰਬਿੰਦਰ ਸਿੰਘ ਦੀ ਦੇਖ ਰੇਖ ਅਤੇ ਥਾਣਾ ਤਪਾ ਦੀ ਇੰਚਾਰਜ ਰੈਨੂ ਪਰੋਚਾ ਨੇ ਕਿਹਾ ਕਿ ਇਲਾਕੇ ਦੇ ਵਿੱਚ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਹੱਥ ਵਿਚ ਲੈਣ ਵਾਲਿਆਂ ਨੂੰ ਛੱਡਿਆ ਨਹੀਂ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਤਪਾ ਪੁਲਿਸ ਵੱਲੋਂ ਚੋਰੀ ਅਤੇ ਲੁੱਟ ਖੋਹ ਦੀਆਂ ਵਾਰਦਾਤਾਂ ਕਰਨ



ਵਾਲੇ ਗਿਰੋਹ ਦੇ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿੰਨਾ ਪਾਸੋਂ ਇਕ ਤਲਵਾਰ ਅਤੇ ਇੱਕ ਗੰਡਾਸਾ ਬਰਾਮਦ ਕਰਵਾਇਆ ਗਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਮਾੜੇ ਕੰਮਾਂ ਤੋਂ ਦੂਰ ਰੱਖਿਆ ਜਾਵੇ ਅਤੇ ਇਲਾਕੇ ਅੰਦਰ ਚੋਰੀਆਂ ਕਰਨ ਅਤੇ ਨਸ਼ਿਆਂ ਵੇਚਣ ਵਾਲਿਆਂ ਨੂੰ ਛੱਡਿਆ ਨਹੀਂ ਜਾਵੇਗਾ। ਇਸ ਤਰ੍ਹਾਂ ਹੀ ਚੋਰੀਆਂ ਕਰਨ ਵਾਲਿਆਂ ਨੂੰ ਕਾਬੂ ਕੀਤਾ ਗਿਆ ਹੈ ਜੋ ਕਿ ਤਪਾ ਪੁਲਿਸ ਇਲਾਕੇ ਵਿੱਚ ਮਿਹਨਤ ਨਾਲ ਕੰਮ ਕਰ ਰਹੀ ਹੈ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਮਾੜੇ ਅਨਸਰਾਂ ਉਪਰ ਨਿਗਾ ਰੱਖੀ ਜਾਵੇ ਅਤੇ ਪੁਲਿਸ ਨੂੰ ਸੂਚਨਾ ਦਿੱਤੀ ਜਾਵੇ।

# ਭਦੌੜ ਵਿੱਚ ਮੁਸਲਿਮ ਭਾਈਚਾਰੇ ਵੱਲੋਂ ਬਕਰੀਦ ਪੜ੍ਹੀ ਗਈ, ਭਾਈਚਾਰਕ ਸਾਂਝ ਦਾ ਦਿੱਤਾ ਪੈਗਾਮ



ਭਦੌੜ 7 ਜੂਨ (ਸੁਖਵਿੰਦਰ ਪਲਾਹਾ)ਅੱਜ ਕਸਬਾ ਭਦੌੜ ਦੇ ਈਦਗਾਹ ਸਥਾਨ ਉੱਪਰ ਮੁਸਲਿਮ ਭਾਈਚਾਰੇ ਵੱਲੋਂ ਇਕੱਤਰ ਹੋ ਕੇ ਈਦ-ਉਲ- ਅਜਹਾ ਦੇ ਪਵਿੱਤਰ ਤਿਉਹਾਰ ਮੌਕੇ ਬਕਰੀਦ ਦੀ ਨਵਾਜ਼ ਪੜ੍ਹੀ ਗਈ। ਮੁਸਲਿਮ ਭਾਈਚਾਰੇ ਵੱਲੋਂ ਸਵੇਰ ਤੋਂ ਹੀ ਈਦਗਾਹ ਉੱਪਰ ਵੱਡੀ ਗਿਣਤੀ ਵਿੱਚ ਪਹੁੰਚ ਕੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਦਿਆਂ ਹੋਇਆਂ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ਅਤੇ ਗਲ਼ੇ ਲੱਗ ਕੇ ਖੁਸ਼ੀ ਨਾਲ ਇਹ ਪਵਿੱਤਰ ਤਿਉਹਾਰ ਮਨਾਇਆ। ਇਸ ਮੌਕੇ ਹਲਕਾ ਭਦੌੜ ਮੁਸਲਿਮ ਵਿੰਗ ਦੇ ਪ੍ਰਧਾਨ ਡਾ: ਸੁਖਵਿੰਦਰ ਸੋਨੂ ਨੇ ਕਿਹਾ ਕਿ ਕਿ ਇਹ ਤਿਉਹਾਰ ਆਪਸ ਭਾਈਚਾਰਕ ਸਾਂਝ ਨੂੰ ਕਾਇਮ ਰੱਖਦਾ ਹੈ ਅਤੇ ਸਾਰੇ ਗਿਲੇ ਸ਼ਿਕਵੇ ਭੁਲਾ ਕੇ ਇੱਕ ਦੂਜੇ ਦੇ ਗਲੇ ਲੱਗ ਕੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਡਾਕਟਰ ਸੋਨੂ ਨੇ ਕਿਹਾ ਕਿ ਇਹ ਤਿਉਹਾਰ ਸਾਰੇ ਧਰਮਾਂ ਨੂੰ ਆਪਸੀ ਸਾਂਝ ਦੀ ਸਿੱਖਿਆ ਦਿੰਦਾ ਹੈ ਅਤੇ ਸਾਰੇ ਧਰਮਾਂ ਦੇ ਲੋਕ ਸਾਨੂੰ ਸਵੇਰ ਤੋਂ ਹੀ ਵਧਾਈਆਂ ਦੇ ਰਹੇ ਹਨ ਅਤੇ ਅਸੀਂ ਉਹਨਾਂ ਦੇ ਲੱਖ ਲੱਖ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਨੇ ਸਾਡੀ ਇਸ ਖੁਸ਼ੀ ਵਿੱਚ ਸ਼ਰੀਕ ਹੋ ਕੇ ਇਸ ਭਾਈਚਾਰਕ ਸਾਂਝ ਨੂੰ ਹੋਰ ਵੀ ਮਜ਼ਬੂਤ ਕੀਤਾ ਹੈ। ਇਸ ਮੌਕੇ ਮੁਸਲਿਮ ਵਿੰਗ ਦੇ ਹਲਕਾ ਪ੍ਰਧਾਨ ਡਾਕਟਰ ਸੁਖਵਿੰਦਰ ਸੋਨੂ, ਮੌਲਵੀ ਸ਼ਕੀਲ ਮੁਹੰਮਦ,ਕੌਰ ਸੈਨ, ਹਨੀਫ਼ ਖਾਨ, ਲਛਮਣ ਖਾਨ, ਸਲੀਮ ਮੁਹੰਮਦ, ਸੁਖਦੀਪ ਖਾਨ ਮੀਧਾ , ਮਹਿਮਾ ਖਾਨ ,ਗੁਰਜੰਟ ਖਾਨ ,ਰਿਆਜ ਖਾਨ ਰਾਜੂ ,ਡਾ: ਖੁਰਸ਼ੀਦ ਮੁਹੰਮਦ, ਬੂਟਾ ਖਾਂ ਸੁਲੇਮਾਨ ਖਾਂ, ਰੂਪ ਖਾਨ ਸਾਬਕਾ ਐਮ ਸੀ, ਸਾਬਰ ਖਾਨ ,ਮਹਿੰਗਾ ਖਾਨ ਆਦਿ ਹਾਜ਼ਰ ਸਨ।

# ਭਦੌੜ ਵਿੱਚ ਸੀਵਰੇਜ ਲੀਕਿੰਗ ਕਾਰਨ ਕਿਸਾਨ ਆਗੂ ਨੇ ਲਿਆ ਸੀਵਰੇਜ ਬੋਰਡ ਨੂੰ ਆੜੇ ਹੱਥੀਂ

ਭਦੌੜ 7 ਜੂਨ (ਸੁਖਵਿੰਦਰ ਪਲਾਹਾ)ਭਦੌੜ ਸੀਵਰੇਜ ਦਾ ਸ਼ਹਿਰ ਦੀਆਂ ਕਈ ਜਗਾਹ ਉਪਰ ਬੁਰਾ ਹੋਇਆ ਪਿਆ ਹੈ ਅਤੇ ਸ਼ਹਿਰ ਦਾ ਗੰਦਾ ਪਾਣੀ ਥਾਂ ਥਾਂ ਤੋਂ ਲੀਕ ਹੋਣ ਦੇ ਕਾਰਨ ਕਈ ਭਿਆਨਕ ਬਿਮਾਰੀਆਂ ਲੱਗਣ ਦਾ ਹੋਇਆ ਵੱਡਾ ਖ਼ਤਰਾ ਬਣਿਆ ਹੋਇਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕੇ ਪੂਰਾ ਭਦੌੜ ਸ਼ਹਿਰ ਅਤੇ ਸਾਰੀਆਂ ਸ਼ਹਿਰ ਦੀਆਂ ਉੱਪਰਲੀਆਂ ਫਿਰਨੀਆਂ, ਮੇਨ ਬਾਜ਼ਾਰ ਨੂੰ ਜਾਣ ਵਾਲੇ ਸਾਰੇ ਰਸਤੇ, ਬਰਨਾਲਾ ਬਾਜਾ ਖਾਨਾ ਰੋਡ ਭਦੌੜ ਗਰਿੱਡ ਦੇ ਨਜ਼ਦੀਕ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਸੜਕ ਉਪਰ ਵੱਡੇ-ਵੱਡੇ ਖੱਡੇ ਪਏ ਹੋਏ ਹਨ ਅਤੇ ਲੰਮੇ ਸਮੇਂ ਤੋਂ ਇਸ ਸੜਕ ਦੀ ਇੱਕ ਸਾਈਡ ਟ੍ਰੈਫਿਕ ਲਈ ਬੰਦ ਪਈ ਹੈ। ਕਿਸਾਨ ਆਗੂ ਕੁਲਵੰਤ ਸਿੰਘ ਮਾਨ ਨੇ ਕਿਹਾ ਕਿ ਕਿਸੇ ਸਮੇਂ ਵੀ ਕੋਈ ਮੰਦਭਾਗੀ ਘਟਨਾ ਵਾਪਰ ਸਕਦੀ ਹੈ ।ਇਸੇ ਤਰ੍ਹਾਂ ਭਦੌੜ ਛੰਨਾ ਰੋਡ ਤੇ ਸੀਵਰੇਜ ਦੇ ਪਾਣੀ ਨਾਲ ਸੜਕ ਟੁੱਟ ਚੁੱਕੀ ਹੈ ਅਤੇ ਸੀਵਰੇਜ ਦਾ ਗੰਦਾ ਪਾਣੀ ਕਾਫੀ ਲੰਬੇ ਸਮੇਂ ਤੋਂ ਸੜਕ ਤੇ ਘੁੰਮ ਰਿਹਾ ਹੈ । ਉਹਨਾਂ ਕਿਹਾ ਕਿ ਸੀਵਰੇਜ ਪਲਾਂਟ ਵਿੱਚ ਲੱਗੀਆਂ ਮੋਟਰਾਂ ਸਮੇਂ ਸਿਰ ਨਾ ਚਲਾਉਣ ਕਾਰਨ ਇਹ ਸਮੱਸਿਆ ਲਗਾਤਾਰ ਸਾਹਮਣੇ ਆ



ਰਹੀ ਹੈ ਅਤੇ ਇਸ ਦੇ ਸਬੰਧ ਵਿੱਚ ਕਈ ਵਾਰ ਉੱਚ ਅਧਿਕਾਰੀਆਂ ਨਾਲ ਗੱਲਬਾਤ ਵੀ ਕੀਤੀ ਹੈ ਪਰ ਉੱਚ ਅਧਿਕਾਰੀਆਂ ਨੂੰ ਦੱਸਣ ਦੇ ਬਾਵਜੂਦ ਵੀ ਇਹ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ।ਸੀਵਰੇਜ ਦੇ ਗੰਦੇ ਪਾਣੀ ਨੇ ਭਦੌੜ ਦੇ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੈ ਅਤੇ ਇਸ ਸਮੱਸਿਆ ਵੱਲ ਸੀਵਰੇਜ ਬੋਰਡ ਦਾ ਕੋਈ ਖਾਸ ਧਿਆਨ ਨਹੀਂ ਹੈ। ਉਹਨਾਂ ਕਿਹਾ ਕਿ ਪੂਰੇ ਸ਼ਹਿਰ ਦੇ ਸਾਰੇ ਭਦੌੜ ਵਾਸੀਆਂ ਵੱਲੋਂ ਜ਼ੋਰਦਾਰ ਮੰਗ ਕੀਤੀ ਜਾਂਦੀ ਹੈ ਕਿ ਇਸ ਗੰਦੇ ਪਾਣੀ ਦਾ ਕੋਈ ਸਥਾਈ ਹੱਲ ਕੀਤਾ ਜਾਵੇ ਅਗਰ ਇਸ ਦੇ ਨਾਲ ਕੋਈ ਕਿਸੇ ਕਿਸਮ ਦੀ ਭਿਆਨਕ ਬਿਮਾਰੀ ਜਾਂ ਕਿਸੇ ਦਾ ਕੋਈ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਉਸ ਦਾ ਜਿੰਮੇਵਾਰ ਸੀਵਰੇਜ ਬੋਰਡ ਅਤੇ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਹੋਵੇਗੀ

# ਧਾਰਮਿਕ ਸਮਾਗਮ ਮੌਕੇ ਅੱਗਰਵਾਲ ਸੰਮੇਲਨ ਨੇ ਲਗਾਈ ਠੰਡੇ ਮਿੱਠੇ ਪਾਣੀ ਦੀ ਛਬੀਲ

ਤਪਾ ਮੰਡੀ 7 ਜੂਨ (ਭੂਸ਼ਨ ਘੜੈਲਾ)ਦੀਵਾਨੇ ਖਾਟੂ ਸ਼ਿਆਮ ਸੇਵਾ ਮੰਡਲ ਤਪਾ ਵੱਲੋਂ ਬੀਤੀ ਰਾਤ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਾਚੀਨ ਸਰਾਂ ਮੰਦਰ ਵਿਖੇ ਕਰਵਾਈ ਸ੍ਰੀ ਖਾਟੂ ਸ਼ਿਆਮ ਜੀ ਚੌਕੀ ਮੌਕੇ ਅੱਗਰਵਾਲ ਸੰਮੇਲਨ (ਰਜਿ) ਤਪਾ ਇਕਾਈ ਦੇ ਪ੍ਰਧਾਨ ਦੀਪਕ ਗਰਗ ਦੀਪੂ ਭੈਣੀ ਦੀ ਅਗਵਾਈ ਵਿੱਚ ਠੰਡੇ ਮਿੱਠੇ ਪਾਣੀ ਦੀ ਛਬੀਲ ਸ਼ਿਆਮ ਭਗਤਾਂ ਲਈ ਲਗਾਈ ਗਈ। ਇਸ ਮੌਕੇ ਦੀਪਕ ਭੈਣੀ ਨੇ ਕਿਹਾ ਕਿ ਨਾਲੇ ਪੁੰਨ ਨਾਲੇ ਫ਼ਲੀਆਂ ਅੱਜ ਨਿਰਜਲਾ ਇਕਾਦਸ਼ੀ ਹੈ ਜਿਸ ਨੂੰ ਪੂਰੇ ਭਾਰਤ ਸ਼ੁਭ ਮੰਨਿਆ ਗਿਆ ਹੈ ਇਸ ਸ਼ੁਭ ਦਿਹਾੜੇ ਤੇ ਸੰਗਤ ਨੂੰ ਠੰਡਾ, ਮਿੱਠਾ ਜਲ ਛਕਾਉਣ ਨਾਲ ਬਹੁਤ ਵੱਡਾ ਪੁੰਨ ਮੰਨਿਆ ਜਾਂਦਾ ਹੈ ਜਿਸ ਨੂੰ ਰਿਸ਼ੀ ਮੁਨੀ ਸ਼ੁਭ ਕਾਰਜ ਮੰਨ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਨਿਰਜਲਾ ਇਕਾਦਸ਼ੀ ਵੀ ਸੀ ਤੇ ਉਧਰ ਬਾਬਾ ਖਾਟੂ ਸ਼ਿਆਮ ਜੀ ਦੀ ਚੌਕੀ ਹੈ ਇਸ ਲਈ ਇਸ ਨੂੰ ਸ਼ੁਭ ਦਿਹਾੜਾ ਮੰਨਦੇ ਹੋਏ ਬਾਬਾ ਖਾਟੂ ਸ਼ਿਆਮ ਜੀ ਦੇ ਪ੍ਰੇਮੀਆਂ ਲਈ ਅੱਗਰਵਾਲ ਸੰਮੇਲਨ ਵੱਲੋਂ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ ਹੈ।ਇਸ ਮੌਕੇ ਅੱਗਰਵਾਲ ਸੰਮੇਲਨ ਦੇ ਸਰਪ੍ਰਸਤ ਭੂਸ਼ਨ ਘੜੈਲਾ, ਚੇਅਰਮੈਨ ਸੁਰਿੰਦਰ ਕੁਮਾਰ ਐਲ.ਆਈ.ਸੀ ਵਾਲਾ,ਮੀਤ ਪ੍ਰਧਾਨ ਅਸ਼ੋਕ ਗੋਇਲ, ਕੈਸ਼ੀਅਰ ਲੱਕੀ ਭੈਣੀ,ਸਕੱਤਰ ਸੁਭਾਸ਼ ਕਾਂਸਲ, ਅਜੇ ਬਾਂਸਲ ਬੋਬੀ, ਵਿਜੇ ਧੂਰਕੋਟੀਆ,ਹਰਮੇਸ਼ ਗੱਟੂ, ਰਾਜਿੰਦਰ ਕੁਮਾਰ ਰਿੰਕੂ ਮੌੜ, ਮੁਨੀਸ਼ ਕੁਮਾਰ ਬਾਂਸਲ,ਪ੍ਰਿੰਸ ਮੌੜ, ਸੁਨੀਲ ਕੁਮਾਰ ਤਾਜੋ, ਪ੍ਰਵੀਨ ਸ਼ਾਂਤ, ਰੂਬੀ ਗਰਗ ਆਦਿ ਮੈਂਬਰ ਹਾਜ਼ਰ ਸਨ।

# ਗੁਰਦੁਆਰਾ ਟਿੱਬਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਡੀਐਸਪੀ ਗੁਰਬਿੰਦਰ ਸਿੰਘ ਤੇ ਥਾਣਾ ਮੁਖੀ ਰੇਨੂੰ ਪਰੋਚਾ ਦਾ ਕੀਤਾ ਸਨਮਾਨ



ਤਪਾ ਮੰਡੀ 7 ਜੂਨ (ਭੂਸ਼ਨ ਘੜੈਲਾ ) ਜ਼ਿਲ੍ਹਾ ਬਰਨਾਲਾ ਦੇ ਐਸ ਐਸ ਪੀ ਮੁੰਹਮਦ ਸਰਫਰਾਜ ਆਲਮ ਦੀਆ ਸਖ਼ਤ ਹਦਾਇਤਾਂ ਅਨੁਸਾਰ ਸਬ ਡਵੀਜ਼ਨ ਤਪਾ ਦੇ ਉਪ ਕਪਤਾਨ ਗੁਰਬਿੰਦਰ ਸਿੰਘ ਦੀ ਦੇਖ ਰੇਖ ਹੇਠ ਥਾਣਾ ਤਪਾ ਦੀ ਇੰਚਾਰਜ ਮੈਡਮ ਰੇਨੂੰ ਪਰੋਚਾ ਵੱਲੋਂ ਗੁਰਦੁਆਰਾ ਟਿੱਬਾ ਸਾਹਿਬ ਤਪਾ ਦਰਾਜ ਵਿਖੇ ਚੱਲ ਰਹੇ ਧਾਰਮਿਕ ਸਮਾਗਮ ਮੌਕੇ ਪੁਲਿਸ ਸੁਰੱਖਿਆ ਦਾ ਜਾਇਜ਼ਾ ਲਿਆ ਗਿਆ। ਉਹਨਾਂ ਨੇ ਦੱਸਿਆ ਕਿ ਧਾਰਮਿਕ ਸਮਾਗਮ ਅੰਦਰ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਹੱਥ ਵਿੱਚ ਨਹੀਂ ਲੈਣ ਦਿੱਤਾ ਜਾਵੇਗਾ ਅਤੇ ਮਾੜੇ ਅਨਸਰਾਂ ਉਪਰ ਨਿਗਾ ਰੱਖੀ ਜਾਵੇਗੀ ਕਿਉਂਕਿ ਪੁਲਿਸ ਤਪਾ ਵੱਲੋਂ ਧਾਰਮਿਕ ਸਮਾਗਮ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਸੰਤ ਬਾਬਾ ਨਰਾਇਣ ਸਿੰਘ ਮੋਨੀ ਮੈਮੋਰੀਅਲ ਟਰੱਸਟ ਦੇ ਚੇਅਰਮੈਨ ਜਗਦੀਸ ਸਿੰਘ ਬਰਾੜ ਅਤੇ ਕਸ਼ਮੀਰਾ ਸਿੰਘ ਮੈਮੋਰੀਅਲ ਟਰੱਸਟ ਦੇ ਹੈਡਮਾਸਟਰ ਬਲਵਿੰਦਰ ਸਿੰਘ ਵੱਲੋਂ ਸਬ ਡਵੀਜ਼ਨ ਤਪਾ ਦੇ ਉਪ ਕਪਤਾਨ ਗੁਰਬਿੰਦਰ ਸਿੰਘ ਅਤੇ ਥਾਣਾ ਤਪਾ ਦੇ ਇੰਚਾਰਜ ਰੇਨੂੰ ਪਰੋਚਾ ਦਾ ਚੰਗੇ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ ਤੇ ਵਿਸ਼ੇਸ਼ ਤੌਰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਗਵੰਤ ਸਿੰਘ, ਮਾਸਟਰ ਹਰਪਾਲ ਸਿੰਘ ਸਮੂਹ ਟਰੱਸਟੀ ਮੈਂਬਰ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਜੰਟ ਸਿੰਘ ਧਾਲੀਵਾਲ, ਬੀਬੀ ਨਛੱਤਰ ਕੌਰ ਜਰਨਲ ਸਕੱਤਰ, ਕੁਲਦੀਪ ਸਿੰਘ ਪਲਾਹਾ ਯੂ ਕੇ,ਸਿਮਰਜੀਤ ਸਿੰਘ ਕੈਨੇਡਾ,ਬਾਈ ਮਲਕੀਤ ਸਿੰਘ, ਭਾਈ ਸ਼ਮਸ਼ੇਰ ਸਿੰਘ, ਬਲਦੇਵ ਸਿੰਘ ਬਰਨਾਲਾ, ਨਛੱਤਰ ਸਿੰਘ ਬਰਨਾਲਾ, ਹੈੱਡ ਗ੍ਰੰਥੀ ਪਰਮਜੀਤ ਸਿੰਘ, ਬਲਰਾਜ ਸਿੰਘ ਚੋਪੜਾ,ਅਤਵਾਰ ਸਿੰਘ ਪਟਵਾਰੀ ਬਰਨਾਲਾ, ਸਾਬਕਾ ਪ੍ਰਧਾਨ ਨਿਰੰਜਨ ਸਿੰਘ, ਮੈਨੇਜਰ ਜੰਗ ਸਿੰਘ ਜੰਗੀਆਣਾ, ਮੈਨੇਜਰ ਸੁਬੇਗ ਸਿੰਘ, ਸੇਵਾ ਮੁਕਤ ਜੇਲ ਦੇ ਸੁਪਰਡੈਂਟ ਸਰੂਪ ਸਿੰਘ, ਮੈਨੇਜਰ ਗੁਰਬਖਸ਼ ਸਿੰਘ,ਗੁਰਪ੍ਰੀਤ ਸਿੰਘ, ਗੁਰਮੁੱਖ ਸਿੰਘ, ਆਦਿ ਹਾਜ਼ਰ ਸਨ।

# ਈਦ-ਉਲ-ਅਜ਼ਹਾ ਬਕਰੀਦ ਦਾ ਮਨਾਇਆ ਪਵਿੱਤਰ ਤਿਉਹਾਰ, ਸਰਬੱਤ ਦੇ ਭਲੇ ਤੇ ਅਮਨ ਸ਼ਾਂਤੀ ਲਈ ਸਮੂਹ ਨਮਾਜ਼ੀਆਂ ਨੇ ਮੰਗੀ ਦੁਆ

ਤਪਾ ਮੰਡੀ 7 ਜੂਨ (ਭੂਸ਼ਨ ਘੜੈਲਾ)ਮਸਜਿਦ ਤਪਾ ਵਿਖੇ ਸਮੂਹ ਮੁਸਲਮਾਨ ਭਾਈਚਾਰੇ ਵੱਲੋਂ ਈਦ-ਉਲ-ਅਜ਼ਹਾ (ਬਕਰੀਦ) ਦਾ ਤਿਓਹਾਰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮਸਜਿਦ ਦੇ ਮੌਲਵੀ ਰਿਆਜ ਉਲ ਹੱਕ ਅਤੇ ਮੌਲਵੀ ਕਾਰੀ ਸਹਿਜਾਦ ਨੇ ਜਾਣਕਾਰੀ ਦਿੰਦੇ ਦੱਸਿਆ ਨੇ ਈਦ ਓਲ ਅਜ਼ਹਾ (ਬਕਰੀਦ) ਦੀ ਨਮਾਜ਼ ਅਦਾ ਕਰਵਾਈ ਅਤੇ ਹਦੀਸ ਸੁਣਾ ਕੇ ਦੀਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਦੇਸ਼ ਵਿੱਚ ਭਾਈਚਾਰਕ ਸਾਂਝ ਕਾਇਮ ਰੱਖਣ ਤੇ ਇਨਸਾਨੀਅਤ ਨੂੰ ਪਹਿਲ ਦੇਣ ਦਾ ਸੰਦੇਸ਼ ਦਿੱਤਾ ਗਿਆ।ਈਦ ਓਲ ਅਜ਼ਹਾ (ਬਕਰੀਦ) ਦੀ ਨਮਾਜ਼ ਅਦਾ ਕਰਨ ਲਈ ਨੇੜਲੇ ਪਿੰਡਾਂ ਤੋਂ ਸੈਂਕੜੇ ਦੀ ਗਿਣਤੀ ਵਿੱਚ ਮੁਸਲਮਾਨ ਭਾਈਚਾਰੇ ਦੇ ਲੋਕ ਪੁਹੰਚੇ। ਅੰਤ ਵਿਚ ਸਰਬੱਤ ਦੇ ਭਲੇ ਤੇ ਅਮਨ ਸ਼ਾਂਤੀ ਲਈ ਅੱਲ੍ਹਾ ਤਾਲਾ ਅੱਗੇ ਹੱਥ ਉਠਾ ਕੇ ਸਮੂਹ ਨਮਾਜ਼ੀਆਂ ਵੱਲੋਂ ਦੁਆ ਮੰਗੀ ਗਈ। ਇਸ ਮੌਕੇ ਕਮੇਟੀ ਪ੍ਰਧਾਨ ਅਬਦੁਲ ਸਕੂਰ (ਸੁਖੀ), ਮੀਤ ਪ੍ਰਧਾਨ ਸ਼ੰਕਰ ਖਾਨ ਅਤੇ ਸੈਕਟਰੀ ਨਾਜ਼ਮ ਹੁਸੈਨ ਰਾਜੂ ਖਾਨ ਨੇ ਮੁਸਲਿਮ ਭਾਈਚਾਰੇ ਸਮੇਤ ਸਾਰੀ ਦੇਸ਼ ਦੁਨੀਆ ਦੇ ਲੋਕਾਂ ਨੂੰ ਮੁਬਾਰਕਬਾਦ ਦਿੰਦੇ ਕਿਹਾ ਕਿ ਪੰਜਾਬ ਭਾਈਚਾਰਕ ਸਾਂਝਾਂ ਦੇ ਤੰਦ ਨੂੰ ਮਜ਼ਬੂਤ ਕਰਨ ਵਾਲਾ ਸੂਬਾ ਹੈ। ਰਾਜੂ ਖਾਨ ਨੇ ਕਿਹਾ ਕਿ ਸਾਨੂੰ ਸਮਾਜ ਵਿੱਚ ਰਹਿੰਦਿਆਂ ਹੋਇਆਂ ਧਰਮ ਤੋਂ ਪਹਿਲਾਂ ਇਨਸਾਨੀਅਤ ਨੂੰ ਪਹਿਲ ਦੇਣੀ ਚਾਹੀਦੀ ਹੈ, ਹਿੰਦੂ ਮੁਸਲਿਮ ਸਿੱਖ ਈਸਾਈ ਅਸੀਂ ਹਾਂ ਸਾਰੇ ਭਾਈ ਭਾਈ ਦੇ ਨਾਅਰੇ ਦਾ ਜੋ ਕਿ ਲੋੜਵੰਦਾਂ ਨੂੰ 24 ਘੰਟੇ ਐਮਰਜੈਂਸੀ ਮਰੀਜ਼ਾਂ ਨੂੰ ਇਲਾਕੇ ਵਿੱਚ ਖ਼ੂਨ ਮੁੱਹਈਆ ਕਰਵਾਏ ਗਈ।ਜਿਸ ਕੀਮਤੀ ਜਾਨਾਂ ਨੂੰ ਮੌਤ ਦੇ ਮੂੰਹੋਂ ਬਚਾਇਆ ਜਾ ਸਕੇ ।ਢਿੱਲਵਾਂ



,ਮੌੜ ਨਾਭਾ ਹੋਰ ਪਿੰਡਾਂ ਵਿੱਚ ਮੁਸਲਮਾਨ ਭਾਈਚਾਰੇ ਵੱਲੋਂ ਈਦ ਉਲਟ ਅਜਹਾ (ਬਕਰੀਕ ) ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਰਮਜ਼ਾਨ ਖਾਨ ਰਾਜੂ,ਰਫ਼ੀਕ ਖਾਨ ਅਲਾਦੀਨ,ਨੇਕ ਖਾਨ,ਕੇਬਲ ਖਾਨ,ਜਗਸੀਰ ਖਾਨ, ਰੇਸ਼ਮ ਖਾਨ,ਸੁਖਪਾਲ ਖਾਨ,ਪਾਲਾ ਖਾਨ,ਪੱਪੂ ਖਾਨ,ਤੋਤਾ ਖਾਨ,ਤਾਲਬ ਹੁਸੈਨ,ਬੋਬੀ ਖਾਨ, ਦੀਪ ਮੁਹੰਮਦ ਕਾਕਾ,ਕਰਮਜੀਤ ਖਾਨ ਕਰਮੂ ਤੋਂ ਇਲਾਵਾ ਮੁਸਲਿਮ ਭਾਈਚਾਰੇ ਸਮੇਤ ਸ਼ਹਿਰ ਵਾਸੀ ਹਾਜ਼ਰ ਸਨ।

# ਭੁੱਚੋ ਮੰਡੀ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਬਠਿੰਡਾ ਨੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

ਭੁੱਚੋ ਮੰਡੀ ਨਥਾਣਾ 7 ਜੂਨ (ਹਰਬੰਸ ਸਿੰਘ ਭੋਲਾ ) ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਭੁੱਚੋ ਮੰਡੀ ਦਾ ਦੌਰਾ ਕਰਕੇ ਲੋਕਾਂ ਨੂੰ ਦਰਪੇਸ਼ ਆ ਰਹੀਆ ਸੱਮਸਿਆਵਾਂ ਬਾਰੇ ਜਾਣਕਾਰੀ ਲਈ। ਨਗਰ ਕੌਂਸਲ ਦੇ ਦਫ਼ਤਰ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਜੋਨੀ ਬਾਂਸਲ,ਤੇ ਕਾਰਜ ਸਾਧਕ ਅਫਸਰ ਤਰੁਣ ਕੁਮਾਰ ਨੇ ਨਗਰ ਕੌਂਸਲ ਦੀ ਸਥਿਤੀ ਵਾਰੇ ਦੱਸਿਆ ਕਿ ਨਗਰ ਕੌਂਸਲ ਦੀ ਆਮਦਨ ਘੱਟ ਤੇ ਖਰਚ ਜ਼ਿਆਦਾ ਹੋਣ ਕਾਰਨ @ਤੇ ਸਰਕਾਰ ਵੱਲੋਂ ਕੋਈ ਗ੍ਰਾਂਟ ਨਾ ਆਉਣ ਕਰਕੇ ਮੰਡੀ ਦੇ ਵਿਕਾਸ ਕਾਰਜ ਰੁਕੇ ਪਏ ਹਨ। ਇਸ ਕਰਕੇ ਭੁੱਚੋ ਮੰਡੀ ਲਈ ਵੱਧ ਤੋਂ ਵੱਧ ਗ੍ਰਾਂਟ ਮੁੱਹਈਆ ਕਰਵਾਈ ਜਾਵੇ। ਤਾਂ ਜ਼ੋ ਵਿਕਾਸ ਕਾਰਜਾਂ ਨੂੰ ਨੇਪਰੇ ਚੜ੍ਹਾਇਆ ਜਾ ਸਕੇ । ਮੰਡੀ ਵਿੱਚ ਨਹਿਰੀ ਪਾਣੀ ਦੀ ਸਪਲਾਈ ਅਤੇ ਸੀਵਰੇਜ ਦੀ ਖ਼ਸਤਾ ਹਾਲਤ ਹੋਣ ਵਾਰੇ ਵੀ ਜਾਣੂ ਕਰਵਾਇਆ ਤੇ ਜਲਦੀ ਇਸ ਨੂੰ ਹੱਲ ਕਰਨ ਦੀ ਅਪੀਲ ਵੀ ਕੀਤੀ। ਇਸ ਸਬੰਧੀ ਡੀ ਸੀ ਨੇ ਦੱਸਿਆ ਕਿ ਟੈਂਡਰ ਹੋ ਗਏ ਹਨ ਜਲਦ ਹੀ ਇਨ੍ਹਾਂ ਸੱਮਸਿਆਵਾਂ ਦਾ ਹੱਲ ਹੋ ਜਾਵੇਗਾ ਇਸ ਮੌਕੇ ਆਗੂਆ ਨੇ ਇਹ ਵੀ ਦੱਸਿਆ ਕਿ ਬਾਈਪਾਸ ਨੂੰ ਜਾਣ ਵਾਲੀ ਕੰਕਰੀਟ ਦੀ ਸੜਕ ਹੈ ਜ਼ੋ ਬੀ, ਐਂਡ ,ਆਰ ਦੇ ਅਧੀਨ ਆਉਂਦੀ ਹੈ ਦੀ ਮਰੁੱਮਤ ਨਾ ਹੋਣ ਕਰਕੇ ਸੜਕ ਥਾਂ -ਥਾਂ ਤੇ ਖੱਡੇ ਪਏ ਹੋਣ ਕਰਕੇ ਬਹੁਤੀਆਂ ਦਿਕਤਾਂ ਆਉਂਦੀਆਂ ਹਨ ਤੇ ਹਰ ਰੋਜ਼ ਕੋਈ ਨਾ ਕੋਈ ਹਾਦਸਾ ਵਾਪਰਦਾ ਰਹਿੰਦਾ ਹੈ ।ਸਭ ਤੋਂ ਵੱਡੀ ਗੱਲ ਇਹ ਹੈ ਕਿ ਬਾਹਰੋਂ ਆ ਰਹੇ ਵਾਹਨਾਂ ਵਾਲੇ ਟੋਲ ਨੂੰ ਬਚਾਉਣ ਲਈ ਹੈਵੀ ਵਾਹਨ ਇਥੋਂ ਦੀ ਲੰਘਦੇ ਹਨ ਇਨ੍ਹਾਂ ਵੱਡੇ ਵਾਹਨਾਂ ਕਰਕੇ ਸੜਕ ਤਾਂ ਟੁਟਦੀ ਹੀ ਟੁਟਦੀ ਹੈ ਇਸ ਤੋਂ ਵੀ ਜ਼ਿਆਦਾ ਦਿਕਤ ਟ੍ਰੈਫਿਕ ਦੀ ਆਉਂਦੀ ਹੈ ਇਸ ਮਸਲੇ ਦਾ ਹੱਲ ਕਰਨ ਲਈ ਡੀ ਸੀ ਨੇ ਹੱਲ ਕਰਨ ਦਾ ਭਰੋਸਾ ਦਵਾਇਆ ਮੰਡੀ ਵਾਸੀਆਂ ਨੇ ਡਿਪਟੀ ਕਮਿਸ਼ਨਰ ਨੂੰ ਬਾਲਿਆਂਵਾਲੀ ਰੋਡ @ਤੇ ਰੇਲਵੇ ਫਾਟਕਾਂ ਦਾ ਵੀ ਦੌਰਾ ਕਰਵਾਇਆ

# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਢੀਂਡਸਾ ਪਰਿਵਾਰ ਨਾਲ ਪ੍ਰਗਟਾਇਆ ਦੁੱਖ

ਸੰਗਰੂਰ, 7 ਜੂਨ (ਹਰਕੰਵਲ ਸਿੰਘ ਹੈਪੀ) ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ਤੋਂ ਬਾਅਦ ਅੱਜ ਢੀਂਡਸਾ ਪਰਿਵਾਰ ਨਾਲ ਉਨ੍ਹਾਂ ਦੇ ਗ੍ਰਹਿ ਸੰਗਰੂਰ ਵਿਖੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਸ਼੍ਰੀ ਅਰਵਿੰਦ ਖੰਨਾ ਅਫਸੋਸ ਪ੍ਰਗਟ ਕਰਨ ਲਈ ਪਹੁੰਚੇ। ਇਸ ਮੌਕੇ ਨਾਇਬ ਸਿੰਘ ਸੈਣੀ ਅਤੇ ਖੰਨਾ ਵੱਲੋਂ ਪਰਮਿੰਦਰ ਸਿੰਘ ਢੀਂਡਸਾ ਅਤੇ ਪਰਿਵਾਰ ਦੇ ਹੋਰਨਾਂ ਮੈਂਬਰਾਂ ਨਾਲ ਸਵ: ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ਦਾ ਦੁੱਖ ਸਾਂਝਾ ਕਰਦਿਆਂ ਹਮਦਰਦੀ ਪ੍ਰਗਟ ਕੀਤੀ ਗਈ।

ਇਸ ਦੌਰਾਨ ਮੁੱਖ ਮੰਤਰੀ ਨਾਇਬ ਸੈਣੀ ਨੇ ਕਿਹਾ ਕਿ ਸਵ: ਸੁਖਦੇਵ ਸਿੰਘ ਢੀਂਡਸਾ ਅਕਾਲੀ ਸਿਆਸਤ ਦੇ ਵੱਡੇ ਥੰਮ ਸਨ ਤੇ ਸਿਆਸਤ ਤੋਂ ਇਲਾਵਾ ਮੇਰੇ ਉਨ੍ਹਾਂ ਨਾਲ ਪਰਿਵਾਰਕ ਤੌਰ 'ਤੇ ਵੀ ਚੰਗੇ ਸੰਬੰਧ ਸਨ। ਸੈਣੀ ਨੇ ਕਿਹਾ ਕਿ ਸਵ: ਢੀਂਡਸਾ ਹਮੇਸ਼ਾ ਹੀ ਪੰਜਾਬ ਲਈ ਫਿਕਰਮੰਦ ਰਹੇ ਅਤੇ ਪੰਜਾਬ ਦੇ ਵਿਕਾਸ 'ਚ ਆਪਣਾ ਵਡਮੁੱਲਾ



ਯੋਗਦਾਨ ਦਿੱਤਾ।

ਇਸ ਮੌਕੇ ਅਰਵਿੰਦ ਖੰਨਾ ਨੇ ਕਿਹਾ ਕਿ ਸਵ: ਸੁਖਦੇਵ ਢੀਂਡਸਾ ਬਹੁਤ ਸੂਝਵਾਨ ਅਤੇ ਨੇਕ ਦਿੱਲ ਸਿਆਸਤਦਾਨ ਸਨ ਜਿਨ੍ਹਾਂ ਦੇ ਯੋਗਦਾਨ ਨੂੰ ਪੰਜਾਬ ਕਦੇ ਵੀ ਭੁਲਾ ਨਹੀਂ ਸਕਦਾ। ਉਨ੍ਹਾਂ ਹਮੇਸ਼ਾ ਹੀ ਪੰਜਾਬ ਦੇ ਹਿੱਤਾਂ ਦੀ ਰਾਖੀ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਧਰਮਿੰਦਰ ਸਿੰਘ ਦੁਲਟ ਜ਼ਿਲਾ ਪ੍ਰਧਾਨ ਬੀਜੇਪੀ ਸੰਗਰੂਰ, ਅੰਮ੍ਰਿਤ ਰਾਜ ਦੀਪ ਸਿੰਘ ਚੱਠਾ ਜਿਲਾ ਪ੍ਰਧਾਨ, ਗੁਰਤੇਜ ਸਿੰਘ ਝਨੇੜੀ ਇੰਚਾਰਜ ਟਰਾਂਸਪੋਰਟ ਸੈਲ ਪੰਜਾਬ, ਸਰਜੀਵਨ ਜਿੰਦਲ, ਸ੍ਰੀ ਰਜੇਸ਼ ਥਰੇਜਾ, ਵਿਜੇ ਸਾਹਨੀ ਸੀਨੀਅਰ ਆਗੂ, ਦੀਪਕ ਅਗਰਵਾਲ ਐਮ.ਸੀ, ਹਰੀ ਸਿੰਘ ਫੱਗੂਵਾਲਾ, ਚਰਨਜੀਤ ਸ਼ਾਰਦਾ, ਵਿਜੇ ਢੀਂਗਰਾ, ਮਨਪ੍ਰੀਤ ਕੌਰ, ਦਿਨੇਸ਼ ਪਰੋਚਾ, ਨਰਿੰਦਰ ਕੁਮਾਰ ਗੁਪਤਾ, ਮਾਸਟਰ ਸੁਰਿੰਦਰ ਸ਼ਰਮਾ, ਗੁਰਜੀਤ ਸਿੰਘ ਘਨੌਰੀ ਕਲਾਂ, ਪ੍ਰਦੀਪ ਗਰਗ, ਸੰਦੀਪ (ਸਾਜਨ ਗਾਰਮੈਂਟਸ), ਪ੍ਰਦੁਮਨ ਸ਼ਰਮਾ, ਪ੍ਰੋਫੈਸਰ ਅਰੁਣਜੀਤ ਸਿੰਘ ਸਰਾਓ, ਪਿਯੂਸ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਹੁੰਚੇ ਭਾਜਪਾ ਦੇ ਵਰਕਰਾਂ ਨੇ ਵਿਸ਼ੇਸ਼ ਤੌਰ ਤੇ ਢੀਂਡਸਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਸਮਾਜਸੇਵੀ ਪ੍ਰੀਤੀ ਮਹੰਤ ਅਤੇ ਬਾਵਾ ਮਹੰਤ ਨੇ ਧੂਮ ਧਾਮ ਨਾਲ ਕੀਤਾ ਪੋਤੀ ਦਾ ਵਿਆਹ

ਸੰਗਰੂਰ 7 ਜੂਨ (ਹਰਕੰਵਲ ਸਿੰਘ ਹੈਪੀ) ਸਮਾਜਸੇਵੀ ਪ੍ਰੀਤੀ ਮਹੰਤ ਅਤੇ ਬਾਵਾ ਮਹੰਤ ਵੱਲੋਂ ਆਪਣੀ ਪੋਤੀ ਅਮਨਦੀਪ ਕੌਰ ਦਾ ਵਿਆਹ ਪਿੰਡ ਬੰਧਨੀ ਕਲਾਂ ਜਿਲ੍ਹਾ ਮੋਗਾ ਦੇ ਵਸਨੀਕ ਕੁਲਦੀਪ ਸਿੰਘ ਨਾਲ ਸਥਾਨਕ ਸੰਗਰੂਰ ਦੇ ਇੱਕ ਨਿੱਜੀ ਰਿਜ਼ੋਟ ਵਿਖੇ ਬੜੀ ਹੀ ਧੂਮ ਧਾਮ ਦੇ ਨਾਲ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸਮਾਜਸੇਵੀ ਸਖਸ਼ੀਅਤਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਨਵੀਂ ਵਿਆਹੀ ਜੋੜੀ ਨੂੰ ਮੁਬਾਰਕਬਾਦ ਦਿੱਤੀ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ



ਸਮਾਜਸੇਵੀ ਪ੍ਰੀਤੀ ਮਹੰਤ ਜੀ ਨੇ ਦੱਸਿਆ ਕਿ ਸ਼ਿੰਦਰ ਮਹੰਤ ਉਰਫ ਸੁੱਖੀ ਪਿੰਡ ਬੇਨੜਾ ਸੰਗਰੂਰ ਵੱਲੋਂ ਗੋਦ ਲਈ ਗਈ ਲੜਕੀ ਅਮਨਦੀਪ ਕੌਰ ਦਾ ਵਿਆਹ ਕੁਲਦੀਪ ਸਿੰਘ ਦੇ ਨਾਲ ਕਰਵਾਇਆ ਗਿਆ ਹੈ। ਪ੍ਰੀਤੀ ਮਹੰਤ ਜੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਅਨੇਕਾਂ ਲੜਕੀਆਂ ਨੂੰ ਗੋਦ ਲੈ ਕੇ ਉਹਨਾਂ ਦੇ ਵਿਆਹ ਕਰਵਾਏ ਗਏ ਹਨ।ਇਸ ਮੌਕੇ ਤੱਬੂ ਮਹੰਤ, ਚੰਦਰਮੁਖੀ ਮਹੰਤ, ਰਜਨੀ ਮਹੰਤ ਤਪਾ, ਵਿਸ਼ਵਨੂਰ ਮਹੰਤ ਸੰਗਰੂਰ, ਖੁਸ਼ੀ, ਜਸ਼ਨ, ਸਹਿਬੀ ਮਹੰਤ, ਭਾਈ ਬਲਜੀਤ, ਅਮਨ, ਮਾਹੀ ਸੁਨਾਮ, ਆਸ਼ੂ ਮਹੰਤ, ਕਿਰਨਾਂ ਮਹੰਤ ਹੰਡਿਆਇਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣਾਂ ਨੇ ਨਵੀਂ ਵਿਆਹੀ ਜੋੜੀ ਨੂੰ ਮੁਬਾਰਕਬਾਦ ਅਤੇ ਆਸ਼ੀਰਵਾਦ ਦਿੱਤਾ।



# ਪਟਿਆਲਾ-ਆਸ/ਪਾਸ



## ਈਦ-ਉਲ-ਜ਼ੂਹਾ (ਬਕਰੀਦ) ਦੀ ਨਮਾਜ਼ ਬੜੀ ਅਕੀਦਤ ਅਤੇ ਸ਼ਰਧਾ ਨਾਲ ਅਦਾ ਕੀਤੀ

### ☛ਡਾ. ਜਮੀਲ ਉਰ ਰਹਿਮਾਨ ਨੇ ਮੁਸਲਿਮ ਭਾਈਚਾਰੇ ਨੂੰ ਵਧਾਈਆਂ ਦਿੱਤੀਆਂ



ਮਲੇਰਕੋਟਲਾ, 7 ਜੂਨ (ਚ.ਨ.ਸ.) : ਮਾਲੇਰਕੋਟਲਾ ਵਿਖੇ ਅੱਜ ਈਦ-ਉਲ- ਜ਼ੂਹਾ (ਬਕਰੀਦ) ਦੀ ਨਮਾਜ਼ ਬੜੀ ਅਕੀਦਤ ਅਤੇ ਸ਼ਰਧਾ ਨਾਲ ਅਦਾ ਕੀਤੀ ਗਈ। ਨਮਾਜ਼ ਤੋਂ ਬਾਅਦ ਈਦਗਾਹ ਮਾਲੇਰਕੋਟਲਾ ਦੀ ਮੁੱਖ ਫ਼ਸੀਲ ਤੋਂ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਨੇ ਮੁਸਲਿਮ ਭਾਈਚਾਰੇ ਨੂੰ ਮੁਖਾਤਬ ਕਰਦਿਆਂ ਈਦ ਦੀਆਂ ਤਹਿ ਦਿਲੋਂ ਵਧਾਈਆਂ ਦਿੱਤੀਆਂ। ਵਿਧਾਇਕ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਈਦ-ਉਲ-ਜ਼ੂਹਾ ਸਿਰਫ਼ ਤਿਉਹਾਰ ਨਹੀਂ, ਸਗੋਂ ਇਹ ਇਮਾਨ, ਭਰੋਸੇ, ਸਮਰਪਣ, ਤਿਆਗ ਅਤੇ ਭਾਈਚਾਰੇ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਦਿਨ ਸਾਨੂੰ ਹਜ਼ਰਤ ਇਬਰਾਹੀਮ (ਅਲੇਹਿ ਸਲਾਮ) ਦੇ ਤਿਆਗ ਅਤੇ ਅਕੀਦਤ ਦੀ ਯਾਦ ਦਿਲਾਉਂਦਾ ਹੈ, ਜੋ ਸਾਡੀ ਰੂਹਾਨੀ ਮੀਰਾਸ ਦਾ ਅਹਿਮ ਹਿੱਸਾ ਹੈ। ਡਾ. ਜਮੀਲ ਉਰ ਰਹਿਮਾਨ ਨੇ ਇਸ ਮੌਕੇ 'ਰੰਗਲਾ ਪੰਜਾਬ' ਦੀ ਕਲਪਨਾ ਨੂੰ ਹਕੀਕਤ ਵਿੱਚ ਬਦਲਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਚਲਾਏ ਗਏ ਯਤਨਾਂ ਨੂੰ ਸਰਾਹੁੰਦੇ ਹੋਏ ਪੰਜਾਬ ਅਤੇ ਮਾਲੇਰਕੋਟਲਾ ਵਾਸੀਆਂ ਨੂੰ ਮੁੱਖ ਮੰਤਰੀ ਵੱਲੋਂ ਵੀ ਵਧਾਈਆਂ ਦਿੱਤੀਆਂ। ਵਿਧਾਇਕ ਨੇ ਕਿਹਾ ਕਿ ਮਾਲੇਰਕੋਟਲਾ ਹਮੇਸ਼ਾ ਹੀ ਭਾਈਚਾਰੇ, ਪਿਆਰ ਅਤੇ ਇੱਕਜੁੱਟਤਾ ਦੀ ਧਰਤੀ ਰਹੀ ਹੈ। ਇੱਥੇ ਹਰ ਧਰਮ, ਜਾਤ ਅਤੇ ਭਾਸ਼ਾ ਦੇ ਲੋਕ ਪਿਆਰ ਅਤੇ ਇੱਤਫਾਕ ਨਾਲ ਰਹਿੰਦੇ ਹਨ, ਜੋ ਇਸ ਥਾਂ ਦੀ ਸਭਿਆਚਾਰਕ ਵਿਲੱਖਣਤਾ ਅਤੇ ਸੋਹਣੀ ਵਿਰਾਸਤ ਨੂੰ ਦਰਸਾਉਂਦੇ ਹਨ। ਮੁਫ਼ਤੀ-ਏ-ਆਜ਼ਮ ਹਜ਼ਰਤ ਮੌਲਾਨਾ ਮੁਫ਼ਤੀ ਇਰਤਕਾ ਉਲ ਹਸਨ ਸਾਹਿਬ ਨੇ ਵੀ ਨਮਾਜ਼ ਦੀ ਅਗਵਾਈ ਕਰਦਿਆਂ ਆਪਣੇ ਖ਼ੁਤਬੇ ਰਾਹੀਂ ਅਮਨ-ਸੁਖ, ਭਾਈਚਾਰੇ ਅਤੇ ਰਿਆਸਤ ਦੀ ਖ਼ੁਸ਼ਹਾਲੀ ਲਈ ਦੁਆ ਕੀਤੀ। ਇਸ ਮੌਕੇ ਇਲਾਕੇ ਦੇ ਹਜ਼ਾਰਾਂ ਲੋਕ, ਸਮਾਜ ਸੇਵਕ, ਧਾਰਮਿਕ ਆਗੂ, ਪੰਚਾਇਤੀ ਨੁਮਾਇੰਦਿਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਵੀ ਨਮਾਜ਼ ਵਿਚ ਭਾਗ ਲਿਆ। ਸਾਰੇ ਸਮਾਜ ਨੂੰ ਇਹ ਸੰਦੇਸ਼ ਦਿੱਤਾ ਗਿਆ ਕਿ ਅਸੀਂ ਧਰਮਾਂ, ਜਾਤੀਆਂ ਜਾਂ ਭਾਸ਼ਾਵਾਂ ਤੋਂ ਉੱਪਰ ਉੱਠ ਕੇ ਇੱਕ-ਦੂਜੇ ਦੀ ਇਜ਼ਤ ਕਰੀਏ ਅਤੇ ਪੰਜਾਬ ਨੂੰ ਅਮਨ, ਤਰੱਕੀ ਅਤੇ ਭਾਈਚਾਰੇ ਦੀ ਮਿਸਾਲ ਬਣਾਈਏ । ਇਸ ਮੌਕੇ ਵੱਡੀ ਈਦ ਗਾਹ ਦੇ ਪ੍ਰਧਾਨ ਮੁਹੰਮਦ ਨਜ਼ੀਰ, ਜਰਨਲ ਸਕੱਤਰ ਡਾਕਟਰ ਅਬਦੁਲ ਗੁਫਾਰ, ਅਬਦੁੱਲ ਲਤੀਫ ਪੱਪੂ, ਮੂਨਿਸ ਰਹਿਮਾਨ, ਕੈਸ਼ੀਅਰ ਨਸੀਮ ਉਰ ਰਹਿਮਾਨ ਘੁਕਲਾ ,ਜ਼ਹੂਰ ਚੁਹਾਨ , ਇਮਤਿਆਜ਼ ਬਾਬੂ, ਅਸਲਮ ਬਾਚੀ , ਸਾਂਬਰ ,ਰਿਜ਼ਵਾਨ ਅਹਿਮਦ, ਇਸਰਾਰ ਨੀਜਾਮੀ,ਮੁਹੰਮਦ ਅਸਰਫ਼, ਤੋਂ ਇਲਾਵਾ ਸਿਵਲ ਅਤੇ ਪੁਲਿਸ ਪ੍ਰਸਾਸਨਿਕ ਅਧਿਕਾਰੀ ਮੌਜੂਦ ਸਨ ।

## ਨਸ਼ਾ ਤਸਕਰਾਂ ਦੀਆਂ ਗਵਾਹੀਆਂ ਦੇਣ ਵਾਲੇ ਹੁਣ ਸਾਨੂੰ ਰਾਜਨੀਤੀ ਸਿਖਾਉਣਗੇ : 'ਆਪ' ਆਗੂ

### ☛ਬੀਬਾ ਜੈਇੰਦਰ ਜੀ ਪ੍ਰੈਸ ਕਾਨਫਰੰਸ ਕਰਨ ਤੋਂ ਪਹਿਲਾਂ ਤੁਸੀਂ ਪੂਰੀ ਜਾਣਕਾਰੀ ਹਾਸਲ ਕਰ ਲਿਆ ਕਰੋ

### ☛ਪਿਛਲੀਆਂ ਸਰਕਾਰਾਂ ਦੇ ਅਧੂਰੇ ਕੰਮ ਹੁਣ ਸਾਡੀ ਸਰਕਾਰ ਗਿਣ-ਗਿਣ ਕੇ ਪੂਰੇ ਕਰੇਗੀ



ਪਟਿਆਲਾ, 7 ਜੂਨ (ਗੁਰਮੁੱਖ ਰੁਪਾਣਾ) : ਆਮ ਆਦਮੀ ਪਾਰਟੀ ਦੇ ਸੀਨੀਅਰ ਕੌਂਸਲਰ ਗੁਰਜੀਤ ਸਿੰਘ ਸਾਹਨੀ, ਜਗਤਾਰ ਸਿੰਘ ਜੱਗੀ, ਰਮਨਦੀਪ ਕੌਰ ਅਤੇ ਸ਼ਹਿਰੀ ਮਹਿਲਾ ਵਿੰਗ ਪ੍ਰਧਾਨ ਮੋਨਿਕਾ ਸ਼ਰਮਾ ਨੇ ਭਾਜਪਾ ਮਹਿਲਾ ਮੋਰਚਾ ਪ੍ਰਧਾਨ ਬੀਬਾ ਜੈਇੰਦਰ ਕੌਰ ਨੂੰ ਆੜੇ ਹੱਥੀਂ ਲੈਂਦਿਆਂ ਹਰ ਇੱਕ ਗੱਲ ਦਾ ਜਵਾਬ ਦਿੱਤਾ। ਆਗੂਆਂ ਨੇ ਕਿਹਾ ਕਿ ਬੀਬਾ ਜੀ ਜਿਨ੍ਹਾਂ ਆਗੂਆਂ 'ਤੇ ਤੁਸੀਂ ਲੋੜ ਤੋਂ ਵੱਧ ਭਰੋਸਾ ਕਰਦੇ ਹੋ ਉਨ੍ਹਾਂ ਤੁਹਾਡੇ ਆਗੂਆਂ ਨੂੰ ਇਹ ਵੀ ਨਹੀਂ ਪਤਾ ਕਿ ਕਿਹੜੀ ਗੱਲ ਕਦੋਂ ਅਤੇ ਕਿੱਥੇ ਕਰਨੀ ਹੈ। ਉਨ੍ਹਾਂ ਕਿਹਾ ਕਿ ਤੁਸੀਂ ਆਪਣੇ ਆਗੂਆਂ ਨੂੰ ਲਗਾਮ ਲਗਾਓ, ਨਹੀਂ ਤਾਂ ਇਹ ਸਾਰੇ ਤੁਹਾਨੂੰ ਲੈ ਡੁੱਬਣਗੇ। ਆਪ ਆਗੂਆਂ ਨੇ 20 ਕਰੋੜ ਦੇ ਟੈਂਡਰ ਮਾਮਲੇ ਵਿੱਚ ਕਿਹਾ ਕਿ ਇਹ ਟੈਂਡਰ ਪਹਿਲਾਂ ਨਗਰ ਨਿਗਮ ਨੇ ਕੈਂਸਲ ਕੀਤੇ ਅਤੇ ਉਸ ਤੋਂ ਬਾਅਦ 5 ਫੀਸਦੀ ਲੈਸ ਉਪਰ ਮੁੜ ਤੋਂ ਸਾਰੇ ਟੈਂਡਰ ਲਗਾਏ। ਇਸ ਲਈ ਜਿਹੜੀ ਸ਼ਿਕਾਇਤ ਦੀ ਗੱਲ ਤੁਸੀਂ ਕਰ ਰਹੇ ਹੋ ਕਿ ਸਾਡੇ ਠੇਕੇਦਾਰਾਂ ਨੇ ਵਿਧਾਇਕ ਨੂੰ ਸ਼ਿਕਾਇਤ ਕੀਤੀ, ਜਦਕਿ ਇਹ ਮਾਮਲਾ ਵਿਧਾਇਕ ਦੇ ਅਧੀਨ ਨਹੀਂ, ਨਗਰ ਨਿਗਮ ਅਧੀਨ ਆਉਂਦਾ ਹੈ, ਜਦੋਂ ਵੀ ਕੋਈ ਚਾਹੇ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰ ਸਕਦਾ ਹੈ। ਇੱਥੋਂ ਤੱਕ ਕਿ ਅੱਜ ਕੱਲ ਟੈਂਡਰ ਪ੍ਰੀਕ੍ਰਿਆ ਆਨਲਾਈਨ ਹੈ। ਕੋਈ ਵੀ ਵਿਅਕਤੀ ਕਿਸੇ ਵੀ ਸਮੇਂ ਟੈਂਡਰ ਪਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਟੈਂਡਰ ਸਮੇਤ ਹੋਰਨਾਂ ਕੰਮਾਂ ਦੀ ਪ੍ਰੀਕ੍ਰਿਆ ਅਤੇ ਕੰਡੀਸ਼ਨਾਂ ਕੋਈ ਵੀ ਮੇਅਰ ਜਾਂ ਵਿਧਾਇਕ ਘਰ ਬੈਠ ਕੇ ਨਹੀਂ ਬਣਾਉਂਦਾ। ਇਹ ਸਾਰਾ ਕੁਝ ਸਰਕਾਰ ਵੱਲੋਂ ਕਾਨੂੰਨ ਮੁਤਾਬਕ ਤੈਅ ਕੀਤਾ ਜਾਂਦਾ ਹੈ। ਆਗੂਆਂ ਨੇ ਕਿਹਾ ਕਿ ਤੁਸੀਂ ਆਪਣੀ ਸਰਕਾਰ ਸਮੇਂ ਟਾਈਲਾਂ ਦੀਆਂ ਫੈਕਟਰੀਆਂ ਆਪਣੇ ਚਹੇਤਿਆਂ ਤੋਂ ਲਗਾਈਆਂ ਅਤੇ ਸਾਰਾ ਸ਼ਹਿਰ ਟਾਈਲਾਂ ਨਾਲ ਭਰ ਦਿੱਤਾ, ਜਿਸ ਦਾ ਖਮਿਆਜ਼ਾ ਅੱਜ ਤੱਕ ਪੂਰਾ ਪਟਿਆਲਾ ਸ਼ਹਿਰ ਭੁਗਤ ਰਿਹਾ ਹੈ। ਇਸ ਲਈ ਤੁਹਾਡੇ ਕੀਤੇ ਘਪਲਿਆਂ ਦੇ ਚਰਚੇ ਪੂਰੇ ਦੇਸ਼ ਵਿਚ ਹੋ ਰਹੇ ਹਨ ਅਤੇ ਤੁਸੀਂ 1 ਹਜ਼ਾਰ ਕਰੋੜ ਲਾਉਣ ਦੇ ਦਾਅਵੇ ਕੀਤੇ ਸੀ, ਜੋ ਬੇਬੁਨਿਆਦ ਨਿਕਲੇ ਅਤੇ ਤੁਸੀਂ ਸਿਰਫ਼ ਗੱਲਾਂ ਰਾਹੀਂ ਸਿਆਸਤ ਚਮਕਾਉਣ ਤੱਕ ਸੀਮਤ ਰਹਿ ਰਹੇ ਹੋ। ਇਹ ਗੱਲਾਂ ਤੁਹਾਨੂੰ ਸ਼ੋਭਾ ਨਹੀਂ ਦਿੰਦੀਆਂ, ਕਿਉਂਕਿ ਤੁਸੀਂ ਸਾਬਕਾ ਮੁੱਖ ਮੰਤਰੀ ਅਤੇ ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਦੀ ਬੇਟੀ ਹੋ। 'ਆਪ' ਆਗੂਆਂ ਨੇ ਕਿਹਾ ਕਿ ਸ਼ਹਿਰ ਦੀ ਵੱਡੀ ਨਦੀ, ਛੋਟੀ ਨਦੀ, ਰਾਜਿੰਦਰਾ ਲੇਕ, ਹੈਰੀਟੇਜ਼ ਸਟਰੀਟ ਜੋ ਕਿ ਤੁਹਾਡੀਆਂ ਸਰਕਾਰਾਂ ਵੇਲੇ ਬਿਨਾਂ ਕਿਸੇ ਪਲਾਨਿੰਗ ਤੋਂ ਸ਼ੁਰੂ ਕੀਤੇ ਸਨ ਅਤੇ ਅੱਧ ਵਿਚਕਾਰ ਲਟਕ ਰਹੇ ਹਨ। ਇਹ ਸਾਰੇ ਕੰਮ ਹੁਣ ਅਸੀਂ ਆਪਣੀ ਸਰਕਾਰ ਵਿਚ ਪੂਰੇ ਕਰਾਂਗੇ, ਜਿਸ ਦੇ ਨਤੀਜੇ ਜਲਦੀ ਸਾਹਮਣੇ ਆਉਣਗੇ। ਅੰਤ ਵਿਚ ਇਨ੍ਹਾਂ ਆਗੂਆਂ ਨੇ ਕਿਹਾ ਕਿ ਤੁਹਾਡੇ ਨਾਲ ਬੈਠੇ ਆਗੂ ਨਸ਼ਾ ਤਸਕਰਾਂ ਦੀਆਂ ਗਵਾਹੀਆਂ ਦਿੰਦੇ ਹਨ, ਜੋ ਕਿ ਸਾਨੂੰ ਰਾਜਨੀਤੀ ਸਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਲਈ ਤੁਸੀਂ ਇਨ੍ਹਾਂ ਨੂੰ ਸਮਝਾਓ, ਨਹੀਂ ਤਾਂ ਇਹ ਰਲ-ਮਿਲ ਕੇ ਤੁਹਾਡੇ ਸਾਰੇ ਰਾਜਨੀਤਕ ਢਾਂਚੇ ਨੂੰ ਤਹਿਸ-ਨਹਿਸ ਕਰ ਦੇਣਗੇ।

## ਜ਼ਿਆਦਾਤਰ ਸੜਕੀ ਹਾਦਸੇ ਸ਼ਰਾਬ ਪੀ ਕੇ ਤੇ ਓਵਰਸਪੀਡ ਵਹੀਕਲਜ਼ ਚਲਾਉਣ ਨਾਲ ਵਾਪਰਦੇ ਨੇ : ਰਾਮਕੇਸ



ਪਟਿਆਲਾ, 7 ਜੂਨ (ਚ.ਨ.ਸ.) : ਸੜਕ ਸੁਰੱਖਿਆ ਫੋਰਸ ਪਟਿਆਲਾ ਰੇਂਜ ਵੱਲੋਂ ਏ.ਡੀ.ਜੀ.ਪੀ ਟ੍ਰੈਫਿਕ ਏ.ਐਸ.ਰਾਏ ਦੀ ਸਰਪ੍ਰਸਤੀ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਵੱਖ-ਵੱਖ ਵਹੀਕਲਜ਼ ਉਪਰ ਰਿਫਲੈਕਟਰ ਲਗਾਉਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਇੰਸਪੈਕਟਰ ਰਾਮਕੇਸ ਰੇਜ ਅਫ਼ਸਰ ਸੜਕ ਸੁਰੱਖਿਆ ਫੋਰਸ ਪਟਿਆਲਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਨੇ ਕੀਤੀ, ਵਿਸ਼ੇਸ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ, ਨੇ ਸ਼ਿਰਕਤ ਕੀਤੀ। ਇਸ ਮੌਕੇ ਇੰਸਪੈਕਟਰ ਰਾਮਕੇਸ ਰੇਜ ਅਫ਼ਸਰ ਸੜਕ ਸੁਰੱਖਿਆ ਫੋਰਸ ਪਟਿਆਲਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵੱਲੋਂ ਵਾਹਨਾਂ ਉਪਰ ਰਿਫਲੈਕਟਲਰ ਲਗਾਉਣੇ ਪ੍ਰਸੰਸਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਟਿੱਪਰ ਡਰਾਈਵਰ ਨੂੰ ਕਿਹਾ ਕਿ ਉਹੋਆਪਣੇ ਟਿੱਪਰ ਓਵਰਲੋਡ ਨਾ ਕਰਨ ਅਤੇ ਓਵਰ ਸਪੀਡ ਨਾਲ ਨਾ ਚਲਾਉਣ ਜੇਕਰ ਇਹਨਾਂ ਦੀ ਉਲੰਘਣਾ ਕੀਤੀ ਤਾਂ ਉਹਨਾਂ ਦੇ ਟਿੱਪਰ ਜ਼ਬਤ ਕੀਤੇ ਜਾਣਗੇ, ਉਹਨਾਂ ਹੋਰਨਾਂ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਦੋ ਪਹੀਆ ਵਾਹਨ ਉਪਰ ਹੈਲਮਟ ਅਤੇ ਚਾਰ ਪਹੀਆ ਵਾਹਨ ਚਲਾਉਂਦੇ ਹੋਏ ਸੀਟ ਬੈਲਟ ਦੀ ਵਰਤੋਂ ਨਾ ਕਰਨਾ ਅਤੇ ਮੋਬਾਇਲ ਫੋਨ ਦੀ ਵਰਤੋਂ ਐਕਸੀਡੈਂਟ ਦਾ ਮੁੱਖ ਕਾਰਨ ਬਣਦੀ ਹੈ, ਇਸ ਲਈ ਵਾਹਨ ਚਾਲਕ ਪੂਰੀ ਸੂਝਬੂਝ ਨਾਲ ਵਾਹਨ ਚਲਾਉਣ ਅਤੇ ਓਵਰਟੇਕ ਨਾ ਕਰਨ, ਸਪੀਡ ਹੋਲੀ ਰੱਖਣ ਅਤੇ ਟਰੈਫਿਕ ਨਿਯਮਾ ਦੀ ਪਾਲਨਾ ਕਰਨ। ਇਸ ਮੌਕੇ 100 ਦੇ ਕਰੀਬ ਟਰੈਕਟਰ ਟਰਾਲੀਆਂ, ਟਿੱਪਰ, ਟਰੱਕ ਅਤੇ ਹੋਰਨਾਂ ਵਹੀਕਲਜ਼ ਉਪਰ ਰਿਫਲੈਕਟਰ ਲਗਾਏ ਗਏ।

## ਨਾਭਾ ਤੋਂ ਕੱਲਾਮਾਜਰਾ ਪੰਜਾਬ ਰੋਡਵੇਜ਼ ਦੀ ਬੱਸ ਦੀ ਪਹਿਲੀ ਸੇਵਾ ਸ਼ੁਰੂ



ਨਾਭਾ, 7 ਜੂਨ (ਬਲਜਿੰਦਰ ਮਾਨ) : ਨਾਭਾ ਬਲਾਕ ਦੇ ਪਿੰਡ ਕੱਲਾਮਾਜਰਾ ਵਿਖੇ ਬੜੇ ਲੰਮੇ ਸਮੇਂ ਤੋਂ ਨਗਰ ਨਿਵਾਸੀਆਂ ਮੰਗ ਕਰ ਰਹੇ ਸਨ, ਬੜੇ ਲੰਮੇ ਸਮੇਂ ਬਾਅਦ ਹੁਣ ਪੰਜਾਬ ਰੋਡਵੇਜ਼ ਦੀ ਬੱਸ ਦੀ ਸੇਵਾ ਸ਼ੁਰੂ ਹੋ ਗਈ ਹੈ। ਇਸ ਮੌਕੇ ਨਗਰ ਨਿਵਾਸੀਆਂ ਅਤੇ ਪੰਚਾਇਤ ਵੱਲੋਂ ਇਕੱਠੇ ਹੋ ਕੇ ਅਰਦਾਸ ਕੀਤੀ ਗਈ। ਇਸ ਮੌਕੇ ਨਗਰ ਨਿਵਾਸੀਆਂ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਸਾਡੇ ਪਿੰਡ ਵਿੱਚ ਕਿਸੇ ਤਰ੍ਹਾਂ ਦੀ ਬੱਸ ਦੀ ਦੀ ਸਰਵਿਸ ਨਹੀਂ ਸੀ ਕਿਉਂਕਿ ਸਾਡੇ ਪਿੰਡ ਸਾਈਡ ਤੇ ਹੋਣ ਕਰਕੇ ਇਧਰ ਨੂੰ ਕੋਈ ਰੂਟ ਨਹੀਂ ਸੀ ਬਣਦਾ ਅਸੀਂ ਲੰਮੇ ਸਮੇਂ ਤੋਂ ਬਾਰ-ਬਾਰ ਪੀਆਰਟੀਸੀ ਮਹਿਕਮੇ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਰਹੇ ਸੀ ਅਤੇ ਅਸੀਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਬੇਨਤੀ ਕੀਤੀ ਸੀ। ਉਹਨਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਦੇ ਹੋਏ ਸਾਡੇ ਨਗਰ ਕੱਲੇਮਾਜਰੇ ਵਿਖੇ ਪੀ.ਆਰ.ਟੀ.ਸੀ. ਬੱਸ ਦੀ ਸੇਵਾ ਸ਼ੁਰੂ ਕੀਤੀ ਹੈ, ਜੋ ਕਿ ਨਾਭਾ ਤੋਂ ਚੱਲ ਕੇ ਕੱਲਾਮਾਜਰਾ ਅਤੇ ਸੌਜੇ ਤੋਂ ਹੋ ਕੇ ਪਿੰਡਾਂ ਵਿੱਚ ਦੀ ਪਟਿਆਲੇ ਪਹੁੰਚ ਜਾਂਦੀ ਹੈ। ਇਸ ਮੌਕੇ ਸਰਪੰਚ ਜਸਪਾਲ ਸਿੰਘ, ਮੋਹਨ ਸਿੰਘ ਪੰਚ, ਗੁਰਜੀਤ ਸਿੰਘ ਖਜਾਨਚੀ,ਨਾਜਰ ਸਿੰਘ ਪੰਚ, ਸੁੰਦਰ ਸਿੰਘ ਪੰਚ, ਮਨਜੀਤ ਕੌਰ ਪੰਚ, ਕਰਮਜੀਤ ਕੌਰ ਪੰਚ, ਰਿਖੀ ਸਿੰਘ, ਲਵਪ੍ਰੀਤ ਸਿੰਘ, ਗੁਰਮੇਲ ਸਿੰਘ ਨੰਬਰਦਾਰ ਹਾਜ਼ਰ ਸਨ।

## 'ਹਰ ਮਨੁੱਖ ਲਾਵੇ ਦੋ ਰੁੱਖ', 'ਏਕ ਪੇੜ ਮਾਂ ਦੇ ਨਾਮ' ਮੁਹਿੰਮ ਤਹਿਤ ਬੂਟੇ ਲਗਾ ਕੇ ਵਾਤਾਵਰਨ ਸੰਭਾਲਣ ਲਈ ਹੰਭਲਾ ਮਾਰਨ ਦੀ ਲੋੜ : ਮੇਅਰ ਗੋਗੀਆ



ਪਟਿਆਲਾ, 7 ਜੂਨ (ਚ.ਨ.ਸ.) : ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋਂ ਨਹਿਰੂ ਪਾਰਕ ਵਿੱਚ ਏਕ ਪੇੜ ਮਾਂ ਦੇ ਨਾਮ' ਲਹਿਰ ਤਹਿਤ ਉੱਘੇ ਸਮਾਜ ਸੇਵੀ ਉਪਕਾਰ ਸਿੰਘ ਦੀ ਅਗਵਾਈ ਵਿੱਚ ਬੂਟੇ ਲਗਵਾਉਣ ਅਤੇ ਲੱਗੇ ਬੂਟੇ ਸੰਭਾਲਣ ਲਈ ਸ਼ਹਿਰ ਦੇ ਮੇਅਰ ਕੁੰਦਨ ਗੋਗੀਆ ਪਾਰਕ ਵਿੱਚ ਗੁਲਮੋਰ,ਨਿੰਮ,ਅਮੀਤਾਜ ਆਦਿ ਛਾਂ ਦਾਰ ਬੂਟੇ ਲਗਾ ਕੇ ਵਾਤਾਵਰਨ ਸ਼ੁਧ ਰੱਖਣ ਲੱਈ ਬੂਟੇ ਲਗਾਏ। ਇਸ ਮੌਕੇ ਗੋਗੀਆ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਸਾਡਾ ਵਿਰਾਸਤੀ ਬਾਗਾਂ ਦਾ ਸ਼ਹਿਰ ਹਰਿਆ ਭਰਿਆ ਰੱਖਣ ਲਈ ਵੱਧ ਤੋ ਵੱਧ ਬੂਟੇ ਲਗਾਏ ਜਾਣ 'ਤੇ ਲੱਗੇ ਬੂਟਿਆ ਦੀ ਸਾਂਭ ਸੰਭਾਲ ਵੀ ਕਰਨ ਮੇਅਰ ਨੇ ਖਾਸ ਤੋਰ ਤੇ ਉਪਕਾਰ ਸਿੰਘ ਤੇ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਦਾ ਧੰਨਵਾਦ ਵੀ ਕੀਤਾ ਇਹਨਾਂ ਵੱਲੋਂ ਚਲਾਈ ਮਹਿਮ ' ਹਰ ਮਨੁੱਖ ਲਾਵੇ ਦੋ ਰੁੱਖ' ਪਿਛਲੇ ਦੋ ਦਹਾਕਿਆਂ ਤੋਂ ਚਲਾਈ ਹੋਈ ਹੈ। ਸ਼ਹਿਰ ਵਿੱਚ ਕੋਈ ਪਾਰਕ, ਸਕੂਲ , ਗਰਾਊਂਡ ਮਲਟੀਪਰਪਜ਼ ਸਕੂਲ ਤੋਂ ਥਾਪਰ ਯੂਨਵਰਸਟੀ, ਵਿਕਰਮ ਕਾਲਜ, ਸਟੇਟ ਕਾਲਜ ,ਸਰੀਰਕ ਸਿੱਖਿਆ ਕਾਲਜ, ਬੀ ਐਡ ਕਾਲਜ,ਸੈਂਟਰ ਜੇਲ ਸਕੂਲ ਆਦਿ ਵੱਖ-ਵੱਖ ਪਿੰਡਾਂ,ਥਾਵਾਂ 'ਤੇ ਬੂਟੇ ਲਗਾਉਂਦੇ ਆ ਰਹੇ ਹਨ। ਇਸ ਤੋਂ ਇਲਾਵਾ ਮੈਡੀਕਲ ਕੈਂਪ,ਅੱਖਾਂ ਦੇ ਕੈਂਪ, ਕਰੋਨਾ ਦੌਰਾਨ ਕੈਂਪ, ਇਹਨਾਂ ਦੀ ਟੀਮ ਹੜਾਂ ਵਿੱਚ ਪਿੰਡਾਂ ਵਿੱਚ ਜਾ ਕੇ ਸਮਾਜ ਦੀ ਸੇਵਾ ਕੀਤੀ ਹੈ। ਇਸ ਮੌਕੇ ਰਾਮ ਸ਼ਰਨ ਏ ਐਸ ਆਈ ਜ਼ਿਲ੍ਹਾ ਐਜੂਕੇਸ਼ਨ ਸੈਲ ਪਟਿਆਲਾ ਪੁਲਿਸ, ਸਟੇਟ ਐਵਾਰਡੀ ਪ੍ਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆਂ ਅਤੇ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ,ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਅਭਿਆਨ, ਪ੍ਰੋ. ਮੋਦਗਿਲ,ਮਨੋਹਰ ਗੋਗੀਆ, ਰਵਿੰਦਰ ਸਿੱਧੂ, ਪੂਜਾ ਜਿੰਦਲ, ਹਰਮੀਤ ਉੱਪਲ, ਚਰਨਪਾਲ ਸਿੰਘ,ਲੱਖਾ ਜੀ ਵੇਦ, ਵਿੰਸੀ, ਸੋਢੀ, ਬੇਦੀ,ਖੰਨਾ,ਸੂਦ ਫੈਮਲੀ, ਗੁਰਵਿੰਦਰ ਸਿੰਘ, ਮੋਹਨ ਲਾਲ,ਪੱਪੂ ਹਾਜ਼ਰ ਸਨ। ਅਖੀਰ ਵਿੱਚ ਸਾਰਿਆ ਦਾ ਧੰਨਵਾਦ ਡਾ ਹਰਨੇਕ ਸਿੰਘ ਢੋਟ ਸਾਬਕਾ ਸਹਾਇਕ ਡਰੈਕਟਰ ਭਾਸ਼ਾ ਵਿਭਾਗ ਪੰਜਾਬ ਨੇ ਕੀਤਾ ਤੇ ਆਮ ਪਬਲਿਕ ਨੂੰ ਸਨੇਹਿਆ ਲਾਇਆ 'ਹਰ ਮਨੁੱਖ ਲਾਵੇ ਦੋ ਰੁੱਖ' ਅਤੇ 'ਏਕ ਪੇੜ ਮਾਂ ਦੇ ਨਾਮ' ਲਹਿਰ ਨਾਲ ਜੁੜੋ।

## ਕਿਸਾਨ ਯੂਨੀਅਨ ਪੁਆਦ ਦੀ ਫ਼ਸਲਾਂ ਦੇ ਮੁੱਦਿਆਂ ਨੂੰ ਲੈ ਕੇ ਮੀਟਿੰਗ



ਘਨੌਰ, 7 ਜੂਨ (ਮਦਨ ਲਾਲ) : ਅੱਜ ਕਿਸਾਨ ਯੂਨੀਅਨ ਪੁਆਧ ਦੀ ਮੀਟਿੰਗ ਗੁਰੂ ਘਰ ਕਾਰ ਸੇਵਾ ਘਨੌਰ ਵਿਖੇ ਹੋਈ । ਅੱਜ ਦੇ ਹਾਲਾਤ 'ਤੇ ਵਿਚਾਰ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਸਰਦਾਰਾ ਸਿੰਘ ਘੁਗਰਾ ਨੇ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਤਿਆਰ ਹੋਣ ਦਾ ਸੱਦਾ ਦਿੱਤਾ ਤੇ ਕੁਦਰਤੀ ਖੇਤੀ ਬਾਰੇ ਜਾਣਕਾਰੀ ਦੇ ਕੇ ਲੋਕਾਂ ਦਾ ਮਨ ਬਿਨ੍ਹਾਂ ਰੇਹ ਤੇ ਦਵਾਈ ਤੋਂ ਖੇਤੀ ਵੱਲ ਕਰਨ ਲਈ ਕਿਸਾਨਾਂ ਨੂੰ ਪ੍ਰੇਰਨ ਦਾ।ਪ੍ਰਣ ਕੀਤਾ।ਪੰਜਾਬ ਦੇ ਪ੍ਰਧਾਨ ਚਰਨਜੀਤ ਸਿੰਘਾ ਝੁੱਗੀਆ ਨੇ ਕਿਸਾਨਾਂ ਨੂੰ ਕਿਹਾ ਕੇ ਕਿਸਾਨ ਜੋ ਤੁਸੀ ਮਹਿੰਗੇ ਬੀਜ ਬਜਾਰ ਤੋਂ ਲੈ ਰਹੇ ਹੋ ਤੁਸੀਂ ਆਪਣੇ ਖੇਤ ਵਿੱਚੋਂ ਹੀ ਚੰਗੀ ਫਸਲ 'ਚ ਬੀਜ ਰੱਖੋ ਤਾਂ ਤੁਸੀ ਮਹਿੰਗੇ ਬੀਜ ਤੋਂ ਬਚਾਅ ਕਰ ਸਕਦੇ ਹੋ । ਨੌਜਵਾਨ ਆਗੂ ਕਰਮਜੀਤ ਸੋਨੂ ਬਘੌਰਾ ਨੇ ਕਿਹਾ ਆਪਣੇ ਆਪਣੇ ਪਿੰਡ ਵਿੱਚ ਨੌਜਵਾਨਾਂ ਨੂੰ ਚਿੱਟੇ ਤੇ ਸ਼ਰਾਬ ਤੋਂ ਬਚਾਅ ਲਈ ਨੌਜਵਾਨਾਂ ਨੂੰ ਪ੍ਰੇਰਿਆ ਜਾਵੇ । ਜਗਤਾਰ ਸਿੰਘ ਅਲਮਦੀਪੁਰ ਨੇ ਪੰਜਾਬ ਦੀ ਨਮੀ ਲੈਂਡ ਪੂਲਿੰਗ ਨੀਤੀਆਂ ਬਾਰੇ ਕਿਹਾ।ਇਸ ਵਿੱਚ ਕਿਸਾਨਾਂ ਦੇ ਭਲੇ ਲਈ ਕੁਝ ਵੀ ਨਹੀਂ ਇਸ ਨੂੰ ਦੁਬਾਰਾ ਵਿਚਾਰਿਆ ਜਾਵੇ। ਮੀਟਿੰਗ ਵਿੱਚ ਸੋਨੂ ਬਘੌਰਾ, ਗੁਰਜੀਤ ਸਿੰਘ ਸਰਾਲਾ, ਧੀਰਜ ਸਿੰਘ ਸਲੇਮ ਪੁਰ, ਗੁਰਮੀਤ ਸਿੰਘ ਸਧਾਰਸੀ ਗੁਰਦੀਪ ਸਿੰਘ ਰੁੜਕੀ, ਨਰਾਤਾ ਸਿੰਘ ਸ਼ਾਮਲ ਹੋਏ।

## ਸ਼ਹਿਰ ਦੇ ਚੌਕਾਂ 'ਚ ਲੱਗੇ ਬੁੱਤ ਬਿਆਨ ਰਹੇ ਨੇ ਇਤਿਹਾਸਕ ਦਾਸਤਾਨ

### ਹਰੀ ਸਿੰਘ ਨਲੂਆ, ਮਹਾਰਾਜਾ ਅਗਰਸੈਨ ਤੇ ਹੋਰ ਕਈ ਸਾਰੇ ਚੌਕ ਤੇ ਕਈ ਇਤਿਹਾਸਕ ਯਾਦਗਾਰਾਂ



ਪਟਿਆਲਾ, 7 ਜੂਨ (ਰੁਪਾਣਾ) : ਪਟਿਆਲਾ ਚੌਕਾਂ ਅਤੇ ਗੇਟਾਂ ਨਾਲ ਪਹਿਲਾਂ ਹੀ ਮਸ਼ਹੂਰ ਹੈ ਪਰ ਹੁਣ ਕੁਝ ਨਵੇਂ ਚੌਕ ਹੋਣ ਨਾਲ ਉਸ ਦੀ ਦਿੱਖ ਹੋਰ ਵੀ ਨਿੱਖਰੀ ਹੈ। ਪਹਿਲਾਂ ਹੀ ਬਣਾਏ ਗਏ ਚੌਕਾਂ ਨਾਲ ਨਵੀਂ ਪਨੀਰੀ ਨੂੰ ਪੰਜਾਬ ਦੇ ਇਤਿਹਾਸ ਦਾ ਪਤਾ ਲੱਗਦਾ ਸੀ ਪਰ ਹੁਣ ਕੁਝ ਹੋਰ ਚੌਕ ਬਣਾਏ ਗਏ ਹਨ ਜਿਨ੍ਹਾਂ ਬਾਰੇ ਜਾਣਦਿਆਂ ਬੱਚਿਆਂ ਨੂੰ ਇਤਿਹਾਸ ਬਾਰੇ ਹੋਰ ਪਤਾ ਲੱਗੇਗਾ। ਇਸ ਵੇਲੇ ਕੜਾਹ ਵਾਲੇ ਚੌਕ ਨੂੰ ਜਾਂਦੇ ਡਕਾਲਾ ਰੋਡ 'ਤੇ ਬਣਾਏ ਗਏ ਹਰੀ ਸਿੰਘ ਨਲੂਆ ਚੌਕ ਦੀ ਦਿੱਖ ਕਾਫ਼ੀ ਸੁੰਦਰ ਨਜ਼ਰ ਆਉਣ ਲੱਗ ਪਈ ਹੈ, ਇਸ ਚੌਕ ਦੀ ਵਿਸ਼ੇਸ਼ਤਾ ਹੈ ਕਿ ਇੱਥੇ ਹਰੀ ਸਿੰਘ ਨਲੂਆ ਦਾ ਬੁੱਤ ਵੀ ਲਗਾਇਆ ਗਿਆ ਹੈ। ਹਰੀ ਸਿੰਘ ਨਲੂਆ ਬਾਰੇ ਨਵੀਂ ਪਨੀਰੀ ਨੂੰ ਘੱਟ ਜਾਣਕਾਰੀ ਹੈ ਪਰ ਹੁਣ ਇਹ ਚੌਕ ਬਣਨ ਨਾਲ ਬੱਚੇ ਗੂੱਗਲ ਕਰਨ ਲੱਗ ਪਏ ਹਨ, ਇਸੇ ਤਰ੍ਹਾਂ ਬ੍ਰਿਟਿਸ਼ ਕੋ-ਐਡ ਸਕੂਲ ਦੇ ਨਾਲ ਬਣੇ ਚੌਕ ਦਾ ਨਾਮ ਮਹਾਰਾਜਾ ਅਗਰਸੈਨ ਚੌਕ ਰੱਖਿਆ ਹੈ ਜਿੱਥੇ ਮਹਾਰਾਜਾ ਅਗਰਸੈਨ ਦਾ ਬੁੱਤ ਵੀ ਲਗਾਇਆ ਗਿਆ ਹੈ। ਇਨ੍ਹਾਂ ਬੁੱਤਾਂ ਨੂੰ ਬਣਾਉਣ ਵਿਚ ਵਿਸ਼ੇਸ਼ ਤੌਰ 'ਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਭੂਮਿਕਾ ਨਿਭਾਈ ਹੈ, ਜਿਸ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਸੀ। ਇਸ ਤੋਂ ਇਲਾਵਾ ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਪਟਿਆਲਾ ਜੇਲ੍ਹ ਵਿਚ ਬੰਦ ਕੀਤੇ ਤੇ ਲੰਬੀ ਭੁੱਖ ਹੜਤਾਲ ਕਾਰਨ ਸ਼ਹੀਦ ਹੋਏ ਸੇਵਾ ਸਿੰਘ ਠੀਕਰੀਵਾਲਾ ਦਾ ਬੁੱਤ ਕੈਪਟਨ ਅਮਰਿੰਦਰ ਸਿੰਘ ਦੇ ਮਹਿਲਾਂ ਵੱਲ ਜਾਂਦੀ ਸੜਕ ਦੇ ਚੌਕ 'ਤੇ ਲਗਾਇਆ ਗਿਆ ਹੈ। ਇਸੇ ਤਰ੍ਹਾਂ ਡਾਕਖ਼ਾਨੇ ਕੋਲ ਚਿਲਡਰਨ ਚੌਕ ਵੀ ਇਕ ਦੁਖਦਾਈ ਘਟਨਾ ਦੀ ਯਾਦ ਦਿਵਾਉਂਦਾ ਹੈ, ਗੁਰਦੁਆਰਾ ਦੁੱਖ-ਨਿਵਾਰਨ ਸਾਹਿਬ ਕੋਲ ਬਣਾਏ ਖੰਡਾ ਚੌਕ ਦੀ ਦਿੱਖ ਵੀ ਹਰ ਰਾਹੀ ਨੂੰ ਸਕੂਨ ਦਿੰਦੀ ਹੈ। ਰਣਜੀਤ ਨਗਰ ਨੂੰ ਸਿਊਣਾ ਵੱਲ ਜਾਂਦੀ ਭਾਦਸੋਂ ਰੋਡ 'ਤੇ ਬਣੇ ਟਿਵਾਣਾ ਚੌਕ ਨੂੰ ਉੱਘੇ ਰੰਗਕਰਮੀ ਹਰਪਾਲ ਟਿਵਾਣਾ ਦੀ ਯਾਦ ਵਿਚ ਬਣਾਇਆ ਗਿਆ ਹੈ, ਫੁਆਰਾ ਚੌਕ ਵਿਚ ਜਦੋਂ ਪਾਣੀ ਚੱਲਦਾ ਹੈ ਭਾਵ ਪਟਿਆਲਾ ਵਿੱਚ ਕੋਈ ਵਿਸ਼ੇਸ਼ ਸਮਾਗਮ ਹੈ ਜਾਂ ਕੋਈ ਵੀਆਈਪੀ ਲੰਘ ਰਿਹਾ ਹੈ। ਸ਼ੇਰਾ ਵਾਲੇ ਗੇਟ ਕੋਲ ਬਣਿਆਂ ਸ਼ੇਰਾ ਵਾਲਾ ਚੌਕ ਵਿਰਾਸਤ ਦੀ ਯਾਦ ਦਿਵਾਉਂਦਾ ਹੈ। ਅਮਰਿੰਦਰ ਸਰਕਾਰ ਵੇਲੇ ਤਵੱਕਲੀ ਮੋੜ (ਚੌਕ) ਦਾ ਕੋਡ ਭਰਤ ਇੰਦਰ ਸਿੰਘ ਚਾਹਲ ਨਾਲ ਜੋੜਿਆ ਜਾਂਦਾ ਸੀ, ਬਾਕੀ ਅਨਾਰਦਾਨਾ ਚੌਕ, ਕਿਲ੍ਹਾ ਚੌਕ, ਅਰਨਾ ਬਰਨਾ ਚੌਕ ਪਟਿਆਲਾ ਦੀ ਪੁਰਾਤਨ ਵਿਰਾਸਤ ਨੂੰ ਉਜਾਗਰ ਕਰਦੇ ਹਨ, ਉਂਜ ਅਕਾਲੀ ਦਲ ਦੀ ਸਰਕਾਰ ਵੇਲੇ ਫੁਆਰਾ ਚੌਕ ਤੋਂ ਡਕਾਲਾ ਰੋਡ ਨੂੰ ਜਾਂਦੀ ਸੜਕ ਦਾ ਨਾਮ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਸੁਰਿੰਦਰ ਕੌਰ ਦੇ ਨਾਮ ਤੇ ਰੱਖਿਆ ਸੀ ਪਰ ਲੋਕਾਂ ਸਵੀਕਾਰ ਨਹੀਂ ਕੀਤਾ। ਇਸੇ ਤਰ੍ਹਾਂ ਭਰਤਇੰਦਰ ਸਿੰਘ ਚਾਹਲ ਨੇ ਕਾਂਗਰਸ ਸਰਕਾਰ ਵੇਲੇ ਸ਼ੇਰਾਵਾਲਾ ਗੇਟ ਵਾਲੀ ਸੜਕ ਦਾ ਨਾਮ ਆਪਣੇ ਪਿਤਾ ਦੇ ਨਾਮ 'ਤੇ ਰੱਖਿਆ ਸੀ ਪਰ ਉਹ ਵੀ ਲੋਕਾਂ ਨੇ ਸਵੀਕਾਰ ਨਹੀਂ ਕੀਤਾ।

## ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਪਰਮਿੰਦਰ ਸਿੰਘ ਢੀਂਡਸਾ ਨਾਲ ਕੀਤਾ ਦੁੱਖ ਸਾਂਝਾ



ਪਟਿਆਲਾ, 7 ਜੂਨ (ਚ.ਨ.ਸ.) : ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਅੱਜ ਵਿਸ਼ੇਸ਼ ਤੌਰ 'ਤੇ ਸ. ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣਾ ਕਰ ਜਾਣ ਤੇ ਉਨ੍ਹਾਂ ਦੇ ਪੁੱਤਰ ਸ. ਪਰਮਿੰਦਰ ਸਿੰਘ ਢੀਂਡਸਾ ਨਾਲ ਦੁਖ ਸਾਂਝਾ ਕਰਨ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਪੁਜੇ। ਉਨ੍ਹਾਂ ਸ. ਪਰਮਿੰਦਰ ਸਿੰਘ ਢੀਂਡਸਾ ਨਾਲ ਸ. ਸੁਖਦੇਵ ਸਿੰਘ ਢੀਂਡਸਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਉਨ੍ਹਾਂ ਕਿਹਾ ਕਿ ਸ. ਢੀਂਡਸਾ ਦੇ ਚੱਲੇ ਜਾਣ ਨਾਲ ਸਿੱਖ ਸਿਆਸਤ ਅਤੇ ਪੰਜਾਬ ਦੇਸ਼ ਨੂੰ ਵੱਡਾ ਘਾਟਾ ਪਿਆ ਹੈ, ਜੋ ਕਦੇ ਵੀ ਪੂਰਿਆ ਨਹੀਂ ਜਾ ਸਕਦਾ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਸ. ਪਰਮਿੰਦਰ ਸਿੰਘ ਢੀਂਡਸਾ ਨੂੰ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸਿਰਪਾਓ ਦੀ ਬਖਸ਼ਿਸ਼ ਕੀਤੀ।

## ਸਿਹਤ ਟੀਮਾਂ ਨੇ ਖੁਸ਼ਕ ਦਿਵਸ ਮੌਕੇ ਘਰਾਂ 'ਚ ਪਾਣੀ ਦੇ ਖੜੇ ਸ੍ਰੋਤਾਂ ਦੀ ਕੀਤੀ ਚੈਕਿੰਗ

### 438 ਥਾਂਵਾਂ 'ਤੇ ਮੱਛਰਾਂ ਦਾ ਲਾਰਵਾ ਪਾਏ ਜਾਣ 'ਤੇ ਕਰਵਾਇਆ ਨਸ਼ਟ: ਸਿਵਲ ਸਰਜਨ

ਪਟਿਆਲਾ, 7 ਜੂਨ (ਰੁਪਾਣਾ) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੇਂਗੂ ਬਿਮਾਰੀ ਦੀ ਰੋਕਥਾਮ ਲਈ ਵਿਸ਼ੇਸ ਤੌਰ 'ਤੇ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ ਚਲਾਇਆ ਗਿਆ, ਜਿਸ ਦੀ ਅਗਵਾਈ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਕੀਤੀ। ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਅਤੇ ਪ੍ਰਾਈਵੇਟ ਨਰਸਿੰਗ ਸਕੂਲਾਂ/ਕਾਲਜਾਂ ਦੇ ਨਰਸਿੰਗ ਵਿਦਿਆਰਥੀਆਂ ਅਤੇ ਆਸ਼ਾ ਵਰਕਰ ਦੇ ਸਹਿਯੋਗ ਨਾਲ ਡੇਂਗੂ ਦੇ ਹਾਟ-ਸਪਾਟ ਇਲਾਕਿਆਂ ਦੀ ਚੈਕਿੰਗ ਲਈ ਜ਼ਿਲ੍ਹੇ ਭਰ ਵਿੱਚ ਸਪੈਸ਼ਲ ਕੰਪੇਨ ਚਲਾਈ ਗਈ । ਅੱਜ ਖਾਸ ਤੌਰ 'ਤੇ ਜ਼ਿਲ੍ਹਾ ਪਟਿਆਲਾ ਅਧੀਨ ਆਉਂਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਦੀ ਚੈਕਿੰਗ ਕੀਤੀ ਗਈ । ਜਿਸ ਤਹਿਤ ਜ਼ਿਲ੍ਹੇ ਭਰ ਵਿੱਚ 103 ਹਸਪਤਾਲਾਂ ਦੀ ਚੈਕਿੰਗ ਕੀਤੀ ਗਈ। ਅੱਜ ਦੀ ਵਿਸ਼ੇਸ਼ ਮੁਹਿੰਮ ਵਿੱਚ 79 ਨਰਸਿੰਗ ਵਿਦਿਆਰਥੀ ਅਤੇ 835 ਆਸ਼ਾ ਵਰਕਰ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਘਰ-ਘਰ ਜਾ ਕੇ ਆਮ ਜਨਤਾ ਨੂੰ ਡੇਂਗੂ ਅਤੇ ਮਲੇਰੀਆ ਤੋਂ



ਬਚਾਅ ਅਤੇ ਲੱਛਣ ਸਬੰਧੀ ਜਾਣਕਾਰੀ ਮੁੱਹਈਆ ਕਰਵਾਈ ਗਈ ਅਤੇ ਪਾਣੀ ਦੇ ਖੜੇ ਸਰੋਤਾਂ ਦੀ ਚੈਕਿੰਗ ਕੀਤੀ ਗਈ। ਜ਼ਿਲ੍ਹਾ ਐਪੀਡੇਮਿਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਅਭਿਆਨ ਅਧੀਨ ਸਟਾਫ ਦੀਆਂ ਟੀਮਾਂ ਨਾਲ ਨਰਸਿੰਗ ਵਿਦਿਆਰਥੀਆਂ ਵੱਲੋਂ ਜ਼ਿਲ੍ਹੇ ਭਰ ਦੇ 32481 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 87 ਥਾਂਵਾਂ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਖੁਸ਼ਕ ਦਿਵਸ ਮੁਹਿੰਮ ਤਹਿਤ 220730 ਤੋਂ ਵੱਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ 438 ਥਾਂਵਾਂ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਗਤੀਵਿਧੀਆਂ ਲਗਾਤਾਰ ਜਾਰੀ ਰਹਿਣਗੀਆਂ।

## 'ਨਟਾਸ' ਵੱਲੋਂ ਡਾ. ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ ਭੇਟ

ਪਟਿਆਲਾ, 7 ਜੂਨ (ਚ.ਨ.ਸ.) : ਨਟਾਸ ਭਵਨ ਵਿਖੇ ਆਯੋਜਿਤ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਦੇ ਸ਼ਰਧਾਂਜਲੀ ਸਮਾਗਮ ਵਿੱਚ ਇਕੱਤਰ ਕਲਾਕਾਰਾਂ, ਸਾਹਿਤਕਾਰਾਂ ਅਤੇ ਨੈਸ਼ਨਲ ਥੀਏਟਰ ਆਰਟਸ ਸੁਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪ੍ਰਾਣ ਸੱਭਰਵਾਲ-ਸ਼੍ਰੀਮਤੀ ਸੁਨੀਤਾ ਸੱਭਰਵਾਲ, ਪ੍ਰਧਾਨ ਸ. ਗੁਰਬਚਨ ਸਿੰਘ ਕੱਕੜ, ਮੀਤ ਪ੍ਰਧਾਨ ਸਾਹਿਬਾਨ ਸ਼੍ਰੀ ਪੀ.ਸੀ. ਤਿਵਾੜੀ, ਰਾਜਿੰਦਰ ਵਰਮਾ ਅਤੇ ਕਲਾਕਾਰਾਂ ਨੇ ਜਗਤ ਪ੍ਰਸਿੱਧ ਪੰਜਾਬੀ ਅਤੇ ਹਿੰਦੀ ਸਾਹਿਤ ਦੇ ਉੱਘੇ ਮਿਲਾਪੜੇ ਵਿਦਵਾਨ ਪਦਮਸ਼੍ਰੀ ਡਾ: ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ ਭੇਟ ਕੀਤੀ। ਸੱਭਰਵਾਲ ਨੇ ਕਿਹਾ ਕਿ ਡਾ. ਜੱਗੀ ਜੋ



ਉਹਨਾਂ ਤੋਂ ਤਿੰਨ ਸਾਲ ਵੱਡੇ ਸਨ ਨੇ 150 ਤੋਂ ਵੱਧ ਕਿਤਾਬਾਂ ਲਿਖੀਆਂ। ਉਨ੍ਹਾਂ ਅਤੇ ਉਨ੍ਹਾਂ ਦੀ ਧਰਮਪਤਨੀ ਸਾਬਕਾ ਪ੍ਰਿੰਸੀਪਲ ਸਰਕਾਰੀ ਕਾਲਜ ਲੜਕੀਆਂ ਡਾ: ਗੁਰਸ਼ਰਨ ਕੌਰ ਵੱਲੋਂ ਨਿਜੀ ਸਨੇਹ ਅਤੇ ਸਪੁੱਤਰ ਸ਼੍ਰ: ਮਾਲਵਿੰਦਰ ਸਿੰਘ ਜੱਗੀ ਸਾਬਕਾ ਆਈ.ਏ.ਐਸ. ਨਾਲ ਸੰਪਰਕ ਜਾਰੀ ਰਿਹਾ ਹੈ। ਬੁਲਾਰਿਆਂ ਨੇ ਡਾ: ਜੱਗੀ ਦੀ ਆਤਮਿਕ ਸ਼ਾਂਤੀ ਲਈ ਅਤੇ ਪਰਿਵਾਰ ਨੂੰ ਅਸਹਿ ਸਦਮਾ ਬਰਦਾਸ਼ਤ ਕਰਨ ਦੀ ਸ਼ਕਤੀ ਲਈ ਪ੍ਰਾਰਥਨਾ ਕੀਤੀ।

## ਆਨਲਾਈਨ ਇੰਨਵੈਸਟਮੈਂਟ ਕਰਾਉਣ ਦਾ ਝਾਂਸਾ ਦੇ ਕੇ ਮਾਰੀ 88 ਲੱਖ ਦੀ ਠੱਗੀ

ਪਟਿਆਲਾ, 7 ਜੂਨ (ਵਿਨੋਦ ਸ਼ਰਮਾ) : ਥਾਣਾ ਸਾਇਬਰ ਕਰਾਇਮ ਪਟਿਆਲਾ ਪੁਲਿਸ ਕੋਲ ਮਨਜੀਤ ਸਿੰਘ ਪੁੱਤਰ ਨਰਾਤਾ ਸਿੰਘ ਵਾਸੀ ਮਜੀਠੀਆ ਇੰਨਕਲੇਵ ਥਾਣਾ ਸਿਵਲ ਲਾਇਨ ਪਟਿਆਲਾ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਆਨਲਾਈਨ ਇੰਨਵੈਸਟਮੈਂਟ ਕਰਾਉਣ ਦਾ ਝਾਂਸਾ ਦੇ ਕੇ ਕਰੀਬ 88 ਲੱਖ ਰੁਪਏ ਦੀ ਠੱਗੀ ਮਾਰੀ ਹੈ। ਪੁਲਿਸ ਨੇ ਧਾਰਾ 61(2), 318(4), 319(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕੀਤਾ ਹੈ।

## ਬਸੰਤ ਰਿਤੂ ਕਲੱਬ ਨੇ ਵਾਤਾਵਰਨ ਦਿਵਸ ਮੌਕੇ ਫਲਦਾਰ ਪੌਦੇ ਲਗਾਏ



ਪਟਿਆਲਾ, 7 ਜੂਨ (ਚ.ਨ.ਸ.) : ਵਿਸ਼ਵ ਵਾਤਾਵਰਨ ਦਿਵਸ ਮੌਕੇ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਫੋਕਲ ਪੁਆਇੰਟ ਪਟਿਆਲਾ ਦੇ ਗੁਰੂ ਕਾ ਬਾਗ ਵਿਖੇ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਦੀ ਪ੍ਰਧਾਨਗੀ ਫਕੀਰ ਚੰਦ ਸ਼ਰਮਾ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਨਰੇਸ਼ ਗਾਂਧੀ ਅਤੇ ਰੋਹਿਤ ਬਾਂਸਲ ਨੇ ਸ਼ਿਰਕਤ ਕੀਤੀ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਖਿਆ ਕਿ ਚੀਕੂ ਦਾ ਪੌਦਾ ਲਗਾ ਕੇ ਵਿਸ਼ਵ ਵਾਤਾਵਰਨ ਦਿਵਸ ਦਾ ਉਦਘਾਟਨ ਕੀਤਾ ਗਿਆ ਅਤੇ ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਨੇ ਆਖਿਆ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਨ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਪੌਦੇ ਲਗਾ ਕੇ ਉਹਨਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਖਿਆ ਕਿ ਵਾਤਾਵਰਨ ਦਿਵਸ ਮੌਕੇ ਕਲੱਬ ਵਲੋਂ ਲਗਾਏ ਗਏ ਪੌਦੇ ਦੀ ਸੰਭਾਲ ਫੋਕਲ ਪੁਆਇੰਟ ਦੇ ਐਸੋਸੀਏਸ਼ਨ ਦੇ ਸਮੂੰਹ ਮੈਂਬਰਾਂ ਨੇ ਕਰਨ ਦਾ ਪ੍ਰਣ ਕੀਤਾ ਅਤੇ ਉਹਨਾਂ ਇਹ ਵੀ ਆਖਿਆ ਕਿ ਜਿੱਥੇ ਸਾਨੂੰ ਪੌਦੇ ਵੱਧ ਤੋਂ ਵੱਧ ਲਗਾਉਣੇ ਚਾਹੀਦੇ ਹਨ ਉਸ ਤੋਂ ਇਲਾਵਾ ਸਾਨੂੰ ਪਾਣੀ ਦੀ ਵੀ ਇੱਕ-ਇੱਕ ਬੂੰਦ ਬਚਾਉਣੀ ਚਾਹੀਦੀ ਹੈ ਅਤੇ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਹੁਣ ਤੱਕ 38 ਲੱਖ ਰੁਪਏ ਖਰਚ ਕੇ ਸਾਡੇ ਤਿੰਨ ਲੱਖ ਪੌਦੇ ਪੰਜਾਬ ਦੇ ਪਿੰਡਾਂ ਵਿੱਚ ਕਿਸਾਨਾਂ ਦੀਆਂ ਮੋਟਰਾਂ, ਧਾਰਮਿਕ ਸਥਾਨਾਂ, ਸ਼ਮਸ਼ਾਨਘਾਟਾਂ, ਸਰਕਾਰੀ ਸਕੂਲਾਂ ਅਤੇ ਸਾਂਝੀਆਂ ਥਾਵਾਂ ਤੇ ਲਗਾਏ ਗਏ ਹਨ ਅਤੇ ਉਹ ਆਪਣੇ ਕਲੱਬ ਵੱਲੋਂ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਹਰ ਖੁਸ਼ੀ ਦੇ ਮੌਕੇ ਅਤੇ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਪੌਦੇ ਲਗਾਉਣ ਲਈ ਹਮੇਸ਼ਾ ਤੱਤਪਰ ਰਹਿਣ। ਇਸ ਪ੍ਰੋਗਰਾਮ ਵਿੱਚ ਰੋਹਿਤ ਬਾਂਸਲ ਸਾਬਕਾ ਪ੍ਰਧਾਨ ਫੋਕਲ ਪੁਆਇਟ ਵੈਲਫੇਅਰ ਐਸੋਸੀਏਸ਼ਨ ਨੇ ਵੀ ਆਪਣੇ ਵਿਚਾਰ ਰੱਖਦੇ ਹੋਏ ਆਖਿਆ ਕਿ ਗਲੋਬਰ ਵਾਰਕਿੰਗ ਤੋਂ ਬਚਣ ਲਈ ਸਾਨੂੰ ਸਾਰਿਆਂ ਨੂੰ ਵਧੇਰੇ ਪੌਦੇ ਲਗਾਉਣ ਦੀ ਲੋੜ ਹੈ। ਇਸ ਪ੍ਰੋਗਰਾਮ ਵਿੱਚ ਰਾਜੀਵ ਨੰਦਾ, ਨਰੇਸ਼ ਗਾਂਧੀ, ਸੁਨੀਲ ਕੁਮਾਰ, ਦਿਨੇਸ਼ ਕੁਮਾਰ, ਯੁਵਰਾਜ ਸ਼ਰਮਾ, ਰਵਿੰਦਰਜੀਤ ਸਿੰਘ, ਸਵਿਦਰ ਸਿੰਘ, ਵਿਕਰਮ ਸ਼ਰਮਾ, ਨਾਇਬ ਸਿੰਘ ਆਦਿ ਮੈਂਬਰਾਂ ਨੇ ਵੀ ਭਾਗ ਲਿਆ।



# ਪਟਿਆਲਾ-ਆਸ/ਪਾਸ



# ਮੁੱਖ ਮੰਤਰੀ ਮਾਨ ਨੇ ਮ੍ਰਿਤਕ ਬੱਚਿਆਂ ਦੇ ਪੀੜਤ ਪਰਿਵਾਰਾਂ ਨੂੰ ਮਿਲ ਕੇ ਦੁੱਖ ਵੰਡਾਇਆ

**ਮਾਮਲੇ 'ਚ ਕੁਤਾਹੀ ਕਰਨ ਵਾਲਿਆਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ : ਮਾਨ**

**☛ਟਿੱਪਰ ਮਾਲਕ ਨੂੰ ਸ਼ਨੀਵਾਰ ਸ਼ਾਮ ਤੱਕ ਗ੍ਰਿਫ਼ਤਾਰ ਕਰਨ ਦਾ ਭਰੋਸਾ ਦੇ ਕੇ ਧਰਨੇ ਨੂੰ ਖ਼ਤਮ ਕਰਵਾਇਆ**





ਸਮਾਣਾ, 7 ਜੂਨ (ਵਿਜੇ ਕੁਮਾਰ/ਸੁਖਜਿੰਦਰ ਕੁਲਾਰਾਂ/ਜਵੰਦਾ) : ਦਿਲ ਕੰਬਾਊ ਮੰਦਭਾਗੀ ਘਟਨਾ, ਜੋ ਸਮਾਣਾ ਹਲਕੇ ਦੇ ਲੋਕਾਂ ਨੂੰ ਇੱਕ ਮਹੀਨੇ ਤੋਂ ਝੱਲਣੀ ਪੈ ਰਹੀ ਹੈ, ਉਸ ਦਰਦਨਾਕ ਘਟਨਾ 'ਚ ਪਟਿਆਲਾ ਦੇ ਸਕੂਲ 'ਚੋਂ ਇਨੋਵਾ ਗੱਡੀ ਰਾਹੀਂ ਪੜ੍ਹ ਕੇ ਵਾਪਸ ਆ ਰਹੇ ਸੱਤ ਬੱਚਿਆਂ ਤੇ ਡਰਾਈਵਰ ਦੀ ਟਿੱਪਰ ਨਾਲ ਟਕਰਾਉਣ ਉਪਰੰਤ ਮੌਤ ਹੋ ਗਈ ਸੀ। ਉਸ ਦੁੱਖ 'ਚ ਪਰਿਵਾਰਕ ਮੈਂਬਰਾਂ ਨਾਲ ਸਰੀਕ ਹੋ ਕੇ ਦੁੱਖ ਵੰਡਾਉਣ ਆਇਆ ਹਾਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮਾਣਾ ਦੇ ਰੈਸਟ ਹਾਊਸ 'ਚ ਪੀੜਿਤ ਪਰਿਵਾਰਾਂ ਨਾਲ ਦੁੱਖ ਵੰਡਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨਾਂ ਪੀੜਿਤ ਪਰਿਵਾਰਾਂ ਨੂੰ ਇਨਸਾਫ ਦੇਣ ਦੀ ਗੱਲ ਕਰਦਿਆਂ ਕਿਹਾ ਕਿ ਇਸ ਮਾਮਲੇ 'ਚ ਕਿਸੇ ਵੀ ਅਫਸਰ, ਆਪ ਵਰਕਰ, ਵਿਧਾਇਕ ਜਾਂ ਕਿਸੇ ਹੋਰ ਨੇ ਆਪਣਾ ਅਸਰ-ਰਸੂਖ ਵਰਤ ਕੇ ਟਿੱਪਰ ਮਾਲਕਾਂ ਨੂੰ ਬਚਾਉਣ 'ਚ ਮਦਦ ਕੀਤੀ ਹੋਵੇਗੀ, ਤਾਂ ਉਹਨਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਜੋ ਟਿੱਪਰਾਂ ਵਾਲੇ ਇਸ ਹਲਕੇ 'ਚੋਂ ਮਾਈਨਿੰਗ ਕਰ ਰਹੇ ਹਨ, ਉਹਨਾਂ ਦੀ ਉੱਚ ਪਧਰੀ ਜਾਂਚ ਕਰਵਾਈ ਜਾਵੇਗੀ। ਹੋ ਸਕਦਾ ਹੈ ਕਿ ਬੱਚਿਆਂ ਦੀ ਇਸ ਕੁਰਬਾਨੀ ਨਾਲ ਕੋਈ ਵੱਡਾ ਘਪਲਾ ਨਿਕਲ ਆਵੇ,ਜਿਸ ਨਾਲ ਕਿ ਬੱਚਿਆਂ ਦੀ ਆਤਮਾ ਨੂੰ ਸ਼ਾਂਤੀ ਮਿਲ ਸਕੇ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰੀਵਾਰਕ ਮੈਂਬਰਾਂ ਦੀ ਮੰਗ 'ਤੇ ਸਿਵਲ ਹਸਪਤਾਲ ਨੂੰ ਅਪਗਰੇਡ ਕਰਨ, ਸਰਕਾਰੀ ਸਕੂਲ ਨੂੰ ਸਕੂਲ ਆਫ ਐਮੀਨੈਂਸ ਦੇ ਨਾਲ ਬੱਚਿਆਂ ਲਈ ਬੱਸਾਂ ਦਾ ਪ੍ਰਬੰਧ ਕਰਨ, ਚਿਲਡਰਨ ਮੈਮੋਰੀਅਲ ਪਾਰਕ ਬਣਾਉਣ, ਪਾਤੜਾਂ ਤੋਂ ਪਟਿਆਲਾ ਸੜਕ ਨੂੰ ਚਾਰ ਲਾਈਨ ਬਣਾਉਣ, ਬੱਚਿਆਂ ਦੀ ਯਾਦ 'ਚ ਸੱਤ ਐਂਬੂਲੈਂਸ ਸਿਵਲ ਹਸਪਤਾਲ 'ਚ ਜਲਦੀ ਭੇਜਣ ਤੋਂ ਇਲਾਵਾ ਚਿਲਡਰਨ ਮੈਮੋਰੀਅਲ ਟਰੱਸਟ ਬਣਾ ਕੇ ਟਰੱਸਟ ਰਾਹੀਂ ਸਰਕਾਰ ਤੇ ਲੋਕਾਂ ਦੇ ਸਹਿਯੋਗ ਨਾਲ ਸਮਾਜ ਸੇਵੀ ਕੰਮਾਂ ਨੂੰ ਕਰਨਾ ਸ਼ਾਮਲ ਹੋਵੇਗਾ। ਸ: ਮਾਨ ਨੇ ਗੈਰ ਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਓਵਰਲੋਡ ਟਿੱਪਰਾਂ ਦੀ ਜਾਂਚ ਕਰਨ ਲਈ ਪੁਲਸ ਤੇ ਟਰਾਂਸਪੋਰਟ ਵਿਭਾਗਾਂ ਦੇ ਅਧਿਕਾਰੀਆਂ ਨੂੰ ਹੁਕਮ ਦੇ ਦਿੱਤੇ ਹਨ, ਤਾਂ ਕਿ ਅੱਗੇ ਤੋਂ ਕੋਈ ਅਜਿਹੀ ਅਣਸੁਖਾਵੀਂ ਘਟਨਾ ਨਾ ਵਾਪਰੇ।ਜਿਕਰਯੋਗ ਹੈ ਕਿ ਸ਼ਨੀਵਾਰ ਸਵੇਰ ਤੋਂ ਹੀ ਪੀੜਿਤ ਮਾਪਿਆਂ ਨੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸਮਾਣਾ-ਪਟਿਆਲਾ ਰੋਡ 'ਤੇ ਧਰਨਾ ਲਗਾ ਕੇ ਟਰੈਫਿਕ ਜਾਮ ਕੀਤਾ ਸੀ, ਜੋ ਮੁੱਖ ਮੰਤਰੀ ਦੇ ਪੀੜਿਤ ਪਰਿਵਾਰਾਂ ਨੂੰ ਮਾਲਕ ਰਣਧੀਰ ਸਿੰਘ ਨੂੰ ਸ਼ਾਮ ਤੱਕ ਗ੍ਰਿਫਤਾਰ ਕਰਨ ਦਾ ਭਰੋਸਾ ਦੇਣ ਉਪਰੰਤ ਖਤਮ ਕਰ ਦਿੱਤਾ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਇਸ ਦੌਰੇ ਦੌਰਾਨ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦਾ ਮੁੱਖ ਮੰਤਰੀ ਦੇ ਪੀੜਿਤ ਪਰਿਵਾਰਾਂ ਨਾਲ ਮਿਲਣ ਸਮੇਂ ਗੈਰ ਹਾਜ਼ਰ ਰਹਿਣਾ ਅਤੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਤੇ ਉਸ ਦੀ ਪਤਨੀ ਰਵਿੰਦਰ ਕੌਰ ਦਾ ਹਾਜ਼ਰ ਹੋਣਾ ਸਿਆਸੀ ਗਲਿਆਰਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮੌਕੇ ਜ਼ਿਲ੍ਹਾ ਪੁਲਿਸ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਪੀੜਿਤ ਪਰਿਵਾਰਾਂ ਦੇ ਮੈਂਬਰ ਤੇ ਹਜ਼ਾਰਾਂ ਸਹਿਯੋਗੀ ਹਾਜ਼ਰ ਸਨ।

# ਡੀ.ਸੀ. ਨੇ ਸਮਾਣਾ ਹਾਦਸੇ ਦੇ ਪੀੜਤ ਮਾਪਿਆਂ ਨਾਲ ਬਿਤਾਏ ਭਾਵਨਾਤਮਕ ਪਲ



ਸਮਾਣਾ, 7 ਜੂਨ (ਵਿਜੇ ਕੁਮਾਰ/ਸੁਖਜਿੰਦਰ/ਜਵੰਦਾ/ਅਮਿਤ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਦੁਪਹਿਰ ਤੋਂ ਸ਼ਾਮ ਤੱਕ ਦਾ ਸਮਾਂ ਸਮਾਣਾ ਸੜਕ ਹਾਦਸੇ ਦੇ ਪੀੜਤ ਪਰਿਵਾਰਾਂ ਨਾਲ ਭਾਵੁਕ ਸਾਂਝ ਪਾਉਂਦਿਆਂ ਬਿਤਾਇਆ ਅਤੇ ਮਾਪਿਆਂ, ਖਾਸ ਕਰਕੇ ਆਪਣੀ ਜਾਨ ਗੁਆਉਣ ਵਾਲੇ ਬੱਚਿਆਂ ਦੀਆਂ ਮਾਵਾਂ ਨਾਲ ਹਮਦਰਦੀ ਪ੍ਰਗਟਾਈ। ਇਸ ਦੌਰਾਨ ਮਾਪਿਆਂ ਨੇ ਆਪਣੇ ਬੱਚਿਆਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਬੱਚਿਆਂ ਵੱਲੋਂ ਸੰਜੋਏ ਸੁਪਨਿਆਂ ਬਾਰੇ ਦੱਸਿਆ, ਜਿਸ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਅਰਦਾਸ ਕਰਦੇ ਹਨ ਕਿ ਪਰਮਾਤਮਾ ਅਜਿਹਾ ਦੁੱਖ ਕਿਸੇ ਮਾਂ ਨੂੰ ਨਾ ਦੇਵੇ ਤੇ ਦੁਖੀ ਪਰਿਵਾਰਿਕ ਮੈਂਬਰਾਂ ਨੂੰ ਇਸ ਪਹਾੜ ਜਿੱਡੇ ਭਾਣੇ ਨੂੰ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਉਨ੍ਹਾਂ ਦੇ ਨਾਲ ਏਡੀਸੀ ਇਸ਼ਾ ਸਿੰਗਲ ਅਤੇ ਐਸਡੀਐਮ ਸਮਾਣਾ ਰਿਚਾ ਗੋਇਲ ਵੀ ਮੌਜੂਦ ਸਨ। ਡਾ. ਪ੍ਰੀਤੀ ਯਾਦਵ ਨੇ ਮਾਪਿਆਂ ਨੂੰ ਆਪਣਾ ਨਿੱਜੀ ਨੰਬਰ ਦਿੰਦਿਆਂ ਕਿਹਾ ਕਿ ਉਹ ਕਿਸੇ ਵੀ ਸਮੇਂ ਉਨ੍ਹਾਂ ਨੂੰ ਸੰਪਰਕ ਕਰ ਸਕਦੇ ਹਨ ਅਤੇ ਉਹ ਸਦਾ ਸਾਰੇ ਮਾਪਿਆਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਜਿਸ ਤਰ੍ਹਾਂ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੁਕਮ ਜਾਰੀ ਕੀਤੇ ਹਨ, ਉਸ ਅਨੁਸਾਰ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਬੱਚਿਆਂ ਦੀਆਂ ਮਾਵਾਂ ਨੇ ਬੀਤੇ ਦਿਨ ਦੀ ਗਲਤਫਹਿਮੀ 'ਤੇ ਅਫ਼ਸੋਸ ਜ਼ਾਹਰ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦਾ ਉਚੇਚਾ ਧੰਨਵਾਦ ਕੀਤਾ ਕਿ ਉਨ੍ਹਾਂ ਦੇ ਦਖਲ ਨਾਲ 24 ਘੰਟਿਆਂ ਦੇ ਅੰਦਰ ਹੀ ਮੁੱਖ ਮੰਤਰੀ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਹਨ।

## ਝਪਟ ਮਾਰ ਕੇ ਪਰਸ ਖੋਹਿਆ

ਪਟਿਆਲਾ, 7 ਜੂਨ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਗੁਰਦੇਵ ਕੌਰ ਪਤਨੀ ਗੁਰਦਿਆਲ ਸਿੰਘ ਵਾਸੀ ਉਪਕਾਰ ਨਗਰ ਫੈਕਟਰੀ ਏਰੀਆ ਪਟਿਆਲਾ ਨੇ ਕਥਿਤ ਦੋਸ਼ੀਆਂ ਮਨਿੰਦਰ ਸਿੰਘ, ਪਰਮਜੀਤ ਸਿੰਘ, ਮਨਪ੍ਰੀਤ ਸਿੰਘ ਵਾਸੀ ਪਿੰਡ ਰਾਮਨਗਰ ਸੀਬੀਆ ਜ਼ਿਲ੍ਹਾ ਸੰਗਰੂਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਪੈਦਲ ਆਪਣੇ ਘਰ ਵਾਲੀ ਗਲੀ ਪਾਸ ਜਾ ਰਹੀ ਸੀ ਤਾਂ ਪਿੱਛੋਂ ਸਕੂਟਰੀ 'ਤੇ ਦੋਸ਼ੀ ਸਵਾਰ ਹੋ ਕੇ ਆਏ ਅਤੇ ਝੱਪਟ ਮਾਰ ਕੇ ਉਸ ਦਾ ਪਰਸ ਖੋਹ ਕੇ ਸਕੂਟਰੀ ਨਾਲ ਘਸੀਟ ਕੇ ਸੁੱਟ ਕੇ ਫਰਾਰ ਹੋ ਗਏ, ਜੋ ਪਰਸ ਵਿੱਚ 7/8 ਹਜ਼ਾਰ ਰੁਪਏ, ਇੱਕ ਮੋਬਾਇਲ ਵਗੈਰਾ ਸੀ। ਪੁਲਿਸ ਨੇ ਧਾਰਾ 304 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਮੁਸਲਿਮ ਭਾਈਚਾਰੇ ਨੇ ਈਦ-ਉੱਲ-ਅਜ਼ਹਾ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ



ਘਨੌਰ, 7 ਜੂਨ (ਮਦਨ ਲਾਲ) : ਅੱਜ ਜਾਮਾ ਮਸਜਿਦ ਘਨੌਰ ਵਿਖੇ ਮੁਸਲਿਮ ਭਾਈਚਾਰੇ ਦੇ ਆਗੂਆਂ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 'ਈਦ ਉੱਲ ਅਜਿਹਾ' ਦਾ ਤਿਉਹਾਰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ। ਘਨੌਰ ਨਿਵਾਸੀਆਂ ਸਮੇਤ ਵੱਖ-ਵੱਖ ਪਿੰਡਾਂ ਤੋਂ ਆਏ ਸੈਂਕੜੇ ਮੁਸਲਮਾਨ ਭਰਾਵਾਂ ਨੇ ਜਾਮਾ ਮਸਜਿਦ 'ਚ ਪਹੁੰਚ ਕੇ ਸਵੇਰੇ ਸਾਢੇ 8 ਵਜੇ ਦੇ ਕਰੀਬ ਮੌਲਾਨਾ ਮੁਹੰਮਦ ਇਸਰਾਇਲ ਦੇ ਪਿੱਛੇ ਈਦ ਦੀ ਨਮਾਜ਼ ਅਦਾ ਕੀਤੀ ਗਈ ਅਤੇ ਦੇਸ਼ ਵਿਚ ਅਮਨ ਅਮਾਨ ਦੀ ਸਥਿਤੀ ਬਰਕਰਾਰ ਰਹਿਣ ਦੀ ਅਤੇ ਹਲਕੇ ਦੀ ਸੁੱਖ-ਸ਼ਾਂਤੀ ਲਈ ਅਤੇ ਸਭ ਧਰਮਾਂ ਵਿੱਚ ਆਪਸੀ ਭਾਈਚਾਰਕ ਸਾਂਝਾਂ ਬਣੀ ਰਹਿਣ ਦੀ ਦੁਆ ਵੀ ਕੀਤੀ। ਇਸ ਮੌਕੇ ਹਲਕਾ ਵਿਧਾਇਕ ਗੁਰਲਾਲ ਘਨੌਰ ਵੱਲੋਂ ਪਿੰਡ ਸੀਲ, ਅਲਾਮਦੀਪੁਰ, ਘਨੌਰ ਆਦਿ ਮਸਜਿਦਾਂ ਵਿਚ ਪਹੁੰਚ ਕੇ ਮੁਸਲਿਮ ਭਾਈਚਾਰੇ ਨੂੰ ਈਦ ਉੱਲ ਅਜਹਾ ਦੇ ਤਿਉਹਾਰ ਦੀ ਮੁਬਾਰਕਬਾਦ ਦਿੱਤੀ। ਇਸ ਸ਼ੁਭ ਮੌਕੇ ਤੇ ਵਿਧਾਇਕ ਗੁਰਲਾਲ ਘਨੌਰ ਨੇ ਭਾਈਚਾਰੇ ਨੂੰ ਈਦ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਧਾਰਮਿਕ ਸਥਾਨਾਂ 'ਤੇ ਹੋਣ ਵਾਲੇ ਪ੍ਰੋਗਰਾਮਾਂ ਨੂੰ ਸਾਨੂੰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਪਰਮਿੰਦਰ ਸਿੰਘ ਪੰਮਾ, ਮੁਖਤਿਆਰ ਸਿੰਘ, ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ ਮੰਨਣ, ਇੰਦਰਜੀਤ ਸਿੰਘ, ਗੁਰਨਾਮ ਸਿੰਘ, ਨਸੀਰੂਦੀਨ, ਮੁਸ਼ਤਾਕ ਅਲੀ, ਮੱਖਣ ਖਾਨ, ਚਰਨਜੀਤ ਖਾਨ, ਅਲੀ ਘਨੌਰ, ਰਫੀਕ ਖਾਨ, ਸ਼ਮੀਰ ਖਾਨ, ਨੈਬ ਖਾਨ, ਹਸਨ ਅਲੀ, ਹਨੀਫ ਖਾਨ, ਜੱਗੀ ਬੂਟਰ, ਮੌਜੂ ਖਾਨ, ਕੂੜਾ ਖਾਨ, ਦਲਵੀਰ ਖਾਨ, ਘੋਲਾ ਖਾਨ, ਨਸ਼ੀਬ ਖਾਨ, ਸਰਦਾਰਾ ਖਾਨ, ਨਾਜ਼ਰ ਖਾਨ, ਆਫਤਾਬ ਖਾਨ, ਮੁਹੰਮਦ ਇਰਫਾਨ, ਜੀਸ਼ਾਨ, ਮੁਹੰਮਦ ਇਮਰਾਨ, ਹੈਦਰ ਅਲੀ ਆਦਿ ਸਮੇਤ ਵੱਡੀ ਗਿਣਤੀ ਮੁਸਲਿਮ ਭਾਈਚਾਰੇ ਦੇ ਲੋਕ ਮੌਜੂਦ ਸਨ।

# ਕੈਨੇਡਾ ਦੇ ਸਖ਼ਤ ਵੀਜ਼ਾ ਨਿਯਮਾਂ ਦੇ ਵਿਚਕਾਰ ਪੀ.ਯੂ. ਦੇ ਦਾਖ਼ਲਿਆਂ 'ਚ ਵਾਧਾ

ਪਟਿਆਲਾ, 7 ਜੂਨ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਤੇ ਇਸਦੇ ਸੰਬੰਧਿਤ ਕਾਲਜਾਂ ਨੇ ਇਸ ਸਾਲ ਵਿਦਿਆਰਥੀਆਂ ਦੇ ਦਾਖਲਿਆਂ ਵਿੱਚ ਮਹੱਤਵਪੂਰਨ ਵਾਧਾ ਦਰਜ ਕੀਤਾ ਹੈ, ਜਿਸਦਾ ਮੁੱਖ ਕਾਰਨ ਕੈਨੇਡਾ ਦੁਆਰਾ ਲਾਗੂ ਕੀਤੇ ਗਏ ਸਖ਼ਤ ਅਧਿਐਨ ਵੀਜ਼ਾ ਨਿਯਮਾਂ ਨੂੰ ਮੰਨਿਆ ਜਾਂਦਾ ਹੈ। ਪੰਜਾਬ ਦੀ ਸਭ ਤੋਂ ਵੱਡੀ ਯੂਨੀਵਰਸਿਟੀ, ਵਿੱਚ ਨਾਟਕੀ ਵਾਧਾ ਹੋਇਆ ਹੈ, ਜਿਸ ਵਿੱਚ ਹੁਣ ਮਾਲਵਾ ਖੇਤਰ ਵਿੱਚ ਇਸਦੇ ਕੈਂਪਸਾਂ ਅਤੇ ਸੰਬੰਧਿਤ ਸੰਸਥਾਵਾਂ ਵਿੱਚ 60,000 ਤੋਂ ਵੱਧ ਵਿਦਿਆਰਥੀ ਦਾਖਲ ਹੋਏ ਹਨ। ਯੂਨੀਵਰਸਿਟੀ ਦੇ ਪ੍ਰੀਖਿਆ ਕੰਟਰੋਲਰ ਨੀਰਜ ਸ਼ਰਮਾ ਨੇ ਕਿਹਾ ਕਿ ਇਸ ਸਾਲ 2,43,603 ਵਿਦਿਆਰਥੀਆਂ ਨੇ ਦਾਖਲਾ ਲਿਆ ਹੈ, ਜਦੋਂ ਕਿ 2023 ਵਿੱਚ 2,13,204 ਵਿਦਿਆਰਥੀਆਂ ਨੇ ਦਾਖਲਾ ਲਿਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਨਵੇਂ ਦਾਖਲੇ ਅੰਡਰਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਸਨ, ਜਿਨ੍ਹਾਂ ਵਿੱਚ ਮਨੁੱਖਤਾ ਅਤੇ ਵਣਜ ਧਾਰਾਵਾਂ ਲਈ ਸਖ਼ਤ ਤਰਜ਼ੀਹ ਸੀ। ਯੂਨੀਵਰਸਿਟੀ ਅਧਿਕਾਰੀਆਂ ਨੇ ਕਿਹਾ ਕਿ ਦਾਖਲਿਆਂ ਵਿੱਚ ਵਾਧਾ ਕੈਨੇਡਾ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨਾਲ ਜੁੜਿਆ ਹੋਇਆ ਸੀ, ਜਿਸ ਨਾਲ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਮੌਕਿਆਂ ਦੀ ਉਡੀਕ ਕਰਦੇ ਹੋਏ ਭਾਰਤ ਵਿੱਚ ਅਕਾਦਮਿਕ ਨਿਰੰਤਰਤਾ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ ਗਿਆ ਸੀ। ਬਹੁਤ ਸਾਰੇ ਵਿਦਿਆਰਥੀਆਂ ਨੇ ਅਕਾਦਮਿਕ ਪਾੜੇ ਤੋਂ ਬਚਣ ਲਈ ਦਾਖਲਾ ਲਿਆ ਜਾਪਦਾ ਹੈ ਅਤੇ ਕੈਨੇਡਾ ਵੱਲੋਂ ਆਪਣੇ ਵੀਜ਼ਾ ਨਿਯਮਾਂ ਨੂੰ ਸੌਖਾ ਕਰਨ ਤੋਂ ਬਾਅਦ ਉਹ ਛੱਡ ਸਕਦੇ ਹਨ।

# ਈਦ-ਉੱਲ-ਅਜ਼ਹਾ ਦਾ ਤਿਉਹਾਰ ਮਨਾਇਆ



ਪਟਿਆਲਾ, 7 ਜੂਨ (ਰੁਪਾਣਾ) : ਜਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦੇ ਦਫ਼ਤਰ ਵਿਚ ਈਦ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਨਰੇਸ਼ ਦੁੱਗਲ ਜੀ ,ਬਲਾਕ ਕਿਲਾ ਮੁਬਾਰਕ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜੇਸ਼ ਮੰਡੋਰਾ ਅਤੇ ਹਰਵਿੰਦਰ ਸਿੰਘ ਨਿੱਪੀ ਮੈਂਬਰ ਪੀ ਪੀ ਸੀ ਸੀ ਨੇ ਸ਼ਿਰਕਤ ਕੀਤੀ। ਉਥੇ ਸਾਰੀ ਜਿਲ੍ਹਾ ਕਾਂਗਰਸ ਕਮੇਟੀ ਨੇ ਅਸਲਮ ਸੈਫ਼ੀ ਦਾ ਮੂੰਹ ਮਿੱਠਾ ਕਰਵਾਕੇ ਈਦ ਦੀ ਮੁਬਾਰਕਾਂ ਦਿੱਤੀਆ ਅਤੇ ਇਕ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੱਤਾ । ਇਸ ਮੌਕੇ , ਮਦਨ ਲਾਲ ਭਾਂਬਰੀ, ਵਿਨੋਦ ਭਟਨਾਗਰ,ਰਾਜੇਸ਼ ਬੱਗਨ, ਸੰਜਯ ਹੰਸ,ਰਾਕੇਸ਼ ਕੁਮਾਰ ਕੇਸ਼ੀ ਪੰਡਿਤ ਸੁਰਿੰਦਰ ਬਾਬੂ, ਅਬਦੁਲ ਅਲੀਮ, ਮੋਹੰਮਦ ਸਲੀਮ, ਗੌਤਮ ਸਲੂਜਾ, ਅਸ਼ੋਕ ਸ਼ਰਮਾ, ਸੰਜਯ ਹੰਸ, ਵਿਨੋਦ ਮਲਹੋਤਰਾ, ਦੀਪ ਟੰਡਨ ਹੋਰ ਬਹੁਤ ਆਗੂ ਸ਼ਾਮਲ ਰਹੇ।

# ਚਿੱਟੇ ਦਾ ਸੇਵਨ ਕਰਦਾ ਨੌਜਵਾਨ ਲਾਇਟਰ ਅਤੇ ਤਿੰਨ ਸਿਲਵਰ ਪੇਪਰ ਸਣੇ ਕਾਬੂ

ਸਮਾਣਾ,7 ਜੂਨ (ਵਿਜੇ ਕੁਮਾਰ) : ਮਵੀਕਲਾ ਪੁਲਸ ਨੇ ਚਿਟੇ ਦਾ ਸੇਵਨ ਕਰ ਰਹੇ ਇਕ ਨੌਜਵਾਨ ਕੋਲੋ ਲਾਇਟਰ ਅਤੇ ਸਿਲਵਰ ਪੇਪਰ ਬਰਾਮਦ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਸਦਰ ਪੁਲਸ ਥਾਨਾ 'ਚ ਮਾਮਲਾ ਦਰਜ਼ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਹਰਦੀਪ ਸਿੰਘ ਨਿਵਾਸੀ ਪਿੰਡ ਦੋਦੜਾ ਵਜੋਂ ਹੋਈ। ਮਵੀਕਲਾ ਪੁਲਿਸ ਮੁੱਖੀ ਬਲਕਾਰ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਨਰਾਤਾ ਰਾਮ ਨੇ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਮੁਲਜ਼ਮ ਵੱਲੋਂ ਚਿਟੇ ਦਾ ਸੇਵਨ ਕਰਨ ਦੀ ਸੂਚਨਾ ਮਿਲਣ ਤੇ ਪਿੰਡ ਦੋਦੜਾ 'ਚ ਪਾਣੀ ਦੀ ਟੈਂਕੀ ਨੇੜੇ ਬੈਠੇ ਮੁਲਜ਼ਮ ਤੇ ਰੇਡ ਕਰਕੇ ਇਕ ਲਾਇਟਰ ਅਤੇ ਤਿੰਨ ਸਿਲਵਰ ਪੇਪਰ ਸਣੇ ਚਿਟੇ ਦਾ ਸੇਵਨ ਕਰਦਿਆਂ ਹਿਰਾਸਤ ਵਿਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਮਿਲੇ ਹੁਕਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਲੜੀ ਦਾ ਸੰਪੂਰਨਤਾ ਸਮਾਗਮ



ਸਮਾਣਾ, 7 ਜੂਨ (ਵਿਜੇ ਕੁਮਾਰ) : ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ 419ਵੇਂ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਸਮਾਣਾ ਵੱਲੋਂ ਸ਼ਹਿਰ ਦੀਆਂ ਸਮੂਹ ਧਾਰਮਿਕ ਜਥੇਬੰਦੀਆਂ ਅਤੇ ਸਮੂਹ ਸੁਖਮਨੀ ਸਾਹਿਬ ਸੇਵਾ ਸੋਸਾਇਟੀਆਂ ਦੇ ਸਹਿਯੋਗ ਨਾਲ 18 ਅਪ੍ਰੈਲ ਤੋਂ ਸ਼ੁਰੂ ਹੋਈ ਪਾਠਾਂ ਦੀ ਲੜੀ ਦਾ ਸਮਾਪਤੀ ਸਮਾਗਮ ਸਥਾਨਕ ਗੁਰਦੁਆਰਾ ਸਾਹਿਬ ਰਾਮਗੜ੍ਹੀਆਂ ਵਿਖੇ ਕਰਵਾਇਆ ਗਿਆ। ਇਸ ਮੌਕੇ ਸੋਸਾਇਟੀ ਦੀਆਂ ਬੀਬੀਆਂ ਵੱਲੋਂ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ । ਇਸ ਉਪਰੰਤ ਸਜਾਏ ਗਏ ਕੀਰਤਨ ਦਰਬਾਰ 'ਚ ਬੀਬੀਆਂ ਨੇ ਸ਼ਬਦ ਕੀਰਤਨ ਕੀਤਾ। ਸਮਾਗਮ ਦੌਰਾਨ ਗਿਆਨੀ ਬੋਹੜ ਸਿੰਘ (ਪਟਿਆਲੇ ਵਾਲਿਆਂ) ਦੇ ਰਾਗੀ ਜਥੇ ਅਤੇ ਗਿਆਨੀ ਗੁਰਦੀਪ ਸਿੰਘ ਬਾਵਾ ਵੱਲੋਂ ਕਥਾ-ਕੀਰਤਨ ਰਾਹੀ ਗੁਰੂ ਜੀ ਦੀ ਸ਼ਹਾਦਤ ਬਾਰੇ ਚਾਨਣਾ ਪਾਇਆ। ਇਸ ਮੌਕੇ ਸੋਸਾਇਟੀ ਦੇ ਸਰਪ੍ਰਸਤ ਸੁਭਾਸ਼ ਪੰਜਰਥ, ਜੋਗਿੰਦਰ ਸਿੰਘ ਆਰੇਵਾਲੇ, ਅਮਰਜੀਤ ਸਿੰਘ ਪੰਜਰਥ, ਪ੍ਰਧਾਨ ਬੀਬੀ ਕਵੰਲਜੀਤ ਕੌਰ,ਮੀਤ ਪ੍ਰਧਾਨ ਗੁਰਮੀਤ ਕੌਰ, ਜਨਰਲ ਸਕੱਤਰ ਨੀਲਮ ਸਹਿਗਲ, ਕੈਸ਼ੀਅਰ ਮੀਨਾ ਪੰਜਰਥ, ਜਸਪਾਲ ਪੰਜਰਥ, ਚਰਨਜੀਤ ਕੌਰ, ਕੁਲਵੰਤ ਕੌਰ, ਪ੍ਰੋ: ਹਰਬੰਸ ਸਿੰਘ ਨਾਗੀ, ਬਲਵੀਰ ਸਿੰਘ ਆਰੇਵਾਲੇ, ਮਾਸਟਰ ਜਸਵੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜਿਥੇ ਕਮੇਟੀ ਵੱਲੋਂ ਸੁਖਮਨੀ ਸਾਹਿਬ ਸੁਸਾਇਟੀ ਦੀਆਂ ਬੀਬੀਆਂ ਦਾ ਸਨਮਾਨ ਵੀ ਕੀਤਾ ਗਿਆ ਉਥੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਰੀਰਕ ਸਬੰਧ ਬਣਾਉਣ 'ਤੇ ਮਾਮਲਾ ਦਰਜ

ਨਾਭਾ, 7 ਜੂਨ (ਬਲਜਿੰਦਰ ਮਾਨ) : ਥਾਣਾ ਕੋਤਵਾਲੀ ਨਾਭਾ ਦੀ ਪੁਲਿਸ ਨੇ ਇਕ ਵਿਅਕਤੀ ਵਿਰੁੱਧ ਧਾਰਾ 64 ਬੀ. ਐਨ. ਐਸ. ਤਹਿਤ ਕੇਸ ਦਰਜ ਕੀਤਾ ਹੈ। ਜਿਹੜੇ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ ਸੰਨੀ ਪੁੱਤਰ ਗੁਲਜਾਰ ਸਿੰਘ ਵਾਸੀ ਪਿੰਡ ਬੋਪਰ ਥਾਣਾ ਚੀਕਾ ਜ਼ਿਲ੍ਹਾ ਕੈਥਲ ਹਰਿਆਣਾ ਹੈ। ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਵਿਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸਦੀ ਲੜਕੀ ਜਿਸਦੀ ਉਮਰ 22 ਸਾਲ ਦੇ ਕਰੀਬ ਹੈ ਕਰੀਬ ਇਕ ਸਾਲ ਤੋਂ ਉਸ ਦੇ ਜੇਠ ਦੇ ਘਰ ਰਹਿ ਰਹੀ ਸੀ ਤੇ 4 ਜੂਨ 2025 ਨੂੰ ਪੇਟ ਵਿੱਚ ਦਰਦ ਹੋਣ ਕਾਰਨ ਜਦੋਂ ਲੜਕੀ ਨੂੰ ਹਸਪਤਾਲ ਭਰਤੀ ਕਰਵਾਇਆ ਸੀ ਤਾਂ ਡਾਕਟਰੀ ਜਾਂਚ ਦੌਰਾਨ ਡਾਕਟਰਾਂ ਨੇ ਦੱਸਿਆ ਕਿ ਉਹ ਪ੍ਰੈਗਨੈਂਟ ਹੈ ਅਤੇ ਲੜਕੀ ਨੇ ਦੱਸਿਆ ਕਿ ਸੰਨੀ ਨੇ ਉਸ ਨੂੰ ਆਪਣੀਆਂ ਗੱਲਾਂ ਵਿੱਚ ਫੁਸਲਾ ਕੇ ਵਿਆਹ ਕਰਾਉਣ ਦਾ ਝਾਂਸਾ ਦੇ ਕੇ ਸਰੀਰਕ ਸਬੰਧ ਬਣਾ ਲਏ ਅਤੇ ਵਾਰ-ਵਾਰ ਮਨ੍ਹਾਂ ਕਰਨ ਦੇ ਬਾਵਜੂਦ ਵੀ ਕਥਿਤ ਤੌਰ 'ਤੇ ਸਰੀਰਕ ਸਬੰਧ ਬਣਾਉਂਦਾ ਰਿਹਾ ਤੇ ਹੁਣ ਵਿਆਹ ਕਰਾਉਣ ਤੋਂ ਮਨ੍ਹਾਂ ਕਰ ਰਿਹਾ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ 4 ਜੂਨ 2025 ਦੀ ਰਾਤ ਨੂੰ ਉਸ ਨੇ ਇੱਕ ਬੱਚੀ ਨੂੰ ਜਨਮ ਦਿੱਤਾ, ਜੋ ਪੀੜਤ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਆਈ.ਸੀ.ਯੂ. ਵਿੱਚ ਬੇਹੋਸ਼ ਹਾਲਤ ਵਿੱਚ ਹੈ। ਪੁਲਿਸ ਨੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਬੱਡੀ ਖਿਡਾਰਨ ਪ੍ਰਿਯਾ ਸ਼ਰਮਾ ਤੇ ਕੋਚ ਗੁਰਪ੍ਰੀਤ ਸਿੰਘ ਦਾ ਸਨਮਾਨ



ਭਾਦਸੋਂ, 7 ਜੂਨ (ਭਰਪੂਰ ਸਿੰਘ ਮੱਟਰਾਂ) : ਖੇਡ ਵਿਭਾਗ ਵੱਲੋਂ ਭਾਦਸੋਂ ਵਿੱਖੇ ਚੱਲ ਰਹੇ ਕਬੱਡੀ ਕੋਚਿੰਗ ਸੈਂਟਰ ਦੀ ਖਿਡਾਰਨ ਤੇ ਕਬੱਡੀ ਕੋਚ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਛੇ ਵੇਰ ਕੌਮੀ ਖੇਡਾਂ ਵਿੱਚ ਮੱਲਾਂ ਮਾਰਨ ਵਾਲੀ ਕਬੱਡੀ ਪਲੇਅਰ ਪ੍ਰਿਯਾ ਸ਼ਰਮਾ ਨੂੰ ਪੰਜਾਬ ਸਰਕਾਰ ਵੱਲੋਂ ਅਪਣੇ ਖੇਡ ਵਿਭਾਗ ਵਿੱਚ ਕਬੱਡੀ ਕੋਚ ਨਿਯੁਕਤ ਕੀਤਾ ਗਿਆ ਹੈ । ਇਸ ਨਿਯੁਕਤੀ ਉਪਰੰਤ ਅਪਣੇ ਜੱਦੀ ਪਿੰਡ ਦੰਦਰਾਲਾ ਖਰੌਡ ਦੇ ਪ੍ਰਸਿੱਧ ਧਾਰਮਿਕ ਅਸਥਾਨ ਮਾਤਾ ਹਿੰਗਲਾਜ਼ ਮੰਦਰ ਵਿੱਚ ਪ੍ਰਜਣ 'ਤੇ ਪਿੰਡ ਦੀ ਪੰਚਾਇਤ ਤੇ ਇਲਾਕੇ ਭਰ ਦੇ ਪਤਵੰਤਿਆਂ ਵੱਲੋਂ ਖਿਡਾਰਨ ਪ੍ਰਿਯਾ ਸਰਮਾ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦੇ ਕੋਚ ਗੁਰਪ੍ਰੀਤ ਸਿੰਘ ਦਾ ਵਿਸ਼ੇਸ ਸਨਮਾਨ ਕੀਤਾ ਗਿਆ । ਸਨਮਾਨ ਉਪਰੰਤ ਬੋਲਦਿਆਂ ਕੋਚ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਪ੍ਰਿਯਾ ਸ਼ਰਮਾ ਨੇ ਮਾਂ ਖੇਡ ਕਬੱਡੀ ਪ੍ਰਤੀ ਸਮਰਪਣ, ਖੇਡ ਮੈਦਾਨ ਦੇ ਸਖ਼ਤ ਅਭਿਆਸ ਤੇ ਅਨੁਸ਼ਾਸ਼ਨ ਵਿੱਚ ਰਹਿਣ ਦੀ ਭਾਵਨਾ ਨਾਲ ਅਪਣੇ ਕੋਚ ਬਣਨ ਦੇ ਟੀਚੇ ਨੂੰ ਪ੍ਰਾਪਤ ਕੀਤਾ ਹੈ । ਇਸ ਮੌਕੇ ਪੰਡਿਤ ਜੈ ਪ੍ਰਕਾਸ਼, ਕ੍ਰਿਸ਼ਨ ਕੁਮਾਰ, ਪਵਨ ਬਾਵਾ, ਬਾਬਾ ਬਘੇਲ ਜੀ, ਪ੍ਰਿਯਾ ਦੇ ਪਿਤਾ ਭੁਪਿੰਦਰ ਕੁਮਾਰ, ਨਵੀਨ ਕੁਮਾਰ, ਸਤਨਾਮ ਬਾਤਿਸ਼, ਜਸਵੰਤ ਸਿੰਘ, ਗੁਰਪ੍ਰੀਤ ਮਾਣਾ, ਸਾ. ਕਬੱਡੀ ਖਿਡਾਰੀ ਭੁਪਿੰਦਰ ਸਿੰਘ ਡਕਾਲਾ, ਮਾਸਟਰ ਅਮਰਨਾਥ ਸ਼ੁਕਲਾ, ਡਾ. ਪ੍ਰਦੀਪ ਕੁੰਦਰਾ, ਬੱਬੀ ਰੰਘੇੜੀ ਪ੍ਰਧਾਨ ਜਿਊਲਰਜ਼ ਐਸੋ., ਰਣਧੀਰ ਸਿੰਘ ਸ਼ੇਰਗਿੱਲ, ਅਸ਼ਵਨੀ ਗਰਗ, ਰਵਿੰਦਰ ਕੌੜਾ, ਵੇਦ ਪ੍ਰਕਾਸ਼ ਰਿੰਕੂ, ਐਡਵੋਕੇਟ ਰਣਜੀਤ ਸਿੰਘ , ਵਿਸ਼ਾਲ ਕੁਮਾਰ, ਕਬੱਡੀ ਖਿਡਾਰੀ ਕਰਨ ਡਕਾਲਾ, ਗੁਰਵੀਰ ਸਿੰਘ, ਖਿਡਾਰਨ ਪ੍ਰਨਪ੍ਰੀਤ ਕੌਰ, ਮੁਸਕਾਨ, ਏਕਮਜੋਤ ਕੌਰ, ਮਨਜੀਤ ਕੌਰ, ਦੀਕਸ਼ਾ, ਸਮੂਹ ਮਾਤਾ ਹਿੰਗਲਾਜ਼ ਮੰਦਰ ਕਮੇਟੀ, ਗ੍ਰਾਮ ਪੰਚਾਇਤ ਪਿੰਡ ਦੰਦਰਾਲਾ ਖਰੌੜ ਤੇ ਪਿੰਡ ਵਾਸੀਆਂ ਨੇ ਪ੍ਰਿਯਾ ਸਰਮਾ ਦਾ ਸਵਾਗਤ ਤੇ ਕੋਚ ਗੁਰਪ੍ਰੀਤ ਸਿੰਘ ਦਾ ਸਨਮਾਨ ਕੀਤਾ ਗਿਆ।

# ਪੁਲਿਸ ਵੱਲੋਂ ਵੱਖ-ਵੱਖ ਥਾਵਾਂ ਤੋਂ 58 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 7 ਜੂਨ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਸੋਹਨ ਸਿੰਘ ਵਾਸੀ ਪਿੰਡ ਸੈਫਦੀਪੁਰ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਹਰਦੀਪ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਪਿੰਡ ਸੇ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਨਾਜਾਇਜ਼ ਸ਼ਰਾਬ ਕਸੀਦ ਕਰਕੇ ਵੇਚਣ ਦਾ ਆਦੀ ਹੈ, ਜੋ ਦੋਸ਼ੀ ਦੇ ਘਰ ਰੇਡ ਕਰਨ ਪਰ 100 ਲੀਟਰ ਲਾਹਣ ਅਤੇ 22 ਬੋਤਲਾਂ ਸ਼ਰਾਬ ਦੇਸੀ (ਘਰ ਦੀ ਕੱਢੀ) ਦੀਆ ਬ੍ਰਾਮਦ ਕੀਤੀਆਂ। ਇਸੇ ਤਰ੍ਹਾਂ ਥਾਣਾ ਸਦਰ ਪਟਿਆਲਾ ਪੁਲਿਸ ਨੇ ਮਹਿੰਦਰ ਸਿੰਘ ਵਾਸੀ ਪਿੰਡ ਸੈਫਦੀਪੁਰ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਮਨਜੀਤ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਸ਼ੇਖਪੁਰਾ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਨਾਜਾਇਜ਼ ਸ਼ਰਾਬ ਕਸੀਦ ਕਰਕੇ ਵੇਚਣ ਦਾ ਆਦੀ ਹੈ, ਜੋ ਦੋਸ਼ੀ ਦੇ ਘਰ ਰੇਡ ਕਰਨ ਪਰ 50 ਲੀਟਰ ਲਾਹਣ ਅਤੇ 12 ਬੋਤਲਾਂ ਸ਼ਰਾਬ ਦੇਸੀ (ਘਰ ਦੀ ਕੱਢੀ) ਦੀਆਂ ਬ੍ਰਾਮਦ ਹੋਈਆ। ਇਸੇ ਤਰ੍ਹਾਂ ਥਾਣਾ ਸ਼ੰਭੂ ਪੁਲਿਸ ਨੇ ਕਥਿਤ ਦੋਸ਼ੀਆਂ ਹਰਮਨ ਸਿੰਘ ਵਾਸੀ ਪਿੰਡ ਸ਼ੰਭੂ ਖੁਰਦ, ਜਸਪ੍ਰੀਤ ਸਿੰਘ ਵਾਸੀ ਪਿੰਡ ਮਰਦਾਪੁਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਕ੍ਰਿਸ਼ਨ ਚੰਦ ਸਮੇਤ ਪੁਲਿਸ ਪਾਰਟੀ ਪਿੰਡ ਬਪਰੌਰ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 24 ਬੋਤਲਾਂ ਸ਼ਰਾਬ ਨਾਜਾਇਜ਼ ਦੀਆਂ ਬ੍ਰਾਮਦ ਕੀਤੀਆਂ।

# ਇੰਦਰਪ੍ਰੀਤ ਸਿੰਘ ਬਡੂੰਗਰ ਇੰਸਪੈਕਟਰ ਤੋਂ ਪ੍ਰਮੋਟ ਹੋ ਕੇ ਬਣੇ ਡੀ.ਐਸ.ਪੀ.



ਪਟਿਆਲਾ, 7 ਜੂਨ (ਚ.ਨ.ਸ.) : ਪੰਜਾਬ ਸਰਕਾਰ ਦੇ ਪੁਲਸ ਵਿਭਾਗ ਵੱਲੋਂ ਮਿਹਨਤੀ ਅਤੇ ਅਨੁਭਵੀ ਇੰਸਪੈਕਟਰਾਂ ਨੂੰ ਪ੍ਰਮੋਟ ਕਰ ਕੇ ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀ ਐਸ ਪੀ) ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਇਸੇ ਤਹਿਤ ਸਾਬਕਾ ਐਸਜੀਪੀਸੀ ਪ੍ਰਧਾਨ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ ਦੇ ਸਪੁੱਤਰ ਅਤੇ ਪਹਿਲਾਂ ਤੋਂ ਹੀ ਤਾਇਨਾਤ ਡੀ ਐਸ ਪੀ ਹਰਦੀਪ ਸਿੰਘ ਬਡੂੰਗਰ ਦੇ ਭਰਾ ਇੰਦਰਪ੍ਰੀਤ ਸਿੰਘ ਬਡੂੰਗਰ ਨੂੰ ਡੀ.ਐਸ.ਪੀ. ਵਜੋਂ ਪ੍ਰਮੋਟ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਦੇ ਪਿਤਾ, ਭਰਾ ਅਤੇ ਦੋਸਤਾਂ ਨੇ ਕੇਕ ਕੱਟ ਕੇ ਖੁਸ਼ੀ ਜ਼ਾਹਰ ਕੀਤੀ। ਦੱਸਣਯੋਗ ਹੈ ਕਿ 1999 ਵਿੱਚ ਬਤੌਰ ਏ.ਐਸ.ਆਈ. ਭਰਤੀ ਹੋਣ ਮਗਰੋਂ ਇੰਦਰਪ੍ਰੀਤ ਸਿੰਘ ਬਡੂੰਗਰ ਵੱਖ ਵੱਖ ਜ਼ਿਲ੍ਹਿਆਂ ਵਿੱਚ ਐਸਐਚਓ, ਵਿਜੀਲੈਂਸ ਵਿਭਾਗ, ਚੌਂਕੀ ਇੰਚਾਰਜ ਅਤੇ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਵਜੋਂ ਸੇਵਾ ਨਿਭਾਅ ਚੁੱਕੇ ਹਨ ਅਤੇ ਹੁਣ ਉਨ੍ਹਾਂ ਨੂੰ ਗੁਰੂਆਂ ਦੀ ਧਰਤੀ ਫਤਿਹਗੜ੍ਹ ਸਾਹਿਬ ਤੋਂ ਡੀਐਸਪੀ ਵਜੋਂ ਤਰੱਕੀ ਮਿਲੀ ਹੈ। ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਇੰਦਰਪ੍ਰੀਤ ਸਿੰਘ ਬਡੂੰਗਰ ਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਫਲਸਫਿਆਂ 'ਤੇ ਚਲਦਿਆਂ ਪਹਿਲਾਂ ਵਾਂਗ ਹੀ ਆਪਣੀ ਨਵੀਂ ਭੂਮਿਕਾ ਵਿੱਚ ਸ਼ੁੱਧਤਾ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਇਹ ਦਿਨ ਮੇਰੇ ਕਰੀਅਰ ਦਾ ਸਭ ਤੋਂ ਯਾਦਗਾਰ ਪਲ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਉੱਘੇ ਸਮਾਜ ਸੇਵੀ ਰੁਪਿੰਦਰ ਸੋਨੂ, ਹੈਰੀ ਜੇਦਕਾ, ਹਰਪ੍ਰੀਤ ਸਿੰਘ ਅਤੇ ਹੋਰਨਾਂ ਦੋਸਤਾ ਨੇ ਵੀ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਤਰੱਕੀ ਉਹਨਾਂ ਦੇ ਸਮਰਪਣ ਅਤੇ ਸੇਵਾ ਭਾਵਨਾ ਦਾ ਸਿੱਟਾ ਹੈ।

# ਪੀਰ ਦੇ ਸਾਲਾਨਾ ਭੰਡਾਰਾ ਤੇ 12ਵੇਂ ਕੁਸ਼ਤੀ ਦੰਗਲ ਦਾ ਪੋਸਟਰ ਵਿੱਕੀ ਘਨੌਰ ਵੱਲੋਂ ਰਿਲੀਜ਼




ਘਨੌਰ, 7 ਜੂਨ (ਮਦਨ ਲਾਲ) : ਹਲਕਾ ਘਨੌਰ ਅਧੀਨ ਪੈਂਦੇ ਪਿੰਡ ਖੇੜੀ ਗੁਰਨਾ ਦੇ ਲੱਖ ਦਾਤਾ ਲਾਲਾ ਵਾਲਾ ਪੀਰ ਜੀ ਦਾ ਸਾਲਾਨਾ ਭੰਡਾਰਾ ਅਤੇ ਦਸਵਾਂ ਕੁਸ਼ਤੀ ਦੰਗਲ 12 ਜੂਨ ਨੂੰ ਕਰਵਾਇਆ ਜਾ ਰਿਹਾ, ਜਿਸ ਦਾ ਪੋਸਟਰ ਅੱਜ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਸਪੋਰਟਸ ਵਿੰਗ ਪੰਜਾਬ ਦੇ ਪ੍ਰਧਾਨ ਵਿੱਕੀ ਘਨੌਰ ਵੱਲੋਂ ਜਾਰੀ ਕਰਦਿਆਂ ਕਿਹਾ ਕਿ ਸਮੂਹ ਪਿੰਡ ਵਾਸੀ ਤੇ ਸੱਜਣ ਮਿੱਤਰਾ ਦੇ ਸਹਿਯੋਗ ਦੇ ਨਾਲ ਕਰਵਾਇਆ ਜਾ ਰਿਹਾ ਹੈ। ਇਸ ਕੁਸ਼ਤੀ ਦੰਗਲ ਦੇ ਵਿੱਚ 21 ਕੁਸ਼ਤੀਆਂ ਕਰਵਾਈਆਂ ਜਾਣਗੀਆਂ ਅਤੇ ਜਿਨ੍ਹਾਂ ਨੂੰ ਸੱਦਾ ਦਿੱਤਾ ਗਿਆ ਹੈ। ਉਹਨਾਂ ਦੀ ਹੀ ਕੁਸ਼ਤੀਆਂ ਹੋਣਗੀਆਂ ,ਕੁਸ਼ਤੀਆਂ ਲੜਕੀਆਂ ਦੀਆਂ ਵੀ ਕਰਵਾਈਆਂ ਜਾਣਗੀਆਂ। ਉਹਨਾਂ ਆਸ ਪਾਸ ਤੇ ਸਮੂਹ ਇਲਾਕਾ ਨਿਵਾਸੀਆਂ ਨੂੰ 12 ਜੂਨ ਨੂੰ ਪਿੰਡ ਖੇੜੀ ਗੁਰਨਾ ਵਿਖੇ ਲੱਖ ਦਾਤਾਂ ਲਾਲਾ ਵਾਲਾ ਪੀਰ ਜੀ ਦਾ ਅਸ਼ੀਰਵਾਦ ਪ੍ਰਾਪਤ ਕਰੋ ਅਤੇ ਕੁਸ਼ਤੀਆਂ ਦਾ ਅਨੰਦ ਲਓ। ਇਸ ਮੌਕੇ ਬਹਾਦਰ ਸਿੰਘ ਪਹਿਲਵਾਨ ਪ੍ਰਬੰਧਕ ਖੇਡ ਮੇਲਾ ਖੇੜੀ ਗੁਰਨਾ ਦੇ ਨਾਲ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਟਿੰਕੂ ਘਨੌਰ, ਹੈਪੀ ਮੰਡੋਲੀ ਹਰਿਮੰਦਰ ਤੇ ਸਾਥੀ ਮੌਜੂਦ ਸਨ।

# ਪੀੜਤਾਂ ਨੂੰ ਬਚਾਉਣਾ, ਨਵਾਂ ਜੀਵਨ ਦੇਣਾ ਪਰਉਪਕਾਰੀ ਕਾਰਜ : ਗੁਰਪ੍ਰੀਤ ਸਿੰਘ



ਪਟਿਆਲਾ, 7 ਜੂਨ (ਚ.ਨ.ਸ.) : ਸ੍ਰੀ ਗੁਰੂ ਅਰਜਨ ਕੀਰਤਨ ਮੰਡਲ ਪਟਿਆਲਾ ਵੱਲੋਂ ਹਰ ਸਾਲ ਬੱਚਿਆਂ ਨੌਜਵਾਨਾਂ ਅਤੇ ਨਾਗਰਿਕਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਉਪਦੇਸ਼ਾਂ ਅਤੇ ਮਾਨਵਤਾਵਾਦੀ ਕਾਰਜਾਂ ਨਾਲ ਜੋੜਨ ਲਈ ਚਲੀਹੇ ਚਲਾਏ ਜਾਂਦੇ ਹਨ, ਜਿਸ ਹਿੱਤ ਵੱਖ-ਵੱਖ ਥਾਵਾਂ 'ਤੇ ਕੀਰਤਨ ਕਰਕੇ, ਬੱਚਿਆਂ ਨੌਜਵਾਨਾਂ ਨੂੰ ਗੁਰਬਾਣੀ ਨਾਲ ਜੋੜਣ ਅਤੇ ਨੌਜਵਾਨਾਂ ਰਾਹੀਂ ਮਾਨਵਤਾ ਨੂੰ ਬਚਾਉਣ ਲਈ ਤਿਆਰ ਕੀਤਾ ਜਾਂਦਾ ਹੈ। ਇਸੇ ਸਬੰਧ ਵਿੱਚ ਇੱਕ ਵਿਸ਼ਾਲ ਖੂਨਦਾਨ ਕੈਂਪ, ਰਾਜਿੰਦਰਾ ਹਸਪਤਾਲ ਬਲੱਡ ਬੈਂਕ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਵਿਖੇ 94 ਮਹਾਂ ਪੁਰਸ਼ਾਂ ਨੇ ਪੀੜਤਾਂ ਦੀ ਹਸਪਤਾਲਾਂ ਵਿਖੇ ਕੀਮਤੀ ਜਾਨਾਂ ਬਚਾਉਣ ਲਈ ਖੂਨਦਾਨ ਕੀਤਾ। ਇਸ ਮੌਕੇ ਪ੍ਰਧਾਨ ਰਾਮ ਸਿੰਘ, ਅਮਰੀਕ ਸਿੰਘ ਚੈਅਰਮੈਨ, ਬੀਰਦਵਿੰਦਰ ਸਿੰਘ ਸਕੱਤਰ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ ਨੇ ਪ੍ਰਮਾਤਮਾ ਅਤੇ ਦਾਨੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵਾਹਿਗੁਰੂ ਜੀ ਦੇ ਅਸ਼ੀਰਵਾਦ ਸਦਕਾ ਉਨ੍ਹਾਂ ਵੱਲੋਂ ਹਰ ਸਾਲ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਂਦੇ ਹਨ ਅਤੇ ਖੂਨ ਦਾਨ, ਅੱਖਾਂ ਦੇ ਅਪ੍ਰੇਸ਼ਨ ਕਰਵਾਏ ਜਾਂਦੇ ਹਨ। ਰਾਜਿੰਦਰਾ ਹਸਪਤਾਲ ਦੀ ਡਾਕਟਰਾਂ ਦੀ ਟੀਮ ਨੇ ਗੁਰੂ ਅਰਜਨ ਕੀਰਤਨ ਸੇਵਾ ਮੰਡਲ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਸੁਖਵਿੰਦਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਮਾਨਵਤਾਵਾਦੀ ਸੇਵਾਵਾਂ, ਗਰੀਬਾਂ ਜ਼ਰੂਰਤਮੰਦਾਂ ਨੂੰ ਮੁਫ਼ਤ ਕਾਉਂਸਲਿੰਗ ਲਈ ਸਨਮਾਨਿਤ ਕੀਤਾ ਗਿਆ। ਗੁਰਪ੍ਰੀਤ ਸਿੰਘ ਜੋ ਭਾਰਤੀਯ ਰੈੱਡ ਕਰਾਸ ਅਤੇ ਸਿਵਲ ਡਿਫੈਂਸ ਫਸਟ ਏਡ ਸੀ ਪੀ ਆਰ ਦੇ ਵੰਲਟੀਅਰ ਹਨ।

## ਮੋਟਰਸਾਈਕਲ ਚੋਰੀ, ਮਾਮਲਾ ਦਰਜ

ਪਟਿਆਲਾ, 7 ਜੂਨ (ਵਿਨੋਦ ਸ਼ਰਮਾ) : ਮੋਟਰਸਾਈਕਲ ਚੋਰੀ ਹੋਣ ਸਬੰਧੀ ਥਾਣਾ ਤ੍ਰਿਪੜੀ ਪੁਲਿਸ ਕੋਲ ਕਮਲਜੀਤ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਗਲੀ ਨੰ. 10 ਡਰੇਨ ਰੋਡ ਵਿਕਾਸ ਨਗਰ ਪਟਿਆਲਾ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਪਣਾ ਮੋਟਰਸਾਈਕਲ ਜੋ ਕਿ ਵਿਕਾਸ ਨਗਰ ਢਾਬੇ ਦੇ ਬਾਹਰ ਖੜ੍ਹਾ ਕੀਤਾ ਸੀ, ਜਦੋਂ ਕੁੱਝ ਸਮੇਂ ਬਾਅਦ ਆ ਕੇ ਦੇਖਿਆ ਤਾਂ ਮੋਟਰਸਾਈਕਲ ਗਾਇਬ ਸੀ, ਜੋ ਕਿਸੇ ਅਣਪਛਾਤੇ ਵਿਅਕਤੀਆਂ ਨੇ ਚੋਰੀ ਕਰ ਲਿਆ। ਪੁਲਿਸ ਨੇ ਧਾਰਾ 303 (2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਪੇਂਡੂ ਚੌਕੀਦਾਰ ਯੂਨੀਅਨ ਨੇ ਤਨਖ਼ਾਹ 'ਚ ਵਾਧੇ ਦਾ ਕੀਤਾ ਧੰਨਵਾਦ



ਘਨੌਰ, 7 ਜੂਨ (ਮਦਨ ਲਾਲ) : ਸਬ ਤਹਿਸੀਲ ਘਨੌਰ ਵਿਖੇ ਪੇਂਡੂ ਚੌਕੀਦਾਰ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਰਾਮ ਮੂਰਤੀ ਸੋਗਲਪੁਰ ਦੀ ਅਗਵਾਈ ਵਿਚ ਮਹੀਨਾਵਾਰ ਮੀਟਿੰਗ ਕੀਤੀ ਗਈ, ਜਿਸ ਵਿਚ ਯੂਨੀਅਨ ਦੇ ਸਲਾਹਕਾਰ ਓਮਕਾਰ ਸ਼ਰਮਾ ਸੋਗਲਪੁਰ ਨੇ ਕਿਹਾ ਕਿ ਯੂਨੀਅਨ ਦੇ ਵਫ਼ਦ ਵੱਲੋਂ ਹਲਕਾ ਵਿਧਾਇਕ ਗੁਰਲਾਲ ਸਿੰਘ ਘਨੌਰ ਨੂੰ ਚੌਕੀਦਾਰਾਂ ਦੀ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਸੀ, ਜਿਸ ਸਬੰਧੀ ਹਲਕਾ ਵਿਧਾਇਕ ਦੇ ਯਤਨਾਂ ਸਦਕਾ ਪੇਂਡੂ ਚੌਕੀਦਾਰਾਂ ਦੀ ਤਨਖਾਹ ਵਿਚ ਭਾਵੇਂ ਨਿਗੁਣਾ ਵਾਧਾ ਕੀਤਾ ਗਿਆ ਫਿਰ ਵੀ ਯੂਨੀਅਨ ਵੱਲੋਂ ਹਲਕਾ ਵਿਧਾਇਕ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਾਂਦਾ ਹੈ। ਇਸ ਮੌਕੇ ਸੂਬਾ ਖਜਾਨਚੀ ਕੇਸਰ ਸਿੰਘ ਚਪੜ, ਨਿਰਮੈਲ ਸਿੰਘ ਮੰਡਿਆਣਾ,ਧੰਨਾ ਸਿੰਘ ਜੰਡਮੰਘੋਲੀ, ਕਰਮ ਸਿੰਘ ਸੂਹਰੋ, ਜੋਗਿੰਦਰ ਸਿੰਘ ਅਜਰਾਵਰ, ਸੋਮ ਨਾਥ ਕਾਮੀ ਕਲਾਂ, ਮਲਕੀਤ ਸਿੰਘ ਸੰਧਾਰਸੀ ਅਤੇ ਹੰਸ ਰਾਜ ਸਰਾਲਾ ਆਦਿ ਹਾਜ਼ਰ ਸਨ।

ਰੋਜ਼ਾਨਾ
# ਚੜ੍ਹਦੀਕਲਾ
ਸਪਤਾਹਿਕ ਮੈਗਜ਼ੀਨ
Punjabi Daily Newspaper Charhdikala
ਐਤਵਾਰ, 8 ਜੂਨ, 2025
Sunday, 8 June, 2025






# ਪੰਜਾਬ ਦੀ ਧਰਾਤਲ ਅਤੇ ਦਰਿਆ

ਮਨਮੋਹਨ

ਭੂਗੋਲ

ਪੰਜਾਬ ਆਰੰਭ ਤੋਂ ਹੀ ਨਾ ਤਾਂ ਇਤਿਹਾਸਕ, ਸਮਾਜਿਕ, ਸੱਭਿਆਚਾਰਕ, ਭੌਤਿਕ ਅਤੇ ਭੂਗੋਲਿਕ ਦ੍ਰਿਸ਼ਟੀ ਤੋਂ ਇਕਸਾਰ ਤੇ ਇਕਜੁੱਟ ਰਿਹਾ ਹੈ ਅਤੇ ਨਾ ਹੀ ਇਕਰੂਪ। ਵੱਖ ਵੱਖ ਦੌਰਾਂ ਨੇ ਇਸ ਦੇ ਇਤਿਹਾਸਕ, ਸਮਾਜਿਕ, ਸੱਭਿਆਚਾਰਕ, ਮਾਨਸਿਕ ਅਤੇ ਮਾਨਵੀ ਆਯਾਮ ਉਸਾਰੇ। ਇਸ ਦੇ ਨਾਲ ਹੀ ਭੌਤਿਕ, ਭੂਗੋਲਿਕ ਅਤੇ ਧਰਾਤਲੀ ਬਦਲਾਵਾਂ ਨੇ ਇਸ ਦੇ ਸਹਿਜ, ਸੁਭਾਅ, ਸੋਚ, ਰਹਿਤਲ ਅਤੇ ਜੀਵਨ ਢੰਗ ਤੇ ਸ਼ੈਲੀ ਨੂੰ ਘੜਿਆ।

ਪੰਜਾਬ ਦੀ ਉੱਤਰੀ ਹੱਦ ਦੇ ਨਾਲ ਨਾਲ ਹਿਮਾਲਾ ਪਹਾੜ ਸਥਿਤ ਹੈ ਜੋ ਇਸ ਨੂੰ ਕਸ਼ਮੀਰ ਤੋਂ ਅੱਡ ਕਰਦਾ ਹੈ। ਇਸ ਦੇ ਪੱਛਮ ਅਤੇ ਉੱਤਰ-ਪੱਛਮ ਵਿਚ ਅਫ਼ਗ਼ਾਨਿਸਤਾਨ ਹੈ ਜਿਸ ਨਾਲੋਂ ਇਹ ਸੁਲੇਮਾਨ ਪਹਾੜਾਂ ਰਾਹੀਂ ਵੱਖਰਾ ਹੁੰਦਾ ਹੈ। ਇਸ ਦੀ ਦੱਖਣੀ ਹੱਦ ਰਾਜਪੂਤਾਨੇ ਦੇ ਜੰਗਲਾਂ ਨੂੰ ਛੂੰਹਦੀ ਹੈ। ਭੂਗੋਲਿਕ ਪੱਖੋਂ ਪੰਜਾਬ ਦੀ ਪੂਰਬੀ ਹੱਦ ਨਿਸ਼ਚਿਤ ਨਹੀਂ, ਪਰ ਕਰਨਾਲ ਨੇੜਿਓਂ ਉਸ ਥਾਂ ਤੋਂ ਜਿੱਥੋਂ ਜਮੁਨਾ ਦੱਖਣ-ਪੂਰਬ ਵੱਲ ਮੁੜਦੀ ਹੈ, ਪੰਜਨਦ ਤੱਕ ਇਕ ਦੰਦੇਦਾਰ ਰੇਖਾ ਖਿੱਚੀਂਦੀ ਹੈ ਜੋ ਭਾਰਤ ਦੇ ਬਾਕੀ ਹਿੱਸੇ ਅਤੇ ਸਿੰਧ ਦੇ ਮਾਰੂਥਲ ਤੋਂ ਪੰਜਾਬ ਦੀ ਜ਼ਮੀਨੀ ਹੱਦਬੰਦੀ ਕਰਦੀ ਹੈ।

ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ ਦੇ ਖਿੱਤੇ ਨੂੰ ਪ੍ਰਾਚੀਨ ਕਾਲ ਵਿਚ ਸਪਤਸਿੰਧੂ ਕਿਹਾ ਜਾਂਦਾ ਸੀ ਜਿਸ ਦਾ ਭਾਵ ਹੈ ਸੱਤ ਦਰਿਆਵਾਂ ਦੀ ਧਰਤੀ। ਇਸ ਦੇ ਆਲੇ-ਦੁਆਲੇ ਹੀ ਸਿੰਧੂ ਘਾਟੀ ਅਤੇ ਹੜੱਪਾ ਸੱਭਿਅਤਾਵਾਂ ਵਿਕਸਿਤ ਹੋਈਆਂ। ਵੇਦਾਂ, ਪੁਰਾਣਾਂ ਅਤੇ ਕਈ ਮਹਾਕਾਵਿ ਵਿਚ ਪੰਜਾਬ ਨੂੰ ਪੰਚਨਦ ਭਾਵ ਪੰਜ ਦਰਿਆਵਾਂ ਦੀ ਧਰਤ ਕਿਹਾ ਗਿਆ। ਇਸ ਖਿੱਤੇ ਨੂੰ ਉਤਰਾਪਥ ਜਾਂ ਉਦੀਚਯ ਵੀ ਕਿਹਾ ਗਿਆ। ਉੱਤਰੀ ਪੱਖ 'ਚ ਸਿੰਧ ਅਤੇ ਗੰਗਾ ਦਰਿਆਵਾਂ ਦੇ ਦੋ ਮੈਦਾਨ ਹਨ। ਇਨ੍ਹਾਂ ਮੈਦਾਨਾਂ ਨੂੰ ਹਿਮਾਲੇ ਵਿਚੋਂ ਨਿਕਲਦੇ ਦਰਿਆ ਸਿੰਜਦੇ ਹਨ। ਪੰਜਾਬ ਵਿਚਲੇ ਦਰਿਆਵਾਂ ਦੇ ਵਹਿਣ ਦੱਖਣ ਪੱਛਮ ਵੱਲ ਹਨ ਅਤੇ ਗੰਗਾ ਦੇ ਮੈਦਾਨ ਦੇ ਦਰਿਆਵਾਂ ਦੇ ਵਹਾਅ ਦੱਖਣ ਪੂਰਬ ਵੱਲ।

ਪੰਜਾਬ ਦੀਆਂ ਦੂਰਾਡੀਆਂ ਭੂਗੋਲਿਕ ਹੱਦਾਂ ਸਿੰਧ ਅਤੇ ਯਮੁਨਾ ਦਰਿਆ ਬਣਦੇ ਹਨ। ਪੰਜ ਦਰਿਆਵਾਂ ਦੀ ਧਰਤ ਨੂੰ ਪੰਚਨਦ ਵੀ ਕਿਹਾ ਗਿਆ। ਇਸ ਦੇ ਹੀ ਫ਼ਾਰਸੀ ਸਰੂਪ ਪੰਜ+ਆਬ ਤੋਂ ਪੰਜਾਬ ਕਿਹਾ ਜਾਣ ਲੱਗਾ। ਪੰਜਾਬ ਭਾਰਤੀ ਉਪ-ਮਹਾਂਦੀਪ ਅਤੇ ਮੱਧ ਏਸ਼ੀਆ ਇਰਾਨ ਵਿਚਕਾਰ ਫੈਲਿਆ ਭੂ-ਭਾਗ ਹੈ ਜਿਸ ਨੂੰ ਹਿਮਾਲਿਆ ਅਤੇ ਹਿੰਦੂਕੁਸ਼ ਦੀਆਂ ਉੱਤਰ-ਪੱਛਮੀ ਲੜੀਆਂ ਵੰਡਦੀਆਂ ਹਨ। ਇਨ੍ਹਾਂ ਨਾਲ ਲੱਗਦੇ ਪਰਬਤਾਂ, ਘਾਟੀਆਂ-ਵਾਦੀਆਂ ਅਤੇ ਮਾਰੂਥਲਾਂ ਦਾ ਵਿਸ਼ਾਲ ਇਲਾਕਾ ਪੰਜ ਦਰਿਆਵਾਂ ਦੇ ਪਾਣੀਆਂ ਨਾਲ ਸਿੰਜਿਆ ਜਾਂਦਾ ਹੈ। ਇਸ ਦੀ ਮਿੱਟੀ ਜ਼ਰਖ਼ੇਜ਼ ਹੈ ਕਿਉਂਕਿ ਨਾ ਇਹ ਪਥਰੀਲੀ, ਨਾ ਬੰਜਰ, ਨਾ ਰੱਕੜ ਅਤੇ ਨਾ ਰੇਤਲੀ ਤੇ ਮਾਰੂਥਲੀ ਹੈ। ਇਸ ਦੀ ਭੂਗੋਲਿਕ ਸਥਿਤੀ ਕਾਰਨ ਇਹ ਵਿਸ਼ਾਲ ਜੰਗਲਾਂ, ਬਨਸਪਤੀਆਂ, ਚਰਾਗਾਹਾਂ ਅਤੇ ਵਾਹੀਯੋਗ ਮੈਦਾਨਾਂ ਨਾਲ ਭਰਪੂਰ ਹੈ। ਪਹਾੜਾਂ ਅਤੇ ਮਾਰੂਥਲਾਂ ਵਿਚਾਲੇ ਸਥਿਤ ਹੋਣ ਕਾਰਨ ਮੌਨਸੂਨ ਹਵਾਵਾਂ ਕਰਕੇ ਇਸ ਦਾ ਛੇ ਰੁੱਤਾਂ 'ਤੇ ਆਧਾਰਿਤ ਜਲਵਾਯੂ ਵਾਹੀ-ਖੇਤੀ ਲਈ ਬੜਾ ਮੁਆਫ਼ਕ ਹੈ। ਇਹ ਵਿਸ਼ਾਲ ਮੈਦਾਨਾਂ, ਜੰਗਲਾਂ, ਬੇਲਿਆਂ, ਚਰਾਗਾਹਾਂ ਅਤੇ ਦਰਿਆਈ ਪਾਣੀਆਂ ਦਾ ਖ਼ਜ਼ਾਨਾ ਹੋਣ ਕਾਰਨ ਪਿਛਲੇ ਪੰਜ ਹਜ਼ਾਰ ਤੋਂ ਵੀ ਵੱਧ ਸਮੇਂ ਤੋਂ ਵਿਕਸਤ ਮਾਨਵੀ ਸੱਭਿਅਤਾਵਾਂ ਦਾ ਪੰਘੂੜਾ ਰਿਹਾ ਹੈ।

> ਦਰਿਆਵਾਂ ਦੇ ਵਹਿਣ ਸਦੀਆਂ ਤੋਂ ਨਿਰੰਤਰ ਬਦਲਦੇ ਰਹੇ ਹਨ। ਸਮੁੱਚੇ ਸਪਤਸਿੰਧੂ ਦੇ ਇਲਾਕੇ 'ਚ ਪਹਾੜਾਂ ਅਤੇ ਮੈਦਾਨਾਂ 'ਚ ਬੁਨਿਆਦੀ ਬਦਲਾਅ ਆਉਂਦੇ ਰਹੇ ਹਨ। ਧਰਤੀ ਹੇਠਲੀਆਂ ਟੈਕਟੋਨਿਕ ਪਲੇਟਾਂ 'ਚ ਵਾਪਰਦੀ ਹਿਲਜੁਲ ਕਾਰਨ ਪਰਿਵਰਤਨ, ਭੂ-ਭਾਗਾਂ ਦੇ ਬਣਨ-ਬਿਨਸਣ ਅਤੇ ਦਰਿਆਵਾਂ ਦੇ ਹੜ੍ਹਾਂ ਕਾਰਨ ਲੱਗਣ ਵਾਲੀ ਢਾਹ ਕਾਰਨ ਜਲੌੜ ਵਿਚ ਵੀ ਹੇਰ-ਫੇਰ ਵਾਪਰਦੇ ਰਹੇ ਹਨ। ਜਲੌੜ ਮਿੱਟੀ ਦੀਆਂ ਢਲਾਣਾਂ ਸਪਤਸਿੰਧੂ ਮੈਦਾਨ ਦੇ ਮਹੱਤਵਪੂਰਨ ਅੰਗ ਹਨ। ਜਦੋਂ ਵੀ ਕੋਈ ਵੱਡਾ ਦਰਿਆ ਆਪਣਾ ਵਹਿਣ ਬਦਲਦਾ ਹੈ ਤਾਂ ਆਪਣੇ ਪਿੱਛੇ ਢਾਲਾਂ ਛੱਡ ਜਾਂਦਾ ਹੈ।

ਪੰਜਾਬ ਦੇ ਪੰਜ ਦਰਿਆ ਉੱਤਰ 'ਚ ਸਥਿਤ ਹਿਮਾਲਿਆ 'ਚੋਂ ਨਿਕਲ ਦੱਖਣ ਪੱਛਮ ਵੱਲ ਵਹਿੰਦੇ ਹਨ। ਇਨ੍ਹਾਂ ਪੰਜ ਦਰਿਆਵਾਂ (ਸਤਲੁਜ, ਰਾਵੀ, ਬਿਆਸ, ਚਨਾਬ ਅਤੇ ਜਿਹਲਮ) ਕਾਰਨ ਹੀ ਇਸ ਨੂੰ ਪੰਜ ਪਾਣੀਆਂ ਦੀ ਧਰਤ ਆਖਦੇ ਹਨ। ਸਪਤਸਿੰਧੂ ਦੇ ਦਰਿਆਵਾਂ ਵਿਚੋਂ ਸਿੰਧ ਦਰਿਆ ਸਭ ਤੋਂ ਵੱਡਾ ਸੀ। ਇਹ ਮਾਨਸਰੋਵਰ ਝੀਲ 'ਚੋਂ ਨਿਕਲ ਬੱਤੀ ਸੌ ਕਿਲੋਮੀਟਰ ਦਾ ਪੰਧ ਤੈਅ ਕਰਦਿਆਂ ਅਰਬ ਸਾਗਰ ਵਿਚ ਸਮਾਅ ਜਾਂਦਾ। ਬਾਕੀ ਦੇ ਛੇ ਦਰਿਆ ਇਸ ਵਿਚ ਸਮਾਉਂਦੇ ਸਨ।

ਸਤਲੁਜ ਵੀ ਮਾਨਸਰੋਵਰ ਝੀਲ ਵਿਚੋਂ ਨਿਕਲ ਸ਼ਿਪਕੀ-ਲਾ ਰਾਹੀਂ ਉੱਤਰ ਤੋਂ ਲਹਿੰਦੇ ਵੱਲ ਵਗਦਾ ਹੋਇਆ ਪੰਦਰਾਂ ਸੌ ਕਿਲੋਮੀਟਰ ਦਾ ਰਸਤਾ ਤੈਅ ਕਰਦਾ ਹੈ। ਹਜ਼ਾਰ ਸਾਲ ਪਹਿਲਾਂ ਇਹ ਹਕਰਾ ਜਾਂ ਘੱਗਰ ਦਾ ਸਹਾਇਕ ਦਰਿਆ ਹੁੰਦਾ ਸੀ। ਪੰਜਾਬ ਵਿਚ ਹਰੀਕੇ ਪੱਤਣ 'ਤੇ ਬਿਆਸ 'ਚ ਜਾ ਮਿਲਦਾ ਹੈ। ਬਾਅਦ ਵਿਚ ਇਹ ਦੋਵੇਂ ਉੱਚ ਸ਼ਰੀਫ਼ ਨੇੜੇ ਚਨਾਬ ਵਿਚ ਮਿਲ ਜਾਂਦੇ ਹਨ ਜਿਸ ਨੂੰ ਸੱਤਦੁਰੀ, ਸ਼ਤੁੱਦਰੂ, ਜ਼ਾਰਾਦਰੋਸ, ਹੈਸੀਦਰੁਸ ਕਿਹਾ ਜਾਂਦਾ ਹੈ।

ਬਿਆਸ ਦਰਿਆ ਰੋਹਤਾਂਗ ਦੱਰੇ 'ਚੋਂ ਨਿਕਲ ਤਕਰੀਬਨ ਚਾਰ ਸੌ ਸੱਤਰ ਕਿਲੋਮੀਟਰ ਦਾ ਸਫ਼ਰ ਕਰ ਹਰੀਕੇ ਪੱਤਣ 'ਚ ਸਤਲੁਜ ਨਾਲ ਮਿਲ ਜਾਂਦਾ ਹੈ। ਇਸ ਨੂੰ ਵਿਪਾਸਾ ਵੀ ਕਿਹਾ ਜਾਂਦਾ ਜਿਸ ਦਾ ਅਰਥ ਹੈ ਬੰਦ ਖ਼ਲਾਸ ਹੋਣਾ। ਇਸ ਦੇ ਹੋਰ ਨਾਮ ਹਨ: ਵਿਪਾਸ਼, ਅਰਜਿਕੇਯ, ਹਾਇਪਾਸ਼ਿਸ਼। ਇਸ ਨਾਲ ਰਿਸ਼ੀ ਵਿਸ਼ਵਾਮਿੱਤਰ ਅਤੇ ਵਿਸ਼ਿਸ਼ਟ ਰਿਸ਼ੀ ਦੀ ਪੌਰਾਣਿਕ ਕਥਾ ਜੁੜੀ ਹੋਈ ਹੈ।

ਚਨਾਬ ਦਾ ਵੈਦਿਕ ਨਾਮ ਅਸਕਿਨੀ ਜਾਂ ਚੰਦਰਭਾਗ ਹੈ। ਇਸ ਨੂੰ ਪ੍ਰੀਤ ਦਾ ਦਰਿਆ ਝਨਾਂ ਵੀ ਕਿਹਾ ਜਾਂਦਾ ਹੈ। ਮਹੀਂਵਾਲ ਨੂੰ ਮਿਲਣ ਜਾਂਦੀ ਸੋਹਣੀ ਇਸ 'ਚ ਕੱਚੇ ਘੜੇ 'ਤੇ ਤਰਦੀ ਡੁੱਬ ਮੋਈ ਸੀ। ਲਾਹੌਲ-ਸਪਿਤੀ ਤੋਂ ਆਰੰਭ ਹੋ ਕੇ ਜੰਮੂ ਹੁੰਦਾ ਹੋਇਆ ਨੌਂ ਸੌ ਸੱਠ ਕਿਲੋਮੀਟਰ ਦਾ ਸਫ਼ਰ ਕਰਦਿਆਂ ਤ੍ਰਿਮੂ ਵਿਖੇ ਜਿਹਲਮ ਨਾਲ ਜਾ ਮਿਲਦਾ ਹੈ। ਫਿਰ ਇਹ ਰਾਵੀ ਨਾਲ ਜੁੜ ਉੱਚ ਸ਼ਰੀਫ਼ ਵਿਖੇ ਸਤਲੁਜ ਨਾਲ ਮਿਲ ਜਾਂਦਾ ਹੈ।

ਜਿਹਲਮ ਦਾ ਵੈਦਿਕ ਗ੍ਰੰਥਾਂ ਅਨੁਸਾਰ ਪੁਰਾਤਨ ਨਾਮ ਵਿਤਸਤਾ ਹੈ। ਇਸ ਦਾ ਪ੍ਰਗਟ ਅਸਥਾਨ ਵੈਰੀਨਾਗ ਝੀਲ ਹੈ। ਇਹ ਦਰਿਆ ਪੱਛਮ ਵੱਲ ਵਗਦਾ, ਪੀਰ ਪੰਜਾਲ ਨੂੰ ਪਾਰ ਕਰਦਾ ਸੱਤ ਸੌ ਪੰਝੀ ਕਿਲੋਮੀਟਰ ਦਾ ਸਫ਼ਰ ਕਰ ਝੰਗ 'ਚ ਭ੍ਰਿਗੂ ਦੇ ਨੇੜੇ ਚਨਾਬ 'ਚ ਜਾ ਮਿਲਦਾ ਹੈ। ਜਿਹਲਮ ਦਾ ਇਤਿਹਾਸਕ ਮਹੱਤਵ ਇਹ ਹੈ ਕਿ ਸਿਕੰਦਰ ਨੂੰ ਪੋਰਸ ਨੇ 325 ਈਸਾ ਪੂਰਵ ਜਿਹਲਮ ਕਿਨਾਰੇ ਹੀ ਡੱਕਿਆ ਸੀ।

ਸਰਸਵਤੀ ਦਾ ਭਾਰਤੀ ਸਨਾਤਨੀ ਗ੍ਰੰਥਾਂ ਵਿਚ ਪ੍ਰਸੰਗ ਕਈ ਵਾਰ ਆਉਂਦਾ ਹੈ। ਇਸ ਨੂੰ ਆਰਿਆਵਰਤ ਸੱਭਿਅਤਾ ਦੀ ਜਨਨੀ ਵੀ ਕਿਹਾ ਜਾਂਦਾ ਹੈ, ਪਰ ਇਹ ਨਦੀ ਅੱਜ ਲੋਪ ਹੋ ਚੁੱਕੀ ਹੈ। ਰਿਗਵੇਦ, ਤਾਂਡਯ ਅਤੇ ਜੈਮਿਨੀਯ ਬ੍ਰਾਹਮਣ ਦੇ ਸੰਦਰਭਾਂ ਦੇ ਆਧਾਰ 'ਤੇ ਭੂ-ਵਿਗਿਆਨੀਆਂ ਦਾ ਕਹਿਣਾ ਹੈ ਕਿ ਹਰਿਆਣਾ ਅਤੇ ਰਾਜਸਥਾਨ ਹੋ ਕੇ ਵਹਿਣ ਵਾਲੀ ਮੌਜੂਦਾ ਸੁੱਕੀ ਹੋਈ ਘੱਗਰ-ਹਕਰਾ ਹੀ ਪ੍ਰਾਚੀਨ ਸਰਸਵਤੀ ਦੀ ਸਹਾਇਕ ਨਦੀ ਸੀ। ਉਸ ਸਮੇਂ ਸਤਲੁਜ ਅਤੇ ਯਮੁਨਾ ਦੀਆਂ ਕੁਝ ਧਾਰਾਵਾਂ ਸਰਸਵਤੀ 'ਚ ਆ ਕੇ ਸਮਾਉਂਦੀਆਂ ਸਨ। ਜਲਵਾਯੂ ਅਤੇ ਧਰਾਤਲੀ ਤਬਦੀਲੀਆਂ ਨੇ ਦਰਿਆਵਾਂ ਦੇ ਵਹਾਅ 'ਚ ਕਈ ਪਰਿਵਰਤਨ ਲਿਆਂਦੇ। ਸਰਸਵਤੀ ਕੈਲਾਸ਼ ਪਰਬਤ ਦੇ ਪੱਛਮ ਵਿਚ ਹਿਮਾਲਾ 'ਚ ਕਪਾਲ ਤੀਰਥ ਤੋਂ ਨਿਕਲ ਦੱਖਣ ਵਿਚ ਮਾਨਸਰੋਵਰ ਵੱਲ ਵਹਿ ਕੇ ਪੱਛਮ ਵੱਲ ਮੁੜ ਜਾਂਦੀ ਸੀ। ਅੱਜ ਵੀ ਸਰਸਵਤੀ ਬਦਰੀਨਾਥ ਦੇ ਅੰਤਿਮ ਪਿੰਡ ਮਾਣਾ ਦੱਰੇ ਦੇ ਦੱਖਣ ਤੋਂ ਵਹਿੰਦੀ ਹੋਈ ਮਾਣਾ ਤੋਂ ਤਿੰਨ ਕਿਲੋਮੀਟਰ ਦੂਰ ਅਲਕਨੰਦਾ 'ਚ ਮਿਲ ਜਾਂਦੀ ਹੈ। ਉੱਥੋਂ ਇਹ ਤਲਹੱਟੀ ਦੇ ਬਲਚਾਪਰ ਦੇ ਇਲਾਕੇ 'ਚ ਉਤਰ ਕੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਗੁਜਰਾਤ ਰਾਹੀਂ ਲੰਘ ਕੇ ਅਰਬ ਸਾਗਰ 'ਚ ਸਮਾ ਜਾਂਦੀ ਸੀ। ਇਸ ਲੰਮੇ ਪੰਧ ਵਿਚ ਸ਼ਤਦਰੂ/ਸਤਲੁਜ, ਦ੍ਰਿਸ਼ਾਵਤੀ/ਯਮੁਨਾ ਇਸ ਦੀਆਂ ਸਹਾਇਕ ਨਦੀਆਂ ਸਨ। ਇਹ ਇਕ ਵਹਿਣ ਦੇ ਨਾਲ ਨਾਲ ਵਹਿੰਦੀ ਸੀ ਜਿਸ ਨੂੰ ਪੰਜਾਬ ਵਿਚ ਘੱਗਰ, ਰਾਜਸਥਾਨ 'ਚ ਹਕਰਾ ਅਤੇ ਗੁਜਰਾਤ ਵਿਚ ਨਾਰਾ ਕਿਹਾ ਜਾਂਦਾ ਸੀ। ਇਸ ਨੂੰ ਹੰਕਰਾ ਜਾਂ ਵਹਿੰਦਾਹ ਵੀ ਪੁਕਾਰਿਆ ਜਾਂਦਾ ਰਿਹਾ ਹੈ। ਇੰਝ ਸਰਸਵਤੀ ਦੇ ਉਪਰਲੇ ਭਾਗ ਨੂੰ ਘੱਗਰ ਅਤੇ ਨਿਚਲੇ ਭਾਗ ਨੂੰ ਹਕਰਾ ਕਿਹਾ ਜਾਂਦਾ ਸੀ।

ਸਰਸਵਤੀ ਦਾ ਪਤਨ ਪੰਜ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ ਜੋ ਬਾਰਾਮਾਹੀ ਤੋਂ ਬਰਸਾਤੀ ਹੁੰਦੀ ਹੋਈ ਅੰਤ ਨਿਕਾਸੂ ਬਣ ਸੁੱਕ ਹੀ ਗਈ। ਹਰਿਆਣਾ ਦੇ ਕੁਰੂਕਸ਼ੇਤਰ ਅਤੇ ਪਿਹੋਵਾ ਵਿਚ ਇਸ ਦੇ ਕੁਝ ਨਿਸ਼ਾਨ ਅੱਜ ਵੀ ਮੌਜੂਦ ਹਨ।

ਦਰਿਆਵਾਂ ਦੇ ਵਹਿਣ ਸਦੀਆਂ ਤੋਂ ਨਿਰੰਤਰ ਬਦਲਦੇ ਰਹੇ ਹਨ। ਸਮੁੱਚੇ ਸਪਤਸਿੰਧੂ ਦੇ ਇਲਾਕੇ 'ਚ ਪਹਾੜਾਂ ਅਤੇ ਮੈਦਾਨਾਂ 'ਚ ਬੁਨਿਆਦੀ ਬਦਲਾਅ ਆਉਂਦੇ ਰਹੇ ਹਨ। ਧਰਤੀ ਹੇਠਲੀਆਂ ਟੈਕਟੋਨਿਕ ਪਲੇਟਾਂ 'ਚ ਵਾਪਰਦੀ ਹਿਲਜੁਲ ਕਾਰਨ ਪਰਿਵਰਤਨ, ਭੂ-ਭਾਗਾਂ ਦੇ ਬਣਨ-ਬਿਨਸਣ ਅਤੇ ਦਰਿਆਵਾਂ ਦੇ ਹੜ੍ਹਾਂ ਕਾਰਨ ਲੱਗਣ ਵਾਲੀ ਢਾਹ ਕਾਰਨ ਜਲੌੜ ਵਿਚ ਵੀ ਹੇਰ-ਫੇਰ ਵਾਪਰਦੇ ਰਹੇ ਹਨ। ਜਲੌੜ ਮਿੱਟੀ ਦੀਆਂ ਢਲਾਣਾਂ ਸਪਤਸਿੰਧੂ ਮੈਦਾਨ ਦੇ ਮਹੱਤਵਪੂਰਨ ਅੰਗ ਹਨ। ਜਦੋਂ ਵੀ ਕੋਈ ਵੱਡਾ ਦਰਿਆ ਆਪਣਾ ਵਹਿਣ ਬਦਲਦਾ ਹੈ ਤਾਂ ਆਪਣੇ ਪਿੱਛੇ ਢਾਲਾਂ ਛੱਡ ਜਾਂਦਾ ਹੈ। ਇਨ੍ਹਾਂ ਜਲੌੜਾਂ ਦੀ ਮਿੱਟੀ ਦੇ ਰੰਗਾਂ ਤੋਂ ਇਸ ਦੇ ਭੂ-ਤਲ ਦੀ ਉਮਰ ਅਤੇ ਫੈਲਾਅ ਨੂੰ ਦੇਖਿਆ ਸਮਝਿਆ ਜਾ ਸਕਦਾ ਹੈ।

ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੁਆਬ ਕਹਿੰਦੇ ਹਨ। ਦੁਆਬ ਸ਼ਬਦ ਦੋ-ਆਬ ਤੋਂ ਬਣਿਆ ਹੈ। ਇਸ ਦਾ ਅਰਥ ਹੈ ਦੋ ਪਾਣੀ ਜਾਂ ਦੋ ਦਰਿਆ। ਪੰਜਾਬ ਵਿਚ ਵਹਿੰਦੇ ਦਰਿਆ ਇਸ ਨੂੰ ਕਈ ਦੁਆਬਿਆਂ ਵਿਚ ਵੰਡਦੇ ਹਨ। ਇਹ ਪ੍ਰਮੁੱਖ ਰੂਪ ਵਿਚ ਪੰਜ ਹਨ। ਉਨ੍ਹਾਂ ਦਰਿਆਵਾਂ ਦੇ ਨਾਵਾਂ ਦੇ ਪਹਿਲੇ ਦੋ ਅੱਖਰਾਂ ਨੂੰ ਜੋੜ ਕੇ ਸਮਾਸੀ ਰੂਪ 'ਚ ਇਨ੍ਹਾਂ ਦੇ ਨਾਮ ਘੜੇ ਗਏ ਹਨ। ਬਿਸਤ ਦੁਆਬ ਉਹ ਇਲਾਕਾ ਹੈ ਜੋ ਬਿਆਸ ਤੇ ਸਤਲੁਜ ਦਰਮਿਆਨ ਮੌਜੂਦ ਹੈ। ਬਿਆਸ ਦਾ 'ਬਿ' ਅਤੇ ਸਤਲੁਜ ਦਾ 'ਸਤ' ਲੈ ਕੇ ਬਿਸਤ ਦੁਆਬ ਬਣ ਗਿਆ। ਬਾਰੀ ਦੁਆਬ ਬਿਆਸ ਤੇ ਰਾਵੀ ਵਿਚਕਾਰਲਾ ਇਲਾਕਾ ਹੈ। ਰਚਨਾ ਦੁਆਬ ਰਾਵੀ ਅਤੇ ਚਨਾਬ ਦਾ ਵਿਚਕਾਰਲਾ ਇਲਾਕਾ ਹੈ। ਚੱਜ ਦੁਆਬ ਚਨਾਬ ਅਤੇ ਜਿਹਲਮ ਦੇ ਦਰਮਿਆਨ ਦੇ ਇਲਾਕੇ ਨੂੰ ਕਹਿੰਦੇ ਹਨ। ਸਿੰਧ ਸਾਗਰ ਦੁਆਬ ਜਿਹਲਮ ਅਤੇ ਸਿੰਧ ਦੇ ਵਿਚਕਾਰਲੇ ਖੇਤਰ ਕਿਹਾ ਜਾਂਦਾ ਹੈ। ਇਨ੍ਹਾਂ ਪੰਜਾਂ ਦੁਆਬਿਆਂ 'ਚੋਂ ਬਿਸਤ ਦੁਆਬ ਅਤੇ ਬਾਰੀ ਦੁਆਬ ਦਾ ਕੁਝ ਹਿੱਸਾ ਚੜ੍ਹਦੇ ਪੰਜਾਬ ਵਿਚ ਅਤੇ ਬਾਕੀ ਸਾਰੇ ਦੁਆਬ ਲਹਿੰਦੇ ਪੰਜਾਬ ਵਿਚ ਪੈਂਦੇ ਹਨ।

ਪੰਜਾਬ ਦੇ ਮੈਦਾਨਾਂ ਦੀ ਧਰਾਤਲ ਦੀ ਬਣਤਰ ਨੂੰ ਸਮਝਣ ਲਈ ਯਮੁਨਾ ਅਤੇ ਜਿਹਲਮ ਵਿਚਕਾਰ ਦੇ ਸਾਰੇ ਇਲਾਕੇ ਨੂੰ ਦਰਿਆਵਾਂ ਦੇ ਵਹਾਅ ਅਨੁਸਾਰ ਚਾਰ ਵਰਗਾਂ ਵਿਚ ਵੰਡਿਆ ਜਾਂਦਾ ਹੈ। ਦਰਿਆ ਦੇ ਵਹਿਣ ਦੇ ਨਾਲ ਲੱਗਦੇ ਖੇਤਰ ਨੂੰ 'ਸਲਾਬ੍ਹਾ' ਜਾਂ 'ਕੱਚਾ' ਕਿਹਾ ਜਾਂਦਾ ਹੈ ਕਿਉਂਕਿ ਇਹ ਸਦਾ ਹੜ੍ਹਾਂ ਦੀ ਮਾਰ ਹੇਠ ਰਹਿਣ ਵਾਲਾ ਇਲਾਕਾ ਹੁੰਦਾ ਹੈ। ਇਸ ਦੇ ਨਾਲ ਲੱਗਦੇ ਉੱਚੇ/ਉਪਰਲੇ ਹਿੱਸੇ ਨੂੰ 'ਢਯਾ' ਜਾਂ 'ਖਾਦਿਰ' ਕਿਹਾ ਜਾਂਦਾ ਹੈ। ਇਹ ਮੁਕਾਬਲਤਨ ਨੀਵਾਂ ਇਲਾਕਾ ਹੁੰਦਾ ਹੈ।

ਬਾਕੀ ਸਫ਼ਾ 8 'ਤੇ

# ਜ਼ਿੰਦਗੀ ਜਿਊਣ ਦਾ ਮੰਤਰ 'ਚਲੋ ਛੱਡੋ'

ਜ਼ਿੰਦਗੀ ਵਿੱਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਕਈ ਵਾਰ ਸਭ ਕੁੱਝ ਸਹੀ ਹੋਣ ਦੇ ਬਾਵਜੂਦ ਹਾਲਾਤ 'ਤੇ ਸਾਡਾ ਵਸ ਨਹੀਂ ਰਹਿੰਦਾ। ਅਜਿਹੇ ਵਿੱਚ ਹੌਸਲਾ ਤੇ ਵਿਸ਼ਵਾਸ ਹੀ ਸਾਡਾ ਸਹਾਰਾ ਬਣਦੇ ਹਨ। ਜੇਕਰ ਅਸੀਂ ਹੌਸਲਾ ਹਾਰ ਕੇ ਬੈਠ ਜਾਈਏ ਤਾਂ ਸਾਡੇ ਵਿਸ਼ਵਾਸ, ਸਾਡੀ ਸੋਚ, ਸਾਡੇ ਵਿਹਾਰ ਤੇ ਸਾਡੀ ਬੋਲਚਾਲ ਵਿੱਚ ਨਕਾਰਾਤਮਕਤਾ ਦਾ ਪ੍ਰਵੇਸ਼ ਹੋ ਜਾਣਾ ਸੁਭਾਵਿਕ ਹੈ। ਨਕਾਰਾਤਮਕਤਾ ਕਾਰਨ ਹੀ ਅਸੀਂ ਬੀਤੀ ਕਿਸੇ ਘਟਨਾ ਦਾ ਇੰਨਾ ਜ਼ਿਆਦਾ ਵਿਸ਼ਲੇਸ਼ਣ ਕਰਨ ਲੱਗ ਜਾਂਦੇ ਹਾਂ ਕਿ ਉਹੀ ਘਟਨਾ ਸਾਡੀ ਜ਼ਿੰਦਗੀ ਦਾ ਇੱਕੋ ਮਾਤਰ ਹਿੱਸਾ ਬਣ ਕੇ ਰਹਿ ਜਾਂਦੀ ਹੈ।

ਇਸ ਵਿਸ਼ਲੇਸ਼ਣ ਲਈ ਕੁੱਝ ਪਲ, ਕੁੱਝ ਘੰਟੇ, ਕੁੱਝ ਦਿਨ, ਕੁੱਝ ਹਫ਼ਤੇ, ਕੁੱਝ ਮਹੀਨੇ ਜਾਂ ਕੁੱਝ ਸਾਲ ਵੀ ਲਗਾਏ ਜਾ ਸਕਦੇ ਹਨ, ਪਰ ਇਸ ਸਾਰੀ ਪ੍ਰਕਿਰਿਆ ਵਿੱਚੋਂ ਸਾਡੀ ਮਾਨਸਿਕ ਸੁੱਖ-ਸ਼ਾਂਤੀ ਭੰਗ ਹੋਣ ਦੇ ਸਿਵਾਏ ਕੁੱਝ ਨਹੀਂ ਨਿਕਲਦਾ। ਅਖੀਰ ਸਾਨੂੰ ਕਹਿਣ ਪੈਂਦਾ ਹੈ 'ਚਲੋ ਛੱਡੋ'। ਐਨਾ ਸਮਾਂ, ਊਰਜਾ, ਰਿਸ਼ਤੇ, ਸ਼ਾਂਤੀ ਤੇ ਖ਼ੁਸ਼ੀਆਂ ਨੂੰ ਛਿੱਕੇ ਟੰਗ ਕੇ ਵੀ ਜੇਕਰ ਆਖਰੀ ਹੱਲ ਇਹੀ ਨਿਕਲਣਾ ਹੈ ਕਿ 'ਚਲੋ ਛੱਡੋ' ਤਾਂ ਕਿਉਂ ਨਾ ਅਸੀਂ ਜ਼ਿੰਦਗੀ ਵਿੱਚ ਪਹਿਲਾਂ ਹੀ ਇਹ ਪਹੁੰਚ ਅਪਣਾ ਲਈਏ। 'ਚਲੋ ਛੱਡੋ' ਕੇਵਲ ਦੋ ਸ਼ਬਦ ਨਹੀਂ ਸਗੋਂ ਜ਼ਿੰਦਗੀ ਜਿਊਣ ਦਾ ਮੰਤਰ ਹੈ।

ਜ਼ਿੰਦਗੀ ਦੀ ਹਰ ਘਟਨਾ ਸਾਨੂੰ ਕੋਈ ਨਾ ਕੋਈ ਸਬਕ ਸਿਖਾ ਕੇ ਜਾਂਦੀ ਹੈ। ਦੇਖਣਾ ਇਹ ਹੁੰਦਾ ਹੈ ਕਿ ਅਸੀਂ ਉਸ ਸਬਕ ਨੂੰ ਸਿਖਣ ਵਿੱਚ ਸਫਲ ਹੁੰਦੇ ਹਾਂ ਜਾਂ ਕਿਸੇ ਘਟਨਾ ਦੇ ਅਫ਼ਸੋਸ ਵਿੱਚ ਹੀ ਜ਼ਿੰਦਗੀ ਗੁਜ਼ਾਰ ਦਿੰਦੇ ਹਾਂ। ਕਈ ਵਾਰ ਅਸੀਂ ਖ਼ੁਦ ਨੂੰ ਫਜ਼ੂਲ ਉਲਝਣਾਂ, ਪਛਤਾਵਿਆਂ ਤੇ ਬੀਤੀਆਂ ਘਟਨਾਵਾਂ ਦੇ ਜਾਲ ਵਿੱਚ ਐਨਾ ਜ਼ਿਆਦਾ ਫਸਾ ਲੈਂਦੇ ਹਾਂ ਕਿ ਸਾਡੀ ਸਾਰੀ ਜ਼ਿੰਦਗੀ ਹੀ ਉਲਝ ਕੇ ਰਹਿ ਜਾਂਦੀ ਹੈ। ਜੇ ਇੰਜ ਹੋ ਜਾਂਦਾ, ਜੇ ਇੰਜ ਨਾ ਹੁੰਦਾ, ਮੈਂ ਇੰਜ ਕਰ ਲੈਂਦਾ... ਇਨ੍ਹਾਂ ਵਿਚਾਰਾਂ ਨਾਲ ਅਸੀਂ ਖ਼ੁਦ ਨੂੰ ਹੀ ਪਰੇਸ਼ਾਨ ਕਰਕੇ ਅੰਦਰੋਂ-ਅੰਦਰੀ ਕੁੜ੍ਹਦੇ ਰਹਿੰਦੇ ਹਾਂ। ਇਹ ਫਜ਼ੂਲ ਵਿਸ਼ਲੇਸ਼ਣ ਸਾਨੂੰ ਕਿਸੇ ਨਤੀਜੇ 'ਤੇ ਨਹੀਂ ਪਹੁੰਚਾਉਂਦਾ। ਵਿਸ਼ਲੇਸ਼ਣ ਕਰਨਾ ਹੀ ਹੈ ਤਾਂ ਆਪਣੇ ਆਪ ਦਾ ਕਰੋ। ਜੇਕਰ ਤੁਹਾਡੇ ਕੋਲੋਂ ਕੋਈ ਗ਼ਲਤੀ ਹੋਈ ਹੈ ਤਾਂ ਉਸ ਗ਼ਲਤੀ ਨੂੰ ਸਵੀਕਾਰਨ ਦਾ ਮਾਦਾ ਰੱਖੋ ਅਤੇ ਭਵਿੱਖ ਵਿੱਚ ਅਜਿਹੀਆਂ ਗ਼ਲਤੀਆਂ ਤੋਂ ਕਿਨਾਰਾ ਕਰੋ। ਬੀਤੀਆਂ ਘਟਨਾਵਾਂ ਬਾਰੇ ਸੋਚਣਾ ਪਾਣੀ ਵਿੱਚ ਮਧਾਣੀ ਹੈ, ਜਿੰਨਾ ਮਰਜ਼ੀ ਰਿੜਕੀ ਜਾਓ, ਨਿਕਲਦਾ ਕੁੱਝ ਨਹੀਂ। ਫਜ਼ੂਲ ਦੇ ਵਿਚਾਰਾਂ ਵਿੱਚ ਗੁਆਚਣ ਨਾਲ ਸਾਡਾ ਕੀਮਤੀ ਵਕਤ, ਊਰਜਾ ਅਤੇ ਸਾਡੀ ਮਾਨਸਿਕ ਖ਼ੁਸ਼ੀ ਖਤਮ ਹੋ ਜਾਂਦੀ ਹੈ। ਜਿਵੇਂ ਪਾਣੀ ਵਹਿੰਦਾ ਹੀ ਸੋਹਣਾ ਲੱਗਦਾ ਹੈ, ਠੀਕ ਉਸੇ ਤਰ੍ਹਾਂ ਜ਼ਿੰਦਗੀ ਵੀ ਚੱਲਦੀ ਹੀ ਸੋਹਣੀ ਲੱਗਦੀ ਹੈ ਤੇ ਇਹ ਤਾਂ ਹੀ ਚੱਲਦੀ ਰਹੇਗੀ ਜਦੋਂ ਅਸੀਂ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਭੁੱਲਣ ਦੀ ਜਾਚ ਸਿੱਖਾਂਗੇ ਅਤੇ 'ਚਲੋ ਛੱਡੋ' ਦੀ ਪਹੁੰਚ ਅਪਣਾਵਾਂਗੇ।

ਕਈ ਲੋਕ 'ਚਲੋ ਛੱਡੋ' ਦੀ ਪਹੁੰਚ ਨੂੰ ਕਮਜ਼ੋਰੀ ਵੀ ਸਮਝ ਲੈਂਦੇ ਹਨ, ਪਰ ਅਸਲ ਮਾਅਨਿਆਂ ਵਿੱਚ ਇਹ ਸਾਡੀ ਸਭ ਤੋਂ ਵੱਡੀ ਤਾਕਤ ਹੈ। ਕਿਸੇ ਚੀਜ਼, ਘਟਨਾ, ਗੱਲ ਜਾਂ ਹਾਲਾਤ ਨੂੰ 'ਚਲੋ ਛੱਡੋ' ਕਹਿਣਾ ਖਾਲਾ ਜੀ ਦਾ ਵਾੜਾ ਨਹੀਂ, ਪਰ ਜੇ ਅਸੀਂ ਜ਼ਿੰਦਗੀ ਵਿੱਚ ਇਹ ਪਹੁੰਚ ਅਪਣਾ ਲਈ ਤਾਂ ਅਸੀਂ ਫਜ਼ੂਲ ਦੀਆਂ ਲੱਖਾਂ ਚਿੰਤਾਵਾਂ ਤੇ ਉਲਝਣਾਂ ਤੋਂ ਖ਼ੁਦ ਨੂੰ ਬਚਾ ਸਕਦੇ ਹਾਂ। ਜ਼ਿੰਦਗੀ ਬਹੁਤ ਛੋਟੀ ਹੈ, ਪਤਾ ਨਹੀਂ ਕਦੋਂ ਪਟਾਕਾ ਪੈ ਜਾਣਾ ਹੈ। ਇਸ ਨੂੰ ਪਛਤਾਵਿਆਂ, ਗ਼ਮਾਂ, ਰੋਸਿਆਂ ਅਤੇ ਆਕੜਾਂ ਵਿੱਚ ਬਰਬਾਦ ਕਰਨ ਦੀ ਬਜਾਏ ਪੂਰੇ ਜੋਸ਼-ਓ-ਖਰੋਸ਼ ਨਾਲ ਖ਼ੁਸ਼ ਰਹਿ ਕੇ ਜਿਊਣਾ ਚਾਹੀਦਾ ਹੈ।

'ਚਲੋ ਛੱਡੋ' ਦਾ ਮਤਲਬ ਇਹ ਵੀ ਨਹੀਂ ਹੈ ਕਿ ਅਸੀਂ ਜ਼ਿੰਦਗੀ ਵਿੱਚ ਹਾਰ ਮੰਨ ਲਈਏ ਤੇ ਹਾਲਾਤ ਤੋਂ ਭੱਜ ਜਾਈਏ। ਸਗੋਂ ਇਹ ਤਾਂ ਅੰਦਰੂਨੀ ਤੌਰ 'ਤੇ ਆਪਣੇ ਆਪ ਨੂੰ ਫਜ਼ੂਲ ਚਿੰਤਾਵਾਂ ਤੋਂ ਮੁਕਤ ਕਰਨ ਦਾ ਨਾਂ ਹੈ। ਦਰਅਸਲ, ਇਹ ਉਸ ਹਿੰਮਤ ਤੇ ਤਾਕਤ ਦਾ ਨਾਂ ਹੈ ਜੋ ਸਾਨੂੰ ਸਿਖਾਉਂਦੀ ਹੈ ਕਿ ਜੋ ਹੋਣਾ ਸੀ ਹੋ ਗਿਆ, ਹੁਣ ਉਹ ਬਦਲਿਆ ਨਹੀਂ ਜਾ ਸਕਦਾ, ਪਰ ਜੋ ਹਾਲੇ ਹੋਣਾ ਹੈ, ਉਸ ਨੂੰ ਅਸੀਂ ਜ਼ਰੂਰ ਬਿਹਤਰ ਬਣਾਉਣ ਦੀ ਕੋਸ਼ਿਸ ਕਰ ਸਕਦੇ ਹਾਂ। ਸਿਆਣੇ ਕਹਿੰਦੇ ਹਨ ਕਿ ਬੀਤੇ ਦੀਆਂ ਯਾਦਾਂ ਅਤੇ ਭਵਿੱਖ ਦੀਆਂ ਚਿੰਤਾਵਾਂ ਨਾਲ ਆਪਣਾ ਵਰਤਮਾਨ ਖ਼ਰਾਬ ਨਹੀਂ ਕਰਨਾ ਚਾਹੀਦਾ।

'ਚਲੋ ਛੱਡੋ' ਦੀ ਪਹੁੰਚ ਅਪਣਾਉਣ ਲਈ ਸਾਨੂੰ ਦੂਜਿਆਂ ਦੀਆਂ ਗ਼ਲਤੀਆਂ ਨੂੰ ਨਜ਼ਰਅੰਦਾਜ਼ ਅਤੇ ਮੁਆਫ਼ ਕਰਨਾ ਵੀ ਸਿੱਖਣਾ ਪਵੇਗਾ। ਜੇਕਰ ਕਿਸੇ ਕੋਲੋਂ ਜਾਣੇ-ਅਣਜਾਣੇ ਤੁਹਾਡਾ ਕੋਈ ਨੁਕਸਾਨ ਹੋ ਗਿਆ ਤਾਂ ਬਦਲੇ ਦੀ ਭਾਵਨਾ ਮਨ ਵਿੱਚ ਲਿਆਉਣ ਦੀ ਬਜਾਏ ਆਪਣੇ ਨੁਕਸਾਨ ਦੀ ਭਰਪਾਈ ਬਾਰੇ ਸੋਚੋ। ਜੇਕਰ ਕਿਸੇ ਨੇ ਈਰਖਾ ਜਾਂ ਆਕੜ ਵੱਸ ਤੁਹਾਨੂੰ ਮਾੜਾ-ਚੰਗਾ ਬੋਲ ਦਿੱਤਾ ਤਾਂ ਤੁਹਾਡੇ ਕੋਲ ਦੋ ਹੀ ਵਿਕਲਪ ਬਚਦੇ ਹਨ। ਪਹਿਲਾ ਵਿਕਲਪ ਹੈ ਕਿ ਤੁਸੀਂ ਵੀ ਉਨ੍ਹਾਂ ਵਾਂਗ ਤੱਤੇ ਹੋ ਕੇ ਜਵਾਬ ਦਿਓ, ਜਿਸ ਨਾਲ ਮਸਲਾ ਹੋਰ ਵਧੇਗਾ। ਦੂਜਾ ਵਿਕਲਪ ਹੈ ਕਿ ਤੁਸੀਂ ਚੁੱਪ-ਚਾਪ ਉੱਥੋਂ ਚਲੇ ਜਾਵੋ ਤੇ ਮੌਕਾ ਸਾਂਭ ਲਵੋ। ਹਰ ਛੋਟੀ-ਛੋਟੀ ਗੱਲ 'ਤੇ ਪ੍ਰਤੀਕਿਰਿਆ ਦੇਣ ਦੀ ਜ਼ਰੂਰਤ ਵੀ ਨਹੀਂ ਹੁੰਦੀ। ਇਸ ਨਾਲ ਇੱਕ ਤਾਂ ਤੁਹਾਡੀ ਕੀਮਤੀ ਊਰਜਾ ਜ਼ਾਇਆ ਹੋਣੋਂ ਬਚ ਜਾਵੇਗੀ ਤੇ ਦੂਜਾ ਤੁਹਾਡੀ ਮਾਨਸਿਕ ਸ਼ਾਂਤੀ ਵੀ ਕਾਇਮ ਰਹੇਗੀ। ਦਰਅਸਲ, ਜਦੋਂ ਤੁਹਾਨੂੰ ਕੋਈ ਮਾੜਾ ਚੰਗਾ ਬੋਲਦਾ ਹੈ ਤਾਂ ਉਸ ਦਾ ਇੱਕੋ-ਇੱਕ ਮਕਸਦ ਤੁਹਾਨੂੰ ਤੜਫਾਉਣਾ ਹੁੰਦਾ ਹੈ ਕਿਉਂਕਿ ਉਹ ਖ਼ੁਦ ਤੜਫਿਆ ਹੁੰਦਾ ਹੈ। ਅਜਿਹੇ ਵਿੱਚ ਜੇਕਰ ਤੁਸੀਂ ਵੀ ਉਸ ਵਾਂਗ ਤੜਫ਼ ਗਏ ਤਾਂ ਉਸ ਦਾ ਮਕਸਦ ਤਾਂ ਪੂਰਾ ਹੋ ਗਿਆ। ਸੋ, 'ਚਲੋ ਛੱਡੋ' ਦੀ ਪਹੁੰਚ ਤੁਹਾਨੂੰ ਅਜਿਹੇ ਹਾਲਾਤ ਵਿੱਚ ਤਾਕਤਵਰ ਤੇ ਜੇਤੂ ਬਣਾ ਕੇ ਉਭਾਰਦੀ ਹੈ।

> 'ਚਲੋ ਛੱਡੋ' ਦੀ ਪਹੁੰਚ ਅਪਣਾਉਣ ਲਈ ਸਾਨੂੰ ਦੂਜਿਆਂ ਦੀਆਂ ਗ਼ਲਤੀਆਂ ਨੂੰ ਨਜ਼ਰਅੰਦਾਜ਼ ਅਤੇ ਮੁਆਫ਼ ਕਰਨਾ ਵੀ ਸਿੱਖਣਾ ਪਵੇਗਾ। ਜੇਕਰ ਕਿਸੇ ਕੋਲੋਂ ਜਾਣੇ-ਅਣਜਾਣੇ ਤੁਹਾਡਾ ਕੋਈ ਨੁਕਸਾਨ ਹੋ ਗਿਆ ਤਾਂ ਬਦਲੇ ਦੀ ਭਾਵਨਾ ਮਨ ਵਿੱਚ ਲਿਆਉਣ ਦੀ ਬਜਾਏ ਆਪਣੇ ਨੁਕਸਾਨ ਦੀ ਭਰਪਾਈ ਬਾਰੇ ਸੋਚੋ। ਜੇਕਰ ਕਿਸੇ ਨੇ ਈਰਖਾ ਜਾਂ ਆਕੜ ਵੱਸ ਤੁਹਾਨੂੰ ਮਾੜਾ-ਚੰਗਾ ਬੋਲ ਦਿੱਤਾ ਤਾਂ ਤੁਹਾਡੇ ਕੋਲ ਦੋ ਹੀ ਵਿਕਲਪ ਬਚਦੇ ਹਨ।

ਮਹਾਤਮਾ ਬੁੱਧ ਦੇ ਜੀਵਨ ਦੀ ਇੱਕ ਗਾਥਾ ਯਾਦ ਆ ਗਈ। ਇੱਕ ਵਾਰ ਇੱਕ ਬੰਦੇ ਨੇ ਮਹਾਤਮਾ ਬੁੱਧ ਨੂੰ ਗਾਲ੍ਹਾਂ ਕੱਢੀਆਂ ਤੇ ਉਹ ਚੁੱਪ-ਚਾਪ ਮੁਸਕਰਾਉਂਦੇ ਹੋਏ ਸੁਣਦੇ ਰਹੇ। ਜਦੋਂ ਉਹ ਗਾਲ੍ਹਾਂ ਕੱਢ ਕੇ ਥੱਕ ਗਿਆ ਤਾਂ ਬੁੱਧ ਨੇ ਬੜੇ ਪਿਆਰ ਨਾਲ ਫਰਮਾਇਆ ਕਿ ਜੇਕਰ ਤੁਸੀਂ ਕੁੱਝ ਹੋਰ ਕਹਿਣਾ ਚਾਹੁੰਦੇ ਹੋ ਤਾਂ ਕਹਿ ਲਵੋ। ਉਹ ਬੰਦਾ ਕਲਪਦਾ ਹੋਇਆ ਉੱਥੋਂ ਤੁਰ ਗਿਆ। ਕੋਲ ਖੜ੍ਹੇ ਮਹਾਤਮਾ ਬੁੱਧ ਦੇ ਸ਼ਿਸ਼ ਆਨੰਦ ਨੇ ਪੁੱਛਿਆ ਕਿ ਮਹਾਰਾਜ ਉਹ ਬੰਦਾ ਤੁਹਾਨੂੰ ਐਨੀਆਂ ਗਾਲ੍ਹਾਂ ਕੱਢ ਗਿਆ ਤੇ ਤੁਸੀਂ ਚੁੱਪ ਰਹੇ, ਮੇਰਾ ਤਾਂ ਖ਼ੂਨ ਖੌਲ ਰਿਹਾ ਸੀ। ਬੁੱਧ ਨੇ ਫਰਮਾਇਆ ਕਿ ਚਲੋ ਛੱਡੋ, ਉਸ ਕੋਲ ਜੋ ਸੀ, ਉਸ ਨੇ ਦੇ ਦਿੱਤਾ। ਅੱਗੇ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਲੈਣਾ ਹੈ ਜਾਂ ਨਹੀਂ। ਸੋ, ਜੇਕਰ ਅਸੀਂ 'ਚਲੋ ਛੱਡੋ' ਦੀ ਇਹ ਕਲਾ ਸਿੱਖ ਲਈਏ ਤਾਂ ਸਾਡੀ ਜ਼ਿੰਦਗੀ ਬਹੁਤ ਬਿਹਤਰ ਹੋ ਸਕਦੀ ਹੈ। ਇਸ ਲਈ 'ਚੱਲੋ ਛੱਡੋ' ਦੀ ਪਹੁੰਚ ਨੂੰ ਅਪਣਾਓ ਤੇ ਆਪਣੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੋ।

ਸੰਪਰਕ: 98782-24000



# ਵਾਈਪਰਾਂ ਨਾਲ ਡਾਲਰ ਹੂੰਝਦੇ ਪੰਜਾਬੀ

ਕੁਲਵੰਤ ਸਿੰਘ ਔਜਲਾ
84377-88856

ਸਾਡੇ ਮਾਪਿਆਂ ਦਾ ਯੁੱਗ ਸਾਊ, ਸਾਦਾ, ਸੁਪਨਸਾਜ਼ ਤੇ ਸਿਰੜੀ ਮਨੁੱਖਾਂ ਦਾ ਯੁੱਗ ਸੀ। ਸਾਡੇ ਮਾਪੇ ਕਿਰਸਾਂ ਕਰ ਕਰਕੇ ਗ਼ਰਜ਼ਾਂ ਪੂਰੀਆਂ ਕਰਦੇ ਰਹੇ ਅਤੇ ਤੀਲ੍ਹਾ ਤੀਲ੍ਹਾ ਜੋੜ ਕੇ ਆਲ੍ਹਣੇ ਬਣਾਉਂਦੇ ਰਹੇ। ਇਹ ਮਹਾਂਕਾਵਿਕ ਸਾਧਨਾ ਤੇ ਸੰਘਰਸ਼ ਦਾ ਜ਼ਮਾਨਾ ਸੀ। ਬੇਅੰਤ ਤੰਗੀਆਂ ਤੁਰਸ਼ੀਆਂ ਸਨ, ਪਰ ਅਲਾਮਤਾਂ ਥੋੜ੍ਹੀਆਂ ਸਨ। ਵਿਰਲਾ ਵਿਰਲਾ ਵੈਲੀ ਸੀ, ਵਿਰਲਾ ਵਿਰਲਾ ਨਸ਼ਈ ਸੀ ਤੇ ਕੋਈ ਕੋਈ ਬੇਈਮਾਨ ਸੀ। ਯੁੱਗ ਦੇ ਲੋਕਾਂ ਦਾ ਮੁਹਾਂਦਰਾ ਮੌਲਿਕ, ਮੋਹਖੋਰੇ ਤੇ ਮਾਨਵੀ ਸੁਭਾਅ ਵਾਲਾ ਸੀ। ਕਠੋਰ, ਕਾਵਿਕ ਤੇ ਕਰਮਸ਼ੀਲ ਇਸ ਯੁੱਗ ਨੇ ਸਦੀਵੀ ਮੁੱਲਾਂ ਵਾਲੀ ਤਹਿਰੀਕ ਸਿਰਜੀ। ਸੂਫ਼ੀ, ਜੋਗੀ, ਸਾਧੂ, ਸੰਤ, ਲੇਖਕ ਤੇ ਫ਼ਕੀਰ ਸੁਭਾਅ ਵਾਲੇ ਲੋਕ ਇਸ ਜ਼ਰਖੇਜ਼ ਯੁੱਗ ਦੀ ਇਤਿਹਾਸਕ ਪੈਦਾਇਸ਼ ਹਨ। ਇਹ ਲੋਕ ਤਹਿਰੀਕਾਂ ਤੇ ਤਕਦੀਰਾਂ ਦੇ ਘਾੜੇ ਸਨ। ਇਹ ਲੋਕ ਸੁਪਨਿਆਂ ਦੇ ਸਿਰਜਣਹਾਰੇ ਸਨ। ਮੈਨੂੰ ਤੇ ਮੇਰੇ ਜਿਹੇ ਅਨੇਕਾਂ ਲੋਕਾਂ ਨੂੰ ਅਜਿਹੇ ਸੰਘਰਸ਼ ਪੂਰਵਕ ਤੇ ਸਖ਼ਤ ਯੁੱਗ ਦੀ ਉਪਜ ਹੋਣ ਦਾ ਮਾਣ ਹੈ। ਮੇਰੀ ਕਵਿਤਾ ਵਿੱਚ ਅਜਿਹੇ ਸਦ-ਸ਼ੁਕਰ ਅਹਿਸਾਸ ਬਾਰ-ਬਾਰ ਆਉਂਦੇ ਹਨ:

ਮੈਂ ਉਨ੍ਹਾਂ ਹਲ ਵਾਹਕਾਂ ਦੀ ਕਠੋਰ ਤੇ ਕਾਵਿਕ ਉਪਜ ਹਾਂ
ਜਿਨ੍ਹਾਂ ਪੂਰੀ ਉਮਰ ਨਿੱਕੀਆਂ ਨਿੱਕੀਆਂ ਗ਼ਰਜ਼ਾਂ ਦੇ ਵੱਡੇ ਜੋਗ ਕਮਾਏ।

ਅਜੋਕਾ ਯੁੱਗ ਅਜਿਹਾ ਨਹੀਂ ਹੈ। ਇਹ ਮਿਲਾਵਟਾਂ, ਮਸ਼ਹੂਰੀਆਂ, ਮੰਡੀਆਂ ਤੇ ਮਹਾਮਾਰੀਆਂ ਦਾ ਯੁੱਗ ਹੈ। ਬਹੁਤ ਕੁਝ ਹੁੰਦਿਆਂ ਵੀ ਨਿੱਕੇ ਨਿੱਕੇ ਤਰਲਿਆਂ ਲਈ ਰੋਈ ਜਾਣ ਵਾਲਾ ਯੁੱਗ। ਹਰ ਬੰਦੇ ਦੇ ਮਸਤਕ ਵਿੱਚ ਮੰਡੀ ਦਾ ਮੰਤਰ ਹੈ। ਹਰ ਬੰਦੇ ਦੇ ਮਨ ਵਿੱਚ ਡਿਜੀਟਲ ਸ਼ਨਾਖ਼ਤ ਦਾ ਸ਼ੈਦਾਅ ਹੈ। ਅਜੋਕਾ ਬੰਦਾ ਦੀਨ, ਧਰਮ ਤੇ ਈਮਾਨ ਲਈ ਬੰਦ-ਬੰਦ ਕਟਵਾਉਣ ਤੋਂ ਡਰਦਾ ਹੈ, ਪਰ ਕਾਰਪੋਰੇਟ ਕਰਤੂਤਾਂ ਤੇ ਕਰਮਾਤਾਂ ਲਈ ਜਿਸਮ ਤੇ ਜ਼ਮੀਰ ਅਰਪਿਤ ਕਰਨ ਲਈ ਖ਼ੂਬ ਤੜਪਦਾ ਤੇ ਤਰਸਦਾ ਰਹਿੰਦਾ ਹੈ। ਇਹ ਸਜੀਵ, ਸੁਰੀਲੇ ਤੇ ਸਿਹਤਮੰਦ ਸੁਪਨਿਆਂ ਦਾ ਵਕਤ ਨਹੀਂ। ਅੰਬਾਨੀ ਤੇ ਅਡਾਨੀ ਬਣਨ ਦੇ ਵਣਜ ਨੇ ਮਨ, ਮਸਤਕ ਮੁਹਾਵਰੇ ਤੇ ਮੁਹਾਂਦਰੇ ਬੁਰੀ ਤਰ੍ਹਾਂ ਝੁਲਸ ਦਿੱਤੇ ਹਨ। ਸੁਧਾਰ ਦੀ ਗੁੰਜਾਇਸ਼ ਹੀ ਨਹੀਂ ਬਚੀ। ਆਪਣੀ ਆਪਣੀ ਸਿਆਸਤ ਅਨਕੂਲ ਬਹੁਤ ਸਾਰੇ ਲੋਕ ਸੁਧਾਰ ਲਈ ਸ਼ੋਰ ਸਿਰਜ ਰਹੇ ਹਨ। ਸਿਰਜਣਾ ਵੀ ਚਾਹੀਦਾ। ਸ਼ਾਇਦ ਕੁਝ ਵਾਪਰ ਜਾਵੇ। ਜ਼ਿਲ੍ਹੇ ਦੇ ਪੁਲੀਸ ਮੁਖੀ ਨੂੰ ਕਿਸੇ ਫ਼ਿਕਰਮੰਦ ਨੇ ਪ੍ਰਸ਼ਨ ਕੀਤਾ। ਕੀ ਕੋਈ ਸੁਧਾਰ ਆਏਗਾ? ਕਹਿੰਦਾ ਨਹੀਂ। ਸਾਰਾ ਜਿਸਮ ਹੀ ਬਿਮਾਰ ਹੋ ਗਿਆ ਹੈ। ਕਿਹੜੇ ਕਿਹੜੇ ਅੰਗ ਦਾ ਆਪਰੇਸ਼ਨ ਕਰੋਗੇ? ਕਿਹੜੇ ਕਿਹੜੇ ਜ਼ਖ਼ਮ 'ਤੇ ਮੱਲ੍ਹਮ ਲਾਵੋਗੇ? ਸਟੇਟ ਦੀਆਂ ਕਾਰਪੋਰੇਟ ਚਲਾਕੀਆਂ ਤੇ ਚਾਲਾਂ ਨੇ ਅਜੋਕੇ ਬੰਦੇ ਨੂੰ ਸ਼ੁਹਰਤ, ਸਿਆਸਤ, ਸਜਾਵਟ ਤੇ ਸਵੈ ਦੀਆਂ ਨੀਹਾਂ ਵਿੱਚ ਚਿਣ ਦਿੱਤਾ ਹੈ। ਹਰ ਕੋਈ ਆਪਣੇ ਦ੍ਰਿਸ਼ਟੀਕੋਣ ਤੇ ਦਰਸ਼ਨ ਅਨੁਸਾਰ ਧੜਕਦਾ ਤੇ ਬੋਲਦਾ ਹੈ। ਦਿਲ ਵਿੱਚੋਂ ਬੋਲਣ ਵਾਲਿਆਂ ਦੀ ਜਮਾਤ ਖ਼ਤਮ ਹੋ ਗਈ ਹੈ। ਸਨਸਨੀਖੇਜ਼, ਸੁਆਦਲੇ ਤੇ ਸੌਦੇਬਾਜ਼ ਬਿਰਤਾਂਤ ਸਿਰਜਣ ਲਈ ਭਾਂਤ-ਭਾਂਤ ਦੀਆਂ ਦੁਕਾਨਦਾਰੀਆਂ ਚੱਲ ਰਹੀਆਂ ਹਨ। ਵਕਤ ਦੇ ਅਨੁਕੂਲ ਢਲ ਢਲ ਕੇ ਰੀੜ੍ਹ ਦੀਆਂ ਹੱਡੀਆਂ ਸਾਹ ਸਤਹੀਣ ਹੋ ਜਾਂਦੀਆਂ ਹਨ। ਸੰਭਾਵਨਾ ਨੂੰ ਬਚਾਉਣ ਲਈ ਸ਼ਬਦਾਂ ਨੂੰ ਤੇ ਆਵਾਜ਼ਾਂ ਨੂੰ ਸੁਚੇਤ ਹੋਣਾ ਚਾਹੀਦਾ।

ਵਕਤ ਨੂੰ ਬੋਲਣਾ ਤੇ ਧੜਕਣਾ ਸਿਖਾਉਂਦੇ ਨੇ ਅੱਖਰ
ਕਦੇ ਬਾਬਰਵਾਣੀ ਕਦੇ ਜ਼ਫ਼ਰਨਾਮਾ ਬਣ ਕੇ ਆਉਂਦੇ ਨੇ ਅੱਖਰ

ਪਰ ਕਰੇ ਤੇ ਕੀ ਕਰੇ ਬੰਦਾ? ਸ਼ਬਦ ਬੋਲਣ ਨਾਲੋਂ ਛਪਣ ਨੂੰ ਕਾਹਲੇ ਹੋ ਗਏ ਹਨ ਅਤੇ ਆਵਾਜ਼ਾਂ ਸਿਰਫ਼ ਤੇ ਸਿਰਫ਼ ਉਪਦੇਸ਼ਕ ਹੋ ਗਈਆਂ ਹਨ। ਅਜੋਕੇ ਮਨੁੱਖ ਲਈ ਸ਼ਬਦ ਨਾਲੋਂ ਟਰੈਕਟਰ, ਟਰਾਲੇ, ਟੈਂਕ ਤੇ ਟਾਇਰ ਵਧੇਰੇ ਮੁੱਲਵਾਨ ਹੋ ਗਏ ਹਨ। ਤਮਾਮ ਫ਼ਿਕਰਾਂ ਦੇ ਬਾਵਜੂਦ ਟੌਹਰ ਤੇ ਟੁਣਕਾਰ ਵਕਤ ਦੀ ਸਭ ਤੋਂ ਪਸੰਦੀਦਾ ਖ਼ੁਰਾਕ ਹੈ। ਟੌਹਰ ਤੇ ਟੁਣਕਾਰ ਦੇ ਜ਼ਸ਼ਨਮਈ ਬਿਰਤਾਂਤ ਸਿਰਜੇ ਜਾ ਰਹੇ ਹਨ। ਨਾਜਾਇਜ਼ ਕਮਾਏ ਪੈਸਿਆਂ ਨੇ ਅਜਿਹੀ ਦੇਹ ਵਰਧਕ ਸਿਰਜਣਾ ਨੂੰ ਵੱਡਾ ਹੁਲਾਰਾ ਦਿੱਤਾ ਹੈ। ਪਰਵਾਸ ਨੇ ਵੀ ਬਹੁਤ ਸਾਰੀਆਂ ਬੇਅਦਬ ਅਲਾਮਤਾਂ ਨੂੰ ਸਥਾਪਿਤ ਕਰਨ ਵਿੱਚ ਮੋਹਰੀ ਰੋਲ ਅਦਾ ਕੀਤਾ ਹੈ। ਉਨ੍ਹਾਂ ਦੇ ਪੈਸੇ ਪੰਜਾਬ ਵਿੱਚ ਆ ਕੇ ਕਈ ਗੁਣਾ ਹੋ ਜਾਂਦੇ ਹਨ। ਸਿੱਟੇ ਵਜੋਂ ਉਹ ਧੜਾਧੜ ਖ਼ਰਚ ਕਰਦੇ ਹਨ। ਉਨ੍ਹਾਂ ਦੀਆਂ ਫੈਲਸੂਫੀਆਂ ਦੇਖ-ਦੇਖ ਕੇ ਪੰਜਾਬ ਵਿਚਲਿਤ ਹੋ ਰਿਹਾ ਹੈ। ਪਰਵਾਸੀਆਂ ਦੀ ਵਕਤੀ ਟੌਹਰ ਦੇ ਚਮਤਕਾਰ ਨੇ ਪੰਜਾਬ ਨੂੰ ਉਖੇੜਨ ਦਾ ਕਾਰਜ ਕੀਤਾ ਹੈ। ਪੰਜਾਬ ਦਾ ਹੁਣ ਇੱਥੇ ਜੀਅ ਨਹੀਂ ਲੱਗਦਾ। ਪਰਵਾਸੀਆਂ ਦਾ ਖਾਣ-ਪੀਣ, ਰਹਿਣ-ਸਹਿਣ ਤੇ ਪਹਿਰਾਵਾ ਇੱਧਰ ਲਿਆਂ ਨੂੰ ਟੁੰਬਦਾ ਹੈ। ਜ਼ਮੀਨੀ ਹਕੀਕਤ ਕੁਝ ਵੀ ਹੋਵੇ। ਪਰਵਾਸੀਆਂ ਦੀ ਸ਼ਾਨੋ-ਸ਼ੌਕਤ ਤੇ ਸਜਾਵਟ ਨੇ ਪੰਜਾਬ ਨੂੰ ਉਧੇੜ ਦਿੱਤਾ ਹੈ। ਲਿਬਾਸ ਦੇ ਤੌਰ 'ਤੇ ਪੰਜਾਬੀ ਬਹੁਤ ਅਮੀਰ ਹੋ ਗਏ ਹਨ, ਪਰ ਲਿਬਾਸ ਹੀ ਸਭ ਕੁਝ ਨਹੀਂ ਹੁੰਦਾ। ਰੂਹਾਂ, ਰਮਜ਼ਾਂ, ਰਵਾਇਤਾਂ ਤੇ ਰਾਗਦਾਰੀਆਂ ਲਿਬਾਸ ਨਹੀਂ ਹੁੰਦੀਆਂ। ਕੁੜੀਆਂ ਦੇ ਨੰਗੇਜ਼ ਤੇ ਮੁੰਡਿਆਂ ਦੇ ਗੈਂਗਸਟਰੀ ਅੰਦਾਜ਼ ਨੇ ਪੰਜਾਬ ਦੇ ਫ਼ਲਸਫ਼ੇ ਤੇ ਫ਼ਕੀਰੀ ਦੀਆਂ ਮੁੱਲਵਾਨ ਰਵਾਇਤਾਂ ਨੂੰ ਨਿਗਲ ਲਿਆ ਹੈ। ਸਾਡੇ ਧਾਰਮਿਕ ਲਿਬਾਸ ਤੇ ਵਰਤ ਵਰਤਾਰੇ ਵਿੱਚੋਂ ਵੀ ਗੁਰੂਆਂ ਤੇ ਪੈਗੰਬਰਾਂ ਦੀ ਮਹਾਨ ਪਰੰਪਰਾਂ ਦੇ ਅੰਦਰੂਨੀ ਤੇ ਆਸਤਕ ਦੀਦਾਰ ਨਹੀਂ ਹੁੰਦੇ। ਅਸੀਂ ਧਰਮ, ਮਰਿਆਦਾ ਕਥਾ, ਬਿਰਤਾਂਤ ਤੇ ਨੈਤਿਕਤਾ ਨੂੰ ਆਪਣੇ ਅਨੁਕੂਲ ਢਾਲਣ ਤੇ ਘੜਨ ਦੇ ਆਦੀ ਹੋ ਗਏ ਹਾਂ। ਸਾਡੇ ਬੋਲਾਂ ਅਮਲਾਂ ਤੇ ਉਪਦੇਸ਼ਾਂ ਵਿੱਚੋਂ ਬਾਬਾ ਨਾਨਕ ਨਹੀਂ ਬੋਲਦਾ ਸਗੋਂ ਅਸੀਂ ਖ਼ੁਦ ਬੋਲਦੇ ਹਾਂ। ਅਜਿਹੇ ਵਿਗਾੜ ਭਾਵੁਕ ਤੇ ਮਾਨਸਿਕ ਰੋਗਾਂ ਨੂੰ ਜਨਮ ਦਿੰਦੇ ਹਨ ਅਤੇ ਸ਼ਨਾਖ਼ਤ ਦੇ ਖੇਰੂੰ-ਖੇਰੂੰ ਹੋਣ ਦੀ ਆਹਟ ਆਉਣ ਲੱਗਦੀ ਹੈ।

ਅਮਰੀਕਾ ਰਹਿੰਦੇ ਸਾਡੇ ਰਿਸ਼ਤੇਦਾਰ ਦੇ ਬੇਟੇ ਦਾ ਵਿਆਹ ਸੀ। ਸਾਨੂੰ ਦੋਵਾਂ ਜੀਆਂ ਨੂੰ ਸੱਦਾ ਪੱਤਰ ਆਇਆ। ਉਮਰ ਤੇ ਤਹਿਜ਼ੀਬ ਦੇ ਹਿਸਾਬ ਨਾਲ ਸਾਡੇ ਕੋਲੋਂ ਫਿਲਮੀ ਅੰਦਾਜ਼ ਵਿੱਚ ਹੋ ਰਹੇ ਅਜੋਕੇ ਵਿਆਹ ਹੁਣ ਦੇਖੇ ਨਹੀਂ ਜਾਂਦੇ। ਪਕਵਾਨਾਂ, ਪਹਿਰਾਵਿਆਂ, ਸਜਾਵਟਾਂ, ਗੱਡੀਆਂ ਤੇ ਨਖਰਿਆਂ ਦੇ ਜਸ਼ਨ ਰੂਹ ਅੰਦਰ ਨਹੀਂ ਉਤਰਦੇ। ਹਰ ਸਮਾਗਮ ਵਿੱਚ ਵੱਖਰਾ ਮੁਕਾਬਲਾ ਦੇਖਣ ਨੂੰ ਮਿਲਦਾ ਹੈ। ਖਾਣ ਲਈ ਪਰੋਸੇ ਗਏ ਪਕਵਾਨਾਂ ਵਿੱਚੋਂ ਆਪਣੇ ਅਨੁਕੂਲ ਚੋਣ ਕਰਨੀ ਔਖੀ ਹੋ ਜਾਂਦੀ ਹੈ। ਜਸ਼ਨ ਦੀ ਵਿਕਸਿਤ ਹੋਈ ਉੱਤਰ ਆਧੁਨਿਕ ਸ਼ੈਲੀ ਸ਼ਬਦਾਵਲੀ ਤੇ ਤਹਿਜ਼ੀਬ ਸਿੱਖਣੀ ਸਾਡੇ ਵਰਗੇ ਸਾਦਾ ਲੋਕਾਂ ਲਈ ਔਖੀ ਹੋ ਗਈ ਹੈ। ਅਮਰੀਕਾ ਵਾਲੇ ਵਿਆਹ ਅਸੀਂ ਭਾਵੇਂ ਗਏ ਨਹੀਂ, ਪਰ ਉਸ ਸੈਵਨ ਸਟਾਰ ਵਿਆਹ ਦੀਆਂ ਵੀਡੀਓ'ਜ਼ ਸਾਡੇ ਕੋਲ ਆਈਆਂ। ਵਿਆਹ ਦਾ ਹਰ ਦ੍ਰਿਸ਼ ਸਵਰਗ ਦਾ ਭੁਲੇਖਾ ਪਾਉਂਦਾ ਹੈ। ਜਿਸ ਚੀਜ਼ ਨੇ ਮੈਨੂੰ ਬਹੁਤ ਜ਼ਿਆਦਾ ਹੈਰਾਨ ਕੀਤਾ ਉਹ ਸੀ ਜਸ਼ਨਾਂ ਵੇਲੇ ਸੁੱਟੇ ਜਾ ਰਹੇ ਡਾਲਰਾਂ ਦੇ ਢੇਰ ਦਾ ਫਿਲਮਾਂਕਣ ਅਤੇ ਉਸ ਢੇਰ ਨੂੰ ਵਾਈਪਰ ਨਾਲ ਇਕੱਠੇ ਕਰਨ ਦਾ ਸ਼ਾਨਾਮੱਤਾ ਅੰਦਾਜ਼। ਪੰਜਾਬੀਆਂ ਨੇ ਬਹੁਤ ਤਰੱਕੀ ਕੀਤੀ ਹੈ। ਪੰਜਾਬੀ ਪੂਰੀ ਦੁਨੀਆ ਵਿੱਚ ਫੈਲ ਗਏ ਹਨ। ਕੋਈ ਮੇਵਿਆਂ ਦਾ ਰਾਜਾ ਹੈ। ਕੋਈ ਸਮੋਸਿਆਂ ਦਾ ਬਾਦਸ਼ਾਹ ਹੈ। ਕੋਈ ਗੋਰਿਆਂ ਨੂੰ ਸਿੱਖ ਬਣਾ ਰਿਹਾ ਹੈ। ਪੰਜਾਬੀਆਂ ਕੋਲ ਹਜ਼ਾਰਾਂ ਏਕੜ ਖੇਤ

ਬਾਕੀ ਸਫ਼ਾ 6 'ਤੇ



# ਵੈਸਟ ਸਰਜੀਕਲ ਵਾਰਡ ਵਾਲਾ ਦੋਸਤ




ਮੌਜੂਦਾ ਸਮੇਂ ਤੋਂ ਪਹਿਲਾਂ ਕਦੇ ਵੀ ਐਸੇ ਹਾਲਾਤ ਨਹੀਂ ਬਣੇ ਕਿ ਕੁੱਲ ਆਲਮ ਦੇ ਬਾਸ਼ਿੰਦੇ ਇੱਕ ਦੂਜੇ ਨਾਲ ਇੰਨੇ ਨੇੜਿਓਂ ਜੁੜੇ ਹੋਏ ਹੋਣ।ਇੰਟਰਨੈੱਟ, ਦੂਰਸੰਚਾਰ ਤੇ ਸੋਸ਼ਲ ਮੀਡੀਆ ਨੇ ਸਾਰੇ ਸੰਸਾਰ ਨੂੰ ਵਾਕਈ ਇੱਕ ਪਿੰਡ ਬਣਾ ਕੇ ਰੱਖ ਦਿੱਤਾ ਹੈ। ਫਾਸਲਿਆਂ ਵਾਲੀਆਂ ਗੱਲਾਂ ਤਾਂ ਹੁਣ ਤਕਰੀਬਨ ਖ਼ਤਮ ਹੀ ਹਨ। ਆਧੁਨਿਕ ਤਕਨੀਕਾਂ ਦੇ ਜ਼ਰੀਏ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਵੱਸਦੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਜਾਣਕਾਰਾਂ ਨਾਲ ਸਿਰਫ਼ ਗੱਲਾਂ ਹੀ ਨਹੀਂ ਕੀਤੀਆਂ ਜਾ ਸਕਦੀਆਂ ਸਗੋਂ ਸਕਿੰਟਾਂ ਵਿੱਚ ਸਾਕਸ਼ਾਤ ਦਰਸ਼ਨ ਵੀ ਹੋ ਜਾਂਦੇ ਹਨ। ਇਨ੍ਹਾਂ ਤਕਨੀਕਾਂ ਦੀ ਬਦੌਲਤ ਹੀ ਮੈਂ ਤਕਰੀਬਨ ਅੱਧੀ ਸਦੀ ਪਹਿਲਾਂ ਮਿਲੇ-ਵਿਛੜੇ ਆਪਣੇ ਇੱਕ ਦੋਸਤ ਨੂੰ ਲੱਭ ਸਕਿਆ ਹਾਂ। ਆਪਣੇ ਇਸ ਤਜਰਬੇ ਨੂੰ ਮੈਂ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।

ਮੈਡੀਕਲ ਅਫਸਰ ਵਜੋਂ ਸਰਕਾਰੀ ਨੌਕਰੀ ਮੈਨੂੰ 25 ਸਾਲ ਦੀ ਉਮਰ ਵਿੱਚ ਹੀ ਮਿਲ ਗਈ ਸੀ। ਤਨਖ਼ਾਹ ਵਧੀਆ ਸੀ, ਵਿਆਹ ਅਜੇ ਹੋਇਆ ਨਹੀਂ ਸੀ ਤੇ ਪੜ੍ਹਾਈ ਦਾ ਵੀ ਕੋਈ ਤਣਾਅ ਨਹੀਂ ਸੀ। ਮੌਜ ਮੇਲੇ ਵਾਲੀ ਇਸ ਉਮਰੇ, ਮੈਂ ਆਜ਼ਾਦ ਪੰਛੀ ਸਾਂ। ਮਈ 1979 'ਚ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸਿੱਖ ਯਾਤਰੀਆਂ ਦੇ ਜਥੇ ਨਾਲ ਮੈਨੂੰ ਪਹਿਲੀ ਵਾਰ ਲਾਹੌਰ ਜਾਣ ਦਾ ਮੌਕਾ ਮਿਲਿਆ। ਮੈਂ 'ਕੱਲਾ ਹੀ ਸਾਂ। ਲਾਹੌਰ ਵਿੱਚ ਠਹਿਰਨ ਦਾ ਪ੍ਰਬੰਧ ਗੁਰਦੁਆਰਾ ਡੇਰਾ ਸਾਹਿਬ ਵਿੱਚ ਹੀ ਸੀ। ਪਹਿਲੇ ਦਿਨ ਗੁਰਦੁਆਰਾ ਸਾਹਿਬ ਤੇ ਹੋਰ ਇਤਿਹਾਸਕ ਥਾਵਾਂ ਦੇ ਦਰਸ਼ਨ ਕੀਤੇ। ਅਗਲੇ ਦਿਨ, ਲਾਹੌਰ ਦੀ ਆਬਾਦੀ 'ਇੱਛਰਾ' ਦੇ ਮਾਜਿਦ ਬੁਖ਼ਾਰੀ ਨਾਲ ਮੁਲਾਕਾਤ ਹੋਈ, ਉਹ ਸਾਈਕਲ 'ਤੇ ਆਇਆ ਸੀ। ਲੰਮਾ ਸਮਾਂ ਅਸੀਂ ਸ਼ਾਹੀ ਕਿਲ੍ਹੇ 'ਚ ਬੈਠੇ ਗੱਪਾਂ ਮਾਰਦੇ ਰਹੇ ਸਾਂ। ਬਾਅਦ ਵਿੱਚ ਮੇਰੀ ਕਹਾਣੀ ਤੇ ਫਿਲਮ 'ਮੁਸੱਰਤ' ਦਾ ਉਹ ਹੀਰੋ ਪਾਤਰ ਬਣਿਆ ਸੀ। ਅਗਲੇ ਦਿਨ ਮਿਥੇ ਪ੍ਰੋਗਰਾਮ ਮੁਤਾਬਿਕ ਮੈਨੂੰ ਲਾਹੌਰ ਵਿਖਾਉਣ ਵਾਸਤੇ ਮਾਜਿਦ ਆਪਣਾ ਮੋਟਰਸਾਈਕਲ ਲੈ ਕੇ ਆਇਆ ਸੀ।

ਸਰਕਾਰੀ ਨੌਕਰੀ ਜੌਇਨ ਕਰਨ ਤੋਂ ਪਹਿਲਾਂ ਮੈਂ ਮੈਡੀਕਲ ਕਾਲਜ ਦੇ ਵੀ.ਜੇ. (ਵਿਕਟੋਰੀਆ ਜੁਬਲੀ) ਹਸਪਤਾਲ, ਅੰਮ੍ਰਿਤਸਰ ਦੇ ਵੈਸਟ ਸਰਜੀਕਲ ਵਾਰਡ ਵਿੱਚ ਜੂਨੀਅਰ ਡਾਕਟਰ ਸਾਂ। ਸੋ, ਮੈਂ ਲਾਹੌਰ ਦੇ ਸਰਕਾਰੀ (ਕਿੰਗ ਐਡਵਰਡ) ਮੈਡੀਕਲ ਕਾਲਜ, ਮੇਓ ਹਸਪਤਾਲ ਜਾਣ ਦੀ ਇੱਛਾ ਪ੍ਰਗਟਾਈ। ਮਾਜਿਦ ਮੰਨ ਗਿਆ। ਉਸ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਸ਼ਹਿਰ ਦਾ ਗੇੜਾ ਕੱਢਦਿਆਂ ਸ਼ਾਮ ਛੇ ਕੁ ਵੱਜ ਗਏ ਸਨ। ਅਸੀਂ ਸਿੱਧੇ ਹੋਸਟਲ ਵਾਲੀ ਕਨਟੀਨ 'ਚ ਗਏ, ਜਿੱਥੇ ਮੇਰੀ ਉਮਰ ਦੇ ਕਾਫ਼ੀ ਜੂਨੀਅਰ ਡਾਕਟਰਜ਼ ਖਾ ਪੀ ਤੇ ਗੱਪਾਂ-ਸ਼ੱਪਾਂ ਮਾਰ ਰਹੇ ਸਨ। ਪੱਗ ਵਾਲੇ ਨੂੰ (ਮੈਨੂੰ) ਵੇਖ ਕੇ ਪਹਿਲਾਂ ਤਾਂ ਇਕਦਮ ਚੁੱਪ-ਚਾਂ ਛਾ ਗਈ ਪਰ ਜਦ ਮੈਂ ਆਪਣੀ ਜਾਣ-ਪਛਾਣ ਕਰਵਾਈ ਕਿ ਮੈਂ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜ ਵੀ.ਜੇ. ਹਸਪਤਾਲ ਤੋਂ ਹਾਂ ਤਾਂ ਸਭ ਨੇ ਤਾੜੀਆਂ ਨਾਲ ਖੁਸ਼ਆਮਦੀਦ ਕਿਹਾ। ਗੱਲਾਂਬਾਤਾਂ ਕਰਦਿਆਂ ਮੈਂ ਪੁੱਛਿਆ, "ਕਿਹੜੀਆਂ ਕਿਤਾਬਾਂ ਪੜ੍ਹਦੇ ਹੋ...?" ਉਨ੍ਹਾਂ ਦੇ ਦੱਸਣ ਮੁਤਾਬਿਕ, ਅਨਾਟਮੀ, ਫਿਜ਼ਾਲੋਜੀ, ਪੈਥਾਲੋਜੀ, ਮੈਡੀਸਨ, ਸਰਜਰੀ, ਗਾਇਨੀ, ਆਈ, ਈ.ਐੱਨ.ਟੀ. ਆਦਿ ਸਾਰੇ ਵਿਸ਼ਿਆਂ ਦੀਆਂ ਉਹ, ਉਹੀ ਕਿਤਾਬਾਂ ਪੜ੍ਹਦੇ ਸਨ ਜੋ ਅਸੀਂ ਇੰਡੀਆ 'ਚ ਪੜ੍ਹਦੇ ਸਾਂ। ਭਾਰਤੀ ਲੇਖਕ ਡਾ. ਕੇ.ਡੀ. ਚੈਟਰਜੀ ਦੀ 'ਪੈਰਾ-ਸਾਇਟਾਲੋਜੀ ਐਂਡ ਹੈਲਮਿੰਥਾਲੋਜੀ' ਕਿਤਾਬ ਦੀ ਸਭ ਨੇ ਬੜੀ ਤਾਰੀਫ਼ ਕੀਤੀ। ਮੈਨੂੰ ਆਪਣੇ ਭਾਰਤੀ ਲੇਖਕ 'ਤੇ ਮਾਣ ਹੋਣ ਲੱਗਾ। ਇਸ ਤੋਂ ਇਲਾਵਾ ਉਮਰ ਮੁਤਾਬਿਕ ਹੋਰ ਵੀ ਗੱਲਾਂਬਾਤਾਂ ਹੋਈਆਂ।

ਮੈਂ ਸਰਜਰੀ ਵਿੱਚ ਕੰਮ ਕਰਦਾ ਰਿਹਾ ਸਾਂ, ਇੱਥੋਂ (ਮੇਓ ਹਸਪਤਾਲ) ਦੇ ਸਰਜਰੀ ਦੇ ਇੱਕ ਜੂਨੀਅਰ ਡਾਕਟਰ ਨੇ ਮੇਰੇ ਨਾਲ ਨੇੜਤਾ ਵਿਖਾਈ। ਜਦ ਉਸ ਨੇ ਦੱਸਿਆ ਕਿ ਉਹ ਵੈਸਟ ਸਰਜੀਕਲ ਵਾਰਡ ਵਿੱਚ ਹੈ ਤਾਂ ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਬਾਕੀ ਸਰਜੀਕਲ ਵਾਰਡਾਂ ਦੇ ਨਾਂ ਸਨ: ਅੰਮ੍ਰਿਤਸਰ ਵਾਰਡ ਤੇ ਈਸਟ ਸਰਜੀਕਲ ਵਾਰਡ। ਅੰਮ੍ਰਿਤਸਰ ਵਾਲੇ ਹਸਪਤਾਲ ਵਿੱਚ ਵੀ ਈਸਟ ਤੇ ਵੈਸਟ ਸਰਜੀਕਲ ਵਾਰਡ ਸਨ। ਜਦੋਂ ਅੰਗਰੇਜ਼ਾਂ ਨੇ ਲਾਹੌਰ ਤੇ ਅੰਮ੍ਰਿਤਸਰ ਦੇ ਇਹ ਹਸਪਤਾਲ ਬਣਾਏ ਹੋਣਗੇ, ਉਨ੍ਹਾਂ ਨੇ ਵਾਰਡਾਂ ਦੇ ਨਾਮ ਇਸੇ ਤਰ੍ਹਾਂ ਰੱਖੇ ਹੋਣਗੇ। ਇੱਕ ਦੂਜੇ ਬਾਰੇ ਜਾਣਕਾਰੀ ਦੌਰਾਨ ਉਸ ਡਾਕਟਰ ਨੇ ਆਪਣਾ ਨਾਂ ਇਮਰਾਨ ਖ਼ੁਰਸ਼ੀਦ ਦੱਸਿਆ। ਇਸ ਤੋਂ ਬਾਅਦ ਉਹ ਸਾਨੂੰ ਵੈਸਟ ਸਰਜੀਕਲ ਵਾਰਡ 'ਚ ਲੈ ਗਿਆ।

ਬਾਈਕ ਵਾਲੇ ਮਿੱਤਰ ਮਾਜਿਦ ਬੁਖ਼ਾਰੀ ਨੂੰ ਸਾਈਡ ਰੂਮ ਵਿੱਚ ਬਿਠਾ ਕੇ ਇਮਰਾਨ ਨੇ ਮੈਨੂੰ ਵਾਰਡ ਦਾ ਰਾਊਂਡ ਕਰਵਾਇਆ। ਹਰੇਕ ਬੈੱਡ 'ਤੇ ਜਾ ਕੇ ਡਾ. ਇਮਰਾਨ, ਮਰੀਜ਼ ਨੂੰ ਦੱਸ ਰਿਹਾ ਸੀ ਕਿ ਇਹ ਸਰਦਾਰ ਡਾਕਟਰ ਅੰਮ੍ਰਿਤਸਰ ਤੋਂ ਆਏ ਹਨ। ਅਪੈਂਡਿਕਸ, ਪ੍ਰੋਸਟੇਟ, ਪਿੱਤੇ (ਗਾਲ ਬਲੈਡਰ), ਥਾਇਰਾਇਡ ਆਦਿ ਦੇ ਮਰੀਜ਼ਾਂ ਨਾਲ ਮੇਰੀ ਗੱਲ ਕਰਵਾਈ। ਸਭ ਤੋਂ ਵੱਧ ਮੈਨੂੰ ਬੈੱਡ ਨੰਬਰ ਦਸ ਵਾਲੇ ਬਰਨਜ਼ (ਸੜੇ ਹੋਏ) ਦੇ ਮਰੀਜ਼ ਨੇ ਭਾਵੁਕ ਕੀਤਾ। ਚਿਹਰੇ, ਅੱਖਾਂ ਤੇ ਧੌਣ ਸੜਨ ਨਾਲ ਉਸ ਦੇ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਉਹ ਵੇਖ ਨਹੀਂ ਸੀ ਸਕਦਾ, ਹੱਥ ਠੀਕ ਸਨ। ਉਸ ਨੇ ਮੇਰੇ ਬਾਰੇ ਸੁਣ ਲਿਆ ਸੀ ਕਿ ਮੈਂ ਅੰਮ੍ਰਿਤਸਰ ਤੋਂ ਆਇਆ ਹਾਂ। ਜਦੋਂ ਅਸੀਂ ਉਸ ਦੇ ਬੈੱਡ ਕੋਲ ਪੁੱਜੇ ਤਾਂ ਉਹ ਰੋਣਹਾਕਾ ਹੋ ਕੇ ਡਾ. ਇਮਰਾਨ ਨੂੰ ਕਹਿਣ ਲੱਗਾ, "ਡਾਕਟਰ ਸਾਹਿਬ, ਤੁਸੀਂ ਦੱਸਿਐ ਕਿ ਇਹ ਡਾਕਟਰ ਅੰਮ੍ਰਿਤਸਰ ਤੋਂ ਆਏ ਨੇ," ਤੇ ਡੁਸਕਦਾ ਹੋਇਆ ਆਖਣ ਲੱਗਾ, "ਮੈਂ ਇਨ੍ਹਾਂ ਨੂੰ ਵੇਖ ਤਾਂ ਨਹੀਂ ਸਕਦਾ, ਜੇ ਮੈਨੂੰ ਇਜਾਜ਼ਤ ਦੇਵੋ ਤਾਂ ਮੈਂ ਇਨ੍ਹਾਂ ਨੂੰ ਛੂਹ ਸਕਦਾਂ? ਸੰਨ ਸੰਤਾਲੀ ਤੋਂ ਪਹਿਲਾਂ ਅਸੀਂ ਅੰਮ੍ਰਿਤਸਰ ਹਾਲ ਗੇਟ ਦੇ ਕੋਲ ਰਹਿੰਦੇ ਸਾਂ। ਜਦ ਰੌਲੇ ਪਏ ਤਾਂ ਮੈਂ 23 ਸਾਲਾਂ ਦਾ ਸਾਂ। ਸਾਡਾ ਗੁਆਂਢੀ ਚਾਚਾ ਸ਼ਮਸ਼ੇਰ ਸਿੰਘ ਹੁੰਦਾ ਸੀ, ਬੜਾ ਪਿਆਰ ਕਰਦਾ ਸੀ ਸਾਨੂੰ। ਮੈਨੂੰ ਸਾਰਾ ਦ੍ਰਿਸ਼ ਯਾਦ ਹੈ, ਉਸ ਨੇ ਸਾਨੂੰ ਬਚਾ ਕੇ ਬਾਰਡਰ ਤੱਕ ਪਹੁੰਚਣ ਵਿੱਚ ਬੜੀ ਮਦਦ ਕੀਤੀ ਸੀ। ਅੰਮ੍ਰਿਤਸਰ ਦੀਆਂ ਗਲੀਆਂ-ਕੂਚੇ, ਪਤੰਗਾਂ, ਛੋਲੇ-ਕੁਲਚੇ ਮੈਨੂੰ ਅਜੇ ਤੱਕ ਨਹੀਂ ਭੁੱਲੇ।" ਗੱਲਾਂ ਕਰਦਿਆਂ ਕਰਦਿਆਂ ਉਹ ਰੋਣ ਹੀ ਲੱਗ ਪਿਆ ਸੀ। ਉਹ ਮੇਰੇ ਚਿਹਰੇ ਨੂੰ ਹੱਥ ਲਗਾ ਕੇ ਅੰਮ੍ਰਿਤਸਰ ਅਤੇ ਆਪਣੇ ਚਾਚਾ ਸ਼ਮਸ਼ੇਰ ਸਿੰਘ ਨੂੰ ਮਹਿਸੂਸ ਕਰ ਰਿਹਾ ਸੀ। ਮੈਂ ਵੀ ਭਾਵੁਕ ਹੋ ਗਿਆ ਸਾਂ। ਮੈਂ ਉਸ ਨੂੰ ਕਲਾਵੇ 'ਚ ਲੈ ਕੇ ਉਸ ਦੇ ਹੱਥਾਂ ਨੂੰ ਚੁੰਮ ਲਿਆ ਸੀ।

ਵਾਰਡ 'ਚੋਂ ਬਾਹਰ ਆ ਕੇ ਜਦ ਅਸੀਂ ਗੁਰਦੁਆਰਾ ਡੇਰਾ ਸਾਹਿਬ ਵਾਸਤੇ ਚੱਲਣ ਲੱਗੇ ਤਾਂ ਇਮਰਾਨ ਨੇ ਕਿਹਾ, "ਆਪਣੀ ਮੁਲਾਕਾਤ ਬਹੁਤ ਵਧੀਆ ਰਹੀ ਹੈ। ਕੋਸ਼ਿਸ਼ ਕਰਿਓ ਕੱਲ੍ਹ ਵੀ ਆ ਜਾਇਓ...। ਸਾਡੀ ਓਪਰੇਸ਼ਨ ਲਿਸਟ ਵਿੱਚ ਰੋਜ਼ ਕਾਫ਼ੀ ਕੇਸ ਸਰਕਮ-ਸੀਯਨ (ਸੁੰਨਤ ਕਰਨ ਵਾਲਾ ਛੋਟਾ ਅਪਰੇਸ਼ਨ) ਵਾਲੇ ਹੁੰਦੇ ਹਨ, ਜੇ ਚਾਹੋ ਤਾਂ ਸਰਕਮ-ਸੀਯਨ (ਅਪਰੇਸ਼ਨ) ਕਰ ਸਕਦੇ ਹੋ।" ਪਰ ਦੂਸਰੇ ਦੇਸ਼ 'ਚ ਆ ਕੇ ਅਪਰੇਸ਼ਨ ਕਰਨਾ ਮੈਂ ਠੀਕ ਨਾ ਸਮਝਿਆ, ਕਿਸੇ ਨੂੰ ਕੋਈ ਮਸਲਾ ਵੀ ਹੋ ਸਕਦਾ ਹੈ। ਉਸ ਦੀ ਪੇਸ਼ਕਸ਼ ਵਾਸਤੇ ਮੈਂ ਉਸ ਦਾ ਦਿਲੋਂ ਸ਼ੁਕਰੀਆ ਅਦਾ ਕੀਤਾ।

ਗੁਰਦੁਆਰਿਆਂ ਦੀ ਯਾਤਰਾ ਤੋਂ ਬਾਅਦ ਵਾਪਸ ਅੰਮ੍ਰਿਤਸਰ ਆ ਕੇ ਮੈਂ, ਡਾ. ਇਮਰਾਨ ਖ਼ੁਰਸ਼ੀਦ ਨਾਲ ਖ਼ਤੋ-ਕਿਤਾਬਤ ਕੀਤੀ। ਮੇਰੇ ਖ਼ਤਾਂ ਦੇ ਜਵਾਬ ਵਿੱਚ ਉਹਦੇ ਵੱਲੋਂ 8-8-1979, 3-3-1980 ਤੇ 20-5-1980 ਨੂੰ ਲਿਖੇ ਹੋਏ ਤਿੰਨ ਪੱਤਰ, ਲਿਫ਼ਾਫ਼ਿਆਂ ਸਮੇਤ ਹੁਣ, ਮੈਨੂੰ ਪੁਰਾਣੇ ਰਿਕਾਰਡ 'ਚੋਂ ਮਿਲ ਗਏ ਜੋ ਮੇਰੇ ਕੋਲ ਸੁਰੱਖਿਅਤ ਪਏ ਹਨ। ਅੰਗਰੇਜ਼ੀ ਲਿਖਦੇ ਸਮੇਂ ਇਮਰਾਨ ਹਮੇਸ਼ਾ ਕੈਪੀਟਲ ਆਰ ਲਿਖਦਾ ਸੀ ਭਾਵੇਂ ਉਹ ਕਿਸੇ ਸ਼ਬਦ ਦੇ ਵਿਚਕਾਰ ਹੀ ਆਵੇ। ਮੈਂ ਉਸ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਸੀ ਕਿ ਬੱਸ ਐਵੇਂ ਹੀ ਆਦਤ ਬਣ ਗਈ ਹੈ, ਹੋਰ ਕੋਈ ਗੱਲ ਨਹੀਂ। ਇਮਰਾਨ ਦਾ ਨਾਮ ਮੈਨੂੰ ਕਦੇ ਨਹੀਂ ਭੁੱਲਿਆ। 2019 'ਚ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਵੇਲੇ ਵੀ ਮੈਂ ਇਸ ਐਡਰੈੱਸ ਦੇ ਹਵਾਲੇ ਨਾਲ ਲਾਹੌਰੀਆਂ ਕੋਲੋਂ ਉਸ ਬਾਰੇ ਪੁੱਛਿਆ ਸੀ। ਸਾਲ 2023 ਵਿੱਚ ਵਿਸਾਖੀ ਵਾਲੇ ਸਿੱਖ ਜਥੇ ਨਾਲ ਅਸੀਂ ਪਾਕਿਸਤਾਨ (ਲਾਹੌਰ) ਗਏ ਸਾਂ ਤਾਂ ਮਿੱਤਰ ਮੁਨੀਰ ਹੁਸ਼ਿਆਰਪੁਰੀਆ ਦੀ ਕਾਰ ਵਿੱਚ ਬੈਠ ਕੇ ਡਾ. ਇਮਰਾਨ ਨੂੰ ਲੱਭਣ ਵਾਸਤੇ ਅਸੀਂ, ਆਫੀਸਰਜ਼ ਕਾਲੋਨੀ, ਗ਼ਾਜ਼ੀ ਰੋਡ, ਲਾਹੌਰ ਵਾਲੇ ਐਡਰੈੱਸ 'ਤੇ ਗਏ ਸਾਂ ਪਰ ਕੋਸ਼ਿਸ਼ ਨਾਕਾਮ ਰਹੀ।

ਪਿਛਲੇ ਵਰ੍ਹੇ ਭਾਵ 11 ਅਕਤੂਬਰ 2024 ਨੂੰ ਫਾਈਲਾਂ ਵਾਲੀ ਅਲਮਾਰੀ 'ਚੋਂ ਕੋਈ ਖ਼ਾਸ ਕਾਗ਼ਜ਼ ਲੱਭਦਿਆਂ, ਇਮਰਾਨ ਦੀਆਂ ਚਿੱਠੀਆਂ ਵਾਲਾ ਫਾਈਲ-ਕਵਰ ਮੇਰੇ ਸਾਹਮਣੇ ਆ ਗਿਆ। ਉਹ ਕੱਢ ਕੇ ਮੈਂ ਆਪਣੇ ਡੈਸਕਟਾਪ ਕੰਪਿਊਟਰ ਵਾਲੇ ਮੇਜ਼ 'ਤੇ ਰੱਖ ਦਿੱਤਾ। ਸ਼ਾਮ ਦੇ ਸਾਢੇ ਕੁ ਦਸ ਵੱਜੇ ਸਨ, ਮਨ 'ਚ ਖ਼ਿਆਲ ਆਇਆ ਕਿ ਦੋਸਤ ਦੀ ਖੋਜ ਵਾਸਤੇ ਕਿਉਂ ਨਾ ਗੂਗਲ ਬਾਬੇ ਦੀ ਮਦਦ ਲਈ ਜਾਵੇ? ਇਮਰਾਨ ਖ਼ੁਰਸ਼ੀਦ ਦੀ ਖੋਜ ਕੀਤੀ ਜਾਵੇ? ਉਸੇ ਵੇਲੇ ਗੂਗਲ ਸਰਚ ਵਿੱਚ ਇਮਰਾਨ ਖ਼ੁਰਸ਼ੀਦ ਦਾ ਨਾਮ ਭਰਿਆ। ਕਿਉਂਕਿ ਇਹ ਇੱਕ ਬਹੁਤ ਹੀ ਆਮ ਨਾਂ ਹੈ, ਸੋ ਕੈਨੇਡਾ, ਅਮਰੀਕਾ, ਭਾਰਤ, ਬੰਗਲਾਦੇਸ਼, ਪਾਕਿਸਤਾਨ, ਆਸਟਰੇਲੀਆ ਤੇ ਮਿਡਲ ਈਸਟ ਦੇ, ਇਸ ਨਾਮ ਵਾਲੇ ਬਹੁਤ ਸਾਰੇ ਸ਼ਖ਼ਸ ਸਾਹਮਣੇ ਆ ਗਏ। ਮੈਂ ਹੌਸਲਾ ਨਾ ਛੱਡਿਆ ਤੇ ਇੱਕ ਹੋਰ ਯਤਨ ਕੀਤਾ। ਇਸ ਵਾਰ 'ਡਾ. ਇਮਰਾਨ ਖ਼ੁਰਸ਼ੀਦ ਆਫ ਲਾਹੌਰ' ਲਿਖ ਕੇ ਸਰਚ ਮਾਰੀ। ਉਹਦੇ 'ਚ ਵੀ ਕਾਫ਼ੀ ਲੋਕ ਆ ਗਏ, ਪਰ ਇੱਕ ਸਾਈਟ ਦੇ ਹੇਠਾਂ ਇੱਕ ਡਾ. ਇਮਰਾਨ ਖ਼ੁਰਸ਼ੀਦ, ਉਸ ਦੀ ਈ-ਮੇਲ ਆਈਡੀ ਅਤੇ ਮੋਬਾਈਲ ਨੰਬਰ ਲਿਖਿਆ ਹੋਇਆ ਮਿਲਿਆ। ਈ-ਮੇਲ ਐਡਰੈੱਸ ਵਿੱਚ ਜਨਮ ਦਾ ਸਾਲ 1954 ਪੜ੍ਹ ਕੇ ਮੈਨੂੰ ਲੱਗਿਆ ਕਿ ਜਿਹੜੇ ਬੰਦੇ ਨੂੰ ਮੈਂ ਇੰਨੇ ਸਾਲਾਂ ਦਾ ਲੱਭ ਰਿਹਾ ਹਾਂ, ਅੱਜ ਮਿਲ ਜਾਵੇਗਾ। ਬਿਜਲੀ ਦੇ ਕਰੰਟ ਵਾਲੀ ਤੇਜ਼ੀ, ਖ਼ੁਸ਼ੀ ਤੇ ਉਤਸੁਕਤਾ ਨਾਲ ਮੈਂ ਉਸ ਦਾ ਯੂ.ਕੇ. ਦਾ ਮੋਬਾਈਲ ਨੰਬਰ, ਆਪਣੇ ਮੋਬਾਈਲ ਵਿੱਚ ਸੇਵ ਕੀਤਾ ਸੀ। 8-8-1979 ਵਾਲੀ ਚਿੱਠੀ ਦੀਆਂ ਉਪਰਲੀਆਂ ਤਿੰਨ ਲਾਈਨਾਂ ਦੀ ਫੋਟੋ ਖਿੱਚ ਕੇ, ਨਾਲ ਇਹ ਲਿਖ ਕੇ ਕਿ 'ਬੜੇ ਸਾਲਾਂ ਤੋਂ ਮੈਂ ਇੱਕ ਡਾਕਟਰ, ਇਮਰਾਨ ਖ਼ੁਰਸ਼ੀਦ ਦੀ ਖੋਜ ਕਰ ਰਿਹਾ ਹਾਂ..., ਵੇਖਣਾ ਇਹ ਤੁਹਾਡੀ ਹੀ ਲਿਖਾਈ ਹੈ?' ਰਾਤ ਤਕਰੀਬਨ ਸਵਾ ਗਿਆਰਾਂ ਵਜੇ ਵੱਟਸਐਪ ਕਰ ਦਿੱਤਾ। ਸੋਚਿਆ ਕਿ ਇਸ ਦਾ 'ਹਾਂ' ਜਾਂ 'ਨਾਂਹ' ਜਵਾਬ ਸਵੇਰੇ ਵੇਖਾਂਗਾ। ਉਂਜ, ਮੈਨੂੰ ਯਕੀਨ ਹੋ ਗਿਆ ਸੀ ਕਿ ਜਿਸ ਦੋਸਤ ਨੂੰ ਮੈਂ ਪਿਛਲੇ 45 ਤੋਂ ਵੱਧ ਸਾਲਾਂ ਤੋਂ ਲੱਭ ਰਿਹਾ ਹਾਂ, ਇਹ ਉਹੀ ਹੈ। ਅਗਰ ਇਹ ਨਾ ਵੀ ਹੋਇਆ ਤਾਂ ਜਵਾਬ ਆ ਜਾਏਗਾ, 'ਸੌਰੀ ਇਹ ਮੇਰੀ ਲਿਖਾਈ ਨਹੀਂ'। ਸਾਢੇ ਕੁ ਗਿਆਰਾਂ ਵਜੇ ਮੈਂ ਸੌਣ ਵਾਸਤੇ ਕੁਰਸੀ ਤੋਂ ਉੱਠਣ ਦੀ ਤਿਆਰੀ ਕਰ ਰਿਹਾ ਸਾਂ ਕਿ ਮੋਬਾਈਲ ਦੇ ਵੱਟਸਐਪ 'ਤੇ ਉਸ ਦਾ ਹੁੰਗਾਰਾ ਦਿਸਿਆ। ਮੇਰੀ ਉਤਸੁਕਤਾ ਵਧ ਗਈ, ਦਸ ਪੰਦਰਾਂ ਮਿੰਟ ਟਾਈਪਿੰਗ ਹੀ ਆਉਂਦਾ ਰਿਹਾ ਜਿਸ ਤੋਂ ਮੈਂ ਅੰਦਾਜ਼ਾ ਲਗਾਇਆ ਕਿ ਬੰਦਾ ਸਹੀ ਲਗਦਾ ਹੈ। ਜੇ ਕੋਈ ਹੋਰ ਹੁੰਦਾ ਤਾਂ ਬਸ ਇੰਨਾ ਲਿਖਦਾ: 'ਸੌਰੀ, ਇਹ ਮੇਰੀ ਲਿਖਾਈ ਨਹੀਂ'। ਆਖ਼ਰ 11.50 'ਤੇ ਉਸ ਦਾ ਮੈਸੇਜ ਮੁਕੰਮਲ ਹੋ ਗਿਆ। ਮੈਂ ਇਕਦਮ ਮੋਬਾਈਲ ਚੁੱਕਿਆ।

ਅੰਗਰੇਜ਼ੀ ਵਿੱਚ ਲਿਖਿਆ ਵੱਟਸਐਪ ਮੈਸੇਜ ਬਹੁਤਾ ਲੰਮਾ ਤਾਂ ਨਹੀਂ ਸੀ ਪਰ ਸ਼ਾਇਦ ਸੋਚ ਸੋਚ ਕੇ ਲਿਖਦੇ ਨੂੰ ਉਸ ਨੂੰ ਕਾਫ਼ੀ ਸਮਾਂ ਲੱਗ ਗਿਆ ਸੀ, 'ਪਿਆਰੇ ਦੋਸਤ ਮਨਜੀਤ, ਹਾਂ...ਹਾਂ..., ਇਹ ਮੇਰੀ ਹੀ ਲਿਖਾਈ ਹੈ, ਮੇਰਾ ਹੀ ਖ਼ਤ ਹੈ ਜੋ ਮੈਂ, ਤੇਰੇ ਲਾਹੌਰ ਦੌਰੇ ਤੋਂ ਬਾਅਦ ਤੇਰੇ ਪੱਤਰ ਦੇ ਜੁਆਬ ਵਿੱਚ ਅੱਠ ਅਗਸਤ 1979 ਨੂੰ ਲਿਖਿਆ ਸੀ। ਉਨ੍ਹੀਂ ਦਿਨੀਂ ਮੈਂ ਮੇਓ ਹਸਪਤਾਲ ਲਾਹੌਰ ਦੇ ਵੈਸਟ ਸਰਜੀਕਲ ਵਾਰਡ ਵਿੱਚ ਹਾਊਸ ਜੌਬ ਕਰ ਰਿਹਾ ਸਾਂ। ਕਿਆ ਸਰਪ੍ਰਾਈਜ਼ ਹੈ...! ਤੇਰਾ ਸਵਾਗਤ..., ਖੁਸ਼ਆਮਦੀਦ...। ਇਹ ਕਿੰਨੀ ਹੈਰਾਨੀਜਨਕ ਗੱਲ ਹੈ ਕਿ ਤੂੰ ਆਪਣੇ ਕੋਲ 45 ਸਾਲਾਂ ਤੋਂ ਵੀ ਵੱਧ ਸਮਾਂ ਪੁਰਾਣਾ, ਮੇਰਾ ਇਹ ਖ਼ਤ ਸਾਂਭਿਆ ਹੋਇਆ ਹੈ। ਤੇਰੀ ਖ਼ੈਰੀਅਤ ਦੀ ਖ਼ਬਰਸਾਰ ਜਾਣ ਕੇ ਮੈਨੂੰ ਬੇਹੱਦ ਮੁਸੱਰਤ ਹੋਈ ਹੈ..., ਅੱਜਕੱਲ੍ਹ ਤੂੰ ਕਿੱਥੇ ਹੈਂ..., ਕੀ ਕਰ ਰਿਹਾ ਹੈਂ...? ਰਿਟਾਇਰ ਤਾਂ ਹੋ ਹੀ ਗਿਆ ਹੋਵੇਂਗਾ... ਕਿ ਅਜੇ ਵੀ ਕੁਝ ਕਰ ਰਿਹੈਂ? ਨੇਕ ਖ਼ਵਾਹਸ਼ਾਤ ਤੇ ਅਦਬ ਨਾਲ – ਡਾ. ਇਮਰਾਨ ਖ਼ੁਰਸ਼ੀਦ – ਹਾਂ ਸੱਚ... ਤੂੰ ਮੈਨੂੰ ਇੰਨੇ ਸਾਲ ਬਾਅਦ ਲੱਭਿਆ ਕਿਵੇਂ...? ਮੈਂ ਬੇਹੱਦ ਸ਼ੁਕਰਗੁਜ਼ਾਰ ਹਾਂ ਕਿ ਤੂੰ ਮੈਨੂੰ ਯਾਦ ਰੱਖਿਆ।'

ਇਸ ਨੂੰ ਦੋ ਵਾਰ ਪੜ੍ਹ ਕੇ ਮੈਂ ਉਸੇ ਵੇਲੇ ਜਵਾਬ ਲਿਖਿਆ, "ਅੱਲ੍ਹਾ ਦੀ ਰਹਿਮਤ ਹੋਈ ਹੈ...। ਇੰਨੀ ਜ਼ਿਆਦਾ ਮੁਸ਼ੱਕਤ ਤੋਂ ਬਾਅਦ ਆਖ਼ਰ ਮੈਂ ਤੈਨੂੰ ਲੱਭ ਹੀ ਲਿਐ। ਆਪਾਂ ਵੱਟਸਐਪ ਚੈਟਿੰਗ 'ਤੇ ਗੱਲਬਾਤ ਕਰਦੇ ਰਹਾਂਗੇ। ਹੁਣ ਅੱਧੀ ਰਾਤ ਹੋ ਗਈ ਹੈ। ਮੈਂ ਸੌਣ ਲੱਗਾ ਹਾਂ, ਕੱਲ੍ਹ ਖੁੱਲ੍ਹ ਕੇ ਗੱਲਾਂ ਕਰਾਂਗੇ।' ਨਾਲ ਹੀ ਮੈਂ ਆਪਣੇ ਮੋਬਾਈਲ 'ਚ ਸੇਵ ਕੀਤਾ ਹੋਇਆ ਆਪਣਾ ਇੱਕ ਬਿਜ਼ਨਸ ਕਾਰਡ ਵੀ ਭੇਜ ਦਿੱਤਾ। ਉਸ ਨੇ ਛੋਟਾ ਜੁਆਬ, 'ਸ਼ੋਅਰ, ਸ਼ੋਅਰ, ਆਦਾਬ ਤੇ ਗੁੱਡ ਨਾਈਟ' ਦਿੱਤਾ। ਮੈਂ ਦੋਸਤ (ਇਮਰਾਨ) ਦੀ ਖੋਜ ਬਾਰੇ ਸੋਚਦਾ ਸੋਚਦਾ ਸੌਂ ਗਿਆ। ਅਗਲੇ ਦਿਨ ਸ਼ਨਿਚਰਵਾਰ ਨੂੰ ਮੈਂ ਵੱਟਸਐਪ 'ਤੇ ਮੈਸੇਜ 'ਚ ਆਪਣੀ ਤੇ ਬੇਟੇ ਡਾ. ਮਹਿਤਾਬ ਬੱਲ ਦੀ ਫੋਟੋ ਭੇਜੀ। ਸਵੇਰੇ 11.50 'ਤੇ ਉਸ ਦਾ ਮੈਸੇਜ ਆਇਆ, 'ਬੇਟੇ ਦੀ ਤੇ ਤੁਹਾਡੀ ਤਸਵੀਰ ਬਹੁਤ ਖ਼ੂਬਸੂਰਤ ਹੈ'। ਉਸ ਨੇ ਲਿਖਿਆ ਕਿ 'ਅੱਜ ਵੀਕਐਂਡ ਵਾਲਾ ਦਿਨ ਹੈ ਅਜੇ ਘਰ ਦੇ ਸਭ ਸੁੱਤੇ ਹੋਏ ਨੇ, ਨੇਕ ਖ਼ਵਾਹਸ਼ਾਤ। ਥੋੜ੍ਹੀ ਦੇਰ ਬਾਅਦ ਮੈਂ ਫੋਨ ਕਾਲ ਕਰਾਂਗਾ ਤੇ ਪੁਰਾਣੀਆਂ ਯਾਦਾਂ ਤਾਜ਼ਾ ਕਰਾਂਗੇ।' ਫਿਰ ਤਕਰੀਬਨ ਸਵਾ ਕੁ ਬਾਰਾਂ ਵਜੇ ਦੁਪਹਿਰ ਨੂੰ ਉਸ ਦੀ ਕਾਲ ਆਈ। ਬੜੀਆਂ ਖੁੱਲ੍ਹ ਕੇ ਗੱਲਾਂ ਹੋਈਆਂ। ਉਸ ਨੇ ਦੱਸਿਆ ਕਿ ਉਹ ਯੂ.ਕੇ. ਦੇ ਬ੍ਰਿਸਟਲ ਸ਼ਹਿਰ ਵਿੱਚ ਰਹਿੰਦਾ ਹੈ ਜੋ ਲੰਡਨ ਤੋਂ ਦੋ ਘੰਟੇ ਡਰਾਈਵ ਦੀ ਦੂਰੀ 'ਤੇ ਹੈ ਤੇ ਅੱਖਾਂ ਦਾ ਡਾਕਟਰ ਹੈ ਜਦੋਂਕਿ ਮੈਂ (ਲੇਖਕ) ਪੈਥਾਲੋਜਿਸਟ ਹਾਂ, ਪਟਿਆਲੇ ਦੇ ਸਰਕਾਰੀ ਮੈਡੀਕਲ ਕਾਲਜ, ਰਜਿੰਦਰਾ ਹਸਪਤਾਲ ਤੋਂ ਪ੍ਰੋਫੈਸਰ ਤੇ ਮੁਖੀ ਵਜੋਂ ਸੇਵਾਮੁਕਤ ਹੋਇਆ ਹਾਂ। ਘਰ ਪਰਿਵਾਰ, ਬੱਚਿਆਂ ਬਾਰੇ ਜਾਣਕਾਰੀਆਂ ਸਾਂਝੀਆਂ ਕੀਤੀਆਂ। ਲਓ ਹੁਣ ਰਸਤਾ ਖੁੱਲ੍ਹ ਗਿਆ ਜਦੋਂ ਮਰਜ਼ੀ ਗੱਲਬਾਤ ਕਰ ਸਕਦੇ ਹਾਂ। ਹੁਣ ਵੱਟਸਐਪ ਚੈਟਿੰਗ ਦੇ ਨਾਲ ਨਾਲ ਇੱਕ ਦੂਜੇ ਦੀਆਂ ਤਸਵੀਰਾਂ ਵੀ ਆਉਂਦੀਆਂ ਜਾਂਦੀਆਂ ਰਹਿੰਦੀਆਂ ਨੇ। ਟੈਕਨੋਲੋਜੀ ਜ਼ਿੰਦਾਬਾਦ...।



ਡਾ. ਮਨਜੀਤ ਸਿੰਘ ਬੱਲ
98728-43491

ਗੁਰਦੁਆਰਿਆਂ ਦੀ ਯਾਤਰਾ ਤੋਂ ਬਾਅਦ ਵਾਪਸ ਅੰਮ੍ਰਿਤਸਰ ਆ ਕੇ ਮੈਂ, ਡਾ. ਇਮਰਾਨ ਖ਼ੁਰਸ਼ੀਦ ਨਾਲ ਖ਼ਤੋ-ਕਿਤਾਬਤ ਕੀਤੀ। ਮੇਰੇ ਖ਼ਤਾਂ ਦੇ ਜਵਾਬ ਵਿੱਚ ਉਹਦੇ ਵੱਲੋਂ 8-8-1979, 3-3-1980 ਤੇ 20-5-1980 ਨੂੰ ਲਿਖੇ ਹੋਏ ਤਿੰਨ ਪੱਤਰ, ਲਿਫ਼ਾਫ਼ਿਆਂ ਸਮੇਤ ਹੁਣ, ਮੈਨੂੰ ਪੁਰਾਣੇ ਰਿਕਾਰਡ 'ਚੋਂ ਮਿਲ ਗਏ ਜੋ ਮੇਰੇ ਕੋਲ ਸੁਰੱਖਿਅਤ ਪਏ ਹਨ। ਅੰਗਰੇਜ਼ੀ ਲਿਖਦੇ ਸਮੇਂ ਇਮਰਾਨ ਹਮੇਸ਼ਾ ਕੈਪੀਟਲ ਆਰ ਲਿਖਦਾ ਸੀ ਭਾਵੇਂ ਉਹ ਕਿਸੇ ਸ਼ਬਦ ਦੇ ਵਿਚਕਾਰ ਹੀ ਆਵੇ। ਮੈਂ ਉਸ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਸੀ ਕਿ ਬੱਸ ਐਵੇਂ ਹੀ ਆਦਤ ਬਣ ਗਈ ਹੈ, ਹੋਰ ਕੋਈ ਗੱਲ ਨਹੀਂ। ਇਮਰਾਨ ਦਾ ਨਾਮ ਮੈਨੂੰ ਕਦੇ ਨਹੀਂ ਭੁੱਲਿਆ। 2019 'ਚ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਵੇਲੇ ਵੀ ਮੈਂ ਇਸ ਐਡਰੈੱਸ ਦੇ ਹਵਾਲੇ ਨਾਲ ਲਾਹੌਰੀਆਂ ਕੋਲੋਂ ਉਸ ਬਾਰੇ ਪੁੱਛਿਆ ਸੀ।

## ਰਿਸ਼ਤੇ



ਕੁਝ ਰਿਸ਼ਤੇ ਆਮ ਹੁੰਦੇ ਨੇ
ਕੁਝ ਰਿਸ਼ਤੇ ਖਾਸ ਹੁੰਦੇ ਨੇ।
ਕੁਝ ਨੇੜੇ ਬੈਠਿਆਂ ਵੀ ਦਿਲ ਤੋ
ਦੂਰ ਹੁੰਦੇ ਨੇ
ਕੁਝ ਦੂਰ ਰਹਿੰਦਿਆਂ ਵੀ ਦਿਲ ਦੇ
ਪਾਸ ਹੁੰਦੇ ਨੇ।

ਕੁਝ ਤਿੜਕ ਜਾਂਦੇ ਕੱਚ ਵਾਂਗ ਫੇਰ
ਜੋੜਨੇ ਔਖੇ,
ਕੁਝ ਸੱਟਾਂ ਪੈਣ ਤੇ ਵੀ ਫੌਲਾਦੀ
ਧਾਤ ਹੁੰਦੇ ਨੇ
ਕੁਝ ਸਿਰਫ ਗ਼ਰਜ਼ ਪੂਰਤੀ
ਮੁਹਤਾਜ ਨੇ ਲੋਕੋ
ਕੁਝ ਬੇਗਰਜ ਜੀਵਨ ਨੂੰ ਬੜੇ ਹੀ
ਰਾਸ ਹੁੰਦੇ ਨੇ

ਕੁਝ ਰਿਸ਼ਤੇ ਬੋਹੜ ਦੀ ਛਾਂ ਵਰਗੇ
ਕੁਝ ਸਿੰਬਲ ਰੁੱਖ ਦੀ ਜਾਤ ਹੁੰਦੇ ਨੇ
ਦੁਆਵਾਂ ਰਹਿਣ ਜਿੰਨਾਦੇ ਹਰ
ਸਾਹ ਸਦਾ
ਉਹ ਮਾਂ ਬਾਪ ਜਾਂ ਉਨਾਂ ਦੇ ਮਾਂ
ਬਾਪ ਹੁੰਦੇ ਹਨ

ਭਰ ਦਿਆ ਕਰੋ ਹੁੰਗਾਰਾ ਕਦੇ
ਇੰਨਾਂ ਦੀ ਬਾਤ ਦਾ
ਇਹ ਤਾਂ ਬੱਸ ਥੋੜ ਚਿਰੇ ਪ੍ਰਵਾਸ
ਹੁੰਦੇ ਨੇ
ਜੇਠ ਹਾੜ ਦੁਪਹਿਰ ਵਾਂਗ ਕਈ
ਸਾੜ ਜਾਂਦੇ ਨੇ,
ਕੁਝ ਸਾਵਣ ਦੀ ਠੰਡੀ ਪ੍ਰਭਾਤ
ਹੁੰਦੇ ਨੇ।

ਨਾਲ ਖੜ੍ਹਦੇ ਨੇ ਕਈ ਚਟਾਨ ਵਾਂਗ,
ਖੋਰ ਜਾਂਦੇ ਨੇ ਕਈ ਰੇਤ ਵਾਂਗ ਉਹ
ਬਰਸਾਤ ਹੁੰਦੇ ਨੇ।
ਕਈ ਸਿਰ ਨਰੜ ਨਿਭਾਉਣੇ ਪੈ
ਜਾਂਦੇ,
ਕਈ ਰਿਸ਼ਤੇ ਰੱਬੀ ਸੌਗਾਤ ਹੁੰਦੇ
ਨੇ।

ਫੁੱਲ ਕਿਰਦੇ ਨੇ ਕਈਆਂ ਦੇ
ਬੋਲਿਆਂ,
ਕਈਆਂ ਦੇ ਮੂੰਹੋਂ ਬੋਲੇ ਬੋਲ ਨਿਰੀ
ਖਟਾਸ ਹੁੰਦੇ ਨੇ।
ਜਿੰਨਾਂ ਦੇ ਸਾਥ ਜੱਗ ਤੇ ਜਿਉਣ ਨੂੰ
ਡਾਢਾ ਦਿਲ ਕਰੇ,
ਉਹ ਬਹੁਤ ਸੁਖਾਵੀਂ ਜਿਹੀ ਕੋਈ
ਮੁਲਾਕਾਤ ਹੁੰਦੇ ਨੇ।

ਕਈਆਂ ਨੂੰ ਮਿਲੀਏ ਤੇ ਦੇਖਦੇ ਰਹਿ
ਜਾਈਏ,
ਉਹ ਅਣਜਾਣੇ ਵੀ ਅਜ਼ਲ ਦੇ ਸਾਥ
ਹੁੰਦੇ ਨੇ।
ਕਈ ਨਿੱਕੜੇ ਵੀ ਆ ਬਣਨ ਕਦੇ
ਸ਼ਿੰਗਾਰ ਗੋਦੀ ਦਾ,
ਖਿੱਚ ਲੈਣ ਸਾਰਾ ਹੀ ਮੋਹ ਪਰ
ਅਗਿਆਤ ਹੁੰਦੇ ਨੇ।

ਕਈ ਵੰਡਣ ਚਾਨਣ ਪੁੰਨਿਆਂ ਦੇ
ਚੰਨ ਵਾਂਗ,
ਕਈ ਮਸਿਆ ਦੀ ਕਾਲੀ ਬੋਲੀ ਰਾਤ
ਹੁੰਦੇ ਨੇ।
ਰਿਸ਼ਤਾ ਨਹੀਂ ਜੱਗ ਤੇ ਕੋਈ ਆਪਣੀ
ਮਾਂ ਵਰਗਾ,
ਮਾਂ ਜੇ ਤੁਰਜੇ ਸੁੰਨਸਾਨ ਕਾਇਨਾਤ
ਹੁੰਦੇ ਨੇ।

ਮਾਂ ਬਾਪ ਦਾ ਰਿਸ਼ਤਾ ਨਹੀਂ ਹੈ ਪੂਰਕ
ਕੋਈ ਇਸ ਦਾ,
ਇਹ ਮਿੱਠੜਾ ਮੇਵਾ ਵੱਖਰੀ ਹੀ
ਬਾਗਾਤ ਹੁੰਦੇ ਨੇ।
ਬਿਨ ਮਾਂ ,ਟੁਕੜੇ ਕਾਂ ਖੋਹ ਲੈਂਦੇ
ਮਾਂ ਦੁਨੀਆਂ ਦਾ ਖਜਾਨਾਤ ਹੁੰਦੇ ਨੇ।

**ਪ੍ਰਿੰਸੀਪਲ ਸੁਖਪਾਲ ਕੌਰ ਧਾਲੀਵਾਲ**

## ਨਹੀਂ ਭੁੱਲਾਂਗੀ




ਨਹੀਂ ਭੁੱਲਾਂਗੀ
ਉਹ ਚਿਹਰੇ ਜਿਹਨਾਂ ਨੇ ਮੈਨੂੰ ਲਿਖਣਾ ਸਿਖਾਇਆ
ਨਹੀਂ ਭੁੱਲਾਂਗੀ
ਉਹ ਹੱਥ ਜਿਹਨਾਂ ਨੇ ਮੇਰੇ ਹੱਥ ਫੜ੍ਹ ਕੇ ਸਾਂਝਗਿਰੀ ਦਾ ਪਾਠ ਪੜ੍ਹਾਇਆ
ਨਹੀਂ ਭੁੱਲਾਂਗੀ
ਉਹ ਦੋਸਤ ਜਿਹਨਾਂ ਆਪਣੇ ਤਜ਼ਰਬੇ ਨਾਲ ਦੋਸਤ ਬਣਾਉਣੇ ਸਿਖਾਏ
ਨਹੀਂ ਭੁੱਲਾਂਗੀ
ਉਹ ਅਲਫਾਜ਼ ਜਿਹਨਾਂ ਨੇ ਮੇਰੇ ਵਿੱਚ ਆਤਮ ਵਿਸ਼ਵਾਸ ਭਰਿਆ
ਨਹੀਂ ਭੁੱਲਾਂਗੀ
ਉਹ ਚਿਹਰੇ ਜਿਹਨਾਂ ਨੇ ਮੈਨੂੰ ਸਮਾਝ ਵਿੱਚ ਵਿਚਰਨਾ ਸਿਖਾਇਆ
ਨਹੀਂ ਭੁੱਲਾਂਗੀ
ਉਹ ਅਧਿਆਪਕ ਜਿਹਨਾਂ ਨੇ ਆਪ ਮਿਹਨਤ ਕਰਕੇ ਮੇਰੇ ਜੀਵਨ ਨੂੰ ਰੋਸ਼ਨਾਇਆ

**ਅਭੀਰੂਪ ਕੌਰ ਬਰਾੜ,**
ਜਮਾਤ- ਪੰਜਵੀਂ

## ਵਾਈਪਰਾਂ ਨਾਲ ਡਾਲਰ ਹੂੰਝਦੇ ਪੰਜਾਬੀ

ਸਫ਼ਾ 5 ਦੀ ਬਾਕੀ

ਹਨ। ਪੰਜਾਬੀਆਂ ਕੋਲ ਕਈ-ਕਈ ਟਰਾਲੇ ਹਨ। ਨਿਰਸੰਦੇਹ ਪੰਜਾਬੀ ਹੁਣ ਵਾਈਪਰਾਂ ਨਾਲ ਡਾਲਰ ਇਕੱਠੇ ਕਰਨਗੇ। ਅਸੀਂ ਆਪਣੇ ਬਾਪ ਨੂੰ ਤੰਗਲੀ ਨਾਲ ਕਣਕ ਦਾ ਨਾੜ ਜਾਂ ਤੂੜੀ ਇਕੱਠੀ ਕਰਦੇ ਵੇਖਿਆ ਹੈ। ਇਸਿ ਲਈ ਸਾਡੇ ਵਰਗੇ ਅਲਪ ਬੁੱਧੀ ਵਾਲੇ ਲੋਕਾਂ ਲਈ ਵਾਈਪਰਾਂ ਨਾਲ ਨੋਟ ਹੂੰਝਣਾ ਖ਼ਤਰਨਾਕ ਵਰਤਾਰਾ ਹੈ। ਅਜਿਹੇ ਖ਼ਤਰਨਾਕ ਵਰਤਾਰੇ ਇੱਧਰ ਵੀ ਹੋ ਰਹੇ ਹਨ। ਕਿੱਧਰ ਨੂੰ ਜਾ ਰਹੇ ਹਾਂ ਅਸੀਂ?

ਪੈਸੇ ਦੀ ਹਸਰਤ ਨੇ ਬੰਦੇ ਖਾ ਲਿਆ
ਵੇਂਹਦੇ-ਵੇਂਹਦੇ ਨਗਰ ਨੇ ਭਾਈ ਲਾਲੋ ਭੁਲਾ ਲਿਆ।

ਅਜੋਕੇ ਰੱਜਿਆਂ-ਪੁੱਜਿਆਂ ਦੀਆਂ ਕਹਾਣੀਆਂ ਮੁੱਕਣ ਵਾਲੀਆਂ ਨਹੀਂ। ਨਿਮਾਣਿਆਂ-ਨਿਤਾਣਿਆਂ ਨੂੰ ਤਾਂ ਧਰਮ, ਸਿਆਸਤ ਤੇ ਸੰਸਥਾਵਾਂ ਵੀ ਆਸਰਾ ਨਹੀਂ ਦਿੰਦੀਆਂ। ਬਾਬਿਆਂ ਦੀ ਅਰਦਾਸ ਰੁਟੀਨ ਵਰਕ ਬਣ ਕੇ ਰਹਿ ਗਈ ਹੈ। ਦੋ ਘਟਨਾਵਾਂ ਸੁਣਾ ਕੇ ਆਪਣੀ ਗੱਲ ਨਿਬੇੜਨੀ ਚਾਹੁੰਦਾ ਹਾਂ। ਇੱਕ ਘਟਨਾ ਮੈਨੂੰ ਮੇਰੇ 88 ਸਾਲਾ ਅਨਪੜ੍ਹ ਚਾਚੇ ਮੂਰਤੀ ਨੇ ਸੁਣਾਈ ਹੈ। ਜਿਸ ਦੀ ਕਰਮਯੋਗੀ ਤੇ ਕਾਵਿਕ ਸ਼ਖ਼ਸੀਅਤ ਨੂੰ ਮੈਂ ਆਪਣੀ ਕਾਵਿ-ਪੁਸਤਕ 'ਜਾਗ ਪੰਜਾਬ ਤੂੰ ਜਾਗ' ਸਮਰਪਿਤ ਕੀਤੀ ਹੈ। ਸਾਡੇ ਪਿੰਡ ਦੇ ਨਿਮਨ ਕਿਸਾਨ ਨੇ ਜ਼ਮੀਨ ਵੇਚ ਕੇ 35 ਲੱਖ ਰੁਪਏ ਇਕੱਠੇ ਕੀਤੇ ਅਤੇ ਆਪਣੇ ਇਕਲੌਤੇ ਪੁੱਤਰ ਨੂੰ ਕੈਨੇਡਾ ਭੇਜਣ ਲਈ ਏਜੰਟ ਨੂੰ ਦੇ ਦਿੱਤੇ। ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਨਾ ਹੋਇਆ ਅਤੇ ਇਕੱਠੇ ਕੀਤੇ ਰੁਪਏ ਵੀ ਮਰ ਗਏ। ਹੁਣ ਉਸ ਦਾ ਮੁੰਡਾ ਰੋਜ਼ ਨਸ਼ਾ ਕਰਕੇ ਸੁੱਤਾ ਰਹਿੰਦਾ ਹੈ। ਪੀੜਤ ਕਿਸਾਨ ਮੇਰੇ ਚਾਚੇ ਕੋਲ ਢਿੱਡ ਦਾ ਦਰਦ ਹੌਲਾ ਕਰਨ ਆਇਆ। ਚਾਚੇ ਨੇ ਆਪਣੀ ਸਮਝ ਮੁਤਾਬਕ ਉਸ ਨੂੰ ਹੌਸਲਾ ਦਿੱਤਾ ਅਤੇ ਮੈਨੂੰ ਇਹ ਦੁਖਾਂਤ ਪੂਰੇ ਦਰਦ ਵਿੱਚ ਭਿੱਜ ਕੇ ਸੁਣਾਇਆ। ਸਮਝ ਨਹੀਂ ਆਉਂਦਾ ਸ਼ਬਦਾਂ ਦੇ ਕਿਸ ਵਾਈਪਰ ਨਾਲ ਉਸ ਪੀੜਤ ਕਿਰਸਾਨ ਦਾ ਦਰਦ ਇਕੱਠਾ ਕਰਕੇ ਇਸ ਦਰਦ ਨੂੰ ਕੋਈ ਜ਼ੁਬਾਨ ਦੇਵਾ ਤਾਂ ਕਿ ਇਹ ਦਰਦ ਬੋਲੇ:

ਸਹਿਜੇ-ਸਹਿਜੇ ਜੀਰਨਾ ਤੇ ਜੀਰ ਜੀਰ ਕੇ ਮਹੀਨ ਕਰਨਾ
ਬਹੁਤ ਔਖਾ ਹੁੰਦਾ ਦੁੱਖਾਂ ਨੂੰ ਸੁਰਜ਼ਮੀਨ ਕਰਨਾ।

ਪੰਜਾਬੀਆਂ ਦਾ ਰੱਬ ਰਾਖਾ। ਇਹ ਜਦੋਂ ਰੱਜ ਜਾਂਦੇ ਨੇ ਤਾਂ ਇਹ ਆਫਰ ਜਾਂਦੇ ਨੇ। ਸਭ ਤੋਂ ਪਹਿਲਾਂ ਜੜ੍ਹਾਂ ਨੂੰ ਭੁੱਲਦੇ ਨੇ। ਪੰਜਾਬੀ ਲੋਕ ਉੱਤਰ ਆਧੁਨਿਕ ਰੈਸਟੋਰੈਂਟ ਸ਼ੈਲੀ ਦੇ ਸ਼ੌਕੀਨ ਤੇ ਸ਼ੈਦਾਈ ਹੋਣ ਨੂੰ ਫਿਰਦੇ ਨੇ। ਦਾਲ-ਫੁਲਕੇ ਵਾਲੀਆਂ ਗੱਲਾਂ ਸਿਰਫ਼ ਗੱਲਾਂ ਰਹਿ ਗਈਆਂ ਹਨ। ਇਹ ਲੋਕ ਘਰਾਂ ਨੂੰ ਰੈਸਟੋਰੈਂਟ ਬਣਾਉਣਾ ਚਾਹੁੰਦੇ ਹਨ। ਇਸੇ ਕਰਕੇ ਬਹੁਤੇ ਪਰਵਾਸੀ ਬੱਚੇ ਵਿਆਹ ਕਰਵਾਉਣ ਤੋਂ ਮੁਨਕਰ ਹੋ ਰਹੇ ਹਨ। ਨਿਊਯਾਰਕ ਰਹਿੰਦੇ ਸਾਡੇ ਰਿਸ਼ਤੇਦਾਰ ਦੇ ਡਾਕਟਰ ਬੇਟੇ ਦੀ ਦਾਦੀ ਆਪਣੇ ਪੋਤਰੇ ਦੇ ਵਿਆਹ ਦਾ ਵਿਰਲਾਪ ਕਰਦੀ-ਕਰਦੀ ਯਾਤਰਾ ਸੰਪੰਨ ਕਰ ਗਈ। ਹੁਣ ਉਸ ਦੇ ਵਿਆਹ ਦਾ ਲੰਬੀ ਕਹਾਣੀ ਵਰਗਾ ਕਾਰਡ ਆਇਆ ਹੈ। ਐਕਟਰਾਂ ਦੇ ਵਿਆਹਾਂ ਵਾਂਗੂ ਕਈ ਕਈ ਦਿਨ ਚੱਲਣ ਵਾਲੇ ਜਸ਼ਨਾਂ ਦਾ ਮਨਮੋਹਕ ਵਰਣਨ ਟੁੰਬਦਾ ਹੈ। ਇਸ ਪ੍ਰਕਾਰ ਦੇ ਮਹਿੰਗੇ ਤੇ ਮਕਬੂਲ ਵਿਆਹ ਅਜੋਕੇ ਯੁੱਗ ਦੀ ਫਿਲਮੀ ਜੀਵਨਸ਼ੈਲੀ ਦੇ ਪ੍ਰਮਾਣ ਤੇ ਪ੍ਰਤੀਕ ਹਨ। ਕਾਰਡ ਵਿੱਚ ਡਾਕਟਰ ਲਾੜੇ ਨੇ ਡਾਕਟਰ ਲਾੜੀ ਦੇ ਮੇਲ-ਮਿਲਾਪ ਦੀ ਫਿਲਮੀ ਕਥਾ ਚਸਕੇ ਲੈ ਲੈ ਬਿਆਨ ਕੀਤੀ ਹੈ। ਕਈ ਨਾਟਕੀ ਦ੍ਰਿਸ਼ਾਂ ਤੋਂ ਬਾਅਦ ਵਿਆਹ ਲਈ ਦੋਵਾਂ ਦੀ ਰਜ਼ਾਮੰਦੀ ਹੁੰਦੀ ਹੈ। ਜੇ ਤੁਸੀਂ ਮੈਨੂੰ ਥੋੜ੍ਹੀ ਜਿਹੀ ਖੁੱਲ੍ਹ ਦਿਓ ਤਾਂ ਕਹਾਂਗਾ ਕਿ ਜੱਟਾਂ ਦੇ ਮੁੰਡੇ ਦੀ ਗੈਰਜਾਤ ਦੀ ਕੁੜੀ ਨੂੰ ਫਸਾਉਣ ਦੀ ਕਥਾ ਕਿਸੇ ਰੁਮਾਂਟਿਕ ਫਿਲਮ ਦੇ ਨਾਟਕੀ ਅੰਦਾਜ਼ ਵਰਗੀ ਹੈ। ਫਿਲਮਸਤਾਨੀ ਦੁਨੀਆ ਦੇ ਅਜਿਹੇ ਜਸ਼ਨ ਤੇ ਜਲਵੇ ਪੰਜਾਬੀ ਬੰਦੇ ਦੀ ਵਿਰਾਸਤੀ ਸੋਚ ਤੇ ਸੰਵੇਦਨਾ ਨੂੰ ਚੂਸਣ ਲਈ ਕਾਹਲੇ ਹਨ। ਕਵੀ ਸੁਖਵਿੰਦਰ ਕੰਬੋਜ ਕਹਿੰਦਾ ਕਿ ਅਸੀਂ ਕਾਰਾਂ-ਕੋਠੀਆਂ ਵਾਲੇ ਦਿਹਾੜੀਦਾਰ ਹਾਂ। ਕਵੀਆਂ ਲੇਖਕਾਂ ਨੂੰ ਕੌਣ ਪੁੱਛਦਾ। ਵੱਡੇ-ਵੱਡੇ ਫਾਰਮਾਂ ਦੇ ਮਾਲਕਾਂ ਨੂੰ ਸ਼ਬਦਾਂ ਦੀ ਲੋੜ ਨਹੀਂ। ਜਾਇਦਾਦਾਂ ਨਾਲ ਭਰੇ ਹੋਏ ਢਿੱਡ ਸ਼ਬਦਾਂ ਨਾਲ ਨਹੀਂ ਭਰਦੇ।

ਵੱਡੇ-ਵੱਡੇ ਲੋਕਾਂ ਨੇ ਧਰਮ ਨੂੰ ਵਕਤ ਤੇ ਵਣਜ ਅਨੁਸਾਰ ਵਰਤਣਾ ਸਿੱਖ ਲਿਆ ਹੈ। ਕਮਿਊਨਿਟੀ ਵਿੱਚ ਸ਼ਨਾਖਤ ਵਧਾਉਣ ਲਈ ਧਰਮ ਦੇ ਨਾਮ ਉੱਤੇ ਚੈਰਿਟੀ ਕਰਨੀ ਪੁੰਨ ਨਹੀਂ ਵਪਾਰ ਹੈ। ਨਾਮ ਚਮਕਾਉਣ ਦਾ ਝੱਸ ਬੰਦੇ ਨੂੰ ਟਿਕਣ ਨਹੀਂ ਦਿੰਦਾ।

ਇਸ ਕਾਰਜ ਲਈ ਅਖ਼ਬਾਰਾਂ, ਚੈਨਲਾਂ ਤੇ ਡਿਜ਼ੀਟਲ ਯੰਤਰਾਂ ਦਾ ਇਸਤੇਮਾਲ ਕਰਨਾ ਧਨੀ ਬੰਦਿਆਂ ਦੀ ਲੋੜ ਹੈ, ਪਰ ਇਹ ਸਾਰਿਆਂ ਦੀ ਹਕੀਕਤ ਨਹੀਂ। ਜੱਦੋ ਜਹਿਦ ਕਰ ਰਹੇ ਲੋਕ ਵੀ ਹੋਣਗੇ। ਦਿਹਾੜੀਆਂ ਨਾਲ ਪਿਸ ਰਹੀ ਲੋਕਾਈ ਵੀ ਹੋਏਗੀ। ਮੈਂ ਸਿਰਫ਼ ਪ੍ਰਚੱਲਿਤ ਹੋ ਰਹੇ ਕੁਝ ਭਾਰੂ ਵਰਤਾਰਿਆਂ ਦੀ ਨਬਜ਼ ਫੜੀ ਹੈ ਜਿਨ੍ਹਾਂ ਪ੍ਰਤੀ ਸਾਨੂੰ ਸੁਚੇਤ ਤੇ ਸੰਵੇਦਨਸ਼ੀਲ ਹੋਣ ਦੀ ਲੋੜ ਹੈ। ਅਜਿਹੇ ਦਹਿਸ਼ਤੀ ਵਰਤਾਰੇ ਪੂਰਾ ਜਹਾਜ਼ ਡੋਬ ਦੇਣਗੇ। ਕੌਮਾਂ, ਜਾਤਾਂ ਜਾਂ ਜੀਵਨਸ਼ੈਲੀਆਂ ਬਾਰੇ ਦਹਿਸ਼ਤੀ ਗੀਤ ਗਾਉਣ ਵਾਲਿਆਂ ਅਤੇ ਫਿਲਮਾਂ ਬਣਾਉਣ ਵਾਲਿਆਂ ਨੂੰ ਆਪਣੇ ਆਪਣੇ ਢਿੱਡ ਭਰੂ ਅੰਦਾਜ਼ ਨੂੰ ਛੱਡਣਾ ਪਵੇਗਾ। ਚੰਗੀਆਂ ਕਿਤਾਬਾਂ ਪੜ੍ਹਨ ਨਾਲ, ਚੰਗੇ ਗੀਤ ਸੁਣਨ ਨਾਲ, ਚੰਗੀਆਂ ਫਿਲਮਾਂ ਦੇਖਣ ਨਾਲ ਅਤੇ ਚੰਗੀ ਸੰਗਤ ਨਾਲ ਤਨ ਮਨ ਧੋਤਾ ਜਾਂਦਾ ਹੈ। ਜ਼ਿੰਦਗੀ ਨੂੰ ਮਾਣਨ, ਸਮਝਣ ਤੇ ਬਦਲਣ ਦੀ ਸੋਝੀ ਜਾਗਦੀ ਹੈ। ਹਾਲਾਤ ਕਿਵੇਂ ਦੇ ਵੀ ਹੋਣ ਜਿਉਣ ਦੇ ਖ਼ਾਬ ਮੁੱਕਣੇ ਨਹੀਂ ਚਾਹੀਦੇ। ਚੰਗੇ, ਖ਼ਾਬ ਬੀਜਦੇ ਰਹਿਣਾ ਚਾਹੀਦਾ ਹੈ।

ਫਿਰ ਵੀ ਜਿਉਣ ਦੇ ਖ਼ਾਬ ਬੀਜੀ ਜਾਈਏ।
ਐਸਾ ਬੀਜਣਾ ਬੇਸ਼ੱਕ ਮੁਹਾਲ ਹੋ ਗਿਆ।

## ਹੱਲਾਸ਼ੇਰੀ ਵਧਾਉਂਦੀ ਹੈ ਬੱਚਿਆਂ ਦਾ ਮਨੋਬਲ

**ਬਲਜਿੰਦਰ ਜੌੜਕੀਆਂ**



ਕੁਝ ਬੱਚੇ ਜਮਾਤ 'ਚ ਸੌਖੇ ਪ੍ਰਸ਼ਨਾਂ ਦੇ ਉੱਤਰ ਅਧਿਆਪਕ ਨੂੰ ਵਾਰ-ਵਾਰ ਪੁੱਛਦੇ ਹਨ। ਕਈ ਵਾਰ ਉਨ੍ਹਾਂ ਦੇ ਇਸ ਰਵੱਈਏ ਤੋਂ ਅਧਿਆਪਕ ਖਿਝ ਜਾਂਦੇ ਹਨ। ਅਸਲ 'ਚ ਅਜਿਹੇ ਵਿਦਿਆਰਥੀਆਂ ਦਾ ਮਸਲਾ ਸਵਾਲਾਂ ਦੇ ਉੱਤਰ ਦਾ ਨਹੀਂ ਹੁੰਦਾ ਸਗੋਂ ਉਹ ਆਪਣੀ ਪਛਾਣ ਵਿਖਾਉਣ ਲਈ ਵਾਰ-ਵਾਰ ਅੱਗੇ ਆਉਂਦੇ ਹਨ। ਅਜਿਹੇ ਮੌਕੇ ਅਧਿਆਪਕ ਦੇ ਟੁੱਟ ਕੇ ਪੈਣ ਨਾਲ ਉਨ੍ਹਾਂ ਦੇ ਅੰਦਰਲੇ ਸੋਮੇ ਸੁੱਕ ਜਾਂਦੇ ਹਨ। ਅਜਿਹੇ ਬੱਚੇ ਦੂਸਰੇ ਬੱਚਿਆਂ ਲਈ ਮਜ਼ਾਕ ਦਾ ਪਾਤਰ ਬਣ ਜਾਂਦੇ ਹਨ ਤੇ ਇੱਥੋਂ ਆਪਣੀ ਹੋਂਦ ਤੇ ਸਵੈ-ਪ੍ਰਗਟਾਵੇ ਲਈ ਜੂਝ ਰਹੇ ਬੱਚੇ ਅੰਦਰ ਆਲੇ-ਦੁਆਲੇ ਖ਼ਾਸ ਕਰਕੇ ਸਕੂਲ ਪ੍ਰਤੀ ਨਫ਼ਰਤ ਸ਼ੁਰੂ ਹੋ ਜਾਂਦੀ ਹੈ। ਤਨ-ਮਨ ਦੱਬੇ ਜਾਂਦੇ ਹਨ ਬੋਝ ਥੱਲੇ

ਸਿੱਖਿਆ ਖੇਤਰ 'ਚ ਵੀ ਬਲੇਮ ਗੇਮ ਖੇਡੀ ਜਾਂਦੀ ਹੈ ਭਾਵ ਆਪਣੀਆਂ ਨਾਕਾਮੀਆ ਦਾ ਦੋਸ਼ ਦੂਸਰਿਆਂ ਸਿਰ ਮੜ੍ਹ ਦਿੱਤਾ ਜਾਂਦਾ ਹੈ। ਸਕੂਲਾਂ ਵੱਲੋਂ ਆਪਣੇ ਵਿਦਿਆਰਥੀਆਂ ਦੇ ਮੱਧਮ ਪ੍ਰਦਰਸ਼ਨ ਲਈ ਮਾਪਿਆਂ ਵੱਲ ਉਂਗਲੀਆਂ ਉਠਾਈਆਂ ਜਾਂਦੀਆਂ ਹਨ, ਸਰਕਾਰ ਅਧਿਆਪਕਾਂ ਨੂੰ ਦੋਸ਼ੀ ਠਹਿਰਾਉਂਦੀ ਹੈ। ਮਾਪੇ ਸਮੁੱਚੇ ਸਿੱਖਿਆ ਤੰਤਰ ਤੋਂ ਪਰੇਸ਼ਾਨ ਹਨ। ਇਕ-ਦੂਜੇ 'ਤੇ ਦੋਸ਼ਾਂ ਨੇ ਸਿੱਖਿਆ ਖੇਤਰ ਦਾ ਸੁਧਾਰ ਨਹੀਂ ਕਰਨਾ। ਸਿੱਖਿਆ ਨਾਲ ਜੁੜੀਆਂ ਸਾਰੀਆਂ ਧਿਰਾਂ ਵੱਲੋਂ ਮੂਲ ਰੂਪ ਠੋਸ ਕਦਮ ਉਠਾਉਣ ਨਾਲ ਹੀ ਸਿੱਖਿਆ ਦੇ ਸਰਬਪੱਖੀ ਵਿਕਾਸ ਵਾਲਾ ਮਾਡਲ ਸਾਹਮਣੇ ਆਉਣਾ ਹੈ। ਸਕੂਲਾਂ 'ਚ ਬੱਚੇ ਆਪਣੇ ਨਾਲ ਲੋੜੋਂ ਵੱਧ ਸਮਾਨ ਲੈ ਕੇ ਆਉਂਦੇ ਹਨ। ਇੰਨਾ ਕੁਝ ਯਾਦ ਕਰਨ ਨੂੰ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੇ ਤਨ ਤੇ ਮਨ ਬੋਝ ਥੱਲੇ ਦੱਬੇ ਜਾਂਦੇ ਹਨ। ਬੱਚਿਆਂ ਦੇ ਬਸਤਿਆਂ ਦਾ ਭਾਰ ਹੌਲਾ ਕਰਨ ਦੇ ਨਾਲ-ਨਾਲ ਘਰ ਦੇ ਕੰਮ ਦਾ ਬੋਝ ਘਟਾਉਣਾ ਵੀ ਬਹੁਤ ਜ਼ਰੂਰੀ ਹੈ। ਸੁਧਾਰ ਲਚਕ 'ਚੋਂ ਨਿਕਲਦੇ ਹਨ, ਕਠੋਰ ਪ੍ਰਬੰਧ ਕਦੇ ਵੀ ਵਧੀਆ ਨਤੀਜੇ ਨਹੀਂ ਦੇ ਸਕਦਾ।

### ਪੱਖਪਾਤੀ ਵਤੀਰਾ ਅਨੇਕਾਂ ਪ੍ਰਤਿਭਾਵਾਂ ਦਾ ਕਰਦੈ ਕਤਲ

ਬੱਚੇ ਸੂਖ਼ਮ ਹੁੰਦੇ ਹਨ। ਸਕੂਲ, ਘਰ ਅਤੇ ਆਲੇ-ਦੁਆਲੇ ਦਾ ਪੱਖਪਾਤ ਉਨ੍ਹਾਂ 'ਤੇ ਬੁਰਾ ਅਸਰ ਪਾਉਂਦਾ ਹੈ। ਉਦਾਹਰਨ ਵਜੋਂ ਅਧਿਆਪਕ ਹੁਸ਼ਿਆਰ ਵਿਦਿਆਰਥੀਆਂ ਨਾਲ ਜ਼ਿਆਦਾ ਗੱਲਬਾਤ ਕਰਦੇ ਹਨ। ਉਨ੍ਹਾਂ ਨੂੰ ਜਮਾਤ ਵਿਚ ਵਧੇਰੇ ਜ਼ਿੰਮੇਵਾਰੀ ਦਿੰਦੇ ਹਨ। ਅਧਿਆਪਕ ਦਾ ਇਹ ਪੱਖਪਾਤੀ ਵਤੀਰਾ ਅਨੇਕਾਂ ਪ੍ਰਤਿਭਾਵਾਂ ਦਾ ਕਤਲ ਕਰ ਦਿੰਦਾ ਹੈ। ਇਹ ਹੋਰ ਵੀ ਨੁਕਸਾਨਦੇਹ ਸਾਬਿਤ ਹੁੰਦਾ ਹੈ ਕਿਉਂਕਿ ਇਸ ਨਾਲ ਔਸਤ ਵਿਦਿਆਰਥਆਂ ਨੂੰ ਸਿੱਧਾ ਇਸ਼ਾਰਾ ਹੁੰਦਾ ਕਿ ਅਧਿਆਪਕ ਉਨ੍ਹਾਂ ਤੋਂ ਹੁਸ਼ਿਆਰ ਵਿਦਿਆਰਥੀਆਂ ਦੇ ਮੁਕਾਬਲੇ ਉਮੀਦਾਂ ਬਹੁਤ ਘੱਟ ਹਨ। ਅਧਿਆਪਕ ਮੋਹ ਤੋਂ ਵਿਰਵੇ ਅਜਿਹੇ ਬੱਚੇ ਬਾਗ਼ੀ ਤੇ ਗੈਰ-ਜ਼ਿੰਮੇਵਾਰ ਹੋ ਜਾਂਦੇ ਹਨ।

### ਯੋਗਤਾ ਤੇ ਸਮਰੱਥਾ ਪਛਾਣਨ ਲਈ ਸੂਝ ਦੀ ਲੋੜ

ਵਿਦਿਆਰਥੀਆਂ ਦੀ ਪ੍ਰੇਰਨਾ ਨੂੰ ਉਤਸ਼ਾਹਿਤ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਉਨ੍ਹਾਂ ਦੀ ਯੋਗਤਾ ਤੇ ਸਮਰੱਥਾ ਨੂੰ ਪਛਾਣਨ ਤੇ ਨਿਰਪੱਖ ਵਿੱਦਿਅਕ ਮਾਹੌਲ ਬਣਾਈ ਰੱਖਣ ਲਈ ਸੂਖ਼ਮ ਸੂਝ ਦੀ ਲੋੜ ਹੁੰਦੀ ਹੈ। ਜਦੋਂ ਵਿਦਿਆਰਥੀ ਅਧਿਆਪਕ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰਦੇ ਤਾਂ ਉਨ੍ਹਾਂ ਨੂੰ ਸਹਿਜ ਰੱਖਣ ਦੀ ਲੋੜ ਹੁੰਦੀ ਹੈ। ਅਧਿਆਪਕ ਵੱਲੋਂ ਬੱਚੇ ਦਾ ਬਾਈਕਾਟ ਬਹੁਤ ਹਾਨੀਕਾਰਕ ਹੈ। ਬੱਚੇ ਤੋਂ ਆਸ ਰੱਖਣਾ ਅਧਿਆਪਕ ਦਾ ਕਰਮ ਧਰਮ ਹੈ। 1960 ਦੇ ਦਹਾਕੇ ਵਿਚ ਹਾਰਵਰਡ ਦੇ ਪ੍ਰੋਫੈਸਰ ਰੌਬਰਟ ਰੋਸੇਨਥਲ ਨੇ ਇਕ ਪ੍ਰਯੋਗ ਕੀਤਾ, ਜਿੱਥੇ ਉਸ ਨੇ ਸਾਬਿਤ ਕੀਤਾ ਕਿ ਅਧਿਆਪਕ ਦੀਆਂ ਉਮੀਦਾਂ ਨਾਲ ਬੱਝੇ ਵਿਦਿਆਰਥੀ ਵਧੀਆ ਪ੍ਰਦਰਸ਼ਨ ਕਰਦੇ ਹਨ। ਉਸ ਨੇ ਸਾਲ ਦੇ ਆਰੰਭ ਵਿਚ ਅਤੇ ਫਿਰ ਅੰਤ 'ਚ ਵਿਦਿਆਰਥੀਆਂ ਦੇ ਆਈਕਿਊ ਦੀ ਜਾਂਚ ਕੀਤੀ ਅਤੇ ਸਕੂਲ ਦੇ ਅਧਿਆਪਕਾਂ ਨੂੰ ਦੱਸਿਆ ਕਿ ਕਿਹੜੇ ਵਿਦਿਆਰਥੀਆਂ ਦਾ ਸਾਲ ਦੌਰਾਨ ਆਈਕਿਊ ਵਧਣ ਦੀ ਸੰਭਾਵਨਾ ਹੈ ਅਤੇ ਇਹ ਕਮਾਲ ਸੀ ਕਿ ਉਨ੍ਹਾਂ ਬੇਤਰਤੀਬੇ ਚੁਣੇ ਵਿਦਿਆਰਥੀਆਂ ਨੇ ਸਾਲ ਦੇ ਅੰਤ ਵਿਚ ਬਿਹਤਰ ਪ੍ਰਦਰਸ਼ਨ ਕੀਤਾ।

### ਅਧਿਆਪਕ-ਵਿਦਿਆਰਥੀ ਨੇੜਤਾ

ਅਧਿਆਪਕ-ਵਿਦਿਆਰਥੀ ਨੇੜਤਾ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਅਧਿਆਪਕ ਵੱਲੋਂ ਬੱਚਿਆਂ ਨਾਲ ਅੱਖਾਂ ਦੇ ਸੰਪਰਕ ਦਾ ਕ੍ਰਿਸ਼ਮਈ ਅਸਰ ਹੁੰਦਾ ਹੈ। ਅਧਿਆਪਕ-ਵਿਦਿਆਰਥੀ ਵਾਰਤਾਲਾਪ ਦਾ ਸੁਰਮਈ ਹੋਣਾ ਅਤਿ ਜ਼ਰੂਰੀ ਹੈ। ਕਈ ਵਾਰ ਕਿਸੇ ਨੂੰ ਚਮਕਦਾਰ ਤਾਰਾ ਬਣਾਉਣ ਵਿਚ ਉਸ ਨਾਲ ਪਹਿਲੇ ਦਿਨ ਤੋਂ ਸਿਤਾਰਿਆਂ ਵਰਗਾ ਸਲੂਕ ਕਰਨਾ ਹੁੰਦਾ ਹੈ। ਸਾਡੇ ਮੋਹ-ਪਿਆਰ ਸਦਕਾ ਉਹ ਇੰਨੀ ਤਰੱਕੀ ਕਰ ਜਾਂਦੇ ਹਨ, ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀ ਹੁੰਦਾ। ਜਮਾਤ, ਘਰ ਅਤੇ ਬਾਹਰ ਵਿਸ਼ਵਾਸ, ਦੇਖਭਾਲ ਅਤੇ ਸਾਮਾਨ ਵਿਹਾਰ ਨਾਲ ਅਸੀਂ ਆਪਣੇ ਬੱਚਿਆਂ ਦੀ ਸਵੈ-ਪ੍ਰੇਰਨਾ ਨੂੰ ਵਧਾ ਸਕਦੇ ਹਾਂ ਅਤੇ ਖ਼ਾਸ ਕਰਕੇ ਅਧਿਆਪਕ ਦੇ ਯਤਨਾਂ ਨਾਲ ਪੈਦਾ ਹੋਇਆ ਉਤਸ਼ਾਹ ਵਿਦਿਆਰਥੀਆਂ ਦੇ ਜੀਵਨ ਨਿਖਾਰ ਲਈ ਜਾਦੂ ਦੀ ਛੜੀ ਦਾ ਕੰਮ ਕਰਦਾ ਹੈ। ਬੁੱਤ ਤਾਂ ਪੱਥਰ ਦੇ ਅੰਦਰ ਹੀ ਪਿਆ ਹੁੰਦਾ ਹੈ ਕੇਵਲ ਉਸ ਦੇ ਆਸੇ-ਪਾਸਿਓਂ ਵਾਧੂ ਪੱਥਰ ਨੂੰ ਹਟਾਉਣਾ ਹੁੰਦਾ ਹੈ। ਅਜਿਹੀਆਂ ਸੂਖ਼ਮ ਬਿਰਤੀਆਂ ਵਾਲੇ ਕਲਾਕਾਰ ਅਧਿਆਪਕਾਂ ਦੀ ਸਮਾਜ ਨੂੰ ਬਹੁਤ ਲੋੜ ਹੈ।

### ਜ਼ਿੰਦਗੀ ਦੇ ਅਨੁਕੂਲ ਬਣਾਉਂਦੀ ਸਿੱਖਿਆ

ਅਧਿਆਪਕਾਂ ਅੰਦਰ ਕੁਝ ਨਿੱਜੀ ਅਣਸੁਲਝੇ ਮਸਲਿਆਂ ਕਰਕੇ ਬਚੈਨੀ ਵੱਧ ਰਹੀ ਹੈ। ਸਿੱਖਿਆ ਸਾਨੂੰ ਜ਼ਿੰਦਗੀ ਦੇ ਅਨੁਕੂਲ ਬਣਾਉਂਦੀ ਹੈ। ਬੱਚੇ ਦੇ ਦਿਮਾਗ਼ ਨੂੰ ਸ਼ੁਰੂਆਤੀ ਸਾਲਾਂ ਵਿਚ ਜਾਣਕਾਰੀ ਪ੍ਰਾਪਤ ਕਰਨ ਅਤੇ ਪੜ੍ਹੇ ਮੈਟਰ ਵਿੱਚੋਂ ਉੱਤਰ ਦੇਣ ਲਈ ਸਕੂਲ ਅਹਿਮ ਭੂਮਿਕਾ ਅਦਾ ਕਰਦੇ ਹਨ। ਬੱਚੇ ਨੇ ਕੀ ਪੜ੍ਹਨਾ ਹੈ ਅਤੇ ਕੀ ਉੱਤਰ ਦੇਣ ਹੈ, ਬਾਰੇ ਸਿੱਖਿਆਤੰਤਰ ਤੈਅ ਕਰਦਾ ਹੈ। ਥੋਪੀ ਜਾ ਰਹੀ ਸਿੱਖਿਆ ਕਦੇ ਵੀ ਲਾਭਕਾਰੀ ਨਹੀਂ ਹੁੰਦੀ ਤੇ ਇਸ ਦਬਾਅ ਬਾਰੇ ਬੱਚਾ ਅਕਸਰ ਸ਼ੀਸ਼ਾ ਵੀ ਵਿਖਾਉਂਦਾ ਹੈ ਪਰ ਉਸ ਦੀਆਂ ਭਾਵਨਾਵਾਂ ਨੂੰ ਕੁਚਲ ਦਿੱਤਾ ਜਾਂਦਾ ਹੈ। ਇਕ ਸਰਵੇ ਅਨੁਸਾਰ ਧੱਕੇ ਨਾਲ ਦਿੱਤੀ ਸਿੱਖਿਆ ਬੱਚੇ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਕਰਨ ਦੀ ਥਾਂ ਉਸ ਅੰਦਰ ਤਾਮਾਮ ਉਮਰ ਲਈ ਅਜਿਹੀ ਕਾਣ ਪਾ ਦਿੰਦੀ ਹੈ, ਜੋ ਕਦੇ ਵੀ ਦੂਰ ਨਹੀਂ ਹੁੰਦੀ। ਬੱਚਿਆਂ ਦੀ ਪ੍ਰੇਰਨਾ ਸ਼ਕਤੀ ਜ਼ੀਰੋ ਹੋ ਜਾਂਦੀ ਹੈ। ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ।

### ਅਧਿਆਪਕ ਦਾ ਸਹਿਜਮਈ ਹੋਣਾ ਜ਼ਰੂਰੀ

ਅਧਿਆਪਕ ਦਾ ਪੱਖਪਾਤ ਰਹਿਤ ਤੇ ਸਹਿਜਮਈ ਹੋਣਾ ਅਤਿ ਜ਼ਰੂਰੀ ਹੈ। ਉਸ ਦੇ ਦਇਆਵਾਨ ਹੋਣ ਨਾਲ ਬੱਚੇ ਉਸ ਵੱਲ ਖਿੱਚੇ ਜਾਂਦੇ ਹਨ। ਬੱਚੇ ਸਕੂਲਾਂ 'ਚ ਕੇਵਲ ਕਿਤਾਬਾਂ ਪੜ੍ਹ ਕੇ ਜਮਾਤਾਂ ਪਾਸ ਕਰਨ ਨਹੀਂ ਜਾਂਦੇ ਸਗੋਂ ਦੂਸਰਿਆਂ ਨਾਲ ਸਾਂਝ ਤੇ ਅਦਾਨ-ਪ੍ਰਦਾਨ ਰਾਹੀਂ ਆਪਣਾ ਵਿਕਾਸ ਵੀ ਕਰਦੇ ਹਨ। ਸਕੂਲਾਂ 'ਚ ਸ਼ਮੂਲੀਅਤ ਸੱਭਿਆਚਾਰ ਹੋਣਾ ਅਤਿ ਜ਼ਰੂਰੀ ਹੈ। ਸੰਸਥਾ 'ਚ ਇਕ-ਦੂਜੇ ਪ੍ਰਤੀ ਦਿਆਲਤਾ ਤੇ ਹਰ ਇਕ ਦੀ ਸੱਭਿਆਚਾਰਕ ਤੇ ਭਾਵਨਾਤਮਕ ਸੰਵੇਦਨਸ਼ੀਲਤਾ ਦਾ ਸਨਮਾਨ ਵਿਦਿਆਰਥੀਆਂ ਨੂੰ ਜੀਵਨ ਦੇ ਹੁਨਰ ਸਿਖਾਉਂਦਾ ਹੈ। ਬਦਕਿਸਮਤੀ ਨਾਲ ਬਾਹਰੀ ਡਰਾਂ ਕਰਕੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਖ਼ਤਮ ਹੋ ਰਹੀ ਹੈ। ਸਕੂਲਾਂ ਅੰਦਰ ਹਾਸਿਆਂ ਦੀਆਂ ਕਿਲਕਾਰੀਆਂ ਦੀ ਥਾਂ ਅਜੀਬ ਖ਼ਾਮੋਸ਼ੀ ਹੈ।

# ਲੋਕ-ਕਾਵਿ ਵਿੱਚ ਪਸ਼ੂ-ਪੰਛੀ

ਪਰਮਜੀਤ ਕੌਰ ਸਰਹਿੰਦ



ਲੋਕ-ਕਾਵਿ ਵਿੱਚ ਕੇਵਲ ਮਨੁੱਖੀ ਜੀਵਨ ਦਾ ਹੀ ਬਿਰਤਾਂਤ ਨਹੀਂ ਮਿਲਦਾ ਬਲਕਿ ਇਸ ਵਿੱਚ ਕੁਦਰਤ ਦੇ ਤਮਾਮ ਸਰੋਤਾਂ ਸਮੇਤ ਪਸ਼ੂ-ਪੰਛੀਆਂ ਦਾ ਜ਼ਿਕਰ ਵੀ ਬਾਕਮਾਲ ਸ਼ੈਲੀ ਵਿੱਚ ਮਿਲਦਾ ਹੈ। ਭਾਵਨਾਵਾਂ ਮਨੁੱਖ ਦੇ ਅੰਦਰੋਂ ਉਛਾਲੇ ਮਾਰਦੀਆਂ ਹਨ, ਸ਼ਬਦ ਉਨ੍ਹਾਂ ਨੂੰ ਕਿਸੇ ਸਾਹਿਤਕ ਵਿਧਾ ਵਿੱਚ ਰੂਪਮਾਨ ਕਰਦੇ ਹਨ। ਲੰਮੇ ਸਮੇਂ ਤੋਂ ਵਿਚਾਰਾਂ ਨੂੰ ਪ੍ਰਗਟਾਉਣ ਲਈ ਭਾਸ਼ਾ ਸਾਰਥਿਕ ਮਾਧਿਅਮ ਹੈ, ਪਰ ਇੱਕ ਅਜਿਹਾ ਦੌਰ ਵੀ ਰਿਹਾ ਜਦੋਂ ਉੱਛਲਦੇ-ਖੌਲਦੇ ਜਜ਼ਬਾਤ ਨੂੰ ਪ੍ਰਗਟ ਕਰਨ ਲਈ ਇੱਕ ਮਾਤਰ ਸਾਧਨ ਮੌਖਿਕ ਰੂਪ ਵਿੱਚ ਲੋਕ-ਕਾਵਿ ਹੀ ਰਿਹਾ।

ਇਹ ਕਾਵਿ ਬਹੁਤਾ ਕਰਕੇ ਨਾਰੀ ਮਨ ਵੱਲੋਂ ਸਿਰਜਿਆ ਗਿਆ ਮੰਨਿਆ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਨੂੰ ਉਹ ਔਕੜਾਂ ਦਰਪੇਸ਼ ਨਹੀਂ ਸਨ ਜੋ ਔਰਤ ਨੂੰ ਸਨ। ਔਰਤ ਨੇ ਆਪਣਾ ਰੋਹ-ਵਿਦਰੋਹ, ਖੁਸ਼ੀ-ਗ਼ਮੀ, ਵੈਰਾਗ ਤੇ ਸਬਰ-ਸਬੂਰੀ ਨੂੰ ਵੀ ਲੋਕ-ਕਾਵਿ ਵਿੱਚ ਵਿਅਕਤ ਕੀਤਾ। ਅੱਜ ਦੀ ਔਰਤ ਕੋਲ ਕਲਮ ਹੈ, ਮੰਚ ਹੈ, ਉਹ ਲਿਖ ਜਾਂ ਬੋਲ ਕੇ ਆਪਣੇ ਮਨਅੰਤਰ ਦੇ ਸਭ ਗੁੱਭ-ਗਵਾਹਟ ਬਾਹਰ ਕੱਢ ਸਕਦੀ ਹੈ। ਅਨਪੜ੍ਹ ਜਾਂ ਘੱਟ ਪੜ੍ਹੀ ਹੋਣ ਦੇ ਬਾਵਜੂਦ ਮੱਧਕਾਲੀ ਜਾਂ ਉਸ ਦੇ ਆਸ-ਪਾਸ ਦੇ ਸਮੇਂ ਵਿੱਚ ਔਰਤ ਨੇ ਆਪਣੀ ਸੂਝ ਦਾ ਸਿੱਕਾ ਮਨਵਾਇਆ। ਸੂਈ ਤੋਂ ਲੈ ਕੇ ਪਹਾੜ ਤੱਕ ਦਾ ਜ਼ਿਕਰ ਲੋਕ-ਕਾਵਿ ਵਿੱਚ ਮਿਲਦਾ ਹੈ। ਮਿਸਾਲ ਵਜੋਂ:

ਸੂਈ ਵੇ ਸੂਈ ਜ਼ਾਲਮਾਂ/ਸੂਈ ਨੇ ਕੱਢਿਆ ਕੰਡਾ
ਤੇਰੀ ਮਾਂ ਨੇ ਚੁੱਕ ਲਿਆ ਡੰਡਾ/ ਜ਼ਾਲਮਾਂ ਸੂਈ ਵੇ....।

ਲੋਕ-ਕਾਵਿ ਵਿੱਚ ਨਿੱਕੇ ਤੋਂ ਵੱਡੇ ਜੀਵ-ਜੰਤੂਆਂ ਤੇ ਪਸ਼ੂ-ਪੰਛੀਆਂ ਦਾਵਿਵਰਣਖ਼ੂਬਸੂਰਤ ਅਲੰਕਾਰਾਂ ਨਾਲ ਮਿਲਦਾ ਹੈ। ਕਿਧਰੇ ਆਮ ਵਰਤਾਰੇ ਵਿੱਚ। ਗੱਲ ਕੀੜੀ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਲੋਕ-ਕਾਵਿ ਦੀ ਸਿੱਠਣੀ ਵਿਧਾ ਹੈ:

ਮਿੱਠੀ ਮਿੱਠੀ ਸ਼ੱਕਰ ਵਿੱਚੋਂ/ ਨਿੱਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੋਲ੍ਹ ਮੱਥੇ ਦੀ ਤਿਊੜੀ...।

ਸਿੱਠਣੀ ਵਿੱਚ ਹੀ ਭਰਿੰਡ ਸ਼ਾਮਲ ਹੈ:

ਮੈਂ ਦੱਸਾਂ ਭਰਿੰਡੇਨੀਂ/ ਨਹਿਰ ਕਿਨਾਰੇ ਉੱਡਿਆ ਕਰ
ਨਣਦ ਮੇਰੀ ਦੇ ਲੜਿਆ ਕਰ
ਲੜ-ਲੜ ਛਾਲਾ ਪਾਇਆ ਕਰ
ਘੜੀ-ਘੜੀ ਤੜਪਾਇਆ ਕਰ।

ਇਹ ਮਹਾਨ ਕਾਵਿ ਸਿਰਜਣਹਾਰੀਆਂ ਦੀ ਸੂਝ ਕਿੰਨੀ ਕਮਾਲ ਸੀ ਜਿਨ੍ਹਾਂ ਮੱਛੀ ਤੇ ਡੱਡੂ ਨੂੰ ਵੀ ਬਣਦੀ ਥਾਂ ਦਿੱਤੀ। ਗਿੱਧੇ ਦਾ ਸਿੱਠਣੀਆਂ ਵਰਗਾ ਗੀਤ ਹੈ ਜਿਸ ਨੂੰ ਦੋ ਧਿਰਾਂ ਗਾਉਂਦੀਆਂ ਪਹਿਲੀਆਂ ਕਹਿੰਦੀਆਂ:

ਮਾਮਾਗਿਆ ਤੀਰਥਾਂ ਨੂੰ ਮਾਮੀ ਵੀ ਨਾਲ
ਹਰ ਗੰਗੇ ਨਰਾਇਣ ਗੰਗੇ...
ਮੱਛਲੀ ਨੇ ਫੜਲਿਆ ਮੁੱਛਦਾ ਵਾਲ
ਹਰਗੰਗੇ ਨਰਾਇਣ ਗੰਗੇ...।

ਨਾਨਕੀਆਂ ਵਾਰੀ ਦਾ ਵੱਟਾ ਲੈਂਦੀਆਂ:

ਕਿੱਧਰ ਗਈਆਂ ਵੇ ਦੋਹਤਿਆ, ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀਲੱਡੂ, ਜੰਮੇ ਸੀ ਡੱਡੂ ਛੱਪੜਾਂ 'ਤੇ ਗਈਆਂ
ਵੇਬੀਬਾ ਤੇਰੀਆਂ ਦਾਦਕੀਆਂ।

ਲੋਕਧਾਰਾ ਅਰੁਕ ਵਹਿਣ ਵਾਲੀ ਅਜਿਹੀ ਧਾਰਾ ਹੈ ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ ਹੈ। ਵਣਜਾਰਾ ਬੇਦੀ ਅਨੁਸਾਰ "ਮੌਖਿਕ ਸਾਹਿਤ ਲੋਕਾਂ ਦੇ ਦਿਲਾਂ ਵਿੱਚ ਰਹਿੰਦਾ ਤੇ ਹੋਠਾਂ ਉੱਪਰ ਖੇਡਦਾ ਹੈ। ਇਹ ਮੂਹੋਂ ਮੂੰਹ ਅੱਗੇ ਤੁਰਦਾ ਯੁੱਗਾਂ ਦੇ ਪੈਂਡੇ ਤੈਅ ਕਰ ਲੈਂਦਾ ਹੈ। ਇਹ ਅਕਾਲ ਹੈ ਕਿਸੇਕਾਲ ਵਿੱਚ ਨਹੀਂ ਬੱਝਿਆ ਹੋਇਆ। ਇਹ ਅਕਰਤਾਹੈ ਛਾਂਗਦਾ ਹੈ ਅਤੇ ਅਖ਼ੀਰ ਵਿੱਚ ਇਹ ਰਚਨਾ ਜਾਤੀ ਸਮੂਹ ਦਾ ਅਨੁਭਵ ਆਪਣੇ ਵਿੱਚ ਰਚਾ ਕੇ ਇੱਕ ਸਾਂਝੀ ਕਿਰਤ ਬਣਜਾਂਦੀ ਹੈ।"

ਪੁਰਾਤਨ ਲੋਕ-ਕਾਵਿ ਸਾਡਾ ਅਨਮੋਲ ਖ਼ਜ਼ਾਨਾ ਹੈ ਕਿਉਂਕਿ ਇਸ ਵਿੱਚ ਹੁਣ ਸਾਂਝਾ ਮੌਖਿਕ ਕਾਵਿ ਜੁੜਨ ਦੀ ਸੰਭਾਵਨਾ ਨਹੀਂ ਹੈ। ਹੁਣ ਕਾਵਿ ਲਿਖਤੀ ਹੈ ਇਸ ਦਾ ਕਾਲਵੀ ਦਰਜ ਹੈ ਤੇ ਕਰਤਾਵੀ।ਲੋਕ-ਕਾਵਿ ਨੂੰ ਲਿਖਤੀ ਰੂਪ ਵਿੱਚ ਸਾਂਭਣਾ ਬਹੁਤ ਜ਼ਰੂਰੀ ਹੈ। ਇਸ ਨੂੰ ਪੜ੍ਹ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਸਹਿਜ ਸੁਭਾਅ ਕੁਦਰਤ ਨੂੰ ਜਾਂ ਕੁਦਰਤ ਦੀ ਹਰ ਕਿਰਤ ਨੂੰ ਇਸ ਵਿੱਚ ਸਮੋਇਆ ਹੋਇਆ ਹੈ। ਪਸ਼ੂ-ਪੰਛੀ ਤੇ ਮਨੁੱਖ ਇਕੱਠੇ ਇਸ ਬੋਲੀ ਵਿੱਚ ਹਾਜ਼ਰੀ ਲਗਵਾਉਂਦੇ ਹਨ:

ਸੁਣ ਨੀਂਧੰਨ ਕੁਰੇ ਮੀਂਹਨਹੀਂ ਪੈਂਦਾ
ਸੁੱਕੀਆਂ ਵਗਣਜ਼ਮੀਨਾਂ
ਤੂੜੀ ਖਾ-ਖਾ ਬਲਦ ਹਾਰ ਗਏ
ਗੱਭਰੂ ਗਿੱਝ ਗਏ 'ਫੀਮਾਂ
ਤੇਰੀਬੈਠਕ ਨੇ ਪੱਟਿਆ ਕਬੂਤਰ ਚੀਨਾ।

ਲੰਮੇ ਗੌਣ ਦੇ ਕੁਝ ਅੰਸ਼ ਹਨ :

ਡਿੱਗਦੀ ਤਾਂ ਡਿੱਗਦੀਜ਼ਾਲਮ/ ਕੂਏ ਪਰਡਿੱਗ ਪਈ ਵੇ
ਹੱਡੀਆਂ ਦੀ ਹੋ ਗਈ ਜ਼ਾਲਮ ਢੇਰੀ ਵੇ,
ਚਿਣ-ਚਿਣਹੱਡੀਆਂ ਜ਼ਾਲਮ
ਮਹਿਲ ਬਣਾਵਾਂ ਵੇ/ਵਿੱਚ-ਵਿੱਚ ਰੱਖਦੀ ਜ਼ਾਲਮ ਮੋਰੀ ਵੇ
ਆਉਂਦਾ ਵੀ ਦੇਖਾਂ ਜ਼ਾਲਮ
ਜਾਂਦਾ ਵੀ ਦੇਖਾਂ ਸੂਰਤ ਨਾ ਦਿਖਦੀ
ਜ਼ਾਲਮ ਤੇਰੀ ਵੇ/ ਪਹਿਲਾਂ ਤਾਂ ਲੰਘਗਿਆ ਜ਼ਾਲਮ
ਤਿਲੀਅਰ ਤੋਤਾ ਵੇ/ ਪਿੱਛੇ ਤਾਂ ਲੰਘਗਈ ਜ਼ਾਲਮ ਮੈਨਾ ਵੇ...

ਬਹੁਤ ਡੂੰਘੇ ਅਰਥਾਂ ਵਾਲਾ ਹੈ ਇਹਗੌਣ ਜੋ ਤੋਤਾ-ਮੈਨਾ ਬਿੰਬ ਵਰਤ ਕੇ ਸਿਰਜਿਆਹੈ., ਇਹ ਕਮਾਲ ਦੀ ਸੂਝ ਦਾ ਪ੍ਰਤੀਕ ਹੈ। ਮਸ਼ਹੂਰ ਸੁਹਾਗ ਹੈ:

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ...।

'ਮੋਰ' ਅਲੰਕਾਰ ਬਹੁਤ ਥਾਈਂ ਮਿਲਦਾ ਹੈ। ਇਸ ਦੀ ਜੜਤ-ਘੜਤ ਕਾਬਲੇ ਤਾਰੀਫ਼ ਹੈ:

ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ
ਪਾ ਕੇ ਕਲਮੀ ਸ਼ੋਰਾ/ ਵਿੱਚ ਭਰਜਾਈਆਂ ਦੇ
ਬੋਲ ਕਲਹਿਰੀਆ ਮੋਰਾ ...।

ਲੋਕਗੀਤਾਂ ਵਿੱਚ ਕਾਂ ਤੇਕੋਇਲ ਦਾ ਜੋੜ ਵੇਖਣ ਵਾਲਾ ਹੈ:

ਪੁੱਤ ਮੇਰੇ ਸਹੁਰੇ ਦਾ/ ਲੱਗੀ ਲਾਮ ਤੇ ਲੁਆ ਲਿਆਲਾਵਾਂ
ਜਾਂਦਾ ਹੋਇਆ ਦੱਸ ਨਾ ਗਿਆ/ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ/ ਕਿਤੇ ਬੋਲ ਵੇ ਚੰਦਰਿਆ ਕਾਵਾਂ...।

ਇਸ ਕਾਵਿ ਦੀ ਵਡਿਆਈ ਹੈ ਕਿ ਅੰਮ੍ਰਿਤ ਵੇਲੇ ਬੋਲਣ ਵਾਲੇ ਪਪੀਹੇ ਨੂੰ ਵੀ ਮਾਣ ਦਿੱਤਾ ਹੈ। ਇਹ ਉਨ੍ਹਾਂ ਗੁੰਮਨਾਮ ਤੇ ਬਿਨਾਂ ਕਲਮ, ਬਿਨਾਂ ਅੱਖਰਾਂ ਦੇ ਗਿਆਨ ਵਾਲੀਆਂ 'ਗਿਆਨਣਾਂ' ਦੇਗਿਆਨ ਦੀ ਕਾਢ ਹੈ। ਮੁੰਡੇ ਦੇ ਵਿਆਹ ਮੌਕੇ ਗਿੱਧੇ ਵਿੱਚ ਛੱਜ ਤੋੜਦੀਆਂ ਨਾਨਕੀਆਂ ਪਪੀਹੇ ਨੂੰ 'ਬੰਬੀਹਾ' ਕਹਿ ਕੇ ਭਾਈਚਾਰਕ ਸਾਂਝ ਦੀ ਗੱਲ ਕਰਦੀਆਂ ਗਾਉਂਦੀਆਂ:

ਬੋਲਬੰਬੀਹਾ/ਪਿੰਡ ਦੇ ਲੰਬੜਦਾਰ ਦਾ ਬੰਬੀਹਾ ਬੋਲ...

ਇਸ ਵਿੱਚ ਪਰਿਵਾਰ ਦੇ ਸਾਰੇ ਮਰਦਾਂ ਦੇ ਨਾਂ ਗਿਣੇ ਜਾਂਦੇ। ਕਈ ਖੇਤਰਾਂ ਵਿੱਚ ਬੰਬੀਹੇ ਦੀ ਥਾਂ 'ਬੰਬਈਆ' ਬੋਲ ਵੀ ਗਾਇਆ ਜਾਂਦਾ ਹੈ। ਜਿਵੇਂ:

ਬੋਲ ਬੰਬਈਆ/ਸਾਡੇ ਦਾਦੇਦਾ ਬੰਬਈਆ ਬੋਲ...।

ਘੋੜੇ ਦੀ ਵੀ ਵੱਖਰੀ ਸ਼ਾਨ ਦਾ ਵਰਨਣ, ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ:

ਵੇ ਵੀਰ, ਦਾਦਾ ਤੇਰਾ/ਸਰਦਾਰ ਸੁਣੀਂਦਾ ਭਾਰੀ
ਵੇ ਹੇਠ ਕੋਤਲ ਘੋੜਾ/ਖੇਡਣ ਜਾਂਦਾ ਸ਼ਿਕਾਰੀ...।

ਡਾਚੀ ਤੇ ਬੋਤੇ ਦਾ ਆਪਣਾ ਵੱਖਰਾ ਸਥਾਨ ਹੈ:

ਡਾਚੀ ਵਾਲਿਆ ਮੋੜ ਮੁਹਾਰ ਵੇ
ਘੋੜੀ ਵਾਲਿਆ ਲੈ ਚੱਲ ਨਾਲ ਵੇ...।

ਕਿਤੇ ਬੱਕਰੀਆਂ ਵਾਲੇ ਤੁਰੀ ਜਾਂਦੀ ਮੁਟਿਆਰ ਨੂੰ ਕਹਿੰਦੇ ਹਨ:

'ਵਾਜਾਂ ਮਾਰਦੇ ਬੱਕਰੀਆਂ ਵਾਲੇ
ਬੱਲੀਏਰੁਮਾਲ ਭੁੱਲ ਗਈ...।

ਸਾਡੇ ਪੇਂਡੂ ਸਮਾਜ ਵਿੱਚ ਪਸ਼ੂਆਂ ਦਾ ਅਹਿਮ ਸਥਾਨ ਰਿਹਾ ਹੈ। ਕਿਸਾਨੀ ਕਿੱਤਾ ਤਾਂ ਇਨ੍ਹਾਂ 'ਤੇ ਹੀ ਨਿਰਭਰ ਸੀ ਤੇ ਕਿਤੇ ਅੱਜ ਵੀ ਹੈ। ਇਸ ਨੂੰ ਪਸ਼ੂ ਧਨ ਕਿਹਾ ਜਾਂਦਾ ਹੈ। ਇਸ ਗੱਲ ਦੀ ਪੁਸ਼ਟੀ ਬੋਲੀਆਂ ਵਿੱਚ ਕੀਤੀ ਗਈ ਹੈ ਜੋ ਭੈਣ-ਭਰਾ ਦੀ ਆਪਸੀ ਗੱਲਬਾਤ ਰਾਹੀਂ ਹੁੰਦੀ ਹੈ :

ਵੀਰਾ ਵੇ ਮੁਰੱਬੇ ਵਾਲਿਆ/ਭੈਣਾਂ ਚੱਲੀਆਂ ਸੰਦੂਕੋਂ ਖ਼ਾਲੀ

ਭਰਾ ਬੇਵਸੀ ਜ਼ਾਹਿਰ ਕਰਦਾ ਹੈ:

ਮੇਰੇ ਬਲਦ ਹਾਰ ਗਏ ਭੈਣੇ/ਮਾਮਲਾ ਨਾ ਅਜੇ ਤਾਰਿਆ...।

ਲੋਕ-ਕਾਵਿ ਵਿੱਚ ਸਮਾਜਿਕ, ਰਾਜਨੀਤਕ ਤੇ ਧਾਰਮਿਕ ਪੱਖਾਂ ਤੋਂ ਵਗੈਰ ਆਰਥਿਕ ਪੱਖ ਨੂੰ ਵੀ ਉਜਾਗਰ ਕੀਤਾ ਗਿਆ ਹੈ। ਰਿਸ਼ਤਿਆਂ ਦੇ ਕੱਚ-ਸੱਚ ਨੂੰਵੀ ਬੇਝਿਜਕ ਬਿਆਨ ਕੀਤਾ ਗਿਆ ਹੈ:

ਵੀਰਾ ਮੱਝੀਆਂ ਦੇਸੰਗਲ ਫੜਾਵੇ
ਭਾਬੋ ਪਾਵੇ ਮੱਥੇ ਤਿਊੜੀਆਂ...।

ਕਿਸੇ ਅੱਖੜ ਜਾਂ ਦਲੇਰ ਭਰਜਾਈ ਨਾਲ ਜੋੜ ਕੇ ਨਿਮਾਣੇ ਜਿਹੇ ਕੱਟੇ ਨੂੰ ਵੀ ਇਸ ਬਹੁ ਰੰਗੇ ਕਾਵਿ ਵਿੱਚ ਮਾਣ ਦਿੱਤਾ ਗਿਆ ਹੈ। ਪੇਸ਼ਕਾਰੀ ਲਾਜਵਾਬ ਹੈ:

ਨੀਂ ਮੈਂ ਕੱਟੇ ਦੇ ਭੁਲੇਖੇ, ਛੜਾਜੇਠ ਕੁੱਟਤਾ
ਉੱਤੋਂ ਮੱਲ੍ਹਮ ਦੇ ਭੁਲੇਖੇ, ਨੀਂ ਮੈਂ ਲੂਣ ਭੁੱਕਤਾ...।

ਜ਼ਹਿਰੀਲੇ ਜੀਵ-ਜੰਤੂ ਵੀ ਇਸ ਕਾਵਿ ਵਿੱਚ ਮੇਲ੍ਹਦੇ ਫਿਰਦੇ ਹਨ। ਉਮਰ ਦੇ ਢਲਦੇ ਪਹਿਰ ਕੋਈ ਔਰਤ ਕਿਵੇਂ ਜਵਾਨੀ ਨੂੰ ਯਾਦ ਕਰਦਿਆਂ ਝੂਰਦੀ ਹੈ, ਉਹ ਭਾਵਨਾਵਾਂ ਵੀ ਵਿਅਕਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਸੱਪਣੀ ਵੀ ਚੇਤੇ ਰੱਖੀ ਗਈ ਹੈ:

ਜਦੋਂ ਜਵਾਨੀ ਦਾ ਜ਼ੋਰ ਸੀਵੇ ਜ਼ਾਲਮਾ
ਸੱਪਣੀਵਰਗੀ ਤੋਰ ਸੀਵੇ ਜ਼ਾਲਮਾ...।

ਨਾਗ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ:

ਮਾਂ ਮੇਰੀ ਨੇ ਕੁੜਤੀ ਦਿੱਤੀ/ ਕੁੜਤੀ ਨੂੰ ਲਾਈ ਜੇਬ
ਜੇਬ ਵਿੱਚ ਡੱਬੀ/ ਡੱਬੀਵਿੱਚ ਨਾਗ
ਨਾਗ ਤੋਂ ਮੈਂ ਬਚਗਈ/ ਕਿਸਗੱਭਰੂ ਦੇਭਾਗ...।

ਅਸ਼ਕੇ ਇਨ੍ਹਾਂ ਬੋਲਾਂ ਨੂੰ ਸਿਰਜਣ ਵਾਲੀਆਂ ਤੇ ਮੁੜ ਇਨ੍ਹਾਂ ਅਚੰਭਿਤ ਕਰਨ ਵਾਲੇ ਬੋਲਾਂ ਨੂੰ ਸੀਨਾ ਬਸੀਨਾ ਅੱਗੇ ਤੋਰਨ ਵਾਲਿਆਂ ਦੇ। ਲੁਕੇ-ਛਿਪੇ ਨਿੱਕੇ ਜਿਹੇ ਜ਼ਹਿਰੀ 'ਖੰਜਖਜੂਰੇ' ਨੂੰ ਵੀ ਅੱਲੜ੍ਹ ਜਿਹੀ ਕੁੜੀ ਦੇ ਲੜਾ ਦਿੱਤਾ ਹੈ ਜੋ ਮਾਂ ਨੂੰ ਦੁਹਾਈ ਪਾਉਂਦੀ ਹੈ:

ਟੁੱਟੀ ਮੰਜੀ ਵਾਣ ਪੁਰਾਣਾ/ ਪਹਿਲਾ ਈ ਪੈਰ ਧਰਿਆ ਨੀਂ ਮਾਂ
ਮੇਰੇ ਖੰਜਖਜੂਰਾ ਲੜਿਆ ਨੀਂ ਮਾਂ...।

ਲੋਕ-ਕਾਵਿ ਕਿਸੇਅਥਾਹ ਸਮੁੰਦਰ ਦੇ ਨਿਆਈਂ ਹੈ। ਇਸਵਿੱਚ ਬੇਅੰਤ ਕਾਵਿ ਰੂਪੀ ਮੋਤੀ ਛੁਪੇ ਪਏ ਹਨ ਜੋ ਇਸ ਵਿੱਚ ਜ਼ਿਹਨੀ ਟੁੱਭੀਆਂ ਮਾਰਿਆਂ ਹੀ ਲੱਭੇ ਜਾ ਸਕਦੇ ਹਨ। ਸੋਚਣਵਾਲੀ ਗੱਲ ਕਿ ਪਸ਼ੂ-ਪੰਛੀਆਂ ਨੂੰ ਆਧਾਰ ਬਣਾ ਕੇ ਐਨਾ ਖ਼ੂਬਸੂਰਤ ਤੇ ਭਾਵਪੂਰਤ ਕਾਵਿ ਸਿਰਜਿਆ ਹੈ ਤਾਂ ਮਨੁੱਖੀ ਜੀਵਨ ਨੂੰ ਲੈ ਕੇ ਕੀ ਮਾਅਰਕੇ ਮਾਰੇ ਗਏ ਹੋਣਗੇ? ਇਹ ਤਾਂ ਇਸ ਨੂੰ ਪੜ੍ਹਿਆਂ-ਸੁਣਿਆਂ ਹੀ ਜਾਣਿਆ ਜਾ ਸਕਦਾ ਹੈ।

ਸੰਪਰਕ: 98728-98599

# ਅਮਰੀਕੀ ਯੂਨੀਵਰਸਿਟੀ ਦਾ ਮੇਰੇ 'ਤੇ ਕਰਜ਼



ਰਾਮਚੰਦਰ ਗੁਹਾ

1970ਵਿਆਂ ਦੇ ਦਹਾਕੇ ਵਿੱਚ ਮੈਂ ਭਾਰਤ ਵਿੱਚ ਵੱਡਾ ਹੋ ਰਿਹਾ ਸੀ ਤਾਂ ਮੇਰੇ ਮਨ ਵਿੱਚ ਅਮਰੀਕਾ ਬਾਰੇ ਅਜੀਬ ਤਰ੍ਹਾਂ ਦੇ ਖ਼ਿਆਲ ਚੱਲ ਰਹੇ ਸਨ। ਮੈਂ ਉਨ੍ਹਾਂ ਦੇ ਕੁਝ ਲੇਖਕਾਂ (ਮੈਨੂੰ ਅਰਨੈਸਟ ਹੈਮਿੰਗਵੇ ਖ਼ਾਸ ਤੌਰ 'ਤੇ ਪਸੰਦ ਸੀ) ਅਤੇ ਬੌਬ ਡਾਇਲਨ ਤੇ ਮਿਸੀਸਿਪੀ ਜੌਨ੍ਹ ਹਰਟ ਦੇ ਸੰਗੀਤ ਨੂੰ ਸਲਾਹੁੰਦਾ ਸਾਂ। ਉਦੋਂ ਮੈਂ ਇੰਨਾ ਕੁ ਵੱਡਾ ਹੋ ਗਿਆ ਸਾਂ ਕਿ ਯਾਦ ਰੱਖ ਸਕਦਾ ਸੀ ਤੇ ਕਦੇ ਵੀ ਭੁੱਲ ਨਹੀਂ ਸਕਦਾ ਸੀ ਕਿ ਕਿਵੇਂ ਰਿਚਰਡ ਨਿਕਸਨ ਅਤੇ ਹੈਨਰੀ ਕਿਸਿੰਜਰ ਨੇ 1971 ਦੀ ਜੰਗ ਵਿੱਚ ਸ਼ਿੱਦਤ ਨਾਲ ਪਾਕਿਸਤਾਨ ਦੀ ਹਮਾਇਤ ਕੀਤੀ ਸੀ।

1980 ਵਿੱਚ ਮੈਂ ਕਲਕੱਤੇ ਚਲਿਆ ਗਿਆ ਸੀ ਅਤੇ ਮੇਰਾ ਵਿਰੋਧ ਨਿਰੀ ਦੁਸ਼ਮਣੀ ਵਿੱਚ ਬਦਲ ਗਿਆ ਸੀ। ਆਪਣੇ ਮਾਰਕਸਵਾਦੀ ਅਧਿਆਪਕਾਂ ਦੇ ਪ੍ਰਭਾਵ ਸਦਕਾ ਮੈਂ ਪੂਰੀ ਤਰ੍ਹਾਂ ਅਮਰੀਕਾ ਵਿਰੋਧੀ ਬਣ ਗਿਆ ਸੀ। ਮੈਂ ਨਿੱਜੀ ਅਤੇ ਜਨਤਕ ਤੌਰ 'ਤੇ ਉਨ੍ਹਾਂ (ਅਮਰੀਕੀਆਂ) ਦੀ ਫੂਹੜਤਾ, ਉਨ੍ਹਾਂ ਦੇ ਨਿਰੇ ਤਜਾਰਤਪੁਣੇ, ਲਾਤੀਨੀ ਅਮਰੀਕਾ ਅਤੇ ਦੱਖਣ ਪੂਰਬੀ ਏਸ਼ੀਆ ਵਿੱਚ ਉਨ੍ਹਾਂ ਦੇ ਸਾਮਰਾਜਵਾਦੀ ਦੁਸਾਹਸ ਪ੍ਰਤੀ ਤ੍ਰਿਸਕਾਰ ਦਿਖਾਉਂਦਾ ਸੀ। ਜੇ ਮੇਰੇ ਵੱਸ ਹੁੰਦਾ ਤਾਂ ਮੈਂ ਕਦੇ ਵੀ ਅਮਰੀਕਾ ਨਹੀਂ ਸੀ ਜਾਣਾ। ਬਹਰਹਾਲ, ਮੇਰੀ ਪਤਨੀ ਸੁਜਾਤਾ ਜੋ ਨੈਸ਼ਨਲ ਇੰਸਟੀਚਿਊਟ ਆਫ ਡਿਜ਼ਾਈਨ ਦੀ ਗਰੈਜੂਏਟ ਸੀ, ਨੂੰ ਯੇਲ ਯੂਨੀਵਰਸਿਟੀ ਤੋਂ ਮਾਸਟਰਜ਼ ਲਈ ਸਕਾਲਰਸ਼ਿਪ ਮਿਲ ਗਈ। ਯੇਲ ਗ੍ਰਾਫਿਕ ਡਿਜ਼ਾਈਨ ਵਿਭਾਗ ਦੁਨੀਆ ਵਿੱਚ ਬਿਹਤਰੀਨ ਮੰਨਿਆ ਜਾਂਦਾ ਸੀ। ਲਿਹਾਜ਼ਾ, ਮੈਂ ਉਸ ਦੇ ਰਾਹ ਦਾ ਰੋੜਾ ਨਹੀਂ ਬਣ ਸਕਦਾ ਸੀ ਪਰ ਮੈਨੂੰ ਉਸ ਕੋਲ ਜਾਣ ਦਾ ਕੋਈ ਢੰਗ ਲੱਭਣਾ ਪੈਣਾ ਸੀ। ਮੇਰੀ ਖੁਸ਼ਨਸੀਬੀ ਸੀ ਕਿ ਮੈਂ ਇਤਿਹਾਸਕਾਰ ਉਮਾ ਦਾਸਗੁਪਤਾ ਨੂੰ ਜਾਣਦਾ ਸਾਂ, ਜੋ ਭਾਰਤ ਲਈ ਯੂਨਾਈਟਡ ਸਟੇਟਸ ਐਜੂਕੇਸ਼ਨਲ ਫਾਊਂਡੇਸ਼ਨ ਵਿੱਚ ਇੱਕ ਸੀਨੀਅਰ ਅਹੁਦੇ 'ਤੇ ਤਾਇਨਾਤ ਸਨ। ਉਮਾ ਦੀਦੀ ਦੀ ਸਲਾਹ ਅਤੇ ਮਦਦ ਨਾਲ ਮੈਂ ਯੇਲ ਸਕੂਲ ਆਫ ਫਾਰੈਸਟਰੀ ਐਂਡ ਐਨਵਾਇਰਮੈਂਟ ਸਟੱਡੀਜ਼ ਵਿੱਚ ਲੈਕਚਰਰਸ਼ਿਪ ਲਈ ਅਰਜ਼ੀ ਭੇਜ ਦਿੱਤੀ। ਮੈਨੂੰ ਹੈਰਾਨੀ ਹੋਈ ਕਿ ਇਹ ਪ੍ਰਵਾਨ ਹੋ ਗਈ।

ਸੁਜਾਤਾ ਅਗਸਤ 1985 ਵਿੱਚ ਯੇਲ ਚਲੀ ਗਈ। ਉਸੇ ਸਾਲ ਨਵੰਬਰ ਵਿੱਚ ਅਮਰੀਕਾ ਦਾ ਇਹ ਪੱਕਾ ਵਿਰੋਧੀ ਹੋ ਚੀ ਮਿਨ੍ਹ ਸਰਾਨੀ ਵਿੱਚ ਅਮਰੀਕੀ ਕੌਂਸਲਖਾਨੇ ਦੇ ਬਾਹਰ ਖਲੋਤਾ ਸੀ। ਕਾਊਂਟਰ ਸਵੇਰੇ 8.30 ਵਜੇ ਖੁੱਲ੍ਹਣਾ ਸੀ ਤੇ ਮੈਂ ਸੱਤ ਵਜੇ ਹੀ ਉੱਥੇ ਪਹੁੰਚ ਗਿਆ। ਕੁਝ ਤਾਂ ਘਬਰਾਹਟ ਹੋ ਰਹੀ ਸੀ ਅਤੇ ਕੁਝ ਇਸ ਕਰ ਕੇ ਵੀ ਕਿ ਜਦੋਂ ਮੈਂ ਮਦਰਾਸ ਵਿੱਚ ਸੁਜਾਤਾ ਦੀ ਇੰਟਰਵਿਊ ਲਈ ਉਸ ਨਾਲ ਗਿਆ ਸਾਂ ਤਾਂ ਅਮਰੀਕੀ ਕੌਂਸਲਖਾਨੇ ਦੇ ਬਾਹਰ ਲੰਮੀ ਕਤਾਰ ਲੱਗੀ ਹੋਈ ਸੀ ਜੋ ਮਾਊਂਟ ਰੋਡ ਦੁਆਲੇ ਘੁੰਮਦੀ ਹੋਈ ਥਾਊਜ਼ੈਂਡ ਲਾਈਟਸ ਮੌਸਕ ਤੱਕ ਫੈਲੀ ਹੋਈ ਸੀ। ਪਰ ਇੱਥੇ ਮੇਰੇ ਅੱਗੇ ਕਤਾਰ ਵਿੱਚ ਸਿਰਫ਼ ਇੱਕ ਬੰਦਾ ਸੀ। ਯਕਦਮ ਖ਼ਿਆਲ ਆਇਆ ਕਿ ਤਾਮਿਲ ਬਿਲਕੁਲ ਵੀ ਅਮਰੀਕਾ ਵਿਰੋਧੀ ਨਹੀਂ ਹਨ ਅਤੇ ਉਹ ਬੰਗਾਲੀਆਂ ਦੇ ਮੁਕਾਬਲੇ ਕਿਤੇ ਵੱਧ ਇੰਜਨੀਅਰ ਪੈਦਾ ਕਰਦੇ ਹਨ। ਇਸ ਦੇ ਨਾਲ ਹੀ ਮੈਂ ਬਹਾਰ ਰੁੱਤ ਦੇ ਸੈਸ਼ਨ ਤੋਂ ਪੜ੍ਹਾਉਣਾ ਸ਼ੁਰੂ ਕਰਨਾ ਸੀ ਜਦੋਂ ਪੱਤਝੜ ਦੇ ਮੁਕਾਬਲੇ ਪੱਛਮ ਦਾ ਰੁਖ਼ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਕਾਫ਼ੀ ਘੱਟ ਹੁੰਦੀ ਹੈ।

ਮੈਂ 2 ਜਨਵਰੀ, 1986 ਨੂੰ ਯੇਲ ਪਹੁੰਚ ਗਿਆ ਅਤੇ ਅਗਲੇ ਡੇਢ ਸਾਲ ਆਪਣੇ ਵਿਦਿਆਰਥੀਆਂ ਨੂੰ ਪੜ੍ਹਾ ਕੇ ਅਤੇ ਉਨ੍ਹਾਂ ਤੋਂ ਸਿੱਖ ਕੇ ਵੀ ਆਪਣੇ ਮਨ ਦਾ ਦਾਇਰਾ ਵਸੀਹ ਕੀਤਾ ਸੀ। ਕਿਉਂ ਜੋ ਮੈਂ ਪਹਿਲਾਂ ਹੀ ਪੀਐੱਚਡੀ ਕਰ ਚੁੱਕਿਆ ਸਾਂ, ਇਸ ਲਈ ਮੈਂ ਆਪਣੇ ਆਧਾਰ ਨੂੰ ਲੈ ਕੇ ਨਿਸ਼ਚਿੰਤ ਸਾਂ। ਅਮਰੀਕਾ ਵਿੱਚ ਪੜ੍ਹ ਰਹੇ ਨੌਜਵਾਨ ਭਾਰਤੀ ਇਤਿਹਾਸਕਾਰਾਂ ਨੂੰ ਮਿਲ ਕੇ ਮੈਨੂੰ ਤੁਰੰਤ ਝਟਕਾ ਲੱਗਿਆ ਕਿ ਉਨ੍ਹਾਂ ਦਾ ਕੰਮ ਕਿਵੇਂ ਫੈਸ਼ਨ ਸੰਚਾਲਿਤ ਸੀ। ਐਡਵਰਡ ਸਈਦ ਦੇ ਓਰੀਐਂਟਲਿਜ਼ਮ, ਉੱਤਰ ਬਸਤੀਵਾਦ ਅਤੇ ਸੱਭਿਆਚਾਰਕ ਅਧਿਐਨ ਦਾ ਜਨੂੰਨ ਚੱਲ ਰਿਹਾ ਸੀ। ਦੋ ਵਿਸ਼ਿਆਂ ਜਿਨ੍ਹਾਂ ਨੂੰ ਮੈਂ ਖ਼ੂਬ ਜਾਣਦਾ ਸਾਂ, ਇਤਿਹਾਸ ਅਤੇ ਸਮਾਜਿਕ ਮਾਨਵਵਿਗਿਆਨ ਦੀ ਬੱਝਵੀਂ ਵਿਹਾਰਕ ਖੋਜ ਨੂੰ ਹੁਣ ਹੱਲਾਸ਼ੇਰੀ ਨਹੀਂ ਦਿੱਤੀ ਜਾ ਰਹੀ ਸੀ। ਇਸ ਦੀ ਬਜਾਏ ਕਈ ਕਈ ਮਹੀਨੇ ਫੀਲਡ ਜਾਂ ਪੁਰਾਲੇਖਘਰਾਂ ਵਿੱਚ ਬਿਤਾਏ ਜਾਂਦੇ ਸਨ, ਐਡਵਰਡ ਸਈਦ ਦੇ ਮੁਰੀਦ ਸਭ ਤੋਂ ਨੇੜਲੀਆਂ ਲਾਇਬ੍ਰੇਰੀਆਂ 'ਚੋਂ ਮਰ ਚੁੱਕੇ ਗੋਰਿਆਂ ਦੇ ਖਰੜੇ ਲੱਭ ਕੇ 'ਰੈਡੀਕਲ ਪਾਲਿਟਿਕਸ' ਦੇ ਨੁਸਖਿਆਂ ਦੇ ਉਲਟ ਜਾਵੀਏ ਤੋਂ ਇਨ੍ਹਾਂ ਦੀ ਨਿਰਖ ਪਰਖ ਕਰਨ ਨੂੰ ਤਰਜੀਹ ਦਿੰਦੇ ਸਨ।

ਮੇਰੀ ਪੀੜ੍ਹੀ ਦੇ ਭਾਰਤੀ, ਜੋ ਪੜ੍ਹਨ ਜਾਂ ਪੜ੍ਹਾਉਣ ਲਈ ਅਮਰੀਕਾ ਆਉਂਦੇ ਸਨ, ਉਹ ਆਮ ਤੌਰ 'ਤੇ ਆਪਣੀ ਨਿੱਜੀ ਤਰੱਕੀ ਲਈ ਅਜਿਹਾ ਕਰਦੇ ਸਨ। ਅਜਿਹਾ ਨਹੀਂ ਸੀ ਕਿ ਉਨ੍ਹਾਂ ਦੀ ਮੌਕਾਪ੍ਰਸਤੀ ਤੋਂ ਮੈਂ ਦੂਰ ਰਹਿੰਦਾ ਸੀ; ਸਗੋਂ ਬਹੁਤਾ ਕਰ ਕੇ ਉਨ੍ਹਾਂ ਦੇ ਬੌਧਿਕ ਸਰੋਕਾਰਾਂ ਨਾਲ ਮੇਰੀ ਸਾਂਝ ਨਹੀਂ ਸੀ ਪੈਂਦੀ। ਜਿਨ੍ਹਾਂ ਵਿਦਵਾਨਾਂ ਦੇ ਕੰਮ ਨੇ ਮੈਨੂੰ ਧੂਹ ਪਾਈ ਸੀ ਉਨ੍ਹਾਂ ਦੀ ਮੇਰੇ ਵਿਸ਼ਿਆਂ 'ਵਾਤਾਵਰਨ ਅਤੇ ਸਮਾਜ 'ਤੇ ਪ੍ਰਭਾਵ' ਨਾਲ ਸਾਂਝ ਸੀ ਭਾਵੇਂ ਉਨ੍ਹਾਂ ਦੇ ਸੱਭਿਆਚਾਰ ਅਤੇ ਸੰਦਰਭ ਵੱਖਰੇ ਸਨ। ਯੇਲ ਵਿੱਚ ਵੀ ਮੇਰੀ ਵਾਤਾਵਰਨ ਸਮਾਜ ਸ਼ਾਸਤਰੀ ਵਿਲੀਅਮ ਬਰਚ, ਵਾਤਾਵਰਨ ਇਤਿਹਾਸਕਾਰ ਵਿਲੀਅਮ ਕ੍ਰੋਨੋਨ ਅਤੇ ਵਾਤਾਵਰਨ ਮਾਨਵ ਵਿਗਿਆਨੀ ਟਿਮੋਥੀ ਵੀਸਕਿਲ ਨਾਲ ਲੰਮੀ ਗੱਲਬਾਤ ਹੁੰਦੀ ਰਹਿੰਦੀ ਸੀ। ਯੇਲ ਦੇ ਇੱਕ ਸੀਨੀਅਰ ਵਿਦਵਾਨ, ਜਿਨ੍ਹਾਂ ਨਾਲ ਮੇਰੀ ਅਕਸਰ ਗੱਲ ਹੁੰਦੀ ਸੀ, ਜੇਮਸ ਸਕੌਟ ਸਨ ਜਿਨ੍ਹਾਂ ਨੇ ਹਾਲ ਹੀ ਵਿੱਚ ਮੇਰੀ ਜਾਚੇ ਉਨ੍ਹਾਂ ਦੀਆਂ ਬਹੁਤ ਸਾਰੀਆਂ ਕਿਤਾਬਾਂ 'ਚੋਂ ਇੱਕ ਬਿਹਤਰੀਨ ਕਿਤਾਬ ਪ੍ਰਕਾਸ਼ਿਤ ਕੀਤੀ ਹੈ, 'ਵੈਪਨਜ਼ ਆਫ ਵੀਕ: ਐਵਰੀਡੇਅ ਫੌਰਮਜ਼ ਆਫ ਪੈਜੈਂਟ ਰਿਜ਼ਿਸਟੈਂਸ (ਕਮਜ਼ੋਰਾਂ ਦੇ ਹਥਿਆਰ: ਕਿਸਾਨ ਘੋਲ ਦੇ ਰੋਜ਼ਮੱਰ੍ਹਾ ਰੂਪ)। ਯੇਲ ਤੋਂ ਬਾਹਰ ਮੈਂ, ਰੁਟਗਰਜ਼ ਵਿੱਚ ਤੁਲਨਾਵਾਦੀ ਮਾਈਕਲ ਐਡਸ, ਬਰਕਲੇ ਵਿੱਚ ਸਮਾਜ ਸ਼ਾਸਤਰੀ ਲੂਈਜ਼ ਫੋਰਟਮੈਨ ਅਤੇ ਅਮਰੀਕੀ ਵਾਤਾਵਰਨ ਇਤਿਹਾਸ ਦੇ ਉਸਤਾਦ ਡੋਨਲਡ ਵੌਰੈਸਟਰ, ਜੋ ਕਿ ਉਦੋਂ ਬ੍ਰਾਂਡੀਜ਼ ਵਿਖੇ ਪੜ੍ਹਾਉਂਦੇ ਸਨ, ਨਾਲ ਰਾਬਤਾ ਬਣਾਇਆ ਸੀ।

ਇਨ੍ਹਾਂ ਬੁੱਧੀਜੀਵੀਆਂ ਨੇ ਅਫ਼ਰੀਕਾ, ਦੱਖਣ-ਪੂਰਬ ਏਸ਼ੀਆ ਤੇ ਉੱਤਰੀ ਅਮਰੀਕਾ 'ਤੇ ਕੰਮ ਕੀਤਾ ਸੀ, ਮੇਰੇ ਵੱਲੋਂ ਵਰਤੀਆਂ ਜਾਂਦੀਆਂ ਤਕਨੀਕਾਂ ਤੇ ਵਿਸ਼ਿਆਂ ਤੋਂ ਅਲੱਗ ਢੰਗ ਵਰਤ ਕੇ। ਕਲਕੱਤਾ ਜਾਂ ਦਿੱਲੀ ਦੇ ਸਥਾਪਿਤ ਸਿੱਖਿਆ ਸ਼ਾਸਤਰੀਆਂ ਤੋਂ ਉਲਟ, ਇਹ ਅਮਰੀਕੀ ਪ੍ਰੋਫੈਸਰ ਕ੍ਰਮ ਦੇ ਬੰਧਨ ਤੋਂ ਮੁਕਤ ਸਨ। ਭਾਵੇਂ ਉਹ ਮੇਰੇ ਤੋਂ ਕਾਫ਼ੀ ਵੱਡੇ ਸਨ, ਪਰ ਉਹ ਖ਼ੁਸ਼ ਹੁੰਦੇ ਸਨ ਜਦੋਂ ਉਨ੍ਹਾਂ ਨੂੰ ਉਨ੍ਹਾਂ ਦੇ ਨਾਵਾਂ ਤੋਂ ਬੁਲਾਇਆ ਜਾਂਦਾ ਤੇ ਖ਼ੁਸ਼ੀ-ਖ਼ੁਸ਼ੀ ਆਪਣੇ ਵਿਚਾਰਾਂ ਦੇ ਗੰਭੀਰ ਮੁਲਾਂਕਣ ਦੀ ਇਜਾਜ਼ਤ ਦਿੰਦੇ ਸਨ। ਇਨ੍ਹਾਂ ਵਿਦਵਾਨਾਂ ਨੂੰ ਮਿਲ ਤੇ ਇਨ੍ਹਾਂ ਦੇ ਕਾਰਜ ਨੂੰ ਪੜ੍ਹ ਕੇ, ਮੇਰੇ ਬੌਧਿਕ ਦਾਇਰੇ ਦਾ ਵਿਸਤਾਰ ਹੋਇਆ ਤੇ ਇਸ ਨੇ ਮੇਰੀਆਂ ਬੌਧਿਕ ਖ਼ਾਹਿਸ਼ਾਂ ਨੂੰ ਵੀ ਖੰਭ ਲਾਏ। ਉਨ੍ਹਾਂ ਵਾਂਗੂ, ਮੈਂ ਵੀ ਆਪਣੀ ਪੀਐੱਚਡੀ ਕਿਤਾਬ ਵਜੋਂ ਪ੍ਰਕਾਸ਼ਿਤ ਕਰਨੀ ਚਾਹੁੰਦਾ ਸੀ; ਤੇ ਉਸ ਤੋਂ ਬਾਅਦ ਹੋਰ ਕਿਤਾਬਾਂ ਉੱਤੇ ਕੰਮ ਕਰਨ ਦੀ ਚਾਹ ਸੀ। ਬਹੁਤ ਸਾਰੇ ਭਾਰਤੀਆਂ ਨੂੰ ਮੈਂ ਜਾਣਦਾ ਹਾਂ ਕਿ ਜਿਨ੍ਹਾਂ ਪਹਿਲੀ ਕਿਤਾਬ ਹੀ ਚੰਗੀ ਲਿਖੀ ਤੇ ਉਸ ਦੀ ਸ਼ੋਭਾ ਨਾਲ ਲੱਗ ਕੇ ਹੀ ਬੈਠੇ ਰਹੇ। ਦੂਜੇ ਪਾਸੇ, ਅਡਾਸ, ਸਕੌਟ ਤੇ ਵੌਰੈਸਟਰ, ਸਾਰਿਆਂ ਦੀ ਇੱਕ ਪ੍ਰਭਾਵਸ਼ਾਲੀ ਸੁਰ ਸੀ, ਜਿਸ ਦਾ ਇਸ ਦੀ ਗਹਿਰਾਈ ਤੇ ਵੰਨ-ਸਵੰਨਤਾ ਕਰ ਕੇ ਨੋਟਿਸ ਲਿਆ ਜਾਂਦਾ ਸੀ। ਇਹੀ ਇੱਕ ਨਮੂਨਾ ਸੀ ਜਿਸ ਨੂੰ ਮੈਂ ਦੇਸ਼ ਪਰਤ ਕੇ ਅਪਨਾਉਣਾ ਚਾਹੁੰਦਾ ਸੀ।

ਇੱਕ ਹੋਰ ਕਾਰਨ ਕਰ ਕੇ ਮੈਂ ਤੇ ਸੁਜਾਤਾ ਨੇ ਯੇਲ 'ਚ ਬਹੁਤ ਆਨੰਦ ਮਾਣਿਆ ਕਿ ਅਸੀਂ ਜਾਣਦੇ ਸੀ ਕਿ ਜਦੋਂ ਉਹ ਗ੍ਰੈਜੂਏਟ ਹੋ ਗਈ ਤਾਂ ਅਸੀਂ ਆਪਣੀ ਜਨਮਭੂਮੀ ਨੂੰ ਪਰਤਾਂਗੇ। ਯੇਲ 'ਚ ਬਾਕੀ ਭਾਰਤੀ ਰੁਕਣ ਲਈ ਬਹੁਤ ਕਾਹਲੇ ਸਨ- ਜਿਸ ਦਾ ਮਤਲਬ ਸੀ ਕਿ ਉਨ੍ਹਾਂ ਨੂੰ ਸਹੀ ਨੌਕਰੀ ਲੈਣ ਲਈ ਸਹੀ ਕੋਰਸ ਲੈਣ ਦੀ ਬੇਚੈਨੀ ਸੀ ਜੋ ਸ਼ਾਇਦ ਉਨ੍ਹਾਂ ਨੂੰ ਵਰਕ ਵੀਜ਼ਾ ਦਿਵਾਏ ਤੇ ਸਮੇਂ ਨਾਲ ਗਰੀਨ ਕਾਰਡ ਵੀ। ਕਿਉਂਕਿ ਸਾਨੂੰ ਕੋਈ ਇਸ ਤਰ੍ਹਾਂ ਦੀ ਬੇਚੈਨੀ ਨਹੀਂ ਸੀ, ਅਸੀਂ ਉਸ ਸਭ ਦਾ ਪੂਰਾ ਫ਼ਾਇਦਾ ਉਠਾ ਸਕੇ ਜੋ ਇਹ ਮਹਾਨ ਯੂਨੀਵਰਸਿਟੀ ਦੇਣ ਦੀ ਸਮਰੱਥਾ ਰੱਖਦੀ ਸੀ। ਅਸੀਂ ਕੁਝ ਅਮਰੀਕੀ ਦੋਸਤ ਵੀ ਬਣਾਏ ਜਿਨ੍ਹਾਂ ਨਾਲ ਸਾਡਾ ਹੁਣ ਵੀ ਰਾਬਤਾ ਹੁੰਦਾ ਹੈ। ਨਿਊ ਹੈਵਨ ਤੋਂ ਪਰਤਿਆਂ ਚਾਰ ਦਹਾਕੇ ਹੋ ਗਏ ਹਨ। ਇਸ ਦੌਰਾਨ ਮੈਂ ਕਈ ਵਾਰ ਵਾਪਸ ਅਮਰੀਕਾ ਜਾਂਦਾ ਰਿਹਾ ਹਾਂ। ਜ਼ਿਆਦਾਤਰ ਦੌਰੇ ਛੋਟੇ ਹੀ ਰਹੇ ਹਨ- ਇੱਕ ਜਾਂ ਦੋ ਹਫ਼ਤੇ- ਪਰ ਕਈ ਦਫ਼ਾ ਮੈਂ ਪੂਰਬੀ ਤੇ ਪੱਛਮੀ ਤੱਟਾਂ ਦੀਆਂ ਯੂਨੀਵਰਸਿਟੀਆਂ 'ਚ ਜ਼ਿਆਦਾ ਸਮਾਂ ਵੀ ਬਿਤਾਇਆ। ਮੇਰੀਆਂ ਸਭ ਤੋਂ ਖ਼ੁਸ਼ਗਵਾਰ ਯਾਦਾਂ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ 'ਚ ਬਿਤਾਏ ਸਮੈਸਟਰ ਦੀਆਂ ਹਨ, ਜਿੱਥੇ ਇਸ ਮਹਾਨ ਸਰਕਾਰੀ ਯੂਨੀਵਰਸਿਟੀ ਵਿੱਚ- ਵਿਦਿਆਰਥੀ ਬੌਧਿਕ ਰੂਪ 'ਚ ਤਾਂ ਤਿੱਖੇ ਸਨ ਹੀ ਪਰ ਯੇਲ ਤੇ ਸਟੈਨਫਰਡ ਨਾਲੋਂ ਜ਼ਿਆਦਾ ਵੰਨ-ਸਵੰਨੇ ਪਿਛੋਕੜਾਂ ਦੇ ਵੀ ਸਨ। ਮੈਂ ਮਹਾਤਮਾ ਗਾਂਧੀ 'ਤੇ ਇੱਕ ਕੋਰਸ ਪੜ੍ਹਾ ਰਿਹਾ ਸੀ ਤੇ ਮੇਰੇ ਬਰਮਾ ਮੂਲ ਦੇ, ਯਹੂਦੀ ਤੇ ਅਫਰੀਕੀ-ਅਮਰੀਕੀ ਵਿਦਿਆਰਥੀਆਂ ਨੇ ਗਾਂਧੀ ਦੀ ਵਿਰਾਸਤ ਵਿੱਚ ਜਿਹੜੀ ਦਿਲਚਸਪੀ ਦਿਖਾਈ, ਉਸੇ ਨੇ ਮੈਨੂੰ ਇਸ ਗੱਲ ਲਈ ਰਾਜ਼ੀ ਕੀਤਾ ਕਿ ਇਹ ਮੇਰੇ ਸਮੇਂ ਦਾ ਚੰਗਾ ਉਪਯੋਗ ਹੋਵੇਗਾ ਜੇ ਮੈਂ ਅਗਲਾ ਦਹਾਕਾ (ਤੇ ਉਸ ਤੋਂ ਵੱਧ) ਗਾਂਧੀ ਬਾਰੇ ਲਿਖਦਿਆਂ ਤੇ ਖੋਜਦਿਆਂ ਬਿਤਾਵਾਂ।

ਮੈਂ ਖ਼ੁਦ ਭਾਰਤ ਵਿੱਚ ਹੀ ਪੜ੍ਹਿਆ ਸੀ ਤੇ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਹਿੱਸਾ ਮੈਂ ਭਾਰਤ ਵਿੱਚ ਰਹਿੰਦਿਆਂ ਤੇ ਕੰਮ ਕਰਦਿਆਂ ਬਿਤਾਇਆ ਹੈ। ਫਿਰ ਵੀ ਮੈਂ ਉਨ੍ਹਾਂ ਵਿਦਵਾਨਾਂ ਤੇ ਵਿਦਿਆਰਥੀਆਂ ਦਾ ਬਹੁਤ ਕਰਜ਼ਦਾਰ ਹਾਂ ਜਿਨ੍ਹਾਂ ਨਾਲ ਮੈਂ ਅਮਰੀਕਾ 'ਚ ਸਮਾਂ ਬਿਤਾਇਆ ਤੇ ਉਸ ਮੁਲਕ ਦੀਆਂ ਲਾਇਬਰੇਰੀਆਂ ਅਤੇ ਇਤਿਹਾਸਕ ਰਿਕਾਰਡਾਂ ਦਾ ਵੀ, ਜਿਨ੍ਹਾਂ ਵਿੱਚ ਅਕਸਰ ਭਾਰਤ ਦੇ ਇਤਿਹਾਸ ਨਾਲ ਸਬੰਧਿਤ ਉਹ ਅਣਮੁੱਲੇ ਦਸਤਾਵੇਜ਼ ਪਏ ਹੁੰਦੇ ਸਨ ਜੋ ਮੇਰੇ ਆਪਣੇ ਦੇਸ਼ 'ਚ ਉਪਲਬਧ ਨਹੀਂ ਹਨ। ਇਸ ਲਈ ਜੋ ਡੋਨਲਡ ਟਰੰਪ ਅਮਰੀਕੀ ਯੂਨੀਵਰਸਿਟੀ ਤੰਤਰ ਨੂੰ ਤੋੜਨ ਲਈ ਕਰ ਰਿਹਾ ਹੈ, ਮੇਰੇ ਅੰਦਰ ਉਸ ਪ੍ਰਤੀ ਗਹਿਰੀ ਵੇਦਨਾ ਤੇ ਗੁੱਸਾ ਹੈ। ਭਾਵੇਂ ਇਹ ਵਿਚਾਰਧਾਰਾ ਕਾਰਨ ਜਾਂ ਨਿੱਜੀ ਵੈਰ ਕੱਢਣ ਲਈ ਕੀਤਾ ਜਾ ਰਿਹਾ ਹੈ, ਪਰ ਟਰੰਪ ਦੀ ਮੁਹਿੰਮ ਉਸ ਮੁਲਕ ਦਾ ਗੰਭੀਰ ਨੁਕਸਾਨ ਕਰ ਰਹੀ ਹੈ ਜਿਸ ਦੀ ਉਹ ਅਗਵਾਈ ਕਰਦਾ ਹੈ ਤੇ ਪਿਆਰ ਕਰਨ ਦਾ ਦਾਅਵਾ ਕਰਦਾ ਹੈ।

ਇਹ ਸੱਚ ਹੈ ਕਿ ਹਾਲੀਆ ਦਹਾਕਿਆਂ 'ਚ, ਅਮਰੀਕਾ ਦੇ ਉੱਚ ਸਿੱਖਿਆ ਢਾਂਚੇ ਨੇ ਆਪਣਾ ਕੁਝ ਨੁਕਸਾਨ ਕੀਤਾ ਹੈ। ਇਨ੍ਹਾਂ ਵਿੱਚੋਂ ਦੋ ਹਾਨੀਆਂ ਪ੍ਰਤੱਖ ਹਨ- ਪਛਾਣ ਦੀ ਸਿਆਸਤ ਅੱਗੇ ਆਤਮ ਸਮਰਪਣ ਜਿਸ ਨੇ ਕੈਂਪਸਾਂ 'ਚ ਖੁੱਲ੍ਹੀ ਚਰਚਾ ਤੇ ਉਸਾਰੂ ਬਹਿਸ ਵਿੱਚ ਬਹੁਤ ਅੜਿੱਕਾ ਪਾਇਆ ਹੈ; ਤੇ ਸੇਵਾਮੁਕਤੀ ਦੀ ਉਮਰ ਖ਼ਤਮ ਕਰਨ ਦਾ ਫ਼ੈਸਲਾ ਤਾਂ ਕਿ ਆਪਣੇ ਅੱਸੀਵਿਆਂ ਤੇ ਨੱਬੇਵਿਆਂ ਨੂੰ ਢੁਕੇ ਪ੍ਰੋਫੈਸਰ ਹਾਲੇ ਵੀ ਕਲਾਸਾਂ (ਛੋਟੀਆਂ ਤੋਂ ਛੋਟੀਆਂ) ਨੂੰ ਪੜ੍ਹਾਉਣ, ਵੱਡੇ ਅਹੁਦਿਆਂ ਨੂੰ ਸੰਭਾਲਣ ਤੇ ਭਵਿੱਖੀ ਨਿਯੁਕਤੀਆਂ 'ਤੇ ਵੋਟਿੰਗ ਅਧਿਕਾਰ ਵਰਤਣ ਲਈ ਉਪਲਬਧ ਹੋਣ। ਇਸ ਦੇ ਬਾਵਜੂਦ, ਦੁਨੀਆ ਦੀਆਂ ਜ਼ਿਆਦਾਤਰ ਬਿਹਤਰੀਨ ਯੂਨੀਵਰਸਿਟੀਆਂ ਹਾਲੇ ਵੀ ਅਮਰੀਕਾ ਵਿੱਚ ਹਨ। ਪੂਰੀ ਦੁਨੀਆ ਦੇ ਵਿਦਵਾਨਾਂ ਨੂੰ ਸਿੱਖਿਅਤ ਤੇ ਪ੍ਰਭਾਵਿਤ ਕਰ ਕੇ ਇਨ੍ਹਾਂ ਦੇਸ਼ ਦੀ 'ਸੌਫਟ ਪਾਵਰ' ਨੂੰ ਬਹੁਤ ਵਧਾਇਆ ਹੈ ਤੇ, ਸ਼ਾਇਦ, ਇਸ ਤੋਂ ਵੀ ਵੱਧ ਜ਼ਰੂਰੀ, ਇਨ੍ਹਾਂ ਸਪੱਸ਼ਟ ਤੌਰ 'ਤੇ ਵਿਗਿਆਨਕ ਰਚਨਾਤਮਕਤਾ ਦੇ ਅਨੰਤ ਪ੍ਰਵਾਹ ਨੂੰ ਪ੍ਰਫੁਲਿੱਤ ਕੀਤਾ ਜਿਸ ਨੇ ਅਮਰੀਕਾ ਨੂੰ ਦੁਨੀਆ ਦਾ ਆਰਥਿਕ ਤੇ ਤਕਨੀਕੀ ਤੌਰ 'ਤੇ ਸਭ ਤੋਂ ਮੋਹਰੀ ਦੇਸ਼ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ।

ਸੰਨ 1986 ਵਿੱਚ ਯੇਲ ਜਾਣ ਤੋਂ ਪਹਿਲਾਂ ਮੈਂ ਕੁਝ ਸਮੇਂ ਲਈ ਅਮਰੀਕੀ ਵਿਦੇਸ਼ ਨੀਤੀ ਦਾ ਆਲੋਚਕ ਰਿਹਾ ਸੀ। ਉਸ ਤੋਂ ਸਾਲਾਂ ਬਾਅਦ ਵੀ, ਮੈਨੂੰ ਇਸ ਦੀ ਸਰਕਾਰ ਦੀਆਂ ਵਿਦੇਸ਼ ਨੀਤੀਆਂ 'ਤੇ ਨਿਰੰਤਰ ਸੰਦੇਹ ਰਿਹਾ ਹੈ। ਮੇਰੀ ਪੂਰੀ ਜ਼ਿੰਦਗੀ 'ਚ ਅਮਰੀਕਾ ਦੀ ਵਿਦੇਸ਼ ਨੀਤੀ ਹੰਕਾਰ ਤੇ ਦੋਗ਼ਲੇਪਣ ਦਾ ਮਿਸ਼ਰਣ ਰਹੀ ਹੈ। ਫਿਰ ਵੀ ਇਸ ਦੀਆਂ ਯੂਨੀਵਰਸਿਟੀਆਂ ਇੱਕ ਬਿਲਕੁਲ ਵੱਖਰਾ ਮਾਮਲਾ ਹਨ। ਇਹ ਮਾਨਵਤਾ ਦਾ ਸ਼ਿੰਗਾਰ ਹਨ। ਇਨ੍ਹਾਂ ਉੱਤੇ ਭੜਕਾਊ ਜਾਂ ਅਸੱਭਿਅਕ ਹੱਲਿਆਂ ਦਾ ਸੋਗ ਸਾਰੀਆਂ ਕੌਮਾਂ ਦੇ ਚਿੰਤਨਸ਼ੀਲ ਲੋਕਾਂ ਨੂੰ ਮਨਾਉਣਾ ਚਾਹੀਦਾ ਹੈ।



# ਸਿਹਤਮੰਦ ਜੀਵਨਸ਼ੈਲੀ ਅਪਣਾਓ



ਗੁਰਬਿੰਦਰ ਸਿੰਘ ਮਾਣਕ

ਕੁਦਰਤ ਵੱਲੋਂ ਬਖ਼ਸ਼ਿਆ ਮਨੁੱਖੀ ਜੀਵਨ ਧਰਤੀ 'ਤੇ ਸਭ ਤੋਂ ਵੱਡੀ ਨਿਹਮਤ ਹੈ। ਸਰੀਰਕ ਤੇ ਮਾਨਸਿਕ ਰੂਪ ਵਿੱਚ ਸਿਹਤਮੰਦ ਮਨੁੱਖੀ ਜੀਵਨ ਦੇ ਸਾਰੇ ਕਾਰ-ਵਿਹਾਰ, ਰੁਝੇਵੇਂ, ਖ਼ੁਸ਼ੀਆਂ, ਨਵੀਆਂ ਸੋਚਾਂ, ਨਵੇਂ ਸੁਪਨੇ, ਆਸਾਂ-ਉਮੰਗਾਂ ਦੇ ਸਾਕਾਰ ਹੋਣ ਲਈ ਮਿਹਨਤ ਦੇ ਰਾਹ ਤੁਰਨ ਦੀ ਜਗਿਆਸਾ, ਜੀਵਨ ਨੂੰ ਹੋਰ ਚੰਗੇਰਾ ਬਣਾਉਣ ਦੀ ਸਕਾਰਾਤਮਕ ਸੋਚ ਜਾਂ ਅਜਿਹਾ ਹੋਰ ਬਹੁਤ ਕੁੱਝ, ਮਨੁੱਖ ਦੀ ਨਰੋਈ ਸਿਹਤ ਨਾਲ ਹੀ ਜੁੜਿਆ ਹੋਇਆ ਹੈ। ਬਿਸਤਰ 'ਤੇ ਪਏ ਬਿਮਾਰ ਮਨੁੱਖ ਦੀਆਂ ਸਾਰੀਆਂ ਸੋਚਾਂ ਤਾਂ ਮੁੜ-ਘਿੜ ਕੇ ਆਪਣੀ ਬਿਮਾਰੀ ਦੇ ਇਰਦ-ਗਿਰਦ ਹੀ ਸੀਮਤ ਹੋ ਜਾਂਦੀਆਂ ਹਨ। ਕਿੰਨਾ ਵੀ ਕੋਈ ਹੌਸਲੇ ਵਾਲਾ ਮਨੁੱਖ ਹੋਵੇ, ਪਰ ਅਕਸਰ ਬਿਮਾਰੀ ਅੱਗੇ ਹਾਰ ਜਾਂਦਾ ਹੈ। ਕਿਸੇ ਦੇਸ਼ ਦੀ ਜਨਤਾ ਦਾ ਸਰੀਰਕ ਤੇ ਮਾਨਸਿਕ ਰੂਪ ਵਿੱਚ ਤੰਦਰੁਸਤ ਹੋਣਾ ਕਿਸੇ ਵਰਦਾਨ ਤੋਂ ਘੱਟ ਨਹੀਂ ਹੁੰਦਾ। ਨਰੋਆ ਮਨ ਹੀ ਨਰੋਈ ਤੇ ਸਕਾਰਾਤਮਕ ਸੋਚ ਨਾਲ ਆਪਣੇ ਆਲੇ-ਦੁਆਲੇ ਨੂੰ ਹੋਰ ਚੰਗੇਰਾ ਬਣਾਉਣ ਦੀਆਂ ਸੋਚਾਂ ਸੋਚ ਸਕਦਾ ਹੈ। ਕੁਦਰਤ ਨੇ ਮਨੁੱਖ ਨੂੰ ਜਿਹੜਾ ਸਰੀਰ ਦਿੱਤਾ ਹੈ, ਉਹ ਸੰਸਾਰ ਦੀ ਅਦਭੁੱਤ ਮਸ਼ੀਨ ਹੈ। ਜੇ ਮਨੁੱਖ ਸੰਭਲ ਕੇ ਜੀਵਨ ਜੀਵੇ ਤਾਂ ਇਸ ਮਸ਼ੀਨ ਰੂਪੀ ਸਰੀਰ ਵਿੱਚ ਛੇਤੀ ਕੀਤਿਆਂ ਕੋਈ ਨੁਕਸ ਨਹੀਂ ਪੈਂਦਾ। ਜਦੋਂ ਤੱਕ ਮਨੁੱਖ ਕੁਦਰਤ ਦੇ ਅੰਗਸੰਗ ਜਿਉਂਦਾ ਸੀ, ਉਦੋਂ ਤੱਕ ਮਨੁੱਖ ਬਹੁਤੀਆਂ ਸਰੀਰਕ ਬਿਮਾਰੀਆਂ ਤੋਂ ਬਚਿਆ ਹੋਇਆ ਸੀ। ਜਦੋਂ ਤੋਂ ਮਨੁੱਖ ਕੁਦਰਤ ਦੇ ਨੇਮਾਂ ਨੂੰ ਉਲੰਘਣ ਦੇ ਰਾਹ ਪਿਆ ਹੈ, ਉਦੋਂ ਤੋਂ ਹੀ ਮਨੁੱਖ ਹੋਰ ਅਨੇਕਾਂ ਸੰਕਟਾਂ ਤੋਂ ਬਿਨਾਂ, ਸਰੀਰਕ ਤੇ ਮਾਨਸਿਕ ਤੌਰ 'ਤੇ ਵੀ ਗਹਿਰੀਆਂ ਸਮੱਸਿਆਵਾਂ ਦਾ ਸ਼ਿਕਾਰ ਹੋ ਚੁੱਕਾ ਹੈ।

ਪੁਰਾਣੇ ਸਮਿਆਂ ਵਿੱਚ ਲੋਕਾਂ ਦਾ ਜੀਵਨ ਸਾਦਗੀ ਭਰਿਆ ਹੋਣ ਕਾਰਨ ਉਹ ਤੰਦਰੁਸਤ ਤੇ ਨਰੋਆ ਜੀਵਨ ਜਿਉਂਦੇ ਸਨ। ਜੀਵਨ ਦੀਆਂ ਖਾਹਸ਼ਾਂ ਤੇ ਲੋੜਾਂ ਬਹੁਤ ਥੋੜ੍ਹੀਆਂ ਸਨ ਤੇ ਬਹੁਤੇ ਲੋਕ ਰੁੱਖੀ-ਸੁੱਖੀ ਖਾ ਕੇ ਵੀ ਕੁਦਰਤ ਦਾ ਸ਼ੁਕਰ ਕਰਦੇ ਸਨ। ਸਵੇਰ ਤੋਂ ਲੈ ਕੇ ਸ਼ਾਮ ਤੱਕ ਲੋਕ ਆਪਣੇ ਕੰਮਾਂ-ਕਾਰਾਂ ਵਿੱਚ ਜੁਟੇ, ਮੁਸ਼ੱਕਤ ਦਾ ਪਸੀਨਾ ਵਹਾਉਂਦੇ ਸਨ। ਕੁੱਝ ਜ਼ਰੂਰੀ ਵਸਤਾਂ ਨੂੰ ਛੱਡ ਕੇ ਸ਼ਹਿਰ ਜਾ ਕੇ ਕੁੱਝ ਖ਼ਰੀਦਣ ਦੀ ਲੋੜ ਹੀ ਨਹੀਂ ਪੈਂਦੀ ਸੀ। ਆਪਣੀ ਮਿਹਨਤ ਨਾਲ ਪੈਦਾ ਕੀਤੀਆਂ ਚੀਜ਼ਾਂ-ਵਸਤਾਂ ਹੀ ਘਰਾਂ ਵਿੱਚ ਵਰਤਣ ਦਾ ਰੁਝਾਨ ਸੀ। ਇਨ੍ਹਾਂ ਵਸਤਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਮਿਲਾਵਟ ਹੋਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਆਮ ਤੌਰ 'ਤੇ ਫ਼ਸਲਾਂ ਨੂੰ ਰੂੜੀ ਹੀ ਪਾਈ ਜਾਂਦੀ ਸੀ। ਅੱਜ ਵਾਂਗ ਰਸਾਇਣਕ ਖਾਦਾਂ, ਨਦੀਨ-ਨਾਸ਼ਕ ਤੇ ਕੀੜੇ-ਮਾਰ ਜ਼ਹਿਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਦੁੱਧ, ਦਹੀਂ, ਮੱਖਣ, ਲੱਸੀ, ਹੱਥੀਂ ਉਗਾਈਆਂ ਦਾਲਾਂ, ਅਨਾਜ ਤੇ ਸਬਜ਼ੀਆਂ ਦੀ ਵਰਤੋਂ ਕਾਰਨ ਲੋਕਾਂ ਦਾ ਜੀਵਨ ਨਰੋਆ ਸੀ। ਸਾਰਾ ਸਾਰਾ ਦਿਨ ਮਿਹਨਤ ਕਰਨ ਵਾਲੇ ਉੱਦਮੀ ਲੋਕਾਂ ਦੇ ਕੋਈ ਬਿਮਾਰੀ ਨੇੜੇ ਵੀ ਨਹੀਂ ਆਉਂਦੀ ਸੀ। ਜੇ ਕਿਤੇ ਕੋਈ ਬਿਮਾਰ ਹੋ ਵੀ ਜਾਂਦਾ ਸੀ ਤਾਂ ਲੋਕ ਡਾਕਟਰ ਦੇ ਜਾਣ ਦੀ ਥਾਂ ਘਰ ਦੇ ਓਹੜ-ਪੋਹੜ ਨਾਲ ਹੀ ਠੀਕ ਹੋ ਜਾਂਦੇ ਸਨ।

ਸਮੇਂ ਦੇ ਬਦਲਣ ਨਾਲ ਮਨੁੱਖੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਗਈ ਹੈ ਤੇ ਨਿੱਤ ਤਬਦੀਲੀ ਵਾਪਰ ਰਹੀ ਹੈ। ਵਿਗਿਆਨਕ ਖੋਜਾਂ ਤੇ ਤਕਨੀਕੀ ਖੇਤਰ ਵਿੱਚ ਹੋਏ ਹੈਰਾਨੀਜਨਕ ਵਿਕਾਸ ਨੇ ਮਨੁੱਖੀ ਜੀਵਨ ਨੂੰ ਬਹੁਤ ਸੁਖਾਵਾਂ ਬਣਾ ਦਿੱਤਾ ਹੈ। ਮਨੁੱਖ ਦਾ ਖਾਣ-ਪੀਣ, ਪਹਿਰਾਵਾ, ਕੰਮ-ਧੰਦੇ, ਸੋਚ-ਵਿਚਾਰ, ਵਰਤੋਂ-ਵਿਹਾਰ ਵਿੱਚ ਬਹੁਤ ਵੱਡੀ ਪੱਧਰ 'ਤੇ ਤਬਦੀਲੀ ਆ ਚੁੱਕੀ ਹੈ। ਕਦੇ ਸਾਡੀਆਂ ਲੋਕ-ਸਿਆਣਪਾਂ ਵਿੱਚ ਕਿਹਾ ਜਾਂਦਾ ਸੀ ਕਿ 'ਖਾਈਏ ਮਨ ਭਾਉਂਦਾ ਤੇ ਪਹਿਨੀਏ ਜੱਗ ਭਾਉਂਦਾ।' ਅੱਜ ਦੇ ਸਮਾਜਿਕ ਵਰਤਾਰੇ ਵਿੱਚ ਇਹ ਧਾਰਨਾ ਬਿਲਕੁਲ ਉਲਟ-ਪੁਲਟ ਹੋ ਚੁੱਕੀ ਹੈ। ਅੱਜ ਦੀ ਤਰੀਕ ਵਿੱਚ ਬਹੁ-ਗਿਣਤੀ ਆਪਣੇ ਦੇਸੀ ਖਾਣੇ ਤਿਆਗ ਕੇ ਵਿਦੇਸ਼ੀ ਖਾਣੇ ਖਾ ਕੇ ਖ਼ੁਸ਼ੀ ਮਹਿਸੂਸ ਕਰਦੀ ਹੈ। ਆਮ ਰੁਝਾਨ ਇਹ ਹੈ ਕਿ ਘਰਾਂ ਵਿੱਚ ਤਿਆਰ ਕੀਤੇ ਖਾਣੇ ਖਾਣ ਦੀ ਥਾਂ, ਬੱਚੇ ਤੇ ਨੌਜਵਾਨ ਵਰਗ ਪਿਜ਼ੇ, ਬਰਗਰ, ਨੂਡਲਜ਼, ਫਰੈਂਚ-ਫਰਾਈਜ਼ ਤੇ ਕਈ ਤਰ੍ਹਾਂ ਦੇ ਕੋਲਡ-ਡਰਿੰਕ ਦੀ ਵਰਤੋਂ ਦੇ ਆਦੀ ਬਣਦੇ ਜਾ ਰਹੇ ਹਨ।

**ਕੁਦਰਤ ਨਾਲੋਂ ਟੁੱਟ ਕੇ ਮਨੁੱਖ ਦੀ ਸਿਹਤਮੰਦ ਜੀਵਨਸ਼ੈਲੀ ਲੋਪ ਹੋ ਗਈ ਹੈ। ਵਿਕਾਸ ਦਾ ਇਹ ਮਾਡਲ ਵੀ ਮਨੁੱਖ-ਵਿਰੋਧੀ ਹੈ, ਜਿਸ ਕਾਰਨ ਮਨੁੱਖ ਅਨੇਕਾਂ ਸੰਕਟਾਂ ਵਿੱਚ ਘਿਰਦਾ ਜਾ ਰਿਹਾ ਹੈ। ਅਜੋਕੇ ਸਮਿਆਂ ਦੀ ਜੀਵਨਸ਼ੈਲੀ ਨੇ ਮਨੁੱਖ ਕੋਲੋਂ ਬਹੁਤ ਕੁੱਝ ਖੋਹ ਲਿਆ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਤੰਦਰੁਸਤੀ ਨਾਲ ਹੀ ਇਹ ਜਹਾਨ ਸੋਹਣਾ ਤੇ ਖ਼ੁਸ਼ਗਵਾਰ ਲੱਗਦਾ ਹੈ। ਜੀਵਨ ਦੀ ਹਰ ਪ੍ਰਕਿਰਿਆ ਤੇ ਖ਼ੁਸ਼ੀ ਸਿਹਤਮੰਦ ਤੇ ਨਰੋਏ ਜੀਵਨ ਨਾਲ ਹੀ ਜੁੜੀ ਹੋਈ ਹੈ।**

ਇਨ੍ਹਾਂ ਖਾਣਿਆਂ ਵਿੱਚ ਵਧੇਰੇ ਕਰਕੇ ਮੈਦੇ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਬਾਰੇ ਮਾਹਿਰਾਂ ਦੀ ਰਾਏ ਹੈ ਕਿ ਇਸ ਦੀ ਵਰਤੋਂ ਸਿਹਤ ਲਈ ਨੁਕਸਾਨਦੇਹ ਹੈ। ਅਸਲ ਵਿੱਚ ਘਰ ਦਾ ਸਾਦਾ ਤੇ ਪੌਸ਼ਟਿਕ ਖਾਣਾ ਹੀ ਬਿਹਤਰ ਹੈ, ਪਰ ਬਦਲ ਰਹੇ ਸਮਿਆਂ ਦੇ ਰੁਝਾਨ ਕਾਰਨ ਹੁਣ ਵੱਡੀ ਗਿਣਤੀ ਵਿੱਚ ਲੋਕ ਹੋਟਲਾਂ, ਰੈਸਟੋਰੈਂਟਾਂ ਵਿੱਚ ਖਾਣਾ ਖਾਣ ਨੂੰ ਤਰਜੀਹ ਦੇ ਰਹੇ ਹਨ।

ਅਜੋਕੇ ਸਮਿਆਂ ਵਿੱਚ ਮਨੁੱਖ ਨੇ ਆਪਣੀ ਜੀਵਨਸ਼ੈਲੀ ਵਿੱਚ ਹਰ ਤਰ੍ਹਾਂ ਦੀ ਸੁੱਖ-ਸਹੂਲਤ ਪੈਦਾ ਕਰ ਲਈ ਹੈ। ਬਹੁਤ ਘੱਟ ਲੋਕ ਹੱਥੀਂ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ। ਪਿੰਡਾਂ ਵਿੱਚ ਤਾਂ ਹੁਣ ਕਿਸਾਨ ਪਰਿਵਾਰਾਂ ਦੀ ਨਵੀਂ ਪੀੜ੍ਹੀ, ਖੇਤੀ-ਬਾੜੀ ਦਾ ਕੋਈ ਕੰਮ ਹੱਥੀਂ ਕਰਨ ਲਈ ਤਿਆਰ ਹੀ ਨਹੀਂ। ਖੇਤੀ ਦੇ ਸਾਰੇ ਕੰਮ ਕਾਮਿਆਂ 'ਤੇ ਨਿਰਭਰ ਹੋ ਗਏ ਹਨ। ਪੈਦਲ ਤੁਰਨ ਦਾ ਤਾਂ ਰੁਝਾਨ ਹੀ ਨਹੀਂ ਰਿਹਾ। ਖੇਤ ਵਿੱਚ ਬਿਜਲੀ ਦੀ ਮੋਟਰ ਚਲਾਉਣ ਜਾਣ ਲਈ ਵੀ ਮੋਟਰਸਾਈਕਲਾਂ ਦੀਆਂ ਗੂੰਜਾਂ ਪੈਂਦੀਆ ਹਨ। ਦੋ ਚਾਰ ਕਿਲੋਮੀਟਰ 'ਤੇ ਜਾਣ ਲਈ ਵੀ ਬਹੁਤੇ ਲੋਕ ਕਿਸੇ ਬੱਸ, ਆਟੋ ਦੀ ਉਡੀਕ ਵਿੱਚ ਕਿੰਨਾ ਸਮਾਂ ਬਰਬਾਦ ਕਰ ਦਿੰਦੇ ਹਨ, ਪਰ ਤੁਰ ਕੇ ਜਾਣ ਦਾ ਹੌਸਲਾ ਨਹੀਂ ਕਰਦੇ। ਅਸਲ ਵਿੱਚ ਅੱਜ ਸਾਡੀ ਖ਼ੁਰਾਕ ਵਿੱਚ ਮਠਿਆਈਆਂ, ਕੇਕ, ਪੇਸਟਰੀਆਂ, ਤੇਲ-ਯੁਕਤ ਪਕਵਾਨ, ਠੰਢੇ, ਸ਼ਰਾਬ ਤੇ ਅਜਿਹੇ ਹੋਰ ਪਦਾਰਥ ਵੱਡੀ ਮਾਤਰਾ ਵਿੱਚ ਵਰਤਣ ਦਾ ਰੁਝਾਨ ਪੈਦਾ ਹੋ ਚੁੱਕਾ ਹੈ। ਮਾਹਿਰਾਂ ਅਨੁਸਾਰ ਇਹ ਸਾਰੇ ਪਦਾਰਥ ਨਰੋਈ ਸਿਹਤ ਦੇ ਦੁਸ਼ਮਣ ਹਨ। ਖ਼ੁਰਾਕ ਬਹੁਤ ਭਾਰੀ ਖਾਧੀ ਜਾ ਰਹੀ ਹੈ, ਪਰ ਇਸ ਨੂੰ ਹਜ਼ਮ ਕਰਨ ਲਈ ਮਿਹਨਤ ਨਾਲ ਕੰਮ ਕਰਨ ਦੀ ਪ੍ਰਵਿਰਤੀ ਬਹੁਤ ਘੱਟ ਹੈ। ਸੈਰ ਵੀ ਬਹੁਤੇ ਲੋਕ ਉਦੋਂ ਕਰਨ ਲੱਗਦੇ ਹਨ, ਜਦੋਂ ਕਿਸੇ ਬਿਮਾਰੀ ਕਾਰਨ ਡਾਕਟਰ ਅਜਿਹਾ ਕਰਨ ਦੀ ਹਦਾਇਤ ਕਰਦੇ ਹਨ। ਸ਼ੂਗਰ, ਬੀਪੀ, ਦਿਲ ਦੇ ਰੋਗ, ਮਿਹਦੇ ਤੇ ਜਿਗਰ ਦੀਆਂ ਬਿਮਾਰੀਆਂ ਲਗਾਤਾਰ ਵਧ ਰਹੀਆਂ ਹਨ। ਪਿੱਛੇ ਜਿਹੇ ਹੋਏ ਇੱਕ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਭਾਰਤ ਛੇਤੀ ਹੀ ਹਾਈ ਬਲੈਂਡ ਪ੍ਰੈਸ਼ਰ ਦੇ ਮਰੀਜ਼ਾਂ ਦਾ ਗੜ੍ਹ ਬਣ ਜਾਣਾ ਹੈ। ਦੇਸ਼ ਵਿੱਚ 24% ਪੁਰਸ਼ ਤੇ 21% ਔਰਤਾਂ ਵਧਦੇ ਖ਼ੂਨ ਦੇ ਦਬਾਅ ਤੋਂ ਪੀੜਤ ਹਨ। ਅਕਸਰ ਪੰਜਾਬੀਆਂ ਨੂੰ ਸਿਹਤਮੰਦ ਤੇ ਨਰੋਏ ਮੰਨਿਆ ਜਾਂਦਾ ਹੈ, ਪਰ ਹੁਣ ਇੱਥੇ ਵੀ ਸਭ ਅੱਛਾ ਨਹੀਂ ਹੈ। ਪੰਜਾਬ ਵਿੱਚ 37.7% ਮਰਦ ਹਾਈ ਬਲੱਡ-ਪ੍ਰੈਸ਼ਰ ਦੇ ਸ਼ਿਕਾਰ ਹਨ ਤੇ ਇਹ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਪੰਜਾਬ ਵਿੱਚ ਤਾਂ ਕੈਂਸਰ-ਪੀੜਤਾਂ ਦੀ ਗਿਣਤੀ ਵੀ ਦੇਸ਼ ਦੀ ਰਾਸ਼ਟਰੀ ਔਸਤ ਤੋਂ ਵੱਧ ਹੈ। ਪਿਛਲੇ ਦਸ ਸਾਲਾਂ ਵਿੱਚ ਇਸ ਭਿਆਨਕ ਰੋਗ ਨੇ ਪੰਜਾਬੀਆਂ ਨੂੰ ਆਪਣੀ ਲਪੇਟ ਵਿੱਚ ਜਕੜ ਲਿਆ ਹੈ। ਅੰਕੜੇ ਤਾਂ ਏਨੇ ਡਰਾਉਣੇ ਹਨ ਕਿ ਪੜ੍ਹ-ਸੁਣ ਕੇ ਤਰਾਹ ਨਿਕਲਦਾ ਹੈ। ਪੰਜਾਬ ਵਿੱਚ ਕੈਂਸਰ ਦੇ ਪ੍ਰਕੋਪ ਕਾਰਨ ਰੋਜ਼ਾਨਾ 65 ਵਿਅਕਤੀ ਮੌਤ ਦਾ ਸ਼ਿਕਾਰ ਹੋ ਰਹੇ ਹਨ। 2022 ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਕੈਂਸਰ ਨਾਲ 23,300 ਮੌਤਾਂ ਹੋਈਆਂ ਹਨ। ਇਸ ਤਰ੍ਹਾਂ ਹੀ ਸ਼ੂਗਰ ਦੇ ਮਰੀਜ਼ਾਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। ਸਰੀਰਕ ਮਿਹਨਤ ਤੇ ਕਸਰਤ ਨਾ ਕਰਨ ਦੇ ਸਿੱਟੇ ਵਜੋਂ ਬਹੁਤੇ ਲੋਕਾਂ ਨੂੰ ਉਦੋਂ ਹੀ ਪਤਾ ਲੱਗਦਾ ਹੈ, ਜਦੋਂ ਜੀਵਨ ਦੀ ਗੱਡੀ ਲੀਹੋਂ ਲਹਿ ਜਾਂਦੀ ਹੈ।

ਪੰਜਾਬ ਦੇ ਵਿਆਹ-ਸ਼ਾਦੀਆਂ ਤੇ ਹੋਰ ਸਮਾਗਮਾਂ ਵਿੱਚ ਕਈ ਤਰ੍ਹਾਂ ਦੇ ਭੋਜਨ ਪਰੋਸੇ ਜਾਂਦੇ ਹਨ। ਜੇ ਕੇਵਲ ਇਨ੍ਹਾਂ ਦਾ ਸੁਆਦ ਹੀ ਦੇਖਣਾ ਹੋਵੇ ਤਾਂ ਬੰਦਾ ਰੱਜ ਜਾਂਦਾ ਹੈ। ਵੰਨ-ਸੁਵੰਨੇ ਖਾਣਿਆਂ ਦੇ ਸਟਾਲ ਦੇਖ ਕੇ ਅਕਸਰ ਅਸੀਂ ਉਨ੍ਹਾਂ ਦਾ ਸਵਾਦ ਚੱਖਣ ਲਈ ਬਿਹਬਲ ਹੋ ਉੱਠਦੇ ਹਾਂ। ਥੋੜ੍ਹੇ ਸਮੇਂ ਵਿੱਚ ਲੋੜ ਤੋਂ ਵੱਧ ਖਾਣ ਦਾ ਲਾਹਾ ਲੈਣ ਕਾਰਨ ਅਸੀਂ ਬਦਹਜ਼ਮੀ ਦਾ ਸ਼ਿਕਾਰ ਹੋ ਜਾਂਦੇ ਹਾਂ। ਸਖ਼ਤ ਮਿਹਨਤ ਕਰਨ ਦਾ ਤਾਂ ਹੁਣ ਰੁਝਾਨ ਹੀ ਨਹੀਂ ਹੈ। ਪੈਰੀਂ ਤੁਰਨਾ ਵੀ ਅਸੀਂ ਭੁੱਲ ਹੀ ਗਏ ਹਾਂ। ਅਨੇਕਾਂ ਸੁੱਖ-ਸਹੂਲਤਾਂ ਨੇ ਸਾਨੂੰ ਕਈ ਤਰ੍ਹਾਂ ਦੇ ਰੋਗਾਂ ਦਾ ਸ਼ਿਕਾਰ ਬਣਾ ਦਿੱਤਾ ਹੈ। ਹਰ ਛੋਟੇ ਵੱਡੇ ਸ਼ਹਿਰ ਵਿੱਚ ਹਸਪਤਾਲਾਂ ਦੀ ਭਰਮਾਰ ਹੈ। ਕਿਸੇ ਹਸਪਤਾਲ ਵਿੱਚ ਚਲੇ ਜਾਓ, ਤਿਲ ਸੁੱਟਣ ਦੀ ਥਾਂ ਨਹੀਂ ਹੁੰਦੀ। ਬੰਦਾ ਹੈਰਾਨ ਹੋ ਜਾਂਦਾ ਹੈ ਕਿ ਏਨੇ ਮਰੀਜ਼। ਮਰੀਜ਼ਾਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ ਤੇ ਹਸਪਤਾਲਾਂ ਦੀਆਂ ਇਮਾਰਤਾਂ ਵੀ ਕਈ ਕਈ ਮੰਜ਼ਿਲਾਂ ਤੱਕ ਵਧ ਰਹੀਆਂ ਹਨ। ਸ਼ਾਇਦ ਹੀ ਕੋਈ ਘਰ ਹੋਵੇ ਜਿੱਥੇ ਹਰ ਮਹੀਨੇ ਦੋ-ਚਾਰ ਹਜ਼ਾਰ ਦੀ ਦਵਾਈ ਨਾ ਆਉਂਦੀ ਹੋਵੇ।

ਕੁਦਰਤ ਨਾਲੋਂ ਟੁੱਟ ਕੇ ਮਨੁੱਖ ਦੀ ਸਿਹਤਮੰਦ ਜੀਵਨਸ਼ੈਲੀ ਲੋਪ ਹੋ ਗਈ ਹੈ। ਵਿਕਾਸ ਦਾ ਇਹ ਮਾਡਲ ਵੀ ਮਨੁੱਖ-ਵਿਰੋਧੀ ਹੈ, ਜਿਸ ਕਾਰਨ ਮਨੁੱਖ ਅਨੇਕਾਂ ਸੰਕਟਾਂ ਵਿੱਚ ਘਿਰਦਾ ਜਾ ਰਿਹਾ ਹੈ। ਅਜੋਕੇ ਸਮਿਆਂ ਦੀ ਜੀਵਨਸ਼ੈਲੀ ਨੇ ਮਨੁੱਖ ਕੋਲੋਂ ਬਹੁਤ ਕੁੱਝ ਖੋਹ ਲਿਆ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਤੰਦਰੁਸਤੀ ਨਾਲ ਹੀ ਇਹ ਜਹਾਨ ਸੋਹਣਾ ਤੇ ਖ਼ੁਸ਼ਗਵਾਰ ਲੱਗਦਾ ਹੈ। ਜੀਵਨ ਦੀ ਹਰ ਪ੍ਰਕਿਰਿਆ ਤੇ ਖ਼ੁਸ਼ੀ ਸਿਹਤਮੰਦ ਤੇ ਨਰੋਏ ਜੀਵਨ ਨਾਲ ਹੀ ਜੁੜੀ ਹੋਈ ਹੈ।

ਸੰਪਰਕ: 98153-56086



# ਰੇਡੀਓ ਦੀ ਅੱਜ ਵੀ ਬੱਲੇ ਬੱਲੇ

**ਗੁਰਪ੍ਰੀਤ ਸਿੰਘ ਤੰਗੌਰੀ**
98720-10560

ਰੇਡੀਓ ਅੱਜ ਵੀ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਕਈ ਦਹਾਕੇ ਪਹਿਲਾਂ ਰੇਡੀਓ ਦੀ ਸ਼ੁਰੂਆਤ ਸੰਚਾਰ ਦੀ ਦੁਨੀਆ ਵਿੱਚ ਇੱਕ ਮੀਲ ਪੱਥਰ ਸਾਬਿਤ ਹੋਈ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਵਿੱਚ ਰੇਡੀਓ ਵੱਖ ਵੱਖ ਰੰਗਾਂ ਵਿੱਚ ਸਾਡੇ ਸਾਹਮਣੇ ਆਉਂਦਾ ਰਿਹਾ ਹੈ। ਸਮੇਂ ਸਮੇਂ 'ਤੇ ਇਹ ਭੁਲੇਖੇ ਜ਼ਰੂਰ ਪੈਂਦੇ ਰਹੇ ਕਿ ਸ਼ਇਦ ਇਹ ਬੀਤੇ ਸਮੇਂ ਦੀ ਗੱਲ ਹੋ ਕੇ ਰਹਿ ਜਾਵੇਗਾ, ਪਰ ਇਸ ਦੀ ਹਰਮਨ ਪਿਆਰਤਾ ਕਦੇ ਵੀ ਘੱਟ ਨਹੀਂ ਹੋਈ। ਤੇਰਾਂ ਫਰਵਰੀ ਨੂੰ ਵਿਸ਼ਵ ਰੇਡੀਓ ਦਿਵਸ ਵਜੋਂ ਮਨਾਇਆ ਜਾਂਦਾ ਹੈ। ਦਰਅਸਲ, ਤੇਰਾਂ ਫਰਵਰੀ 1946 ਉਹ ਦਿਨ ਸੀ ਜਦੋਂ ਅਮਰੀਕਾ ਵਿੱਚ ਪਹਿਲੀ ਵਾਰ ਰੇਡੀਓ ਪ੍ਰਸਾਰਣ ਰਾਹੀਂ ਸੰਦੇਸ਼ ਭੇਜਿਆ ਗਿਆ ਅਤੇ ਸੰਯੁਕਤ ਰਾਸ਼ਟਰ ਦਾ ਰੇਡੀਓ ਸ਼ੁਰੂ ਹੋਇਆ ਸੀ। ਇਸੇ ਲਈ ਰੇਡੀਓ ਦੀ ਵਰ੍ਹੇਗੰਢ 'ਤੇ ਸੰਯੁਕਤ ਰਾਸ਼ਟਰ ਵੱਲੋਂ ਵਿਸ਼ਵ ਰੇਡੀਓ ਦਿਵਸ ਮਨਾਇਆ ਜਾਣ ਲੱਗਾ।

ਅੱਜ ਸੰਚਾਰ ਦੀ ਦੁਨੀਆ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ, ਜੋ ਅੱਜ ਹੈ ਉਹ ਕੱਲ੍ਹ ਨਹੀਂ ਹੋਵੇਗਾ। ਇਸ ਦੇ ਬਾਵਜੂਦ ਰੇਡੀਓ ਨੂੰ ਉਸ ਦੀ ਥਾਂ ਤੋਂ ਕੋਈ ਵੀ ਸਾਧਨ ਹਿਲਾ ਨਹੀਂ ਸਕਿਆ। ਇੰਟਰਨੈੱਟ, ਮੋਬਾਈਲ ਵਰਗੇ ਸਾਧਨਾਂ ਦੇ ਬਾਵਜੂਦ ਰੇਡੀਓ ਸੁਣਨ ਵਾਲਿਆਂ ਦੀ ਤਾਦਾਦ ਲੱਖਾਂ ਵਿੱਚ ਹੈ। ਪੱਛਮੀ ਮੁਲਕਾਂ ਵਿੱਚ ਤਾਂ ਸੂਚਨਾ ਦਾ ਵੱਡਾ ਸਾਧਨ ਰੇਡੀਓ ਨੂੰ ਮੰਨਿਆ ਜਾਂਦਾ ਹੈ।

ਇਸ ਦੀ ਖੋਜ ਗੱਲ ਕਰੀਏ ਤਾਂ ਦੋ ਵਿਗਿਆਨੀਆਂ ਜੇਮਜ਼ ਕਲਾਰਕ ਮੈਕਸਵੈੱਲ ਅਤੇ ਮਾਈਕਲ ਫੈਰਾਡੇ ਨੇ ਬਿਜਲੀ-ਚੁੰਬਕੀ ਤਰੰਗਾਂ ਭਾਵ ਇਲੈੱਕਟਰੋਮੈਗਨੈਟਿਕ ਵੇਵਜ਼ ਦੀ ਖੋਜ ਕੀਤੀ ਸੀ। ਇਨ੍ਹਾਂ ਤਰੰਗਾਂ ਦੇ ਆਧਾਰ 'ਤੇ ਇਟਲੀ ਦੇ ਗੁਗਲਿਏਮੋ ਮਾਰਕੋਨੀ ਨੇ 1901 ਵਿੱਚ ਰੇਡੀਓ ਦੀ ਖੋਜ ਕੀਤੀ। ਲੰਮੀ ਦੂਰੀ ਦਾ ਰੇਡੀਓ ਪ੍ਰਸਾਰਣ ਵੀ ਇਸੇ ਵਿਗਿਆਨੀ ਦੀ ਦੇਣ ਹੈ। ਰੇਡੀਓ ਦੀ ਕਾਢ ਆਪਣੇ ਆਪ ਵਿੱਚ ਮੀਲ-ਪੱਥਰ ਸੀ ਅਤੇ ਹੋਰ ਸਾਧਨਾਂ ਲਈ ਵੀ ਰਾਹ ਦਸੇਰਾ ਬਣੀ। ਰੇਡੀਓ ਦੀ ਖੋਜ ਨੇ ਟੇਪ ਰਿਕਾਰਡਰ ਅਤੇ ਟੈਲੀਵਿਜ਼ਨ ਆਦਿ ਜਿਹੀਆਂ ਹੋਰ ਬਹੁਤ ਸਾਰੀਆਂ ਖੋਜਾਂ ਲਈ ਇੱਕ ਪ੍ਰੇਰਕ ਦਾ ਕੰਮ ਕੀਤਾ। ਰੇਡੀਓ ਤੋਂ ਬਾਅਦ ਟੈਲੀਵਿਜ਼ਨ ਦੀ ਕਾਢ ਤੋਂ ਲੈ ਹੁਣ ਮੋਬਾਈਲ, ਜੀਪੀਐੱਸ ਵਰਗੇ ਸਭ ਸਾਧਨ ਰੇਡੀਓ ਤਰੰਗਾਂ 'ਤੇ ਹੀ ਕੰਮ ਕਰਦੇ ਹਨ। ਸਮੇਂ-ਸਮੇਂ 'ਤੇ ਸੰਚਾਰ, ਮਨੋਰੰਜਨ ਦੇ ਸਾਧਨ ਤਾਂ ਆਉਂਦੇ ਗਏ, ਪਰ ਰੇਡੀਓ ਦੀ ਥਾਂ ਕੋਈ ਨਹੀਂ ਲੈ ਸਕਿਆ। ਇੱਕ ਸਮੇਂ ਟੈਲੀਵਿਜ਼ਨ ਦੀ ਕਾਢ ਨਾਲ ਇਹ ਭੁਲੇਖਾ ਜ਼ਰੂਰ ਪਿਆ ਸੀ ਕਿ ਸ਼ਾਇਦ ਹੁਣ ਰੇਡੀਓ ਦੇ ਦਿਨ ਲੱਦ ਜਾਣਗੇ, ਪਰ ਇਹ ਅੱਜ ਵੀ ਦੁਨੀਆ ਵਿੱਚ ਸਭ ਤੋਂ ਵੱਧ ਸੁਣਿਆ ਜਾਣ ਵਾਲਾ ਸਾਧਨ ਹੈ।

**ਰੇਡੀਓ ਸਿਰਫ਼ ਮਨੋਰੰਜਨ ਹੀ ਨਹੀਂ ਕਰਦਾ ਸਗੋਂ ਅੱਜ ਵੀ ਖ਼ਬਰਾਂ ਜਾਂ ਸੂਚਨਾਵਾਂ ਦਾ ਵੱਡਾ ਤੇ ਪਰਿਪੱਕ ਸਰੋਤ ਹੈ। ਬਹੁਤ ਸਾਰੇ ਗਾਇਕਾਂ ਅਤੇ ਲੋਕ ਕਲਾਵਾਂ ਨੂੰ ਮੰਚ ਮੁਹੱਈਆ ਕਰਵਾਉਣ ਦਾ ਸਿਹਰਾ ਵੀ ਇਸੇ ਨੂੰ ਹੀ ਜਾਂਦਾ ਹੈ। ਵਿਕਸਤ ਮੁਲਕਾਂ ਦੀ ਗੱਲ ਕਰੀਏ ਤਾਂ ਉੱਥੇ ਰੇਡੀਓ ਸਭ ਤੋਂ ਵੱਧ ਸੁਣਿਆ ਜਾਂਦਾ ਹੈ। ਇਹ ਟਰੱਕ ਤੇ ਮੋਟਰ ਚਾਲਕਾਂ ਨੂੰ ਮੌਸਮੀ ਤਬਦੀਲੀਆਂ ਜਾਂ ਰਾਹ ਵਿੱਚ ਉਤਪੰਨ ਅੜਿੱਕਿਆਂ ਬਾਰੇ ਅਗੇਤੀ ਜਾਣਕਾਰੀ ਦੇਣ ਦਾ ਬਿਹਤਰੀਨ ਵਸੀਲਾ ਹੈ।**

ਸੰਸਾਰ ਵਿੱਚ ਇਸ ਵੇਲੇ ਲਗਭਗ 44,000 ਤੋਂ ਵੱਧ ਰੇਡੀਓ ਸਟੇਸ਼ਨ ਹਨ। ਦੁਨੀਆ ਦਾ ਪਹਿਲਾ ਰੇਡੀਓ ਸਟੇਸ਼ਨ 1920 ਵਿੱਚ ਅਮਰੀਕਾ ਦੇ ਸ਼ਹਿਰ ਪਿਟਸਬਰਗ ਵਿੱਚ ਸ਼ੁਰੂ ਹੋਇਆ ਸੀ। ਭਾਰਤ ਵਿੱਚ ਸਭ ਤੋਂ ਪਹਿਲਾਂ 23 ਜੁਲਾਈ 1927 ਨੂੰ ਦੋ ਪ੍ਰਾਈਵੇਟ ਕੰਪਨੀਆਂ ਵੱਲੋਂ ਕਲਕੱਤੇ ਤੇ ਬੰਬਈ ਵਿੱਚ ਰੇਡੀਓ ਰਾਹੀਂ ਪ੍ਰਸਾਰਣ ਸ਼ੁਰੂ ਹੋਏ ਜਦੋਂਕਿ 1 ਮਾਰਚ 1930 ਤੋਂ ਪ੍ਰਸਾਰ ਭਾਰਤੀ ਸ਼ੁਰੂ ਹੋਇਆ ਜਿਸ ਨੂੰ 8 ਜੂਨ 1936 ਨੂੰ ਆਲ ਇੰਡੀਆ ਰੇਡੀਓ ਦਾ ਨਾਂ ਦਿੱਤਾ ਗਿਆ। ਦੇਸ਼ ਆਜ਼ਾਦ ਹੋਣ ਮਗਰੋਂ ਇਸ ਨੂੰ ਅਕਾਸ਼ਵਾਣੀ ਦਾ ਨਾਮ ਦਿੱਤਾ ਗਿਆ। 1947 ਦੀ ਭਾਰਤ-ਪਾਕਿ ਵੰਡ ਵੇਲੇ ਦੇਸ਼ ਵਿੱਚ ਨੌਂ ਰੇਡੀਓ ਸਟੇਸ਼ਨ ਸਨ ਜਿਨ੍ਹਾਂ ਵਿੱਚੋਂ ਤਿੰਨ ਪਾਕਿਸਤਾਨ ਅਤੇ ਛੇ ਭਾਰਤ ਵਿੱਚ ਰਹਿ ਗਏ। ਭਾਰਤ ਵਿੱਚ 3 ਜੂਨ 1957 ਨੂੰ ਵਿਵਿਧ ਭਾਰਤੀ ਤੇ 23 ਜੁਲਾਈ 1977 ਨੂੰ ਐੱਫਐੱਮ ਰੇਡੀਓ ਸਟੇਸ਼ਨ ਦੀ ਸ਼ੁਰੂਆਤ ਹੋਈ ਸੀ।

ਰੇਡੀਓ ਸਿਰਫ਼ ਮਨੋਰੰਜਨ ਹੀ ਨਹੀਂ ਕਰਦਾ ਸਗੋਂ ਅੱਜ ਵੀ ਖ਼ਬਰਾਂ ਜਾਂ ਸੂਚਨਾਵਾਂ ਦਾ ਵੱਡਾ ਤੇ ਪਰਿਪੱਕ ਸਰੋਤ ਹੈ। ਬਹੁਤ ਸਾਰੇ ਗਾਇਕਾਂ ਅਤੇ ਲੋਕ ਕਲਾਵਾਂ ਨੂੰ ਮੰਚ ਮੁਹੱਈਆ ਕਰਵਾਉਣ ਦਾ ਸਿਹਰਾ ਵੀ ਇਸੇ ਨੂੰ ਹੀ ਜਾਂਦਾ ਹੈ। ਵਿਕਸਤ ਮੁਲਕਾਂ ਦੀ ਗੱਲ ਕਰੀਏ ਤਾਂ ਉੱਥੇ ਰੇਡੀਓ ਸਭ ਤੋਂ ਵੱਧ ਸੁਣਿਆ ਜਾਂਦਾ ਹੈ। ਇਹ ਟਰੱਕ ਤੇ ਮੋਟਰ ਚਾਲਕਾਂ ਨੂੰ ਮੌਸਮੀ ਤਬਦੀਲੀਆਂ ਜਾਂ ਰਾਹ ਵਿੱਚ ਉਤਪੰਨ ਅੜਿੱਕਿਆਂ ਬਾਰੇ ਅਗੇਤੀ ਜਾਣਕਾਰੀ ਦੇਣ ਦਾ ਬਿਹਤਰੀਨ ਵਸੀਲਾ ਹੈ।

ਅੱਜ ਵੱਡੀਆਂ-ਵੱਡੀਆਂ ਮੋਬਾਈਲ ਨਿਰਮਾਤਾ ਕੰਪਨੀਆਂ ਨੂੰ ਵੀ ਫੋਨ ਵਿੱਚ ਰੇਡੀਓ ਦੀ ਸਹੂਲਤ ਦੇਣੀ ਪੈਂਦੀ ਹੈ। ਇਸ ਤੋਂ ਬਿਨਾਂ ਬਹੁਤ ਸਾਰੇ ਮੋਬਾਈਲ ਐਪਸ ਰਾਹੀਂ ਦੁਨੀਆ ਦੇ ਕਿਸੇ ਵੀ ਦੇਸ਼ ਦਾ ਰੇਡੀਓ, ਜੋ ਇੰਟਰਨੈੱਟ 'ਤੇ ਹੋਵੇ, ਸੁਣਿਆ ਜਾ ਸਕਦਾ ਹੈ। ਮੋਬਾਈਲ ਫੋਨਾਂ ਵਿੱਚ ਰੇਡੀਓ ਹੋਣ ਕਰਕੇ ਨੌਜਵਾਨਾਂ ਸਮੇਤ ਵੱਡਾ ਵਰਗ ਇਸ ਨਾਲ ਜੁੜਿਆ ਹੋਇਆ ਹੈ। 1965-71 ਦੀਆਂ ਭਾਰਤ-ਪਾਕਿ ਜੰਗਾਂ ਵੇਲੇ ਰੇਡੀਓ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। ਉਦੋਂ ਰੇਡੀਓ ਹੀ ਇੱਕ ਮਾਧਿਅਮ ਸੀ ਜਿਸ ਰਾਹੀਂ ਦੂਰ-ਦੁਰਾਡੇ ਸੁਨੇਹਾ ਭੇਜਿਆ ਸਕਦਾ ਸੀ। ਰੇਡੀਓ ਦੀ ਖੋਜ ਕਰਨ ਵਾਲੇ ਇਟਲੀ ਦੇ ਵਿਗਿਆਨੀ ਗੁਗਲਿਏਮੋ ਮਾਰਕੋਨੀ ਦੇ ਜ਼ਿਕਰ ਤੋਂ ਬਿਨਾਂ ਰੇਡੀਓ ਦਿਵਸ ਅਧੂਰਾ ਹੈ, ਜਿਸ ਨੇ ਪਹਿਲੀ ਵਾਰ ਬਿਨਾਂ ਤਾਰਾਂ ਤੋਂ ਇੱਕ ਸਿਗਨਲ, ਇੰਗਲਿਸ਼ ਚੈਨਲ ਤੋਂ ਪਾਰ ਭੇਜਣ ਵਿੱਚ ਕਾਮਯਾਬੀ ਹਾਸਲ ਕੀਤੀ। 1995 ਨੂੰ ਜਪਾਨ ਵਿੱਚ ਜ਼ਬਰਦਸਤ ਭੂਚਾਲ ਅਤੇ 2004 ਵਿੱਚ ਭਾਰਤ ਅੰਦਰ ਸੁਨਾਮੀ ਸਮੇਂ ਰੇਡੀਓ ਨੈੱਟਵਰਕ ਨੇ ਜਾਣਕਾਰੀ ਦੇਣ ਵਿੱਚ ਅਹਿਮ ਰੋਲ ਨਿਭਾਇਆ। ਅੱਜ ਦੁਨੀਆ ਵਿੱਚ ਰੇਡੀਓ ਦੀ ਸਰਦਾਰੀ ਹੈ।

ਰੇਡੀਓ ਦੀ ਅਹਿਮੀਅਤ ਸਿਰਫ਼ ਇਸ ਨੂੰ ਮੁਹੱਬਤ ਕਰਨ ਵਾਲੇ ਸਮਝ ਸਕਦੇ ਹਨ। ਬੇਸ਼ੱਕ, ਅੱਜ ਰੇਡੀਓ ਨੂੰ ਸਿਆਸੀ ਪਾਰਟੀਆਂ ਦੀ ਇਸ਼ਤਿਹਾਰਬਾਜ਼ੀ ਲਈ ਵਰਤਿਆ ਜਾ ਰਿਹਾ ਹੈ। ਇਸ ਦੇ ਪ੍ਰੋਗਰਾਮਾਂ 'ਤੇ ਕੱਟ ਲਾ ਕੇ ਇਸ਼ਤਿਹਾਰਬਾਜ਼ੀ ਕਰਨ ਦੀ ਥਾਂ ਇਸ ਨੂੰ ਮਕਬੂਲ ਤੇ ਦਿਲਚਸਪ ਬਣਾਈ ਰੱਖਣ ਦੀ ਬਹੁਤ ਲੋੜ ਹੈ।

# ਮਨੁੱਖ ਦੇ ਲਾਲਚ ਤੇ ਖ਼ੁਦਗਰਜ਼ੀਆਂ ਦਾ ਸੰਸਾਰ

**ਗੁਰਚਰਨ ਸਿੰਘ ਨੂਰਪੁਰ**



ਲਿਓ ਤਾਲਸਤਾਏ ਦੀ ਇੱਕ ਬੜੀ ਮਸ਼ਹੂਰ ਕਹਾਣੀ ਹੈ। ਕਹਾਣੀ ਦਾ ਮੁੱਖ ਪਾਤਰ ਆਪਣੀ ਥੋੜ੍ਹੀ ਜਿਹੀ ਜ਼ਮੀਨ ਵੇਚ ਕੇ ਸਾਇਬੇਰੀਆ ਜਾਂਦਾ ਹੈ। ਉਸ ਨੂੰ ਉਸ ਦੇ ਦੋਸਤ ਨੇ ਕਿਹਾ ਸੀ ਕਿ ਸਾਇਬੇਰੀਆ ਜ਼ਮੀਨ ਬੜੀ ਸਸਤੀ ਹੈ। ਉੱਥੋਂ ਦੇ ਲੋਕਾਂ ਨੂੰ ਜ਼ਮੀਨ ਦੇ ਮੁੱਲ ਦਾ ਕੁਝ ਵੀ ਪਤਾ ਨਹੀਂ, ਏਵੇਂ ਹੀ ਜ਼ਮੀਨ ਦੇ ਦਿੰਦੇ ਹਨ। ਲਾਲਚਵੱਸ ਹੋ ਕੇ ਉਹ ਸਾਇਬੇਰੀਆ ਜ਼ਮੀਨ ਲੈਣ ਚਲਾ ਗਿਆ। ਇੱਕ ਪਿੰਡ ਵਿੱਚ ਗਿਆ, ਪਿੰਡ ਦੇ ਲੋਕਾਂ ਨੇ ਕਿਹਾ ਇੱਥੇ ਕੁਝ ਵੱਖਰਾ ਹਿਸਾਬ ਕਿਤਾਬ ਹੈ, ਤੁਸੀਂ ਆਪਣੇ ਪੈਸੇ ਫਿਲਹਾਲ ਆਪਣੇ ਕੋਲ ਰੱਖੋ, ਹੁਣ ਰਾਤ ਹੋਣ ਵਾਲੀ ਹੈ ਆਰਾਮ ਕਰੋ। ਸਵੇਰੇ ਸੂਰਜ ਦੇ ਚੜ੍ਹਨ ਸਾਰ ਤੁਸੀਂ ਇਸ ਜਗ੍ਹਾ ਤੋਂ ਯਾਤਰਾ ਸ਼ੁਰੂ ਕਰਨੀ ਹੈ, ਸੂਰਜ ਦੇ ਛਿਪਣ ਤੋਂ ਪਹਿਲਾਂ ਇਸੇ ਜਗ੍ਹਾ 'ਤੇ ਆ ਜਾਣਾ ਹੈ। ਜਿੰਨੀ ਜ਼ਮੀਨ ਦਾ ਤੁਸੀਂ ਚੱਕਰ ਕੱਢ ਲਿਆ ਓਨੀ ਜ਼ਮੀਨ ਤੁਹਾਡੀ ਹੋਵੇਗੀ। ਰਾਤ ਭਰ ਉਹ ਸੋਚਦਾ ਰਿਹਾ। ਲਾਲਚ ਸਿਰ 'ਤੇ ਸਵਾਰ ਹੋ ਗਿਆ। ਇੱਕ ਮਿੰਟ ਵੀ ਨੀਂਦ ਨਾ ਆਈ। ਉਸ ਨੇ ਸਵੇਰੇ ਉੱਠਦਿਆਂ ਸਾਰ ਆਪਣੀ ਪੈਸਿਆਂ ਵਾਲੀ ਪੋਟਲੀ, ਰੋਟੀ-ਪਾਣੀ ਨਾਲ ਲਿਆ ਤੇ ਸੂਰਜ ਨੂੰ ਦੇਖਦਿਆਂ ਸਾਰ ਭੱਜ ਉੱਠਿਆ। ਦਿਨ ਭਰ ਨਦੀਆਂ ਨਾਲਿਆਂ, ਘੱਟੇ ਮਿੱਟੀ ਨਾਲ ਭਰੇ ਤੇ ਪਥਰੀਲੇ ਰਸਤਿਆਂ, ਜੂਹਾਂ ਵਿੱਚ ਭੱਜਦਾ ਰਿਹਾ। ਰੋਟੀ ਵੀ ਭੱਜਦਿਆਂ ਭੱਜਦਿਆਂ ਖਾਧੀ। ਪਾਣੀ ਵੀ ਜਦੋਂ ਪਿਆਸ ਲੱਗਦੀ ਤਾਂ ਭੱਜਦਾ ਭੱਜਦਾ ਹੀ ਪੀ ਲੈਂਦਾ। ਸ਼ਾਮ ਹੋ ਰਹੀ ਸੀ। ਪਿੰਡ ਦੇ ਲੋਕ ਪਿੰਡ ਦੇ ਬਾਹਰਵਾਰ ਜਿੱਥੋਂ ਉਹ ਤੁਰਿਆ ਸੀ, ਉਸ ਨੂੰ ਉਡੀਕ ਰਹੇ ਸਨ। ਪਰ ਉਹ ਆਇਆ ਨਾ, ਉਸ ਦੀ ਕੋਸ਼ਿਸ਼ ਸੀ ਕਿ ਵੱਧ ਤੋਂ ਵੱਧ ਜ਼ਮੀਨ ਘੇਰ ਲਈ ਜਾਵੇ। ਇਸ ਲਈ ਘੇਰਾ ਵੱਡਾ ਵਲ ਲਿਆ। ਆਖ਼ਰ ਜਦੋਂ ਸੂਰਜ ਲਾਲ ਭਾਹ ਮਾਰਨ ਲੱਗਿਆ, ਡੁੱਬ ਹੀ ਚੱਲਿਆ ਸੀ ਤਾਂ ਦੂਰੋਂ ਲੋਕਾਂ ਨੂੰ ਉਹ ਬੜੀ ਨਾਜ਼ੁਕ ਹਾਲਤ 'ਚ ਆਉਂਦਾ ਦਿੱਸਿਆ। ਉਹ ਦਿਨ ਭਰ ਭੱਜਦਿਆਂ ਭੱਜਦਿਆਂ ਇੰਨਾ ਬੇਹਾਲ ਹੋ ਗਿਆ ਸੀ ਕਿ ਮਿਥੀ ਥਾਂ 'ਤੇ ਪਹੁੰਚਣ ਤੋਂ ਪਹਿਲਾਂ ਹੀ ਡਿੱਗ ਪਿਆ ਤੇ ਡਿੱਗਦਿਆਂ ਸਾਰ ਉਹਦੀ ਜਾਨ ਨਿਕਲ ਗਈ। ਜਿਸ ਲਾਲਚਵੱਸ ਉਹ ਵੱਧ ਤੋਂ ਵੱਧ ਜ਼ਮੀਨ ਲੈਣ ਦੀ ਕੋਸ਼ਿਸ਼ ਵਿੱਚ ਸੀ ਉਹ ਹੀ ਲਾਲਚ ਉਸ ਦੀ ਮੌਤ ਦਾ ਕਾਰਨ ਬਣ ਗਿਆ।

ਸਾਡੀ ਸਭ ਦੀ ਹਾਲਤ ਵੀ ਕੁਝ ਕੁਝ ਕਹਾਣੀ ਦੇ ਉਸ ਪਾਤਰ ਵਰਗੀ ਹੈ। ਪੂਰੀ ਜ਼ਿੰਦਗੀ ਮਨੁੱਖ ਆਪਣੀਆਂ ਚੌਧਰਾਂ, ਇੱਛਾਵਾਂ ਅਤੇ ਲਾਲਚਾਂ ਦੇ ਦਾਇਰੇ ਹੋਰ ਵਿਸ਼ਾਲ ਕਰਨ ਲਈ ਭੱਜਦਾ ਹੈ ਅਤੇ ਆਖ਼ਰ ਇੱਕ ਦਿਨ ਉਹਦੀ ਜ਼ਿੰਦਗੀ ਦਾ ਸੂਰਜ ਛਿਪ ਜਾਂਦਾ ਹੈ। ਉਹ ਇਸ ਧਰਤੀ ਤੋਂ ਇੰਜ ਵਿਦਾ ਹੋ ਜਾਂਦਾ ਹੈ ਜਿਵੇਂ ਕਦੇ ਇੱਥੇ ਆਇਆ ਹੀ ਨਹੀਂ ਸੀ। ਉਸ ਦਾ ਅਸਤਿਤਵ ਸਮੇਂ ਦੀ ਗਰਦ ਵਿੱਚ ਗੁਆਚ ਜਾਂਦਾ ਹੈ। ਇਹੋ ਬਹੁਗਿਣਤੀ ਸਮਾਜ ਦੇ ਜੀਵਨ ਦਾ ਸੱਚ ਹੈ।

ਧਰਤੀ 'ਤੇ ਵਿਚਰਦਿਆਂ ਮਨੁੱਖ ਦਾ ਵਿਹਾਰ ਇੰਜ ਹੈ ਜਿਵੇਂ ਇਸ ਨੇ ਕਦੇ ਇੱਥੋਂ ਜਾਣਾ ਹੀ ਨਹੀਂ। ਉਹ ਈਰਖਾ, ਦੁਸ਼ਮਣੀਆਂ ਤੇ ਨਫ਼ਰਤਾਂ ਦੇ ਭਾਂਬੜ ਬਾਲ ਬਾਲ ਕੇ ਸੇਕਦਾ ਹੈ। ਧਰਤੀ ਅਤੇ ਕੁਦਰਤ ਪ੍ਰਤੀ ਉਹਦੇ ਅੰਦਰ ਕੋਈ ਕ੍ਰਿਤੱਗਤਾ ਨਹੀਂ। ਕੋਈ ਧੰਨਵਾਦ ਦਾ ਭਾਵ ਨਹੀਂ ਸਗੋਂ ਉਹਦਾ ਵਿਹਾਰ ਇਹ ਹੈ ਕਿ ਇਸ ਧਰਤੀ ਦੇ ਕੁਦਰਤੀ ਖ਼ਜ਼ਾਨਿਆਂ ਤੋਂ ਵੱਧ ਤੋਂ ਵੱਧ ਕਿਵੇਂ ਕੁਝ ਹਾਸਲ ਕਰਨਾ ਹੈ। ਇਸ ਲਈ ਉਸ ਨੂੰ ਇਸ ਦੀ ਕੀਮਤ ਭਾਵੇਂ ਆਪਣੀ ਜਾਨ ਦੇ ਕੇ ਹੀ ਕਿਉਂ ਨਾ ਚੁਕਾਉਣੀ ਪਵੇ, ਉਹ ਇਸ ਲਈ ਵੀ ਤਿਆਰ ਹੈ। ਅਸੀਂ ਇਸ ਧਰਤੀ ਨੂੰ ਨਰਕ ਬਣਾਉਣ ਲਈ ਜੀਅ ਜਾਨ ਨਾਲ ਕੋਸ਼ਿਸ਼ ਕਰ ਰਹੇ ਹਾਂ। ਮੁਨਾਫ਼ਿਆਂ, ਖ਼ੁਦਗਰਜ਼ੀਆਂ ਅਤੇ ਲਾਲਚਾਂ ਕਾਰਨ ਅਸੀਂ ਵਹਿੰਦੇ ਨਿਰਮਲ ਪਾਣੀਆਂ ਨੂੰ ਪਲੀਤ ਕਰ ਦਿੱਤਾ ਹੈ। ਦਰਿਆਵਾਂ, ਨਦੀਆਂ ਵਿੱਚ ਇੰਨੀ ਗੰਦਗੀ ਸੁੱਟੀ ਜਾ ਰਹੀ ਕਿ ਇਨ੍ਹਾਂ ਦੇ ਕਲ ਕਲ ਵਗਦੇ ਪਾਣੀ ਸੁਪਨਾ ਬਣ ਗਏ ਹਨ। ਪੰਜਾਬ ਦੇ ਬੁੱਢੇ ਦਰਿਆ ਦਾ ਕਾਲਾ ਜ਼ਹਿਰੀਲਾ ਪਾਣੀ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਬਰਬਾਦ ਕਰ ਰਿਹਾ ਹੈ, ਪਰ ਉਸ ਦੇ ਪਾਣੀ ਨੂੰ ਨਹੀਂ ਰੋਕਿਆ ਜਾ ਰਿਹਾ ਕਿਉਂਕਿ ਉਸ ਪਿੱਛੇ ਮਨੁੱਖ ਦੇ ਲਾਲਚਾਂ, ਮੁਨਾਫ਼ਿਆਂ ਦਾ ਦੂਰ ਤੱਕ ਫੈਲਿਆ ਪਾਸਾਰ ਹੈ। ਦੂਜੇ ਪਾਸੇ, ਲੱਖਾਂ ਲੋਕ ਗੰਦਾ ਪਾਣੀ ਪੀ ਕੇ ਮਰ ਰਹੇ ਹਨ, ਗੰਭੀਰ ਬਿਮਾਰ ਹੋ ਰਹੇ ਹਨ ਪਰ ਸਰਕਾਰਾਂ ਬੇਖ਼ਬਰ ਜਾਪਦੀਆਂ ਹਨ। ਇਹ ਕਿਸੇ ਇੱਕ ਦਰਿਆ ਦੀ ਗੱਲ ਨਹੀਂ। ਮਨੁੱਖ ਲਾਲਚ ਕਾਰਨ ਪਲੀਤ ਕਰ ਦਿੱਤੀਆਂ ਗਈਆਂ ਭਾਰਤ ਦੀਆਂ ਬਹੁਤ ਸਾਰੀਆਂ ਨਦੀਆਂ ਦਾ ਪਾਣੀ ਪੀ ਕੇ ਲੋਕ ਬਿਮਾਰ ਹੁੰਦੇ ਅਤੇ ਤਿਲ-ਤਿਲ ਮਰਦੇ ਹਨ। ਇਸ ਦੇ ਬਾਵਜੂਦ ਇਨ੍ਹਾਂ ਵਿੱਚ ਪਾਇਆ ਜਾਣ ਵਾਲਾ ਜ਼ਹਿਰੀਲਾ ਮਾਦਾ ਹਰ ਦਿਨ ਵਧ ਰਿਹਾ ਹੈ। ਅਜਿਹੇ ਮਸਲਿਆਂ 'ਤੇ ਮਨੁੱਖ ਦੀ ਸੂਝ ਸਿਆਣਪ ਨੂੰ ਲਕਵਾ ਕਿਉਂ ਮਾਰ ਜਾਂਦਾ ਹੈ? ਲਾਲਚਾਂ, ਮੁਨਾਫ਼ਿਆਂ ਤੇ ਖ਼ੁਦਗਰਜ਼ੀਆਂ ਦੀ ਮਾਨਸਿਕਤਾ ਮੌਤ ਦੇ ਇਸ ਵਰਤਾਰੇ ਦੀ ਸਿਰਜਣਾ ਕਰ ਰਹੀ ਹੈ ਪਰ ਸਰਕਾਰਾਂ ਚੁੱਪ ਹਨ।

ਦੁਨੀਆ ਦੇ ਕਿਸੇ ਨਾ ਕਿਸੇ ਖਿੱਤੇ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਜੰਗ-ਯੁੱਧ ਚੱਲ ਹੀ ਰਿਹਾ ਹੁੰਦਾ ਹੈ। ਧਰਮਾਂ-ਮਜ਼ਹਬਾਂ, ਜਾਤਾਂ-ਪਾਤਾਂ, ਰੰਗਾਂ-ਨਸਲਾਂ, ਫ਼ਿਰਕਿਆਂ ਅਤੇ ਦੇਸ਼ਾਂ ਦੀਆਂ ਹੱਦਾਂ ਸਰਹੱਦਾਂ ਲਈ ਮਨੁੱਖਤਾ ਦਾ ਖ਼ੂਨ ਦੁਨੀਆ ਦੇ ਕਿਸੇ ਨਾ ਕਿਸੇ ਖਿੱਤੇ ਵਿੱਚ ਡੁੱਲ੍ਹ ਹੀ ਰਿਹਾ ਹੁੰਦਾ ਹੈ। ਮਨੁੱਖਤਾ ਦਾ ਘਾਣ ਹੁੰਦਾ ਹੈ। ਨਿੱਕੇ ਨਿੱਕੇ ਮਾਸੂਮ ਬੱਚਿਆਂ ਨੂੰ ਬੰਬਾਂ ਮਿਜ਼ਾਈਲਾਂ ਨਾਲ ਉਡਾਇਆ ਜਾਂਦਾ ਹੈ। ਹੁਣ ਤੱਕ ਦੁਨੀਆ ਦੀ ਸੱਭਿਅਤਾ ਦੌਰਾਨ ਕੋਈ ਚਾਰ ਹਜ਼ਾਰ ਯੁੱਧ ਲੜੇ ਗਏ। ਹਰ ਯੁੱਧ ਤੋਂ ਬਾਅਦ ਮਨੁੱਖਤਾ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਸ ਤੋਂ ਬਗੈਰ ਵੀ ਸਰ ਸਕਦਾ ਸੀ। ਚੰਗੇਜ਼ ਖਾਨ, ਮੁਸੋਲਿਨੀ ਅਤੇ ਹਿਟਲਰ ਵਰਗੇ ਹਾਕਮਾਂ ਨੇ ਲੱਖਾਂ ਲੋਕ ਜੰਗ ਦੀ ਭੱਠੀ ਵਿੱਚ ਝੋਕ ਦਿੱਤੇ। ਜੇਕਰ ਇਨ੍ਹਾਂ ਲੱਖਾਂ ਲੋਕਾਂ ਨੂੰ ਧਰਮਾਂ ਜਾਤਾਂ ਨਸਲਾਂ ਦੇ ਨਾਮ 'ਤੇ ਲੜਾਇਆ, ਮਰਵਾਇਆ ਅਤੇ ਮਾਰਿਆ ਨਾ ਜਾਂਦਾ ਤਾਂ ਮਨੁੱਖ ਦਾ ਇਤਿਹਾਸ ਮਾਣ ਕਰਨ ਯੋਗ ਹੋਣਾ ਸੀ। ਅੱਜ ਵੀ ਫਲਸਤੀਨ ਇਜ਼ਰਾਈਲ ਅਤੇ ਰੂਸ ਯੂਕਰੇਨ ਦੇ ਯੁੱਧ ਵਿੱਚ ਬੇਦੋਸ਼ੇ ਲੋਕਾਂ ਦਾ ਘਾਣ ਹੋ ਰਿਹਾ ਹੈ। ਇਸ ਸਭ ਕੁਝ ਪਿੱਛੇ ਚੌਧਰਾਂ ਦੇ ਸ਼ਮਲੇ ਅਤੇ ਲਾਲਚਾਂ ਦੀ ਮਨੋਬਿਰਤੀ ਹੈ ਜੋ ਲੋਕਾਂ ਦੇ ਕਤਲ ਤੇ ਉਜਾੜੇ ਦਾ ਕਾਰਨ ਬਣ ਰਹੀ ਹੈ। ਸਮੇਂ ਦੇ ਬੀਤਣ ਨਾਲ ਬੇਸ਼ੱਕ ਮਨੁੱਖ ਅਕਲ ਦੇ ਬਲਬੂਤੇ ਗਿਆਨ ਵਿਗਿਆਨ ਦੀ ਦੁਨੀਆ ਵਿੱਚ ਪ੍ਰਵੇਸ਼ ਕਰ ਗਿਆ ਹੈ ਪਰ ਉਹ ਸਿਆਣਾ ਨਹੀਂ ਹੋਇਆ। ਮਨੁੱਖ ਦੀਆਂ ਲਾਲਚੀ ਮਨੋਬਿਰਤੀਆਂ ਦਾ ਕੱਲ੍ਹ ਵੀ ਕੋਈ ਪਾਰਾਵਾਰ ਨਹੀਂ ਸੀ ਤੇ ਅੱਜ ਵੀ ਨਹੀਂ ਹੈ। ਮਨੁੱਖ ਤਰੱਕੀ ਕਰੇ ਪਰ ਇਹ ਠੀਕ ਨਹੀਂ ਕਿ ਉਹ ਆਪਣੀ ਅਕਲ ਨੂੰ ਜਿੰਦਰੇ ਮਾਰੀ ਰੱਖੇ। ਮਨੁੱਖ ਅੰਦਰੋਂ ਜੇਕਰ ਮਾਵਨਤਾ ਮਰ ਜਾਂਦੀ ਹੈ ਤਾਂ ਮਨੁੱਖ ਮਨੁੱਖ ਨਹੀਂ ਰਹਿੰਦਾ।

ਦੁਨੀਆ ਦੇ ਹਰ ਖਿੱਤੇ ਵਿੱਚ ਪ੍ਰਦੂਸ਼ਣ ਦਾ ਪ੍ਰਕੋਪ ਹਰ ਦਿਨ ਵਧ ਰਿਹਾ ਹੈ। ਇਸ ਕਾਰਨ ਬੱਚਿਆਂ ਅਤੇ ਪਸ਼ੂ ਪੰਛੀਆਂ ਦਾ ਜਿਊਣਾ ਦੁੱਭਰ ਹੋ ਜਾਵੇਗਾ। ਸੰਘਣੇ ਧੂੰਏਂ ਵਿੱਚ ਸਾਹ ਲੈਣ ਨਾਲ ਸਾਡੀ ਸਭ ਦੀ ਉਮਰ ਘੱਟ ਹੋ ਰਹੀ ਹੈ। ਹਰ ਸਾਲ ਦਮੇ, ਦਿਲ ਦੇ ਦੌਰੇ ਅਤੇ ਛਾਤੀ ਦੇ ਰੋਗਾਂ ਨਾਲ ਮੌਤਾਂ ਹੁੰਦੀਆਂ ਹਨ। ਇਸ ਦੇ ਬਾਵਜੂਦ, ਹਰ ਸਾਲ ਅਜਿਹਾ ਮਾਹੌਲ ਸਿਰਜਿਆ ਜਾਂਦਾ ਹੈ। ਇਹ ਜਾਣਦਿਆਂ ਸਮਝਦਿਆਂ ਕਿ ਇਹ ਪਲੀਤ ਹਵਾ ਸਾਡੇ ਅਤੇ ਸਾਡੀਆਂ ਔਲਾਦਾਂ ਦੇ ਫੇਫੜਿਆਂ ਲਈ ਜ਼ਹਿਰ ਹੈ। ਦੂਜੇ ਪਾਸੇ ਸੱਚ ਇਹ ਵੀ ਹੈ ਕਿ ਅੱਜ ਤੋਂ ਚਾਲੀ ਪੰਜਾਹ ਸਾਲ ਪਹਿਲਾਂ ਇਸੇ ਧਰਤੀ 'ਤੇ ਵਿਚਰਦੇ ਸਾਡੇ ਵੱਡੇ ਵਡੇਰੇ ਕੁਦਰਤ ਦਾ ਸਤਿਕਾਰ ਕਰਦੇ ਸਨ, ਰਿਜ਼ਕ ਉਨ੍ਹਾਂ ਨੂੰ ਵੀ ਮਿਲਦਾ ਸੀ ਸਗੋਂ ਸਾਡੇ ਨਾਲੋਂ ਵਧੇਰੇ ਪੌਸ਼ਟਿਕ ਖ਼ੁਰਾਕ ਖਾਂਦੇ ਸਨ।

ਅਜੋਕੇ ਸਮੇਂ ਵਿੱਚ ਵੱਖ-ਵੱਖ ਦਿਨਾਂ ਤਿਉਹਾਰਾਂ 'ਤੇ ਅਸੀਂ ਸਰਬੱਤ ਦਾ ਭਲਾ ਮੰਗਦੇ ਹਾਂ। ਸੜਕਾਂ ਚੌਰਾਹਿਆਂ 'ਤੇ ਲੰਗਰ ਲਾਉਂਦੇ ਹਾਂ। ਇਹ ਸਭ ਚੰਗੀਆਂ ਸਰਗਰਮੀਆਂ ਹਨ। ਇਨ੍ਹਾਂ ਨਾਲ ਸਾਡੇ ਵਿੱਚ ਮਾਨਵਤਾ ਦੇ ਭਲੇ ਦਾ ਸੰਕਲਪ ਮਜ਼ਬੂਤ ਹੁੰਦਾ ਹੈ ਪਰ ਜਿੱਥੇ ਜੀਵਨ ਦਾ ਮਸਲਾ ਹੋਵੇ ਉੱਥੇ ਇਹ ਸੰਕਲਪ ਪਿੱਛੇ ਕਿਉਂ ਚਲਾ ਜਾਂਦਾ ਹੈ? ਕੀ ਪ੍ਰਦੂਸ਼ਣ ਦੇ ਸੰਤਾਪ ਤੋਂ ਨਿਜ਼ਾਤ ਨਹੀਂ ਪਾਈ ਜਾ ਸਕਦੀ? ਕੀ ਧਰਤੀ ਦੇ ਹਵਾ, ਮਿੱਟੀ, ਪਾਣੀ ਦੀ ਤੰਦਰੁਸਤੀ ਲਈ ਸਾਨੂੰ ਯਤਨਸ਼ੀਲ ਨਹੀਂ ਹੋਣਾ ਚਾਹੀਦਾ? ਦਰਅਸਲ, ਜੀਵਨ ਨਾਲ ਜੁੜੇ ਮਸਲਿਆਂ ਪ੍ਰਤੀ ਸਾਨੂੰ ਵਧੇਰੇ ਚਿੰਤਨਸ਼ੀਲ ਹੋਣਾ ਚਾਹੀਦਾ ਹੈ।

ਬੰਦੇ ਦੇ ਲਾਲਚਾਂ, ਖ਼ੁਦਗਰਜ਼ੀਆਂ ਅਤੇ ਇੱਛਾਵਾਂ ਦਾ ਕੋਈ ਪਾਰਾਵਾਰ ਨਹੀਂ। ਠੀਕ ਹੈ ਹਰ ਇਨਸਾਨ ਨੂੰ ਤਰੱਕੀ ਕਰਨ ਦਾ ਹੱਕ ਹੈ ਅਤੇ ਉਸ ਨੂੰ ਅਜਿਹਾ ਕਰਨਾ ਵੀ ਚਾਹੀਦਾ ਹੈ। ਜੀਵਨ ਨੂੰ ਚੰਗਾ ਬਣਾਉਣ ਲਈ ਨੱਠ ਭੱਜ ਕਰਨੀ ਵੀ ਚਾਹੀਦੀ ਹੈ ਪਰ ਇਹ ਨੱਠ ਭੱਜ ਇਸ ਤਰ੍ਹਾਂ ਦੀ ਨਹੀਂ ਹੋਣੀ ਚਾਹੀਦੀ ਕਿ ਸੂਰਜ ਦੇ ਛਿਪਣ ਤੋਂ ਪਹਿਲਾਂ ਹੀ ਸਾਡੀ ਜ਼ਿੰਦਗੀ ਦਾ ਸੂਰਜ ਛਿਪ ਜਾਵੇ। ਇਹ ਜ਼ਿੰਦਗੀ ਬੜੀ ਛੋਟੀ ਹੈ। ਸਾਨੂੰ ਇਹ ਛੋਟੀ ਜਿਹੀ ਜ਼ਿੰਦਗੀ ਮੁਨਾਫ਼ੇ ਦੇ ਹੀ ਲੇਖੇ ਨਹੀਂ ਲਾਉਣੀ ਚਾਹੀਦੀ।

ਜੇ ਮਨੁੱਖ ਆਪ ਹੀ ਦੁਨੀਆ 'ਤੇ ਨਾ ਰਿਹਾ ਤਾਂ ਸੂਰਜ ਚੜ੍ਹਨ ਤੋਂ ਸੂਰਜ ਦੇ ਛਿਪਣ ਤੱਕ ਨੱਠ ਭੱਜ ਕਰਨ ਦਾ ਕੀ ਫ਼ਾਇਦਾ? ਇਸ ਦੁਨੀਆ ਨੂੰ ਹੈਂਕੜਬਾਜ਼ ਅਤੇ ਕੁਟਿਲ ਨੀਤੀਆਂ ਵਾਲੇ ਸ਼ਾਸਕਾਂ ਦੀ ਲੋੜ ਨਹੀਂ ਸਗੋਂ ਚੰਗੇ ਇਨਸਾਨਾਂ ਦੀ ਵੱਧ ਲੋੜ ਹੈ ਜੋ ਇਸ ਨੂੰ ਮਨੁੱਖਾਂ ਦੇ ਰਹਿਣਯੋਗ ਬਣਾਉਣ ਲਈ ਯਤਨਸ਼ੀਲ ਹੋਣ। ਪੂਰੀ ਦੁਨੀਆ ਨੂੰ ਚਲਾਉਣ ਵਾਲੀਆਂ ਤਾਕਤਾਂ ਦਾ ਮਨੋਰਥ ਮਾਨਵਤਾ ਦਾ ਭਲਾ ਨਹੀਂ ਸਗੋਂ ਵੱਧ ਤੋਂ ਵੱਧ ਤਾਕਤ ਹਾਸਲ ਕਰਨਾ ਬਣ ਗਿਆ ਹੈ। ਪੈਸਾ, ਸੱਤਾ ਅਤੇ ਹਥਿਆਰਾਂ ਦੀ ਅੰਨ੍ਹੀ ਦੌੜ ਦੁਨੀਆ ਦੇ ਲੱਖਾਂ ਮਨੁੱਖਾਂ ਲਈ ਖ਼ਤਰਨਾਕ ਹਾਲਾਤ ਪੈਦਾ ਕਰਦੀ ਹੈ। ਇਸ ਧਰਤੀ 'ਤੇ ਬੇਰੁਜ਼ਗਾਰੀ ਦਾ ਸੰਤਾਪ ਭੋਗਦੇ ਪੁੱਤਰ ਧੀਆਂ ਹਨ, ਬੱਚਿਆਂ ਦੇ ਇਲਾਜ ਖੁਣੋਂ ਵਿਲਕਦੀਆਂ ਮਾਵਾਂ ਹਨ, ਗ਼ਰੀਬੀ ਦਾ ਸੰਤਾਪ ਭੋਗਦੇ ਰੋਟੀ ਦੀ ਬੁਰਕੀ-ਬੁਰਕੀ ਦੇ ਮੁਥਾਜ ਬਦਕਿਸਮਤ ਲੋਕ ਹਨ, ਗੰਦਾ ਪਾਣੀ ਪੀਣ ਲਈ ਮਜਬੂਰ ਲੱਖਾਂ ਲੋਕ ਹਨ। ਇਸ ਸਭ ਕੁਝ ਦਾ ਕਾਰਨ ਸਿਰਫ਼ ਮੁੱਠੀ ਭਰ ਲੋਕਾਂ ਦਾ ਲਾਲਚ ਹੈ। ਇਹ ਧਰਤੀ ਦੁਨੀਆ ਦੇ ਹਰ ਮਨੁੱਖ ਵਾਸਤੇ ਰੱਜਵੀਂ ਰੋਟੀ ਅਤੇ ਚੰਗਾ ਰਹਿਣ ਸਹਿਣ ਪੈਦਾ ਕਰਨ ਦੇ ਸਮਰੱਥ ਹੈ ਪਰ ਲਾਲਚ, ਖ਼ੁਦਗਰਜ਼ੀਆਂ ਅਤੇ ਹੈਂਕੜਾਂ ਨੇ ਇਸ ਧਰਤੀ ਦੇ ਕੁਝ ਖਿੱਤਿਆਂ ਨੂੰ ਨਰਕ ਬਣਾਇਆ ਹੋਇਆ ਹੈ। ਮਨੁੱਖ ਨੂੰ ਉਸ ਸਿੱਖਿਆ ਦੀ ਸਭ ਤੋਂ ਵੱਧ ਲੋੜ ਹੈ ਜਿਸ ਨਾਲ ਉਸ ਨੂੰ ਚੰਗਾ ਇਨਸਾਨ ਬਣਾਇਆ ਜਾ ਸਕੇ। ਇਸ ਦੁਨੀਆ ਵਿੱਚ ਵਿਚਰਦਿਆਂ ਸਾਨੂੰ ਮਿਲੀ ਧਨ ਦੌਲਤ ਸਾਡੇ ਲਈ ਹੈ ਨਾ ਕਿ ਅਸੀਂ ਧਨ ਦੌਲਤ ਲਈ ਹਾਂ। ਕੁਦਰਤ ਅਤੇ ਮਨੁੱਖਾਂ ਦੀ ਤਬਾਹੀ ਕਰਕੇ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕਰਦਿਆਂ ਪੈਦਾ ਕੀਤੇ ਸਾਧਨਾਂ, ਜਾਇਦਾਦਾਂ ਅਤੇ ਪੈਸੇ ਦਾ ਕੀ ਫ਼ਾਇਦਾ? ਸਾਨੂੰ ਆਪਣੇ ਅੰਦਰ ਝਾਤੀ ਮਾਰਨ ਅਤੇ ਕੁਝ ਚੰਗਾ ਸਿਰਜਣ ਦੀ ਲੋੜ ਹੈ।

ਸੰਪਰਕ: 98550-51099



# ਸਾਰੀ ਵਸੋਂ ਆਜ਼ਾਦੀ ਦਾ ਨਿੱਘ ਮਾਣੇ

**ਡਾ. ਰਣਜੀਤ ਸਿੰਘ**

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਵਿਕਾਸ ਕਰ ਰਿਹਾ ਹੈ, ਪਰ ਇਹ ਵੀ ਸੱਚ ਹੈ ਕਿ ਇਸ ਦਾ ਬਹੁਤਾ ਲਾਭ ਵਸੋਂ ਦੇ ਉਤਲੇ ਤਬਕੇ ਨੂੰ ਹੋ ਰਿਹਾ ਹੈ। ਦੇਸ਼ ਦੀ ਅੱਜ ਵੀ ਇੱਕ ਤਿਹਾਈ ਵਸੋਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਸਮਾਂ ਬੀਤਣ ਨਾਲ ਨਾਗਰਿਕਾਂ ਅਤੇ ਆਗੂਆਂ ਅੰਦਰ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਦੀ ਪੂਰਤੀ ਲਈ ਸੰਜੀਦਗੀ ਆਉਣੀ ਚਾਹੀਦੀ ਸੀ, ਪਰ ਹੋ ਇਸ ਦੇ ਉਲਟ ਰਿਹਾ ਹੈ। ਬਹੁਤੇ ਆਗੂ, ਅਧਿਕਾਰੀ ਅਤੇ ਅਮੀਰ ਲੋਕ ਸਿਰਫ਼ ਆਪਣੇ ਬਾਰੇ ਸੋਚਦੇ ਹਨ। ਸਰਕਾਰ ਨੂੰ ਸਹੀ ਰਾਹ ਉਤੇ ਰੱਖਣ ਲਈ ਵਿਰੋਧੀ ਧਿਰ ਦਾ ਫ਼ਰਜ਼ ਬਣਦਾ ਹੈ, ਪਰ ਵਿਰੋਧੀ ਧਿਰਾਂ ਕੋਲ ਵੀ ਵਿਕਾਸ ਦਾ ਕੋਈ ਏਜੰਡਾ ਨਹੀਂ। ਸੰਸਦ ਵਿੱਚ ਇੱਕ ਦੂਜੇ ਉਤੇ ਚਿੱਕੜ ਸੁੱਟਿਆ ਜਾਂਦਾ ਹੈ। ਨਾਅਰੇਬਾਜ਼ੀ ਹੁੰਦੀ ਹੈ ਤੇ ਵਿਰੋਧੀ ਧਿਰ ਬਾਹਰ ਆ ਜਾਂਦੀ ਹੈ। ਸਰਕਾਰ ਬਿਨਾਂ ਕਿਸੇ ਵਿਚਾਰ-ਵਟਾਂਦਰੇ ਦੇ ਬਿਲ ਪਾਸ ਕਰਵਾ ਲੈਂਦੀ ਹੈ। ਸੰਸਦ ਕੋਈ ਜੰਗ ਦਾ ਮੈਦਾਨ ਨਹੀਂ ਸਗੋਂ ਦੇਸ਼ ਦੇ ਵਰਤਮਾਨ ਅਤੇ ਭਵਿੱਖ ਨੂੰ ਵਧੀਆ ਬਣਾਉਣ ਲਈ ਉਸਾਰੂ ਵਿਚਾਰ-ਵਟਾਂਦਰੇ ਦਾ ਕੇਂਦਰ ਹੈ। ਇਸ ਵਾਰ ਤਾਂ ਦੇਸ਼ ਦਾ ਸਾਲਾਨਾ ਬਜਟ ਵੀ ਬਿਨਾਂ ਕਿਸੇ ਵਿਚਾਰ-ਵਟਾਂਦਰੇ ਤੋਂ ਪਾਸ ਹੋ ਗਿਆ। ਕਦੇ ਸਮਾਂ ਸੀ ਜਦੋਂ ਉਸਾਰੀ ਬਹਿਸ ਹੁੰਦੀ ਸੀ ਅਤੇ ਵਿਰੋਧੀਆਂ ਦੇ ਚੰਗੇ ਸੁਝਾਵਾਂ ਨੂੰ ਅਪਣਾ ਲਿਆ ਜਾਂਦਾ ਸੀ। ਅਸਲ ਵਿਚ ਇਹ ਹਉਮੈ ਦੀ ਲੜਾਈ ਨਹੀਂ ਹੋਣੀ ਚਾਹੀਦੀ ਹੈ ਸਗੋਂ ਵਿਰੋਧੀਆਂ ਦੇ ਚੰਗੇ ਸੁਝਾਵਾਂ ਦਾ ਸਰਕਾਰ ਵੱਲੋਂ ਸਵਾਗਤ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਵਿਰੋਧੀ ਧਿਰ ਨੂੰ ਚਾਹੀਦਾ ਹੈ ਕਿ ਸਰਕਾਰੀ ਲੋਕ ਪੱਖੀ ਫੈਸਲਿਆਂ ਦੀ ਹਮਾਇਤ ਕੀਤੀ ਜਾਵੇ। ਸੰਸਦ ਵਿੱਚ ਸਾਰੇ ਦੇਸ਼ ਦੇ ਲੋਕਾਂ ਵੱਲੋਂ ਚੁਣੇ ਗਏ ਮੈਂਬਰ ਹਨ। ਇਨ੍ਹਾਂ ਨੂੰ ਲੋਕ ਮੁੱਦਿਆਂ ਜਿਵੇਂ ਗਰੀਬੀ, ਬੇਰੁਜ਼ਗਾਰੀ, ਸਿਹਤ ਅਤੇ ਵਿਦਿਅਕ ਸਹੂਲਤਾਂ ਨੂੰ ਸਾਰੇ ਦੇਸ਼ ਵਾਸੀਆਂ ਤੱਕ ਪਹੁੰਚਾਉਣ ਦੇ ਢੰਗ ਤਰੀਕਿਆਂ ਬਾਰੇ ਉਸਾਰੂ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

ਦੇਸ਼ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਦੀ ਲੋੜ ਹੈ ਤਾਂ ਜੋ ਦੋਵਾਂ ਵਿੱਚ ਸਿਹਤਮੰਦ ਮੁਕਾਬਲਾ ਹੋ ਸਕੇ। ਸਰਕਾਰੀ ਕਰਮਚਾਰੀਆਂ ਨੂੰ ਸਹੂਲਤਾਂ ਦੇਣ ਦੇ ਨਾਲੋ-ਨਾਲ ਜ਼ਿੰਮੇਵਾਰੀ ਵੀ ਦੇਣੀ ਚਾਹੀਦੀ ਹੈ। ਘਾਟੇ ਵਿੱਚ ਜਾ ਰਹੇ ਅਦਾਰਿਆਂ ਵਿੱਚ ਸਬੰਧਿਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਮਿੱਥੀ ਜਾਵੇ। ਇਨ੍ਹਾਂ ਨੂੰ ਵੇਚਣਾ ਸਮੱਸਿਆ ਦਾ ਹੱਲ ਨਹੀਂ। ਦੇਸ਼ ਨੂੰ ਆਜ਼ਾਦ ਹੋਇਆਂ ਸਾਢੇ ਸੱਤ ਦਹਾਕੇ ਹੋ ਗਏ ਹਨ। ਬਿਨਾਂ ਸ਼ੱਕ, 75 ਸਾਲਾਂ ਵਿੱਚ ਦੇਸ਼ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ, ਪਰ ਇਹ ਵੀ ਸੱਚ ਹੈ ਕਿ ਦੇਸ਼ ਦੀ ਘੱਟੋ-ਘੱਟ 50 ਕਰੋੜ ਵਸੋਂ ਅਜਿਹੀ ਹੈ ਜਿਸ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੋ ਰਹੀ। ਇਸ ਵਸੋਂ ਨੂੰ ਸੰਤੁਲਿਤ ਭੋਜਨ ਤਾਂ ਦੂਰ, ਢਿੱਡ ਭਰਵੀਂ ਰੋਟੀ ਵੀ ਨਹੀਂ ਮਿਲਦੀ। ਆਪਣਾ ਘਰ ਨਹੀਂ। ਵਿਦਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਅਮੀਰ ਗਰੀਬ ਪਾੜਾ ਵੀ ਵਧਿਆ ਹੈ। ਹੁਣ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਸੰਸਾਰ ਦੇ ਭੁੱਖੇ ਤੇ ਗਰੀਬ ਲੋਕਾਂ ਦੀ ਅੱਧੀ ਵਸੋਂ ਭਾਰਤ ਵਿੱਚ ਰਹਿੰਦੀ ਹੈ। ਰਾਜਨੀਤੀ ਦੇਸ਼ ਸੇਵਾ ਦੀ ਥਾਂ ਵਪਾਰ ਬਣ ਰਹੀ ਹੈ। ਦੇਸ਼ ਲੋਕਰਾਜ ਦੀ ਥਾਂ ਵੋਟ ਰਾਜ ਬਣ ਰਿਹਾ ਹੈ। ਅਸਲ ਵਿੱਚ ਦੇਸ਼ ਨੂੰ ਕੁਝ ਕੁ ਪੂੰਜੀਪਤੀ ਚਲਾਉਂਦੇ ਹਨ। ਵੋਟਾਂ ਲੈਣ ਲਈ ਲੋਕਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਵੰਡੀਆਂ ਜਾਂਦੀਆਂ ਹਨ ਜਿਸ ਦਾ ਆਰਥਿਕਤਾ ਉਤੇ ਬੁਰਾ ਪ੍ਰਭਾਵ ਪੈਂਦਾ ਹੈ। ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਕਰਜ਼ੇ ਹੇਠ ਡੁੱਬੀਆਂ ਹੋਈਆਂ ਹਨ। ਲੀਡਰਾਂ ਤੇ ਅਫ਼ਸਰਸ਼ਾਹੀ ਨੇ ਆਪਣੇ ਖਰਚੇ ਇੰਨੇ ਵਧਾ ਲਏ ਹਨ ਕਿ ਸਰਕਾਰ ਕੋਲ ਵਿਕਾਸ ਲਈ ਕੋਈ ਪੈਸਾ ਬਚਦਾ ਹੀ ਨਹੀਂ। ਸਰਕਾਰੀ ਖਰਚਿਆਂ ਵਿੱਚ ਕਟੌਤੀ ਕਰਨ ਲਈ ਸਰਕਾਰੀ ਨੌਕਰੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਸਿੱਟੇ ਵਜੋਂ ਬੇਰੁਜ਼ਗਾਰੀ ਵਧ ਰਹੀ ਹੈ।

ਦੇਸ਼ ਵਿਚ ਲੋਕਰਾਜ ਹੈ ਤੇ ਲੋਕਰਾਜ ਦੀ ਸਫਲਤਾ ਲਈ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ, ਪਰ ਸਰਕਾਰ ਵੱਲੋਂ ਵਿਰੋਧੀ ਪਾਰਟੀਆਂ ਨੂੰ ਕਮਜ਼ੋਰ ਨਹੀਂ ਸਗੋਂ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਜੋ ਦੇਸ਼ ਵਿੱਚ ਇੱਕੋ-ਇੱਕ ਰਾਜਨੀਤਕ ਪਾਰਟੀ ਦੀ ਸਰਦਾਰੀ ਬਣੀ ਰਹੇ। ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਦੇਸ਼ ਦੀਆਂ ਸੜਕਾਂ ਅਮਰੀਕੀ ਸੜਕਾਂ ਤੋਂ ਵੀ ਵਧੀਆ ਹੋਣ। ਦੇਸ਼ ਦੇ ਹਵਾਈ ਅੱਡੇ, ਬੰਦਰਗਾਹਾਂ, ਰੇਲਵੇ ਸਟੇਸ਼ਨ, ਸਕੂਲ ਤੇ ਹਸਪਤਾਲ ਏ ਕਲਾਸ ਹੋਣੇ ਚਾਹੀਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਸਰਕਾਰ ਕੋਲ ਇੰਨੇ ਵਸੀਲੇ ਨਹੀਂ ਹਨ ਕਿ ਅਜਿਹਾ ਕੀਤਾ ਜਾ ਸਕੇ। ਇਸ ਕਰ ਕੇ ਫੈਸਲਾ ਕੀਤਾ ਗਿਆ ਹੈ ਕਿ ਇਹ ਸਾਰਾ ਕੁਝ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕੀਤਾ ਜਾਵੇ। ਸਰਕਾਰ ਦਾ ਕੰਮ ਤਾਂ ਰਾਜ ਕਰਨਾ ਹੈ, ਉਸ ਦਾ ਕੰਮ ਹਵਾਈ ਜਹਾਜ਼ ਜਾਂ ਰੇਲ ਗੱਡੀਆਂ ਚਲਾਉਣਾ ਨਹੀਂ। ਸੜਕਾਂ ਵੀ ਕੰਪਨੀਆਂ ਹੀ ਬਣਾਉਣ ਤੇ ਇਸ ਦੀ ਸਾਂਭ-ਸੰਭਾਲ ਕਰਨ। ਲੋਕਾਂ ਨੂੰ ਇਨ੍ਹਾਂ ਸੜਕਾਂ ਉਤੇ ਸਫ਼ਰ ਕਰਨ ਲਈ ਫੀਸ ਦੇਣੀ ਪਵੇਗੀ ਤਾਂ ਜੋ ਕੰਪਨੀਆਂ ਆਪਣਾ ਖਰਚਾ ਪੂਰਾ ਕਰ ਲੈਣ। ਦੇਸ਼ ਵਿੱਚ ਆਲੀਸ਼ਾਨ ਹਸਪਤਾਲ, ਸਕੂਲ ਤੇ ਯੂਨੀਵਰਸਿਟੀਆਂ ਬਣ ਰਹੀਆਂ ਹਨ ਜਿਨ੍ਹਾਂ ਅੰਦਰ ਜਾਣ ਦਾ ਦੇਸ਼ ਦੀ ਅੱਧੀ ਵਸੋਂ ਹੌਸਲਾ ਨਹੀਂ ਕਰ ਸਕਦੀ। ਇੰਝ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਜਾ ਰਿਹਾ ਹੈ। ਅਮੀਰਾਂ ਦਾ ਭਾਰਤ ਤੇ ਗਰੀਬਾਂ ਦਾ ਭਾਰਤ। ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ ਵਸੀਲਿਆਂ ਦੀ ਘਾਟ ਦਾ ਬਹਾਨਾ ਬਣਾਇਆ ਜਾਂਦਾ ਹੈ। ਭਾਰਤ ਵਰਗੇ ਵੱਡੇ ਦੇਸ਼ ਵਿੱਚ ਵਸੀਲਿਆਂ ਦੀ ਘਾਟ ਦਾ ਮੁੱਖ ਕਾਰਨ ਪ੍ਰਬੰਧਕ ਪ੍ਰਣਾਲੀ ਦੀਆਂ ਘਾਟਾਂ ਹਨ। ਜੇ ਸੁਚੱਜੇ ਢੰਗ ਨਾਲ ਵਸੀਲਿਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਦੇਸ਼ ਵਿੱਚ ਇਨ੍ਹਾਂ ਦੀ ਘਾਟ ਨੂੰ ਕਿਸੇ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ। ਜਦੋਂ ਤੱਕ ਦੇਸ਼ ਵਿੱਚੋਂ ਗਰੀਬੀ ਅਤੇ ਅਨਪੜ੍ਹਤਾ ਦੂਰ ਨਹੀਂ ਹੁੰਦੀ ਉਦੋਂ ਤੱਕ ਆਜ਼ਾਦੀ ਦਾ ਨਿੱਘ ਸਾਰੇ ਨਾਗਰਿਕਾਂ ਨੂੰ ਨਹੀਂ ਪਹੁੰਚ ਸਕਦਾ। ਅਸੀ ਤਾਂ ਆਪਣੇ ਦੇਸ਼ ਦੇ ਗਰੀਬਾਂ ਦੀ ਗਰੀਬੀ ਪਿਛਲੇ 75 ਸਾਲਾਂ ਵਿੱਚ ਵੀ ਦੂਰ ਨਹੀਂ ਕਰ ਸਕੇ। ਅੱਜ ਵੀ ਸਰਕਾਰ ਵੱਲੋਂ 80 ਕਰੋੜ ਵਸੋਂ ਨੂੰ ਮੁਫ਼ਤ ਅਨਾਜ ਦੇਣਾ ਪੈ ਰਿਹਾ ਹੈ।

ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਘਰੇਲੂ ਉਤਪਾਦ ਆਪਸੀ ਸਾਂਝ, ਆਰਥਿਕ ਸੁਤੰਤਰਾ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੇਗੀ ਸਨਅਤ ਨੂੰ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਆਤਮ-ਨਿਰਭਰ ਹੋਣ ਦਾ ਇਹੋ ਹੀ ਰਾਹ ਹੈ। ਭਾਰਤ ਪਿੰਡਾਂ ਵਿੱਚ ਵਸਦਾ ਹੈ। ਇਸ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਹੁਨਰੀ ਬਣਾ ਕੇ ਆਪਣੇ ਪੈਰਾਂ ਉਤੇ ਖੜ੍ਹਾ ਹੋਣ ਲਈ ਉਤਸ਼ਾਹਿਤ ਕੀਤਾ ਜਾਵੇ। ਇੰਝ ਅਸੀਂ ਆਪਣੀਆਂ ਤਿਆਰ ਕੀਤੀਆਂ ਵਸਤਾਂ ਦੀ ਆਪ ਹੀ ਵਰਤੋਂ ਸ਼ੁਰੂ ਕਰ ਦੇਵਾਂਗੇ। ਹੁਣ ਵਾਲਾ ਮਾਡਲ ਪਿੰਡਾਂ ਨੂੰ ਵਿਕਸਤ ਕਰਨ ਦੀ ਥਾਂ ਉਨ੍ਹਾਂ ਨੂੰ ਖਾ ਰਿਹਾ ਹੈ। ਇਸੇ ਕਰ ਕੇ ਵਾਹੀ ਹੇਠ ਧਰਤੀ ਘਟ ਰਹੀ ਹੈ ਜਦੋਂ ਕਿ ਕਿਸਾਨਾਂ ਦੀ ਗਿਣਤੀ ਵਧ ਰਹੀ ਹੈ। ਉਹ ਗਰੀਬੀ ਭੋਗ ਰਹੇ ਹਨ, ਪਰ ਹੋਰ ਕੋਈ ਰਾਹ ਨਾ ਹੋਣ ਕਰ ਕੇ ਮਜਬੂਰ ਹੋ ਕੇ ਖੁਦਕੁਸ਼ੀ ਕਰ ਰਹੇ ਹਨ। ਜੇ ਪਿੰਡਾਂ ਦੇ ਨੇੜੇ ਬੰਜਰ ਧਰਤੀਆਂ ਵਿੱਚ ਸਨਅਤੀ ਵਿਕਾਸ ਕੀਤਾ ਜਾਵੇ ਤਾਂ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗਾ, ਪਰ ਸਨਅਤਾਂ ਦੀ ਚੋਣ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਉਹ ਵਾਤਾਵਰਨ ਪੱਖੀ ਹੋਣ। ਅਜਿਹੇ ਮਾਲ ਦਾ ਉਤਪਾਦਨ ਹੋਵੇ ਕਿ ਮਰਦ ਔਰਤਾਂ ਆਪਣੇ ਘਰਾਂ ਵਿੱਚ ਬੈਠ ਹੀ ਉਸ ਵਿੱਚ ਯੋਗਦਾਨ ਪਾ ਸਕਣ।

ਸੰਪਰਕ: 94170-87328

**ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਘਰੇਲੂ ਉਤਪਾਦ ਆਪਸੀ ਸਾਂਝ, ਆਰਥਿਕ ਸੁਤੰਤਰਾ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੇਗੀ ਸਨਅਤ ਨੂੰ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ।**

ਸਫ਼ਾ 5 ਦੀ ਬਾਕੀ

# ਪੰਜਾਬ ਦੀ ਧਰਾਤਲ ਅਤੇ ਦਰਿਆ

ਨੂੰ ਇਸ ਵਿਚ ਕਈ ਵਾਰ ਪੁਰਾਣੇ ਵਹਿਣਾਂ ਅਤੇ ਪਾਣੀ ਦੇ ਜ਼ੋਰ ਕਾਰਨ ਤੁਗਿਆਨੀਆਂ/ਕਾਂਗਾਂ ਆ ਜਾਂਦੀਆਂ ਹਨ ਜਿਨ੍ਹਾਂ ਦੀ ਮਾਰ ਹੜ੍ਹਾਂ ਤੋਂ ਜ਼ਰਾ ਨਰਮ ਹੁੰਦੀ ਹੈ। ਇਸ ਤੋਂ ਪਰ੍ਹਾਂ ਉੱਚੀ ਥਾਂ ਆ ਜਾਂਦੀ ਹੈ ਜੋ ਹੜ੍ਹਾਂ ਕਾਰਨ ਇੱਕਤਰ ਹੋਈ ਮਿੱਟੀ ਦੀ ਬਣੀ ਹੁੰਦੀ ਹੈ। ਇਸ ਕਾਰਨ ਇਸ ਨੂੰ ਜਲੌੜ ਕਹਿੰਦੇ ਹਨ। ਜਲੌੜਾਂ ਦੇ ਨਾਲ ਲੱਗਦੇ ਭੂਤਲਾਂ ਨੂੰ ਬਾਂਗਰ ਜਾਂ ਮਾਝਾ ਕਿਹਾ ਜਾਂਦਾ ਹੈ। ਇਸ ਤੋਂ ਹੋਰ ਉਪਰਲੇ ਟਿੱਬਿਆਂ ਵਾਲੇ ਮੈਦਾਨਾਂ ਨੂੰ ਬਾਰਾਂ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਮਿੱਟੀ ਦਾ ਸੁਭਾਅ ਰੇਤੀਲਾ ਅਤੇ ਸ਼ੋਰੇ ਵਾਲਾ ਹੁੰਦਾ ਹੈ। ਯਮੁਨਾ ਅਤੇ ਘੱਗਰ ਦਰਿਆਵਾਂ ਦੇ ਦੱਖਣੀ ਅਤੇ ਦੱਖਣ-ਪੱਛਮੀ ਵਹਿਣਾਂ ਰਾਹੀਂ ਹੜ੍ਹਾਂ ਦੀ ਮਾਰ ਕਾਰਨ ਜਲੌੜੀ ਮੈਦਾਨਾਂ ਦਾ ਨਿਰਮਾਣ ਅਤੇ ਸੋਕੇ ਕਾਰਨ ਮਾਰੂਥਲੀ ਪਾਸਾਰਾਂ ਦਾ ਫੈਲਾਅ ਇਸ ਦਰਿਆਈ ਸਿਸਟਮ ਦੇ ਸੁਭਾਅ ਨੂੰ ਦੱਸਦਾ ਹੈ। ਸ਼ਿਵਾਲਿਕ ਦੇ ਪਹਾੜਾਂ 'ਚੋਂ ਉਤਰਨ ਵਾਲੇ ਯਮੁਨਾ-ਸਤਲੁਜ ਦਰਿਆਵਾਂ ਦੇ ਦੁਆਬ ਵਿਚ ਪੁਰਾਤਨ ਜਲੌੜ ਮਿੱਟੀ ਤੋਂ ਬਣਿਆ ਬਾਂਗਰ ਦਾ ਇਲਾਕਾ ਇਨ੍ਹਾਂ ਦਰਿਆਵਾਂ ਦੇ ਵਹਿਣ ਦੀ ਨਿਸ਼ਾਨਦੇਹੀ ਕਰਦਾ ਹੈ। ਘੱਗਰ-ਹਕਰਾ ਦੇ ਪੁਰਾਣੇ ਵਹਿਣ ਕਾਰਨ ਬਣਿਆ ਬਾਂਗਰ ਮੈਦਾਨ ਨਵ-ਨਿਰਮਤ ਖਾਦਿਰ ਇਲਾਕਿਆਂ ਤੋਂ ਮਿੱਟੀ ਦੇ ਸੁਭਾਅ ਅਤੇ ਰੰਗ ਕਾਰਨ ਵੱਖਰਾ ਦਿਖਾਈ ਦਿੰਦਾ ਹੈ। ਬਿਸਤ, ਬਾਰੀ ਅਤੇ ਰਚਨਾ ਦੁਆਬਿਆਂ ਵੱਲ ਵਧਦਿਆਂ ਪੁਰਾਣੇ ਵਹਿਣਾਂ ਦੇ ਨਕਸ਼ ਢਯਾਂ ਤੋਂ ਹੇਠਾਂ ਖਾਦਿਰਾਂ ਵਿਚ ਦਿਖਾਈ ਦਿੰਦੇ ਹਨ।

ਪੰਜਾਬ ਦੇ ਤਿੰਨ ਦਰਿਆਵਾਂ 'ਤੇ ਡੈਮ ਉਸਾਰ ਕੇ ਨਹਿਰਾਂ ਕੱਢੀਆਂ ਗਈਆਂ ਤੇ ਬਿਜਲੀ ਦਾ ਉਤਪਾਦਨ ਕੀਤਾ ਗਿਆ। ਸਤਲੁਜ 'ਤੇ ਭਾਖੜਾ ਡੈਮ ਉਸਾਰਿਆ ਗਿਆ ਜਿਸ ਵਿਚੋਂ 174 ਕਿਲੋਮੀਟਰ ਲੰਮੀ ਭਾਖੜਾ ਮੇਨ ਨਹਿਰ ਕੱਢੀ ਗਈ। ਬਿਆਸ 'ਤੇ ਪੌਂਗ ਡੈਮ ਉਸਾਰਿਆ ਗਿਆ। ਰਾਵੀ ਦਰਿਆ 'ਤੇ ਥੀਨ ਡੈਮ ਉਸਾਰਿਆ ਗਿਆ ਜਿਸ ਵਿਚੋਂ ਰਾਵੀ ਨਹਿਰ ਨੂੰ ਚਾਰ ਪੜਾਵਾਂ ਵਿਚ ਕੱਢਿਆ ਗਿਆ। ਇਨ੍ਹਾਂ ਮੁੱਖ ਦਰਿਆਵਾਂ ਨੂੰ ਬੰਨ੍ਹਣ ਨਾਲ ਪੰਜਾਬ 'ਚ ਨਾ ਸਿਰਫ਼ ਹੜ੍ਹਾਂ ਦੀ ਰੋਕਥਾਮ ਹੋਈ ਸਗੋਂ ਨਹਿਰਾਂ ਦੇ ਵਿਛੇ ਵਿਸ਼ਾਲ ਜਾਲ ਨਾਲ ਪੰਜਾਬ ਦੇ ਨਾਲ ਨਾਲ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ, ਦਿੱਲੀ, ਜੰਮੂ ਕਸ਼ਮੀਰ ਆਦਿ ਨੂੰ ਸਿੰਚਾਈ ਸਹੂਲਤਾਂ ਵੀ ਮੁਹੱਈਆਂ ਕਰਵਾਈਆਂ ਗਈਆਂ। ਘੱਗਰ 'ਤੇ ਵੀ ਕਿਸੇ ਸਮੇਂ ਮੋਰਨੀ ਪਹਾੜੀਆਂ 'ਚ ਡੈਮ ਉਸਾਰਨ ਦਾ ਪ੍ਰਸਤਾਵ ਸੀ। ਹੁਣ ਇਹ ਡੈਮ ਸਿਰਫ਼ ਸੁਪਨਾ ਬਣ ਕੇ ਰਹਿ ਗਿਆ ਹੈ ਕਿਉਂਕਿ ਮੋਰਨੀ ਪਹਾੜੀਆਂ 'ਚ ਨਵੀਂ ਸ਼ਹਿਰੀ ਵੱਸੋਂ 'ਚ ਬਹੁਤ ਇਜ਼ਾਫ਼ਾ ਹੋ ਗਿਆ ਹੈ। ਕੁਝ ਵਰ੍ਹੇ ਪਹਿਲਾਂ ਬਣੇ ਕੁਸ਼ਲਿਆ ਡੈਮ ਨਾਲ ਵੀ ਘੱਗਰ 'ਚ ਆਉਂਦੇ ਹੜ੍ਹਾਂ ਕਾਰਨ ਹੁੰਦੀ ਤਬਾਹੀ ਰੁਕ ਨਹੀਂ ਸਕਦੀ ਕਿਉਂਕਿ ਇਸ ਦੀ ਝੀਲ ਦੀ ਸਮਰੱਥਾ ਘੱਟ ਹੈ।

ਜੇਕਰ ਦੇਖਿਆ ਜਾਵੇ ਤਾਂ ਪੱਛਮ ਵੱਲੋਂ ਉੱਜ ਤੋਂ ਲੈ ਕੇ ਪੂਰਬ 'ਚ ਸੁਹਾਂ ਤੱਕ ਲਗਪਗ ਚਾਲੀ ਛੋਟੀਆਂ ਨਦੀਆਂ, ਨਾਲੇ, ਚੋਅ ਅਤੇ ਨਿਕਾਸੂ ਹਨ ਜਿਨ੍ਹਾਂ 'ਚ ਭਾਰੀ ਬਰਸਾਤਾਂ ਦੌਰਾਨ ਹੜ੍ਹਾਂ ਦੀ ਵੱਡੀ ਸੰਭਾਵਨਾ ਬਣੀ ਰਹਿੰਦੀ ਹੈ। ਇਨ੍ਹਾਂ ਦੇ ਪਾਣੀਆਂ ਨੂੰ ਬੰਨ੍ਹਣ, ਸਾਂਭ-ਸੰਭਾਲ ਅਤੇ ਨਹਿਰਾਂ ਬਣਾਉਣ ਦੀ ਵੱਡੀ ਜ਼ਰੂਰਤ ਹੈ। ਜੇਕਰ ਪੰਜਾਬ 'ਚ ਹੜ੍ਹਾਂ ਦੀ ਰੋਕਥਾਮ ਕਰਨੀ ਹੈ ਤਾਂ ਮੁੱਖ ਦਰਿਆਵਾਂ ਦੇ ਧੁੱਸੀ ਬੰਨ੍ਹਾਂ, ਇਨ੍ਹਾਂ ਤੋਂ ਨਿਕਲੀਆਂ ਨਹਿਰਾਂ ਦੇ ਕੰਢਿਆਂ ਦੀ ਨਿਰੰਤਰ ਸਮੇਂ ਸਿਰ ਮੁਰੰਮਤ ਅਤੇ ਸਾਂਭ-ਸੰਭਾਲ ਜ਼ਰੂਰੀ ਹੈ। ਛੋਟੀਆਂ ਨਦੀਆਂ, ਨਾਲਿਆਂ ਅਤੇ ਚੋਆਂ ਦੇ ਪਾਣੀਆਂ ਦੇ ਸਹੀ ਵਹਿਣ ਮਾਰਗਾਂ 'ਚ ਸਾਰੀਆਂ ਰੋਕਾਂ, ਨਾਜਾਇਜ਼ ਕਬਜ਼ਿਆਂ, ਗ਼ੈਰਕਾਨੂੰਨੀ ਰੇਤ ਬੱਜਰੀ ਦੇ ਖਣਨ ਅਤੇ ਖੁਦਾਈ ਦੀ ਰੋਕਥਾਮ ਜ਼ਰੂਰੀ ਹੈ। ਸਿੰਚਾਈ ਅਤੇ ਨਹਿਰੀ ਵਿਭਾਗ ਨੂੰ ਸਮੇਂ ਸਿਰ ਫੰਡ ਮੁਹੱਈਆ ਕਰਨੇ ਵੀ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ।

ਪੰਜਾਬ ਦੇ ਧਰਾਤਲ ਦੀ ਬਣਤ ਅਤੇ ਦਰਿਆਵਾਂ ਦੇ ਵਹਿਣਾਂ ਨੂੰ ਇਸ ਭੂਗੋਲਿਕ, ਇਤਿਹਾਸਕ ਅਤੇ ਪੁਰਾਤੱਤਵੀ ਦ੍ਰਿਸ਼ਟੀ ਤੋਂ ਦੇਖਦਿਆਂ ਪੰਜਾਬ 'ਚ ਇਸ ਵਾਰ ਆਏ ਹੜ੍ਹਾਂ ਕਾਰਨ ਪਈ ਮਾਰ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕਦਾ ਹੈ।

ਸੰਪਰਕ: 82839-48811